ਲਿਓ ਟਾਲਸਟਾਏ

ਸੌਣਿਆਂ ਦੀ ਜਾਗ

ਭਾਸ਼ਾ ਵਿਭਾਗ ਪੰਜਾਬ

ਮੋਇਆ ਦੀ ਜਾਗ

ਲਿਓ ਟਾਲਸਟਾਏ

ਭਾਸ਼ਾ ਵਿਭਾਗ, ਪੰਜਾਬ

MOIAN DI JAAG (Novel) (in Punjabi)

Leo Tolstoy

Translation: Sant Singh Sekhon

Revisor : Dr. Kulbir Singh Kaang

ਮੋਇਆਂ ਦੀ ਜਾਗ

ਅਨੁਵਾਦ : ਪ੍ਰਿੰ. ਸੰਤ ਸਿੰਘ ਸੇਖੋਂ

ਸੋਧ : ਡਾ. ਕੁਲਬੀਰ ਸਿੰਘ ਕਾਂਗ

© ਭਾਸ਼ਾ ਵਿਭਾਗ ਪੰਜਾਬ

ਪਹਿਲੀ ਵਾਰ : 1969

ਦੂਜੀ ਵਾਰ : 1988

ਕਾਪੀਆਂ : 2000

ਮੁੱਲ :13.70

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ,

ਛਾਪਕ : ਵਲਕੀਆਂ ਪ੍ਰੈਸ, ਪਟਿਆਲਾ

ਰਾਹੀਂ : ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ ਪੰਜਾਬ, ਚੰਡੀਗੜ

ਦੋ ਸ਼ਬਦ

ਮਹਾਨ ਲੇਖਕ ਮਹਾਨ ਰਚਨਾਵਾਂ ਨੂੰ ਜਨਮ ਦਿੰਦੇ ਹਨ ਅਤੇ ਅਜਿਹੀਆਂ ਰਚਨਾਵਾਂ ਹੀ ਉਸ ਲੇਖਕ ਨੂੰ ਅਮਰ ਬਣਾਉਂਦੀਆਂ ਹਨ। ਮਨੁੱਖੀ ਜੀਵਨ ਤੇ ਉਸ ਦੀਆਂ ਬੁਨਿਆਦੀ ਲੋੜਾਂ ਤੇ ਸਮਸਿਆਵਾਂ ਨੂੰ ਖੂਬਸੂਰਤੀ ਨਾਲ ਨਿਰੂਪਣ ਕਰਨ ਵਾਲਾ ਸਾਹਿਤ ਸਮੇਂ, ਸਥਾਨ ਤੇ ਭਾਸ਼ਾਵਾਂ ਦੀਆਂ ਸੋੜੀਆਂ ਸੀਮਾਵਾਂ ਨੂੰ ਸਵੀਕਾਰ ਨਾ ਕਰਕੇ ਸਦੀਵੀ ਹੋ ਨਿਬੜਦਾ ਹੈ। ਇਹੀ ਵਕਤੀ ਵਲਵਲਿਆਂ ਦੇ ਕਚ-ਪੱਕੇ ਪ੍ਰਗਟਾਵੇ ਤੇ ਅਮਰ ਸਾਹਿਤਕ ਰਚਨਾਵਾਂ ਵਿਚ ਫਰਕ ਹੈ ਜੋ ਸਮੇਂ ਤੇ ਸਾਹਿਤ ਦੀ ਕਸੌਟੀ ਤੇ ਪੂਰਾ ਉਤਰਦਿਆਂ ਕਲਾਸਕੀ ਸਾਹਿਤ ਦੀ ਕੋਟੀ ਵਿਚ ਗਿਣਿਆ ਜਾਂਦਾ ਹੈ।

ਵਿਸ਼ਵ ਦੀਆਂ ਪ੍ਰਮੁੱਖ ਭਾਸ਼ਾਵਾਂ ਦੇ ਕਲਾਸਕੀ ਸਾਹਿਤ ਨਾਲ ਪੰਜਾਬੀ ਪਾਠਕਾਂ ਦੀ ਸਾਂਝ ਪਵਾਉਣ ਦੇ ਮਨੋਰਥ ਨਾਲ ਭਾਸ਼ਾ ਵਿਭਾਗ ਨੇ ਸਰਵੋਤਮ ਕਲਾਸਕੀ ਸਾਹਿਤ ਦਾ ਅਨੁਵਾਦ ਹੱਥ ਵਿਚ ਲਿਆ ਅਤੇ ਇਹ ਪੁਸਤਕ ਇਸ ਹੀ ਮਾਲਾ ਦਾ ਸੁੱਚਾ ਮੋਤੀ ਹੈ।

ਟਾਲਸਟਾਏ ਦਾ ਇਹ ਨਾਵਲ ਉਸ ਦੀ ਪਕੇਰੀ ਉਮਰ ਦੀ ਰਚਨਾ ਹੈ। 'ਜੰਗ ਤੇ ਅਮਨ' ਵਾਂਗ ਇਹ ਰਚਨਾ ਪਾਠਕ ਨੂੰ ਕੀਲ ਲੈਣ ਤੇ ਮਗਰ ਤੋਰੀ ਰੱਖਣ ਦੇ ਸਮਰਥ ਹੈ। ਪੰਜਾਬੀ ਸਾਹਿਤ ਦੀ ਸ਼ਾਨ ਪ੍ਰੋ. ਪੂਰਨ ਸਿੰਘ ਜੀ ਨੇ ਇਸ ਦਾ ਅਨੁਵਾਦ ਸ਼ੁਰੂ ਕੀਤਾ ਸੀ ਪਰ ਉਸ ਦਾ ਕੁਝ ਭਾਗ ਹੀ ਪੁਸਤਕ ਰੂਪ ਵਿਚ ਉਪਲਬਧ ਹੈ। ਪਾਠਕਾਂ ਦੀ ਮੰਗ ਨੂੰ ਮੁੱਖ ਰਖ ਕੇ ਨਾਵਲ ਦਾ ਅਨੁਵਾਦ ਤਿਆਰ ਕਰਵਾ ਕੇ ਵਿਭਾਗ ਵਲੋਂ 1969 ਵਿਚ ਛਾਪਿਆ ਗਿਆ ਜੋ ਜਲਦੀ ਖ਼ਤਮ ਹੋ ਗਿਆ। ਹੁਣ ਇਸ ਦੀ ਪੁਨਰ-ਛਾਪ ਪੇਸ਼ ਕੀਤੀ ਜਾ ਰਹੀ ਹੈ। ਆਸ ਹੈ ਪਾਠਕਾਂ ਵਲੋਂ ਇਸ ਨੂੰ ਵੀ ਨਿੱਘਾ ਤੇ ਭਰਪੂਰ ਹੁੰਗਾਰਾ ਮਿਲੇਗਾ।

ਪਟਿਆਲਾ
ਮਈ, 1988

ਰਾਜਿੰਦਰ ਸਿੰਘ
ਡਾਇਰੈਕਟਰ,
ਭਾਸ਼ਾ ਵਿਭਾਗ, ਪੰਜਾਬ

1

ਮਸਲੌਫ਼ਾ ਦਾ ਮੁਕਦਮਾ ਸੈਨੇਟ ਅੱਗੇ ਦੋ ਕੁ ਹਫ਼ਤੇ ਤਕ ਆਉਣ ਵਾਲਾ ਸੀ, ਤੇ ਨਖ਼ਲਿਊਦੋਫ ਉਦੋਂ ਪੀਟਰਜ਼ਬਰਗ ਵਿਚ ਹੋਣ ਦਾ ਚਾਹਵਾਨ ਸੀ, ਤੇ ਜਿਵੇਂ ਦਰਖਾਸਤ ਲਿਖਣ ਵਾਲੇ ਵਕੀਲ ਨੇ ਮਸ਼ਵਰਾ ਦਿੱਤਾ ਸੀ, ਜੇ ਸੈਨੇਟ ਵਿਚ ਅਪੀਲ ਨਾ-ਮਨਜ਼ੂਰ ਹੋ ਜਾਵੇ ਤਾਂ ਉਸਦਾ ਇਰਾਦਾ ਜ਼ਾਰ ਅੱਗੇ ਬੇਨਤੀ ਕਰਨ ਦਾ ਸੀ। ਉਸ ਹਾਲਤ ਵਿਚ ਅਤੇ ਇਸ ਕਰਕੇ ਕਿ ਅਪੀਲ ਦੇ ਆਧਾਰ ਬਹੁਤ ਕਮਜ਼ੋਰ ਸਨ, ਵਕੀਲ ਦੇ ਕਹਿਣ ਅਨੁਸਾਰ ਉਸਨੂੰ ਦੂਜੀ ਗੱਲ ਵਾਸਤੇ ਤਿਆਰ ਰਹਿਣਾ ਚਾਹੀਦਾ ਸੀ। ਦੋਸ਼ੀਆਂ ਦੇ ਉਸ ਜਥੇ ਦਾ, ਜਿਸ ਵਿਚ ਮਸਲੌਫ਼ਾ ਨੇ ਹੋਣਾ ਸੀ, ਜੂਨ ਦੇ ਮੁੱਢ ਵਿਚ ਸਾਇਬੇਰੀਆ ਲਈ ਰਵਾਨਾ ਹੋਣਾ ਜ਼ਰੂਰੀ ਸੀ। ਇਸ ਲਈ ਜੇ ਉਸ ਨੇ, ਜਿਵੇਂ ਉਸ ਦਾ ਪੱਕਾ ਇਰਾਦਾ ਸੀ, ਮਸਲੌਫ਼ਾ ਦੇ ਪਿੱਛੇ ਸਾਇਬੇਰੀਆ ਜਾਣਾ ਸੀ ਉਸ ਲਈ ਜ਼ਰੂਰੀ 'ਸੀ ਕਿ ਆਪਣੀਆਂ ਜਾਗੀਰਾਂ ਉਤੇ ਜਾਵੇ ਤੇ ਉਥੋਂ ਦੇ ਕੰਮ ਨਿਪਟਾਵੇ। ਉਹ ਪਹਿਲਾਂ ਸਭ ਤੋਂ ਨੇੜੇ ਵਾਲੀ ਜਾਗੀਰ ਕਸਮਿਸਕੀ ਵਲ ਗਿਆ। ਇਹ ਕਾਲੀ ਮਿੱਟੀ ਵਾਲੇ ਜ਼ਿਲ੍ਹੇ ਵਿਚ ਇਕ ਵੱਡੀ ਜਾਗੀਰ ਸੀ ਜਿਥੋਂ ਉਸਦੀ ਆਮਦਨ ਦਾ ਵੱਡਾ ਹਿੱਸਾ ਆਉਂਦਾ ਸੀ।

ਨਖ਼ਲਿਊਦੌਫ਼ ਨੇ ਆਪਣਾ ਬਚਪਨ ਤੇ ਜਵਾਨੀ ਦੇ ਮੁੱਢਲੇ ਵਰ੍ਹੇ ਉਸ ਜਾਗੀਰ ਉਤੇ ਗੁਜ਼ਾਰੇ ਸਨ। ਉਸ ਤੋਂ ਪਿੱਛੋਂ ਉਹ ਉਥੇ ਕੇਵਲ ਦੋ ਵਾਰ ਗਿਆ ਸੀ, ਅਤੇ ਇਕ ਵਾਰੀ ਆਪਣੀ ਮਾਤਾ ਦੇ ਕਹਿਣ ਉਤੇ ਉਹ ਇਕ ਜਰਮਨ ਦਾਰੋਗੇ ਨੂੰ ਨਾਲ ਲੈ ਗਿਆ ਸੀ, ਜਿਸ ਨਾਲ ਮਿਲ ਕੇ ਉਸ ਨੇ ਜਾਗੀਰ ਦਾ ਹਿਸਾਬ ਕਿਤਾਬ ਪੜਤਾਲਿਆ ਸੀ। ਇਸ ਲਈ ਉਥੋਂ ਦੇ ਸਮਾਚਾਰ ਤੇ ਪ੍ਰਬੰਧ ਅਰਥਾਤ ਮਾਲਿਕ ਵੱਲ ਕਿਰਸਾਨਾਂ ਦੇ ਸੰਬੰਧਾਂ ਤੋਂ ਉਹ ਬਹੁਤ ਚਿਰ ਤੋਂ ਜਾਣੂ ਸੀ। ਕਿਰਸਾਨਾਂ ਦੇ ਮਾਲਿਕ ਨਾਲ ਸੰਬੰਧ ਕੇਵਲ ਅਧੀਨਤਾ ਦੇ ਸਨ। ਨਖ਼ਲਿਊਦੋਫ਼ ਇਹ ਸਭ ਕੁਝ ਜਾਣਦਾ ਸੀ। ਜਦੋਂ ਉਹ ਯੂਨੀਵਰਸਿਟੀ ਵਿਚ ਪੜ੍ਹਦਾ ਸੀ ਤੇ ਹੈਨਰੀ ਜਾਰਜ ਦੇ ਸਿਧਾਂਤਾਂ ਨੂੰ ਮੰਨਦਾ ਤੇ ਪ੍ਰਚਾਰਦਾ ਸੀ, ਉਸਦੀ ਸਿੱਖਿਆ ਦੇ ਆਧਾਰ ਉਸਨੇ ਕਿਰਸਾਨਾਂ ਨੂੰ ਉਹ ਭੋਇੰ ਦੇ ਦਿੱਤੀ ਸੀ ਜੋ ਉਸ ਨੂੰ ਉਸਦੇ ਪਿਤਾ ਵੱਲੋਂ ਵਿਰਸੇ ਵਿਚ ਮਿਲੀ ਸੀ। ਇਹ ਠੀਕ ਹੈ ਕਿ ਫ਼ੌਜ ਵਿਚ ਨੌਕਰੀ ਕਰਨ ਤੋਂ ਪਿੱਛੋਂ ਜਦੋਂ ਉਸਨੂੰ ਸਾਲ ਵਿੱਚ 20 ਹਜ਼ਾਰ ਰੂਬਲ ਖ਼ਰਚ ਕਰਨ ਦੀ ਆਦਤ ਪੈ ਗਈ ਸੀ, ਉਹ ਉਨ੍ਹਾਂ ਸਿਧਾਂਤਾਂ ਨੂੰ ਬੰਧਕ

ਸਮਝਣੋਂ ਹਟ ਗਿਆ ਤੇ ਬਿਲਕੁਲ ਭੁੱਲ ਗਿਆ ਸੀ। ਉਦੋਂ ਉਸਨੇ ਨਾ ਕੇਵਲ ਆਪਣੇ ਪਾਸੋਂ ਇਹ ਪੁੱਛਣਾ ਛੱਡ ਦਿੱਤਾ ਸੀ, ਕਿ ਜੋ ਧਨ ਉਸਨੂੰ ਆਪਣੀ ਮਾਤਾ ਕੋਈ ਮਿਲਦਾ ਸੀ, ਉਹ ਕਿਥੋਂ ਆਉਂਦਾ ਸੀ ਸਗੋਂ ਉਹ ਇਸ ਬਾਰੇ ਸੋਚਣ ਤੋਂ ਵੀ ਧਿਆਨ ਮੋੜ ਲੈਂਦਾ ਸੀ। ਪਰ ਜਦੋਂ ਮਾਤਾ ਦੀ ਮਿਰਤੂ ਪਿੱਛੋਂ ਉਸਦੀ ਜਾਇਦਾਦ ਉਸ ਨੂੰ ਮਿਲ ਗਈ ਤੇ ਇਸ ਦਾ ਪ੍ਰਬੰਧ ਕਰਨ ਦੀ ਲੋੜ ਪਈ ਤਾਂ ਭੋਇੰ ਵਿਚ ਨਿੱਜੀ ਮਾਲਕੀ ਬਾਰੇ ਆਪਣੀ ਸਥਿਤੀ ਦਾ ਸਵਾਲ ਉਸ ਅੱਗੇ ਫਿਰ ਉਠ ਖੜਾ ਹੋਇਆ। ਇਕ ਮਹੀਨਾਂ ਪਹਿਲਾਂ ਨਖ਼ਲਿਊਦੌਫ਼ ਦਾ ਜਵਾਬ ਹੋਣਾ ਸੀ, ਕਿ ਉਸ ਪਾਸ ਸਥਾਪਤ ਪ੍ਰਬੰਧ ਨੂੰ ਬਦਲ ਦੇਣ ਦੀ ਸ਼ਕਤੀ ਨਹੀਂ ਸੀ ਤੇ ਉਹ ਆਪ ਇਸ ਜਾਇਦਾਦ ਦਾ ਪ੍ਰਬੰਧ ਨਹੀਂ ਕਰ ਰਿਹਾ ਸੀ। ਕਿਸੇ ਨਾ ਕਿਸੇ ਤਰ੍ਹਾ ਉਸਨੇ ਅਪਣੀ ਜ਼ਮੀਰ ਨੂੰ ਸੁਖਾਲਾ ਕਰ ਲੈਣਾ ਸੀ ਅਤੇ ਆਪਣੀਆਂ ਜਾਗੀਰਾਂ ਤੋਂ ਦੂਰ ਰਹਿਕੇ ਉਥੋਂ ਆਉਂਦੇ ਧਨ ਨੂੰ ਵਸੂਲ ਕਰਦੇ ਰਹਿਣਾ ਸੀ। ਪਰ ਹੁਣ ਉਸਨੇ ਫੈਸਲਾ ਕਰ ਲਿਆ ਕਿ ਉਹ ਸਾਰੇ ਕੰਮ ਉਸੇ ਤਰ੍ਹਾਂ ਚਲਦੇ ਨਹੀਂ ਰਹਿਣ ਦੇ ਸਕਦਾ ਸੀ, ਜਿਸ ਤਰ੍ਹਾਂ ਇਹ ਚਲਦੇ ਆਏ ਸਨ। ਇਨ੍ਹਾਂ ਨੂੰ ਆਪਣੇ ਲਈ ਘਾਟੇ-ਵੰਦੇ ਢੰਗ ਨਾਲ ਬਦਲਣਾ ਪਵੇਗਾ, ਭਾਵੇਂ ਉਸਦੇ ਅੱਗੇ ਜੇਲਖ਼ਾਨੇ ਦੀ ਦੁਨੀਆ ਦੇ ਸਾਰੇ ਗੁੰਝਲਦਾਰ ਤੇ ਔਖੇ ਮਾਮਲੇ ਆਏ ਹੋਏ ਸਨ ਜਿਨ੍ਹਾਂ ਲਈ ਸਮਾਜ ਵਿਚ ਇਕ ਚੰਗੀ ਸਥਿਤੀ ਤੇ ਖ਼ਾਸ ਕਰਕੇ ਧਨ ਲੋੜੀਂਦੇ ਸਨ। ਇਸ ਤੋਂ ਛੁੱਟ ਸਾਇਬੇਰੀਆ ਦਾ ਸਫ਼ਰ ਵੀ ਉਸਦੇ ਅੱਗੇ ਆਉਣ ਵਾਲਾ ਸੀ। ਇਸ ਲਈ ਉਸਨੇ ਇਹ ਫ਼ੈਸਲਾ ਕੀਤਾ ਕਿ ਉਹ ਆਪਣੀ ਭੋਇ ਉਤੇ ਆਪ ਖੇਤੀ ਨਾ ਕਰਾਵੇ, ਇਸ ਨੂੰ ਕਿਰਸਾਨਾਂ ਪਾਸ ਥੋੜੀ ਚੁਕੋਤੇ ਉਤੇ ਦੇ ਦੇਵੇ ਤਾਂ ਜੋ ਉਹ ਇਸ ਉਤੇ ਜਗੀਰਦਾਰ ਤੋਂ ਸੁਤੰਤਰ ਹੋ ਕੇ ਖੇਤੀ ਕਰ ਸਕਣ। ਕਈ ਵਾਰ ਜਦੋਂ ਉਹ ਇਕ ਜ਼ਿਮੀਂਦਾਰ ਦੀ ਸਥਿਤੀ ਦਾ ਖੇਤ ਗੁਲਾਮਾਂ ਦੇ ਮਾਲਿਕ ਨਾਲ ਮੁਕਾਬਲਾ ਕਰਦਾ ਸੀ, ਤਾਂ ਨਖ਼ਲਿਊਦੌਫ਼ ਨੂੰ ਭੋਇੰ ਮਜ਼ਦੂਰੀ ਦੇ ਕੇ ਵਹਾਣ ਦੀ ਥਾਂ ਕਿਰਸਾਨਾਂ ਨੂੰ ਚੁਕੋਤੇ ਉਤੇ ਦੇਣਾ ਪੁਰਾਣੇ ਪ੍ਰਬੰਧ ਵਾਂਗੂੰ ਹੀ ਜਾਪਦਾ ਸੀ, ਜਿਸ ਵਿਚ ਖੇਤ-ਗੁਲਾਮਾਂ ਦੇ ਮਾਲਿਕ ਉਨ੍ਹਾਂ ਪਾਸੋਂ ਕੰਮ ਕਰਾਉਣ ਦੀ ਥਾਂ ਨੱਕਦ ਉਗਰਾਹੀ ਕਰ ਲੈਂਦੇ ਸਨ। ਇਹ ਇਸ ਸਮੱਸਿਆ ਦਾ ਹਲ ਨਹੀਂ ਸੀ, ਪਰ ਇਸ ਵੱਲ ਇਕ ਕਦਮ ਜ਼ਰੂਰ ਸੀ, ਇਹ ਗੁਲਾਮੀ ਦੇ ਇਕ ਘੱਟ ਅਸਭਿਆ ਰੂਪ ਵੱਲ ਇਕ ਭਾਂਤ ਦੀ ਪ੍ਰਗਤੀ ਸੀ, ਤੇ ਇਸੇ ਤਰ੍ਹਾਂ ਉਸਨੇ ਆਪਣਾ ਇਹ ਇਰਾਦਾ ਬਣਾਇਆ।

ਨਖ਼ਲਿਊਦੋਂਫ਼ ਦੁਪਹਿਰ ਦੇ ਕਰੀਬ ਕੁਸਮਿੰਸਕੀ ਪਹੁੰਚਿਆ। ਆਪਣੇ ਜੀਵਨ ਨੂੰ ਹਰ ਪ੍ਰਕਾਰ ਸਰਲ ਬਣਾਉਣ ਹਿੱਤ ਉਸਨੇ ਕਿਸੇ ਨੂੰ ਤਾਰ ਨਾ ਭੇਜੀ ਤੇ ਸਟੇਸ਼ਨ ਉਤੇ ਦੋ ਘੋੜਿਆਂ ਵਾਲੀ ਇਕ ਕਿਰਸਾਨੀ ਬੱਘੀ ਭਾੜੇ ਉਤੇ ਲੈ ਲਈ। ਉਸਦਾ ਚਲਾਣ ਵਾਲਾ ਇਕ ਨੌਜਵਾਨ ਸੀ, ਜਿਸ ਨੇ ਨਾਨਕੀਨ ਦਾ ਕੋਟ ਪਾਇਆ ਹੋਇਆ ਸੀ ਤੇ ਆਪਣੇ ਲੰਮੇ ਲੱਕ ਤੋਂ ਕੁਝ ਹੇਠਾਂ ਇਕ ਪੇਟੀ ਕਸੀ ਹੋਈ ਸੀ। ਉਹ ਇਸ ਭੱਦਰ ਪੁਰਸ਼ ਨਾਲ ਗੱਲਾਂ ਕਰਕੇ ਖ਼ੁਸ਼ ਸੀ, ਖ਼ਾਸ ਕਰਕੇ ਇਸ ਲਈ ਕਿ ਜਦੋਂ ਉਹ ਗੱਲਾਂ ਕਰਦੇ ਸਨ, ਤਾਂ ਉਸਦਾ ਟੁੱਟੇ ਸਾਹ ਵਾਲਾ ਚਿੱਟਾ ਤੇ ਦੂਜਾ ਸੁੱਜੇ ਜੋੜਾਂ ਵਾਲਾ ਲਿਸਾ ਘੋੜਾ ਗਾਮ ਚਾਲ ਚਲ ਸਕਦੇ ਸਨ, ਜਿਵੇਂ ਉਹ ਹਮੇਸ਼ਾ ਚਾਹੁੰਦੇ ਸਨ।

ਬੱਘੀ ਵਾਲਾ ਕੁਸਮਿੰਸਕੀ ਦੇ ਦਰੋਗੇ ਦੀਆਂ ਗੱਲਾਂ ਕਰਨ ਲੱਗਾ। ਇਹ ਨਾ ਜਾਣਦੇ ਹੋਏ ਕਿ ਉਹ ਮਾਲਿਕ ਨੂੰ ਲੈ ਜਾ ਰਿਹਾ ਸੀ। ਨਖ਼ਲਿਊਦੋਂਫ਼ ਨੇ ਜਾਣ ਕੇ ਉਸਨੂੰ ਆਪਣੇ ਬਾਰੇ ਨਹੀਂ ਦੱਸਿਆ ਸੀ।

"ਉਹ ਦਿਖਾਵੇ-ਬਾਜ ਜਰਮਨ!" ਬੱਘੀ ਵਾਲੇ ਨੇ ਆਖਿਆ। ਉਸ ਨੇ ਸ਼ਹਿਰ ਦੇਖਿਆ ਹੋਇਆ ਸੀ, ਤੇ ਨਾਵਲ ਪੜ੍ਹੇ ਹੋਏ ਸਨ। ਉਹ ਆਪਣੀ ਸੀਟ ਉਤੇ ਪਾਸੇ ਵੱਲ ਮੂੰਹ ਕਰਕੇ ਬੈਠਾ ਆਪਣੇ ਲੰਮੇ ਚਾਬਕ ਉਤੇ ਸਿਰੇ ਤੋਂ ਹੱਥੇ ਤਕ ਹੱਥ ਫੇਰਦਾ, ਆਪਣੀ ਕੁਸ਼ਲਤਾ ਦਿਖਾਣ ਦਾ ਯਤਨ ਕਰ ਰਿਹਾ ਸੀ। "ਉਸ ਦਿਖਾਵੇ-ਬਾਜ਼ ਜਰਮਨ ਨੇ ਤਿੰਨ ਕੁਮੇਤ ਘੋੜੇ ਖ਼ਰੀਦੇ ਸਨ, ਜਿਨ੍ਹਾਂ ਨੂੰ ਜੋੜ ਕੇ ਉਹ ਆਪਣੀ ਸੁਆਣੀ ਨਾਲ ਬਾਹਰ ਜਾਂਦਾ ਹੈ। ਕੀ ਦੱਸਾਂ, ਕਰਿਸਮਿਸ ਸਮੇਂ ਉਸ ਵੱਡੇ ਮਹੱਲ ਵਿਚ ਉਸ ਨੇ ਇਕ ਕਰਿਸਮਿਸ ਰੁੱਖ ਬਣਾਇਆ ਸੀ। ਮੈਂ ਕੁਝ ਪਰਾਹੁਣਿਆਂ ਨੂੰ ਉਥੇ ਲੈ ਗਿਆ ਸਾਂ। ਉਥੇ ਬਿਜਲੀ ਦੀਆਂ ਬੱਤੀਆਂ ਸਨ, ਸਾਰੇ ਪ੍ਰਦੇਸ਼ ਵਿਚ ਇਸ ਜੇਹਾ ਨਜ਼ਾਰਾ ਤੁਹਾਨੂੰ ਕਿਧਰੇ ਹੋਰ ਨਹੀਂ ਮਿਲ ਸਕਦਾ ਸੀ। ਉਸ ਨੇ ਢੇਰ ਧਨ ਹੱਥ ਹੇਠ ਕੀਤਾ ਹੋਇਆ ਹੈ। ਬੜੀ ਵੱਡੀ ਗੱਲ ਹੈ, ਪਰ ਉਸ ਲਈ ਇਹ ਕੀ ਹੈ ? ਮੈਂ ਸੁਣਿਆ ਹੈ, ਉਸ ਨੇ ਇਕ ਸੋਹਣੀ ਜਾਗੀਰ ਖ਼ਰੀਦ ਲਈ ਹੋਈ ਹੈ।"

ਨਖ਼ਲਿਊਦੋਂਫ਼ ਸਮਝਦਾ ਸੀ ਕਿ ਉਸ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਸੀ ਕਿ ਦਰੋਗਾ ਉਸ ਦੀ ਜਾਗੀਰ ਦਾ ਪ੍ਰਬੰਧ ਕਿਵੇਂ ਕਰਦਾ ਸੀ, ਤੇ ਕਿਸ ਤੋਂ ਕੀ ਲਾਭ ਉਠਾਂਦਾ ਸੀ ? ਪਰ ਇਸ ਲੰਮੀ ਕਮਰ ਵਾਲੇ ਗਡੀਵਾਨ ਦੇ ਸ਼ਬਦ ਉਸਦੇ ਕੰਨਾਂ ਨੂੰ ਸੁਖਾਏ ਨਹੀਂ ਸਨ। ਉਸ ਨੇ ਸੁੰਦਰ ਦਿਨ ਦੀ ਪ੍ਰਸੰਸਾ ਕੀਤੀ। ਘਣੇ ਕਾਲੇ ਬੱਦਲ ਕਦੀ ਕਦੀ ਸੂਰਜ ਨੂੰ ਢੱਕ ਲੈਂਦੇ ਸਨ, ਖੇਤਾਂ ਵਿਚ ਹਰ ਪਾਸੇ ਕਿਰਸਾਨ ਛੋਟੀ ਛੋਟੀ ਜਵੀ ਨੂੰ ਗੋਡ ਰਹੇ ਸਨ; ਘਾਹ ਨਾਲ ਹਰੇ ਭਰੇ

ਚਰਾਂਦਾ ਉਤੇ ਲਾਰਕ ਉੱਡ ਰਹੇ ਸਨ; ਬਲੂਤ ਦੇ ਰੁੱਖਾਂ ਤੋਂ ਬਿਨਾਂ ਵਣ ਵਿਚ ਸਭ ਪਾਸੇ ਨਵੀਂ ਤਾਜ਼ੀ ਹਰਿਆਵਲ ਦਿੱਸਦੀ ਸੀ, ਚਰਾਂਦਾ ਵਿਚ ਡੰਗਰ ਤੇ ਘੋੜੇ ਥਾਂ ਥਾਂ ਚਰ ਰਹੇ ਸਨ, ਤੇ ਦੂਰ ਖੇਤਾਂ ਵਿੱਚ ਹਲ ਵਗ ਰਹੇ ਸਨ। ਪਰ ਮੁੜ ਮੁੜ ਉਸ ਨੂੰ ਯਾਦ ਆ ਰਿਹਾ ਸੀ ਕਿ ਕੋਈ ਅਣ-ਸੁਖਾਵੀਂ ਗੱਲ ਹੈ, ਤੇ ਜਦੋਂ ਉਹ ਆਪਣੇ ਆਪ ਤੋਂ ਪੁੱਛਦਾ ਕਿ ਇਹ ਕੀ ਹੋ ਸਕਦੀ ਸੀ, ਤਾਂ ਉਸ ਨੂੰ ਬੱਘੀ ਵਾਲੇ ਦੀ ਕਹਾਣੀ ਯਾਦ ਆ ਜਾਂਦੀ ਕਿ ਕਿਵੇਂ ਜਰਮਨ ਦਰੋਗਾ ਕੁਸਮਿੰਸਕੀ ਦਾ ਪ੍ਰਬੰਧ ਕਰ ਰਿਹਾ ਸੀ। ਜਦੋਂ ਉਹ ਆਪਣੀ ਜਗੀਰ ਉਤੇ ਪਹੁੰਚ ਗਿਆ ਅਤੇ ਕੰਮ ਵਿਚ ਲੱਗ ਗਿਆ ਤਾਂ ਇਹ ਅਣ-ਸੁਖਾਵੀਂ ਗੱਲ ਉਸ ਨੂੰ ਵਿਸਰ ਗਈ।

ਜਦੋਂ ਉਸ ਨੇ ਹਿਸਾਬ ਕਿਤਾਬ ਪੜਤਾਲਿਆ ਤੇ ਦਰੋਗੇ ਦੀਆਂ ਗੱਲਾਂ ਸੁਣੀਆਂ ਜੋ ਬੜੇ ਸਰਲ ਢੰਗ ਨਾਲ ਇਸ ਗੱਲ ਦੇ ਲਾਭ ਦੱਸ ਰਿਹਾ ਸੀ ਕਿ ਕਿਰਸਾਨਾਂ ਕੋਲ ਆਪਣੀ ਭੋਇੰ ਬਹੁਤ ਘੱਟ ਸੀ ਤੇ ਜਿਹੜੀ ਹੈ ਵੀ ਸੀ ਉਹ ਜਗੀਰਦਾਰ ਦੇ ਖੇਤਾਂ ਵਿਚਕਾਰ ਘਿਰੀ ਹੋਈ ਸੀ, ਤਾਂ ਨਖ਼ਲਿਊਦੋਫ਼ ਦਾ ਆਪ ਖੇਤੀ ਕਰਨੀ ਛੱਡ ਦੇਣ ਤੇ ਭੋਇੰ ਕਿਰਸਾਨਾ ਨੂੰ ਚੁਕੋਤੇ ਉਤੇ ਦੇ ਦੇਣ ਦਾ ਇਰਾਦਾ ਹੋਰ ਵੀ ਪੱਕਾ ਹੋ ਗਿਆ।

ਦਫ਼ਤਰ ਦੀਆਂ ਕਿਤਾਬਾਂ ਤੋਂ ਤੇ ਦਰੋਗੇ ਦੀਆਂ ਗੱਲਾਂ ਤੋਂ ਨਖ਼ਲਿਊਦੋਫ਼ ਨੂੰ ਪਤਾ ਲੱਗਿਆ ਕਿ ਵਧੀਆ ਵਗ ਰਹੀ ਭੋਇੰ ਦੇ ਦੋ ਤਿਹਾਈ ਭਾਗ ਨੂੰ ਹੁਣ ਉੱਨਤ ਮਸ਼ੀਨਾਂ ਨਾਲ ਬਝੀ ਦਿਹਾੜੀ ਉਤੇ ਮਜ਼ਦੂਰ ਲਗਾ ਕੇ ਖੇਤੀ ਕੀਤੀ ਜਾ ਰਹੀ ਸੀ ਤੇ ਬਾਕੀ ਤਿਹਾਈ ਇਕ ਦੇਸਿਆਤਨਾਂ ਦੇ ਪੰਜ ਰੂਬਲ ਦੇ ਕੇ ਕਿਰਸਾਨਾਂ ਪਾਸੋਂ ਵਹਾਈ ਜਾਂਦੀ ਸੀ। ਕਿਰਸਾਨ ਨੂੰ ਪੰਜ ਰੂਬਲ ਵਿਚ ਤਿੰਨ ਵਾਰੀ ਵਾਹਣੀ, ਤਿੰਨ ਵਾਰੀ ਗੋਡਣੀ ਫਸਲ ਬੀਜਣੀ ਕਟਣੀ, ਭਰੀਆਂ ਤੋਂ ਬੰਨ੍ਹ ਕੇ ਖਲਵਾੜੇ ਉਤੇ ਲਿਆਣੀ ਹੁੰਦੀ ਸੀ। ਇਤਨਾ ਹੀ ਕੰਮ ਜੋ ਮਜ਼ਦੂਰੀ ਉਤੇ ਕਰਵਾਇਆ ਜਾਂਦਾ, ਤਾਂ ਘੱਟੋ ਘੱਟ ਦਸ ਰੂਬਲ ਖਰਚ ਆਉਂਦਾ ਸੀ। ਜਗੀਰ ਉਤੋਂ ਕਿਰਸਾਨ ਜੋ ਚੀਜ਼ ਵੀ ਲੈਂਦਾ ਉਹ ਬੜੇ ਮਹਿੰਗੇ ਭਾਉ ਤੇ, ਅਤੇ ਉਸਦੇ ਬਦਲੇ ਉਸ ਨੂੰ ਕੰਮ ਕਰਨਾ ਪੈਂਦਾ। ਉਹ ਘਾਹ ਖੋਦਣ, ਲੱਕੜੀ ਕੱਟਣ, ਤੇ ਆਲੂਆਂ ਦੀ ਪੱਤੀ ਦੀ ਕੀਮਤ ਮਜ਼ਦੂਰੀ ਵਿਚ ਦੇਂਦੇ, ਤੇ ਲਗਭੱਗ ਸਾਰੇ ਜਾਗੀਰਦਾਰ ਦੇ ਕਰਜ਼ਾਈ ਹੁੰਦੇ ਸਨ। ਇਸ ਤਰ੍ਹਾਂ ਵਗਦੇ ਖੇਤਾਂ ਤੋਂ ਪਾਰ ਜਿਹੜੀ ਭੋਇ ਸੀ, ਕਿਰਸਾਨਾਂ ਨੂੰ ਚੁਕੋਤੇ ਉਤੇ ਦਿੱਤੀ ਜਾਂਦੀ ਸੀ, ਉਸ ਲਈ ਜੋ ਕੁਝ ਕਿਰਸਾਨਾਂ ਤੋਂ ਉਗਰਾਹਿਆ ਜਾਂਦਾ ਉਹ ਇਸ ਦੇ ਮੂਲ ਉਤੇ ਪੰਜ ਫੀਸਦੀ ਮੁਨਾਫ਼ੇ ਨਾਲੋਂ ਚੌਗੁਣ ਹੋ ਜਾਂਦਾ ਸੀ।

ਨਖ਼ਲਿਊਦੌਫ਼ ਇਹ ਸਭ ਕੁਝ ਪਹਿਲਾਂ ਵੀ ਜਾਣਦਾ ਸੀ ਪਰ ਹੁਣ ਉਸ ਨੇ ਇਸ ਨੂੰ ਇਕ ਨਵੀਂ ਰੋਸ਼ਨੀ ਵਿਚ ਦੇਖਿਆ, ਤੇ ਉਹ ਹੈਰਾਨ ਹੁੰਦਾ ਸੀ, ਕਿਵੇਂ ਉਹ ਤੇ ਉਸ ਜੇਹੀ

ਸਥਿਤੀ ਵਿਚ ਹੋਰ ਲੋਕ ਇਨ੍ਹਾਂ ਅਨ੍ਹਰਥਾਂ ਨੂੰ ਨਹੀਂ ਸਨ ਦੇਖ ਸਕਦੇ। ਦਰੋਗੇ ਦੀਆਂ ਦਲੀਲਾਂ ਕਿ ਜੇ ਭੋਇੰ ਕਿਰਸਾਨਾਂ ਨੂੰ ਚੁਕੋਤੇ ਉਤੇ ਦੇ ਦਿੱਤੀ ਗਈ, ਤਾਂ ਖੇਤੀ ਦੇ ਸੰਦ ਵਲੇਵੇਂ ਦਾ ਕੁਝ ਨਹੀਂ ਵਟਿਆ ਜਾਣਾ ਕਿਉਂਕਿ ਕੋਈ ਉਨ੍ਹਾਂ ਨੂੰ ਚੌਥਾ ਹਿੱਸਾ ਕੀਮਤ ਉਤੇ ਵੀ ਨਹੀਂ ਲਵੇਗਾ, ਕਿ ਕਿਰਸਾਨ ਭੋਇੰ ਨੂੰ ਵੈਰਾਨ ਕਰ ਦੇਣਗੇ ਤੇ ਨਖ਼ਲਿਊਦੌਫ਼ ਨੂੰ ਬਹੁਤ ਘਾਟਾ ਰਹੇਗਾ, ਨਖ਼ਲਿਊਦੌਫ਼ ਦੇ ਵਿਸ਼ਵਾਸ਼ ਨੂੰ ਕੇਵਲ ਤੱਕੜਾ ਕਰਦੀਆਂ ਸਨ, ਕਿ ਉਹ ਭੋਇੰ ਕਿਰਸਾਨਾਂ ਨੂੰ ਦੇ ਕੇ ਤੇ ਆਪਣੇ ਆਪ ਨੂੰ ਆਪਣੀ ਆਮਦਨੀ ਦੇ ਵੱਡੇ ਭਾਗ ਤੋਂ ਵਾਂਝਾ ਕਰਕੇ ਇਕ ਚੰਗਾ ਕੰਮ ਕਰ ਰਿਹਾ ਸੀ। ਉਸ ਨੇ ਹੁਣ ਇਕ ਦਮ ਜਦੋਂ ਉਥੇ ਹੀ ਆਪਣਾ ਸਾਰਾ ਵਿਵਹਾਰ ਨਜਿੱਠਣ ਦਾ ਫੈਸਲਾ ਕਰ ਲਿਆ, ਫਸਲ ਦਾ ਵੱਢਣਾ ਤੇ ਵੇਚਣਾ ਤੇ ਖੇਤੀ ਦੇ ਸੰਦਾਂ ਅਤੇ ਬੇਕਾਰ ਇਮਾਰਤਾਂ ਦਾ ਵੇਚਣ-ਇਹ ਸਭ ਕੁਝ ਦਰੋਗੇ ਉਤੇ ਛੱਡਿਆ ਜਾ ਸਕਦਾ ਸੀ, ਜੋ ਯੋਗ ਸਮਾਂ ਦੇਖਕੇ ਇਹ ਪ੍ਰਬੰਧ ਕਰ ਸਕਦਾ ਸੀ। ਪਰ ਉਸ ਨੇ ਦਰੋਗੇ ਨੂੰ ਆਖਿਆ ਕਿ ਉਹ ਹੁਣੇ ਗਵਾਂਢ ਦੇ ਤਿੰਨਾਂ ਪਿੰਡਾਂ ਦੇ ਜੋ ਕੁਸਮਿੰਸਕੀ ਦੀ ਜਾਗੀਰ ਵਿਚ ਆਉਂਦੇ ਸਨ, ਕਿਰਸਾਨਾਂ ਦਾ ਇਕੱਠ ਕਰਾਵੇ, ਜਿਥੇ ਉਹ ਉਨ੍ਹਾਂ ਨੂੰ ਆਪਣੇ ਇਰਾਦਿਆਂ ਬਾਰੇ ਦੱਸੇਗਾ ਤੇ ਉਨ੍ਹਾਂ ਨਾਲ ਭੋਇੰ ਦੇ ਚੁਕੌਤੇ ਦੀਆਂ ਸ਼ਰਤਾਂ ਤੈਅ ਕਰੇਗਾ।

ਦਰੋਗਾਂ ਦੀਆਂ ਦਲੀਲਾਂ ਦੇ ਸਾਹਮਣੇ ਆਪਣੀ ਦ੍ਰਿੜਤਾ ਅਤੇ ਕੁਰਬਾਨੀ ਕਰਨ ਦੀ ਤਤਪਰਤਾ ਤੋਂ ਨਖ਼ਲਿਊਦੋਫ਼ ਨੂੰ ਇਕ ਸੁਖਾਵਾਂ ਅਨੁਭਵ ਹੋਇਆ, ਤੇ ਆਪਣੇ ਅਗਲੇ ਵਿਵਹਾਰ ਬਾਰੇ ਸੋਚਦਾ ਉਹ ਬੇ-ਸੰਭਾਲ ਹੋਈਆਂ ਫੁਲਾਂ ਦੀਆਂ ਕਿਆਰੀਆਂ ਵਿਚੋਂ ਦੀ ਲੰਘਿਆ। ਇਸ ਸਾਲ ਫੁਲ ਦਰੋਗੇ ਨੇ ਆਪਣੇ ਘਰ ਦੇ ਸਾਹਮਣੇ ਲਗਵਾਏ ਸਨ-ਟੈਨਿਸ ਦੇ ਅਖਾੜੇ ਉਤੋਂ ਦੀ ਜਿਥੇ ਹੁਣ ਗੇਂਦੇ ਉਗੇ ਹੋਏ ਸਨ, ਤੇ ਨਰੰਗੀ ਦੇ ਰੁੱਖਾਂ ਦੀ ਰੌਂਸ ਦੇ ਨਾਲ ਨਾਲ ਜਿਥੇ ਉਹ ਆਪਣਾ ਸਿਗਾਰ ਪੀਣ ਲਈ ਜਾਂਦਾ ਹੁੰਦਾ ਸੀ ਤੇ ਜਿਥੇ ਉਸ ਨੇ ਆਪਣੀ ਮਾਂ ਕੋਲ ਪਰਾਹੁਣੀ ਆਈ ਮੋਹਣੀ ਕਿਰਿਮੋਫਾ ਨਾਲ ਕਦੀ ਚੋਹਲ ਕੀਤੇ ਸਨ, ਫਿਰਨ ਲੱਗਾ। ਆਪਣੇ ਮਨ ਵਿਚ ਆਪਣੀ, ਕਿਰਸਾਨਾਂ ਅੱਗੇ ਕਰਨ ਵਾਲੀ ਗੱਲਬਾਤ ਦਾ ਸੰਖੇਪ ਭਾਵ ਤਿਆਰ ਕਰਕੇ, ਉਸ ਨੇ ਫਿਰ ਦਰੋਗੇ ਨਾਲ ਗੱਲ-ਬਾਤ ਕੀਤੀ, ਤੇ ਚਾਹ ਪਿੱਛੋਂ ਆਪਣੇ ਵਿਚਾਰਾਂ ਨੂੰ ਇਕ ਵਾਰੀ ਫਿਰ ਸਿਧੇ ਕਰਕੇ ਉਹ ਮਹੱਲ ਵਿਚ ਆਪਣੇ ਲਈ ਤਿਆਰ ਕੀਤੇ ਕਮਰੇ ਵਿਚ, ਜੋ ਪਹਿਲਾਂ ਇਕ ਵਾਧੂ ਸੌਣ ਦਾ ਕਮਰਾ ਹੁੰਦਾ ਸੀ, ਚਲਾ ਗਿਆ।

---

1 ਦੇਸਿਆਤਿਨ (Desyatin) ਕੋਈ ਪੌਣੇ ਤਿੰਨ ਏਕੜ ਦੇ ਬਰਾਬਰ।

ਇਸ ਛੋਟੇ ਸਾਫ਼ ਕਮਰੇ ਵਿਚ, ਜਿਸ ਦੀਆਂ ਕੰਧਾਂ ਉਤੇ ਵੈਨਿਸ ਸ਼ਹਿਰ ਦੀਆਂ ਤਸਵੀਰਾਂ ਲੱਗੀਆਂ ਸਨ ਤੇ ਦੋ ਬਾਰੀਆਂ ਵਿਚਕਾਰ ਇਕ ਸ਼ੀਸ਼ਾ ਲੱਗਾ ਹੋਇਆ ਸੀ ਸਪਰਿੰਗਾਂ ਵਾਲੇ ਗਦੇਲੇ ਵਾਲਾ ਇਕ ਸਾਫ ਪਲੰਗ ਡੱਠਾ ਹੋਇਆ ਸੀ, ਇਸ ਦੇ ਪਾਸੇ ਤੇ ਇਕ ਛੋਟਾ ਮੇਜ਼ ਰੱਖਿਆ ਹੋਇਆ ਸੀ ਜਿਸ ਉਤੇ ਇਕ ਪਾਣੀ ਨਿਤਾਰ-ਬਰਤਨ, ਦੀਆ-ਸਿਲਾਈ ਦੀਆਂ ਡੱਬੀਆਂ ਤੇ ਇਕ ਬੱਤੀ ਬੁਝਾਣ ਵਾਲਾ ਸਾਮਕ ਰੱਖੇ ਹੋਏ ਸਨ। ਸ਼ੀਸੇ ਦੇ ਨਾਲ ਇਕ ਮੇਜ਼ ਉਤੇ ਉਸ ਦਾ ਚੱਮੜੇ ਦਾ ਸੂਟਕੇਸ ਖੁਲ੍ਹਾ ਪਿਆ ਸੀ ਜਿਸ ਵਿਚ ਉਸਦਾ ਡਰੈਸਿੰਗ ਕੇਸ ਤੇ ਕੁਝ ਕਿਤਾਬਾਂ ਸਨ। ਇਨ੍ਹਾਂ ਕਿਤਾਬਾਂ ਵਿਚ ਇਕ ਰੂਸੀ ਪੁਸਤਕ 'ਅਪਰਾਧਤਾ ਦੇ ਨਿਯਮਾਂ ਬਾਰੇ ਇਕ ਖੋਜ" ਸੀ, ਤੇ ਇਸੇ ਵਿਸ਼ੇ ਉਤੇ ਇਕ ਜਰਮਨ ਤੇ ਇਕ ਅੰਗਰੇਜ਼ੀ ਪੁਸਤਕ ਜੋ ਉਸਨੇ ਆਪਣੇ ਇਸ ਸਫ਼ਰ ਵਿਚ ਪੜ੍ਹਨ ਲਈ ਰੱਖੀਆਂ ਹੋਈਆਂ ਸਨ। ਪਰ ਹੁਣ ਬਹੁਤ ਦੇਰ ਹੋ ਗਈ ਸੀ ਤੇ ਉਹ ਸੌਣ ਦੀ ਤਿਆਰੀ ਕਰਨ ਲੱਗਾ ਤਾਂ ਜੋ ਸਵੇਰੇ ਸੁਵਖਤੇ ਉੱਠ ਸਕੇ ਤੇ ਕਿਰਸਾਨਾਂ ਨਾਲ ਆਪਣੀ ਗੱਲ-ਬਾਤ ਦੀ ਤਿਆਰੀ ਕਰ ਸਕੇ।

ਕਮਰੇ ਦੇ ਇਕ ਕੋਨੇ ਵਿਚ ਇਕ ਪੁਰਾਣੇ ਫੈਸ਼ਨ ਦੀ ਸਾਗਵਾਨ ਦੀ ਇਕ ਜੜਾਊ ਕੁਰਸੀ ਪਈ ਸੀ। ਨਖ਼ਲਿਊਦੌਫ਼ ਨੂੰ ਇਕ ਦਮ ਯਾਦ ਆਇਆ ਕਿ ਇਹ ਕੁਰਸੀ ਉਸਦੀ ਮਾਂ ਦੇ ਸੌਣ ਵਾਲੇ ਕਮਰੇ ਵਿਚ ਪਈ ਹੁੰਦੀ ਸੀ। ਇਸ ਤੋਂ ਉਸਦੀ ਆਤਮਾ ਵਿਚ ਇਕ ਬਿਲਕੁਲ ਅਚਿੰਤੀ ਸੰਵੇਦਨਾਂ ਇਕ ਦਮ ਉਠੀ। ਉਸ ਦਾ ਮਨ ਉਦਾਸ ਹੋ ਗਿਆ ਇਹ ਸੋਚ ਕੇ ਕਿ ਇਹ ਘਰ ਢਹਿ ਢੇਰੀ ਹੋ ਜਾਵੇਗਾ, ਬਾਗ ਉਜੜ ਜਾਵੇਗਾ, ਵਣ ਕੱਟ ਦਿੱਤਾ ਜਾਵੇਗਾ ਅਤੇ ਇਹ ਸਾਰੇ ਅੰਗਣ, ਹਵੇਲੀਆਂ, ਅਸਤਬਲ, ਢਾਰੇ, ਮਸ਼ੀਨਾਂ, ਘੋੜੇ, ਗਊਆਂ, ਜੋ ਉਸ ਨੂੰ ਪਤਾ ਸੀ ਕਿਤਨੀ ਮਿਹਨਤ ਨਾਲ ਬਣੀਆਂ ਤੇ ਸੰਭਾਲੀਆਂ ਗਈਆਂ ਸਨ, ਭਾਵੇਂ ਇਹ ਮਿਹਨਤ ਉਸ ਨੇ ਆਪ ਨਹੀਂ ਕੀਤੀ ਸੀ। ਇਸ ਸਭ ਕੁਝ ਨੂੰ ਤਿਆਗ ਦੇਣਾ ਉਸ ਨੂੰ ਸੌਖਾ ਜਾਪਿਆ ਸੀ, ਪਰ ਹੁਣ ਔਖਾ ਲੱਗਦਾ ਸੀ, ਨਾ ਕੇਵਲ ਇਸ ਨੂੰ ਦਾਨ ਕਰ ਦੇਣਾ ਸਗੋਂ ਭੋਇੰ ਨੂੰ ਚੁਕੋਤੇ ਉਤੇ ਦੇ ਕੇ ਆਪਣੀ ਆਮਦਨੀ ਦਾ ਅੱਧਾ ਭਾਗ ਗੰਵਾ ਲੈਣਾ। ਤੇ ਇਕ ਦਮ ਉਸਦੇ ਮਨ ਵਿਚ ਇਕ ਦਲੀਲ ਉਠੀ, ਇਹ ਦਰਸਾਣ ਲਈ ਕਿ ਓੜਕ ਨੂੰ ਕਿਰਸਾਨਾਂ ਨੂੰ ਭੋਇੰ ਚੁਕਾ ਦੇਣੀ ਤੇ ਇਸ ਤਰ੍ਹਾਂ ਆਪਣੀ ਜਾਇਦਾਦ ਨਸ਼ਟ ਕਰ ਦੇਣੀ, ਕਿੰਨੀ ਅਨਿਆਈ ਗੱਲ ਸੀ। "ਮੈਂ ਭੋਇੰ ਦੀ ਮਾਲਕੀ ਬਿਲਕੁਲ ਨਹੀਂ ਰਖਾਂਗਾ। ਪਰ ਜੇ ਮੇਰੇ ਕੋਲ ਕੋਈ ਭੋਇੰ

ਹੋਵੇਗੀ ਤਾਂ ਮੈਂ ਇਹ ਘਰ ਤੇ ਇਹ ਖੇਤ ਨਹੀਂ ਰੱਖ ਸਕਦਾ.. ਪਰ ਮੈਂ ਤਾਂ ਸਾਇਬੇਰੀਆ ਜਾ ਰਿਹਾ ਹਾਂ ਤੇ ਮੈਨੂੰ ਨਾ ਘਰ ਦੀ ਤੇ ਨਾ ਜਾਗੀਰ ਦੀ ਕੋਈ ਲੋੜ ਹੈ," ਦੂਜੀ ਆਵਾਜ਼ ਨੇ ਆਖਿਆ, "ਪਰ ਤੂੰ ਸਾਰੀ ਉਮਰ ਸਾਇਬੇਰੀਆ ਵਿਚ ਨਹੀਂ ਗੁਜਾਰ ਦੇਣੀ, ਤੂੰ ਸ਼ਾਇਦ ਵਿਆਹ ਕਰਾਵੇਂ ਤੇ ਪੁੱਤਾਂ ਧੀਆਂ ਵਾਲਾ ਬਣੇ ਤੇ ਤੇਰੇ ਲਈ ਜ਼ਰੂਰੀ ਹੈ ਕਿ ਇਹ ਜਾਗੀਰ ਉਨ੍ਹਾਂ ਲਈ ਉਸੇ ਚੰਗੀ ਹਾਲਤ ਵਿਚ ਛੱਡ ਜਾਵੇ ਜਿਸ ਵਿਚ ਤੈਨੂੰ ਇਹ ਮਿਲੀ ਹੈ। ਭੋਇੰ ਵੱਲ ਵੀ ਤੇਰਾ ਕੋਈ ਫਰਜ਼ ਹੈ। ਇਸ ਨੂੰ ਛੱਡ ਦੇਣਾ, ਸਭ ਕੁਝ ਨਾਸ਼ ਕਰ ਦੇਣਾ, ਬਹੁਤ ਸੌਖਾ ਹੈ। ਇਸ ਨੂੰ ਪ੍ਰਾਪਤ ਕਰਨਾ ਬਹੁਤ ਔਖਾ। ਸਭ ਤੋਂ ਉਪਰੰਤ ਤੈਨੂੰ ਆਪਣੇ ਭਵਿੱਖਤ ਜੀਵਨ ਬਾਰੇ ਸੋਚਣਾ ਯੋਗ ਹੈ। ਤੇ ਫਿਰ ਕੀ ਤੂੰ ਸੱਚ-ਮੁੱਚ ਆਪਣੇ ਅੰਤਹਕਰਨ ਅਨੁਸਾਰ ਕਰ ਰਿਹਾ ਹੈ ਜਾਂ ਕੇਵਲ ਦਿਖਾਵੇ ਲਈ ?" ਨਖ਼ਲਿਊਦੌਫ਼ ਨੇ ਇਹ ਸਭ ਪ੍ਰਸ਼ਨ ਆਪਣੇ ਆਪ ਨੂੰ ਕੀਤੇ ਤੇ ਉਸ ਨੂੰ ਮੰਨਣਾ ਪੈਂਦਾ ਸੀ ਕਿ ਉਹ ਇਸ ਸੋਚ ਤੋਂ ਪ੍ਰਭਾਵਿਤ ਸੀ ਕਿ ਲੋਕ ਉਸ ਬਾਰੇ ਕੀ ਆਖਣਗੇ। ਤੇ ਜਿਉਂ ਜਿਉਂ ਉਹ ਇਸ ਬਾਰੇ ਸੋਚਦਾ ਸੀ ਹੋਰ ਪ੍ਰਸ਼ਨ ਉੱਠਦੇ ਸਨ ਜੋ ਹੋਰ ਵਧੇਰੇ ਅਸਾਧ ਜਾਪਦੇ ਸਨ।

ਸੌਂ ਕੇ ਇਨ੍ਹਾਂ ਸੋਚਾਂ ਤੋਂ ਖਹਿੜਾ ਛੁਡਾਣ ਤੇ ਸਵੇਰੇ ਤਾਜ਼ੇ ਦਿਮਾਗ ਨਾਲ ਇਨ੍ਹਾਂ ਪ੍ਰਸ਼ਨਾਂ ਨੂੰ ਸੁਲਝਾਉਣ ਦੀਆਂ ਆਸਾਂ ਨਾਲ ਉਹ ਆਪਣੇ ਸਾਫ਼ ਸੁਥਰੇ ਬਿਸਤਰ ਉਤੇ ਲੇਟ ਗਿਆ। ਪਰ ਨੀਂਦ ਉਸ ਨੂੰ ਬਹੁਤ ਦੇਰ ਨਾਲ ਆਈ। ਤਾਜ਼ਾ ਹਵਾ ਤੇ ਚੰਦ ਦੀ ਚਾਨਣੀ ਦੇ ਨਾਲ ਡੱਡੂਆਂ ਦੀ ਟਰ ਟਰ ਵੀ ਕਮਰੇ ਵਿਚ ਆ ਰਹੀ ਸੀ ਅਤੇ ਇਹ ਬਾਗ ਵਿਚ ਬੁਲਬੁਲਾਂ ਦੇ ਇਕ ਜੋੜੇ ਤੇ ਬਾਰੀ ਦੇ ਬਾਹਰ ਖਿੜੇ ਹੋਏ ਚੰਬੇ ਦੀ ਇਕ ਝਾੜੀ ਵਿਚ ਹੋਰ ਬੁਲਬੁਲ ਦੇ ਅਲਾਪ ਨਾਲ ਮਿਲ ਰਹੀਆਂ ਸੀ। ਬੁਲਬੁਲਾਂ ਤੇ ਡੱਡੂਆਂ ਦੇ ਰਾਗ ਨੂੰ ਸੁਣਕੇ ਨਖ਼ਲਿਊਦੋਫ਼ ਨੂੰ ਇਨਸਪੈਕਟਰ ਦੀ ਲੜਕੀ ਦਾ ਵਾਦਨ ਤੇ ਇਨਸਪੈਕਟਰ ਆਪ ਯਾਦ ਆ ਗਏ। ਇਸ ਯਾਦ ਨੇ ਉਸ ਨੂੰ ਮਸਲੌਫ਼ਾ ਯਾਦ ਕਰਵਾ ਦਿੱਤੀ। ਕਿਵੇਂ ਉਸ ਦੇ ਹੋਂਠ ਡੱਡੂਆਂ ਦੀ ਟਰ ਟਰ ਵਾਕਰ ਕੰਬਦੇ ਸਨ ਜਦੋਂ ਉਸ ਨੇ ਆਖਿਆ ਸੀ, "ਤੂੰ ਇਸ ਗੱਲ ਨੂੰ ਬਿਲਕੁਲ ਛੱਡ ਦੇ।" ਫਿਰ ਜਰਮਨ ਦਰੋਗਾ ਡੱਡੂਆਂ ਵੱਲ ਨੂੰ ਜਾਣ ਲੱਗਾ ਤੇ ਰੋਕਣਾ ਪਿਆ, ਪਰ ਉਹ ਕੇਵਲ ਚਲਾ ਹੀ ਨਹੀਂ ਗਿਆ, ਮਸਲੌਫ਼ਾ ਵਿਚ ਬਦਲ ਗਿਆ ਜਿਹੜੀ ਨਖ਼ਲਿਊਦੋਫ਼ ਨਾਲ ਗਿਲਾ ਕਰਦੀ ਸੀ ਤੇ ਆਖਦੀ ਸੀ, "ਤੂੰ ਇਕ ਕੰਵਰ ਹੈਂ, ਤੇ ਮੈਂ ਇਕ ਦੋਸ਼ੀ।"

"ਨਹੀਂ, ਮੈਂ ਨਹੀਂ ਹਾਰਾਂਗਾ।" ਨਖ਼ਲਿਊਦੌਫ਼ ਨੇ ਸੋਚਿਆ ਤੇ ਆਪਣੇ ਆਪ ਨੂੰ ਹਲੂਣ ਕੇ ਪੁੱਛਿਆ, "ਹਾਂ, ਮੈਂ ਠੀਕ ਕਰ ਰਿਹਾ ਹਾਂ, ਜਾਂ ਗਲਤ ? ਮੈਨੂੰ ਪਤਾ ਨਹੀਂ ਤੇ

ਪਰਵਾਹ ਨਹੀਂ। ਇਹ ਇਕੋ ਗੱਲ ਹੈ, ਮੈਂ ਸੋ ਜਾਵਾਂ।" ਤੇ ਉਹ ਆਪ ਉਸ ਥਾਉਂ ਵੱਲ ਹੀ ਉਤਰਨ ਲਗਾ ਜਿਧਰ ਉਸ ਨੇ ਇਨਸਪੈਕਟਰ ਤੇ ਮਸਲੌਫ਼ਾ ਨੂੰ ਉਤਰਦੇ ਦੇਖਿਆ ਸੀ, ਤੇ ਇਸ ਨਾਲ ਸਭ ਕੁਝ ਸਮਾਪਤ ਹੋ ਗਿਆ।

-0-

2

ਨਖ਼ਲਿਊਦੌਫ਼ ਸਵੇਰੇ ਨੌ ਵਜੇ ਉੱਠਿਆ। ਜਿਉਂ ਹੀ ਨੌਜਵਾਨ ਕਲਰਕ ਨੇ ਜੋ ਉਸ ਦੀ ਸੇਵਾ ਉਤੇ ਲਗਿਆ ਸੀ, ਨਖ਼ਲਿਊਦੌਫ਼ ਨੂੰ ਹਿਲਦੇ ਜੁਲਦੇ ਸੁਣਿਆ ਤਾਂ ਉਹ ਉਸ ਦੇ ਬੂਟ ਲੈ ਆਇਆ ਜੋ ਅਜਿਹੇ ਚਮਕ ਰਹੇ ਸਨ ਕਿ ਅੱਗੇ ਕਦੇ ਨਹੀਂ ਚਮਕੇ ਸਨ। ਉਹ ਥੋੜਾ ਜਿਹਾ ਠੰਡਾ, ਸੋਹਣਾ, ਸਵੱਛ ਚਸ਼ਮੇਂ ਦਾ ਪਾਣੀ ਵੀ ਲਿਆਇਆ ਤੇ ਕਹਿਣ ਲੱਗਾ ਕਿ ਕਿਰਸਾਨ ਇਕਠੇ ਹੋਣ ਵੀ ਲੱਗ ਪਏ ਸਨ। ਨਖ਼ਲਿਊਦੌਫ਼ ਕੁੱਦ ਕੇ ਬਿਸਤਰੇ ਤੋਂ ਉਠਿਆ ਅਤੇ ਆਪਣੇ ਵਿਚਾਰ ਇਕੱਤਰ ਕੀਤੇ। ਆਪਣੀ ਜਾਇਦਾਦ ਛੱਡ ਦੇਣ ਦੇ ਦੁਖਮਈ ਖਿਆਲ ਕਾਰਣ ਕੱਲ੍ਹ ਵਾਲੀ ਉਦਾਸੀ ਦਾ ਨਿਸ਼ਾਨ ਤਕ ਉਸ ਉਤੇ ਨਹੀਂ ਸੀ। ਉਸ ਨੇ ਇਸ ਉਦਾਸੀ ਦੇ ਭਾਵ ਨੂੰ ਹੈਰਾਨੀ ਨਾਲ ਯਾਦ ਕੀਤਾ। ਉਸ ਨੂੰ ਆਪਣੇ ਅੱਗੇ ਪਏ 'ਕੰਮ ਦਾ ਖ਼ਿਆਲ ਇਕ ਖੁਸ਼ੀ ਦੇ ਰਿਹਾ ਸੀ ਤੇ ਅਵੱਸ਼ ਹੀ ਇਸ ਉਤੇ ਫ਼ਖਰ ਹੋ ਰਿਹਾ ਸੀ। ਤਾਕੀ ਵਿੱਚੋਂ ਉਸ ਨੂੰ ਪੁਰਾਣਾ ਟੈਨਿਸ ਦਾ ਮੈਦਾਨ ਦਿੱਸਦਾ ਸੀ ਜਿਸ ਨੂੰ ਗੇਂਦਿਆਂ ਨੇ ਢੱਕਿਆ ਹੋਇਆ ਸੀ। ਕਿਰਸਾਨ ਇਸ ਥਾਉਂ ਇਕੱਠੇ ਹੋਣ ਲੱਗ ਪਏ ਸਨ। ਪਿੱਛਲੀ ਰਾਤ ਡੱਡੂ ਐਂਡੇ ਹੀ ਨਹੀਂ ਬੋਲ ਦੇ ਰਹੇ ਸਨ, ਦਿਨ ਉਦਾਸ ਜੇਹਾ ਸੀ, ਹਵਾ ਬੰਦ ਸੀ, ਸਵੇਰ ਤੋਂ ਇਕ ਕਮਲ ਨਿੱਘੀ ਜੇਹੀ ਵਰਖਾ ਹੋ ਰਹੀ ਸੀ ਤੇ ਪੱਤਿਆਂ, ਟਾਹਣੀਆਂ ਤੇ ਘਾਹ ਉਤੇ ਬੂੰਦਾਂ ਲਟਕ ਰਹੀਆਂ ਸਨ। ਤਾਜ਼ੀ ਵਨਸਪਤੀ ਦੀ ਸੁਗੰਧ ਤੋਂ ਛੁਟ ਗਿਲੀ ਭੋਇੰ ਦੀ ਗੰਧ ਜੋ ਹੋਰ ਮੀਂਹ ਮੰਗਦੀ ਸੀ ਬਾਰੀ ਵਿਚੋਂ ਅੰਦਰ ਆ ਰਹੀ ਸੀ।

ਕੱਪੜੇ ਪਹਿਨਦੇ ਪਹਿਨਦੇ ਨਖ਼ਲਿਊਦੌਫ਼ ਨੇ ਕਈ ਵਾਰੀ ਟੈਨਿਸ ਦੇ ਮੈਦਾਨ ਵਿਚ ਇਕੱਠੇ ਹੋਏ ਕਿਰਸਾਨਾਂ ਵੱਲ ਦੇਖਿਆ। ਉਹ ਇਕ ਇਕ ਕਰਕੇ ਆਉਂਦੇ, ਆਪਣੀਆਂ ਟੋਪੀਆਂ ਉਤਾਰਦੇ ਇਕ ਦੂਜੇ ਨੂੰ ਨਮਸਕਾਰ ਕਰਦੇ ਸਨ, ਤੇ ਆਪਣੀਆਂ ਸੋਟੀਆਂ ਉਤੇ ਝੁਕੇ ਹੋਏ ਇਕ ਦਾਇਰੇ ਵਿਚ ਖਲੋਤੇ ਗੱਲਾਂ ਕਰ ਰਹੇ ਸਨ। ਦਰੋਗਾ ਇਕ ਠੁਲ੍ਹਾ ਤੱਕੜੇ ਗਠੇ ਹੋਏ ਸਰੀਰ ਵਾਲਾ ਨੌਜਵਾਨ ਇਕ ਛੋਟਾ ਕੱਟ ਪਹਿਨੀ ਤੇ ਹਰੇ ਰੰਗ ਦੇ ਖੜੇ ਕਾਲਰ ਤੇ

ਵੱਡੇ ਬਟਨਾਂ ਨਾਲ ਸਜਿਆ ਇਹ ਦੱਸਣ ਲਈ ਆਇਆ ਕਿ ਸਭ ਇਕਠੇ ਗਏ ਹੋ ਸਨ, ਪਰ ਉਹ ਨਖ਼ਲਿਊਦੌਫ਼ ਦੀ ਉਡੀਕ ਕਰਨ ਲੱਗੇ ਤਾਂ ਜੋ ਉਹ ਆਪਣੀ ਸਵੇਰ ਦੀ ਰੋਟੀ ਖਾ ਲਵੇ। ਚਾਹ ਜਾਂ ਕਾਫ਼ੀ ਦੋਵੇਂ ਤਿਆਰ ਸਨ, ਜੋ ਵੀ ਉਸ ਨੂੰ ਪਸੰਦ ਹੋਵੇ।

"ਨਹੀਂ, ਮੇਰਾ ਵਿਚਾਰ ਹੈ ਮੈਂ ਹੁਣੇ ਉਨ੍ਹਾਂ ਨਾਲ ਜਾ ਕੇ ਗੱਲ ਕਰਾਂ," ਨਖ਼ਲਿਊਦੌਫ਼ ਨੇ ਆਖਿਆ। ਜੋ ਗੱਲ ਬਾਤ ਉਸ ਨੇ ਕਿਰਸਾਨਾਂ ਨਾਲ ਕਰਨੀ ਸੀ ਉਸ ਦਾ ਖ਼ਿਆਲ ਕਰਕੇ ਉਸ ਨੂੰ ਇਕ ਅਚਿੰਤੀ ਜੇਹੀ ਸੰਗ ਤੇ ਸ਼ਰਮ ਦਾ ਅਨੁਭਵ ਹੋਇਆ। ਉਹ ਕਿਰਸਾਨਾਂ ਦੀ ਉਹ ਚਾਹ ਪੂਰੀ ਕਰਨ ਲੱਗਾ ਸੀ ਜਿਸ ਦੀ ਪੂਰਤੀ ਦੀ ਆਸ ਕਰਨ ਦਾ ਵੀ ਕਦੀ ਉਨ੍ਹਾਂ ਨੂੰ ਹੌਂਸਲਾ ਨਹੀਂ ਹੋਇਆ ਸੀ। ਉਨ੍ਹਾਂ ਨੂੰ ਭੋਇੰ ਬੜੇ ਥੋੜੇ ਮੁੱਲ ਤੇ ਚੁਕਾ ਦੇਣ ਅਰਥਾਤ ਉਨ੍ਹਾਂ ਨੂੰ ਇਕ ਵੱਡੀ ਬਖ਼ਸ਼ੀਸ਼ ਕਰਨ ਲੱਗਾ ਸੀ ਪਰ ਤਾਂ ਵੀ ਉਸ ਨੂੰ ਕਿਸੇ ਗੱਲ ਦੀ ਸ਼ਰਮ ਆ ਰਹੀ ਸੀ।

ਜਦੋਂ ਨਖ਼ਲਿਊਦੌਫ਼ ਕਿਰਸਾਨਾਂ ਕੋਲ ਆਇਆ ਤੇ ਉਸ ਅੱਗੇ ਭੂਰੇ ਘੁੰਗਰਾਲੇ, ਗੰਜੇ ਤੇ ਧੌਲੇ ਸਿਰ ਨੰਗੇ ਕੀਤੇ ਗਏ, ਤਾਂ ਉਹ ਇਤਨਾ ਘਬਰਾ ਗਿਆ ਕਿ ਕੁਝ ਕਹਿ ਨਾ ਸਕਿਆ। ਮੀਂਹ ਛੋਟੀਆਂ ਛੋਟੀਆਂ ਕਣੀਆਂ ਵਿਚ ਵਰਦਾ ਰਿਹਾ ਜੋ ਆਦਮੀਆਂ ਦੇ ਖੁਰਦਰੇ ਕੋਟਾਂ ਦੀ ਲੂਈ ਉਤੇ, ਦਾੜ੍ਹੀਆਂ ਤੇ ਵਾਲਾਂ ਉਤੇ ਲਟਕ ਜਾਂਦੀਆਂ ਸਨ। ਕਿਰਸਾਨਾਂ ਨੇ ਮਾਲਿਕ ਵੱਲ ਵੇਖਿਆ ਤੇ ਉਸ ਦੇ ਕੁਝ ਕਹਿਣ ਦੀ ਉਡੀਕ ਕਰਨ ਲੱਗੇ। ਪਰ ਉਹ ਇਤਨਾ ਸਰਮਾਇਆ ਹੋਇਆ ਸੀ ਕਿ ਕੁਝ ਕਹਿ ਨਾ ਸਕਿਆ। ਇਹ ਔਖੀ ਜੇਹੀ ਚੁੱਪ ਗੰਭੀਰ ਆਤਮ ਵਿਸ਼ਵਾਸੀ ਜਰਮਨ ਦੇ ਦਰੋਗੇ ਨੇ ਆਕੇ ਤੋੜੀ ਜੋ ਆਪਣੇ ਆਪ ਨੂੰ ਰੂਸੀ ਕਿਰਸਾਨ ਦਾ ਚੰਗਾ ਪਾਰਖੂ ਸਮਝਦਾ ਸੀ ਤੇ ਰੂਸੀ ਭਾਸ਼ਾ ਬਹੁਤ ਚੰਗੀ ਤਰ੍ਹਾਂ ਬੋਲ ਸਕਦਾ ਸੀ। ਇਹ ਚੰਗਾ ਪਲਿਆ ਹੋਇਆ ਪੁਰਸ਼ ਤੇ ਨਖ਼ਲਿਊਦੌਫ਼ ਆਪ ਕਿਰਸਾਨਾਂ ਤੋਂ ਇਕ ਸਪੱਸ਼ਟ ਵਿਖਮਤਾ ਦਰਸਾਂਦੇ ਸਨ। ਉਨ੍ਹਾਂ ਦੇ ਚਿਹਰੇ ਪਤਲੇ ਤੇ ਝੁਰੜੀਆਂ ਵਾਲੇ ਸਨ ਅਤੇ ਉਨ੍ਹਾਂ ਦੇ ਮੋਟੇ ਕੋਟਾਂ ਵਿਚੋਂ ਮੌਰ ਨਿਕਲ ਰਹੇ ਦਿੱਸ ਰਹੇ ਸਨ।

"ਇਹ ਹਨ ਕੰਵਰ ਮਹਾਰਾਜ ਜੋ ਤੁਹਾਨੂੰ ਇਕ ਬਖ਼ਸ਼ੀਸ਼ ਕਰਨ ਲੱਗੇ ਹਨ....ਤੁਹਾਨੂੰ ਭੁਇੰ ਚੁੱਕਾ ਦੇਣ ਲੱਗੇ ਹਨ, ਪਰ ਤੁਸੀਂ ਇਸ ਦੇ ਯੋਗ ਨਹੀਂ।" ਦਰੋਗਾ ਕਹਿਣ ਲੱਗਾ।

"ਅਸੀਂ ਕਿਵੇਂ ਇਸ ਦੇ ਯੋਗ ਨਹੀਂ, ਵਾਸਿਲੀ ਕਾਰਲਿਚ ? ਅਸੀਂ ਤੇਰਾ ਕੰਮ ਨਹੀਂ ਕਰਦੇ? ਅਸੀਂ ਸੁਰਗਵਾਸੀ ਸੁਆਮਣ ਨਾਲ... ਈਸਵਰ ਉਸਦੀ ਆਤਮਾ ਨੂੰ ਸ਼ਾਂਤੀ ਦੇਵੇ.. ਬਹੁਤ ਸੰਤੁਸ਼ਟ ਸਾਂ, ਤੇ ਨੌਜਵਾਨ ਕੰਵਰ ਹੁਣ ਸਾਨੂੰ ਤਿਲਾਂਜਲੀ ਨਹੀਂ ਦੇਣਗੇ। ਅਸੀਂ ਇਨ੍ਹਾਂ ਦੇ ਧੰਨਵਾਦੀ ਹਾਂ।" ਇਕ ਲਾਲ ਸਿਰ ਵਾਲੇ ਗਲੱਕੜ ਕਿਰਸਾਨ ਨੇ ਕਿਹਾ।

"ਸਾਨੂੰ ਆਪਣੇ ਸੁਆਮੀ ਦੇ ਵਿਰੁੱਧ ਕੋਈ ਸ਼ਿਕਾਇਤ ਨਹੀਂ। ਸਾਡੀ ਸ਼ਿਕਾਇਤ ਕੇਵਲ ਭੋਇੰ ਦੀ ਥੁੜ ਬਾਰੇ ਹੈ"। ਇਕ ਹੋਰ ਚੌੜੇ ਮੋਢਿਆਂ ਵਾਲੇ ਕਿਰਸਾਨ ਨੇ ਆਖਿਆ, 'ਸਾਡੇ ਪਾਸ ਗੁਜ਼ਾਰੇ ਜੋਗੀ ਭੋਇੰ ਨਹੀਂ।"

"ਹਾਂ ਇਸੇ ਕਰਕੇ ਮੈਂ ਤੁਹਾਨੂੰ ਇਥੇ ਸਦਿਆ ਹੈ। ਜੇ ਤੁਸੀਂ ਚਾਹੋ ਮੈਂ ਤੁਹਾਨੂੰ ਸਾਰੀ ਭੋਇੰ ਚੁਕਾ ਦੇਣੀ ਚਾਹੁੰਦਾ ਹਾਂ।"

ਕਿਰਸਾਨ ਕੁਝ ਨਾ ਬੋਲੇ। ਜਿਵੇਂ ਉਨ੍ਹਾਂ ਨੇ ਸੁਣਿਆ ਜਾਂ ਸਮਝਿਆ ਨਾ ਹੋਵੇ ਜਾਂ ਵਿਸ਼ਵਾਸ ਨਾ ਕੀਤਾ ਹੋਵੇ।

"ਹਾਂ, ਦੱਸੋ। ਸਾਨੂੰ ਭੁਇੰ ਚੁਕਾ ਦਿਓਗੇ ? ਤੁਹਾਡਾ ਕੀ ਭਾਵ ਹੈ ?" ਇਕ ਅਧੇੜ ਉਮਰ ਦੇ ਪੁਰਸ਼ ਨੇ ਪੁੱਛਿਆ।

"ਤੁਹਾਨੂੰ ਭੋਇੰ ਚੁਕਾ ਦੇਣ ਦਾ ਮਤਲਬ ਹੈ ਕਿ ਤੁਸੀਂ ਥੋੜੇ ਚੁਕੌਤੇ ਉਤੇ ਇਸ ਦੀ ਵਾਹੀ ਕਰ ਸਕੋ।"

"ਇਹ ਬਹੁਤ ਚੰਗੀ ਗੱਲ ਹੈ" ਇਕ ਬੰਦੇ ਨੇ ਆਖਿਆ।

"ਪਰ ਜੇ ਚੁਕੌਤਾ ਅਜੇਹਾ ਹੋਵੇ ਜੋ ਅਸੀਂ ਦੇ ਸਕੀਏ," ਇਕ ਹੋਰ ਨੇ ਆਖਿਆ।

"ਕੋਈ ਕਾਰਨ ਨਹੀਂ ਅਸੀਂ ਭੋਇੰ ਨਾ ਚੁਕੀਏ।"

"ਅਸੀਂ ਭੋਇੰ ਵਾਹ ਕੇ ਗੁਜ਼ਾਰਾ ਕਰਨ ਦੇ ਆਦੀ ਹਾਂ।"

"ਤੇ ਤੁਹਾਡੇ ਲਈ ਵੀ ਇਸ ਤਰ੍ਹਾਂ ਵਧੇਰੇ ਸੁਖ ਰਹੇਗਾ। ਤੁਹਾਨੂੰ ਚੁਕੌਤਾ ਲੈਣ ਤੋਂ ਬਿਨਾਂ ਹੋਰ ਕੁਝ ਨਹੀਂ ਕਰਨਾ ਪਵੇਗਾ। ਤੁਸੀਂ ਸੋਚੋ ਤੁਹਾਨੂੰ ਹੁਣ ਕਿੰਨਾ ਉਪਦਰ ਤੇ ਚਿੰਤਾ ਕਰਨੀ ਪੈਂਦੀ ਹੈ" ਕਈ ਆਵਾਜ਼ਾਂ ਸੁਣਾਈ ਦਿੱਤੀਆਂ।

'ਉਪਦਰ ਸਾਰਾ ਤੁਹਾਡੇ ਵਲੋਂ ਹੈ", ਜਰਮਨ ਦਰੋਗੇ ਨੇ ਆਖਿਆ। "ਜੇ ਕੇਵਲ ਤੁਸੀਂ ਆਪਣਾ ਕੰਮ ਕਰੋ ਤੇ ਸੁਖ ਚੈਨ ਨਾਲ ਰਹੋ...."

"ਸਾਡੇ ਵਰਗਿਆਂ ਲਈ ਇਹ ਅਸੰਭਵ ਹੈ," ਇਕ ਤਿੱਖੇ ਨੱਕ ਵਾਲੇ ਬੁੱਢੇ ਨੇ ਆਖਿਆ। "ਤੁਸੀਂ ਕਹਿੰਦੇ ਹੋ, "ਹੁਣ ਤੂੰ ਘੋੜਾ ਫ਼ਸਲ ਵਿਚ ਕਿਉਂ ਜਾਣ ਦਿੱਤਾ ? ਜਿਵੇਂ ਮੈਂ ਇਸ ਨੂੰ ਭੇਜਿਆ ਹੋਵੇ। ਮੈਂ ਤਾਂ ਆਪਣੀ ਦਾਤਰੀ ਚਲਾਂਦਾ ਜਾਂ ਏਹੋ ਜੇਹਾ ਕੋਈ ਹੋਰ ਕੰਮ ਕਰਦਾ ਰਹਿੰਦਾ ਸਾਂ ਸਾਰੀ ਦਿਹਾੜੀ ਤੇ ਅਖੀਰ ਦਿਨ ਵੀ ਸਾਲ ਜਿੰਨਾ ਲੰਮਾ ਲੱਗਦਾ ਸੀ। ਇਸ ਲਈ ਜਦੋਂ ਰਾਤ ਨੂੰ ਘੋੜੇ ਚਰਾਂਦਾ ਸਾਂ ਤਾਂ ਨੀਂਦ ਆ ਗਈ ਤੇ ਇਕ ਘੋੜਾ ਤੇਰੀ ਫ਼ਸਲ ਵਿਚ ਜਾ ਵੜਿਆ ਤੇ ਹੁਣ ਤੂੰ ਮੇਰੀ ਖੱਲ ਲਾਹ ਰਿਹਾ ਹੈ।"

"ਹਾਂ, ਤੈਨੂੰ ਨਿਯਮ ਪਾਲਣੇ ਚਾਹੀਦੇ ਹਨ।"

"ਤੇਰੇ ਲਈ ਨਿਯਮਾਂ ਦੀਆਂ ਗੱਲਾਂ ਕਰਨੀਆਂ ਸੌਖੀਆਂ ਹਨ, ਪਰ ਸਾਡੇ ਵਿਚ ਇਨ੍ਹਾਂ ਨੂੰ ਪਾਲਨ ਦੀ ਸ਼ਕਤੀ ਨਹੀਂ ਹੈ, ਇਕ ਉੱਚੇ ਲੰਮੇ, ਸਾਂਵਲੇ ਘਣੇ ਵਾਲਾਂ ਵਾਲੇ ਅਧੇੜ ਉਮਰ ਦੇ ਆਦਮੀ ਨੇ ਜੁਆਬ ਦਿੱਤਾ।

"ਮੈਂ ਤੁਹਾਨੂੰ ਇਕ ਜੰਗਲਾ ਲਗਾਣ ਨੂੰ ਨਹੀਂ ਸੀ ਆਖਿਆ ?"

"ਫਿਰ ਸਾਨੂੰ ਜੰਗਲੇ ਲਈ ਲੱਕੜੀ ਦੇਹ," ਇਕ ਮਧਰੇ ਸਾਧਾਰਨ ਕਿਰਸਾਨ ਨੇ ਆਖਿਆ। "ਮੈਂ ਪਿਛਲੇ ਸਾਲ ਜੰਗਲਾ ਲਗਾਣ ਲੱਗਾ ਸਾਂ ਤੇ ਇਕ ਛੌਂਡਾ ਵੱਢ ਲਿਆ, ਤੇ ਤੁਸਾਂ ਮੈਨੂੰ ਤਿੰਨ ਮਹੀਨੇ ਲਈ ਕੀੜਿਆਂ ਦੇ ਖਾਣ ਨੂੰ ਕੈਦਖਾਨੇ ਵਿਚ ਸੁੱਟ ਦਿੱਤਾ। ਇਸ ਤਰ੍ਹਾਂ ਉਸ ਜੰਗਲੇ ਦਾ ਅੰਤ ਹੋਇਆ।"

"ਇਹ ਕੀ ਗੱਲਾਂ ਕਰ ਰਿਹਾ ਹੈ ?" ਨਖ਼ਲਿਊਦੋਫ਼ ਨੇ ਦਰੰਗੇ ਨੂੰ ਮੁੜ ਕੇ ਪੁੱਛਿਆ।

"ਇਹ ਪਿੰਡ ਵਿੱਚ ਸਭ ਤੋਂ ਵੱਡਾ ਚੋਰ ਹੈ।" ਦਰੋਗੇ ਨੇ ਜਰਮਨ ਭਾਸ਼ਾ ਵਿੱਚ ਜਵਾਬ ਦਿੱਤਾ। ਇਸ ਨੂੰ ਹਰ ਸਾਲ ਵੱਣ ਵਿਚੋਂ ਲਕੜੀ ਚੁਰਾਂਦੇ ਪਕੜਿਆ ਜਾਂਦਾ ਹੈ।" ਫਿਰ ਕਿਰਸਾਨ ਨੇ ਮੁੜਕੇ ਉਸ ਨੂੰ ਆਖਿਆ, "ਤੈਨੂੰ ਦੂਜੇ ਲੋਕਾਂ ਦੀ ਜਾਇਦਾਦ ਦਾ ਖਿਆਲ ਰਖਣਾ ਸਿਖਣਾ ਚਾਹੀਦਾ ਹੈ।"

"ਅੱਛਾ, ਅਸੀਂ ਤੇਰੀ ਇਜ਼ਤ ਨਹੀਂ ਕਰਦੇ ?" ਇਕ ਬੁੱਢੇ ਨੇ ਆਖਿਆ। "ਸਾਨੂੰ ਤੇਰੀ ਇਜ਼ਤ ਕਰਨੀ ਪੈਂਦੀ ਹੈ। ਤੂੰ ਸਾਨੂੰ ਵੱਟ ਦੇ ਕੇ ਰੱਸਾ ਬਣਾ ਸਕਦਾ ਹੈ। ਅਸੀਂ ਤੇਰੇ ਹੱਥਾਂ ਵਿਚ ਹਾਂ।"

"ਮੇਰੇ ਮਿੱਤਰ ਤੈਨੂੰ ਠੱਗਣਾ ਅਸੰਭਵ ਹੈ। ਇਹ ਤੂੰ ਹੀ ਹੈਂ ਜੋ ਸਾਨੂੰ ਠੱਗਣ ਲਈ ਹਮੇਸ਼ਾ ਸਦਾ ਤਿਆਰ ਰਹਿੰਦਾ ਹੈ," ਦਰੋਗੇ ਨੇ ਆਖਿਆ।

"ਤੈਨੂੰ ਠੱਗਣ ਲਈ, ਸੱਚੀਂ ? ਨਹੀਂ ਸੀ ਤੂੰ ਮੇਰਾ ਜਬਾੜਾ ਭੰਨ ਦਿੱਤਾ ? ਤੇ ਮੈਨੂੰ ਇਸ ਬਦਲੇ ਕੁਝ ਮਿਲਿਆ ਵੀ ਨਹੀਂ ਸੀ। ਮੈਨੂੰ ਲਗਦਾ ਹੈ ਅਮੀਰਾ ਵਿਰੁੱਧ ਅਦਾਲਤ ਵਿਚ ਜਾਣਾ ਵੀ ਬੇਫਾਇਦਾ ਹੈ।"

"ਤੂੰ ਆਪ ਕਾਨੂੰਨ ਮੰਨਿਆ ਕਰ।" ਇਸ ਤਰ੍ਹਾਂ ਉਜਾਂ ਦਾ ਇਕ ਤਾਂਤਾ ਲਗ ਪਿਆ, ਜੋ ਇਸ ਵਿਚ ਭਾਗ ਲੈ ਰਹੇ ਸਨ ਉਨ੍ਹਾਂ ਨੂੰ ਵੀ ਪਤਾ ਨਹੀਂ ਸੀ ਕਿਉਂ। ਪਰ ਇਹ ਪ੍ਰਤੱਖ ਸੀ ਕਿ ਇਕ ਪਾਸੇ ਕੌੜਾ ਗਿਲਾ ਸੀ ਜਿਸ ਨੂੰ ਡਰ ਨੇ ਦਬਾਇਆ ਹੋਇਆ ਸੀ, ਤੇ ਦੂਜੇ ਪਾਸੇ ਮਹੱਤਵ ਤੇ ਸ਼ਕਤੀ ਦਾ ਗਿਆਨ। ਨਖਲਿਉਦੌਫ਼ ਲਈ ਇਹ ਸਭ ਕੁਝ ਸੁਣਨਾ ਬੜਾ ਦੁਖਦਾਈ ਸੀ ਸੋ ਉਹ ਚੁਕੌਤੇ ਦੀਆਂ ਸ਼ਰਤਾਂ ਤੇ ਮਿਤੀ ਦੇ ਸੁਆਲ ਦਾ ਫ਼ੈਸਲਾ ਕਰਨ ਵੱਲ ਨੂੰ ਪਰਤਿਆ।

"ਅੱਛਾ. ਹੁਣ ਦੱਸ, ਭੋਇੰ ਦੀ ਬਾਬਤ ਕੀ ਤੁਸੀਂ ਇਸ ਨੂੰ ਲੈਣਾ ਚਾਹੁੰਦੇ ਹੋ, ਤੇ ਜੇ ਮੈਂ ਇਹ ਸਾਰੀ ਤੁਹਾਨੂੰ ਦੇ ਦੇਵਾਂ ਤਾਂ ਤੁਸੀਂ ਕੀ ਕੀਮਤ ਦਿਓਗੇ ?"

"ਜਾਇਦਾਦ ਤੁਹਾਡੀ ਹੈ, ਤੇ ਤੁਸਾਂ ਇਸ ਦਾ ਮੁੱਲ ਦੱਸਣਾ ਹੈ।"

ਨਖ਼ਲਿਊਦੌਫ਼ ਨੇ ਮੁੱਲ ਦੱਸਿਆ। ਭਾਵੇਂ ਇਹ ਨੇੜੇ ਗੁਆਂਢ ਵਿਚ ਦਿੱਤੇ ਜਾ ਰਹੇ ਚੁਕੋਤੇ ਨਾਲੋਂ ਬਹੁਤ ਘੱਟ ਸੀ, ਕਿਰਸਾਨਾਂ ਨੇ ਇਸ ਨੂੰ ਬਹੁਤ ਵਧੇਰੇ ਆਖਿਆ ਤੇ ਆਪਣੀ ਆਦਤ ਅਨੁਸਾਰ ਸੌਦੇਬਾਜ਼ੀ ਕਰਨ ਲੱਗੇ। ਨਖ਼ਲਿਊਦੌਫ਼ ਦਾ ਖ਼ਿਆਲ ਸੀ ਕਿ ਉਸ ਦਾ ਪ੍ਰਸਤਾਵ ਖੁਸ਼ੀ ਨਾਲ ਪਰਵਾਨ ਕੀਤਾ ਜਾਵੇਗਾ। ਪਰ ਖੁਸ਼ੀ ਦੀ ਕੋਈ ਨਿਸ਼ਾਨੀ ਦਿਖਾਈ ਨਹੀਂ ਦੇਂਦੀ ਸੀ।

ਕੇਵਲ ਇਕ ਗੱਲ ਤੋਂ ਨਖ਼ਲਿਊਦੌਫ਼ ਨੂੰ ਦਿੱਸਦਾ ਸੀ ਕਿ ਉਸ ਦਾ ਪ੍ਰਸਤਾਵ ਕਿਰਸਾਨਾਂ ਲਈ ਲਾਭਵੰਦ ਸੀ। ਇਸ ਸਵਾਲ ਉਤੇ ਕਿ ਭੋਇੰ ਨੂੰ ਕੌਣ ਚੁਕੇਗਾ ਸਾਰੀ ਬਰਾਦਰੀ ਜਾਂ ਇਕ ਵਿਸ਼ੇਸ਼ ਸਭਾ, ਇਕ ਤਿੱਖਾ ਝੱਗੜਾ ਉਠ ਖੜਾ ਹੋਇਆ, ਉਨ੍ਹਾਂ ਕਿਰਸਾਨਾਂ ਵਿਚ ਜੋ ਮਾੜਿਆਂ ਤੇ ਨਿਯਮ ਪੂਰਵਕ ਚੁਕੋਤਾ ਨਾ ਦੇਣ ਵਾਲਿਆਂ ਨੂੰ ਬਾਹਰ ਰੱਖਣਾ ਚਾਹੁੰਦੇ ਸਨ, ਤੇ ਉਨ੍ਹਾਂ ਵਿਚ ਜੋ ਇਸ ਤਰ੍ਹਾਂ ਬਾਹਰ ਰਹਿ ਜਾਂਦੇ ਸਨ। ਅੰਤ ਦਰੋਗੇ

ਦੇ ਯਤਨਾਂ ਦਾ ਸਦਕਾ, ਚੁਕੌਤੇ ਦੀ ਮਿਤੀ ਤੇ ਸ਼ਰਤਾਂ ਤੈਅ ਹੋ ਗਈਆਂ, ਤੇ ਕਿਰਸਾਨ ਆਪਣੇ ਪਿੰਡਾਂ ਵੱਲ ਉੱਚੀ ਉੱਚੀ ਗੱਲਾਂ ਕਰਦੇ ਹਿਲ ਵਾੜ ਨੂੰ ਚਲੇ ਗਏ। ਨਖ਼ਲਿਊਦੌਫ਼ ਤੇ ਦਰੋਗਾ ਇਕਰਾਰਨਾਮਾ ਲਿਖਣ ਲਈ ਦਫ਼ਤਰ ਵਿਚ ਚਲੇ ਗਏ। ਸਭ ਚੀਜ਼ ਉਸ ਤਰ੍ਹਾਂ ਨਿਪਟ ਗਈ ਜਿਵੇਂ ਨਖ਼ਲਿਊਦੌਫ਼ ਦੀ ਚਾਹ ਤੇ ਆਸ਼ਾ ਸੀ। ਕਿਰਸਾਨਾਂ ਨੂੰ ਭੋਇੰ ਜ਼ਿਲੇ ਵਿਚ ਹੋਰ ਕਿਸੇ ਥਾਉਂ ਨਾਲੋਂ ਤੀਹ ਫ਼ੀਸਦੀ ਸਸਤੀ ਮਿਲ ਗਈ। ਭੋਇੰ ਤੋਂ ਆਮਦਨ ਅੱਧੀ ਹੋ ਗਈ ਪਰ ਹਾਲੀ ਵੀ ਨਖ਼ਲਿਊਦੋਫ਼ ਲਈ ਕਾਫ਼ੀ ਤੋਂ ਵਧੇਰੇ ਸੀ, ਖ਼ਾਸ ਕਰਕੇ ਜਦੋਂ ਇਕ ਜੰਗਲ ਜੋ ਵਿੱਕ ਚੁਕਾ ਸੀ। ਉਸ ਤੋਂ ਤੇ ਵੇਚੇ ਜਾਣ ਵਾਲੇ ਖੇਤੀ ਦੇ ਸੰਦਾਂ ਤੋਂ ਵੀ ਉਸਨੂੰ ਆਮਦਨੀ ਹੋਣੀ ਸੀ। ਸਭ ਕੁਝ ਉਤਮ ਪ੍ਰਕਾਰ ਤੈਅ ਹੋ ਗਿਆ ਪ੍ਰਤੀਤ ਹੁੰਦਾ ਸੀ ਪਰ ਤਾਂ ਵੀ ਉਸ ਨੂੰ ਕਿਸੇ ਗੱਲ ਤੋਂ ਲੱਜਾ ਅਨੁਭਵ ਹੋ ਰਹੀ ਸੀ। ਉਸ ਨੂੰ ਦਿੱਸਦਾ ਸੀ ਕਿ ਭਾਵੇਂ ਕਿਰਸਾਨਾਂ ਨੇ ਧੰਨਵਾਦ ਦੇ ਸ਼ਬਦ ਕਹੇ ਸਨ, ਉਹ ਸੰਤੁਸ਼ਟ ਨਹੀਂ ਸਨ ਹੋਏ, ਕੁਝ ਵਧੇਰੇ ਦੀ ਆਸ਼ਾ ਰੱਖਦੇ ਸਨ। ਸੋ ਗੱਲ ਇਉਂ ਲੱਗਦੀ ਸੀ ਕਿ ਉਸ ਨੇ ਆਪਣੇ ਆਪ ਨੂੰ ਚੋਖੇ ਧਨ ਤੋਂ ਵਾਂਝਾ ਵੀ ਕੀਤਾ ਸੀ ਤੇ ਕਿਰਸਾਨਾਂ ਦੀਆਂ ਆਸਾਂ ਵੀ ਪੂਰੀਆਂ ਨਹੀਂ ਸਨ ਹੋਈਆਂ।

ਅਗਲੇ ਦਿਨ ਇਕਰਾਰਨਾਮੇ ਉਤੇ ਅੱਖਰ ਹੋ ਗਏ। ਕਈ ਬੁੱਢੇ ਕਿਰਸਾਨਾਂ ਦੀ ਸੰਗਤ ਵਿਚ ਜੋ ਪ੍ਰਤੀਨਿੱਧ ਚੁਣੇ ਗਏ ਸਨ, ਨਖ਼ਲਿਊਦੌਫ਼, ਇਸ ਗੱਲ ਦੇ ਅਣ-ਸੁਖਾਵੇਂ ਭਾਵ ਨਾਲ ਕਿ ਕੋਈ ਗੱਲ ਅਣਕੀਤੀ ਰਹਿ ਗਈ ਸੀ, ਦਫ਼ਤਰ ਵਿਚੋਂ ਨਿਕਲਿਆ ਤੇ ਦਰੋਗੇ ਦੀ ਸੁੰਦਰ ਬੱਘੀ ਵਿਚ (ਜਿਵੇਂ ਸਟੇਸ਼ਨ ਵਾਲੇ ਗਡੀਬਾਨ ਨੇ ਆਖਿਆ ਸੀ) ਚੜ੍ਹ ਗਿਆ। ਉਸ ਨੇ ਕਿਰਸਾਨਾਂ ਨੂੰ ਖ਼ੈਰਬਾਦ ਆਖੀ, ਜੋ ਅਸੰਤੁਸ਼ੱਟ ਤੇ ਨਿਰਾਸ਼ ਚੁੱਪ ਵਿਚ ਖੜੇ ਸਿਰ ਹਿਲਾ ਰਹੇ ਸਨ ਤੇ ਬੱਘੀ ਨੂੰ ਸਟੇਸ਼ਨ ਵੱਲ ਨੂੰ ਤੋਰਿਆ। ਨਖ਼ਲਿਊਦੌਫ਼ ਆਪਣੇ ਆਪ ਨਾਲ ਸੰਤੁਸ਼ਟ ਸੀ ਤੇ ਇਹ ਨਾ ਜਾਣਦਾ ਹੋਇਆ ਕਿ ਕਿਉਂ ਉਹ ਨਿਰੰਤਰ ਉਦਾਸ ਹੈ, ਕਿਸੇ ਗੱਲ ਲੱਜਿਤ ਅਨੁਭਵ ਕਰ ਰਿਹਾ ਸੀ।

-0-

3

ਕੁਸਮਿੰਸਕੀ ਤੋਂ ਨਖ਼ਲਿਊਦੋਫ਼ ਉਸ ਜਗੀਰ ਵੱਲ ਗਿਆ ਜੋ ਉਸ ਨੂੰ ਆਪਣੀ ਭੂਆ ਤੋਂ ਆਈ ਸੀ, ਜਿਥੇ ਉਹ ਪਹਿਲਾਂ ਕਤੂਸ਼ਾ ਨੂੰ ਮਿਲਿਆ ਸੀ। ਉਥੋਂ ਦੀ ਭੋਇੰ ਦਾ ਵੀ ਉਹ ਉਸੇ ਤਰ੍ਹਾਂ ਫੈਸਲਾ ਕਰਨਾ ਚਾਹੁੰਦਾ ਸੀ ਜਿਵੇਂ ਕੁਸਮਿੰਸਕੀ ਵਿਚ ਕੀਤਾ ਸੀ। ਇਸ ਤੋਂ ਛੁੱਟ ਉਹ ਕਤੂਸ਼ਾ ਬਾਰੇ ਤੇ ਉਸਦੇ ਤੇ ਆਪਣੇ ਬੱਚੇ ਬਾਰੇ ਜੋ ਕੁਝ ਵੀ ਪਤਾ ਹੋ ਸਕੇ ਕਰਨਾ ਚਾਹੁੰਦਾ ਸੀ ਕਿ ਕੀ ਇਹ ਗੱਲ ਸੱਚ ਸੀ ਕਿ ਉਹ ਮਰ ਗਿਆ ਸੀ, ਤੇ ਕਿਵੇਂ? ਉਹ ਸਵੇਰੇ ਸਵੱਖਤੇ ਹੀ ਪਾਲੌਂਣੇ ਪਹੁੰਚ ਗਿਆ। ਪਹਿਲੀ ਚੀਜ਼ ਜੋ ਉਸਨੂੰ ਰੜਕੀ ਜਦੋਂ ਉਸ ਦੀ ਬੱਘੀ ਉਥੇ ਪਹੁੰਚੀ, ਸਾਰੀਆਂ ਇਮਾਰਤਾਂ ਉਤੇ ਢਹਿਣ ਟੁੱਟਣ ਦੇ ਨਿਸ਼ਾਨ ਸਨ, ਖ਼ਾਸ ਕਰ ਕੇ ਘਰ ਉਤੇ। ਲੋਹੇ ਦੀਆਂ ਛੱਤਾਂ ਤੋਂ ਜੰਗਾਲੀਆਂ ਚਾਦਰਾਂ, ਸੰਭਵਤਾ ਕਿਸੇ ਅਨ੍ਹੇਰੀ ਨਾਲ ਮੁੜੀਆਂ ਪਈਆਂ ਸਨ। ਘਰ ਦੀਆਂ ਕੰਧਾਂ ਉਤੇ ਕਈ ਥਾਵਾਂ ਤੋਂ ਫੱਟ ਲੱਥੇ ਹੋਏ ਸਨ ਜਿਥੋਂ ਉਹ ਜੰਗਾਲੀਆਂ ਹੋਈਆਂ ਮੇਖਾਂ ਨੂੰ ਤੋੜਨ ਨਾਲ ਸਹਿਜੇ ਹੀ ਉਠਾਏ ਜਾ ਸਕਦੇ ਸਨ। ਦੋਵੇਂ ਡਿਉਢੀਆਂ ਖ਼ਾਸ ਕਰਕੇ ਪਾਸੇ ਵਾਲੀ ਡਿਉਢੀ ਜੋ ਉਸ ਨੂੰ ਬਹੁਤ ਯਾਦ ਆਉਂਦੀ ਸੀ, ਗਲੀਆਂ ਸੜੀਆਂ ਤੇ ਟੁੱਟੀਆਂ ਭੱਜੀਆਂ ਸਨ। ਕੁਝ ਬਾਰੀਆਂ ਲੱਕੜੀ ਦੀਆਂ ਫੱਟੀਆਂ ਲਗਾ ਕੇ ਬੰਦ ਕੀਤੀਆਂ ਪਈਆਂ ਸਨ, ਤੇ ਉਹ ਇਮਾਰਤ ਜਿਸ ਵਿਚ ਮੁਨਸ਼ੀ ਰਹਿੰਦਾ ਸੀ, ਤੇ ਰਸੋਈ, ਤੇ ਅਸਤਬਲ, ਸਭ ਹੀ ਖਾਧੇ ਤੇ ਜਰਜਰੇ ਹੋਏ ਪਏ ਸਨ। ਕੇਵਲ ਬਾਗ ਨਹੀਂ ਸੀ ਉਜੜਿਆ, ਇਹ ਸਗੋਂ ਵਧੇਰੇ ਸੰਘਣਾ ਤੇ ਭਰਪੂਰ ਖੇੜੇ ਉਤੇ ਸੀ, ਚੈਰੀ, ਸੇਬ ਤੇ ਅਲੂਚਿਆਂ ਦੇ ਫੁੱਲ ਖਿੜੇ ਹੋਏ ਸਨ ਤੇ ਜੰਗਲੇ ਦੇ ਪਿੱਛੋਂ ਚਿੱਟੇ ਬੱਦਲਾਂ ਵਾਕਰ ਦਿਖਾਈ ਦਿੰਦੇ ਸਨ। ਨੀਲਕਾਂ ਦੀਆਂ ਝਾੜੀਆਂ ਜਿਨ੍ਹਾਂ ਦੀ ਵਾੜ ਬਣੀ ਸੀ ਪੂਰੇ ਜੋਬਨ ਉਤੇ ਸਨ, ਜਿਵੇਂ ਬਾਰਾਂ ਵਰ੍ਹੇ ਪਹਿਲਾਂ ਜਦੋਂ ਨਖ਼ਲਿਊਦੋਫ਼ ਨੇ ਉਥੇ ਸੋਲਾਂ ਵਰੇ ਦੀ ਕਤੂਸ਼ਾਂ ਨਾਲ ਲੁਕਣ ਮੀਟੀ ਖੇਲ੍ਹੀ ਸੀ, ਤੇ ਉਹ ਇਨ੍ਹਾਂ ਹੀ ਝਾੜੀਆਂ ਵਿਚੋਂ ਇਕ ਦੇ ਪਿੱਛੇ ਡਿੱਗ ਪਿਆ ਸੀ, ਤੇ ਉਸ ਦੇ ਹੱਥ ਵਿਚ ਭੱਖੜੇ ਦੇ ਕੰਡੇ ਚੁੱਭ ਗਏ ਸਨ। ਲਾਰਚ ਦਾ ਰੁੱਖ ਜੋ ਉਸ ਦੀ ਭੂਆ ਸੋਫੀਆਂ ਨੇ ਘਰ

ਦੇ ਨੇੜੇ ਲਗਾਇਆ ਸੀ ਤੇ ਜੋ ਉਦੋਂ ਇਕ ਛੋਟੀ ਜੇਹੀ ਛਿਟੀ ਹੀ ਸੀ, ਹੁਣ ਇਕ ਵੱਡਾ ਰੁੱਖ ਬਣ ਗਿਆ ਸੀ ਜਿਸ ਦੇ ਤਣੇ ਦਾ ਇਕ ਸ਼ਤੀਰ ਬਣ ਸਕਦਾ ਸੀ। ਇਸ ਦੀਆਂ ਟਾਹਣੀਆਂ ਨਰਮ ਹਰੀਆਂ ਪੀਲੀਆਂ ਸੁਂਈਆਂ ਨਾਲ ਖੰਭਾਂ ਵਾਕਰ ਢੱਕੀਆਂ ਪਈਆਂ ਸਨ। ਦਰਿਆ, ਜਿਹੜਾ ਹੁਣ ਆਪਣੇ ਕੰਢਿਆਂ ਵਿਚ ਹੀ ਸਮਾਇਆ ਹੋਇਆ ਸੀ, ਰੌਲਾ ਪਾਉਂਦਾ ਚੱਕੀ ਦੇ ਬੰਨ੍ਹ ਉਤੋਂ ਡਿਗ ਰਿਹਾ ਸੀ। ਦਰਿਆ ਤੋਂ ਪਾਰ ਘਾਹ ਦੇ ਮੈਦਾਨ ਵਿਚ ਕਿਰਸਾਨ ਤੇ ਉਨ੍ਹਾਂ ਦੇ ਡੰਗਰ ਟਿਮਕਣਿਆਂ ਵਾਕਰ ਖਿਲਰੇ ਹੋਏ ਸਨ।

ਮੁਨਸ਼ੀ, ਜੋ ਸਕੂਲ ਦੀ ਪੜ੍ਹਾਈ ਪੂਰੀ ਕਰਨ ਤੋਂ ਪਹਿਲਾਂ ਹੀ ਉਠਿਆ ਇਕ ਵਿਦਿਆਰਥੀ ਸੀ, ਨਖ਼ਲਿਊਦੌਫ਼ ਨੂੰ ਵਿਹੜੇ ਵਿਚ ਮਿਲਿਆ। ਉਸਦੇ ਮੂੰਹ ਉਤੇ ਇਕ ਮੁਸਕਾਣ ਸੀ। ਉਸੇ ਤਰ੍ਹਾਂ ਮੁਸਕਰਾਂਦੇ ਉਸਨੇ ਨਖ਼ਲਿਊਦੌਫ਼ ਨੂੰ ਦਫਤਰ ਵਿਚ ਲੰਘ ਜਾਣ ਦੀ ਬੇਨਤੀ ਕੀਤੀ, ਤੇ ਇਸ ਵਿਚਲੇ ਪਰਦੇ ਦੇ ਪਿੱਛੇ ਚਲਾ ਗਿਆ ਜਿਵੇਂ ਆਪਣੀ ਮੁਸਕਰਾਹਟ ਨਾਲ ਉਹ ਕਿਸੇ ਵਿਸ਼ੇਸ਼ ਚੰਗੀ ਚੀਜ਼ ਦਾ ਇਕਰਾਰ ਕਰ ਰਿਹਾ ਹੋਵੇ। ਇਕ ਛਿਨ ਕਰ ਲਈ ਕੁਝ ਕੰਨ-ਫਸੀ ਹੋਈ ਤੇ ਫਿਰ ਬੱਘੀ ਵਾਲਾ ਜੋ ਨਖ਼ਲਿਊਦੌਫ਼ ਨੂੰ ਸਟੇਸ਼ਨ ਤੋਂ ਲਿਆਇਆ ਸੀ, ਆਪਣਾ ਇਨਾਮ ਲੈ ਕੇ ਆਪਣੀ ਛਣਕਦੇ ਘੁੰਗਰੂਆਂ ਵਾਲੀ ਬੱਘੀ ਛੇੜ ਕੇ ਲੈ ਗਿਆ, ਤੇ ਸਭ ਪਾਸੇ ਚੁੱਪ ਵਰਤ ਗਈ। ਇਸ ਤੋਂ ਪਿੱਛੋਂ ਇਕ ਕੁੜੀ, ਕੱਢਿਆ ਹੋਇਆ ਕਿਰਸਾਣੀ, ਬਲਾਉਜ਼ ਪਹਿਨੀ ਤੇ ਕੰਨਾਂ ਵਿਚ ਮੁਰਕੀਆਂ ਦੀ ਥਾਉਂ ਰੇਸ਼ਮ ਦੇ ਫੱਮਣ ਲਟਕਾਈ, ਨੰਗ ਪੈਰ ਬਾਰੀ ਪਿੱਛੋਂ ਦੌੜ ਕੇ ਲੰਘੀ ਤੇ ਇਕ ਆਦਮੀ ਆਪਣੇ ਕਿੱਲਾਂ ਵਾਲੇ ਬੂਟਾਂ ਦਾ ਖੜਾਕਾ ਕਰਦਾ ਡੰਡੀ ਉਤੋਂ ਗੁਜ਼ਰਿਆ। ਨਖ਼ਲਿਊਦੌਫ਼ ਛੋਟੀ ਜੇਹੀ ਬਾਰੀ ਕੋਲ ਬੈਠ ਗਿਆ ਤੇ ਚੁਕੰਨਾ ਹੋ ਕੇ ਬਾਗ਼ ਵਿਚ ਨੂੰ ਵੇਖਣ ਲੱਗਾ। ਬਸੰਤ ਦੇ ਇਕ ਕੋਮਲ ਪੂਰੇ ਦਾ ਬੁਲ੍ਹਾ ਜਿਸ ਵਿਚ ਨਵੀਂ ਪੁਟੀ ਮਿੱਟੀ ਦੀ ਗੰਧ ਆ ਰਹੀ ਸੀ ਬਾਰੀ ਵਿਚੋਂ ਅੰਦਰ ਆਇਆ, ਤੇ ਨਖ਼ਲਿਊਦੌਫ਼ ਦੇ ਪਸੀਨੇ ਨਾਲ ਗਿੱਲੇ ਮੱਥੇ ਉਤੇ ਉਸ ਦੇ ਵਾਲਾਂ ਨਾਲ ਤੇ ਬਾਰੀ ਦੀ ਸਿਲ ਉਤੇ ਪਏ ਕਾਗਜ਼ਾਂ ਨਾਲ ਖੇਡਣ ਲੱਗਾ। ਬਾਣੀ ਦੀ ਮਿਲ ਸਾਰੀ ਚਾਕੂ ਨਾਲ ਕਟੀ ਫਟੀ ਪਈ ਸੀ।

ਦਰਿਆ ਵੱਲੋਂ ਧੜੱਪ ਧੜੱਪ ਦੀ ਆਵਾਜ਼ ਆ ਰਹੀ ਸੀ, ਜਿਥੇ ਕੱਪੜੇ ਧੋਂਦੀਆਂ ਇਸਤਰੀਆਂ ਕਿਸੇ ਸੁਭਾਵਕ ਤਾਲ ਵਿਚ ਆਪਣੀਆਂ ਲੱਕੜੀਆਂ ਦੀਆਂ ਥਾਪੀਆਂ ਨਾਲ ਕੱਪੜਿਆਂ ਨੂੰ ਕੁੱਟ ਰਹੀਆਂ ਸਨ। ਇਹ ਆਵਾਜ ਚੱਕੀ ਦੀ ਤਲਾਈ ਦੇ ਚਮਕਦੇ ਸਥਲ

ਉਤੇ ਫੈਲ ਗਈ, ਡਿੱਗਦੇ ਪਾਣੀ ਦਾ ਤਾਲ ਚੱਕੀ ਵੱਲੋਂ ਆ ਰਿਹਾ ਸੀ, ਇਕ ਡਰੀ ਹੋਈ ਮੱਖੀ ਉੱਚੀ ਉੱਚੀ ਭਿਣ ਭਣਾਂਦੀ ਉਸ ਦੇ ਕੰਨ ਅਗੋਂ ਉਡਕੇ ਲੰਘੀ।

ਨਖਲਿਊਦੌਫ਼ ਨੂੰ ਇਕ ਦਮ ਯਾਦ ਆਇਆ ਕਿਵੇਂ, ਚਿਰ ਪਹਿਲਾਂ ਉਸ ਨੇ, ਜਦੋਂ ਉਹ ਨੌਜਵਾਨ ਤੇ ਮਾਸੂਮ ਸੀ, ਚੱਕੀ ਵਲੋਂ ਆ ਰਹੀ ਤਾਲ ਵਾਲੀ ਆਵਾਜ਼ ਤੇ ਪੀਲੇ ਕੱਪੜਿਆ ਉਤੇ ਪੈ ਰਹੀਆਂ ਇਸਤਰੀਆਂ ਦੀਆਂ ਥਾਪੀਆਂ ਸੁਣੀਆਂ ਸਨ, ਕਿਵੇਂ ਇਸੇ ਤਰ੍ਹਾਂ ਬਸੰਤ ਦੀ ਹਵਾ ਨੇ ਉਸ ਦੇ ਗਿੱਲੇ ਮੱਥੇ ਉਤੇ ਉਸ ਦੇ ਵਾਲ ਖਿਲਾਰੇ ਸਨ ਤੇ ਬਾਰੀ ਦੀ ਚਾਕੂ ਨਾਲ ਕਟੀ ਫਟੀ ਸਿਲ ਉਤੇ ਪਏ ਕਾਗਜ਼ ਹਿਲਾਏ ਸਨ, ਤੇ ਕਿਵੇਂ ਇਸੇ ਤਰ੍ਹਾਂ ਹੀ ਇਕ ਮੱਖੀ ਉੱਚੀ ਭਿਣ-ਭਣਾਂਦੀ ਉਸ ਦੇ ਕੰਨ ਬਰਾਬਰੋਂ ਉਡ ਗਈ ਸੀ। ਬਿਲਕੁਲ ਇਉਂ ਨਹੀਂ ਕਿ ਉਹ ਆਪਣੇ ਆਪ ਨੂੰ ਉੱਨੀ ਸਾਲ ਦਾ ਮੁੰਡਾ ਸਮਝ ਰਿਹਾ ਸੀ, ਪਰ ਉਹ ਆਪਣੇ ਆਪ ਵਿਚ ਉਸੇ ਤਰ੍ਹਾਂ ਮਹਿਸੂਸ ਕਰ ਰਿਹਾ ਸੀ ਜਿਵੇਂ ਉਹ ਉਸ ਸਮੇਂ ਉਸੇ ਤਾਜਗੀ ਤੇ ਪਵਿਤੱਰਤਾ ਨਾਲ ਭਵਿੱਖ ਬਾਰੇ ਉਨ੍ਹਾਂ ਹੀ ਵੱਡੀਆਂ ਤੇ ਅਸੀਮ ਸੰਭਾਵਨਾਵਾਂ ਦਾ ਭਰਿਆ ਹੋਇਆ। ਪਰ ਨਾਲ ਹੀ, ਜਿਵੇਂ ਸੁਪਨੇ ਵਿਚ ਹੁੰਦਾ ਹੈ, ਉਹ ਜਾਣਦਾ ਸੀ ਕਿ ਇਹ ਸਭ ਕੁਝ ਪਰਤ ਕੇ ਨਹੀਂ ਆ ਸਕਦਾ ਸੀ ਤੇ ਬੁਰੀ ਤਰ੍ਹਾਂ ਉਦਾਸ ਹੋ ਰਿਹਾ ਸੀ।

"ਤੁਸੀਂ ਕਿਸ ਵੇਲੇ ਕੁਝ ਖਾਣਾ ਪਸੰਦ ਕਰੋਗੇ ?"" ਮੁਨਸ਼ੀ ਨੇ ਮੁਸਕਰਾਂਦੇ ਹੋਏ ਪੁੱਛਿਆ।

"ਜਦੋਂ ਤੈਨੂੰ ਚੰਗਾ ਲੱਗੇ, ਮੈਨੂੰ ਭੁੱਖ ਨਹੀਂ ਲੱਗੀ। ਮੈਂ ਪਹਿਲਾਂ ਪਿੰਡ ਵਿਚ ਘੁੰਮ ਆਵਾਂ।"

"ਤੁਸੀਂ ਘਰ ਅੰਦਰ ਆਉਣਾ ਪਸੰਦ ਨਹੀਂ ਕਰੋਗੇ ? ਅੰਦਰ ਸਭ ਕੁਝ ਬਣਿਆ ਸੰਵਾਰਿਆ ਪਿਆ ਹੈ। ਅੰਦਰ ਇਕ ਝਾਤ ਮਾਰਨ ਦੀ ਕਿਰਪਾ ਕਰੋ, ਜੇ ਬਾਹਰ..."

"ਹੁਣ ਨਹੀਂ, ਧੰਨਵਾਦ, ਕੁਝ ਅਟਕ ਕੇ। ਮੈਨੂੰ ਇਹ ਦੱਸੋ ਕਿ ਇਥੇ ਕੋਈ ਇਸਤਰੀ ਪਤਰੀਨਾ ਹਰੀਨਾ ਨਾਮੀ ਵੀ ਹੈ ?"

ਇਹ ਕਤੂਸਾਂ ਦੀ ਮਾਸੀ ਦੀ।

"ਹਾਂ ਜੀ, ਹਾਂ ਜੀ, ਪਿੰਡ ਵਿਚ ਹੈ, ਤੇ ਉਹ ਚੋਰੀ ਸ਼ਰਾਬ ਵੇਚਦੀ ਹੈ। ਮੈਨੂੰ ਪਤਾ ਹੈ ਤੇ ਮੈਂ ਉਸ ਨੂੰ ਝਾੜ ਝੰਬ ਵੀ ਕਰਦਾ ਹਾਂ। ਪਰ ਉਸ ਨੂੰ ਪਕੜਾ ਦੇਣਾ ਕੁਝ ਕਠੋਰਤਾ

ਹੋਵੇਗੀ। ਤੁਸੀਂ ਜਾਣਦੇ ਹੋ, ਉਹ ਬੁੱਢੀ ਇਸਤਰੀ ਹੈ ਤੇ ਦੋਹਤਿਆ ਪੋਤਿਆਂ ਵਾਲੀ ਹੈ" ਮੁਨਸ਼ੀ ਨੇ ਆਖਿਆ। ਤੇ ਉਹ ਪਹਿਲਾਂ ਵਾਕਰ ਮੁਸਕਰਾਂਦਾ ਰਿਹਾ ਜਿਸ ਦਾ ਭਾਵ ਸੀ ਕਿ ਉਹ ਸੁਆਮੀ ਨੂੰ ਖ਼ੁਸ਼ ਵੀ ਕਰਨਾ ਚਾਹੁੰਦਾ ਸੀ ਤੇ ਸਮਝਦਾ ਸੀ ਕਿ ਨਖ਼ਲਿਊਦੌਫ਼ ਦਾ ਇਨ੍ਹਾਂ ਮਾਮਲਿਆਂ ਬਾਰੇ ਉਹ ਹੀ ਵਿਚਾਰ ਸੀ ਜੋ ਉਸ ਦਾ ਆਪਣਾ ਸੀ।

"ਉਹ ਕਿਥੇ ਰਹਿੰਦੀ ਹੈ ? ਮੈਂ ਉਥੇ ਜਾ ਕੇ ਉਸ ਨੂੰ ਮਿਲਣਾ ਚਾਹੁੰਦਾ ਹਾਂ।"

"ਪਿੰਡ ਦੇ ਦੂਜੇ ਸਿਰੇ, ਪਰਲੇ ਪਾਸਿਉਂ ਤੀਜਾ ਘਰ। ਖੱਬੇ ਪਾਸੇ ਇਕ ਇੱਟਾਂ ਦਾ ਕਮਰਾ ਹੈ ਤੇ ਉਸ ਦੇ ਪਿੱਛੇ ਉਸ ਦੀ ਝੌਂਪੜੀ। ਪਰ ਬਹਤਰ ਹੈ ਮੈਂ ਆਪ ਤੁਹਾਨੂੰ ਉਥੇ ਲੈ ਚਲਾਂ," ਮੁਨਸ਼ੀ ਨੇ ਇਕ ਸੁਹਲ ਜਿਹੀ ਮੁਸਕਾਣ ਨਾਲ ਆਖਿਆ।

"ਨਹੀਂ, ਸ਼ੁਕਰੀਆ, ਮੈਂ ਉਸ ਨੂੰ ਠੀਕ ਲੱਭ ਲਵਾਂਗਾ। ਤੁਸੀਂ ਕਿਰਪਾ ਕਰਕੇ ਕਿਰਸਾਨਾਂ ਦੀ ਇਕ ਇਕੱਤਰਤਾ ਸੱਦ ਲਵੋ ਤੇ ਉਨਾਂ ਨੂੰ ਦੱਸ ਦਿਉ ਕਿ ਮੈਂ ਉਨ੍ਹਾਂ ਨਾਲ ਭੂਮੀ ਬਾਰੇ ਗੱਲਬਾਤ ਕਰਨੀ ਚਾਹੁੰਦਾ ਹਾਂ।" ਨਖ਼ਲਿਊਦੌਫ਼ ਨੇ ਕਿਹਾ। ਉਸ ਦਾ ਇਰਾਦਾ ਸੀ ਇਥੋਂ ਦੇ ਕਿਰਸਾਨਾਂ ਨਾਲ ਉਹੀ ਇਕਰਾਰਨਾਮਾ ਕਰਨ ਦਾ ਜੋ ਕੁਸਮਿੰਸਕੀ ਦੇ ਕਿਰਸਾਨਾਂ ਨਾਲ ਕੀਤਾ ਸੀ ਤੇ ਜੇ ਹੋ ਸਕੇ, ਇਸੇ ਸ਼ਾਮ।

-0-

4

ਦਰਵਾਜ਼ੇ ਤੋਂ ਬਾਹਰ ਨਿਕਲਿਆ ਤਾਂ ਨਖ਼ਲਿਊਦੌਫ਼ ਨੂੰ ਇਹ ਹੀ ਫੁੱਮਣਾਂ ਦੀਆਂ ਵਾਲੀਆਂ ਵਾਲੀ ਕੁੜੀ ਮਿਲੀ। ਉਹ ਉਸ ਡੰਡੀ ਉਤੋਂ ਵਾਪਸ ਆ ਰਹੀ ਸੀ ਜਿਹੜੀ ਪਿਆਜ਼ੀ ਤੇ ਕੋਲੀਆਂ ਤੇ ਬੱਬੂ ਆਦਿ ਨਾਲ ਭਰੀ ਚਰਾਦ ਵਿਚੋਂ ਲੰਘਦੀ ਸੀ। ਉਸ ਕੁੜੀ ਨੇ ਇਕ ਲੰਮਾ ਸ਼ੋਖ ਰੰਗ ਦਾ ਪਰਨਾ ਬੰਨਿਆਂ ਹੋਇਆ ਸੀ ਤੇ ਜਦੋਂ ਉਹ ਆਪਣੇ ਗੁਦਗੁਦੇ ਨੰਗੇ ਪੱਬਾਂ ਉਤੇ ਕਾਹਲੀ ਕਾਹਲੀ ਦੌੜਦੀ ਸੀ ਤਾਂ ਆਪਣੀ ਖੱਬੀ ਬਾਂਹ ਬੜੀ ਛੇਤੀ ਛੇਤੀ ਮਾਰਦੀ ਸੀ। ਖੱਬੀ ਬਾਂਹ ਨਾਲ ਉਸ ਨੇ ਆਪਣੀ ਗੋਦੀ ਵਿਚ ਇਕ ਕੁੱਕੜ ਘੁਟਿਆ ਹੋਇਆ ਸੀ। ਕੁੱਕੜ ਦੀ ਲਾਲ ਕਲਗੀ ਹਿੱਲ ਰਹੀ ਸੀ, ਪਰ ਉਹ ਬਿਲਕੁਲ ਚੁੱਪ-ਚਾਪ ਜਾਪਦਾ ਸੀ। ਉਹ ਕੇਵਲ ਅੱਖਾਂ ਘੁੰਮਾਂਦਾ ਤੇ ਆਪਣੀ ਕਾਲੀ ਲੱਤ ਫੈਲਾਂਦਾ ਤੇ ਫਿਰ ਅੰਦਰ ਕਰ ਲੈਂਦਾ ਸੀ ਜਿਸ ਨਾਲ ਉਸ ਕੁੜੀ ਦਾ ਪਰਨਾ ਨਹੁੰਦਰਿਆ ਜਾ ਰਿਹਾ ਸੀ। ਜਦੋਂ ਉਹ ਕੁੜੀ ਸੁਆਮੀ ਦੇ ਨੇੜੇ ਆਈ ਤਾਂ ਕੁਝ ਹੌਲੀ ਹੋ ਗਈ ਤੇ ਦੌੜਨਾ ਛੱਡਕੇ ਤੁਰਨ ਲੱਗ ਪਈ। ਜਦੋਂ ਉਹ ਉਸ ਦੇ ਬਿਲਕੁਲ ਕੋਲ ਆ ਗਈ ਤਾਂ ਉਸ ਨੇ ਖਲੋਕੇ ਆਪਣੇ ਸਿਰ ਨੂੰ ਪਿੱਛੇ ਵੱਲ ਝਟਕਾ ਦੇ ਕੇ ਨਮਸਕਾਰ ਕੀਤੀ। ਉਹ ਲੰਘ ਗਿਆ ਤਾਂ ਝੱਟ ਹੀ ਉਸ ਨੇ ਆਪਣੇ ਪਕੜ ਕੁੱਕੜ ਨਾਲ ਘਰ ਵੱਲ ਨੂੰ ਫਿਰ ਨੱਸਣਾ ਸ਼ੁਰੂ ਕਰ ਦਿੱਤਾ। ਖੂਹ ਵੱਲ ਜਾਂਦੇ ਉਸ ਨੂੰ ਇਕ ਬੁੱਢੀ ਇਸਤਰੀ ਮਿਲੀ ਜਿਸ ਨੇ ਇਕ ਮੋਟਾ ਮੇਲਾ ਬਲਾਊਜ਼ ਪਹਿਨਿਆ ਹੋਇਆ ਸੀ। ਆਪਣੇ ਝੁਕੇ ਹੋਏ ਮੋਢਿਆਂ ਉਤੇ ਇਕ ਵਹਿੰਗੀ ਵਿਚ ਉਹ ਪਾਣੀ ਦੀਆਂ ਦੋ ਬਾਲ-ਟੀਆਂ ਚੁੱਕੀ ਆ ਰਹੀ ਸੀ। ਉਸ ਨੇ ਬੜੇ ਧਿਆਨ ਨਾਲ ਵਹਿੰਗੀ ਨੂੰ ਭੋਇੰ ਤੇ ਰਖਿਆ ਤੇ ਉਸੇ ਤਰ੍ਹਾਂ ਸਿਰ ਨੂੰ ਪਿੱਛੇ ਵੱਲ ਝੱਟਕਾ ਦੇ ਕੇ ਨਮਸਕਾਰ ਕੀਤਾ।

ਖੂਹ ਲੰਘ ਕੇ ਨਖ਼ਲਿਊਦੌਫ਼ ਪਿੰਡ ਵਿਚ ਜਾ ਵੜਿਆ। ਦਿਨ ਚਿਲਕੌਰੇ ਮਾਰਦਾ ਤੇ ਤੱਪਿਆ ਹੋਇਆ ਸੀ। ਭਾਵੇਂ ਹਾਲੇ ਦਸ ਹੀ ਵੱਜੇ ਸਨ, ਪਰ ਗਰਮੀ ਬਹੁਤ ਹੋ ਗਈ ਸੀ। ਕਦੀ ਕਦੀ ਸੂਰਜ ਘਿਰ ਰਹੇ ਬਦਲਾਂ ਦੇ ਓਹਲੇ ਹੋ ਜਾਂਦਾ ਸੀ ਗੋਹੇ ਦੀ ਤਿੱਖੀ ਗੰਧ ਜੋ ਭੈੜੀ ਨਹੀਂ ਸੀ ਬਾਜ਼ਾਰ ਦੀ ਹਵਾ ਵਿਚ ਖਿਲਰੀ ਹੋਈ ਸੀ। ਇਹ ਪਹਾੜ ਉਪਰ ਨੂੰ ਜਾ ਰਹੇ ਗੱਡਿਆਂ ਵਿਚੋਂ, ਪਰ ਵਧੇਰੇ ਝੁਗੀਆਂ ਦੇ ਵਿਹੜਿਆਂ ਵਿਚ ਹਿਲਾਏ ਹੋਏ ਖਾਦ ਦੇ ਢੇਰਾਂ ਵਿਚੋਂ ਆ ਰਹੀ ਸੀ, ਜਿਨ੍ਹਾਂ ਦੇ ਖੁਲ੍ਹੇ ਦਰਾਂ ਅਗੋਂ ਦੀ ਨਖ਼ਲਿਊਦੌਫ਼ ਨੂੰ ਲੰਘਣਾ ਪੈ ਰਿਹਾ ਸੀ

ਕਿਰਸਾਨ, ਨੰਗੇ ਪੈਰ, ਉਨ੍ਹਾਂ ਦੇ ਕੁਰਤੇ ਤੇ ਪਜਾਮੇ ਰੇਹ ਨਾਲ ਲਿਬੜੇ ਹੋਏ, ਮੁੜ ਮੁੜ ਕੇ ਇਸ ਉੱਚੇ, ਲੰਮੇ, ਭੱਦਰ ਪੁਰਸ਼ ਵੱਲ ਵੇਖਦੇ ਸਨ, ਜਿਹੜਾ ਇਕ ਚਮਕਦੇ ਰੇਸ਼ਮੀ ਫ਼ੀਤੇ ਨਾਲ ਖਾਕੀ ਟੋਪੀ ਪਹਿਨੀ ਪਿੰਡ ਦੀ ਬੀਹੀ ਵਿਚੋਂ ਲੰਘ ਰਿਹਾ ਸੀ, ਤੇ ਜਿਸ ਦੀ ਚਮਕਦਾਰ ਚਿੱਟੇ ਮੁੱਠੇ ਵਾਲੀ ਛਿੱਟੀ ਹਰ ਕਦਮ ਨਾਲ ਧਰਤੀ ਨੂੰ ਠਕੋਰਦੀ ਸੀ। ਕਿਰਸਾਨ ਆਪਣੇ ਖਾਲੀ ਗੱਡਿਆਂ ਨੂੰ ਦੁੜਕੀ ਪਾ ਕੇ, ਹਝੋਕੇ ਖਾਂਦੇ ਖੇਤਾਂ ਵਿਚ ਪਰਤ ਰਹੇ ਸਨ। ਉਹ ਆਪਣੀਆਂ ਟੋਪੀਆਂ ਚੁੱਕ ਕੇ ਤੇ ਹੈਰਾਨੀ ਨਾਲ ਇਸ ਅਸਾਧਾਰਣ ਪੁਰਖ, ਜੋ ਉਨ੍ਹਾਂ ਦੀ ਹੀ ਬੀਹੀ ਵਿਚੋਂ ਲੰਘ ਰਿਹਾ ਸੀ ਵਲ ਤੱਕਦੇ ਸਨ। ਇਸਤਰੀਆਂ ਘਰਾਂ ਵਿਚੋਂ ਬਾਹਰ ਆ ਕੇ ਝੁੱਗੀਆਂ ਦੀਆਂ ਡਿਉਢੀਆਂ ਵਿਚ ਖਲਤੀਆਂ ਇਸ ਲੰਘੇ ਜਾਂਦੇ ਪੁਰਖ ਵੱਲ ਵੱਖਦੀਆਂ ਤੇ ਇਕ ਦੂਜੀ ਨੂੰ ਇਸ਼ਾਰੇ ਕਰ ਕੇ ਦੱਸਦੀਆਂ ਸਨ।

ਜਦੋਂ ਨਖ਼ਲਿਊਦੋਫ਼ ਚੌਥਾ ਦਰਵਾਜ਼ਾ ਲੰਘ ਰਿਹਾ ਸੀ ਤਾਂ ਉਸ ਨੂੰ ਇਕ ਬਾਹਰ ਨਿਕਲ ਰਹੀ ਗੱਡੀ ਨੇ ਰੋਕ ਲਿਆ। ਇਸ ਦੇ ਪਹੀਏ ਚੀਕਦੇ ਸਨ ਤੇ ਇਸ ਵਿਚ ਉਤਾਂਹ ਤਕ ਖਾਦ ਭਰੀ ਹੋਈ ਸੀ। ਜਿਸ ਨੂੰ ਦਬਾ ਕੇ ਉਸ ਉਤੇ ਬੈਠਣ ਲਈ ਇਕ ਚਟਾਈ ਨਾਲ ਢੱਕਿਆ ਹੋਇਆ ਸੀ। ਇਕ ਛੇ ਵਰ੍ਹੇ ਦਾ ਮੁੰਡਾ ਨੰਗੇ ਪੈਰੀਂ ਝਾਟੀ ਲੈਣ ਦੀ ਆਸ ਨਾਲ ਗੱਡੇ ਦੇ ਪਿੱਛੇ ਆ ਰਿਹਾ ਸੀ। ਇਕ ਜਵਾਨ ਕਿਰਸਾਨ ਸਕ ਦੀ ਬਣੀ ਜੁੱਤੀ ਪਾਈ ਲੰਮੇ ਲੰਮੇ ਕਦਮ ਚੁੱਕਦਾ ਘੋੜੇ ਨੂੰ ਵਿਹੜੇ ਵਿਚੋਂ ਬਾਹਰ ਲਿਆਇਆ। ਇਕ ਲੰਮੀਆਂ ਲੱਤਾ ਵਾਲਾ ਭੂਰੇ ਰੰਗ ਦਾ ਵਛੇਰਾ ਟੱਪਕੇ ਦਰਵਾਜ਼ੇ ਵਿਚੋਂ ਬਾਹਰ ਨਿਕਲਿਆ, ਪਰ ਨਖ਼ਲਿਊਦੋਂਫ਼ ਨੂੰ ਦੇਖ ਕੇ ਇਸ ਨੇ ਗੱਡੇ ਨਾਲ ਖਹਿਕੇ ਆਪਣੀਆਂ ਲੱਤਾਂ ਪਹੀਆਂ ਨਾਲ ਘਸਾ ਕੇ ਅੱਗੇ ਨੂੰ ਛਲਾਂਗ ਮਾਰੀ ਜਿਸ ਕਾਰਨ ਉਸ ਦੀ ਮਾਂ ਜੋ ਉਸ ਭਾਰੇ ਬੋਝ ਨੂੰ ਦਰਵਾਜ਼ੇ ਵਿਚੋਂ ਬਾਹਰ ਖਿੱਚ ਰਹੀ ਸੀ, ਤੱਕ ਕੇ ਹਲਕਾ ਜੇਹਾ ਹਿਣਕੀ। ਅਗਲੇ ਘੋੜੇ ਦੇ ਅੱਗੇ ਇਕ ਨੰਗੇ ਪੈਰ ਬੁੱਢਾ ਆ ਰਿਹਾ ਸੀ। ਉਸ ਦੇ ਮੌਰ ਨਿਕਲੇ ਹੋਏ ਸਨ ਤੇ ਉਸ ਨੇ ਮੈਲੀ ਕਮੀਜ਼ ਤੇ ਧਾਰੀਦਾਰ ਪਤਲੂਣ ਪਾਈ ਹੋਈ ਸੀ। ਜਦੋਂ ਘੋੜੇ ਕਰੜੇ ਰਾਹ ਉਤੇ, ਜਿਸ ਉਤੇ ਸੁੱਕੇ ਭਰੇ ਗੋਹੇ ਦੇ ਟੁੱਕੜੇ ਖਿਲਰੇ ਹੋਏ ਸਨ ਆ ਗਏ, ਤਾਂ ਉਹ ਬੁੱਢਾ ਦਰਵਾਜ਼ੇ ਵੱਲ ਨੂੰ ਮੁੜਿਆ ਤੇ ਨਖ਼ਲਿਊਦੋਂਫ਼ ਵੱਲ ਸਿਰ ਝੁਕਾਕੇ ਆਖਣ ਲੱਗਾ, ਤੁਸੀਂ ਸਾਡੀਆਂ ਸਰਦਾਰਨੀਆਂ ਦੇ ਭਤੀਜੇ ਹੋ, ਨਾ ?"

"ਹਾਂ, ਮੈਂ ਉਨ੍ਹਾਂ ਦਾ ਭਤੀਜਾ ਹਾਂ।"

"ਬੜੀ ਕਿਰਪਾ ਕੀਤੀ ਤੁਸੀਂ ਸਾਡੇ ਉਤੇ ਨਜ਼ਰ ਮਾਰਨ ਆਏ" ਗਾਲੜੂ ਬੁੱਢੇ ਨੇ ਆਖਿਆ।

"ਹਾਂ, ਮੈਂ ਤੁਹਾਨੂੰ ਵੇਖਣ ਆਇਆ ਹਾਂ। ਕੀ ਹਾਲ ਹੈ ਤੁਹਾਡਾ ?" ਨਖ਼ਲਿਊਦੋਫ਼ ਨੇ ਪੁੱਛਿਆ। ਉਹ ਹੋਰ ਕੀ ਆਖਦਾ ?

"ਸਾਡਾ ਕੀ ਹਾਲ ਹੈ ? ਸਾਡਾ ਬਹੁਤ ਭੈੜਾ ਹਾਲ ਹੈ," ਬੁੱਢੇ ਨੇ ਲੰਮਕਾ ਕੇ ਦੱਸਿਆ ਜਿਵੇਂ ਇਸ ਤੋਂ ਇਸ ਨੂੰ ਕੁਝ ਖ਼ੁਸ਼ੀ ਹੁੰਦੀ ਹੋਵੇ।

"ਕਿਉਂ, ਇਤਨਾ ਭੇੜਾ ਕਿਉਂ ? ਨਖ਼ਲਿਊਦੋਫ਼ ਨੇ ਦਰਵਾਜ਼ੇ ਦੇ ਅੰਦਰ ਵਾਰ ਕਦਮ ਪੁਟ ਕੇ ਆਖਿਆ।

"ਸਾਡੀ ਜ਼ਿੰਦਗੀ ਜੇਹੀ ਭੈੜੀ ਵੀ ਕੋਈ ਜ਼ਿੰਦਗੀ ਹੈ ?" ਬੱਢੇ ਨੇ ਆਖਿਆ ਤੇ ਉਹ ਨਖ਼ਲਿਊਦੌਫ਼ ਨਾਲ ਵਿਹੜੇ ਦੇ ਛੱਤੇ ਹੋਏ ਪਾਸੇ ਨੂੰ ਵੱਧਿਆ। ਨਖ਼ਲਿਊਦੌਫ਼ ਛੱਤ ਹੇਠ ਆ ਕੇ ਖਲੋ ਗਿਆ।

"ਇਹ ਵੇਖ ਲਓ ਅਸੀਂ ਸਾਰੇ ਬਾਰਾਂ ਜੀਅ ਹਾਂ," ਬੁੱਢੇ ਨੇ ਗੱਲ ਤੋਰੀ ਰੱਖੀ ਤੇ ਦੋ ਇਸਤਰੀਆਂ ਵੱਲ ਉਂਗਲ ਕੀਤੀ ਜੋ ਹੱਥਾਂ ਵਿਚ ਸਲੰਘਾਂ ਫੜੀ, ਸਿਰ ਉਤੋਂ ਚੁੰਨੀਆਂ ਖਿਸਕੀਆਂ ਹੋਈਆਂ, ਤੇ ਘਬਰਾਈਆਂ ਤੇ ਲਾਂਗੜ ਮਾਰੇ ਹੋਏ ਜਿਨ੍ਹਾਂ ਹੇਠ ਉਨ੍ਹਾਂ ਦੀਆਂ ਮੌਲੀਆਂ ਨੰਗੀਆਂ ਪਿੰਨੀਆਂ ਦਿੱਸ ਰਹੀਆਂ ਸਨ, ਰੇਹ ਦੇ ਬਾਕੀ ਦੇ ਢੇਰ ਉਤੇ ਪਸੀਨੇ ਨਾਲ ਭਰੀਆਂ ਖਲੋਤੀਆਂ ਸਨ "ਕੋਈ ਮਹੀਨਾ ਨਹੀਂ ਲੰਘਦਾ ਜਿਸ ਵਿਚ ਮੈਨੂੰ ਛੇ ਪੁਰਦ ਬਾਜਰਾ ਨਾ ਖਰੀਦਣਾ ਪੈਂਦਾ ਹੋਵੇ ਤੇ ਇਸ ਲਈ ਰਕਮ ਕਿਥੋਂ ਆਵੇ ?

"ਤੁਸੀਂ ਆਪਣੇ ਗੁਜ਼ਾਰੇ ਜੋਗਾ ਬਾਜਰਾ ਆਪ ਪੈਦਾ ਨਹੀਂ ਕਰਦੇ ?"

"ਆਪ ਪੈਦਾ ?" ਬੁੱਢੇ ਨੇ ਦੁਹਰਾਇਆ ਤੇ ਉਹ ਘ੍ਰਿਣਾ ਵਿਚ ਮੁਸਕਰਾਇਆ, "ਮੇਰੇ ਕੋਲ ਤਿੰਨ ਜੀਆਂ ਜੋਗੀ ਹੀ ਭੋਇਂ ਹੈ ਤੇ ਪਿੱਛਲੇ ਸਾਲ ਸਾਡੇ ਦਾਣੇ ਕਰਿਸਮਿਸ ਤੋਂ ਪਹਿਲਾਂ ਮੁਕ ਗਏ ਸਨ।"

"ਤਾਂ ਫਿਰ ਤੁਸੀਂ ਕੀ ਕਰਦੇ ਹੋ ?"

"ਅਸੀਂ ਹੋਰ ਕੀ ਕਰਦੇ ਹਾਂ ? ਮੈਂ ਇਕ ਪੁੱਤਰ ਨੂੰ ਬਾਹਰ ਮਜ਼ਦੂਰੀ ਕਰਨ ਭੇਜਿਆ ਤੇ ਕੁਝ ਰਕਮ ਹਜੂਰ ਪਾਸੋਂ ਉਧਾਰ ਲਈ। ਇਹ ਸਭ ਕੁਝ ਅਸਾਂ ਲੈਂਟ ਤੋਂ ਪਹਿਲਾਂ ਮੁਕਾ ਲਿਆ, ਤੇ ਕਰ ਹਾਲੀ ਦੇਣ ਵਾਲਾ ਪਿਆ ਹੈ।"

"ਤੇ ਕਰ ਕਿਤਨਾ ਹੈ ?"

"ਕਿਤਨਾ ? ਮੇਰੇ ਘਰ ਉਤੇ ਸਤਾਰਾਂ ਰੂਬਲ ਹੈ। ਹਾਏ, ਰੱਬਾ, ਜੇਹੀ ਜ਼ਿੰਦਗੀ ਬੰਦੇ ਨੂੰ ਆਪ ਨਹੀਂ ਪਤਾ ਕਿ ਉਹ ਕਿਵੇਂ ਜੀਵੀ ਜਾਂਦਾ ਹੈ।"

"ਮੈਂ ਤੁਹਾਡੇ ਅੰਦਰ ਲੰਘ ਜਾਵਾਂ ?" ਨਖ਼ਲਿਊਦੌਫ਼ ਨੇ ਪੁੱਛਿਆ ਤੇ ਉਹ ਵਿਹੜੇ ਵਿਚ ਸਲੰਘਾਂ ਨਾਲ ਖੁਰਚੇ ਪਏ ਗੋਹੇ ਦੇ ਪੀਲੇ ਭੂਰੇ ਚਾਪੜਾ ਉਤੋਂ ਲੰਘਿਆ ਜਿਨ੍ਹਾਂ ਵਿਚੋਂ ਇਕ ਤਿੱਖੀ ਗੰਧ ਆ ਰਹੀ ਸੀ।

"ਕਿਉਂ ਨਹੀਂ ? ਆਉ", ਬੁੱਢੇ ਨੇ ਆਖਿਆ ਤੇ ਖਾਦ ਉਤੋਂ ਨੰਗੇ ਪੈਰ, ਜਿਨ੍ਹਾਂ ਦੀਆਂ ਉਂਗਲੀਆਂ ਵਿਚ ਗੋਹਾ ਫਸਿਆ ਹੋਇਆ ਸੀ, ਲੰਘ ਕੇ ਉਸਨੇ ਨਖ਼ਲਿਊਦੌਫ਼ ਅੱਗੇ ਹੋ ਕੇ ਝੌਂਪੜੀ ਦਾ ਬੂਹਾ ਖੋਲ੍ਹਿਆ।

ਇਸਤਰੀਆਂ ਨੇ ਚੁੰਨੀਆਂ ਸਿਰਾਂ ਉਤੇ ਲੈ ਲਈਆਂ ਤੇ ਆਪਣੀਆਂ ਲਿਲਨ ਦੀਆਂ ਘੱਗਰੀਆਂ ਹੇਠਾਂ ਕਰਕੇ ਲੱਤਾਂ ਕੱਜ ਲਈਆਂ। ਤੇ ਉਹ ਖਲੋ ਕੇ ਹੈਰਾਨੀ ਨਾਲ ਨਿਰਮਲ, ਸਵੱਛ ਤੇ ਭੱਦਰ ਪੁਰਸ, ਜਿਸ ਦੀਆਂ ਕਫਾਂ ਉਤੇ ਸੋਨੇ ਦੇ ਸਟੱਡ ਸਨ ਤੇ ਜੋ ਉਨ੍ਹਾਂ ਦੇ ਘਰ ਆਇਆ ਸੀ, ਵਲ ਵੇਖਣ ਲੱਗੀਆਂ। ਦੋ ਨਿੱਕੀਆਂ ਕੁੜੀਆਂ ਝੱਗੀ ਵਿਚੋਂ ਨੱਸ ਕੇ ਬਾਹਰ ਆਈਆਂ। ਉਨ੍ਹਾਂ ਸਿਰਫ਼ ਮੋਟੀਆਂ ਕ਼ਮੀਜਾਂ ਪਹਿਨੀਆਂ ਹੋਈਆਂ ਸਨ। ਨਖ਼ਲਿਊਦੌਫ਼ ਟੋਪੀ ਉਤਾਰ ਕੇ ਨੀਵੇਂ ਜੇਹੇ ਬੂਹੇ ਵਿਚੋਂ ਝੁਕ ਕੇ ਡਿਉਢੀ ਵਿਚ ਵੜ ਗਿਆ। ਹੋਰ ਅੱਗੇ ਹੋ ਕੇ ਉਹ ਗੰਦੀ ਤੰਗ ਝੁੱਗੀ ਵਿਚ ਲੰਘ ਗਿਆ। ਜਿਸ ਵਿਚੋਂ ਪੱਕੇ ਹੋਏ ਨਾਰੰਗੀ ਦੇ ਫਲਾਂ ਦੀ ਖੱਟੀ ਗੰਧ ਆ ਰਹੀ ਸੀ। ਝੁੱਗੀ ਵਿਚ ਬਹੁਤੀ ਥਾਉਂ ਦੇ ਖਡੀਆਂ ਨੇ ਮੱਲ ਰੱਖੀ ਸੀ। ਅੰਦਰ ਅੰਗੀਠੀ ਦੇ ਕੋਲ ਇਕ ਬੁੱਢੀ ਖੜੀ ਸੀ। ਉਸ ਦੀ ਕਮੀਜ਼ ਦੀਆਂ ਬਾਹਾਂ ਉਪਰ ਨੂੰ ਵਲੀਆਂ ਹੋਈਆਂ ਸਨ ਜਿਨ੍ਹਾਂ ਦੇ ਹੇਠਾਂ ਉਸ ਦੀਆਂ ਪਤਲੀਆਂ ਪਰ ਤਕੜੀਆਂ ਭੂਰੀਆਂ ਬਾਹਾਂ ਦਿੱਸਦੀਆਂ ਸਨ।

"ਇਹ ਹਨ ਸਾਡੇ ਸੁਆਮੀ ਜੋ ਸਾਨੂੰ ਦੇਖਣ ਆਏ ਹਨ।" ਬੁੱਢੇ ਨੇ ਆਖਿਆ।

"ਜੀ ਆਇਆਂ ਨੂੰ " ਬੁੱਢੀ ਨੇ ਪਿਆਰ ਨਾਲ ਕਮੀਜ਼ ਦੀਆਂ ਬਾਹਾਂ ਥੱਲੇ ਕਰਕੇ ਆਖਿਆ।

"ਮੈਂ ਵੇਖਣਾ ਚਹੁੰਦਾ ਸਾਂ ਤੁਸੀਂ ਕਿਵੇਂ ਰਹਿੰਦੇ ਹੋ ?"

"ਵੇਖ ਲਓ ਜਿਵੇਂ ਅਸੀਂ ਰਹਿੰਦੇ ਹਾਂ। ਝੌਂਪੜੀ ਡਿਗਣ ਵਾਲੀ ਹੈ ਤੇ ਕਿਸੇ ਦਿਨ ਵੀ ਕੋਈ ਇਸ ਦੇ ਹੇਠ ਆ ਕੇ ਮਰ ਸਕਦਾ ਹੈ। ਪਰ ਇਹ ਮੇਰਾ ਬੁੱਢਾ ਕਹਿੰਦਾ ਹੈ, ਇਹ ਚੰਗੀ ਭਲੀ ਹੈ। ਸੋ ਅਸੀਂ ਰਾਜਿਆਂ ਵਾਕਰ ਰਹਿੰਦੇ ਹਾਂ," ਤਿੱਖੀ ਬੁੱਢੀ ਨੇ ਆਪਣੇ ਸਿਰ ਨੂੰ ਝਟਕਾ ਦੇ ਕੇ ਆਖਿਆ, "ਮੈਂ ਰੋਟੀ ਬਣਾ ਰਹੀ ਹਾਂ, ਕੰਮ ਕਰਨ ਵਾਲਿਆਂ ਨੂੰ ਖੁਵਾਣਾ ਵੀ ਹੈ।"

"ਤੁਹਾਡੀ ਰੋਟੀ ਵਿਚ ਕੀ ਹੋਵੇਗਾ।"

"ਸਾਡੀ ਰੋਟੀ ? ਸਾਡਾ ਖਾਣ ਬਹੁਤ ਚੰਗਾ ਹੈ। ਪਹਿਲਾ ਦੌਰ ਰੋਟੀ ਕਵਾਸ, ਦੂਜਾ ਦੌਰ ਕਵਾਸ ਤੇ ਰੋਟੀ" ਬੁੱਢੀ ਨੇ ਹਾਸੇ ਵਿਚ ਦੰਦ ਕੱਢਕੇ ਆਖਿਆ। ਉਸ ਦੇ ਦੰਦ ਅੱਧੇ ਨਿਕਲ ਚੁੱਕੇ ਸਨ।

"ਨਹੀਂ, ਸੱਚੀ ਮੈਨੂੰ ਵਿਖਾਓ ਤੁਸੀਂ ਕੀ ਖਾਂਦੇ ਹੋ।'

"ਕੀ ਖਾਂਦੇ ਹਾਂ ?" ਬੁੱਢੇ ਨੇ ਹੱਸ ਕੇ ਆਖਿਆ। "ਸਾਡੀ ਰੋਟੀ ਕੋਈ ਐਡੀ ਲੁਕਾਣ ਵਾਲੀ ਚੀਜ਼ ਨਹੀਂ। ਤੂੰ ਵਿਖਾ ਦੇ।"

ਬੁੱਢੀ ਨੇ ਸਿਰ ਹਿਲਾਇਆ। "ਤੁਸੀਂ ਸਾਡਾ ਕਿਰਸਾਨਾਂ ਦਾ ਖਾਣ ਪਕਾਣ ਵੇਖਣਾ ਚਾਹੁੰਦੇ ਹੋ। ਮੈਂ ਵੇਖਦੀ ਹਾਂ ਤੁਸੀਂ ਬੜੇ ਉਤਸਕ ਭੱਦਰ ਪੁਰਸ਼ ਹੋ। ਤੁਸੀਂ ਸਭ ਕੁਝ ਜਾਣਨਾ ਚਾਹੁੰਦੇ ਹੋ। ਮੈਂ ਤੁਹਾਨੂੰ ਦੱਸਿਆ ਨਹੀਂ ਰੋਟੀ ਤੇ ਕਵਾਸ? ਤੇ ਮਗਰੋਂ ਅਸੀਂ ਤਰੀ ਲਵਾਂਗੇ। ਇਕ ਤੀਵੀਂ ਸਾਨੂੰ ਕੁਝ ਮੱਛੀ ਦੇ ਗਈ ਹੈ ਤੇ ਉਸ ਦੀ ਅਸਾਂ ਤਰੀ ਬਣਾਈ ਹੈ। ਤੇ ਉਸ ਪਿੱਛੋਂ ਆਲੂ।"

"ਹੋਰ ਕੁਝ ਨਹੀਂ ?"

'ਹੋਰ ਤੁਸੀਂ ਕੀ ਚਾਹੁੰਦੇ ਹੋ ? ਅਸੀਂ ਥੋੜ੍ਹਾ ਜਿਹਾ ਦੁੱਧ ਵੀ ਪੀਵਾਂਗੇ।" ਬੁੱਢੀ ਨੇ ਹੱਸਦੇ ਹੱਸਦੇ ਬੂਹੇ ਵੱਲ ਤੱਕਿਆ ਤੇ ਆਖਿਆ। ਬੂਹਾ ਚਪੱਟ ਖੁਲ੍ਹਾ ਸੀ ਤੇ ਬਾਹਰ ਡਿਉਢੀ ਲੋਕਾਂ ਨਾਲ ਭਰ ਗਈ ਸੀ...... ਮੁੰਡੇ, ਕੁੜੀਆਂ, ਅੰਞਾਣਿਆਂ ਵਾਲੀਆਂ ਇਸਤਰੀਆਂ...ਜੋ ਸਭ ਇਸ ਅਚਰਜ ਭੱਦਰ ਪੁਰਸ਼ ਨੂੰ ਜੋ ਕਿਰਸਾਨਾਂ ਦਾ ਖਾਣ-ਪਕਾਣ ਦੇਖਣਾ ਚਾਹੁੰਦਾ ਸੀ, ਦੇਖਣ ਲਈ ਇਥੇ ਆ ਜੁੜੇ ਸਨ। ਬੁੱਢੀ ਇਸ ਗੱਲ ਉਤੇ ਮਾਣ ਕਰਦੀ ਜਾਪਦੀ ਸੀ ਕਿ ਉਹ ਕਿਵੇਂ ਇਕ ਭਦਰ ਪੁਰਸ਼ ਨਾਲ ਗੱਲਬਾਤ ਕਰ ਰਹੀ ਸੀ।

"ਹਾਂ, ਇਹ ਇਕ ਭੈੜੀ ਜ਼ਿੰਦਗੀ ਹੈ ਸਾਡੀ, ਇਹ ਕਹਿਣ ਦੀ ਲੋੜ ਹੈ, ਹਜ਼ੂਰ ?" ਬੁੱਢੇ ਨੇ ਆਖਿਆ। "ਤੁਸੀਂ ਏਥੇ ਕੀ ਕਰਨ ਆਏ ਹੋ ?" ਉਸ ਨੇ ਬਾਹਰ ਡਿਉਢੀ ਵਿਚ ਖੜਿਆਂ ਨੂੰ ਲਲਕਾਰਿਆ।

"ਹੱਛਾ, ਨਮਸਕਾਰ," ਨਖ਼ਲਿਊਦੌਫ਼ ਨੇ ਆਖਿਆ। ਉਹ ਬੜਾ ਸ਼ਰਮਸਾਰ ਤੇ ਔਖਾ ਮਹਿਸੂਸ ਕਰ ਰਿਹਾ ਸੀ ਭਾਵੇਂ ਉਹ ਇਸ ਦਾ ਕਾਰਨ ਨਹੀਂ ਸੀ ਸਮਝਦਾ।

"ਧੰਨਵਾਦ ਹੈ ਤੁਹਾਡਾ, ਸਾਡੇ ਉਤੇ ਆ ਕੇ ਮਿਹਰ ਕੀਤੀ ਹੈ।" ਬੁੱਢੇ ਨੇ ਆਖਿਆ। ਡਿਉਢੀ ਵਿਚ ਖਲੋਤੇ ਲੋਕਾਂ ਨੇ ਸੁੰਗੜਕੇ ਨਖ਼ਲਿਊਦੌਫ਼ ਨੂੰ ਲੰਘ ਜਾਣ ਦਿੱਤਾ। ਉਹ ਬਾਹਰ ਨਿਕਲ ਕੇ ਬੀਹੀ ਬੀਹੀ ਚਲਾ ਗਿਆ। ਦੋ ਮੁੰਡੇ ਨੰਗੇ ਪੈਰ ਇਸ ਡਿਉਢੀ ਵਿਚੋਂ ਉਸ ਦੇ ਪਿੱਛੇ ਲੱਗ ਗਏ। ਵੱਡੇ ਨੇ ਇਕ ਕੁੜਤਾ ਪਾਇਆ ਹੋਇਆ ਸੀ ਜੋ ਕਦੀ ਚਿੱਟਾ ਹੋਵੇਗਾ ਤੇ ਛੋਟੇ ਨੇ ਇਕ ਘੱਸਿਆ ਹੋਇਆ ਉਡੇ ਹੋਏ ਗੁਲਾਬੀ ਰੰਗ ਦਾ ਕੁੜਤਾ। ਨਖ਼ਲਿਊਦੌਫ਼ ਨੇ ਪਿੱਛੇ ਮੁੜ ਕੇ ਉਨ੍ਹਾਂ, ਵੱਲ ਵੇਖਿਆ।

"ਤੇ ਹੁਣ ਤੁਸੀਂ ਕਿਧਰ ਜਾ ਰਹੇ ਹੋ ?"' ਚਿੱਟੇ ਕੁੜਤੇ ਵਾਲੇ ਮੁੰਡੇ ਨੇ ਪੁੱਛਿਆ।

ਨਖ਼ਲਿਊਦੌਫ਼ ਨੇ ਉੱਤਰ ਦਿੱਤਾ, "ਪਤਰੀਨਾ ਹਰੀਨਾ ਵੱਲ। ਤੁਸੀਂ ਉਸਨੂੰ ਜਾਣਦੇ ਹੋ ?" ਗੁਲਾਬੀ ਕੁੜਤੇ ਵਾਲਾ ਮੁੰਡਾ ਕਿਸੇ ਗੱਲ ਤੋਂ ਹੱਸਣ ਲੱਗਾ, ਪਰ ਵੱਡੇ ਨੇ ਗੰਭੀਰ ਹੋ ਕੇ ਪੁੱਛਿਆ, "ਕਿਹੜੀ ਪਤਰੀਨਾ ਹੈ ਉਹ ? ਉਹ ਬੁੱਢੀ ਹੈ ?"

"ਹਾਂ, ਉਹ ਬੁੱਢੀ ਹੈ।"

"ਉਹ...ਉਹ," ਉਸ ਨੇ ਲਮਕਾ ਕੇ ਆਖਿਆ, "ਉਹ, ਉਹ ਪਿੰਡ ਦੇ ਦੂਜੇ ਸਿਰੇ ਰਹਿੰਦੀ ਹੈ। ਅਸੀਂ ਤੁਹਾਨੂੰ ਵਿਖਾਂਦੇ ਹਾਂ। ਹਾਂ, ਫੇਦਕਾ, ਅਸੀਂ ਇਨ੍ਹਾਂ ਦੇ ਨਾਲ ਜਾਵਾਂਗੇ, ਹੈ ਨਾ ?"

"ਹਾਂ, ਪਰ ਘੋੜੇ ?"

“ਉਨ੍ਹਾਂ ਦਾ ਕੁਝ ਨਹੀਂ ਵਿਗੜਦਾ, ਭਾਵੇਂ।"

ਫੇਦਕਾ ਮੰਨ ਗਿਆ ਤੇ ਇਹ ਤਿੰਨੇ ਬੀਹੀ ਬੀਹੀ ਅੱਗੇ ਤੁਰ ਗਏ। ਕਿਉਂਕਿ ਤਾਣਾ ਠੀਕ ਨਹੀਂ ਤਣਿਆ ਜਾ ਰਿਹਾ ਸੀ ਤੇ ਦੂਜੇ ਨਾਜਾਇਜ਼ ਸ਼ਰਾਬ ਵੇਚਦੀ ਹੋਣ ਕਰਕੇ ਉਹ ਹਮੇਸ਼ਾ ਕਿਸੇ ਪਰਾਏ ਦੇ ਆਉਣ ਤੋਂ ਡਰ ਜਾਂਦੀ ਸੀ।

"ਮੈਂ ਨਾਲ ਦੀਆਂ ਜਗੀਰਾਂ ਦਾ ਮਾਲਕ ਹਾਂ, ਤੇ ਤੁਹਾਡੇ ਨਾਲ ਕੁਝ ਗੱਲਾਂ ਕਰਨਾ ਚਾਹੁੰਦਾ ਹਾਂ।"

ਬੁੱਢੀ ਚੁੱਪ ਸੀ ਤੇ ਟੱਕ ਲਗਾ ਕੇ ਉਸ ਵੱਲ ਵੇਖ ਰਹੀ ਸੀ। ਇਕ ਦਮ ਉਸਦਾ ਚਿਹਰਾ ਬਦਲ ਗਿਆ।

"ਮੈਂ ਵਾਰੀ ! ਇਹ ਤਾਂ ਤੁਸੀਂ ਹੋ ਮੇਰੇ ਸੁਹਣੇ ਪੁੱਤਰ ; ਤੇ ਮੈਂ ਮੂਰਖ ਸੋਚਦੀ ਸਾਂ ਇਹ ਕਈ ਰਾਹੀ ਆ ਵੜਿਆ ਏ। ਰੱਬ ਦੇ ਵਾਸਤੇ ਮੈਨੂੰ ਮਾਫ ਕਰੋ ?" ਬੁੱਢੀ ਨੇ ਆਪਣੀ ਅਵਾਜ਼ ਵਿਚ ਝੂਠੀ ਕੋਮਲਤਾ ਪਾ ਕੇ ਆਖਿਆ।

"ਮੈਂ ਤੁਹਾਡੇ ਨਾਲ ਇਕੱਲ ਵਿਚ ਗੱਲ ਕਰਨੀ ਚਾਹੁੰਦਾ ਹਾਂ।" ਨਖ਼ਲਿਊਦੌਫ਼ ਨੇ ਬੂਹੇ ਵੱਲ ਝਾਤ ਮਾਰ ਕੇ ਆਖਿਆ, ਜਿੱਥੇ ਅੰਵਾਣਿਆਂ ਦੇ ਪਿੱਛੇ ਇਕ ਇਸਤਰੀ ਇਕ ਸੁੱਕਾ ਹੋਇਆ ਪੀਲਾ ਭੂਕ ਬੀਮਾਰ ਜੇਹੀ ਮੁਸਕਣੀ ਵਾਲਾ ਜਾਤਕ ਚੁਕੀ ਖੜੀ ਸੀ। ਉਸਦੇ ਸਿਰ ਉੱਤੇ ਇਕ ਛੋਟੀ ਡੱਬੀਆਂ ਵਾਲੀ ਟੋਪੀ ਸੀ।

"ਤੁਸੀਂ ਕਾਹਦੇ ਉਤੇ ਨਜ਼ਰਾਂ ਗੱਡੀ ਖੜੇ ਹੋ ? ਮੈਂ ਦੱਸਨੀ ਹਾਂ ਤੁਹਾਨੂੰ। ਫੜਾਈਂ ਇਥੋਂ ਮੇਰੀ ਖੂੰਡੀ।" ਬੁੱਢੀ ਨੇ ਬੂਹੇ ਤੇ ਖੜਿਆਂ ਵੱਲ ਲਲਕਾਰ ਕੇ ਆਖਿਆ, “ਬੂਹਾ ਢੋ ਦੇ" ਅੰਵਾਣੇ ਨੱਸ ਗਏ ਤੇ ਉਸ ਜਾਤਕ ਵਾਲੀ ਤੀਵੀਂ ਨੇ ਬੂਹਾ ਢੋ ਦਿੱਤਾ।

"ਤੇ ਮੈਂ ਸੋਚ ਰਹੀ ਸਾਂ ਇਹ ਕੌਣ ਹੈ। ਤੇ ਇਹ ਹੈ ਸੁਆਮੀ ਆਪ, ਮੇਰਾ ਹੀਰਾ, ਮੇਰਾ ਖ਼ਜ਼ਾਨਾ", ਬੁੱਢੀ ਨੇ ਆਖਿਆ। "ਨਾ, ਇਸ ਨੇ ਕਿਥੇ ਆਉਣ ਦੀ ਖੇਚਲ ਕੀਤੀ ਹੈ। ਬੈਠ ਜਾਉ, ਸਰਕਾਰ," ਉਥੇ ਸਟੂਲ ਨੂੰ ਆਪਣੇ ਪਰਨੇ ਨਾਲ ਝਾੜ ਕੇ ਆਖਿਆ, 'ਤੇ ਮੈਂ ਸੋਚ ਰਹੀ ਸਾਂ, ਇਹ ਕੀ ਬਲਾ ਅੰਦਰ ਆ ਰਹੀ ਹੈ, ਤਾਂ ਇਹ ਹਨ ਮੇਰੀ ਸਰਕਾਰ, ਮੇਰਾ ਸੁਆਮੀ ਆਪ ਭੱਦਰ ਪੁਰਸ਼ ਸਾਡੇ ਕਿਰਪਾਲ! ਮੈਨੂੰ ਬੁੱਢੀ ਨੂੰ ਮਾਫ਼ ਕਰੋ ਜੀ, ਮੇਰੀ ਨਜ਼ਰ ਬਹੁਤ ਘੱਟ ਗਈ ਹੈ।' ਨਖ਼ਲਿਊਦੌਫ਼ ਬੈਠ ਗਿਆ ਤੇ ਬੁੱਢੀ ਉਸ ਦੇ ਸਾਹਮਣੇ ਖਲੋ ਗਈ, ਸੱਜੇ ਹੱਥ ਉਤੇ ਗੱਲ੍ਹ ਰੱਖਕੇ ਤੇ ਖੱਬੇ ਨਾਲ ਸੱਜੀ ਬਾਂਹ ਦੀ ਤਿੱਖੀ ਕੂਹਣੀ ਨੂੰ ਸਹਾਰਾ ਦੇ ਕੇ।

ਉਸ ਨੇ ਗਾਉਂਦੀ ਜੇਹੀ ਅਵਾਜ਼ ਵਿਚ ਕਹਿਣਾ ਸੁਰੂ ਕੀਤਾ। "ਮੈਂ ਵਾਰੀ, ਸਰਕਾਰ, ਤੁਸੀਂ ਵੱਡੇ ਹੋ ਗਏ ਹੋ। ਤੁਸੀਂ ਇਕ ਤੇਜ਼ ਜੇਹੇ ਨਵੇਂ ਨਵੇਲੇ ਹੁੰਦੇ ਸਾਓ ਤੇ ਹੁਣ ਫ਼ਿਕਰ ਵੀ ਹੋਣਗੇ, ਕਈ ਤਰ੍ਹਾਂ ਦੀ ਚਿੰਤਾ ਵੀ।"

"ਮੈਂ ਜਿਸ ਕੰਮ ਆਇਆ ਹਾਂ। ਤੁਹਾਨੂੰ ਯਾਦ ਹੈ ਕਤੂਸ਼ਾ ਮਸਲੌਫ਼ਾ ?"

"ਕਤਰੀਨਾ ! ਮੈਂ ਸਮਝਦੀ ਹਾਂ ਕਿਉਂ ਨਹੀਂ ? ਉਹ ਮੇਰੀ ਭਾਣਜੀ ਹੈ। ਮੈਂ ਉਸਨੂੰ ਕਿਵੇਂ ਭੁਲਾ ਸਕਦੀ ਹਾਂ ? ਤੇ ਉਹ ਹੰਝ ਜੋ ਮੈਂ ਉਸ ਦੀ ਖ਼ਾਤਰ ਗਵਾਏ ਹਨ। ਮੈਨੂੰ ਇਹ ਸਭ ਕੁਝ ਦਾ ਪਤਾ ਹੈ। ਸਰਕਾਰ, ਕੌਣ ਹੈ ਜਿਸਨੇ ਈਸ਼ਵਰ ਅੱਗੇ ਕੋਈ ਪਾਪ ਨਹੀਂ ਕੀਤਾ? ਕੌਣ ਹੈ ਜਿਸਨੇ ਜ਼ਾਰ ਅੱਗੇ ਕੋਈ ਅਪਰਾਧ ਨਹੀਂ ਕੀਤਾ? ਅਸੀਂ ਜਾਣਦੇ ਹਾਂ ਜਵਾਨੀ ਕੀ ਹੁੰਦੀ ਏ।

-0-

5

ਨਖ਼ਲਿਊਦੌਫ਼ ਵੱਡਿਆਂ ਨਾਲੋਂ ਮੁੰਡਿਆਂ ਦੀ ਸੰਗਤ ਵਿਚ ਵਧੇਰੇ ਸੌਖ ਮਹਿਸੂਸ ਕਰ ਰਿਹਾ ਸੀ, ਤੇ ਤੁਰੇ ਜਾਂਦੇ ਉਹ ਉਹਨਾਂ ਨਾਲ ਗੱਲਾਂ ਕਰਨ ਲੱਗ ਗਿਆ। ਗੁਲਾਬੀ ਕੁੜਤੇ ਵਾਲਾ ਛੋਟਾ ਮੁੰਡਾ ਹੁਣ ਹੱਸਣੋਂ ਹਟ ਗਿਆ ਸੀ ਤੇ ਵੱਡੇ ਵਾਕਰ ਹੀ ਸਮਝ ਨਾਲ ਤੇ ਠੀਕ ਠੀਕ ਗੱਲ ਕਰਦਾ ਸੀ।

"ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਇਥੇ ਸਭ ਤੋਂ ਗਰੀਬ ਲੋਕ ਕਿਹੜੇ ਹਨ ?" ਨਖ਼ਲਿਊਦੌਫ਼ ਨੇ ਪੱਛਿਆ।

"ਸਭ ਤੋਂ ਗਰੀਬ ? ਮਾਈਕਲ ਗਰੀਬ ਹੈ, ਸਿਮਨ ਮਕਾਰੋਫ਼ ਤੇ ਮਾਰਥਾ। ਮਾਰਥਾ ਬੜੀ ਗਰੀਬ ਹੈ।"

"ਤੇ ਅਨੀਸੀਆ ਉਹ ਉਸ ਤੋਂ ਵੀ ਗਰੀਬ ਹੈ, ਉਸ ਕੋਲ ਤਾਂ ਇਕ ਗਾਂ ਵੀ ਨਹੀਂ। ਤੇ ਉਹ ਮੰਗ ਕੇ ਲਿਆਂਦੇ ਹਨ।" ਛੋਟੇ ਫ਼ੇਦਕਾ ਨੇ ਆਖਿਆ।

"ਉਸ ਕੋਲ ਗਊ ਨਹੀਂ, ਪਰ ਉਹ ਹਨ ਵੀ ਤਾਂ ਕੇਵਲ ਤਿੰਨ, ਤੇ ਮਾਰਥਾ ਦਾ ਟੱਬਰ ਪੰਜਾਂ ਦਾ ਹੈ।" ਵੱਡੇ ਮੁੰਡੇ ਨੇ ਉਜ਼ਰ ਕੀਤਾ।

"ਪਰ ਉਹ ਹੈ ਵੀ ਤਾਂ ਵਿਧਵਾ।" ਗੁਲਾਬੀ ਮੁੰਡੇ ਨੇ ਅਨੀਸੀਆ ਦੀ ਹਮਾਇਤ ਵਿੱਚ ਆਖਿਆ।

'ਤੂੰ ਆਖਦਾ ਹੈ ਅਨੀਸੀਆ ਵਿਧਵਾ ਹੈ ਤੇ ਮਾਰਥਾ ਵੀ ਤਾਂ ਵਿਧਵਾ ਵਰਗੀ ਹੈ,"ਵੱਡਾ ਮੁੰਡਾ ਬੋਲਿਆ "ਬਸ ਉਸੇ ਜੇਹੀ .....ਉਸਦਾ ਵੀ ਕੋਈ ਘਰ ਵਾਲਾ ਨਹੀਂ।"

"ਉਸਦਾ ਘਰ ਵਾਲਾ ਕਿਥੇ ਹੈ ?" ਨਖ਼ਲਿਊਦੌਫ਼ ਨੇ ਪੁੱਛਿਆ।

"ਕੈਦਖਾਨੇ ਵਿਚ ਕੀੜੇ ਪਾਲ ਰਿਹਾ ਹੈ।" ਵੱਡੇ ਮੁੰਡੇ ਨੇ ਕਿਰਸਾਨਾਂ ਵਿਚ ਪ੍ਰਚਲਿਤ ਉਕਤੀ ਵਰਤ ਕੇ ਆਖਿਆ।

"ਸਾਲ ਹੋਇਆ ਉਸਨੇ ਜ਼ਿਮੀਦਾਰ ਦੇ ਜੰਗਲ ਵਿਚੋਂ ਦੋ ਬਰਚ ਦੇ ਰੁੱਖ ਵੱਢ ਲਏ ਸਨ," ਛੋਟੇ ਗੁਲਾਬੀ ਮੁੰਡੇ ਨੇ ਕਾਹਲੀ ਨਾਲ ਦੱਸਿਆ।

"ਇਸ ਕਰਕੇ ਉਸਨੂੰ ਕੈਦ ਹੋ ਗਈ, ਹੁਣ ਉਹ ਛੇ ਮਹੀਨਿਆਂ ਤੋਂ ਉਥੇ ਹੈ, ਤੇ ਉਸਦੀ ਤੀਵੀਂ ਮੰਗਣ ਜਾਂਦੀ ਹੈ। ਤਿੰਨ ਅੰਞਾਣੇ ਹਨ ਤੇ ਇਕ ਰੋਗਣ ਦਾਦੀ", ਉਸਨੇ ਸਾਰੀ ਹਾਲਤ ਬਿਆਨ ਕੀਤੀ।

"ਤੇ ਉਹ ਕਿਥੇ ਰਹਿੰਦੀ ਹੈ ?" ਨਖ਼ਲਿਊਦੌਫ਼ ਨੇ ਪੁੱਛਿਆ।

"ਇਸੇ ਘਰ ਵਿਚ" ਮੁੰਡੇ ਨੇ ਉੱਤਰ ਦਿੱਤਾ ਤੇ ਇਕ ਝੁੱਗੀ ਵੱਲ ਇਸ਼ਾਰਾ ਕੀਤਾ ਜਿਸ ਦੇ ਸਾਹਮਣੇ ਬੀਹ ਵਿਚ ਇਕ ਨਿੱਕਾ ਜੇਹਾ ਸਣ ਜੇਹੇ ਵਾਲਾਂ ਵਾਲਾ ਜਾਤਕ ਆਪਣੀਆਂ ਸੋਕੇ ਮਾਰੀਆਂ ਲੱਤਾਂ ਉੱਤੇ ਬੜਾ ਔਖਾ ਆਪਣਾ ਆਪ ਸੰਭਾਲੀ ਖੜਾ ਸੀ।

"ਵਾਸਕਾ ! ਭੈੜਾ ਕਿਥੇ ਆ ਗਿਆ ਹੈ ?" ਇਕ ਮੈਲੇ ਖਾਕੀ ਬਲਾਉਜ਼ ਵਾਲੀ ਇਸਤਰੀ ਨੇ ਘਰ ਵਿਚੋਂ ਬਾਹਰ ਨੱਸ ਕੇ ਆ ਕੇ ਆਵਾਜ਼ ਦਿੱਤੀ। ਉਹ ਡਰੇ ਹੋਏ ਮੂੰਹ ਨਾਲ ਅੱਗੇ ਵਧੀ ਤੇ ਨਖ਼ਲਿਊਦੌਫ਼ ਦੇ ਨੇੜੇ ਆਉਣ ਤੋਂ ਪਹਿਲਾਂ ਵਾਲੋਂ ਪਕੜ ਕੇ ਅੰਦਰ ਲੈ ਗਈ, ਜਿਵੇਂ ਉਹ ਡਰਦੀ ਹੋਵੇ ਕਿ ਨਖ਼ਲਿਊਦੌਫ਼ ਉਸਨੂੰ ਕੋਈ ਹਾਨੀ ਪਹੁੰਚਾਵੇਗਾ।

ਇਹ ਉਹ ਇਸਤਰੀ ਸੀ ਜਿਸ ਦੇ ਪਤੀ ਨੂੰ ਨਖ਼ਲਿਊਦੌਫ਼ ਦੇ ਬਰਚ ਦੇ ਰੁੱਖ ਵੱਢਣ ਕਾਰਨ ਕੈਦ ਹੋ ਗਈ ਸੀ।

"ਅੱਛਾ, ਤੇ ਇਹ ਮਤਰੀਨਾ ਏ ? ਇਹ ਵੀ ਗਰੀਬ ਹੈ ?" ਨਖ਼ਲਿਊਦੌਫ਼ ਨੇ ਪੁੱਛਿਆ ਜਦੋਂ ਉਹ ਮਤਰੀਨਾ ਦੇ ਘਰ ਕੋਲ ਆ ਗਏ।

"ਉਹ ਗਰੀਬ ਨਹੀਂ। ਕਿਉਂ, ਉਹ ਤਾਂ ਸ਼ਰਾਬ ਵੇਚਦੀ ਹੈ।" ਪਤਲੇ ਗੁਲਾਬੀ ਨਿੱਕੇ ਮੁੰਡੇ ਨੇ ਦ੍ਰਿੜ੍ਹਤਾ ਨਾਲ ਉੱਤਰ ਦਿੱਤਾ।

ਜਦੋਂ ਉਹ ਉਸ ਘਰ ਕੋਲ ਪਹੁੰਚ ਗਏ, ਤਾਂ ਨਖ਼ਲਿਊਦੌਫ਼ ਨੇ ਮੁੰਡਿਆਂ ਨੂੰ ਬਾਹਰ ਹੀ ਛੱਡ ਦਿੱਤਾ ਤੇ ਡਿਉਢੀ ਵਿਚੋਂ ਹੋ ਕੇ ਝੁੱਗੀ ਵਿਚ ਚਲਾ ਗਿਆ। ਝੁੱਗੀ ਚੌਦਾਂ ਫੁੱਟ ਲੰਮੀਂ ਸੀ। ਵੱਡੀ ਸਾਰੀ ਅੰਗੀਠੀ ਦੇ ਪਿੱਛੇ ਡੱਠਾ ਮੰਜਾ ਇਕ ਉੱਚੇ ਲੰਮੇ ਬੰਦੇ ਦੇ ਲੇਟਣ ਲਈ ਕਾਫ਼ੀ ਨਹੀਂ ਸੀ। "ਤੇ ਇਸ ਮੰਜੇ ਉੱਤੇ," ਨਖ਼ਲਿਊਦੌਫ਼ ਨੇ ਸੋਚਿਆ, "ਤੁਸਾਂ ਆਪਣਾ ਬੱਚਾ ਜੰਮਿਆਂ ਤੇ ਫਿਰ ਪਿੱਛੋਂ ਬੀਮਾਰ ਹੋ ਕੇ ਪਈ ਰਹੀ।"

ਝੁੱਗੀ ਦਾ ਬਹੁਤਾ ਭਾਗ ਇਕ ਖੱਡੀ ਨੇ ਰੋਕਿਆ ਹੋਇਆ ਸੀ ਜਿਸ ਉੱਤੇ ਬੁੱਢੀ ਤੇ ਉਸ ਦੀ ਸਭ ਤੋਂ ਵੱਡੀ ਦੋਹਤਰੀ ਤਾਣਾ ਤਣ ਰਹੀਆਂ ਸਨ। ਨਖ਼ਲਿਊਦੌਫ਼ ਅੰਦਰ ਵੜਿਆ ਤਾਂ ਉਸ ਦਾ ਮੱਥਾ ਨੀਵੇਂ ਬੂਹੇ ਦੀ ਚੁਗਾਠ ਨਾਲ ਵੱਜਾ। ਦੋ ਹੋਰ ਅੰਞਾਣੇ ਨਖ਼ਲਿਊਦੌਫ਼ ਦੇ ਪਿੱਛੇ ਨੱਸੇ ਆਏ ਤੇ ਬਰੂਹਾਂ ਨਾਲ ਲੱਗਕੇ ਖਲੋ ਗਏ।

"ਤੁਸੀਂ ਕਾਹਤੋਂ ਆਏ ਓ ?" ਬੁੱਢੀ ਖਿਝੀ ਜੇਹੀ ਹੋ ਕੇ ਬੋਲੀ। "ਤੁਸੀਂ ਚਾਹ ਤੇ ਕੌਫ਼ੀ ਪੀਂਦੇ ਹੁੰਦੇ ਸੌ, ਤੇ ਸ਼ੈਤਾਨ ਨੇ ਤੁਹਾਨੂੰ ਆ ਪਕੜਿਆ। ਉਹ ਕਦੀ ਕਦੀ ਪ੍ਰਬਲ ਹੋ ਜਾਂਦਾ ਹੈ। ਕੀ ਕੀਤਾ ਜਾਵੇ ? ਹੁਣ ਜੇ ਤੁਸੀਂ ਉਸ ਨੂੰ ਦੁਰਕਾਰ ਦਿੰਦੇ ! ਪਰ ਨਹੀਂ ਤੁਸੀਂ ਉਸ ਨੂੰ ਕਿਤਨਾ ਸਿਲਾ ਦਿੱਤਾ ! ਇਕ ਸੌ ਰੂਬਲ ਦੇ ਦਿੱਤੇ। ਤੇ ਉਹ ! ਉਸ ਨੇ ਕੀ ਕੀਤਾ ? ਉਸਨੇ ਠੀਕ ਗੱਲ ਨਾ ਕੀਤੀ। ਜੇ ਉਹ ਮੇਰੀ ਮੰਨਦੀ ਤਾਂ ਠੀਕ ਠਾਕ ਰਹਿੰਦੀ। ਮੈਂ ਸੱਚੀ ਕਹਾਂਗੀ, ਭਾਵੇਂ ਉਹ ਮੇਰੀ ਭਾਣਜੀ ਹੈ, ਉਹ ਚੰਗੀ ਨਹੀਂ। ਮੈਂ ਉਸਨੂੰ ਕੇਹੀ ਚੰਗੀ ਥਾਂ ਲੱਭ ਦਿੱਤੀ ਸੀ। ਉਹ ਆਗਿਆਕਾਰ ਨਹੀਂ ਸੀ ਤੇ ਅਪਣੇ ਸੁਆਮੀ ਨੂੰ ਗਾਲ੍ਹਾਂ ਦਿੰਦੀ ਸੀ। ਇਹ ਸਾਡੇ ਜੇਹਿਆਂ ਲਈ ਸੋਭਦਾ ਹੈ ਕਿ ਭਲੇ ਪੁਰਸ਼ਾਂ ਨੂੰ ਬੁਰਾ ਕਹੀਏ ? ਸੋ ਉਸ ਨੂੰ ਤੋਰ ਦਿੱਤਾ ਗਿਆ। ਫਿਰ ਵਣ-ਰਾਖੇ ਪਾਸ ? ਉਹ ਉਥੇ ਰਹੀ ਜਾਂਦੀ, ਪਰ ਨਹੀਂ ਉਹ ਨਾ ਮੰਨੀ।"

"ਮੈਂ ਉਸਦੇ ਅੰਵਾਣੇ ਬਾਰੇ ਜਾਣਨਾ ਚਾਹੁੰਦਾ ਹਾਂ। ਉਸ ਨੂੰ ਤੁਹਾਡੇ ਘਰ ਵਿਚ ਸੂਤਕ ਹੋਇਆ ਸੀ ਨਾ ? ਉਹ ਬੱਚਾ ਕਿਥੇ ਹੈ ?"

"ਬੱਚੇ ਬਾਰੇ ਮੈਂ ਉਸ ਸਮੇਂ ਖ਼ਿਆਲ ਕੀਤਾ ਸੀ। ਉਹ ਇਤਨੀ ਬੀਮਾਰ ਹੋ ਗਈ ਸੀ ਕਿ ਮੈਨੂੰ ਆਸ ਨਹੀਂ ਸੀ ਉਹ ਫਿਰ ਉਠਣ ਜੋਗੀ ਹੋ ਜਾਵੇਗੀ। ਮੈਂ ਬੱਚੇ ਦਾ ਨਾਮ ਸੰਸਕਰਣ ਠੀਕ ਢੰਗ ਨਾਲ ਕੀਤਾ, ਤੇ ਅਸਾਂ ਉਸ ਨੂੰ ਅਨਾਥ ਆਸ਼ਰਮ ਵਿਚ ਭੇਜ ਦਿੱਤਾ। ਇਕ ਮਾਸੂਮ ਆਤਮਾ ਨੂੰ ਕਿਉਂ ਦੁੱਖ ਵਿਚ ਰਖਿਆ ਜਾਵੇ ਜਦੋਂ ਉਸਦੀ ਮਾਂ ਮਰ ਰਹੀ ਹੋਵੇ ? ਲੋਕ ਤਾਂ ਇਉਂ ਕਰਦੇ ਹਨ, ਬੱਚੇ ਨੂੰ ਸੁੱਟ ਖਸੁਟ ਕਰ ਦਿੰਦੇ ਹਨ, ਚੁੰਘਾਂਦੇ ਖਵਾਂਦੇ ਨਹੀਂ ਤੇ ਉਹ ਘੁਲ ਘੁਲ ਕੇ ਮਰ ਜਾਂਦਾ ਹੈ। ਪਰ ਮੈਂ ਸੋਚਿਆ, ਮੈਨੂੰ ਭਾਵੇਂ ਕੁਝ ਖੇਚਲ ਹੀ ਹੋਵੇ, ਮੈਂ ਇਸ ਨੂੰ ਉਸ ਨੂੰ ਅਨਾਥ ਆਸ਼ਰਮ ਵਿਚ ਭੇਜਾਂਗੀ। ਮੇਰੇ ਕੋਲ ਪੈਸੇ ਹੈ ਸਨ ਇਸ ਜੋਗੇ, ਸੋ ਮੈਂ ਭੇਜ ਦਿੱਤਾ।"

"ਤੁਸਾਂ ਅਨਾਥ ਆਸ਼ਰਮ ਤੋਂ ਉਸਦਾ ਰਜਿਸਟਰ ਨੰਬਰ ਲਿਆ ?"

"ਹਾਂ, ਉਸਦਾ ਨੰਬਰ ਸੀ, ਪਰ ਉਹ ਬੱਚਾ ਮਰ ਗਿਆ। ਉਹ ਉਸ ਨੂੰ ਉਥੇ ਲੈ ਕੇ ਗਈ ਹੀ ਸੀ ਕਿ ਉਹ ਮਰ ਗਿਆ।" ਬੁੱਢੀ ਨੇ ਦੱਸਿਆ।

"ਉਹ ਕੌਣ ?"

"ਉਹ ਤੀਵੀਂ ਜੋ ਸਕੋਰਦਨੋ ਰਹਿੰਦੀ ਸੀ। ਉਸਦਾ ਇਹ ਕਿੱਤਾ ਸੀ। ਉਸ ਦਾ ਨਾਉਂ ਮਲਾਨੀਆ ਸੀ। ਉਹ ਵੀ ਹੁਣ ਮਰ ਗਈ ਹੈ। ਇਕ ਸਿਆਣੀ ਇਸਤਰੀ ਸੀ ਉਹ। ਜਾਣਦੇ ਹੋ ਉਹ ਕਿਵੇਂ ਕਰਦੀ ਸੀ ? ਲੋਕ ਉਸ ਤੁਸੀਂ ਪਾਸ ਬੱਚੇ ਛੱਡ ਦਿੰਦੇ ਸਨ ਤੇ ਉਹ ਉਨਾਂ ਨੂੰ ਪਾਲਦੀ ਪੋਸਦੀ ਸੀ ਤੇ ਜਦੋਂ ਉਸ ਪਾਸ ਕਈ ਇਕੱਠੇ ਹੋ ਜਾਂਦੇ ਤਾਂ ਉਨ੍ਹਾਂ ਨੂੰ ਅਨਾਥ ਆਸ਼ਰਮ ਵਿਚ ਲੈ ਜਾਂਦੀ। ਜਦੋਂ ਤਿੰਨ ਜਾਂ ਚਾਰ ਹੋ ਜਾਂਦੇ ਉਹ ਉਨ੍ਹਾਂ ਨੂੰ ਇਕੱਠੇ ਹੀ ਲੈ ਜਾਂਦੀ। ਉਸ ਪਾਸ ਇਕ ਬੜਾ ਸੁੱਹਣਾ ਪ੍ਰਬੰਧ ਸੀ, ਇਕ ਤਰ੍ਹਾਂ ਦਾ ਵੱਡਾ ਪੰਘੂੜਾ, ਦੋਹਰਾ ਪੰਘੂੜਾ ਤੇ ਉਹ ਇਸ ਵਿਚ ਬੱਚਿਆਂ ਨੂੰ ਦੋਵੇਂ ਪਾਸੇ ਪਾ ਦਿੰਦੀ। ਪੰਘੂੜੇ ਦਾ ਇਕ ਦਸਤਾ ਸੀ। ਇਸ ਤਰ੍ਹਾਂ ਉਹ ਚਹੁੰ ਨੂੰ ਉਨ੍ਹਾਂ ਦੇ ਪੈਰ ਜੋੜ ਕੇ ਸਿਰ ਦੂਜੇ ਪਾਸੇ ਕਰਕੇ ਲਿਟਾ ਦਿੰਦੀ ਤਾਂ ਜੋ ਇਕ ਦੂਜੇ ਨਾਲ ਭਿੜਨ ਨਾ। ਇਸ ਤਰ੍ਹਾਂ ਉਹ ਚਾਰ ਇਕੱਠੇ ਲੈ ਜਾਂਦੀ ਸੀ। ਉਹ ਉਨ੍ਹਾਂ ਨੂੰ ਕਿਸੇ ਲੀਰ ਦੀ ਇਕ ਚੁੰਘਣੀ ਜੇਹੀ ਬਣਾ ਦਿੰਦੀ ਤਾਂ ਜੋ ਉਹ ਵਿਚਾਰੇ ਚੁੱਪ ਰਹਿਣ।"

"ਹਾਂ, ਦੱਸੀ ਚਲੋ।"

"ਕਤਰੀਨਾ ਦੇ ਬੱਚੇ ਨੂੰ ਉਹ ਇਸੇ ਤਰ੍ਹਾਂ ਲੈ ਗਈ, ਉਸ ਨੂੰ ਚੌਦਾਂ ਦਿਨ ਕੋਲ ਰੱਖਕੇ ਮੇਰੇ ਖਿਆਲ ਵਿਚ ਉਸਦੇ ਘਰ ਵਿਚ ਹੀ ਉਹ ਬੀਮਾਰ ਹੋ ਗਿਆ ਸੀ।'

'ਤੇ ਉਹ ਬੱਚਾ ਸੁੱਹਣਾ ਸੀ ?" ਨਖ਼ਲਿਊਦੌਫ਼ ਨੇ ਪੁੱਛਿਆ।

"ਅਜੇਹਾ ਸੁਹਣਾ ਕਿ ਉਸ ਤੋਂ ਸੁਹਣਾ ਢੂੰਡਿਆਂ ਵੀ ਨਾ ਮਿਲੇ। ਬਿਲਕੁਲ ਤੁਹਾਡਾ ਮੁਹਾਂਦਰਾ।" ਬੁੱਢੀ ਨੇ ਅੱਖ ਝਮਕਾ ਕੇ ਕਹਿ ਦਿੱਤਾ।

“ਉਹ ਬੀਮਾਰ ਕਿਉਂ ਹੋ ਗਿਆ ? ਕੀ ਖ਼ੁਰਾਕ ਚੰਗੀ ਨਹੀਂ ਸੀ ?

"ਆਹ ! ਕਾਹਦੀ ਖੁਰਾਕ ? ਐਵੇਂ ਨਾਮ ਮਾਤਰ ! ਸੁਭਾਵਕ ਹੈ ਜਦੋਂ ਬੱਚਾ ਕਿਸੇ ਦਾ ਆਪਣਾ ਨਾ ਹੋਵੇ। ਬਸ ਏਨੀ ਜਿਸ ਨਾਲ ਉਹ ਅਨਾਥ ਆਸ਼ਰਮ ਤਕ ਜੀਉਂਦਾ ਜਾ ਸਕੇ। ਉਹ ਕਹਿੰਦੀ ਸੀ ਉਹ ਉਸ ਨੂੰ ਮਾਸਕੋ ਤਾਂ ਲੈ ਗਈ ਸੀ ਪਰ ਉਥੇ ਉਹ ਮਰ ਗਿਆ। ਉਥੋਂ ਉਹ ਇਕ ਸਾਖੀ-ਪਤਰ ਲਿਆਈ ਸੀ ਜੋ ਠੀਕ ਸੀ। ਉਹ ਬੜੀ ਸਿਆਣੀ ਤੀਵੀਂ ਸੀ।"

ਤੇ ਇਤਨਾ ਕੁਝ ਹੀ ਸੀ ਜੋ ਨਖ਼ਲਿਊਦੌਫ਼ ਆਪਣੇ ਬੱਚੇ ਬਾਰੇ ਪਤਾ ਕਰ ਸਕਿਆ।

-0-

6

ਦੋਹਾਂ ਦਰਵਾਜ਼ਿਆਂ ਨਾਲ ਸਿਰ ਟਕਰਾ ਕੇ, ਨਖ਼ਲਿਊਦੋਂਫ਼ ਬਾਹਰ ਬੀਹੀ ਵਿਚ ਆਗਿਆ ਜਿੱਥੇ ਚਿੱਟਾ ਤੇ ਗੁਲਾਬੀ ਦੋਵੇਂ ਮੁੰਡੇ ਉਸਦੀ ਉਡੀਕ ਕਰ ਰਹੇ ਸਨ। ਕੁਝ ਹੋਰ ਲੋਕ ਵੀ ਉਨ੍ਹਾਂ ਪਾਸ ਆ ਕੇ ਖਲੋ ਗਏ ਸਨ। ਤੀਵੀਆਂ ਵਿਚ, ਜਿਨ੍ਹਾਂ ਵਿਚੋਂ ਕਈਆਂ ਦੀ ਕੁੱਛੜ ਬਾਲ ਸਨ, ਉਹ ਡੱਬੀਦਾਰ ਟੋਪੀ ਵਾਲੀ ਲਿਸੀ ਜਿਹੀ ਅੰਞਾਣੇ ਵਾਲੀ ਤੀਵੀਂ ਸੀ। ਰੱਤ-ਹੀਣ ਬਲ, ਜਿਸ ਨੂੰ ਉਸ ਨੇ ਆਪਣੀਆਂ ਬਾਹਾਂ ਵਿਚ ਹਲਕਾ ਜੇਹਾ ਪਕੜਿਆ ਹੋਇਆ ਸੀ, ਦੇ ਮੁਰਝਾਏ ਹੋਏ ਨਿੱਕੇ ਜੇਹੇ ਚਿਹਰੇ ਉਤੇ ਇਕ ਅਜਬ ਕਿਸਮ ਦੀ ਮੁਸਕਾਣ ਫੈਲੀ ਹੋਈ ਸੀ, ਤੇ ਉਹ ਲਗਾਤਾਰ ਆਪਣੇ ਮੁੜੇ ਹੋਏ ਅੰਗੂਠੇ ਨੂੰ ਹਿਲਾ ਰਿਹਾ ਸੀ।

ਨਖਲਿਉਦੋਂਫ ਨੂੰ ਪਤਾ ਸੀ ਕਿ ਇਹ ਮੁਸ਼ਕਾਣ ਦੁੱਖ ਦੀ ਮੁਸਕਾਣ ਸੀ। ਉਸ ਨੇ ਪੁੱਛਿਆ ਕਿ ਉਹ ਇਸਤਰੀ ਕੌਣ ਸੀ।

"ਇਹ ਉਹੀ ਅਨੀਸੀਆ ਹੈ ਜਿਸ ਬਾਰੇ ਮੈਂ ਤੁਹਾਨੂੰ ਦੱਸਿਆ ਸੀ।" ਵੱਡੇ ਮੁੰਡੇ ਨੇ ਕਿਹਾ।

ਨਖ਼ਲਿਊਦੋਫ਼ ਨੇ ਅਨੀਮੀਆ ਵੱਲ ਮੁੜ ਕੇ ਪੁੱਛਿਆ, "ਤੂੰ ਕਿਸ ਤਰ੍ਹਾਂ ਗੁਜ਼ਾਰਾ ਕਰਦੀ ਹੈਂ ? ਆਪਣੀ ਜੀਵਿਕਾ ਲਈ ਤੂੰ ਕੀ ਕਰਦੀ ਹੈਂ ?''

"ਮੈਂ ਕਿਵੇਂ ਗੁਜ਼ਰਾਨ ਕਰਦੀ ਹਾਂ ? ਮੈਂ ਮੰਗਕੇ ਲਿਆਉਂਦੀ ਹਾ।" ਅਨੀਸੀਆ ਬੋਲੀ ਤੇ ਰੋਣ ਲੱਗ ਪਈ।

ਮੁਰਝਾਏ ਹੋਏ ਬਾਲ ਦੇ ਚਿਹਰੇ ਉਤੇ ਫਿਰ ਮੁਸਕਾਣ ਪੁਸਰ ਗਈ। ਤੇ ਉਹ ਲੱਤਾਂ ਮਾਰਨ ਲੱਗਾ ਜੋ ਗੰਡੋਇਆਂ ਨਾਲੋਂ ਮੋਟੀਆਂ ਨਹੀਂ ਸਨ।

ਨਖ਼ਲਿਊਦੋਂਫ਼ ਨੇ ਆਪਣਾ ਬਟੂਆ ਕੱਢਿਆ ਤੇ ਉਸ ਤੀਵੀਂ ਨੂੰ ਇਕ ਦਸ ਰੂਬਲ ਦਾ ਨੋਟ ਦਿੱਤਾ। ਹਾਲੀ ਉਹ ਦੋ ਕਦਮ ਵੀ ਨਹੀਂ ਗਿਆ ਸੀ ਕਿ ਇਕ ਹੋਰ ਅੰਞਾਣੇ ਵਾਲੀ ਤੀਵੀਂ ਉਸ ਦੇ ਮਗਰ ਆ ਗਈ, ਫਿਰ ਇਕ ਬੁੱਢੀ ਤੇ ਫਿਰ ਇਕ ਹੋਰ ਜਵਾਨ ਤੀਵੀਂ। ਉਹ ਸਾਰੀਆਂ ਆਪਣੀਆਂ ਗ਼ਰੀਬੀ ਦਾ ਰੋਣਾ ਰੋਣ ਤੇ ਉਸ ਤੋਂ ਸਹਾਇਤਾ ਮੰਗਣ ਲੱਗੀਆਂ।

ਨਖ਼ਲਿਊਦੌਫ਼ ਨੇ ਉਹ ਸੱਠ ਰੂਬਲ ਜੋ ਛੋਟੇ ਨੋਟਾਂ ਵਿਚ ਉਸ ਪਾਸ ਸਨ ਉਨ੍ਹਾਂ ਨੂੰ ਦੇ ਦਿੱਤੇ, ਤੇ ਬੜੇ ਦੁੱਖੀ ਹਿਰਦੇ ਨਾਲ ਮੁਨਸ਼ੀ ਦੇ ਘਰ ਵੱਲ ਨੂੰ ਵਾਪਸ ਮੁੜਿਆ।

ਮੁਨਸ਼ੀ, ਨਖ਼ਲਿਊਦੌਫ਼ ਨੂੰ ਮੁਸਕਰਾਂਦਾ ਹੋਇਆ ਮਿਲਿਆ। ਉਸ ਨੇ ਦੱਸਿਆ ਕਿ ਕਿਰਸਾਨ ਸ਼ਾਮ ਨੂੰ ਇਕੱਤਰ ਹੋਣਗੇ। ਨਖਲਿਓਦੋਫ਼ ਉਸ ਦਾ ਧੰਨਵਾਦ ਕਰਕੇ ਸਿੱਧਾ ਬਾਗ਼ ਵਿਚ ਘੁੰਮਣ ਚਲਾ ਗਿਆ। ਜਿੱਥੇ ਰੱਸਾ ਉਤੇ ਸੇਬ ਦੇ ਫਲਾਂ ਦੀਆਂ ਪੱਤੀਆਂ ਖਿਲਰੀਆਂ ਤੇ ਘਾਹ ਫ਼ੂਸ ਉੱਗਿਆ ਹੋਇਆ ਸੀ। ਜੋ ਕੁਝ ਉਸ ਨੇ ਦੇਖਿਆ ਸੀ ਉਹ ਉਸ ਉਪਰ ਵਿਚਾਰ ਕਰਨ ਲੱਗਾ।

ਪਹਿਲੋਂ ਤਾਂ ਸਭ ਪਾਸੇ ਚੁੱਪ ਸੀ, ਪਰ ਛੇਤੀ ਹੀ ਨਖ਼ਲਿਊਦੌਫ਼ ਨੇ ਮੁਨਸ਼ੀ ਦੇ ਘਰ ਦੇ ਪਿੱਛੋਂ ਦੋ ਇਸਤਰੀਆਂ ਦੀਆਂ ਅਵਾਜ਼ਾਂ ਗੁੱਸੇ ਵਿਚ ਇਕ ਦੂਜੇ ਨੂੰ ਕੁਟਦੀਆਂ ਸੁਣੀਆਂ। ਕਦੀ ਕਦੀ ਇਨ੍ਹਾਂ ਵਿਚ ਸਦ-ਮੁਸਕਾਣੇ ਮੁਨਸ਼ੀ ਦੀ ਅਵਾਜ਼ ਸੁਣਾਈ ਦੇਂਦੀ ਸੀ। ਨਖ਼ਲਿਊਦੌਫ਼ ਧਿਆਨ ਨਾਲ ਸੁਣਨ ਲੱਗਾ।

"ਮੇਰੇ ਵਿਚ ਹੋਰ ਤਾਕਤ ਨਹੀਂ, ਤੂੰ ਕੀ ਕਰਦਾ ਹੈ, ਮੇਰੇ ਗਲੋਂ ਚੁੰਨੀ ਤੱਕ ਲਾਹ ਰਿਹਾ ਹੈ ?" ਇਕ ਤੀਵੀਂ ਗੁੱਸੇ ਨਾਲ ਆਖ ਰਹੀ ਸੀ।

"ਪਰ ਇਹ ਤਾਂ ਐਵੇਂ ਇਕ ਪਲ ਲਈ ਆ ਵੜੀ ਸੀ," ਦੂਜੀ ਅਵਾਜ਼ ਨੇ ਕਿਹਾ। "ਮੈਂ ਕਹਿੰਦੀ ਹਾਂ ਇਸ ਨੂੰ ਛੱਡ ਦੇਹ। ਕਹਦੇ ਲਈ ਪਸ਼ੂ ਨੂੰ ਐਵੇਂ ਸਤਾ ਰਿਹਾ ਹੈਂ ? ਵਾਲ ਤਾਂ ਦੁੱਧ ਲਈ ਰੋਂਦੇ ਨੇ, ਇਨ੍ਹਾਂ ਨੂੰ ਕੁਝ ਨਾ ਆਖ।"

"ਤਾਂ ਫਿਰ ਜੁਰਮਾਨਾ ਭਰੋ ਜਾਂ ਇਸ ਦੇ ਬਦਲੇ ਕੰਮ ਕਰੋ।" ਮੁਨਸ਼ੀ ਦੀ ਅਵਾਜ਼ ਕਹਿੰਦੀ ਸੀ।

ਨਖ਼ਲਿਊਦੌਫ਼ ਬਾਗ਼ ਵਿਚੋਂ ਨਿਕਲਕੇ ਡਿਉਢੀ ਵਿਚ ਆ ਗਿਆ। ਜਿਥੇ ਦੋ ਮੈਲੀਆਂ ਕੁਚੈਲੀਆਂ ਤੀਵੀਆਂ ਖਲੋਤੀਆਂ ਸਨ। ਉਨ੍ਹਾਂ ਵਿਚੋਂ ਇਕ ਗਰਭਵਤੀ ਸੀ ਤੇ ਆਪਣੇ ਸਮੇਂ ਦੇ ਨੇੜੇ ਪਹੁੰਚੀ ਹੋਈ ਸੀ। ਡਿਉਢੀ ਦੀ ਪੌੜੀ ਦੇ ਇਕ ਟੱਪੇ ਉਤੇ ਆਪਣੇ ਹਾਲੈਂਡ ਕੋਟ ਦੀਆਂ ਜੇਬਾਂ ਵਿਚ ਹੱਥ ਪਾਈ ਮੁਨਸੀ ਖੜਾ ਸੀ। ਜਦੋਂ ਉਨ੍ਹਾਂ ਨੇ ਸੁਆਮੀ ਨੂੰ ਦੇਖਿਆ ਤਾਂ ਤੀਵੀਆਂ ਚੁੱਪ ਹੋ ਗਈਆਂ ਤੇ ਸਿਰਾਂ ਦੀਆਂ ਚੁੰਨੀਆਂ ਸੰਵਾਰਨ ਲੱਗੀਆਂ। ਮੁਨਸ਼ੀ ਨੇ ਜੇਬਾਂ ਵਿਚੋਂ ਹੱਥ ਕੱਢ ਲਏ ਤੇ ਮੁਸਕਾਣ ਲੱਗਾ।

ਹੋ ਰਹੇ ਝਗੜੇ ਬਾਰੇ ਮੁਨਸ਼ੀ ਨੇ ਦਸਿਆ ਕਿ ਕਿਰਸਾਨ ਆਪਣੇ ਵੱਛੇ ਤੇ ਗਾਈਆਂ ਵੀ ਜਾਗੀਰ ਦੇ ਘਾਹ ਦੇ ਮੈਦਾਨ ਵਿਚ ਛੱਡਣ ਗਿਝੇ ਹੋਏ ਸਨ। ਇਨ੍ਹਾਂ ਤੀਵੀਆਂ ਦੇ ਘਰਾਂ

ਦੀਆਂ ਦੋ ਗਾਈਆਂ ਮੈਦਾਨ ਵਿਚ ਫਿਰਦੀਆਂ ਅੰਦਰ ਵਿਹੜੇ ਵਿਚ ਹੱਕ ਲਿਆਦੀਆ ਗਈਆਂ ਸਨ। ਮੁਨਸ਼ੀ ਤੀਵੀਆਂ ਕੋਲੋਂ ਪ੍ਰਤਿ ਗਊ ਤੀਹ ਕੰਪਲ ਜਾਂ ਦੋ ਦਿਨ ਦਾ ਕੰਮ ਮੰਗਦਾ ਸੀ। ਪਰ ਤੀਵੀਆਂ ਦਾ ਕਹਿਣਾ ਸੀ, ਗਊਆਂ ਮੈਦਾਨ ਵਿਚ ਆਪਣੇ ਆਪ ਆ ਵੜੀਆਂ ਸਨ। ਉਨ੍ਹਾਂ ਪਾਸ ਦੇਣ ਨੂੰ ਕੁਝ ਨਹੀਂ ਸੀ ਤੇ ਉਹ ਆਖਦੀਆਂ ਸਨ ਕਿ ਗਊਆ, ਜੋ ਸਵੇਰ ਤੋਂ ਭੁੱਖੀਆਂ ਤੱਪਦੇ ਸੂਰਜ ਵਿੱਚ ਖੜੀਆਂ ਤੇ ਦਰਦ ਨਾਲ ਹੰਭ ਰਹੀਆਂ ਸਨ, ਵਾਪਸ ਕਰ ਦਿੱਤੀਆਂ ਜਾਣ। ਜੇ ਉਂਝ ਨਹੀਂ ਤਾਂ ਉਹ ਇਸ ਜੁਰਮਾਨੇ ਬਦਲੇ ਕਦੇ ਫੇਰ ਕੰਮ ਕਰ ਦੇਣਗੀਆਂ।

ਮੁਸਕਰਾ ਰਹੇ ਮੁਨਸ਼ੀ ਨੇ ਨਖ਼ਲਿਊਦੌਫ਼ ਵੱਲ ਪਿੱਛੇ ਮੁੜਕੇ ਦੇਖਿਆ, ਜਿਵੇਂ ਉਹ ਉਸ ਨੂੰ ਸਾਖੀ ਬਣਾਉਣਾ ਚਾਹੁੰਦਾ ਹੋਵੇ, ਤੇ ਕਿਹਾ, "ਕਿੰਨੀ ਵਾਰੀ ਮੈਂ ਤੁਹਾਡੇ ਅੱਗੇ ਹੱਥ ਜੋੜੇ ਹਨ ਕਿ ਜਦੋਂ ਤੁਸੀਂ ਦੁਪਹਿਰ ਵੇਲੇ ਆਪਣੇ ਡੰਗਰ ਘਰ ਲਿਆਂਦੇ ਹੋ ਤਾਂ ਇਨ੍ਹਾਂ ਦਾ ਧਿਆਨ ਰੱਖਿਆ ਕਰੋ ?"

" ਇਕ ਪਲ ਲਈ ਆਪਣੇ ਬਾਲ ਵੱਲ ਗਈ ਸਾਂ ਤੇ ਇਹ ਪਿੱਛੋਂ ਇਧਰ ਆ ਮੈਂ ਗਈਆਂ।"

"ਤਾਂ ਫਿਰ ਪਰ੍ਹਾਂ ਨਾ ਹੋਇਆ ਕਰੋ, ਤੁਸੀਂ। ਗਊਆਂ ਦੀ ਰਖਵਾਲੀ ਦਾ ਤੁਹਾਡੇ ਜ਼ਿੰਮੇ ਹੈ।"

"ਨਿੱਕੇ ਨੂੰ ਦੁੱਧ ਕੌਣ ਚੰਘਾਵੇ ? ਤੂੰ ਤਾਂ ਉਸ ਨੂੰ ਮੰਮਾ ਨਹੀਂ ਦੇ ਸਕਦਾ," ਦੂਜੀ ਤੀਵੀਂ ਨੇ ਕਿਹਾ। ‘‘ਫੇਰ ਜੋ ਗਊਆਂ ਨੇ ਸੱਚਮੁੱਚ ਮੈਦਾਨ ਵਿਚ ਕੁਝ ਨੁਕਸਾਨ ਕੀਤਾ ਹੋਵੇ ਤਾਂ ਬੰਦੇ ਨੂੰ ਗੱਲ ਇਤਨੀ ਨਾ ਚੁੱਭੇ। ਪਰ ਉਹ ਤਾਂ ਇਕ ਪਲ ਦੇ ਪਲ ਲਈ ਇਧਰ ਆ ਵੜੀਆਂ ਸਨ।"

ਮੁਨਸ਼ੀ ਨੇ ਨਖ਼ਲਿਊਦੌਫ਼ ਵੱਲ ਮੁੜਕੇ ਕਿਹਾ, "ਸਾਰੇ ਮੈਦਾਨਾਂ ਵਿਚ ਉਜਾੜਾ ਹੋਇਆ ਹੋਇਆ ਹੈ। ਜੇ ਮੈਂ ਕੋਈ ਜੁਰਮਾਨਾ ਨਾ ਲਗਾਵਾਂ ਤਾਂ ਉਥੇ ਘਾਹ ਰਹੇਗਾ ਹੀ ਨਹੀਂ।"

"ਸੁਣ, ਇੰਨਾ ਕੁਫ਼ਰ ਨਾ ਤੋਲ। ਮੇਰੀਆਂ ਗਾਈਆਂ ਪਹਿਲਾਂ ਕਦੇ ਇੱਥੇ ਨਹੀਂ ਪਕੜੀਆਂ ਗਈਆਂ।" ਗਰਭਵਤੀ ਇਸਤਰੀ ਨੇ ਉੱਚੀ ਸਾਰੀ ਆਖਿਆ।

"ਹੁਣ ਜਦ ਇਕ ਪਕੜੀ ਗਈ ਹੈ ਤਾਂ ਜੁਰਮਾਨਾ ਭਰੋ ਜਾਂ ਇਸ ਦੇ ਬਦਲੇ ਕੰਮ ਕਰੋ।"

"ਬਹੁਤ ਅੱਛਾ, ਮੈਂ ਕੰਮ ਕਰ ਦਿਆਂਗੀ, ਹੁਣ ਮੇਰੀ ਗਊ ਨੂੰ ਛੱਡ ਦੇਹ, ਉਸ ਨੂੰ ਹੋਰ ਭੁੱਖੀ ਨਾ ਮਾਰ," ਉਸ ਨੇ ਕ੍ਰੋਧ ਵਿਚ ਰੋਣ-ਹਾਕੀ ਹੋ ਕੇ ਕਿਹਾ। "ਅੱਗੇ ਹੀ ਮੈਨੂੰ ਦਿਨ ਰਾਤ ਚੈਨ ਨਹੀਂ ਮਿਲਦੀ। ਸੱਸ ਬੀਮਾਰ, ਘਰ ਵਾਲਾ ਸ਼ਰਾਬ ਵਿਚ ਚੂਰ, ਮੈਨੂੰ ਇਕੱਲੀ ਨੂੰ ਸਾਰਾ ਕੰਮ ਕਰਨਾ ਪੈਂਦਾ ਹੈ ਤੇ ਮੇਰੀ ਤਾਕਤ ਬਸ ਹੋ ਗਈ ਹੈ। ਮੈਂ ਕਹਿੰਦੀ ਹਾਂ ਤੂੰ ਸਾਹ ਘੁੱਟ ਕੇ ਮਰੇਂ, ਸਾਡੇ ਪਾਸੋਂ ਇਹ ਬਗਾਰ ਕਰਵਾਣ ਵਾਲਿਆ।"

ਉਸ ਨੂੰ ਹਰ ਇਕ ਗੱਲ ਹੁਣ ਇਤਨੀ ਸਾਫ ਜਾਪਦੀ ਸੀ ਕਿ ਉਹ ਹੈਰਾਨ ਹੁੰਦਾ ਸੀ ਕਿਉਂ ਹਰ ਕੋਈ ਇਹ ਸਮਝ ਨਹੀਂ ਸਕਦਾ ਸੀ ਤੇ ਕਿਵੇਂ ਉਹ ਆਪ ਇਸ ਸਪਸ਼ਟ ਤੇ ਪਤੱਖ ਗੱਲ ਨੇ ਇਤਨੇ ਚਿਰ ਪਿਛੋਂ ਸਮਝਣ ਲੱਗਾ ਸੀ। ਲੋਕ ਮਰ ਮੁਕ ਰਹੇ ਸਨ, ਉਹ ਇਸ ਮਰ ਮੁਕ ਜਾਣ ਦੇ ਆਦੀ ਹੋ ਗਏ ਸਨ ਤੇ ਇਸ ਦੇ ਅਨੁਕੂਲ ਉਨ੍ਹਾਂ ਨੇ ਆਪਣਾ ਜੀਵਨ-ਢੰਗ ਢਾਲ ਲਿਆ ਸੀ। ਬੱਚਿਆਂ ਵਿਚ ਮੌਤ ਦੀ ਸੰਖਿਆ ਵੱਧ ਰਹੀ ਸੀ, ਤੀਵੀਆਂ ਨੂੰ ਤਾਕਤ ਤੋਂ ਬਾਹਰ ਕੰਮ ਕਰਨਾ ਪੈਂਦਾ ਸੀ ਤੇ ਹਰ ਕਿਸੇ ਨੂੰ, ਖ਼ਾਸ ਕਰਕੇ ਬੱਢਿਆਂ ਨੂੰ ਰੱਜ ਕੇ ਖਾਣਾ ਨਹੀਂ ਮਿਲਦਾ ਸੀ। ਲੋਕ ਇਸ ਦਸ਼ਾ ਵਿਚ ਇਸ ਸਹਿਜ ਗਤਿ ਨਾਲ ਪਹੁੰਚੇ ਸਨ ਕਿ ਉਹ ਇਸ ਦੀ ਪੂਰੀ ਭੀਸ਼ਣਤਾ ਨੂੰ ਸਮਝਦੇ ਨਹੀਂ ਸਨ ਤੇ ਸ਼ਿਕਾਇਤ ਨਹੀਂ ਕਰਦੇ ਸਨ। ਇਸ ਲਈ ਸਾਰੇ ਉਨ੍ਹਾਂ ਦੀ ਇਸ ਦਸ਼ਾ ਨੂੰ ਸੁਭਾਵਕ ਤੇ ਯੋਗ ਹੀ ਸਮਝਦੇ ਸਨ। ਹੁਣ ਇਹ ਦਿਨ ਵਾਕਰ ਸਪੱਸ਼ਟ ਜਾਪਦਾ ਸੀ ਕਿ ਲੋਕਾਂ ਦੀ ਘੋਰ ਗਰੀਬੀ ਦਾ ਮੁੱਖ ਕਾਰਣ ਉਹ ਹੀ ਸੀ ਜੋ ਉਹ ਜਾਣਦੇ ਸਨ ਤੇ ਸਦਾ ਦੱਸਦੇ ਸਨ, ਅਰਥਾਤ ਭੂਮੀ ਜਿਸ ਉਤੇ ਹੀ ਉਨ੍ਹਾਂ ਦੀ ਪਾਲਣਾ ਹੋ ਸਕਦੀ ਸੀ ਉਨ੍ਹਾਂ ਪਾਸੋਂ ਜ਼ਿਮੀਂਦਾਰਾਂ ਨੇ ਖੋਹ ਲਈ ਹੋਈ ਸੀ।

ਇਹ ਕਿਤਨਾ ਪ੍ਰਤੱਖ ਸੀ ਕਿ ਬੱਚੇ ਤੇ ਬੁੱਢੇ ਦੁੱਧ ਖੁਣੋਂ ਮਰਦੇ ਸਨ, ਤੇ ਉਨ੍ਹਾਂ ਨੂੰ ਦੁੱਧ ਇਸ ਲਈ ਨਹੀਂ ਮਿਲਦਾ ਸੀ ਕਿ ਕੋਈ ਚਰਾਂਦ, ਕੋਈ ਘਾਹ ਦਾ ਮੈਦਾਨ ਤੇ ਅੰਨ ਉਗਾਣ ਲਈ ਕੋਈ ਭੋਇੰ ਉਨ੍ਹਾਂ ਪਾਸ ਨਹੀਂ ਰਹਿ ਗਈ ਸੀ। ਇਹ ਸਿੱਧ ਸੀ ਕਿ ਲੋਕਾਂ ਦੀ ਸਾਰੀ ਦੁਰਦਸ਼ਾ ਦਾ ਸਾਰਾ ਨਹੀਂ ਤਾਂ ਵੱਡਾ ਤੇ ਪ੍ਰਤੱਖ ਕਾਰਨ ਇਹ ਹੀ ਸੀ ਕਿ ਉਹ ਭੂਮੀ ਜਿਸ ਨੇ ਉਨ੍ਹਾਂ ਦੀ ਪਾਲਣਾ ਕਰਨੀ ਸੀ, ਉਨ੍ਹਾਂ ਪਾਸ ਨਹੀਂ ਸੀ। ਇਹ ਉਨ੍ਹਾਂ ਲੋਕਾਂ ਪਾਸ ਸੀ ਜੋ ਇਸ ਦੀ ਮਾਲਕੀ ਦਾ ਨਫ਼ਾ ਲੈ ਕੇ ਉਨ੍ਹਾਂ ਲੋਕਾਂ ਦੇ ਕੰਮ ਉਤੇ ਪਲਦੇ ਸਨ। ਭੂਮੀ ਜੋ ਮਨੁੱਖਾਂ ਲਈ ਇਤਨੀ ਲੋੜੀਂਦੀ ਹੈ ਕਿ ਇਸ ਤੋਂ ਬਿਨਾਂ ਉਹ ਮਰ ਜਾਂਦੇ ਹਨ। ਉਸ ਦੀ ਵਾਹੀ ਉਹ ਲੋਕ ਕਰ ਰਹੇ ਸਨ ਜੋ ਭੁੱਖ ਦੇ ਨਾਲ ਮੋਇਆਂ ਵਾਂਗ ਰਹਿੰਦੇ ਸਨ, ਇਹ ਸਭ

ਇਸ ਲਈ, ਤਾਂ ਜੋ ਅਨਾਜ ਬਾਹਰ ਦੇਸਾਵਰ ਵਿਕ ਘਲਿਆ ਜਾ ਸਕੇ ਅਤੇ ਭੂ-ਪਤੀ ਆਪਣੇ ਲਈ ਟੋਪੀਆਂ, ਛਿਟੀਆਂ, ਬੱਘੀਆਂ ਤੇ ਕਾਂਸੀ ਦਾ ਸਾਮਾਨ ਆਦਿ ਖਰੀਦ ਸਕਣ।

ਨਖ਼ਲਿਊਦੌਫ਼ ਨੂੰ ਹੁਣ ਇਹ ਗੱਲ ਇਤਨੀ ਸਪਸ਼ਟ ਸੀ ਜਿਤਨੀ ਇਹ ਕਿ ਘੋੜੇ ਜਦੋਂ ਆਪਣੇ ਵਾੜੇ ਦਾ ਸਾਰਾ ਘਾਹ ਖਾ ਚੁਕਣ ਤਾਂ ਅਵੱਸ਼ ਲਿਸੇ ਹੋ ਕੇ ਭੁੱਖ ਦੇਖੋ ਮਰਨ ਲਗ ਜਾਂਦੇ ਹਨ, ਜੇ ਉਹ ਹੋਰ ਭੋਇੰ ਉਤੇ ਚਰਨ ਲਈ ਨਾ ਛੱਡੇ ਜਾਣ।

ਇਹ ਇਕ ਵੱਡਾ ਸੰਕਟ ਸੀ ਤੇ ਇਸ ਦਾ ਸਮਾਪਤ ਹੋਣਾ ਜ਼ਰੂਰੀ ਸੀ। ਉਸ ਨੂੰ ਬਦਲਣ ਜਾਂ ਘੱਟੋ ਘੱਟ ਇਸ ਵਿਚ ਭਾਗ ਨਾ ਲੈਣ ਦੇ ਸਾਧਨ ਲੱਭਣੇ ਚਾਹੀਦੇ ਸਨ। "ਤ ਮੈਂ ਇਹ ਲੱਭ ਲਵਾਂਗਾ," ਉਸ ਨੇ ਸੋਚਿਆ ਜਦੋਂ ਉਹ ਬਰਚ ਦੇ ਰੁੱਖਾਂ ਹੇਠਾਂ ਰੌਂਸ ਉਤੇ ਇਧਰ ਉਧਰ ਘੁੰਮ ਰਿਹਾ ਸੀ। "ਵਿਗਿਆਨਕ ਮੰਡਲਾਂ ਵਿਚ, ਸਰਕਾਰੀ ਸੰਸਥਾਵਾਂ ਵਿਚ, ਤੇ ਅਖ਼ਬਾਰਾਂ ਵਿੱਚ ਅਸੀਂ ਲੋਕਾਂ ਦੀ ਗਰੀਬੀ ਦੇ ਕਾਰਨਾਂ ਤੇ ਉਨ੍ਹਾਂ ਦੀ ਦਸ਼ਾ ਨੂੰ ਸੁਧਾਰਨ ਦੇ ਸਾਧਨਾਂ ਬਾਰੇ ਗੱਲਾਂ ਕਰਦੇ ਹਾਂ। ਪਰ ਅਸੀਂ ਇਕੋ ਇਕ ਨਿਸ਼ਚਿਤ ਸਾਧਨ ਦੀ ਗੱਲ ਨਹੀਂ ਕਰਦੇ ਜੋ ਜ਼ਰੂਰ ਹੀ ਉਨ੍ਹਾਂ ਦੀ ਦਸ਼ਾ ਨੂੰ ਸੁਖਾਲੀ ਕਰ ਦੇਵੇਗਾ, ਅਰਥਾਤ ਉਨ੍ਹਾਂ ਨੂੰ ਉਹ ਭੂਮੀ ਵਾਪਸ ਦੇਣ ਦੀ ਜਿਸ ਦੀ ਉਨ੍ਹਾਂ ਨੂੰ ਇਤਨੀ ਲੋੜ ਹੈ।"

ਹੈਨਰੀ ਜਾਰਜ ਦਾ ਆਧਾਰ ਰੂਪੀ ਸਿਧਾਂਤ ਨਖ਼ਲਿਊਦੌਫ਼ ਦੇ ਮਨ ਵਿਚ ਸਪੱਸ਼ਟ ਰੂਪ ਵਿਚ ਇਕ ਵਾਰ ਪਰਤ ਆਇਆ। ਉਸਨੂੰ ਯਾਦ ਆਇਆ ਕਿਵੇਂ ਉਹ ਇਕ ਸਮੇਂ ਇਸ ਉਤੇ ਤੁਲਿਆ ਹੋਇਆ ਸੀ ਤੇ ਉਹ ਹੈਰਾਨ ਸੀ ਕਿ ਫਿਰ ਕਿਵੇਂ ਉਹ ਇਸ ਨੂੰ ਭੁਲਾ ਸਕਿਆ ਸੀ।"ਧਰਤੀ ਕਿਸੇ ਇਕ ਦੀ ਨਹੀਂ ਹੋ ਸਕਦੀ, ਇਹ ਪਾਣੀ, ਹਵਾ, ਜਾਂ ਧੁੱਪ ਵਾਕਰ ਹੀ ਖ਼ਰੀਦੀ ਜਾਂ ਵੇਚੀ ਨਹੀਂ ਜਾ ਸਕਦੀ। ਇਹ ਮਨੁੱਖਤਾ ਨੂੰ ਜੋ ਲਾਭ ਦੇਂਦੀ ਹੈ ਉਸ ਉਤੇ ਸਾਰਿਆਂ ਦਾ ਇਕੋ ਜਿਹਾ ਹੱਕ ਹੈ।" ਹੁਣ ਉਸ ਨੂੰ ਸਮਝ ਆਈ ਕਿ ਕਿਉਂ ਉਹ ਕੁਸਮਿੰਸਕੀ ਵਾਲੇ ਸੌਦੇ ਨੂੰ ਯਾਦ ਕਰਕੇ ਸ਼ਰਮਸਾਰ ਮਹਿਸੂਸ ਕਰਦਾ ਸੀ। ਉਹ ਆਪਣੇ ਆਪ ਨੂੰ ਧੋਖਾ ਦਿੰਦਾ ਰਿਹਾ ਸੀ। ਇਹ ਜਾਣਦੇ ਹੋਏ ਕਿ ਕਿਸੇ ਮਨੁੱਖ ਦਾ ਭੂਮੀ ਉਤੇ ਮਾਲਕੀ ਦਾ ਅਧਿਕਾਰ ਨਹੀਂ, ਉਸ ਨੇ ਇਹ ਅਧਿਕਾਰ ਅਪਣਾ ਸਮਝ ਲਿਆ ਸੀ, ਤੇ ਕਿਰਸਾਨ ਨੂੰ ਉਸ ਦਾ ਇਕ ਭਾਗ ਹੀ ਦਿੱਤਾ ਸੀ। ਉਸ ਦਾ ਅੰਤਰਕਰਣ ਜਾਣਦਾ ਸੀ ਉਸ ਦਾ ਕੋਈ ਹੱਕ ਨਹੀਂ ਸੀ। ਇੱਥੇ ਉਹ ਉਸ ਤਰ੍ਹਾਂ ਦਾ ਸੌਦਾ ਨਹੀਂ ਕਰੇਗਾ ਤੇ ਕੁਸਮਿੰਸਕੀ ਦੇ ਸੌਦੇ ਨੂੰ ਵੀ ਬਦਲ ਦੇਵੇਗਾ ਤੇ ਉਸ ਨੇ ਆਪਣੇ ਮਨ ਵਿਚ ਕਿਰਸਾਨਾਂ ਨੂੰ ਭੋਇੰ ਚੁਕਾ ਦੇਣ, ਉਨ੍ਹਾਂ ਦੇ ਦਿੱਤੇ ਚੁਕੋਤੇ ਨੂੰ ਉਨ੍ਹਾਂ ਦੀ ਹੀ ਵਸਤ ਮੰਨਣ ਦੀ ਵਿਓਂਤ ਬਣਾ ਲਈ ਜਿਸ ਵਿਚੋਂ ਕਰ ਦਿੱਤੇ

ਜਾਣਗੇ ਤੇ ਹੋਰ ਸਾਂਝੇ ਕੰਮ ਕੀਤੇ ਜਾਣਗੇ। ਨਿਰਸੰਦੇਹ ਇਹ ਕੋਈ ਏਕੀਕਰਣ ਪ੍ਰਬੰਧ ਨਹੀਂ ਸੀ, ਤਾਂ ਵੀ ਇਹ ਉਸਦਾ ਇਤਨਾ ਨਿਕਟੀ ਰੂਪ ਸੀ ਜਿਤਨਾ ਵਰਤਮਾਨ ਵਿਵਸਥਾ ਵਿਚ ਬਣਾਇਆ ਜਾ ਸਕਦਾ ਸੀ। ਪਰ ਉਹ ਮਾਲਕੀ ਦਾ ਅੱਗੋਂ ਕਈ ਲਾਹਾ ਨਹੀਂ ਲਵੇਗਾ।

ਜਦੋਂ ਨਖ਼ਲਿਊਦੋਫ਼ ਘਰ ਮੁੜਿਆ, ਮੁਨਸ਼ੀ ਨੇ ਇਕ ਵਿਸ਼ੇਸ਼ ਸੁਖਾਂਵੀ ਮੁਸਕਾਣ ਨਾਲ ਪੁੱਛਿਆ ਕਿ ਹੁਣ ਉਸ ਦਾ ਖਾਣਾ ਲਿਆਂਦਾ ਜਾਵੇ। ਉਸ ਨੂੰ ਡਰ ਸੀ ਕਿ ਉਹ ਲਜ਼ੀਜ਼ ਭੋਜਨ, ਜੋ ਉਸ ਦੀ ਪਤਨੀ ਉਸ ਵਾਲੀਆਂ ਵਾਲੀ ਲੜਕੀ ਦੀ ਸਹਾਇਤਾ ਨਾਲ ਤਿਆਰ ਕਰ ਰਹੀ ਸੀ। ਠੰਡਾ ਤੇ ਬੇ-ਸੁਆਦੀ ਹੋ ਜਾਵੇਗਾ।

ਮੇਜ਼ ਉਤਲਾ ਕੱਪੜਾ ਮੋਟੇ ਕੋਰੇ ਲਠੇ ਦਾ ਸੀ, ਤੇ ਹੱਥ ਪੁੱਝਣ ਵਾਲੇ ਭੋਛਣ ਦੀ ਥਾਉਂ ਇਸ ਉਪਰ ਇਕ ਕੱਢਿਆ ਹੋਇਆ ਤੌਲੀਆ ਰਖਿਆ ਹੋਇਆ ਸੀ। ਇਕ ਟੁੱਟੇ ਦਸਤੇ ਵਾਲਾ ਆਲੂਆਂ ਦੀ ਤਰੀ ਦਾ ਭਰਿਆ ਡੋਗਾਂ ਮੇਜ ਉਤੇ ਪਿਆ ਸੀ। ਇਸ ਤਰੀ ਦਾ ਆਧਾਰ ਉਹ ਕੁੱਕੜ ਸੀ ਜੋ ਉਸੇ ਕੁੜੀ ਨੇ ਲਿਆਂਦਾ ਸੀ, ਜੋ ਹੁਣ ਟੁਕੜਿਆਂ ਵਿਚ ਕਟਿਆ ਪਿਆ ਸੀ ਜਿਨ੍ਹਾਂ ਉਤੇ ਕਿਧਰੇ ਕਿਧਰੇ ਵਾਲ ਵੀ ਸਨ। ਤਰੀ ਪਿੱਛੋਂ ਉਸ ਕੁੱਕੜ ਦਾ ਭੁੰਨਿਆਂ ਹੋਇਆ ਭਾਗ ਵਰਤਾਇਆ ਗਿਆ ਤੇ ਉਸ ਤੋਂ ਪਿੱਛੋਂ ਦਹੀਂ ਦਾ ਹਲਵਾ ਜਿਸ ਵਿਚ ਚਰਬੀ ਤੇ ਖੰਡ ਚੋਖੀ ਪਈ ਹੋਈ ਸੀ। ਭਾਵੇਂ ਇਹ ਸਭ ਕੁਝ ਬਹੁਤ ਸਵਾਦਲਾ ਨਹੀਂ ਸੀ, ਨਖ਼ਲਿਊਦੋਫ਼ ਨੂੰ ਕੋਈ ਧਿਆਨ ਨਹੀਂ ਸੀ ਕਿ ਉਹ ਕੀ ਖਾ ਰਿਹਾ ਸੀ। ਉਹ ਉਸ ਵਿਚਾਰ ਵਿਚ ਮਗਨ ਸੀ ਜਿਸ ਨੇ ਇਕ ਪਲ ਵਿਚ ਉਸਦੀ ਉਹ ਉਦਾਸੀ ਦੂਰ ਕਰ ਦਿੱਤੀ ਸੀ ਜੋ ਉਸ ਨੂੰ ਪਿੰਡ ਵਿਚੋਂ ਮੁੜਦੇ ਸਮੇਂ ਸੁਝਾ ਸੀ।

ਮੁਨਸ਼ੀ ਦੀ ਪਤਨੀ ਦਰਵਾਜ਼ੇ ਵਿਚ ਦੀ ਦੇਖ ਰਹੀ ਸੀ, ਸਹਿਮੀਂ ਹੋਈ ਵਾਲੀਆਂ ਵਾਲੀ ਕੁੜੀ ਖਾਣਾ ਪਾ ਰਹੀ ਸੀ ਤੇ ਮੁਨਸ਼ੀ ਪਲ ਪਲ ਵੱਧ ਰਹੀ ਖੁਸ਼ੀ ਨਾਲ ਮੁਸਕਰਾ ਰਿਹਾ ਸੀ। ਉਸ ਨੂੰ ਆਪਣੀ ਪਤਨੀ ਦੇ ਰਸੋਈ ਕੌਸ਼ਲ ਉਤੇ ਮਾਣ ਹੋ ਰਿਹਾ ਹੀ। ਭੋਜਨ ਤੋਂ ਪਿੱਛੋਂ ਨਖ਼ਲਿਊਦੋਫ਼ ਨੇ ਕੁਝ ਜ਼ੋਰ ਪਾ ਕੇ ਮੁਨਸ਼ੀ ਨੂੰ ਆਪਣੇ ਪਾਸ ਬੈਠਣ ਲਈ ਮਨਾ ਲਿਆ। ਆਪਣੇ ਵਿਚਾਰਾਂ ਨੂੰ ਦੁਹਰਾਣ ਤੇ ਕਿਸੇ ਪਾਸ ਉਨ੍ਹਾਂ ਨੂੰ ਪ੍ਰਗਟ ਕਰਨ ਹਿਤ ਉਸਨੇ ਕਿਰਸਾਨਾਂ ਨੂੰ ਭੋਇੰ ਚੁਕਾ ਦੇਣ ਦੀ ਆਪਣੀ ਵਿਉਂਤ ਦੀ ਵਿਆਖਿਆ ਕੀਤੀ ਤੇ ਮੁਨਸ਼ੀ ਤੋਂ ਉਸ ਦੀ ਰਾਇ ਪੁੱਛੀ। ਮੁਨਸ਼ੀ ਇਸ ਤਰ੍ਹਾਂ ਮੁਸਕਰਾ ਰਿਹਾ ਸੀ ਜਿਸ ਤਰ੍ਹਾਂ ਉਸ ਨੇ ਇਹ ਸਭ ਕੁਝ ਬਹੁਤ ਪਹਿਲੋਂ ਸੋਚ ਰਖਿਆ ਹੋਵੇ, ਤੇ ਇਸ ਨੂੰ ਸੁਣ ਕੇ ਬਹੁਤ ਖੁਸ਼ ਹੋਵੇ। ਅਸਲ ਵਿਚ ਉਹ ਕੁਝ ਸਮਝ ਨਹੀਂ ਰਿਹਾ ਸੀ। ਇਸ ਲਈ ਨਹੀਂ ਕਿ ਨਖ਼ਲਿਊਦੋਫ਼ ਦੀ ਵਿਆਖਿਆ

ਸਪੱਸਟ ਨਹੀਂ ਸੀ, ਸਗੋਂ ਇਸ ਲਈ ਕਿ ਇਸ ਵਿਉਂਤ ਅਨੁਸਾਰ ਤਾਂ ਗੱਲ ਇਹ ਬਣਦੀ ਸੀ ਕਿ ਨਖ਼ਲਿਊਦੌਫ਼ ਹੋਰਨਾਂ ਦੇ ਲਾਭ ਹਿਤ ਆਪਣਾ ਲਾਭ ਤਿਆਗ ਰਿਹਾ ਸੀ। ਇਹ ਵਿਚਾਰ ਕਿ ਹਰ ਇਕ ਆਪਣੇ ਲਾਭ ਦੀ ਹੀ ਸੋਚਦਾ ਹੈ, ਤੇ ਦੂਜਿਆਂ ਦੇ ਨੁਕਸਾਨ ਦੀ, ਮੁਨਸ਼ੀ ਦੇ ਸੰਕਲਪਾਂ ਵਿਚ ਇਤਨਾ ਡੂੰਘਾ ਗਡਿਆ ਹੋਇਆ ਸੀ ਕਿ ਜਦੋਂ ਨਖ਼ਲਿਊਦੌਫ਼ ਨੇ ਕਿਹਾ ਕਿ ਭੋਇੰ ਦੀ ਸਾਰੀ ਆਮਦਨ ਕਿਰਸਾਨਾਂ ਦੀ ਪੰਚਾਇਤੀ ਪੂੰਜੀ ਵਿਚ ਜਾਵੇਗੀ ਤਾਂ ਉਸ ਨੂੰ ਜਾਪਿਆ ਉਸ ਨੂੰ ਕਿਸੇ ਗੱਲ ਦੀ ਸਮਝ ਨਹੀਂ ਲੱਗੀ ਸੀ।

"ਉਹੋ, ਹੁਣ ਸਮਝ ਆਈ। ਤਾਂ ਤੁਸੀਂ ਨਿਰਸੰਦੇਹ ਉਸ ਪੂੰਜੀ ਦਾ ਵਿਆਜ ਲਵੋਗੇ।" ਮੁਨਸ਼ੀ ਨੇ ਚੇਤੰਨ ਹੋ ਕੇ ਆਖਿਆ।

"ਮੇਰੇ ਪਿਆਰੇ, ਨਹੀਂ, ਤੁਸੀਂ ਸਮਝਦੇ ਨਹੀਂ ਕਿ ਮੈਂ ਭੋਇੰ ਬਿਲਕੁਲ ਛੱਡ ਰਿਹਾ ਹਾਂ।"

"ਪਰ ਇਸ ਤਰ੍ਹਾਂ ਤਾਂ ਤੁਹਾਨੂੰ ਕੋਈ ਆਮਦਨੀ ਨਹੀਂ ਰਹੇਗੀ।" ਮੁਨਸ਼ੀ ਨੇ ਆਖਿਆ। ਹੁਣ ਉਹ ਮੁਸਕਰਾ ਨਹੀਂ ਰਿਹਾ ਸੀ।

"ਹਾਂ, ਨਹੀਂ ਰਹੇਗੀ, ਮੈਂ ਇਹ ਸਾਰੀ ਛੱਡ ਰਿਹਾ ਹਾਂ।"

ਮੁਨਸ਼ੀ ਨੇ ਇਕ ਡੂੰਘਾ ਹਉਕਾ ਭਰਿਆ। ਉਸ ਦੀ ਮੁਸਕਾਣ ਫਿਰ ਮੁੜ ਆਈ। ਹੁਣ ਉਹ ਸਮਝ ਗਿਆ ਸੀ। ਸਪਸ਼ਟ ਸੀ ਕਿ ਨਖ਼ਲਿਊਦੌਫ਼ ਦੀ ਹੋਸ਼ ਟਿਕਾਣੇ ਨਹੀਂ ਸੀ। ਉਹ ਇਕ ਦਮ ਸੋਚਣ ਲੱਗਾ ਕਿ ਕਿਵੇਂ ਉਹ ਨਖ਼ਲਿਊਦੌਫ਼ ਦੀ ਭੋਇੰ ਤਿਆਗ ਦੇਣ ਦੀ ਵਿਉਂਤ ਤੋਂ ਲਾਭ ਉਠਾ ਸਕਦਾ ਸੀ ਤੇ ਇਸ ਵਿਉਂਤ ਨੂੰ ਆਪਣੇ ਲਾਭ ਦੇ ਦ੍ਰਿਸ਼ਟੀਕੋਨ ਤੋਂ ਵਿਚਾਰਨ ਲੱਗਾ। ਪਰ ਜਦੋਂ ਉਸਨੇ ਵੇਖਿਆ ਕਿ ਇਹ ਵੀ ਸੰਭਵ ਨਹੀਂ ਸੀ, ਤਾਂ ਉਹ ਉਦਾਸ ਹੋ ਗਿਆ। ਉਸ ਨੂੰ ਵਿਉਂਤ ਵਿਚ ਕੋਈ ਦਿਲਚਸਪੀ ਨਾ ਰਹੀ। ਤੇ ਉਹ ਕੇਵਲ ਮਾਲਕ ਨੂੰ ਖ਼ੁਸ਼ ਕਰਨ ਲਈ ਮੁਸਕਰਾਂਦਾ ਰਿਹਾ।

ਇਹ ਦੇਖ ਕੇ ਕਿ ਮੁਨਸ਼ੀ ਉਸ ਦੀ ਗੱਲ ਨਹੀਂ ਸਮਝਦਾ ਸੀ, ਨਖ਼ਲਿਊਦੌਫ਼ ਨੇ ਉਸ ਨੂੰ ਜਾਣ ਦਿੱਤਾ ਤੇ ਆਪ ਬਾਰੀ ਦੀ ਕਟੀ ਫੁੱਟੀ ਤੇ ਸਿਆਹੀ ਨਾਲ ਲਿਬੜੀ ਹੋਈ ਸਿਲ ਉਤੇ ਬੈਠ ਗਿਆ, ਤੇ ਆਪਣੀ ਵਿਉਂਤ ਨੂੰ ਕਾਗਜ਼ ਉਤੇ ਲਿਖਣ ਲਗ ਪਿਆ।

ਨਾਰੰਗੀਆਂ ਦੇ ਪਿੱਛੇ ਸੂਰਜ ਥਲੇ ਹੋਣ ਲਗਾ। ਇਹ ਨਵੇਂ ਹਰੇ ਪੱਤਿਆਂ ਨਾਲ ਢਕੀਆਂ ਹੋਈਆਂ ਸਨ ਤੇ ਮੱਛਰਾਂ ਦੇ ਝੁੰਡ ਉੱਡ ਰਹੇ ਜੋ ਨਖ਼ਲਿਊਦੌਫ਼ ਨੂੰ ਕੱਟ ਰਹੇ ਸਨ। ਉਸ ਨੇ ਹਾਲੀ ਲਿਖਣਾ ਸਮਾਪਤ ਹੀ ਕੀਤਾ ਸੀ ਕਿ ਡੰਗਰਾਂ ਦੇ ਰੰਭਣ ਤੇ ਪਿੰਡ ਵਿਚ ਖੁਲ੍ਹ

ਰਹੇ ਖਿੜਕੀਆਂ ਦੇ ਚੀਕਣ ਦੀ ਤੇ ਇਕੱਤਰਤਾ ਲਈ ਇਕੱਠੇ ਹੋ ਰਹੇ ਕਿਰਸਾਨਾਂ ਦੇ ਬੋਲਣ ਦਾ ਰੋਲਾ ਪੈ ਗਿਆ।

ਉਸ ਨੇ ਮੁਨਸ਼ੀ ਨੂੰ ਕਿਹਾ ਹੋਇਆ ਸੀ ਕਿ ਕਿਰਸਾਨਾਂ ਨੂੰ ਦਫਤਰ ਵਿਚ ਨਾ ਬੁਲਾਇਆ ਜਾਵੇ। ਉਹ ਪਿੰਡ ਵਿਚ ਜਾ ਕੇ ਉਨ੍ਹਾਂ ਲੋਕਾਂ ਨੂੰ ਉਥੇ ਹੀ ਮਿਲਣਾ ਚਾਹੁੰਦਾ ਸੀ, ਜਿੱਥੇ ਉਹ ਆਮ ਇਕੱਠੇ ਹੁੰਦੇ ਸਨ। ਮੁਨਸੀ ਦਾ ਲਿਆਂਦਾ ਚਾਹ ਦਾ ਪਿਆਲਾ ਛੇਤੀ ਛੇਤੀ ਪੀ ਕੇ, ਨਖ਼ਲਿਊਦੌਫ਼ ਪਿੰਡ ਵਿਚ ਨੂੰ ਚਲਾ ਗਿਆ।

-0-

7

ਪਿੰਡ ਦੇ ਪੰਚ ਦੇ ਘਰ ਅੱਗੇ ਇਕੱਠੇ ਹੋਏ ਲੋਕਾਂ ਦੇ ਬੋਲ ਬੁਲਾਰੇ ਦੀ ਆਵਾਜ਼ ਆ ਰਹੀ ਸੀ। ਨਖ਼ਲਿਊਦੌਫ਼ ਦੇ ਆਉਣ ਨਾਲ ਬੋਲ ਬੁਲਾਰਾ ਹੱਟ ਗਿਆ ਤੇ ਕਸਮਿੰਸਕੀ ਦੇ ਕਿਰਸਾਨਾਂ ਵਾਕਰ ਇਨ੍ਹਾਂ ਨੇ ਵੀ ਟੋਪੀਆਂ ਉਤਾਰ ਕੇ ਨਖ਼ਲਿਊਦੌਫ਼ ਦਾ ਸੁਆਗਤ ਕੀਤਾ। ਇਹ ਕਿਰਸਾਨ ਕੁਸਮਿੰਸਕੀ ਦੇ ਕਿਰਸਾਨਾਂ ਨਾਲੋਂ ਵਧੇਰੇ ਗਰੀਬ ਸ਼੍ਰੇਣੀ ਦੇ ਸਨ। ਪੁਰਖਾਂ ਨੇ ਚੰਮੜੀ ਦੀਆਂ ਜੁੱਤੀਆਂ ਤੇ ਘਰ ਦੇ ਕੱਤੇ ਸੂਤ ਦੀਆਂ ਕਮੀਜ਼ਾਂ ਤੇ ਕੋਟ ਪਹਿਣੇ ਹੋਏ ਸਨ। ਕਈ ਪੈਰਾ ਤੋਂ ਨੰਗੇ ਸਨ ਤੇ ਜਿਨ੍ਹਾਂ ਕੱਪੜਿਆਂ ਵਿਚ ਬਾਹਰੋਂ ਕੰਮ ਤੋਂ ਆਏ ਸਨ ਉਨ੍ਹਾਂ ਵਿਚ ਆ ਗਏ ਸਨ।

ਨਖ਼ਲਿਊਦੌਫ਼ ਨੇ ਤਿਆਰ ਕੀਤਾ ਭਾਸ਼ਣ ਆਰੰਭ ਕੀਤਾ। ਉਸਨੇ ਕਿਰਸਾਨਾਂ ਨੂੰ ਆਪਣੀ ਭੂਮੀ ਦੇ ਦੇਣ ਬਾਰੇ ਦੱਸਿਆ। ਕਿਰਸਾਨ ਚੁੱਪ ਸਨ। ਉਨ੍ਹਾਂ ਦੇ ਚਿਹਰੇ ਜਿਉਂ ਦੇ ਤਿਉਂ ਹੀ ਰਹੇ।

"ਕਿਉਂਕਿ ਮੇਰਾ ਮੱਤ ਤੇ ਵਿਸ਼ਵਾਸ਼ ਹੈ," ਨਖ਼ਲਿਊਦੌਫ਼ ਨੇ ਸ਼ਰਮਾਂਦੇ ਹੋਏ ਆਖਿਆ, "ਕਿ ਭੂਮੀ ਨੂੰ ਵਰਤਣ ਦਾ ਹੱਕ ਹਰ ਇਕ ਨੂੰ ਹੈ।"

"ਇਹ ਪੱਕੀ ਗੱਲ ਹੈ।" ਬਿਲਕੁਲ ਏਵੇਂ ਹੀ ਕਈ ਆਵਾਜ਼ਾਂ ਉੱਠੀਆਂ।

ਨਖ਼ਲਿਊਦੌਫ਼ ਨੇ ਅੱਗੋਂ ਕਿਹਾ, "ਭੂਮੀ ਦੀ ਆਮਦਨ ਸਾਰਿਆਂ ਵਿਚ ਵੰਡੀ ਜਾਣੀ ਚਾਹੀਦੀ ਹੈ। ਇਸ ਲਈ ਭੂਮੀ ਦੇਣ ਦੇ ਨਾਲ ਉਸਦਾ ਪ੍ਰਸਤਾਵ ਸੀ ਕਿ ਉਹ ਭੂਮੀ ਦਾ ਆਪੇ ਫੈਸਲਾ ਕਰਕੇ ਚੁਕੌਤਾ ਦਿਆ ਕਰਨ, ਤੇ ਉਹ ਚੁਕੌਤਾ ਉਨ੍ਹਾਂ ਦੇ ਕਾਰਜ ਸਾਧਣ ਲਈ ਹੀ ਇਕ ਸਾਂਝੀ ਰਾਸ ਬਣੇ।" ਪ੍ਰਸੰਸਾ ਤੇ ਅਨੁਮਤੀ ਦੇ ਸ਼ਬਦ ਹਾਲੀ ਉਦੇ ਨਹੀਂ ਹੋਏ ਸਨ, ਕਿਰਸਾਨਾਂ ਦੇ ਗੰਭੀਰ ਚਿਹਰੇ ਹੋਰ ਭੀ ਗੰਭੀਰ ਹੋ ਗਏ, ਤੇ ਅੱਖਾਂ ਜਿਹੜੀਆਂ ਨਖ਼ਲਿਊਦੌਫ਼ ਉਤੇ ਜੰਮੀਆਂ ਹੋਈਆਂ ਸਨ, ਝੁੱਕ ਗਈਆਂ, ਜਿਵੇਂ ਉਹ ਉਸ ਨੂੰ ਇਹ ਦੱਸ ਕੇ ਸ਼ਰਮਿੰਦਾ ਨਾ ਕਰਨਾ ਚਾਹੁੰਦੇ ਹੋਣ ਕਿ ਉਹ ਉਸ ਦੀ ਚਾਲਾਕੀ ਨੂੰ ਸਮਝ ਗਏ ਸਨ ਤੇ ਉਸਦੇ ਧੋਖੇ ਵਿਚ ਨਹੀਂ ਆਉਣ ਵਾਲੇ ਹਨ।

ਨਖ਼ਲਿਊਦੌਫ਼ ਦੇ ਸ਼ਬਦ ਸਪੱਸ਼ਟ ਸਨ ਤੇ ਕਿਰਸਾਨ ਵੀ ਸਮਝਦਾਰ ਸਨ, ਪਰ ਉਹ ਉਸ ਦਾ ਭਾਵ ਨਾ ਸਮਝੇ ਤੇ ਨਾ ਹੀ ਸਮਝ ਸਕਦੇ ਸਨ। ਉਸੇ ਕਾਰਨ ਜਿਸ ਕਾਰਨ ਮੁਨਸੀ ਉਸ ਨੂੰ ਕਿਤਨਾ ਚਿਰ ਸਮਝਣ ਤੋਂ ਅਸਮਰਥ ਰਿਹਾ।

ਉਨ੍ਹਾਂ ਨੂੰ ਪੂਰਾ ਯਕੀਨ ਸੀ ਕਿ ਹਰ ਮਨੁੱਖ ਲਈ ਆਪਣੇ ਲਾਭ ਦੀ ਸੋਚ ਸੁਭਾਵਕ ਹੈ। ਪੀੜ੍ਹੀਆਂ ਦੇ ਤਜਰਬੇ ਤੋਂ ਸਿੱਧ ਸੀ ਕਿ ਭੂ-ਪਤੀ ਕਿਰਸਾਨਾਂ ਨੂੰ ਹਾਣ ਪੁਚਾ ਕੇ ਸਦਾ ਆਪਣੇ ਲਾਭ ਦੀ ਸੋਚਦੇ ਸਨ। ਇਸ ਲਈ ਜੇ ਇਕ ਭੂ-ਪਤੀ ਨੇ ਉਨ੍ਹਾਂ ਨੂੰ ਇਕੱਠ ਵਿਚ ਬੁਲਾਇਆ ਸੀ ਤੇ ਉਨ੍ਹਾਂ ਅੱਗੇ ਕੋਈ ਪ੍ਰਸਤਾਵ ਰਖਿਆ ਸੀ ਤਾਂ ਨਿਸ਼ਚੇ ਹੀ ਉਨ੍ਹਾਂ ਨੂੰ ਪਹਿਲਾਂ ਨਾਲੋਂ ਵਧੇਰੇ ਚਤੁਰਤਾ ਨਾਲ ਠੱਗਣ ਵਾਸਤੇ ਹੋਵੇਗਾ।

"ਹੱਛਾ, ਫਿਰ ਤੁਸੀਂ ਭੋਇੰ ਦਾ ਚੁਕੌਤਾ ਕੀ ਬੰਨ੍ਹੋਗੇ ?" ਨਖ਼ਲਿਊਦੌਫ਼ ਨੇ ਪੁੱਛਿਆ।

"ਅਸੀਂ ਕਿਵੇਂ ਬੰਨ੍ਹ ਸਕਦੇ ਹਾਂ ? ਅਸੀਂ ਨਹੀਂ ਇਹ ਕਰ ਸਕਦੇ। ਭੋਇੰ ਤੁਹਾਡੀ ਹੈ ਤੇ ਤੁਹਾਡੇ ਹੱਥ ਵਿਚ ਹੀ ਅਧਿਕਾਰ ਹੈ, ' ਇਕੱਠ ਵਿਚੋਂ ਕੁਝ ਅਵਾਜ਼ਾਂ ਆਈਆਂ।

"ਬਿਲਕੁਲ ਨਹੀਂ, ਇਹ ਰਾਸ ਤੁਹਾਡੇ ਆਪਣੇ ਸਾਂਝੇ ਕਾਰਜਾਂ ਲਈ ਵਰਤੀ ਜਾਵੇਗੀ।"

"ਅਸੀਂ ਇਹ ਨਹੀਂ ਕਰ ਸਕਦੇ। ਪੰਚਾਇਤ ਹੋਰ ਗੱਲ ਹੈ ਤੇ ਇਹ ਹੋਰ।"

"ਤੁਸੀਂ ਸਮਝਦੇ ਨਹੀਂ ਕਿ ਕੰਵਰ ਤੁਹਾਨੂੰ ਭੋਇੰ ਚੁਕੌਤੇ ਉਤੇ ਦੇਂਦੇ ਹਨ ਤੇ ਫਿਰ ਉਹ ਚੁਕੌਤਾ ਤੁਹਾਡੀ ਪੰਚਾਇਤ ਦੀ ਰਾਸ ਬਨਾਣ ਲਈ ਵਾਪਸ ਕਰਦੇ ਹਨ, " ਮੁਨਸ਼ੀ ਨੇ ਮੁਸਕਰਾਂਦੇ ਹੋਏ ਕਿਹਾ। ਉਹ ਨਖ਼ਲਿਊਦੌਫ਼ ਦੇ ਪਿੱਛੇ ਹੀ ਇਕੱਠ ਵਿਚ ਆ ਗਿਆ ਸੀ।

"ਅਸੀਂ ਬਹੁਤ ਚੰਗੀ ਤਰ੍ਹਾਂ ਸਮਝਦੇ ਹਾਂ, " ਇਕ ਚਿੜਚਿੜੇ ਦੰਦ-ਬੋੜੇ ਬੁੱਢੇ ਨੇ ਆਪਣੀਆਂ ਅੱਖਾਂ ਚੁੱਕਣ ਤੋਂ ਬਿਨਾਂ ਹੀ ਕਹਿ ਦਿੱਤਾ। "ਇਕ ਤਰ੍ਹਾਂ ਦਾ ਬੈਂਕ, ਅਸਾਨੂੰ ਬੰਨ੍ਹਵੇਂ ਸਮੇਂ ਭੁਗਤਾਨ ਕਰਨੀ ਪਵੇਗੀ। ਅਸੀਂ ਇਹ ਨਹੀਂ ਚਾਹੁੰਦੇ। ਅਸੀਂ ਅੱਗੇ ਹੀ ਬੜੇ ਔਖੇ ਹਾਂ, ਇਸ ਨਾਲ ਤਾਂ ਬਿਲਕੁਲ ਬਰਬਾਦ ਹੋ ਜਾਵਾਂਗੇ।"

"ਇਹ ਗੱਲ ਨਹੀਂ ਚਲਣੀ। ਅਸਾ ਨੂੰ ਪਹਿਲਾ ਪ੍ਰਬੰਧ ਹੀ ਚੰਗਾ ਹੈ, " ਕਈ ਅਸੰਤੁਸ਼ਟ ਅਵਾਜ਼ਾਂ ਆਈਆਂ ਜਿਨ੍ਹਾਂ ਵਿਚ ਕੁਝ ਗੁਸਤਾਖ਼ੀ ਵੀ ਸੀ।

ਜਦੋਂ ਨਖ਼ਲਿਊਦੋਫ਼ ਨੇ ਦੱਸਿਆ ਕਿ ਉਹ ਇਕ ਇਕਰਾਰਨਾਮਾ ਬਣਾਏਗਾ ਜਿਸ ਉਤੇ ਉਹ ਆਪ ਤੇ ਕਿਰਸਾਨ ਦਸਤਖ਼ਤ ਕਰਨਗੇ ਤਾਂ ਕਿਰਸਾਨਾਂ ਦੀ ਨਾਂਹ ਹੋਰ ਭੀ ਤਿੱਖੀ ਹੋ ਗਈ।

"ਆਖਿਰ ਕਿਉਂ ? ਅਸੀਂ ਉਸੇ ਤਰ੍ਹਾਂ ਕੰਮ ਕਰਦੇ ਚਲਾਂਗੇ ਜਿਵੇਂ ਸਦਾ ਕਰਦੇ ਆ ਰਹੇ ਹਾਂ। ਇਹ ਸਭ ਕੁਝ ਕਾਹਦੇ ਲਈ ? ਅਸੀਂ ਬੇਸਮਝ ਲੋਕ ਹਾਂ।"

"ਅਸੀਂ ਨਹੀਂ ਮੰਨ ਸਕਦੇ ਕਿਉਂਕਿ ਇਹ ਸਾਨੂੰ ਬਹੁਤ ਅਨੋਖੀ ਗੱਲ ਲਗਦੀ ਹੈ। ਚਲਣ ਦਿਓ ਜਿਵੇਂ ਚਲੀ ਆਈ ਹੈ। ਅਸੀਂ ਕੇਵਲ ਬੀਜ ਦੀ ਹੀ ਛੋਟ ਚਾਹੁੰਦੇ ਹਾਂ।"

ਇਸਦਾ ਭਾਵ ਸੀ ਕਿ ਵਰਤਮਾਨ ਪ੍ਰਬੰਧ ਵਿਚ ਬੀਜ ਕਿਰਸਾਨਾਂ ਨੂੰ ਦੇਣਾ ਪੈਂਦਾ ਸੀ ਤੇ ਉਹ ਚਾਹੁੰਦੇ ਸਨ ਕਿ ਭੂ-ਪਤੀ ਦੇਵੇ।

"ਤਾਂ ਫਿਰ ਮੈਂ ਇਹ ਸਮਝਾਂ ਕਿ ਤੁਸੀਂ ਭੋਇੰ ਲੈਣ ਤੋਂ ਇਨਕਾਰੀ ਹੋ?" ਨਖ਼ਲਿਊਦੋਫ਼ ਨੇ ਇਕ ਅਧੇੜ ਉਮਰ, ਨੰਗੇ ਪੈਰ ਕਿਰਸਾਨ ਨੂੰ ਪੁੱਛਿਆ, ਜਿਸ ਦਾ ਮਸਤਕ ਕੁਝ ਚੇਤੰਨ ਜਾਪਦਾ ਸੀ। ਉਸਨੇ ਇਕ ਫੱਟਿਆ ਪੁਰਾਣਾ ਕੋਟ ਪਹਿਨਿਆ ਹੋਇਆ ਸੀ। ਆਪਣੀ ਘਸੀ ਹੋਈ ਟੋਪੀ ਖੱਬੇ ਹੱਥ ਵਿਚ ਉਸ ਵਿਸ਼ੇਸ਼ ਸਿੱਧੇ ਢੰਗ ਨਾਲ ਪਕੜੀ ਹੋਈ ਸੀ ਜਿਸ ਤਰ੍ਹਾਂ ਸੈਨਿਕ ਟੋਪੀਆਂ ਉਤਾਰਨ ਦੇ ਹੁਕਮ ਉਤੇ ਕਰਦੇ ਹਨ।

"ਹਾਂ, ਇਵੇਂ ਹੀ ਸਮਝੋ, ' ਕਿਰਸਾਨ ਨੇ ਕਿਹਾ। ਪ੍ਰਤੱਖ ਸੀ ਕਿ ਉਸ ਤੋਂ ਹਾਲੀ ਸੈਨਿਕ ਜੀਵਨ ਦਾ ਉਹ ਜਾਦੂ ਲੱਥਾ ਨਹੀਂ ਸੀ ਜਿਸ ਦੇ ਅਧੀਨ ਉਹ ਆਪਣੀ ਨੌਕਰੀ ਸਮੇਂ ਰਿਹਾ ਸੀ।

"ਤੁਹਾਡਾ ਮਤਲਬ ਹੈ ਕਿ ਤੁਹਾਡੇ ਪਾਸ ਕਾਫ਼ੀ ਭੋਇੰ ਹੈ ?" ਨਖ਼ਲਿਊਦੋਫ਼ ਨੇ ਪੁੱਛਿਆ।

"ਨਹੀਂ, ਸਰਕਾਰ ਸਾਡੇ ਪਾਸ ਨਹੀਂ" ਪੁਰਾਣੇ ਸੈਨਿਕ ਨੇ ਆਖਿਆ। ਉਸ ਦੇ ਮੂੰਹ ਉੱਤੇ ਇਕ ਬਨਾਵਟੀ ਪ੍ਰਸ਼ੰਸਾ ਸੀ ਤੇ ਉਹ ਆਪਣੀ ਫੱਟੀ ਪੁਰਾਣੀ ਟੋਪੀ ਆਪਣੇ ਅੱਗੇ ਇਸ ਤਰ੍ਹਾਂ ਪਕੜੀ ਖੜ੍ਹਾ ਸੀ ਜਿਵੇਂ ਜੇ ਕਿਸੇ ਨੂੰ ਇਹ ਪਸੰਦ ਹੋਵੇ ਉਸ ਤੋਂ ਲੈ ਲਵੇ।

"ਅੱਛਾ ਜਿਵੇਂ ਜੋ ਵੀ ਹੈ। ਬਿਹਤਰ ਹੈ ਤੁਸੀਂ ਜੋ ਕੁਝ ਮੈਂ ਆਖਿਆ ਹੈ ਇਸ ਉਪਰ ਫਿਰ ਵਿਚਾਰ ਕਰੋ, " ਨਖ਼ਲਿਊਦੋਫ਼ ਹੈਰਾਨ ਹੋ ਕੇ ਕਹਿ ਰਿਹਾ ਸੀ ਤੇ ਉਸ ਨੇ ਆਪਣਾ ਪ੍ਰਸਤਾਵ ਦੁਹਰਾਇਆ।

"ਸਾਨੂੰ ਇਸ ਉਤੇ ਵਿਚਾਰ ਕਰਨ ਦੀ ਲੋੜ ਨਹੀਂ। ਜਿਵੇਂ ਅਸਾਂ ਆਖਿਆ ਹੈ ਇਵੇਂ ਹੀ ਹੈ, " ਚਿੜਚਿੜਾ, ਦੰਦ-ਬੋੜਾ ਬੁੱਢਾ ਗੁੱਸੇ ਨਾਲ ਬੁੜ-ਬੁੜਾਇਆ।

"ਮੈਂ ਕਲ੍ਹ ਵੀ ਇੱਥੇ ਹੀ ਹਾਂ ਤੇ ਜੇ ਤੁਹਾਡਾ ਵਿਚਾਰ ਬਦਲ ਜਾਵੇ ਤਾਂ ਮੈਨੂੰ ਸੁਨੇਹਾ ਭੇਜ ਦੇਣਾ।"

ਕਿਰਸਾਨਾਂ ਨੇ ਕੋਈ ਉੱਤਰ ਨਾ ਦਿੱਤਾ।

ਇਸ ਤਰ੍ਹਾਂ ਨਖ਼ਲਿਊਦੌਫ਼ ਇਸ ਗੱਲਬਾਤ ਵਿਚੋਂ ਕਿਸੇ ਨਤੀਜੇ ਉੱਤੇ ਨਾ ਪਹੁੰਚ ਸਕਿਆ।

ਜਦੋਂ ਉਹ ਘਰ ਪਹੁੰਚੇ ਤਾਂ ਮੁਨਸ਼ੀ ਨੇ ਕਿਹਾ, "ਹਜੂਰ, ਜੇ ਮੈਨੂੰ ਕੁਝ ਕਹਿਣ ਦੀ ਆਗਿਆ ਹੋਵੇ, ਤੁਸੀਂ ਇਨ੍ਹਾਂ ਨਾਲ ਕਿਸੇ ਸਮਝੌਤੇ ਉੱਤੇ ਨਹੀਂ ਪਹੁੰਚੰਗੋ। ਇਹ ਬੜੇ ਜ਼ਿੱਦੀ ਹਨ। ਇਕੱਠ ਵਿਚ ਇਹ ਲੋਕ ਇਕ ਥਾਉਂ ਜੰਮ ਜਾਂਦੇ ਹਨ ਤੇ ਉੱਥੋਂ ਉਨ੍ਹਾਂ ਨੂੰ ਹਿਲਾਇਆ ਨਹੀਂ ਜਾ ਸਕਦਾ। ਕਾਰਨ ਇਹ ਕਿ ਇਹ ਹਰ ਸ਼ੈ ਤੋਂ ਡਰਦੇ ਹਨ। ਨਹੀਂ ਤਾਂ ਏਹੀ ਕਿਰਸਾਨ..... ਉਹ ਧੌਲ-ਦਾੜ੍ਹੀਆ ਜਾਂ ਦੂਜਾ ਸਾਂਵਲਾ ਜੇਹੜੇ ਇਨਕਾਰ ਕਰ ਰਹੇ ਸਨ, ਸਮਝਦਾਰ ਆਦਮੀ ਹਨ। ਜਦੋਂ ਉਨ੍ਹਾਂ ਵਿਚੋਂ ਕੋਈ ਦਫ਼ਤਰ ਵਿਚ ਆਉਂਦਾ ਹੈ ਤੇ ਉਸ ਨੂੰ ਇਕ ਚਾਹ ਦੀ ਪਿਆਲੀ ਲਈ ਬੈਠਾ ਲਈਦਾ ਹੈ ਤਾਂ ਇਹ ਇਕ ਅਕਲ ਦਾ ਕੋਟ ਬਣ ਜਾਂਦਾ ਹੈ। ਉਹ ਬਿਲਕੁਲ ਇਕ ਰਾਜਨਾਇਕ ਹੁੰਦਾ ਹੈ, " ਮੁਨਸ਼ੀ ਨੇ ਮੁਸਕਰਾਂਦੇ ਆਖਿਆ, "ਉਹ ਸਭ ਕਾਸੇ ਤੇ ਠੀਕ ਵਿਚਾਰ ਕਰਦਾ ਹੈ। ਪਰ ਇਕੱਠ ਵਿਚ ਉਹ ਇਕ ਬਿਲਕੁਲ ਵੱਖਰਾ ਆਦਮੀ ਬਣ ਜਾਂਦਾ ਹੈ। ਇਕੋ ਗੱਲ ਦੀ ਰਟ ਲਗਾਈ ਜਾਂਦਾ ਹੈ।"

"ਅੱਛਾ, ਤਾਂ ਕੁਝ ਵਧੇਰੇ ਸਮਝਦਾਰ ਕਿਰਸਾਨਾਂ ਨੂੰ ਇਥੇ ਨਹੀਂ ਬੁਲਾਇਆ ਜਾ ਸਕਦਾ?" ਨਖ਼ਲਿਊਦੌਫ਼ ਨੇ ਕਿਹਾ, "ਮੈਂ ਉਨ੍ਹਾਂ ਨੂੰ ਸਾਵਧਾਨੀ ਨਾਲ ਸਭ ਕੁਝ ਸਮਝਾਵਾਂਗਾ।"

"ਇਹ ਹੋ ਸਕਦਾ ਹੈ, " ਮੁਸਕਰਾਂਦੇ ਮੁਨਸ਼ੀ ਨੇ ਆਖਿਆ।

"ਚੰਗਾ, ਉਨ੍ਹਾਂ ਨੂੰ ਕਲ੍ਹ ਬੁਲਾ ਲਵੋ "

"ਮੈ ਜ਼ਰੂਰ ਬੁਲਾਵਾਂਗਾ, " ਮਨਸ਼ੀ ਬੋਲਿਆ ਤੇ ਹੋਰ ਵੀ ਖ਼ੁਸ਼ ਹੋ ਕੇ ਮੁਸਕਰਾਇਆ, "ਮੈਂ ਉਨ੍ਹਾਂ ਨੂੰ ਕਲ੍ਹ ਵਾਸਤੇ ਸੱਦ ਲਵਾਂਗਾ।"

"ਉਸ ਨੂੰ ਸੁਣੇ ਤਾਂ ਸਹੀ, ਉਹ ਚਲਾਕ ਨਹੀਂ ! ਬਿਲਕੁਲ ਨਹੀਂ," ਇਕ ਕਾਲੇ ਵਾਲ ਅਲੜੀ ਦਾੜ੍ਹੀ ਵਾਲੇ ਕਿਰਸਾਨ ਨੇ, ਜੋ ਇਕ ਚੰਗੀ ਪਲੀ ਹੋਈ ਘੋੜੀ ਉਤੇ ਹਿਲੂਣੇ ਖਾਂਦਾ ਬੈਠਾ ਸੀ, ਫੱਟੇ ਕੋਟ ਵਾਲੇ ਬੁੱਢੇ ਕਿਰਸਾਨ ਨੂੰ ਸੰਬੋਧਨ ਕਰਕੇ ਕਿਹਾ, ਜੋ ਉਨ੍ਹਾਂ ਦੇ ਬਰਾਬਰ ਇਕ ਹੋਰ ਘੋੜੇ ਉਤੇ ਸਵਾਰ ਸੀ। ਦੋਵੇਂ ਕਿਰਸਾਨਾਂ ਦੇ ਘੋੜਿਆਂ ਦੇ ਇਕ ਝੁੰਡ ਨੂੰ ਰਾਤ ਸਮੇਂ ਵੱਡੀ ਸੜਕ ਦੇ ਨਾਲ ਨਾਲ, ਚੋਰੀ ਛਪੇ ਜਿੰਮੀਂਦਾਰ ਦੇ ਜੰਗਲ ਵਿਚ ਚਰਾਂਦੇ ਫਿਰਦੇ ਸਨ।

"ਤੁਹਾਨੂੰ ਮੁਫ਼ਤ ਭੋਇੰ ਦਿੰਦੇ ਹਨ, ਕੇਵਲ ਤੁਹਾਨੂੰ ਅੱਖਰ ਕਰਨ ਦੀ ਲੋੜ ਹੈ... ਬਹੁਤ ਵਾਰੀ ਨਹੀਂ ਇਨ੍ਹਾਂ ਨੇ ਸਾਡੇ ਵਰਗਿਆਂ ਨੂੰ ਅੱਗੇ ਠੱਗਿਆ ? ਨਹੀਂ, ਮੇਰੇ ਯਾਰ ਇਸ ਪਖੰਡ ਨੂੰ ਛੱਡ। ਹੁਣ ਸਾਨੂੰ ਕੁਝ ਸਮਝ ਆ ਗਈ ਹੈ, " ਉਸ ਨੇ ਅੱਗੋਂ ਆਖਿਆ ਤੇ ਇਕ ਵਿਛੜੇ ਹੋਏ ਵਛੇਰੇ ਨੂੰ ਵਾਜ ਦੇਣ ਲੱਗਾ।

ਉਸ ਨੇ ਆਪਣੇ ਘੋੜੇ ਨੂੰ ਖੜ੍ਹਾ ਕਰਕੇ ਇਧਰ ਉਧਰ ਦੇਖਿਆ। ਪਰ ਵਛੇਰਾ ਪਿੱਛੇ ਨਹੀਂ ਰਹਿ ਗਿਆ ਸੀ, ਸੜਕ ਦੇ ਨਾਲ ਨਾਲ ਘਾਹ ਦੇ ਮੈਦਾਨ ਵਿਚ ਵੜ ਗਿਆ ਸੀ।

"ਵੇਖ ਇਸ ਤੁਰਕ ਦੇ ਪੁੱਤਰ ਨੂੰ ਜ਼ਿਮੀਂਦਾਰ ਦੀ ਚਰਾਂਦ ਵਿਚ ਜਾਣ ਦੀ ਆਦਤ ਪੈ ਗਈ ਹੈ, " ਸਾਂਵਲੇ ਅਣਵਾਹੀ ਦਾੜ੍ਹੀ ਵਾਲੇ ਕਿਰਸਾਨ ਨੇ ਕਿਹਾ। ਉਹ ਹਿਣ-ਹਿਣਾਂਦੇ ਵਛੇਰੇ ਦੇ ਪੈਰਾਂ ਹੇਠ ਖੱਡੀ ਬੂਟੀ ਦੀਆਂ ਟਾਹਣੀਆਂ ਦੀ ਕਣ ਕਣ ਸੁਣਨ ਲੱਗਾ। ਵਛੇਰਾ ਸੁਗੰਧੀ ਭਰੇ ਘਾਹ ਦੇ ਮੈਦਾਨ ਵਿਚ ਸਰਪੱਟ ਦੌੜ ਰਿਹਾ ਸੀ।

"ਤੈਨੂੰ ਇਹ ਕੁੜ ਕੁੜ ਸੁਣਦੀ ਹੈ ? ਕਿਸੇ ਵਿਹਲੇ ਦਿਨ ਅਸਾਨੂੰ ਤੀਵੀਆਂ ਨੂੰ ਇਸ ਮੈਦਾਨ ਦੀ ਗੋਡੀ ਕਰਨ ਭੇਜਣਾ ਪਵੇਗਾ, ਨਹੀਂ ਤਾਂ ਸਾਡੀਆਂ ਦਾਤੀਆਂ ਖੁੰਡੀਆਂ ਹੋ ਜਾਣਗੀਆਂ, ' ਫੱਟੇ ਕੋਟ ਵਾਲੇ ਲਿੱਸੇ ਕਿਰਸਾਨ ਨੇ ਕਿਹਾ।

"ਉਹ ਕਹਿੰਦਾ ਹੈ ਦਸਤਖਤ ਕਰ ਦਿਉ," ਅਣਵਾਹੀ ਦਾੜ੍ਹੀ ਵਾਲੇ ਆਦਮੀ ਨੇ ਫਿਰ ਕਿਹਾ। "ਜ਼ਰੂਰ ਦਸਤਖ਼ਤ ਕਰੋ ਜੀ ਤੇ ਅਸਾਨੂੰ ਜੀਉਂਦਿਆਂ ਨੂੰ ਉਹ ਨਿੱਗਲ ਲਵੇ, " ਉਸਦਾ ਭੂ-ਪਤੀ ਦੇ ਭਾਸ਼ਣ ਬਾਰੇ ਵਿਚਾਰ ਸੀ।

"ਇਹ ਸੋਲਾਂ ਆਨੇ ਸੱਚ ਜੇ, " ਬੁੱਢੇ ਨੇ ਉੱਤਰ ਦਿੱਤਾ। ਫਿਰ ਦੋਵੇਂ ਚੁੱਪ ਹੋ ਗਏ ਤੇ ਕੇਵਲ ਸੜਕ ਉਤੇ, ਘੋੜਿਆਂ ਦੇ ਪੈੜਾਂ ਦੀ ਹੀ ਅਵਾਜ਼ ਆ ਰਹੀ ਸੀ।

-0-

8

ਜਦ ਨਖ਼ਲਿਊਦੋਂਫ਼ ਵਾਪਸ ਆਇਆ, ਉਸ ਨੇ ਦੇਖਿਆ ਕਿ ਦਫ਼ਤਰ ਨੂੰ ਉਸ ਦੇ ਸੌਣ ਵਾਲਾ ਕਮਰਾ ਬਣਾ ਦਿੱਤਾ ਗਿਆ ਸੀ। ਇਕ ਖੰਭਾਂ ਦੇ ਬਿਸਤਰੇ ਵਾਲਾ ਉੱਚਾ ਪਲੰਘ ਅਤੇ ਦੋ ਵੱਡੇ ਸਰਾਣੇ ਕਮਰੇ ਵਿਚ ਰੱਖ ਦਿੱਤੇ ਗਏ ਸਨ। ਬਿਸਤਰੇ ਉੱਤੇ ਇਕ ਲੰਮੀ ਕਾਲੀ ਲਾਲ, ਵਾਹਣਾ ਭਰੀ ਤੇ ਨਿਗਦੀ ਹੋਈ ਰੇਸ਼ਮੀ ਰਜਾਈ ਵਿਛੀ ਹੋਈ ਸੀ। ਇਹ ਮੁਨਸ਼ੀ ਦੀ ਵਹੁੱਟੀ ਨੇ ਸਟੋਰ ਵਿਚੋਂ ਕੱਢੀ ਹੋਈ ਲਗਦੀ ਸੀ। ਮੁਨਸ਼ੀ ਨੇ ਨਖ਼ਲਿਊਦੋਂਫ਼ ਨੂੰ ਦੁਪਹਿਰ ਦਾ ਬਚਿਆ ਹੋਇਆ ਖਾਣਾ ਖਾਣ ਲਈ ਪੁੱਛਿਆ। ਪਰ ਨਖ਼ਲਿਊਦੋਂਫ਼ ਨੇ ਨਾ ਖਾਧਾ। ਸੋ ਮੁਨਸ਼ੀ ਗਰੀਬੜੇ ਖਾਣੇ ਤੇ ਨਿਵਾਸ ਦੀ ਮੁਆਫੀ ਮੰਗਕੇ ਨਖ਼ਲਿਊਦੋਂਫ਼ ਪਾਸੋਂ ਚਲਾ ਗਿਆ।

ਕਿਰਸਾਨਾਂ ਦੀ ਨਾਂਹ ਨੇ ਨਖ਼ਲਿਊਦੋਂਫ਼ ਨੂੰ ਦੁੱਖੀ ਨਾ ਕੀਤਾ। ਇਸ ਦੇ ਉਲਟ ਭਾਵੇਂ ਕੁਸਮਿੰਸਕੀ ਵਿਚ ਇਸ ਦੀ ਦੇਣ ਮੰਨੀ ਗਈ ਸੀ ਅਤੇ ਉਸਦਾ ਇਸ ਵਾਸਤੇ ਸ਼ੁਕਰੀਆਂ ਵੀ ਕੀਤਾ ਗਿਆ, ਇੱਥੇ ਉਸ ਨੂੰ ਸ਼ੱਕ ਤੋਂ ਦੁਸ਼ਮਣੀ ਤਕ ਦਾ ਸਾਹਮਣਾ ਕਰਨਾ ਪਿਆ, ਤਾਂ ਵੀ ਉਹ ਖ਼ੁਸ਼ ਤੇ ਸੰਤੁਸ਼ਟ ਮਹਿਸੂਸ ਕਰ ਰਿਹਾ ਸੀ।

ਇਹ ਦਫ਼ਤਰ ਬਹੁਤਾ ਸਾਫ਼ ਤੇ ਹਵਾਦਾਰ ਨਹੀਂ ਸੀ। ਨਖ਼ਲਿਊਦੋਂਫ਼ ਬਾਹਰ ਵਿਹੜੇ ਵਿਚ ਗਿਆ। ਉਹ ਬਾਗ ਵੱਲ ਜਾ ਰਿਹਾ ਸੀ ਕਿ ਉਸ ਨੂੰ ਉਹ ਰਾਤ ਯਾਦ ਆਈ, ਨੌਕਰਾਣੀ ਦੇ ਕਮਰੇ ਦੀ ਬਾਰੀ, ਪਾਸੇ ਦੀ ਡਿਉਢੀ..... ਅਤੇ ਉਸ ਨੇ ਬੇਚੈਨੀ ਜੇਹੀ ਮਹਿਸੂਸ ਕੀਤੀ ਅਤੇ ਉਸ ਥਾਂ ਜਿਸ ਨੂੰ ਭੈੜੀਆਂ ਯਾਦਾਂ ਨੇ ਅਪਵਿੱਤਰ ਕੀਤਾ ਹੋਇਆ ਸੀ, ਜਾਣਾ ਪਸੰਦ ਨਾ ਕੀਤਾ। ਉਹ ਕਮਰੇ ਦੀ ਦਹਿਲੀਜ਼ ਉੱਤੇ ਬੈਠ ਗਿਆ ਅਤੇ ਨਿੱਘੀ ਹਵਾ ਵਿਚ ਸਾਹ ਲੈਣ ਲੱਗਾ, ਜੇਹੜੀ ਕਿ ਹਰੇ ਬਰਚੇ ਦੇ ਪੱਤਿਆਂ ਦੀ ਖ਼ੁਸ਼ਬੋ ਨਾਲ ਭਰੀ ਹੋਈ ਸੀ। ਉਹ ਉੱਥੇ ਅਨ੍ਹੇਰੇ ਬਾਗ ਵੱਲ ਦੇਖਦਾ ਬਹੁਤ ਚਿਰ ਕਾਰਖ਼ਾਨੇ ਦੀ ਅਵਾਜ਼ ਤੇ ਬੁਲਬੁਲਾਂ ਦੀ ਚਹਚਹਾਟ ਤੇ ਕੁਝ ਪੰਛੀਆਂ, ਜੇਹੜੇ ਨੇੜੇ ਦੀ ਝਾੜੀ ਵਿਚ ਲੁਕੇ ਅਕਾ ਦੇਣ ਵਾਲੀਆਂ ਸੀਟੀਆਂ ਵਜਾ ਰਹੇ ਸਨ, ਦੀਆ ਅਵਾਜ਼ਾਂ ਸੁਣਦਾ ਰਿਹਾ। ਮੁਨਸ਼ੀ ਦੀ ਖਿੜਕੀ ਵਿਚਲੀ ਰੋਸਨੀ ਗਾਇਬ ਹੋ ਗਈ। ਪੂਰਬ ਵਿਚ ਦਾਣਿਆਂ ਵਾਲੇ ਕੋਠੇ ਦੇ ਪਿੱਛੇ ਚੰਨ ਦੀ ਚਾਨਣੀ ਦਿੱਸਣ ਲੱਗੀ ਅਤੇ ਬਿਜਲੀ ਦੀ ਲਿਸ਼ਕ ਜ਼ਿਆਦਾ ਤੋਂ ਜ਼ਿਆਦਾ ਜੀਰਿਤ ਘਰ ਅਤੇ ਖਿੜੇ

ਤੇ ਭਰਪੂਰ ਬਾਗ ਨੂੰ ਦਰਸਾ ਰਹੀ ਸੀ। ਦੂਰ ਬੱਦਲ ਗਰਜਣਾ ਸ਼ੁਰੂ ਹੋਇਆ ਤੇ ਕਾਲੀ ਘਟਾ ਨੇ ਆਕਾਸ਼ ਦਾ ਤਿਹਾਈ ਹਿੱਸਾ ਢੱਕ ਲਿਆ। ਬੁਲਬੁਲ ਅਤੇ ਹੋਰ ਪੰਛੀ ਚੁੱਪ ਹੋ ਗਏ ਸਨ। ਕਾਰਖਾਨੇ ਵਿਚੋਂ ਬੁੜ ਬੁੜ ਦੇ ਉਤੋਂ ਦੀ ਪਾਣੀ ਦੀ ਬੱਤਖਾਂ ਦੀ ਗੜੈਂ ਗੜੈਂ ਸੁਣਾਈ ਦੇਣ ਲੱਗੀ ਅਤੇ ਫਿਰ ਪਿੰਡ ਵਿਚ ਅਤੇ ਮੁਨਸ਼ੀ ਦੇ ਵਿਹੜੇ ਵਿਚ ਨਿਤਪ੍ਰਤਿ ਦੇ ਪਹਿਲਾਂ ਕੁੱਕੜ ਦੀ ਪਹਿਲੀ ਬਾਂਗ ਦੀ ਅਵਾਜ਼ ਆਈ, ਜਿਸ ਤਰ੍ਹਾਂ ਨਿੱਘੀਆਂ ਤੋਂ ਗਰਜਦੀਆਂ ਰਾਤਾਂ ਨੂੰ ਹੁੰਦਾ ਹੈ। ਕਹਾਵਤ ਹੈ ਕਿ ਜੇ ਕੁੱਕੜ ਪਹਿਲਾਂ ਬਾਂਗਾਂ ਦੇਣ ਲੱਗ ਜਾਣ ਤਾਂ ਰਾਤ ਜਿਆਦਾ ਸੁਹਾਵਣੀ ਹੋਵੇਗੀ। ਨਖ਼ਲਿਊਦੌਫ਼ ਲਈ ਰਾਤ ਇਸ ਤੋਂ ਵੱਧ, ਆਨੰਦ ਮਈ ਤੇ ਮਨਮੋਹਕ ਸੀ। ਕਲਪਨਾ ਨੇ ਉਸ ਖੁਸ਼ੀ ਭਰੀ ਗਰਮ ਰੁੱਤ ਦੀ ਯਾਦ ਤਾਜਾ ਕਰ ਦਿੱਤੀ ਜਿਸ ਨੇ ਉਸ ਨੂੰ ਪਹਿਲਾਂ ਵਰਗਾ ਅਹਿਸਾਸ ਦਿੱਤਾ। ਅਜਿਹਾ ਉਸ ਨੇ ਜੀਵਨ ਦੀਆਂ ਉਤਮ ਘੜੀਆਂ ਵਿਚ ਵੀ ਅਨੁਭਵ ਨਹੀਂ ਸੀ ਕੀਤਾ, ਅੱਜ ਉਹ ਆਪਣੇ ਆਪ ਨੂੰ ਚੌਦਾਂ ਵਰ੍ਹਿਆਂ ਦਾ ਫਿਰ ਮਹਿਸੂਸ ਕਰ ਰਿਹਾ ਸੀ। ਉਦੋਂ ਉਸਨੇ ਪ੍ਰਾਰਥਨਾ ਕੀਤੀ ਸੀ ਕਿ ਪਰਮਾਤਮਾ ਉਸ ਨੂੰ ਸਚਾਈ ਦਾ ਰਾਹ ਦਿਖਾਵੇ, ਜਾਂ ਇਕ ਬੱਚੇ ਵਰਗਾ ਜੋ ਮਾਂ ਦੀ ਗੋਦ ਵਿਚ ਰੋਂਦਾ ਹੈ ਅਤੇ ਇਹ ਇਕਰਾਰ ਕਰਦਾ ਹੈ ਕਿ ਉਹ ਹਮੇਸ਼ਾ ਅੱਛਾ ਰਹੇਗਾ ਅਤੇ ਕਦੇ ਉਸ ਨੂੰ ਦੁੱਖ ਨਹੀਂ ਦੇਵੇਗਾ। ਉਸ ਨੇ ਉਸ ਤਰ੍ਹਾਂ ਮਹਿਸੂਸ ਕੀਤਾ ਜਿਸ ਤਰ੍ਹਾਂ ਉਦੋਂ ਕੀਤਾ ਸੀ ਜਦੋਂ ਉਸ ਨੇ ਤੇ ਨਿਕੋਲੈਕਾ ਇਰਤਿਨਿਯੇਫ਼ ਨੇ ਸਦਾ ਇਕ ਦੂਜੇ ਨੂੰ ਚੰਗੀ ਜ਼ਿੰਦਗੀ ਬਿਤਾਉਣ ਵਿਚ ਮਦਦ ਕਰਨ ਅਤੇ ਹਰ ਇਕ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕਰਨ ਦੀ ਪ੍ਰਤਿਗਿਆ ਕੀਤੀ ਸੀ।

ਉਸ ਨੂੰ ਯਾਦ ਆਇਆ, ਕਿਸ ਤਰ੍ਹਾਂ ਕੁਸਮਿੰਸਕੀ ਵਿਚ ਉਹ ਲਾਲਚ ਵਿਚ ਆ ਗਿਆ ਸੀ, ਜਿਸ ਲਈ ਉਹ ਘਰ, ਜੰਗਲ ਤੇ ਫਾਰਮ ਅਤੇ ਧਰਤੀ ਮੁਫਤ ਦੇਣ ਦਾ ਅਫਸੋਸ ਕਰਨ ਲੱਗਾ ਸੀ ਤੇ ਉਸ ਨੇ ਆਪਣੇ ਆਪ ਨੂੰ ਪੁੱਛਿਆ ਕਿ ਕੀ ਉਹ ਹੁਣ ਵੀ ਉਨ੍ਹਾਂ ਬਾਰੇ ਅਫ਼ਸੋਸ ਕਰਦਾ ਸੀ, ਹੁਣ ਇਹ ਸੋਚਣਾ ਭੀ ਅਜੀਬ ਲੱਗਾ ਕਿ ਉਸ ਨੂੰ ਉਨ੍ਹਾਂ ਦਾ ਅਫਸੋਸ ਹੋ ਸਕਿਆ ਸੀ। ਉਸ ਨੇ ਜੋ ਕੁਝ ਅੱਜ ਦੇਖਿਆ ਸੀ, ਯਾਦ ਕੀਤਾ : ਬੱਚਿਆਂ ਵਾਲੀ ਤੀਵੀਂ ਜਿਸ ਦਾ ਪਤੀ ਨਖ਼ਲਿਊਦੌਫ਼ ਦੇ ਜੰਗਲ ਵਿਚੋਂ ਬ੍ਰਿਛ ਕੱਟਣ ਪਿੱਛੇ ਜੇਲ੍ਹ ਵਿਚ ਸੀ ਅਤੇ ਵਿਚਾਰੀ ਮੰਤਰੀਨਾ ਜੋ ਸਮਝਦੀ ਸੀ, ਜਾਂ ਇਉਂ ਗੱਲਾਂ ਕਰਦੀ ਸੀ ਜਿਵੇਂ ਸਮਝਦੀ ਹੋਵੇ ਕਿ ਉਸ ਦੀ ਹੈਸੀਅਤ ਵਿਚ ਇਸਤਰੀਆਂ ਨੂੰ ਭੱਦਰ ਲੋਕਾਂ ਅੱਗੇ ਹਾਰਨਾ ਚਾਹੀਦਾ ਹੈ। ਉਸ ਨੇ ਉਸ ਦਾ ਬੱਚਿਆਂ ਬਾਰੇ ਰਵੱਈਆ ਯਾਦ ਕੀਤਾ, ਜਿਸ ਤਰ੍ਹਾਂ ਉਹ ਯਤੀਮਖਾਨੇ ਲਿਜਾਏ

ਜਾਂਦੇ, ਬਦ-ਕਿਸਮਤ ਹੱਸਮੁੱਖ ਮੁਰਝਾਏ ਹੋਏ, ਟਾਕੀਆਂ ਵਾਲੀਆਂ ਟੋਪੀਆਂ ਵਾਲੇ ਬੱਚੇ, ਭੁੱਖ ਨਾਲ ਨਾਲ ਮਰ ਰਹੇ, ਅਤੇ ਕਮਜ਼ੋਰ ਗਰਭਵਤੀ ਇਸਤਰੀ ਜੋ ਉਸ ਵਾਸਤੇ ਕੰਮ ਕਰਨ ਲਈ ਮਜਬੂਰ ਸੀ, ਕਿਉਂਕਿ ਜ਼ਿਆਦਾ ਕੰਮ ਕਾਰਨ ਉਸ ਨੇ ਆਪਣੀ ਭੁੱਖੀ ਗਾਂ ਦਾ ਧਿਆਨ ਨਹੀਂ ਰਖਿਆ ਸੀ ਅਤੇ ਫਿਰ ਉਸ ਨੂੰ ਆਚਨਕ ਕੈਦਖਾਨਾ ਯਾਦ ਆਇਆ। ਮੁੰਨੇ ਹੋਏ ਸਿਰ, ਕੋਠੜੀਆਂ, ਘ੍ਰਿਣਿਤ ਦੁਰਗੰਧਾਂ, ਜੰਜੀਰਾਂ ਅਤੇ ਇਸ ਸਭ ਕੁਝ ਦੇ ਨਾਲ ਅਮੀਰਾਂ ਦਾ ਦੀਵਾਨਗੀ ਭਰਿਆ ਖ਼ਰਚੀਲਾ ਸ਼ਹਿਰੀ ਜੀਵਨ ਜਿਸ ਵਿਚ ਉਹ ਆਪਣੇ ਆਪ ਨੂੰ ਵੀ ਗਿਣਦਾ ਸੀ।

ਚਮਕਦਾ ਲਗਭਗ ਪੂਰਾ ਚੰਨ, ਦਾਨਿਆ ਦੇ ਕੋਠੇ ਦੇ ਉਪਰ ਤਕ ਚੜ੍ਹ ਆਇਆ ਸੀ। ਕਾਲੇ ਪਰਛਾਵੇਂ ਵਿਹੜੇ ਦੇ ਪਾਰ ਪੈ ਰਹੇ ਸਨ ਤੇ ਉਜੜੇ ਹੋਏ ਘਰ ਦੀ ਲੋਹੇ ਦੀ ਛੱਤ ਚਮਕ ਰਹੀ ਸੀ। ਜਿਸ ਤਰ੍ਹਾਂ ਉਹ ਇਹ ਚਾਨਣੀ ਵਿਅਰਥ ਗਵਾਣ ਤੋਂ ਝਿਜਕਦੀਆਂ ਹੋਣ, ਬੁਲਬੁਲਾਂ ਨੇ ਫਿਰ ਗਾਣਾ ਸ਼ੁਰੂ ਕਰ ਦਿੱਤਾ।

ਨਖ਼ਲਿਊਦੋਫ਼ ਨੇ ਯਾਦ ਕੀਤਾ ਜਿਵੇਂ ਕੁਸਮਿੰਸਕੀ ਦੇ ਬਾਗ਼ ਵਿਚ ਉਹ ਆਪਣੀ ਜ਼ਿੰਦਗੀ ਬਾਰੇ ਸੋਚਣ ਲੱਗਾ ਸੀ। ਜਦ ਉਸ ਨੇ ਫੈਸਲਾ ਕਰਨਾ ਸੀ ਕਿ ਉਹ ਕੀ ਕਰੇ। ਉਸ ਨੇ ਯਾਦ ਕੀਤਾ ਕਿ ਕਿਵੇਂ ਉਹ ਖ਼ਿਆਲਾਂ ਵਿਚ ਉਲਝ ਗਿਆ ਸੀ, ਕਿਸ ਤਰ੍ਹਾਂ ਉਹ ਕਿਸੇ ਵੀ ਫੈਸਲੇ ਤੇ ਨਹੀਂ ਪਹੁੰਚ ਸਕਿਆ ਸੀ, ਹਰ ਇਕ ਪ੍ਰਸ਼ਨ ਨੇ ਕਿੰਨੀਆਂ ਮੁਸ਼ਕਲਾਂ ਖੜੀਆਂ ਕਰ ਦਿੱਤੀਆਂ ਸਨ ਤੇ ਉਹ ਹੈਰਾਨ ਹੋਇਆ ਕਿ ਕਿੰਨੇ ਅਸਾਨ ਸਵਾਲ ਸਨ ਇਹ। ਹੁਣ ਸਰਲ ਸੀ ਕਿਉਂਕਿ ਹੁਣ ਉਹ ਇਹ ਨਹੀਂ ਸੋਚਦਾ ਸੀ ਕਿ ਉਸ ਵਾਸਤੇ ਇਸਦਾ ਕੀ ਨਤੀਜਾ ਨਿਰਲੇਗਾ। ਸਗੋਂ ਕੇਵਲ ਇਹ ਕਿ ਉਸ ਨੂੰ ਕੀ ਕਰਨਾ ਚਾਹੀਦਾ ਹੈ। ਇਹ ਅਜੀਬ ਗੱਲ ਹੈ ਕਿ ਉਹ ਇਹ ਫੈਸਲਾ ਨਹੀਂ ਕਰ ਸਕਿਆ ਕਿ ਉਸ ਨੂੰ ਆਪਣੇ ਵਾਸਤੇ ਕੀ ਕਰਨਾ ਚਾਹੀਦਾ ਹੈ ਪਰ ਉਹ ਇਹ ਨਿਰਸੰਦੇਹ ਜਾਣਦਾ ਸੀ ਕਿ ਉਸ ਨੂੰ ਹੋਰਾਂ ਵਾਸਤੇ ਕੀ ਕਰਨਾ ਚਾਹੀਦਾ ਹੈ। ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਉਹ ਕਤੂਸ਼ਾਂ ਨੂੰ ਕਦੇ ਵੀ ਨਹੀਂ ਛੱਡੇਗਾ, ਉਸ ਦੀ ਮਦਦ ਕਰਦਾ ਰਹੇਗਾ ਅਤੇ ਉਸ ਨਾਲ ਪਾਪ ਦਾ ਨਿਸਤਾਰਾ ਕਰੇਗਾ। ਉਹ ਪੱਕੀ ਤਰ੍ਹਾਂ ਜਾਣਦਾ ਸੀ ਕਿ ਉਹ ਪੜ੍ਹੇਗਾ, ਖੋਜ ਕਰੇਗਾ, ਸਮਝੇਗਾ, ਉਹ ਸਭ ਕੁਝ ਜਿਸ ਦਾ ਫੈਸਲੇ ਅਤੇ ਸਜ਼ਾ ਨਾਲ ਸਬੰਧ ਹੈ ਤੇ ਜੋ ਉਸ ਨੇ ਮਹਿਸੂਸ ਕੀਤਾ, ਉਹ ਹੋਰਨਾਂ ਲੋਕਾਂ ਕੋਲੋਂ ਵੱਖਰੇ ਰੂਪ ਵਿਚ ਵੇਖਦਾ ਸੀ। ਉਹ ਨਹੀਂ ਜਾਣਦਾ ਸੀ, ਇਸ ਸਾਰੇ ਦਾ ਨਤੀਜਾ ਕੀ

ਹੋਵੇਗਾ, ਪਰ ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਇਹ ਜ਼ਰੂਰ ਕਰੇਗਾ ਅਤੇ ਇਸ ਦ੍ਰਿੜ੍ਹ ਵਿਸ਼ਵਾਸ ਤੋਂ ਉਸ ਨੂੰ ਖੁਸ਼ੀ ਹੁੰਦੀ ਸੀ।

ਕਾਲੇ ਬੱਦਲ ਸਾਰੇ ਅਸਮਾਨ ਉਤੇ ਫੈਲ ਗਏ। ਸਾਫ਼ ਕੜਕਦੀ ਬਿਜਲੀ ਚਮਕ ਕੇ ਤੇ ਵੇਹੜੇ ਅਤੇ ਢੱਠੀਆਂ ਡਿਉਢੀਆਂ ਵਾਲੇ ਪੁਰਾਣੇ ਘਰਾਂ ਨੂੰ ਦਰਸਾ ਰਹੀ ਸੀ। ਸਿਰ ਉਪਰ ਕੜਕਵੀਂ ਘਟਾ ਗਰਜ ਰਹੀ ਸੀ। ਸਾਰੇ ਪੰਛੀ ਚੁੱਪ ਸਨ, ਪਰ ਪੱਤੇ ਖੜਖੜਾ ਰਹੇ ਸਨ ਅਤੇ ਜਿੱਥੇ ਨਖ਼ਲਿਊਦੌਫ਼ ਬੈਠਾ ਹੋਇਆ ਸੀ, ਹਵਾ ਉੱਥੇ ਪਹੁੰਚ ਕੇ ਉਸ ਦੇ ਵਾਲਾਂ ਨਾਲ ਖੇਡ ਰਹੀ ਸੀ। ਇਕ ਤੁਪਕਾ ਡਿੱਗਿਆ, ਫਿਰ ਦੂਜਾ ਤੇ ਫਿਰ ਪਿਆਜ਼ੀ ਦੇ ਪੱਤਿਆਂ ਅਤੇ ਲੋਹੇ ਦੀ ਛੱਤ ਉਤੇ ਖੜ ਖੜ ਹੋਣ ਲੱਗ ਪਈ, ਸਾਰੀ ਫਿਜ਼ਾ ਚਮਕਦੇ ਲਿਸ਼ਕਾਰ ਨਾਲ ਭਰ ਗਈ ਸੀ ਅਤੇ ਨਖ਼ਲਿਊਦੌਫ਼ ਦੇ ਤਿੰਨ ਗਿਣਨ ਤੋਂ ਪਹਿਲਾਂ ਸਿਰ ਉਪਰ ਇਕ ਡਰਾਉਣਾ ਕੜਾਕਾ ਹੋਇਆ ਤੇ ਸਾਰੇ ਅਕਾਸ਼ ਵਿਚ ਕਾੜ ਕਾੜ ਹੋਣ ਲਗ ਪਈ।

ਨਖ਼ਲਿਊਦੌਫ਼ ਅੰਦਰ ਚਲਾ ਗਿਆ।

"ਹਾਂ, ਹਾਂ," ਉਸ ਨੇ ਸੋਚਿਆ, "ਕੰਮ ਜੇਹੜਾ ਸਾਡੀ ਜ਼ਿੰਦਗੀ ਨਿਪਟਾਂਦਾ ਹੈ, ਉਹ ਸਾਰਾ ਕੰਮ, ਉਸ ਦਾ ਮਤਲਬ ਮੇਰੀ ਸਮਝ ਵਿਚ ਨਾ ਆਇਆ ਹੈ, ਨਾ ਆ ਸਕਦਾ ਹੈ। ਮੇਰੀਆਂ ਫ਼ੁੱਫੀਆਂ ਕਿਸ ਵਾਸਤੇ ਸਨ? ਨਿਕਲੋਕਾ ਇਰਤਿਨਿਯੇਫ਼ ਕਿਉਂ ਮਰਿਆ ਤੇ ਮੈਂ ਕਿਉਂ ਅਜੇ ਤਕ ਜ਼ਿੰਦਾ ਹਾਂ? ਕਤੂਸ਼ਾਂ ਕਿਸ ਵਾਸਤੇ ਸੀ ? ਅਤੇ ਮੇਰਾ ਪਾਗਲਪਨ ? ਉਹ ਯੁੱਧ ਕਿਉਂ ? ਮੇਰਾ ਪਿਛਲਾ ਲਟਬੌਰਾ ਜੀਵਨ ਕਿਉਂ ? ਇਸ ਨੂੰ ਸਮਝਣਾ, ਪਰਮਾਤਮਾ ਦੇ ਸਾਰੇ ਭਾਣੇ ਨੂੰ ਸਮਝਣਾ, ਇਹ ਮੇਰੇ ਵੱਸ ਦੀ ਗੱਲ ਨਹੀਂ, ਪਰ ਉਸ ਦੇ ਭਾਣੇ ਅੰਦਰ ਚਲਣਾ, ਜੋ ਮੇਰੇ ਅਤੇ ਅੰਤਹਿਕਰਣ ਵਿਚ ਲਿਖਿਆ ਹੋਇਆ ਹੈ, ਇਹ ਮੇਰੇ ਵੱਸ ਦੀ ਗੱਲ ਹੈ, ਇਹ ਕੀ ਹੈ ? ਮੈਂ ਨਿਰਸੰਦੇਹ ਜਾਣਦਾ ਹਾਂ ਅਤੇ ਜਦ ਮੈਂ ਇਸ ਨੂੰ ਪੂਰਾ ਕਰ ਰਿਹਾ ਹੁੰਦਾ ਹਾਂ ਮੈਨੂੰ ਯਕੀਨ ਅਤੇ ਸ਼ਾਂਤੀ ਮਿਲਦੀ ਹੈ।"

ਮੀਂਹ ਬੜੇ ਜ਼ੋਰਾਂ ਨਾਲ ਪੈ ਰਿਹਾ ਸੀ ਅਤੇ ਛੱਤ ਉੱਤੋਂ ਪਾਣੀ ਦਰਲ ਦਰਲ ਹੇਠਾਂ ਟੱਬ ਨੂੰ ਭਰ ਰਿਹਾ ਸੀ। ਬਿਜਲੀ ਘਰ ਅਤੇ ਵਿਹੜੇ ਨੂੰ ਹੁਣ ਘੱਟ ਚਮਕਾ ਰਹੀ ਸੀ।

ਨਖ਼ਲਿਊਦੌਫ਼ ਆਪਣੇ ਕਮਰੇ ਵਿੱਚ ਗਿਆ ਤੇ ਕੱਪੜੇ ਉਤਾਰ ਕੇ ਲੇਟ ਗਿਆ, ਉਹ ਪਿਸੂਆਂ ਤੋਂ ਡਰਦਾ ਸੀ ਕਿਉਂਕਿ ਕੰਧਾਂ ਉਤਲੇ ਮੈਲੇ ਤੇ ਫੱਟੇ ਪਏ ਕਾਗਜ਼ਾਂ ਨੇ ਇਹ ਸ਼ੱਕ ਪੈਦਾ ਕਰ ਦਿੱਤਾ ਸੀ।

"ਹਾਂ, ਆਪਣੇ ਆਪ ਨੂੰ ਸੁਆਮੀ ਨਹੀਂ, ਦਾਸ ਸਮਝਣਾ," ਉਸ ਨੇ ਸੋਚਿਆ, ਅਤੇ ਇਸ ਸੱਚ ਨੇ ਉਸ ਨੂੰ ਫਿਰ ਖ਼ੁਸ਼ ਕਰ ਦਿੱਤਾ।

ਉਸ ਦੇ ਡਰ ਅਕਾਰਨ ਨਹੀਂ ਸਨ, ਅਜੇ ਮੁਸ਼ਕਲ ਨਾਲ ਉਸਨੇ ਮੋਮਬਤੀ ਬੁਝਾਈ ਸੀ ਕਿ ਪਿੱਸੂ ਨੇ ਉਸ ਨੂੰ ਆ ਕੱਟਿਆ।

"ਭੂਮੀਂ ਦੇ ਕੇ ਸਾਇਬੇਰੀਆ ਜਾਣਾ... ਪਿੱਸੂ ਖੱਟਮਲ, ਗੰਦ ! ਅੱਛਾ ਇਸ ਦਾ ਕੀ ਹੈ ? ਜੇ ਇਹ ਜ਼ਰੂਰੀ ਹੈ, ਮੈਂ ਇਸ ਨੂੰ ਸਹਾਰਾਂਗਾ।" ਇਸ ਉੱਤਮ ਸੰਕਲਪ ਦੇ ਬਾਵਜੂਦ ਉਹ ਇਸ ਨੂੰ ਸਹਾਰ ਨਾ ਸਕਿਆ, ਅਤੇ ਖੁਲ੍ਹੀ ਬਾਰੀ ਕੋਲ ਬੈਠ ਗਿਆ, ਤੇ ਪਿੱਛੇ ਹੱਟ ਰਹੇ ਬੱਦਲਾਂ ਤੇ ਦੁਬਾਰਾ ਦਿੱਸ ਰਹੇ ਚੰਨ ਵੱਲ ਪ੍ਰਸੰਸਾ ਦੀ ਨਜ਼ਰ ਨਾਲ ਦੇਖਣ ਲੱਗਾ।

-0-

9

ਸਵੇਰ ਤੋਂ ਪਹਿਲਾਂ ਨਖ਼ਲਿਊਦੌਫ਼ ਸੌਂ ਨਾ ਸਕਿਆ ਅਤੇ ਇਸ ਕਰਕੇ ਉਹ ਦੇਰ ਨਾਲ ਉੱਠਿਆ। ਦੁਪਹਿਰ ਵੇਲੇ ਸੱਤ ਆਦਮੀ ਜੇ ਕਿਰਸਾਨਾਂ ਵਿਚੋਂ ਚੁਣੇ ਗਏ ਸਨ ਅਤੇ ਮੁਨਸ਼ੀ ਨੇ ਸੱਦੇ ਸਨ, ਬਗੀਚੇ ਵਿਚ ਆਏ, ਜਿੱਥੇ ਸੇਬਾਂ ਦੇ ਦਰਖਤ ਦੇ ਥੱਲੇ ਮੁਨਸ਼ੀ ਨੇ ਇਕ ਮੇਜ਼ ਅਤੇ ਬੈਂਚਾਂ ਦਾ ਪ੍ਰਬੰਧ ਫ਼ਰਸ਼ ਵਿਚ ਝੰਡੇ ਗੱਡਕੇ ਅਤੇ ਉਨ੍ਹਾਂ ਉੱਤੇ ਤਖਤੇ ਰੱਖਕੇ ਕਰ ਦਿੱਤਾ ਸੀ। ਕਿਰਸਾਨਾਂ ਨੂੰ ਟੋਪੀਆਂ ਸਿਰ ਉਤੇ ਰੱਖੀ ਰੱਖਣ ਲਈ ਤੇ ਬੈਂਚਾਂ ਉੱਤੇ ਬੈਠਣ ਲਈ ਮਨਾਉਣ ਸੰਬੰਧੀ ਕੁਝ ਚਿਰ ਲੱਗਿਆ। ਪੁਰਾਣਾ ਸੈਨਿਕ ਖ਼ਾਸ ਕਰਕੇ ਬਹੁਤ ਔਖਾ ਮੰਨਿਆ। ਉਸ ਨੇ ਅੱਜ ਸੱਕ ਦੀ ਜੁੱਤੀ ਪੈਰੀਂ ਪਾਈ ਹੋਈ ਸੀ। ਮ੍ਰਿਤੂ ਸੰਸਕਾਰ ਸਮੇਂ ਸੈਨਿਕ ਰੀਤ ਅਨੁਸਾਰ ਆਪਣੀ ਟੱਪੀ ਪਕੜੀ ਸਿਧਾ ਖੜਾ ਸੀ।

ਜਦ ਕਿਰਸਾਨਾਂ ਵਿਚੋਂ, ਮਾਨਯੋਗ ਦਿਖ, ਚੌੜੇ ਮੋਢਿਆਂ ਵਾਲੇ ਇਕ ਬੁੱਢੇ ਆਦਮੀ ਨੇ ਜਿਸ ਦੀ ਧੌਲੀ ਦਾੜ੍ਹੀ ਵਿਚ ਮਾਈਕਲ ਐਂਜੀਲੋਂ ਦੇ ਮੂਸਾ ਵਾਕਰ ਕੁੰਡਲ ਪੈਂਦੇ ਸਨ ਅਤੇ ਚਿੱਟੇ ਵਾਲ ਭੂਰੇ ਗੰਜੇ ਮੱਥੇ ਉਦਾਲੇ ਪਲਚੇ ਹੋਏ ਸਨ, ਸਿਰ ਉਤੇ ਆਪਦੀ ਵੱਡੀ ਟੱਪੀ ਲੈ ਲਈ ਅਤੇ ਆਪਣੇ ਉਦਾਲੇ ਕੋਟ ਵਲੇਟ ਕੇ ਮੇਜ਼ ਦੇ ਪਿੱਛੇ ਹੋ ਕੇ ਬੈਠ ਗਿਆ ਤਾਂ ਦੂਸਰਿਆਂ ਨੇ ਵੀ ਇਓਂ ਕਰ ਲਿਆ। ਜਦ ਸਾਰਿਆਂ ਨੇ ਆਪਣੀ ਆਪਣੀ ਥਾਂ ਲੈ ਲਈ, ਨਖ਼ਲਿਊਦੌਫ਼ ਉਨ੍ਹਾਂ ਦੇ ਸਾਹਮਣੇ ਬੈਠ ਗਿਆ ਅਤੇ ਮੇਜ ਉਪਰ ਪਏ ਕਾਗਜਾਂ ਉਤੇ ਜਿਸ ਉਪਰ ਉਸ ਨੇ ਆਪਣੀ ਵਿਉਂਤ ਲਿਖੀ ਹੋਈ ਸੀ, ਝੁਕ ਕੇ ਵਿਸਤਾਰ ਨਾਲ ਦੱਸਣ ਲੱਗਾ।

ਭਾਵੇਂ ਇਸ ਕਰ ਕੇ ਇਹ ਬਹੁਤ ਥੋੜੇ ਲੋਕ ਸਨ ਜਾਂ ਉਹ ਆਪਣੇ ਹੱਥ ਵਿਚਲੇ ਕੰਮ ਵਿਚ ਰੁੱਚਿਆ ਹੋਇਆ ਸੀ, ਆਪਣੇ ਆਪ ਵਿਚ ਨਹੀਂ..ਜੋ ਭੀ ਸੀ, ਇਸ ਵਕਤ ਨਖ਼ਲਿਊਦੌਫ਼ ਘਬਰਾਹਟ ਮਹਿਸੂਸ ਨਹੀਂ ਸੀ ਕਰ ਰਿਹਾ। ਉਸ ਨੇ ਅਣਭੋਲ ਹੀ ਘੁੰਗਰਾਲੀ ਦਾੜ੍ਹੀ ਤੇ ਚੌੜੇ ਮੋਢਿਆਂ ਵਾਲੇ ਬੁੱਢੇ ਆਦਮੀ ਨੂੰ ਸੰਬੋਧਨ ਕੀਤਾ ਤੇ ਉਸ ਤੋਂ ਪ੍ਰਸ਼ੰਸਾ ਜਾਂ ਵਿਰੋਧ ਦੀ ਉਡੀਕ ਕੀਤੀ। ਪਰੰਤੂ ਨਖ਼ਲਿਊਦੌਫ਼ ਦਾ ਅਨੁਮਾਨ ਗਲਤ ਸੀ। ਮਾਨ-ਯੋਗ ਦਿਸਣ ਵਾਲਾ ਬੁੱਢਾ ਬਜ਼ੁਰਗ, ਭਾਵੇਂ ਆਪਣਾ ਸੋਹਣਾ ਸਿਰ ਹਾਂ ਵਿਚ ਹਿਲਾਂਦਾ ਤੇ ਜਦੋਂ ਹੋਰ ਉਜ਼ਰ ਕਰਦੇ ਤਾਂ ਨਾਂਹ ਵਿਚ ਸਿਰ ਹਿਲਾ ਕੇ ਤਿਉੜੀ ਪਾ ਲੈਂਦਾ, ਬੜੀ ਮੁਸ਼ਕਲ ਨਾਲ

ਸਮਝਿਆ ਅਤੇ ਉਹ ਵੀ ਉਦੋਂ ਜਦ ਹੋਰਾਂ ਨੇ ਆਪਣੇ ਸ਼ਬਦਾਂ ਵਿਚ ਨਖ਼ਲਿਊਦੌਫ਼ ਦੀ ਗੱਲ ਨੂੰ ਦੁਹਰਾ ਕੇ ਦੱਸਿਆ। ਇਕ ਖੱਟਾ ਬੁੱਢਾ ਆਦਮੀ, ਕਰੀਬ ਕਰੀਬ ਖੋਦਾ, ਟੀਰਾ, ਟਾਕੀਆਂ ਵਾਲਾ ਕਾਨਕੀਨ ਦਾ ਕੋਟ ਤੇ ਜੁੱਤੀਆਂ ਪਾਈਂ, ਜੋ ਬਜ਼ੁਰਗ ਦੇ ਪਾਸ ਬੈਠਾ ਹੋਇਆ ਸੀ, ਅਤੇ ਜੋ, ਜਿਵੇਂ ਨਖ਼ਲਿਊਦੌਫ਼ ਨੂੰ ਪਿੱਛੋਂ ਪੱਤਾ ਲੱਗਾ। ਇਕ ਤੰਦੂਰ ਬਣਾਣ ਵਾਲਾ ਸੀ, ਚੰਗੀ ਤਰ੍ਹਾਂ ਸਮਝ ਗਿਆ ਸੀ। ਇਸ ਆਦਮੀ ਨੇ ਆਪਣੇ ਭਰਵੱਟੇ ਛੇਤੀ ਛੇਤੀ ਹਿਲਾਏ, ਨਖ਼ਲਿਊਦੌਫ਼ ਦੀ ਰਾਏ ਨੂੰ ਬੜੀ ਧਿਆਨ ਨਾਲ ਸੁਣਿਆ ਅਤੇ ਇਕ ਦਮ ਆਪਣੇ ਸ਼ਬਦਾਂ ਵਿਚ ਦੁਹਰਾਇਆ। ਇਕ ਬੁੱਢਾ ਗੱਠਿਆ ਹੋਇਆ ਆਦਮੀ, ਚਿੱਟੀ ਦਾੜੀ ਤੇ ਚੇਤਨ ਅੱਖਾਂ ਵਾਲਾ ਵੀ ਉਤਨੀ ਛੇਤੀ ਹੀ ਸਮਝਦਾ ਸੀ ਤੇ ਵਿਅੰਗ ਮਈ ਮਖੌਲ ਕਰਨ ਲਈ ਮੌਕਾ ਨਹੀਂ ਖੁਝਾਂਦਾ ਸੀ। ਪੁਰਾਣਾ ਸੈਨਿਕ ਵੀ ਗੱਲ ਸਮਝਦਾ ਜਾਪਦਾ ਸੀ। ਪਰ ਸੈਨਿਕਾਂ ਦੀਆਂ ਬੇਥਵੀਆਂ ਸੁਣਨ ਗਿਝਿਆ ਹੋਇਆ, ਘੁਸ ਜਾਂਦਾ ਸੀ। ਸਭ ਤੋਂ ਵੱਧ ਗੰਭੀਰ ਦਿਲਚਸਪੀ ਵਾਲਾ ਇਕ ਲੰਮਾ ਆਦਮੀ ਸੀ, ਉਸ ਦੀ ਦਾੜ੍ਹੀ ਛੋਟੀ, ਨੱਕ ਲੰਮਾਂ ਤੇ ਅਵਾਜ਼ ਭਾਰੀ ਸੀ ਤੇ ਉਸ ਨੇ ਘਰ ਦੇ ਬੁਣੇ ਹੋਏ ਸਾਫ ਕੱਪੜੇ ਪਾਏ ਹੋਏ ਸਨ ਤੇ ਨਵੀਂ ਬਣਾਈ ਸੱਕ ਦੀ ਜੁਤੀ। ਇਹ ਆਦਮੀ ਹਰ ਚੀਜ਼ ਸਮਝਦਾ ਸੀ ਉਦੋਂ ਹੀ ਬੋਲਦਾ ਸੀ ਜਦੋਂ ਬੋਲਣ ਦੀ ਲੋੜ ਪਵੇ। ਹੋਰ ਦੋ ਬੁੱਢੇ ਆਦਮੀ, ਇਕ ਉਹੀ ਦੰਦ-ਬੋੜਾ ਜਿਹੜਾ ਪਹਿਲੇ ਦਿਨ ਦੀ ਇਕੱਤਰਤਾ ਸਮੇਂ, ਨਖ਼ਲਿਊਦੌਫ਼ ਦੀ ਹਰ ਤਜਵੀਜ ਦੀ ਉੱਚੀ ਅਵਾਜ਼ ਵਿਚ ਵਿਰੋਧਤਾ ਕਰਦਾ ਸੀ ਅਤੇ ਇਕ ਲੰਮਾਂ ਗੋਰਾ ਸਾਊ ਚਿਹਰੇ ਵਾਲਾ ਲੰਗੜਾ ਬੁੱਢਾ ਜਿਸ ਦੀਆਂ ਪੱਤਲੀਆਂ ਲੱਤਾਂ ਲਿਨਨ ਦੀਆਂ ਪੱਟੀਆਂ ਵਿਚ ਵਲੇਟੀਆਂ ਹੋਈਆਂ ਸਨ, ਬੋਲਦੇ ਘੱਟ ਹੀ ਸਨ ਪਰ ਬੜੇ ਧਿਆਨ ਨਾਲ ਸੁਣ ਰਹੇ ਸਨ।

ਨਖ਼ਲਿਊਦੌਫ਼ ਨੇ ਸਭ ਤੋਂ ਪਹਿਲਾਂ ਭੂਮੀ ਉਤੇ ਨਿੱਜੀ ਅਧਿਕਾਰ ਬਾਰੇ ਆਪਣੇ ਵਿਚਾਰ ਦੱਸੇ।

“ਧਰਤੀ, ਮੇਰੇ ਖ਼ਿਆਲ ਵਿਚ ਨਾ ਖ਼ਰੀਦੀ ਜਾ ਸਕਦੀ ਹੈ ਨਾ ਵੇਚੀ, ਕਿਉਂਕਿ ਜੇ ਇਸ ਤਰ੍ਹਾਂ ਹੋ ਸਕਦਾ, ਇਕ ਜ਼ਿਆਦਾ ਪੈਸੇ ਵਾਲਾ ਆਦਮੀ ਸਾਰੀ ਧਰਤੀ ਖਰੀਦ ਸਕਦਾ ਹੈ ਅਤੇ ਬੇ-ਜ਼ਮੀਨਾਂ ਤੋਂ ਜੋ ਵੀ ਚਾਹੇ ਇਸ ਦੇ ਕਿਰਾਏ ਵਿਚ ਲੈ ਸਕਦਾ ਹੈ।"

"ਇਹ ਸੱਚ ਹੈ।" ਲੰਮੇ ਨੱਕ ਵਾਲੇ ਆਦਮੀ ਨੇ ਆਪਣੀ ਡੂੰਘੀ ਭਾਰੀ ਅਵਾਜ ਨਾਲ ਕਿਹਾ।

"ਬਿਲਕੁਲ !" ਪੁਰਾਣੇ ਸੈਨਿਕ ਨੇ ਆਖਿਆ।

"ਇਕ ਔਰਤ ਥੋੜ੍ਹਾ ਜਿਹਾ ਘਾਹ ਆਪਣੀ ਗਾਂ ਵਾਸਤੇ ਲਵੇ, ਉਹ ਫੜੀ ਜਾਂਦੀ ਹੈ ਅਤੇ ਜੇਲ੍ਹ ਵਿਚ ਸੁੱਟੀ ਜਾਂਦੀ ਹੈ, " ਇਕ ਚਿੱਟੀ ਦਾਹੜੀਏ ਬੁੱਢੇ ਨੇ ਕਿਹਾ।

"ਸਾਡੀ ਆਪਣੀ ਭੋਇੰ ਪੰਜ ਕੋਹ ਉੱਤੇ ਹੈ। ਕਿਸੇ ਤੋਂ ਕਿਰਾਏ ਉੱਤੇ ਲੈਣਾ ਅਸੰਭਵ ਹੈ। ਕੀਮਤ ਏਨੀ ਵੱਧ ਗਈ ਹੈ ਕਿ ਇਹ ਦਿੱਤੀ ਨਹੀਂ ਜਾ ਸਕਦੀ," ਖਿਝੇ ਹੋਏ, ਦੰਦ-ਬੋੜੇ ਬੁੱਢੇ ਨੇ ਅੱਗੋਂ ਕਿਹਾ, "ਇਹ ਸਾਨੂੰ ਰੱਸੇ ਵਾਂਗ ਵੱਟ ਚਾੜ੍ਹੀ ਰਖਦੇ ਹਨ, ਇਹ ਖੇਤ ਗੁਲਾਮੀ ਨਾਲੋਂ ਵੀ ਬੁਰਾ ਹੈ।"

"ਮੈਂ ਉਸੇ ਤਰ੍ਹਾਂ ਸੋਚਦਾ ਹਾਂ ਜਿਸ ਤਰ੍ਹਾਂ ਤੁਸੀਂ ਕਹਿੰਦੇ ਹੋ, ਅਤੇ ਭੋਇੰ ਦੇ ਮਾਲਕ ਹੋਣ ਨੂੰ ਇਕ ਜੁਰਮ ਮੰਨਦਾ ਹਾਂ, ਇਸ ਲਈ ਮੈਂ ਇਸ ਨੂੰ ਛੱਡਣ ਦੀ ਇੱਛਾ ਰੱਖਦਾ ਹਾਂ, ਨਖ਼ਲਿਊਦੌਫ਼ ਨੇ ਕਿਹਾ।

"ਅੱਛਾ, ਇਹ ਚੰਗੀ ਗੱਲ ਹੈ," ਐਜਿੰਲ ਦੇ ਮੂਸਾ ਜੇਹੇ ਕੁੰਡਲਾਂ ਵਾਲੇ ਬੁੱਢੇ ਆਦਮੀ ਨੇ ਕਿਹਾ ਇਹ ਸਮਝ ਕੇ ਕਿ ਨਖ਼ਲਿਊਦੌਫ਼ ਦਾ ਮਤਲੱਬ ਭੋਇੰ ਨੂੰ ਚੁਕੌਤੋਂ ਉੱਤੇ ਦੇਣ ਦਾ ਸੀ।

"ਮੈਂ ਇੱਥੇ ਇਸ ਲਈ ਆਇਆ ਹਾਂ ਕਿ ਮੇਰਾ ਵਿਚਾਰ ਕਿਸੇ ਭੋਇੰ ਦਾ ਮਾਲਕ ਰਹਿਣ ਦਾ ਨਹੀਂ, ਅਤੇ ਹੁਣ ਸਾਨੂੰ ਇਸ ਨੂੰ ਵੰਡਣ ਦਾ ਕੋਈ ਚੰਗਾ ਤਰੀਕਾ ਸੋਚਣਾ ਚਾਹੀਦਾ ਹੈ।"

"ਇਹ ਕਿਰਸਾਨਾਂ ਨੂੰ ਦੇ ਦਿਉ, ਬੱਸ, " ਖਿਝੇ ਹੋਏ, ਦੰਦ-ਬੋੜੇ ਬੁੱਢੇ ਨੇ ਕਿਹਾ।

ਨਖ਼ਲਿਊਦੌਫ਼ ਇਕ ਪਲ ਲਈ ਘਬਰਾ ਗਿਆ, ਇਹ ਮਹਿਸੂਸ ਕਰਕੇ ਕਿ ਇਹ ਸ਼ਬਦ ਉਸ ਦੀ ਭਾਵਨਾ ਦੀ ਸਚਾਈ ਉਤੇ ਸ਼ੱਕ ਪ੍ਰਗਟ ਕਰਦੇ ਹਨ, ਪਰੰਤੂ ਉਹ ਇਕ ਦਮ ਠੀਕ ਹੋ ਗਿਆ ਤੇ ਜਵਾਬ ਵਿਚ ਕਹੀ ਇਸ ਗੱਲ ਦੀ ਵਰਤੋਂ ਕਰਕੇ ਉਸਨੇ ਖੋਲ੍ਹ ਕੇ ਦੱਸ ਦਿੱਤਾ ਕਿ ਉਸ ਦੇ ਮਨ ਵਿਚ ਕੀ ਸੀ।

"ਮੈਂ ਇਹ ਉਨ੍ਹਾਂ ਨੂੰ ਦੇ ਕੇ ਖੁਸ਼ ਹੋਵਾਂਗਾ," ਉਸ ਨੇ ਕਿਹਾ, "ਪਰ ਕਿਸ ਨੂੰ ਅਤੇ ਕਿਸ ਤਰ੍ਹਾਂ ? ਕਿਨ੍ਹਾਂ ਕਿਰਸਾਨਾਂ ਨੂੰ ? ਤੁਹਡੀ ਪੰਚਾਇਤ ਨੂੰ ਕਿਉਂ ਨਹੀਂ ਅਤੇ ਦਮਿੰਸਕੀ ਨੂੰ ਕਿਉਂ ਨਹੀਂ ?" ਇਹ ਨਾਲ ਦੇ ਪਿੰਡ ਦਾ ਨਾਮ ਜਿਨ੍ਹਾਂ ਕੋਲ ਬਹੁਤ ਥੋੜ੍ਹੀ ਜ਼ਮੀਨ ਸੀ।

ਸਾਰੇ ਚੁੱਪ ਸਨ। ਫਿਰ ਪੁਰਾਣੇ ਸੈਨਿਕ ਨੇ ਕਿਹਾ, 'ਹਾਂ, ਠੀਕ ਹੈ ਜੀ।"

"ਅੱਛਾ, ਫਿਰ ਮੈਨੂੰ ਦੱਸ, ਜੇ ਤੁਹਾਨੂੰ ਇਹ ਕੰਮ ਕਰਨਾ ਪਵੇ ?" ਤੁਸੀਂ ਕਿਸ ਤਰ੍ਹਾਂ ਕਿਰਸਾਨਾਂ ਵਿਚ ਜ਼ਮੀਨ ਵੰਡੋਗੇ ? ਨਖ਼ਲਿਊਦੌਫ਼ ਨੇ ਪੁੱਛਿਆ।

"ਅਸੀਂ ਬਰਾਬਰ ਬਰਾਬਰ ਵੰਡ ਦੇਈਏ, ਹਰ ਇਕ ਆਦਮੀ ਨੂੰ ਇਕੋ ਜਿੰਨੀ, " ਤੰਦੂਰ ਬਣਾਣ ਵਾਲੇ ਨੇ ਆਪਣੇ ਭਰਵੱਟੇ ਛੇਤੀ ਛੇਤੀ ਝਪਕਦਿਆਂ ਕਿਹਾ।

"ਹੋਰ ਕੀ, ਇਹੀ ਠੀਕ ਤਰੀਕਾ ਏ, " ਇਕ ਸਾਊ ਸੁਭਾਉ ਵਾਲੇ ਲੰਗੜੇ ਆਦਮੀ ਨੇ ਕਿਹਾ ਜਿਸ ਦੀਆਂ ਲੱਤਾਂ ਲਿਨਨ ਦੀਆਂ ਪੱਟੀਆਂ ਨਾਲ ਕੱਜੀਆਂ ਹੋਈਆਂ ਸਨ।

ਸਾਰਿਆਂ ਨੇ ਇਹ ਤਜਵੀਜ਼ ਸੰਤੋਸ਼ ਜਨਕ ਸਮਝੀ ਤੇ ਇਸ ਦੀ ਪ੍ਰੋੜਤਾ ਕੀਤੀ।

"ਹਰ ਇਕ ਆਦਮੀ ਨੂੰ ਇਕੋ ਜਿੰਨੀ ? ਫਿਰ ਨੌਕਰ ਵੀ ਘਰ ਨਾਲ ਜੋੜੇ ਜਾਣਗੇ ਹਿੱਸਾ ਵੰਡਾਣ ਵਿਚ ?" ਨਖ਼ਲਿਊਦੌਫ਼ ਨੇ ਪੁੱਛਿਆ।

"ਉਹ, ਨਹੀਂ, " ਪੁਰਾਣੇ ਸੈਨਿਕ ਨੇ ਬਲਵਾਨ ਅਤੇ ਖੁਸ਼ ਦਿੱਸਣ ਦੀ ਕੋਸ਼ਿਸ਼ ਕਰਦਿਆਂ ਕਿਹਾ। ਪਰੰਤੂ ਲੰਮਾ ਪੰਚਾਇਤੀ ਆਦਮੀ ਉਸ ਨਾਲ ਸਹਿਮਤ ਨਾ ਹੋਇਆ।

"ਜੇ ਵੰਡਣਾ ਹੀ ਹੈ, ਤਾਂ ਸਾਰਿਆਂ ਨੂੰ ਇਕੋ ਜੇਹਾ ਹਿੱਸਾ ਦੇਣਾ ਚਾਹੀਦਾ ਹੈ, " ਉਸਨੇ ਕੁਝ ਚਿਰ ਸੋਚਣ ਤੋਂ ਬਾਅਦ ਆਪਣੀ ਡੂੰਘੀ ਭਾਰੀ ਅਵਾਜ਼ ਵਿਚ ਕਿਹਾ।

"ਇਸ ਤਰ੍ਹਾਂ ਕੀਤਾ ਜਾ ਸਕਦਾ ਹੈ," ਨਖ਼ਲਿਊਦੌਫ਼ ਨੇ ਕਿਹਾ, ਉਸ ਕੋਲ ਜਵਾਬ ਤਿਆਰ ਹੀ ਸੀ, "ਜੇ ਸਾਰਿਆਂ ਨੂੰ ਇਕ ਜਿਹਾ ਹਿੱਸਾ ਮਿਲਦਾ ਹੈ, ਤਦ ਉਹ ਜੋ ਆਪ ਬਿਲਕੁਲ ਕੰਮ ਨਹੀਂ ਕਰਦੇ……....ਹਲ ਨਹੀਂ ਵਾਹੁੰਦੇ……..ਆਪਣਾ ਹਿੱਸਾ ਅਮੀਰਾਂ ਨੂੰ ਵੇਚ ਦੇਣਗੇ ਅਤੇ ਫੇਰ ਧਰਤੀ ਅਮੀਰਾਂ ਦੇ ਹੱਥ ਆ ਜਾਵੇਗੀ। ਉਹ ਜੋ ਧਰਤੀ ਉੱਤੇ ਕੰਮ ਕਰਕੇ ਜੀਦੇ ਹਨ ਵੱਧਦੇ ਜਾਣਗੇ ਅਤੇ ਧਰਤੀ ਦੀ ਥੁੱੜ ਫਿਰ ਹੋ ਜਾਵੇਗੀ ਤੇ ਅਮੀਰ ਫਿਰ ਧਰਤੀ ਦੇ ਲੋੜਵੰਦਾਂ ਨੂੰ ਆਪਣੇ ਵੱਸ ਵਿਚ ਕਰ ਲੈਣਗੇ।"

“ਹੋਣਾ ਤਾਂ ਇਵੇਂ ਹੀ ਹੈ

"ਹਣਾ ਤਾਂ ਇਵੇਂ ਹੀ ਹੈ।"

"ਧਰਤੀ ਵੇਚਣੀ ਮਨ੍ਹਾ ਕਰ ਦਿਓ, ਸਿਰਫ਼ ਧਰਤੀ ਉਹੀ ਰੱਖਣ ਜੇਹੜੇ ਵਾਹੁੰਦੇ ਹਨ," ਤੰਦੂਰ ਬਣਾਣ ਵਾਲੇ ਨੇ ਗੁੱਸੇ ਨਾਲ ਗੱਲ ਵਿਚੋਂ ਪਕੜ ਲਈ।

ਇਸ ਉਪਰ ਨਖ਼ਲਿਊਦੌਫ਼ ਨੇ ਜਵਾਬ ਦਿੱਤਾ ਕਿ ਇਹ ਜਾਣਨਾ ਅਸੰਭਵ ਸੀ ਕਿ ਕੌਣ ਆਪਣੇ ਲਈ ਭੋਇੰ ਵਾਹ ਰਿਹਾ ਹੈ ਅਤੇ ਕੌਣ ਕਿਸੇ ਹੋਰ ਲਈ।

ਲੰਮੇਂ ਪੰਚਾਇਤੀ ਆਦਮੀ ਨੇ ਸੁਝਾਓ ਦਿੱਤਾ, "ਅਜੇਹਾ ਪ੍ਰਬੰਧ ਕਰਨਾ ਚਾਹੀਦਾ ਹੈ ਕਿ ਸਾਰੇ ਸਾਂਝੀ ਖੇਤੀ ਕਰਨ, ਉਹ ਜੋ ਵਾਹੁਣ ਹਿੱਸਾ ਲੈਣ, ਤੇ ਜੋ ਨਾ ਵਾਹੁਣ, ਨਾ ਲੈਣ।"

ਇਸ ਕਮਿਊਨਿਸਟਾਂ ਦੀ ਤਜਵੀਜ਼ ਦਾ ਨਖ਼ਲਿਊਦੌਫ਼ ਕੋਲ ਇਕ ਜਵਾਬ ਤਿਆਰ ਸੀ। ਉਸ ਨੇ ਕਿਹਾ ਕਿ ਇਸ ਪ੍ਰਬੰਧ ਵਾਸਤੇ ਇਹ ਜ਼ਰੂਰੀ ਹੋਵੇਗਾ ਕਿ ਸਾਰਿਆਂ ਕੋਲ ਹਲ ਹੋਣ, ਅਤੇ ਸਾਰਿਆਂ ਕੋਲ ਘੋੜੇ, ਇਕੋ ਜੇਹੇ ਹੋਣ, ਤਾਂ ਜੋ ਕਈ ਪਿੱਛੇ ਨਾ ਰਹਿ ਜਾਵੇ, ਤੇ ਹਲ ਤੋਂ ਘੋੜੇ ਦਾਣੇ ਕੱਢਣ ਵਾਲੀਆਂ ਮਸ਼ੀਨਾਂ ਅਤੇ ਸਾਰੇ ਸੰਦ ਸਾਂਝੇ ਹੋਣੇ ਚਾਹੀਦੇ ਹਨ ਅਤੇ ਇਸ ਪ੍ਰਬੰਧ ਲਈ ਹਰ ਇਕ ਦਾ ਮੰਨਣਾ ਜ਼ਰੂਰੀ ਹੈ।

"ਸਾਡੇ ਲੋਕ ਸਾਰੀ ਜ਼ਿੰਦਗੀ ਇਸ ਲਈ ਨਹੀਂ ਮੰਨਣਗੇ," ਖਿਝੇ ਹੋਏ ਬੁੱਢੇ ਆਦਮੀ ਨੇ ਕਿਹਾ।"

"ਸਾਨੂੰ ਲਗਾਤਾਰ ਲੜਾਈ ਕਰਨੀ ਚਾਹੀਦੀ ਹੈ," ਬੱਢੇ ਆਦਮੀ ਨੇ ਹੱਸਦੀਆਂ ਅੱਖਾਂ ਨਾਲ ਕਿਹਾ।

"ਅਤੇ ਭੋਇ ਦੀ ਕਿਸਮ ਬਾਰੇ ਕੀ ਵਿਚਾਰ ਹੈ ?" ਨਖ਼ਲਿਊਦੌਫ਼ ਨੇ ਕਿਹਾ, "ਇਕ ਕੋਲ ਚੰਗੀ ਭੋਇੰ ਕਿਉਂ ਅਤੇ ਦੂਜੇ ਕੋਲ ਬੰਜਰ ਅਤੇ ਰੇਤ ਕਿਉਂ ?"

"ਫਿਰ ਇਹ ਛੋਟੇ ਛੋਟੇ ਟੁੱਕੜਿਆਂ ਵਿਚ ਵੰਡਣੀ ਚਾਹੀਦੀ ਹੈ ਅਤੇ ਹਰ ਇਕ ਨੂੰ ਬਰਾਬਰ ਹਿੱਸੇ ਮਿਲਣ," ਤੰਦੂਰ ਬਣਾਣ ਵਾਲੇ ਨੇ ਕਿਹਾ

ਨਖ਼ਲਿਊਦੌਫ਼ ਨੇ ਇਸ ਦਾ ਇਹ ਜਵਾਬ ਦਿੱਤਾ ਕਿ ਉਹ ਇਕ ਪੰਚਾਇਤ ਵਿਚ ਵੰਡਾਰੇ ਦੀ ਗੱਲ ਨਹੀਂ ਕਰਦੇ, ਸਗੋਂ ਵਿਭਿੰਨ ਸਰਕਾਰਾਂ ਵਿਚ ਸਾਰੀ ਧਰਤੀ ਦੀ ਵੰਡ ਦੀ। ਜੇ ਕਿਰਸਾਨਾਂ ਨੂੰ ਜ਼ਮੀਨ ਮੁਫ਼ਤ ਦਿੱਤੀ ਜਾਵੇ ਤਾਂ ਕਈਆਂ ਨੂੰ ਚੰਗੀ ਭੋਏ ਅਤੇ ਕਈਆਂ ਨੂੰ ਬੁਰੀ ਕਿਉਂ ਮਿਲੇ ? ਉਹ ਸਾਰੇ ਚੰਗੀ ਭੋਇੰ ਚਾਹੁਣਗੇ।

ਇਸੇ ਤਰ੍ਹਾਂ ਪੁਰਾਣੇ ਸੈਨਿਕ ਨੇ ਕਹਿਆ।

ਬਾਕੀ ਚੁੱਪ ਰਹੇ।

"ਤਾਂ ਫਿਰ ਇਹ ਚੀਜ਼ ਇੰਨੀ ਸੌਖੀ ਨਹੀਂ ਜਿੰਨੀ ਲਗਦੀ ਹੈ," ਨਖ਼ਲਿਊਦੌਫ਼ ਕਹਿਣ ਲੱਗਾ, "ਪਰੰਤ ਅਸੀਂ ਹੀ ਨਹੀਂ ਸਾਰੇ ਹੀ ਇਸ ਬਾਰੇ ਸੋਚ ਰਹੇ ਹਨ। ਇਕ ਅਮਰੀਕਾ ਦਾ ਰਹਿਣ ਵਾਲਾ ਹੈ, ਹੈਨਰੀ ਜਾਰਜ, ਇਹੋ ਹੈ ਜੋ ਕੁਝ ਉਸ ਨੇ ਸੋਚਿਆ ਹੈ, ਅਤੇ ਮੈਂ ਉਸ ਨਾਲ ਸਹਿਮਤ ਹਾਂ...।"

"ਕਿਉਂ ਤੁਸੀਂ ਮਾਲਿਕ ਹੋ ਅਤੇ ਜਿਸ ਤਰ੍ਹਾਂ ਚਾਹੇ ਤੁਸੀਂ ਇਸ ਨੂੰ ਵੰਡ ਸਕਦੇ ਹੋ। ਇਸ ਵਿਚ ਤੁਹਾਨੂੰ ਕਿਸ ਗੱਲ ਦੀ ਰੁਕਾਵਟ ਹੈ ? ਮਰਜ਼ੀ ਤੁਹਾਡੀ ਹੈ," ਖਿਝੇ ਹੋਏ ਆਦਮੀ ਨੇ ਕਿਹਾ।

"ਇਸ ਗੱਲ ਨਾਲ ਨਖ਼ਲਿਊਦੌਫ਼ ਘਬਰਾ ਗਿਆ, ਪਰੰਤੂ ਉਹ ਇਹ ਦੇਖਕੇ ਖੁਸ਼ ਹੋਇਆ ਕਿ ਉਹ ਇਕੱਲਾ ਹੀ ਨਹੀਂ ਜੋ ਇਸ ਰੁਕਾਵਟ ਨਾਲ ਅਸੰਤੁਸ਼ਟ ਸੀ।

"ਤੁਸੀਂ ਜ਼ਰਾ ਸਬਰ ਕਰੋ, ਚਾਚਾ ਸਾਈਮਨ, ਇਸ ਬਾਰੇ ਇਨ੍ਹਾਂ ਨੂੰ ਦੱਸ ਲੈਣ ਦਿਓ," ਪੰਚਾਇਤੀ ਆਦਮੀ ਨੇ ਤਕੜੀ ਅਵਾਜ਼ ਵਿਚ ਕਿਹਾ।

ਨਖ਼ਲਿਊਦੌਫ਼ ਨੂੰ ਇਸ ਗੱਲ ਤੋਂ ਹੌਂਸਲਾ ਹੋਇਆ ਤੇ ਉਸ ਨੇ ਹੈਨਰੀ ਜਾਰਜ ਦੇ ਇਕਹਿਰੇ ਕਰ ਦੇ ਸਿਧਾਂਤ ਨੂੰ ਸਮਝਾਣਾ ਸ਼ੁਰੂ ਕੀਤਾ।

"ਇਹ ਧਰਤੀ ਕਿਸੇ ਆਦਮੀ ਦੀ ਨਹੀਂ, ਇਹ ਪਰਮਾਤਮਾ ਦੀ ਹੈ, " ਉਸ ਨੇ ਸ਼ੁਰੂ ਕੀਤਾ।

"ਸਤਿ ਹੈ ਮਹਾਰਾਜ," ਕਈ ਅਵਾਜ਼ਾਂ ਜਵਾਬ ਵਿਚ ਆਈਆਂ।

"ਧਰਤੀ ਸਾਰਿਆਂ ਦੀ ਸਾਂਝੀ ਹੈ, ਸਾਰਿਆਂ ਦਾ ਇਸ ਉਪਰ ਇਕੋ ਜੇਹਾ ਅਧਿਕਾਰ ਹੈ। ਪਰ ਅੱਛੀ ਧਰਤੀ ਵੀ ਹੈ ਅਤੇ ਬੁਰੀ ਧਰਤੀ ਵੀ ਅਤੇ ਹਰ ਕੋਈ ਅੱਛੀ ਧਰਤੀ ਲੈਣੀ ਚਾਹੇਗਾ। ਤਾਂ ਕੋਈ ਕਿਸ ਤਰੀਕੇ ਨਾਲ ਅੱਛੀ ਤਰ੍ਹਾਂ ਇਸ ਨੂੰ ਵੰਡੇ। ਇਸ ਤਰੀਕੇ ਨਾਲ : ਉਹ ਜੋ ਅੱਛੀ ਧਰਤੀ ਵਰਤਦਾ ਹੈ। ਉਸ ਦੀ ਕੀਮਤ ਉਨ੍ਹਾਂ ਨੂੰ ਜਿਨ੍ਹਾਂ ਪਾਸ ਕੁਝ ਵੀ ਨਹੀਂ ਜ਼ਰੂਰ ਦੇਵੇ," ਨਖ਼ਲਿਊਦੌਫ਼ ਨੇ ਆਪਣੇ ਸਵਾਲ ਦਾ ਜਵਾਬ ਦੇਣਾ ਜਾਰੀ ਰਖਿਆ। "ਕਿਉਂਕਿ ਇਹ ਕਹਿਣਾ ਮੁਸ਼ਕਿਲ ਹੋਵੇਗਾ ਕਿ ਕੌਣ ਕਿਸ ਨੂੰ ਦੇਵੇ ਅਤੇ ਕਿਉਂਕਿ ਪੈਸਾ ਸਾਂਝੀ ਵਰਤੋਂ ਲਈ ਲੋੜੀਂਦਾ ਹੈ, ਇਸ ਦਾ ਪ੍ਰਬੰਧ ਕੀਤਾ ਜਾਵੇ ਕਿ ਜੋ ਅੱਛੀ ਧਰਤੀ ਲੈਂਦਾ ਹੈ ਉਸ ਦੇ ਇਵਜ਼ ਵਿਚ ਉਸ ਧਰਤੀ ਦੀ ਕੀਮਤ ਆਪਣੀਆਂ ਲੋੜਾਂ ਲਈ ਪੰਚਾਇਤ ਨੂੰ ਦੇਵੇ। ਫਿਰ ਹਰ ਇਕ ਨੂੰ ਇਕੋ ਜੇਹਾ ਹਿੱਸਾ ਮਿਲੇਗਾ। ਜੇ ਤੁਸੀਂ ਧਰਤੀ ਨੂੰ ਵਰਤਣਾ ਚਾਹੁੰਦੇ ਹੋ, ਇਸ ਦੇ ਇਵਜ਼ ਵਿਚ ਕੁਝ ਦਿਓ... ਅੱਛੀ ਧਰਤੀ ਲਈ ਜ਼ਿਆਦਾ, ਅਤੇ ਭੈੜੀ ਲਈ ਥੋੜ੍ਹਾ। ਜੇ ਤੁਸੀਂ ਧਰਤੀ ਨੂੰ ਵਰਤਣਾ ਨਹੀਂ ਚਾਹੁੰਦੇ, ਕੁਝ ਵੀ ਨਾ ਦਿਓ ਅਤੇ ਉਹ ਜੋ ਧਰਤੀ ਵਰਤਦੇ ਹਨ ਉਹ ਤੁਹਾਡੇ ਲਈ ਕਰ ਤੇ ਸਾਂਝੇ ਖਰਚ ਦੇਣਗੇ।'

"ਇਹ ਠੀਕ ਹੈ," ਤੰਦੂਰ ਬਣਾਣ ਵਾਲੇ ਨੇ ਆਪਣੇ ਭਰਵੱਟੇ ਹਿਲਾਉਂਦੇ ਹੋਏ ਕਿਹਾ, "ਉਹ ਜਿਸ ਕੋਲ ਚੰਗੀ ਭੋਇ ਹੈ, ਜ਼ਰੂਰ ਜ਼ਿਆਦਾ ਪੈਸੇ ਦੇਵੇ।"

"ਹਾਂ ਬਈ, ਦਿਮਾਗ਼ ਵਾਲਾ ਸੀ ਉਹ ਜਾਰਜ," ਘੁੰਗਰਾਲੇ ਵਾਲਾਂ ਵਾਲੇ ਬਜੁਰਗ ਨੇ ਦ੍ਰਿੜ੍ਹ ਅਵਾਜ਼ ਵਿਚ ਆਖਿਆ।

"ਜੇ ਕੇਵਲ ਸਾਡੀ ਸ਼ਕਤੀ ਅਨੁਸਾਰ ਦੇਣਾ ਪਵੇ," ਭਾਰੀ ਅਵਾਜ਼ ਵਾਲੇ ਲੰਮੇ ਆਦਮੀ ਨੇ ਕਿਹਾ। ਸਿੱਧ ਹੈ ਉਸ ਨੂੰ ਸਮਝ ਆ ਗਈ ਸੀ ਕਿ ਇਹ ਵਿਉਂਤ ਕਿਸ ਪਾਸੇ ਜਾ ਰਹੀ ਹੈ।

"ਭੁਗਤਾਨ ਨਾ ਬਹੁਤ ਜਿਆਦਾ ਹੋਵੇ ਤੇ ਨਾ ਹੀ ਬਹੁਤ ਘੱਟ। ਜੋ ਬਹੁਤ ਜਿਆਦਾ ਹੋਵੇਗਾ, ਇਹ ਦਿੱਤਾ ਨਹੀਂ ਜਾ ਸਕੇਗਾ ਅਤੇ ਫਿਰ ਘਾਟਾ ਪਵੇਗਾ, ਜੇ ਬਹੁਤ ਥੜ੍ਹਾ ਹੋਵੇਗਾ, ਤਦ ਧਰਤੀ ਦੀ ਮਾਲਕੀ ਵੇਚੀ ਤੇ ਖ਼ਰੀਦੀ ਜਾਵੇਗੀ। ਫਿਰ ਧਰਤੀ ਵਿਚ ਵਪਾਰ ਚਲ ਪਵੇਗਾ," ਨਖ਼ਲਿਊਦੌਫ਼ ਨੇ ਕਿਹਾ, "ਤੇ ਇਹ ਹੀ ਹੈ ਜੋ ਮੈਂ ਇੱਥੇ ਤੁਹਾਡੇ ਵਿਚ ਹੀ ਨਿਪਟਾ ਦੇਣਾ ਚਾਹੁੰਦਾ ਹਾਂ।" ਉਹ ਕਹਿੰਦਾ ਗਿਆ।

"ਇਹ ਹੱਕ ਦੀ ਗੱਲ ਹੈ, ਇਹ ਠੀਕ ਹੈ, ਇਹ ਠੀਕ ਰਹੇਗਾ " ਕਿਰਸਾਨਾਂ ਨੇ ਉਤਸਾਹਿਤ ਹੋ ਕੇ ਅੱਛੀ ਤਰ੍ਹਾਂ ਸਮਝਦੇ ਹੋਏ ਆਖਿਆ।

"ਦਿਮਾਗ ਸੀ, ਇਸ ਜਾਰਜ ਦਾ," ਘੁੰਗਰਾਲੇ ਵਾਲਾਂ ਤੇ ਚੌੜੇ ਮੋਢਿਆਂ ਵਾਲੇ ਬੁੱਢੇ ਆਦਮੀ ਨੇ ਕਿਹਾ, "ਦੇਖੋ ਉਸ ਨੇ ਕੀ ਕਾਢ ਕੱਢੀ ਹੈ।"

"ਅੱਛਾ ਫਿਰ ਫਰਜ਼ ਕਰੋ ਮੈਂ ਕੁਝ ਜ਼ਮੀਨ ਲੈਣੀ ਚਾਹੁੰਦਾ ਹਾਂ ?" ਮੁਸਕਰਾਂਦੇ ਮੁਨਸ਼ੀ ਨੇ ਕਿਹਾ।

"ਜੇ ਕੁਝ ਭੋਇੰ ਬਚ ਰਹੀ ਤਾਂ ਲੈ ਲਈ ਤੇ ਉਸ ਉਪਰ ਕੰਮ ਕਰੀਂ " ਨਖ਼ਲਿਊਦੌਫ਼ ਨੇ ਕਿਹਾ।

"ਕਿਸ ਵਾਸਤੇ? ਤੁਹਾਡੇ ਪਾਸ ਹੁਣ ਵੀ ਕਾਫ਼ੀ ਹੈ," ਬੱਚੇ ਆਦਮੀ ਨੇ ਹੱਸਦੀਆਂ ਅੱਖਾ ਨਾਲ ਕਿਹਾ।

ਇਸ ਨਾਲ ਹੀ ਇਕੱਤਰਤਾ ਖ਼ਤਮ ਹੋ ਗਈ।

ਨਖ਼ਲਿਊਦੌਫ਼ ਨੇ ਆਪਣੀ ਦੇਣ ਦੁਹਰਾਈ, ਇਕ ਦਮ ਜਵਾਬ ਮੰਗਦੇ ਹੋਏ ਨਹੀਂ, ਪਰ ਉਨ੍ਹਾਂ ਨੂੰ ਸਲਾਹ ਦਿੰਦੇ ਹੋਏ ਕਿ ਉਹ ਬਾਕੀ ਪੰਚਾਇਤ ਨਾਲ ਗੱਲ ਕਰਨ ਤੇ ਇਸਦਾ ਨਤੀਜਾ ਉਸ ਨੂੰ ਦੱਸਣ।

ਕਿਰਸਾਨਾਂ ਨੇ ਕਿਹਾ, ਉਹ ਗੱਲ ਕਰਨਗੇ ਅਤੇ ਜਵਾਬ ਲਿਆਉਣਗੇ ਅਤੇ ਕਾਫ਼ੀ ਘਬਰਾਹਟ ਦੀ ਹਾਲਤ ਵਿਚ ਚਲ ਤੁਰੇ। ਉਨ੍ਹਾਂ ਦੀ ਉੱਚੀ ਉੱਚੀ ਗੱਲਾਂ ਕਰਨ ਦੀ ਅਵਾਜ਼ ਸੁਣੀ ਜਾ ਸਕਦੀ ਸੀ। ਜਦੋਂ ਉਹ ਸੜਕ ਦੇ ਨਾਲ ਨਾਲ ਤੁਰੇ ਜਾ ਰਹੇ ਸਨ, ਅਤੇ ਕਾਫ਼ੀ ਰਾਤ ਗਈ ਉੱਚੀਆਂ ਉੱਚੀਆਂ ਅਵਾਜ਼ਾਂ ਪਿੰਡ ਵਿਚੋਂ ਨਦੀ ਦੇ ਕੰਢੇ ਨਾਲੋਂ ਆ ਰਹੀਆਂ ਸਨ।

ਅਗਲੇ ਦਿਨ ਕਿਰਸਾਨ ਕੰਮਾਂ ਤੇ ਨਾ ਗਏ, ਪਰ ਸਾਰਾ ਦਿਨ ਭੋਇੰ ਦੇ ਮਾਲਕ ਦੀ ਤਜਵੀਜ਼ ਉਤੇ ਹੀ ਵਿਚਾਰਾਂ ਕਰਦਿਆਂ ਬਤੀਤ ਕਰ ਦਿੱਤਾ। ਪੰਚਾਇਤ ਦੋ ਹਿੱਸਿਆਂ ਵਿਚ ਵੰਡੀ ਹੋਈ ਸੀ...ਇਕ ਜੇਹੜਾ ਤਜਵੀਜ਼ ਨੂੰ ਫਾਇਦੇਮੰਦ ਸਮਝਦਾ ਸੀ ਤੇ ਇਸ ਨੂੰ ਲੈ ਲੈਣ ਵਿਚ ਕੋਈ ਨੁਕਸਾਨ ਨਹੀਂ ਦੇਖਦਾ ਸੀ, ਅਤੇ ਦੂਜਾ ਜੇਹੜਾ ਸ਼ੱਕ ਕਰਦਾ ਸੀ ਅਤੇ ਉਸ ਤਦਵੀਜ਼ ਤੋਂ ਡਰਦਾ ਸੀ ਜਿਸ ਦੀ ਇਸ ਨੂੰ ਸਮਝ ਨਹੀਂ ਸੀ ਆਉਂਦੀ। ਤੀਸਰੇ ਦਿਨ ਨੂੰ ਸਾਰੇ ਮੰਨ ਗਏ ਤੇ ਕੁਝ ਨਖ਼ਲਿਊਦੌਫ਼ ਕੋਲ ਉਸ ਦੀ ਭੇਟਾ ਪਰਵਾਨ ਕਰਨ ਲਈ ਭੇਜ ਦਿੱਤੇ ਗਏ। ਉਹ ਆਪਣੀ ਗੱਲਬਾਤ ਵਿਚ ਉਸ ਵਿਆਖਿਆ ਕਰਕੇ ਪ੍ਰਭਾਵਿਤ ਹੋ ਗਏ ਸਨ, ਜੋ ਇਕ ਬੁੱਢੀ ਤੀਵੀਂ ਨੇ ਜ਼ਮੀਨ ਦੇ ਮਾਲਕਾਂ ਦੇ ਰਵੱਈਏ ਦੀ ਕੀਤੀ ਸੀ, ਜਿਸ ਨਾਲ ਧੋਖੇ ਦਾ ਸਾਰਾ ਡਰ ਹਟ ਗਿਆ ਸੀ। ਵਿਆਖਿਆ ਇਸ ਤਰ੍ਹਾਂ ਸੀ ਕਿ ਮਾਲਕ ਨੇ ਆਪਣੀ ਰੂਹ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਸੀ ਤੇ ਮੁਕਤੀ ਪ੍ਰਾਪਤ ਕਰਨ ਦੀ ਆਸ ਉਤੇ ਉਹ ਇਹ ਕਰਦਾ ਸੀ। ਇਸ ਦੀ ਪੁਸ਼ਟੀ ਉਨ੍ਹਾਂ ਵੱਡੀਆਂ ਰਾਸ਼ੀਆਂ ਤੋਂ ਮਿਲੀ ਜੋ ਨਖ਼ਲਿਊਦੌਫ਼ ਨੇ ਪਾਨੋਵ ਵਿਚ ਦਾਨ ਦੇ ਰੂਪ ਵਿਚ ਦਿੱਤੀਆਂ ਸਨ। ਇਸ ਗੱਲ ਨੇ ਕਿ ਨਖ਼ਲਿਊਦੌਫ਼ ਨੂੰ ਕਦੇ ਵੀ ਅਜੇਹੀ ਗਰੀਬੀ ਦਾ ਸਾਹਮਣਾ ਨਹੀਂ ਕਰਨਾ ਪਿਆ ਸੀ ਅਤੇ ਇਸ ਤਰ੍ਹਾਂ ਦੀ ਭੁੱਖ ਨੰਗ ਦੀ ਜ਼ਿੰਦਗੀ ਬਿਤਾਉਣ ਦਾ ਜੋ ਕਿਰਸਾਨ ਬਿਤਾ ਰਹੇ ਸਨ ਤੇ ਉਹ ਇਸ ਤੋਂ ਬਹੁਤ ਪੀੜਤ ਹੋਇਆ ਸੀ, ਉਸ ਨੂੰ ਭੇਟਾ ਦੇਣ ਉਤੇ ਮਜਬੂਰ ਕੀਤਾ ਸੀ, ਭਾਵੇਂ ਉਹ ਜਾਣਦਾ ਸੀ ਕਿ ਇਹ ਠੀਕ ਨਹੀਂ ਸੀ। ਉਹ ਦ੍ਰਵ ਵਿਚ ਦਿੱਤੇ ਬਗ਼ੈਰ ਨਾ ਰਹਿ ਸਕਿਆ ਜਿਸ ਦੀ ਹੁਣ ਉਸ ਪਾਸ ਤਕੜੀ ਰਾਸ਼ੀ ਸੀ। ਇਕ ਵੱਡੀ ਰਕਮ ਉਸ ਨੂੰ ਜੰਗਲ ਵੇਚਣ ਉੱਤੇ ਪਿਛਲੇ ਸਾਲ ਮਿਲੀ ਸੀ ਤੇ ਕੁਸਮਿੰਸਕੀ ਵਿਚ ਸੰਦ ਤੇ ਮਾਲ ਵੇਚਣ ਤੋਂ ਕੁਝ ਸਾਈ ਮਿਲੀ ਸੀ ਲੋਕਾਂ ਨੂੰ ਜਿਉਂ ਹੀ ਪਤਾ ਲਗਿਆ ਕਿ ਮਾਲਕ ਦ੍ਰਵ ਦਾਨ ਕਰ ਰਿਹਾ ਸੀ, ਲੋਕਾਂ ਦੇ ਝੁੰਡ ਖ਼ਾਸ ਕਰਕੇ ਤੀਵੀਆਂ

ਸਾਹਇਤਾ ਮੰਗਣ ਲਈ ਆਈਆਂ। ਉਹ ਬਿਲਕੁਲ ਨਹੀਂ ਜਾਣਦਾ ਸੀ ਕਿ ਕਿਸ ਤਰ੍ਹਾਂ ਦੇਵੇ ਕਿਸ ਤਰ੍ਹਾਂ ਫ਼ੈਸਲਾ ਕਰੇ ਕਿ ਕਿੰਨੀ ਰਕਮ ਤੇ ਕਿਸ ਨੂੰ ਦਿੱਤੀ ਜਾਵੇ। ਉਸ ਨੂੰ ਮਹਿਸੂਸ ਹੋਇਆ ਕਿ ਇਤਨਾ ਜ਼ਿਆਦਾ ਉਨ੍ਹਾਂ ਲੋਕਾਂ ਨੂੰ, ਜੋ ਬਹੁਤ ਗਰੀਬੀ ਵਿਚ ਰਹਿ ਰਹੇ ਸਨ, ਕੁਝ ਦੇਣ ਤੋਂ ਇਨਕਾਰ ਕਰਨਾ ਅਸੰਭਵ ਸੀ, ਭਾਵੇਂ ਮੰਗਣ ਵਾਲਿਆਂ ਨੂੰ ਬਿਨਾਂ ਸੋਚੇ ਸਮਝੇ ਦੇਣਾ ਕੋਈ ਸਿਆਣਪ ਨਹੀਂ।

ਛੇਕੜ ਆਪਣੇ ਪਾਨੋਵ ਵਿਚ ਛੇਕੜਲੇ ਦਿਨ ਨਖ਼ਲਿਊਦੌਂਫ਼ ਨੇ ਆਪਣੀ ਭੂਆ ਦੇ ਘਰ ਦੀ ਚੀਜ਼ ਵਸਤ ਨੂੰ ਵੇਖਿਆ, ਮਹਾਰਾਣੀ ਦੀ ਅਲਮਾਰੀ ਸੀ ਜਿਸ ਉਤੇ ਪਿੱਤਲ ਦੇ ਸ਼ੇਰਾਂ ਦੇ ਸਿਰ ਬਣੇ ਹੋਏ ਸਨ, ਜਿਨ੍ਹਾਂ ਵਿਚ ਛੱਲੇ ਪਏ ਹੋਏ ਸਨ। ਇਸ ਦੇ ਹੇਠਲੇ ਖਾਨੇ ਵਿਚ ਉਸ ਨੂੰ ਕੁਝ ਚਿੱਠੀਆਂ ਲੱਭੀਆਂ ਤੇ ਇਨ੍ਹਾਂ ਵਿਚ ਗੁੱਟ ਦਾ ਚਿੱਤਰ ਸੀ ਜਿਸ ਵਿਚ ਉਸ ਦੀਆਂ ਭੂਆ ਸੋਫੀਆਈਵਨੋਫ਼ਨਾ ਅਤੇ ਮੇਰੀਈਵਨੋਫ਼ਨਾ ਉਹ ਆਪ ਜਦੋਂ ਉਹ ਵਿਦਿਆਰਥੀ ਸਨ ਅਤੇ ਕਤੂਸ਼ਾਂ ਪਵਿੱਤਰ, ਪਿਆਰੀ ਤੇ ਜੀਵਨ ਦੇ ਆਨੰਦ ਨਾਲ ਭਰੀ ਹੋਈ, ਖੜੇ ਸਨ। ਉਨ੍ਹਾਂ ਸਾਰੀਆਂ ਚੀਜ਼ਾਂ ਵਿਚੋਂ ਉਸ ਨੇ ਚਿੱਠੀਆਂ ਤੇ ਫੋਟੇ ਚੁੱਕੀਆਂ। ਬਾਕੀ ਦੀਆਂ ਚੀਜ਼ਾਂ ਚੱਕੀ ਵਾਲੇ ਵਾਸਤੇ ਛੱਡ ਦਿੱਤੀਆਂ ਜਿਸ ਨੇ ਸਦ-ਮੁਸਕਾਣੇ ਮੁਨਸ਼ੀ ਦੇ ਕਹਿਣ ਉਤੇ ਘਰ ਅਤੇ ਸਾਰਾ ਕੁਝ ਜੋ ਉਸ ਵਿਚ ਸੀ, ਜੋ ਸਾਰਾ ਇੱਥੋਂ ਢੋ ਲਿਜਾਣਾ ਸੀ...... ਅਸਲੀ ਕੀਮਤ ਦੇ ਦਸਵੇਂ ਹਿੱਸੇ ਉਤੇ ਖਰੀਦ ਲਿਆ ਸੀ।

ਉਸ ਕੋਲ ਸ਼ੋਕ ਦੇ ਭਾਵ ਨੂੰ ਯਾਦ ਕਰਕੇ ਜੋ ਕੁਸਮਿੰਸਕੀ ਵਿਚ ਉਸ ਨੂੰ ਮਹਿਸੂਸ ਹੋਇਆ ਸੀ, ਆਪਣੀ ਜਾਇਦਾਦ ਦੇ ਚਲੇ ਜਾਣ ਉਤੇ ਨਖ਼ਲਿਊਦੌਂਫ਼ ਹੈਰਾਨ ਹੋਇਆ ਕਿ ਉਸ ਨੇ ਕਿਸ ਤਰ੍ਹਾਂ ਮਹਿਸੂਸ ਕੀਤਾ। ਹੁਣ ਉਸ ਨੂੰ ਕੁਝ ਵੀ ਨਹੀਂ ਮਹਿਸੂਸ ਹੋ ਰਿਹਾ ਸੀ, ਸਿਵਾਇ ਛੁਟਕਾਰੇ ਦੇ ਅਨੰਤ ਆਨੰਦ ਤੋਂ, ਇਕ ਨਵੇਲੇ ਭਾਵ ਤੋਂ, ਜਿਸ ਤਰ੍ਹਾਂ ਦਾ ਇਕ ਯਾਤਰੀ ਨਵੇਂ ਦੇਸ਼ਾਂ ਦੀ ਖੋਜ ਕਰਕੇ ਪ੍ਰਤੀਤ ਕਰਦਾ ਹੈ।

-0-

10

ਵਾਪਸੀ ਉਤੇ ਨਖ਼ਲਿਊਦੌਫ਼ ਨੂੰ ਸ਼ਹਿਰ ਨਵੀਂ ਅਤੇ ਖ਼ਾਸ ਰੌਸ਼ਨੀ ਵਿਚ ਚਮਕ ਰਿਹਾ ਪ੍ਰਤੀਤ ਹੋਇਆ। ਉਹ ਸ਼ਾਮ ਨੂੰ ਵਾਪਸ ਆਇਆ। ਦੀਵਿਆਂ ਦੇ ਬਲਣ ਤੋਂ ਬਾਅਦ ਬੱਘੀ ਲੈ ਕੇ ਰੇਲਵੇ ਸਟੇਸ਼ਨ ਤੋਂ ਘਰ ਆਇਆ ਜਿੱਥੇ ਕਮਰਿਆਂ ਵਿਚੋਂ ਨਫ਼ਥਲਿਨ ਦੀ ਗੰਧ ਅਜੇ ਵੀ ਆ ਰਹੀ ਸੀ। ਅਗਰਾਫ਼ਨਾ ਪੀਤਰੋਫ਼ਨਾ ਅਤੇ ਕਾਰਨੀ ਦੋਵੇਂ ਅਸੰਤੁਸਟ ਤੇ ਥਕਾਵਟ ਮਹਿਸੂਸ ਕਰ ਰਹੇ ਸਨ ਤੇ ਉਨ੍ਹਾਂ ਚੀਜ਼ਾਂ ਉਪਰ ਝਗੜ ਵੀ ਚੁਕੇ ਸਨ ਜੇਹੜੀਆਂ ਸਿਰਫ਼ ਟੰਗ ਲਟਕਾਣ, ਹਵਾ ਲਗਾਣ ਤੇ ਬੰਦ ਕਰਕੇ ਰੱਖ ਦੇਣ ਲਈ ਬਣਾਈਆਂ ਪ੍ਰਤੀਤ ਹੁੰਦੀਆਂ ਸਨ। ਨਖ਼ਲਿਊਦੌਫ਼ ਦਾ ਕਮਰਾ ਖ਼ਾਲੀ ਸੀ। ਕੁਝ ਵੀ ਤਰਤੀਬ ਵਿਚ ਨਹੀਂ ਸੀ ਤੇ ਇਸ ਵਿਚ ਜਾਣ ਦਾ ਰਸਤਾ ਟਰੰਕਾਂ ਨਾਲ ਰੁੱਕਿਆ ਹੋਇਆ ਸੀ। ਜਿਸ ਕਾਰਨ ਕਿ ਉਸ ਦਾ ਇੱਥੇ ਪਹੁੰਚਣਾ ਉਸ ਵਿਵਹਾਰ ਵਿਚ ਜੋ ਇਕ ਅਨੋਖੀ ਭਾਂਤ ਦੀ ਨਿਸ਼ਚਲਤਾ ਨਾਲ ਇਸ ਘਰ ਵਿਚ ਚਲ ਰਿਹਾ ਸੀ, ਵਿਘਨ ਪਾਂਦਾ ਸੀ। ਕਿਰਸਾਨਾਂ ਦੀ ਦੁਖਾਂਵੀ ਜ਼ਿੰਦਗੀ ਦੇ ਉਸ ਉੱਤੇ ਪਏ ਪ੍ਰਭਾਵਾਂ ਤੋਂ ਪਿੱਛੋਂ, ਇਨ੍ਹਾਂ ਸਾਰੀਆਂ ਗੱਲਾਂ ਦੀ ਮੂਰਖਤਾ ਜਿਨ੍ਹਾਂ ਵਿਚ ਉਸ ਨੇ ਕਦੇ ਹਿੱਸਾ ਲਿਆ ਸੀ, ਨਖਲਿਊਦੇਰ ਵਾਸਤੇ ਇਤਨੀ ਬੇ-ਸੁਆਦੀ ਸੀ ਕਿ ਉਸ ਨੇ ਅਗਲੇ ਦਿਨ ਅਗਰਾਫ਼ਨਾ ਪੀਤਰੋਫ਼ਨਾ ਨੂੰ ਪਿੱਛੇ ਛੱਡ ਕੇ ਇਕ ਕਰਾਏ ਦੇ ਮਕਾਨ ਵਿਚ ਜਾ ਰਹਿਣ ਦਾ ਫੈਸਲਾ ਕਰ ਲਿਆ। ਪਿੱਛੋਂ ਅਗਰਾਫ਼ਨਾ ਪੀਤਰਫ਼ਨਾ ਜਿਵੇਂ ਠੀਕ ਸਮਝੇ ਇਨ੍ਹਾਂ ਨੂੰ ਇਕੱਠੀਆਂ ਕਰ ਲਵੇ ਤੇ ਜਾਂ ਉਸ ਦੀ ਭੈਣ ਆ ਕੇ ਘਰ ਵਿਚ ਸਾਰੀ ਚੀਜ਼ ਵਸਤ ਸੰਭਾਲ ਨਾ ਲਵੇ।

ਨਖ਼ਲਿਊਦੌਫ਼ ਸਵੇਰੇ ਹੀ ਘਰੋਂ ਨਿਕਲ ਗਿਆ ਅਤੇ ਇਕ ਸਾਦੇ ਜੇਹੇ ਨਿਵਾਸ ਸਥਾਨ ਵਿਚ ਜੋ ਇਤਨਾ ਬਹੁਤਾ ਸਵੱਛ ਨਹੀਂ ਸੀ, ਦੋ ਕਮਰੇ ਲੈ ਲਏ। ਇੱਥੋਂ ਕੈਦਖ਼ਾਨਾ ਨੇੜੇ ਹੀ ਸੀ ਤੇ ਆਪਣੇ ਘਰੋਂ ਕੁਝ ਚੀਜ਼ਾਂ ਉੱਥੇ ਪਹੁੰਚਾਣ ਦਾ ਹੁਕਮ ਦੇ ਕੇ ਉਹ ਵਕੀਲ ਨੂੰ ਮਿਲਣ ਚਲਾ ਗਿਆ। ਬਾਹਰ ਸਰਦੀ ਸੀ। ਕੁਝ ਬਰਸਾਤ ਅਤੇ ਝੱਖੜ ਦੇ ਮੌਸਮ ਤੋਂ ਬਾਅਦ ਹੁਣ ਠੰਢ ਹੋ ਗਈ ਸੀ, ਜਿਸ ਤਰ੍ਹਾਂ ਬਸੰਤ ਰੁੱਤ ਵਿਚ ਹੋ ਜਾਂਦਾ ਹੈ। ਸਰਦੀ ਬਹੁਤ ਸੀ, ਹਵਾ ਇੰਨੀ ਤੇਜ਼ ਕਿ ਨਖਲਿਊਦਫ ਆਪਣੇ ਹਲਕੇ ਵੱਡੇ ਕੋਟ ਵਿਚ ਚੋਖੀ ਠੰਡ ਮਹਿਸੂਸ ਕਰ ਰਿਹਾ ਸੀ, ਅਤੇ ਗਰਮ ਹੋਣ ਦੀ ਆਸ ਵਿਚ ਉਹ ਤੇਜ਼ ਤੁਰਨ ਲੱਗਾ। ਉਸਦਾ ਦਿਮਾਗ

ਕਿਰਸਾਨਾਂ ਬਾਰੇ ਸੋਚਾਂ ਨਾਲ ਭਰਪੂਰ ਸੀ....... ਤੀਵੀਆਂ, ਬੱਚੇ, ਬੁੱਢੇ ਆਦਮੀ...... ਇੰਨੀ ਗਰੀਬੀ ਤੇ ਥਕਾਵਟ ਜੋ ਉਸ ਨੇ ਜਿਵੇਂ ਪਹਿਲੀ ਵਾਰ ਦੇਖੀ ਸੀ, ਖ਼ਾਸ ਕਰਕੇ, ਉਹ ਅਜੀਬ ਮੁਸਕਰਾਹਟ ਤੇ ਬੁੱਢੇ ਚਿਹਰੇ ਵਾਲਾ ਬਾਲ ਜੋ ਆਪਣੀ ਸੁੱਕੀਆਂ ਤੇ ਸਖਣੀਆਂ ਲੱਤਾਂ ਮੋੜ ਤੋੜ ਰਿਹਾ ਸੀ ਤੇ ਜੋ ਕੁਝ ਸ਼ਹਿਰ ਵਿਚ ਹੋ ਰਿਹਾ ਸੀ, ਉਸ ਦਾ ਇਸ ਨਾਲ ਮੁਕਾਬਲਾ ਕਰਨ ਤੋਂ ਬਿਨਾਂ ਉਹ ਰਹਿ ਨਾ ਸਕਿਆ। ਬੁਚੜਾਂ, ਮਾਛੀਆਂ, ਧੋਬੀਆਂ ਦੀਆਂ ਦੁਕਾਨਾਂ ਕੋਲੋਂ ਦੀ ਲੰਘਦਾ ਹੋਇਆ ਉਹ, ਜਿਸ ਤਰ੍ਹਾਂ ਉਸ ਨੇ ਪਹਿਲੀ ਵਾਰ ਦੇਖਿਆ ਹੋਵੇ ਬਹੁਤ ਸੰਖਿਆ ਵਿਚ ਚੰਗੇ ਪਲੇ ਹੋਏ ਦਿਖਾਈ ਦੇਣ ਵਾਲੇ ਸਾਫ਼ ਅਤੇ ਮੋਟੇ ਦੁਕਾਨਦਾਰਾਂ ਜਿਨ੍ਹਾਂ ਵਰਗਾ ਤੁਸੀਂ ਸਾਰੇ ਦੇਸ਼ ਦੇ ਕਿਰਸਾਨਾਂ ਵਿਚੋਂ ਇਕ ਵੀ ਨਹੀਂ ਲੱਭ ਸਕਦੇ, ਨੂੰ ਇਕ ਵਾਰੀ ਫਿਰ ਵੇਖ ਕੇ ਹੈਰਾਨ ਹੋਇਆ। ਇਨ੍ਹਾਂ ਲੋਕਾਂ ਨੂੰ ਪੱਕਾ ਵਿਸ਼ਵਾਸ ਜਾਪਦਾ ਸੀ ਕਿ ਲੋਕਾਂ ਨੂੰ ਜੋ ਉਨ੍ਹਾਂ ਦੀਆਂ ਵਸਤਾਂ ਬਾਰੇ ਬਹੁਤਾ ਨਹੀਂ ਜਾਣਦੇ ਸਨ, ਧੋਖਾ ਦੇਣ ਦੇ ਉਨ੍ਹਾਂ ਦੇ ਯਤਨ ਵਿਅਰਥ ਨਹੀਂ ਸਗੋਂ ਇਕ ਮਹੱਤਵਪੂਰਨ ਕੰਮ ਸਨ। ਚੌੜੇ ਤੱਗਾਂ ਤੇ ਦੋਹੀਂ ਪਾਸੀਂ ਥੱਲੇ ਨੂੰ ਜਾ ਰਹੀਆਂ ਬਟਨਾਂ ਦੀਆਂ ਲੜੀਆਂ ਵਾਲੇ ਕੋਚਵਾਨ, ਸੁਨਹਿਰੀ ਸੂਤਲੀ ਵਾਲੀ ਟੋਪੀਆਂ ਵਾਲੇ ਦਰਬਾਨ, ਝਾਲਰਾਂ ਤੇ ਪਰਨਿਆਂ ਵਾਲੀਆਂ ਨੌਕਰਾਣੀਆਂ ਨਾਲ ਅਤੇ ਖ਼ਾਸ ਕਰ ਫਿੱਟੇ ਹੋਏ ਘਰੜ ਮੁੰਨੀਆਂ ਹੋਈਆਂ ਗਿੱਚੀਆਂ ਵਾਲੇ ਬੱਘੀਵਾਨ ਜੋ ਆਪਣੀਆਂ ਬੱਘੀਆਂ ਵਿਚ ਪਿੱਠਾਂ ਸੁਟੀ ਬੈਠੇ ਆਉਣ ਜਾਣ ਵਾਲਿਆਂ ਨੂੰ ਆਵਾਰਾ ਅਤੇ ਘ੍ਰਿਣਾ ਪੂਰਤ ਨਜ਼ਰਾਂ ਨਾਲ ਵੇਖ ਰਹੇ ਸਨ...ਸਾਰੇ ਚੰਗੇ ਪਲੇ ਹੋਏ ਲਗਦੇ ਸਨ। ਇਨ੍ਹਾਂ ਲੋਕਾਂ ਵਿਚ ਨਖ਼ਲਿਊਦੌਫ਼ ਨੂੰ ਅਜੇਹੇ ਕੁਝ ਕਿਰਸਾਨ ਵੀ ਦਿੱਸੇ ਜੋ ਭੋਇੰ ਦੀ ਥੁੜ ਕਰਕੇ ਸ਼ਹਿਰ ਵਿਚ ਆ ਗਏ ਸਨ। ਉਨ੍ਹਾਂ ਵਿਚੋਂ ਕੁਝ ਨੇ ਸ਼ਹਿਰੀ ਜੀਵਨ ਦੇ ਸਮਾਚਾਰ ਤੋਂ ਲਾਭ ਉਠਾਣ ਦਾ ਢੰਗ ਲੱਭ ਲਿਆ ਸੀ ਤੇ ਉਹ ਆਪਣੇ ਮਾਲਕਾਂ ਵਰਗੇ ਬਣ ਗਏ ਸਨ ਅਤੇ ਆਪਣੀ ਹਾਲਤ ਉਤੇ ਖ਼ੁਸ਼ ਸਨ ਬਾਕੀ ਦੇ ਪਿੰਡ ਨਾਲੋਂ ਵੀ ਬੁਰੀ ਹਾਲਤ ਵਿਚ ਸਨ ਅਤੇ ਪਿੰਡਾਂ ਦੇ ਲੋਕਾਂ ਨਾਲੋਂ ਉਨ੍ਹਾਂ ਉਤੇ ਜ਼ਿਆਦਾ ਤਰਸ ਆਉਂਦਾ ਸੀ।

ਹੇਠਲੇ ਫ਼ਰਸ਼ ਉੱਤੇ ਰਹਿੰਦੇ ਮੋਚੀ, ਪੀਲੇ, ਖਿਲਰੇ ਪੁਲਰੇ ਵਾਲਾਂ ਤੇ ਨੰਗੀਆਂ ਬਾਹਾਂ ਵਾਲੀਆਂ ਧੋਬਣਾਂ, ਖੁਲੀਆਂ ਬਾਰੀਆਂ ਅੱਗੇ ਜਿਨ੍ਹਾਂ ਵਿਚੋਂ ਸਾਬਣ ਵਾਲੀ ਭਾਫ਼ ਆ ਰਹੀ ਸੀ, ਕੱਪੜੇ ਪ੍ਰੈਸ ਕਰ ਰਹੀਆਂ ਸਨ। ਨਖ਼ਲਿਊਦੌਫ਼ ਨੂੰ ਅਜੇਹੇ ਪ੍ਰਤੀਤ ਹੋਏ ਤੇ ਅਜੇਹੇ ਹੀ ਲੱਗੇ ਰੰਗਾਈ ਕਰਨ ਵਾਲੇ ਦੋ ਘਰ ਜਿਨ੍ਹਾਂ ਦੇ ਪਰਨੇ ਤੇ ਜੁਰਾਬਾਂ ਤੋਂ ਬਾਹਰੇ ਫੱਟੇ ਹੋਏ ਪੈਰ ਰੰਗ ਨਾਲ ਲਿਬੜੇ ਹੋਏ ਸਨ। ਉਨ੍ਹਾਂ ਦੀਆਂ ਕਮਜ਼ੋਰ ਭੂਰੀਆਂ ਬਾਹਾਂ ਕੂਹਣੀਆਂ ਤਕ

ਨੰਗੀਆਂ ਸਨ, ਤੇ ਰੰਗ ਨਾਲ ਭਰੀਆਂ ਬਾਲਟੀਆਂ ਚੁੱਕੀ ਉਹ ਇਕ ਦੂਜੇ ਨਾਲ ਲੜਦੇ ਸਨ। ਉਨ੍ਹਾਂ ਦੇ ਚੇਹਰੇ ਲੱਥੇ ਹੋਏ ਅਤੇ ਖਿਝੇ ਹੋਏ ਲਗਦੇ ਸਨ। ਆਪਣੀਆਂ ਲੱਤਾਂ ਵਿਚ ਹੁਝੇਕੇ ਲੈ ਰਹੇ ਗੱਡਵਾਣਾ ਦੇ ਮੂੰਹਾਂ ਉਤੇ ਵੀ ਏਹੀ ਪ੍ਰਭਾਵ ਸੀ ਤੇ ਇਸੇ ਤਰ੍ਹਾਂ ਚੀਥੜਿਆਂ ਵਾਲੇ ਪੁਰਸ਼ਾਂ ਤੇ ਇਸਤਰੀਆਂ ਦੇ ਚਿਹਰਿਆਂ ਦਾ ਜੋ ਬਜ਼ਾਰ ਦੇ ਕੋਨਿਆ ਉਤੇ ਖੜੇ ਮੰਗ ਰਹੇ ਸਨ। ਇਸੇ ਭਾਂਤ ਦੇ ਮੂੰਹਾਂ ਵਾਲੇ ਲੋਕ ਢਾਬਿਆਂ ਦੀਆਂ ਖੁਲ੍ਹੀਆਂ ਬਾਰੀਆਂ ਵਿਚ ਬੈਠੇ ਸਨ, ਜਿਨ੍ਹਾਂ ਪਾਸੋਂ ਨਖ਼ਲਿਊਦੋਂਫ਼ ਲੰਘਿਆ। ਗੰਦੇ ਮੇਜ਼ਾਂ ਉਪਰ, ਜਿਨ੍ਹਾਂ ਉਪਰ ਚਾਹ ਦੀਆਂ ਚੀਜ਼ਾਂ ਤੇ ਬੋਤਲਾਂ ਪਈਆਂ ਸਨ, ਅਤੇ ਜਿਨ੍ਹਾਂ ਦੇ ਵਿਚਕਾਰ ਚਿੱਟੇ ਕੱਪੜਿਆ ਵਾਲੇ ਬਹਿਰੇ ਦਿਧਰ ਓਧਰ ਭੱਜੇ ਫਿਰਦੇ ਹਨ। ਪਸੀਨੋ ਪਸੀਨੀ ਹੋਏ ਮੱਦਹੋਸ਼ ਲਾਲ ਚੇਹਰਿਆਂ ਵਾਲੇ ਆਦਮੀ ਬੈਠੇ ਉੱਚੀ ਉੱਚੀ ਬੋਲ ਅਤੇ ਗਾ ਰਹੇ ਸਨ। ਇਕ ਆਦਮੀ ਬਾਰੀ ਦੇ ਕੋਲ ਭੱਵਾਂ ਚੜਾਈ ਢਿੱਲੇ ਬੁਲ੍ਹ ਕਰੀ ਇਕੱਠੇ ਅਤੇ ਨਜ਼ਰ ਟਿਕਾਈ ਬੈਠਾ ਸੀ, ਜਿਸ ਤਰ੍ਹਾਂ ਕੋਈ ਚੀਜ ਯਾਦ ਕਰਨ ਦੀ ਕੋਸ਼ਿਸ਼ ਕਰ ਰਿਹਾ ਹੋਵੇ।

" ਅਤੇ ਇੱਥੇ ਸਾਰੇ ਕਿਉਂ ਇਕੱਠੇ ਹੋਏ ਸਨ?" ਲਖਲਿਊਦੋਫ਼ ਨੇ ਆਪਣੇ ਆਪ ਨੂੰ ਪੁੱਛਿਆ, ਧੂੜ ਭਰੀ, ਠੰਡੀ ਹਵਾ, ਤਾਰਪੀਨ ਤੇ ਤੇਲ ਦੀ ਅਤੇ ਤਾਜ਼ ਰੰਗ ਦੀ ਬੋ ਉਸ ਦੇ ਸਾਹਾਂ ਰਾਹੀਂ ਅੰਦਰ ਧੱਸ ਰਹੀ ਸੀ।

ਇਕ ਗੱਲੀ ਵਿਚ ਉਹ ਕਿਸੇ ਭਾਂਤ ਦੇ ਲੋਹੇ ਦੇ ਭਰੇ ਹੋਏ ਗੱਡਿਆਂ ਦੀ ਕਤਾਰ ਪਿੱਛੇ ਚਲ ਪਿਆ, ਜਿਨ੍ਹਾਂ ਦਾ ਖੜਾਕ ਟੁੱਟ ਫੁੱਟੀ ਸੜਕ ਤੋਂ ਇੰਨਾ ਆ ਰਿਹਾ ਸੀ ਕਿ ਉਸ ਦੇ ਕੰਨਾਂ ਅਤੇ ਸਿਰ ਦੁਖਣ ਲੱਗ ਪਏ। ਉਹ ਹੋਰ ਤੇਜ਼ ਤੁਰਨ ਲੱਗ ਪਿਆ ਤਾਂ ਕਿ ਗੱਡਿਆਂ ਦੀ ਕਤਾਰ ਤੋਂ ਅੱਗੇ ਲੰਘ ਜਾਵੇ। ਤਦ ਅਚਾਨਕ ਇਸ ਖੜ ਖੜ ਦੀ ਅਵਾਜ਼ ਵਿਚੋਂ ਉਸ ਨੂੰ ਲੱਗਿਆ ਜਿਵੇਂ ਕਿਸੇ ਨੇ ਉਸ ਨੂੰ ਅਵਾਜ਼ ਦਿੱਤੀ ਹੋਵੇ। ਉਹ ਖਲੋ ਗਿਆ ਅਤੇ ਉਸ ਨੇ ਇਕ ਤਿੱਖੀਆਂ ਮੋਮ ਵਾਲੀਆਂ ਮੁੱਛਾਂ ਅਤੇ ਚਮਕਦੇ ਮੂੰਹ ਵਾਲੇ ਅਫ਼ਸਰ ਨੂੰ ਦੇਖਿਆ। ਉਹ ਬੱਘੀ ਵਿਚ ਬੈਠਾ ਹੋਇਆ ਸੀ ਅਤੇ ਆਪਣਾ ਹੱਥ ਮੈਤਰੀ ਭਾਵ ਨਾਲ ਹਿਲਾ ਰਿਹਾ ਸੀ। ਉਸ ਦੀ ਮੁਸਕਰਾਹਟ ਵਿਚੋਂ ਉਸ ਦੇ ਵਿਸ਼ੇਸ਼ ਚਿੱਟੇ ਦੰਦ ਦਿਖਾਈ ਦੇ ਰਹੇ ਸਨ।

"ਕੀ ਤੁਸੀਂ ਨਖ਼ਲਿਊਦੋਂਫ਼ ਹੋ ਨਾ?"

ਨਖ਼ਲਿਊਦੋਂਫ਼ ਦੀ ਪਹਿਲੀ ਭਾਵਨਾ ਖੁਸ਼ੀ ਵਾਲੀ ਸੀ।

"ਆਹਾ, ਸੋਨਬਾਕ !" ਉਹ ਖ਼ੁਸ਼ੀ ਤੇ ਹੈਰਾਨੀ ਨਾਲ ਬੋਲਿਆ ਪਰੰਤੂ ਅਗਲੇ ਪਲ ਉਨ੍ਹਾਂ ਨੂੰ ਗਿਆਨ ਹੋ ਗਿਆ ਕਿ ਖ਼ੁਸ਼ ਹੋਣ ਵਾਲੀ ਕੋਈ ਗੱਲ ਨਹੀਂ ਸੀ।

ਇਹ ਉਹੀ ਸੋਨਬਾਕ ਸੀ ਜੋਹੜਾ ਉਸ ਦਿਨ ਨਖ਼ਲਿਊਦੌਫ਼ ਦੀ ਭੂਆ ਦੇ ਘਰ ਸੀ।

ਨਖ਼ਲਿਊਦੌਫ਼ ਨੇ ਫਿਰ ਉਸ ਨੂੰ ਨਹੀਂ ਦੇਖਿਆ ਸੀ, ਪਰ ਉਸ ਨੇ ਸੁਣਿਆ ਸੀ ਕਿ ਕਰਜ਼ਾਈ ਹੁੰਦੇ ਹੋਏ ਵੀ ਉਸ ਨੇ ਕਿਸੇ ਨਾ ਕਿਸੇ ਤਰ੍ਹਾਂ ਰਸਾਲੇ ਵਿਚ ਰਹਿਣ ਦਾ ਪ੍ਰਬੰਧ ਕਰ ਲਿਆ ਸੀ। ਅਤੇ ਕਿਸੇ ਨਾ ਕਿਸੇ ਢੰਗ ਨਾਲ ਉਸ ਨੇ ਅਮੀਰਾਂ ਵਿਚ ਆਪਣੀ ਥਾਂ ਹਾਲੀ ਵੀ ਰੱਖੀ ਹੋਈ ਸੀ। ਉਸ ਦੀ ਖ਼ੁਸ਼ੀ ਭਰੀ, ਸੰਤੁਸ਼ਟ ਦਿਖ ਇਸ ਖ਼ਬਰ ਦੀ ਪੁਸ਼ਟੀ ਕਰ ਰਹੀ ਸੀ।

"ਕੇਹਾ ਚੰਗਾ ਹੋਇਆ ਮੈਂ ਤੈਨੂੰ ਲਭ ਲਿਆ। ਇੱਥੇ ਸ਼ਹਿਰ ਵਿਚ ਕੋਈ ਵੀ ਨਹੀਂ। ਆਹ! ਪੁਰਾਣੇ ਮਿੱਤਰ, ਤੂੰ ਬੁੱਢਾ ਹੋ ਗਿਆ ਹੈ," ਉਹ ਗੱਡੀ ਵਿਚੋਂ ਨਿਕਲਦਾ ਅਤੇ ਮੋਢੇ ਚੋੜੇ ਕਰਦਾ ਬੋਲਿਆ, "ਮੈਂ ਸਿਰਫ਼ ਤੇਰੀ ਚਾਲ ਤੋਂ ਹੀ ਪਛਾਣਿਆ ਹੈ। ਵੇਖ, ਅਸੀਂ ਇਕੱਠੇ ਦੁਪਹਿਰ ਦਾ ਖਾਣਾ ਖਾਵਾਂਗੇ। ਕੀ ਇੱਥੇ ਕੋਈ ਥਾਂ ਨਹੀਂ ਜਿੱਥੇ ਚੰਗਾ ਖਾਣਾ ਮਿਲ ਸਕੇ ?"

"ਮੈਨੂੰ ਡਰ ਹੈ ਕਿ ਮੈਂ ਵੇਹਲ ਨਹੀਂ ਕੱਢ ਸਕਾਂਗਾ " ਨਖ਼ਲਿਊਦੌਫ਼ ਨੇ ਜਵਾਬ ਦਿੱਤਾ। ਉਹ ਕੇਵਲ ਇਹ ਸੋਚ ਰਿਹਾ ਸੀ ਕਿ ਕਿਸ ਤਰ੍ਹਾਂ ਉਸ ਦੇ ਮਨ ਨੂੰ ਦੁਖਾਏ ਬਿਨਾਂ ਉਸ ਤੋਂ ਖਹਿੜਾ ਛੁਡਵਾਇਆ ਜਾਵੇ। ਤੇ "ਤੁਸੀਂ ਇੱਥੇ ਕਿਵੇਂ ਆਏ ਹੋ?" ਉਸ ਨੇ ਪੁੱਛਿਆ।

“ਕੰਮ! ਪੁਰਾਣੇ ਦੋਸਤ! ਇਕ ਪ੍ਰਤਿਪਾਲਕ ਦੇ ਕੰਮ। ਮੈਂ ਹੁਣ ਰਖਵਾਲਾ ਹਾਂ। ਮੈਂ ਸਾਮਾਨੋਫ਼ਾ ਦੇ ਕੰਮਾਂ ਦਾ ਪਬ੍ਰੰਧ ਕਰਦਾ ਹਾਂ- ਕਰੋੜਾਂ ਪਤੀ, ਤੂੰ ਜਾਣਦਾ ਹੈਂ। ਉਸ ਦਾ hn ਮੈਂ ਸਾਮਾਨੇਫਾ ਦੇ ਕੰਮਾਂ ਦਾ ਪ੍ਰਬੰਧ ਕਰਦਾ ਹਾਂ-ਕਰੋੜਾਂ ਪਤੀ, ਤੂੰ ਜਾਣਦਾ ਹੈ। ਉਸ ਦਾ ਦਿਮਾਗ ਕੁਝ ਢੱਲ ਗਿਆ ਹੈ, ਅਤੇ ਉਸ ਪਾਸ ਚੁਰੰਜਾ ਹਜ਼ਾਰ ਦਸਿਆਤੀਨ ਭੋਇੰ ਹੈ, " ਉਸ ਨੇ ਬੜੇ ਮਾਣ ਨਾਲ ਕਿਹਾ, ਜਿਸ ਤਰ੍ਹਾਂ ਉਸਨੇ ਆਪ ਇਹ ਦਸਿਆਤੀਨ ਬਣਾਏ ਹੋਣ। “ਉਸ ਦੇ ਕੰਮ ਬੜੇ ਅਣਗਹਿਲੇ ਪਏ ਸਨ। ਸਾਰੀ ਧਰਤੀ ਕਿਰਸਾਨਾਂ ਨੂੰ ਦੇ ਦਿੱਤੀ ਗਈ ਸੀ, ਜੋ ਕੁਝ ਵੀ ਨਹੀਂ ਦਿੰਦੇ ਸਨ ਅਤੇ ਹਜ਼ਾਰ ਰੂਬਲਜ਼ ਤੋਂ ਉਪਰ ਕਰਜ਼ੇ ਸਨ। ਮੈਂ ਇਸ ਹਾਲਤ ਵਿਚ ਸਾਰਾ ਕੁਝ ਬਦਲ ਦਿੱਤਾ ਅਤੇ ਉਸ ਵਿਚੋਂ ਸੱਤਰ ਪ੍ਰਤਿਸ਼ਤ ਹੋਰ ਆਮਦਨ ਕੀਤੀ ਹੈ। ਕਿਉਂ, ਤੁਹਾਡਾ ਕੀ ਖ਼ਿਆਲ ਹੈ ?" ਉਸ ਨੇ ਬੜੇ ਤਕਬੱਰ ਨਾਲ ਪੁੱਛਿਆ।

ਨਖ਼ਲਿਊਦੌਫ਼ ਨੂੰ ਯਾਦ ਆਇਆ, ਉਸ ਨੇ ਸੁਣਿਆ ਸੀ ਕਿ ਸੋਨਬਾਕ ਨੇ ਆਪਣੀ ਸਾਰੀ ਵੱਥ ਖਰਚ ਕਰ ਲਈ ਸੀ ਅਤੇ ਕਰਜ਼ਾ ਚੜ੍ਹਾ ਲਿਆ ਸੀ, ਤੇ ਉਹ ਕਿਸੇ ਦੇ

ਖ਼ਾਸ ਰਸੂਖ਼ ਰਾਹੀਂ, ਇਕ ਅਮੀਰ ਬੁੱਢੇ ਆਦਮੀ ਦਾ ਰਖਵਾਲਾ ਲੱਗ ਗਿਆ ਸੀ ਜੋ ਆਪਣੀ ਜਾਇਦਾਦ ਗੁਆ ਰਿਹਾ ਸੀ, ਸਪਸ਼ਟ ਸੀ ਕਿ ਸੋਨਬਾਕ ਹੁਣ ਇਸ ਰਖਵਾਲੀ ਉਤੇ ਰਹਿ ਰਿਹਾ ਸੀ। "ਮੈਂ ਕਿਸ ਤਰ੍ਹਾਂ ਇਸ ਦਾ ਦਿਲ ਦੁਖਾਏ ਬਿਨਾਂ ਇਸ ਤੋਂ ਖਹਿੜਾ ਛੁਡਾ ਸਕਦਾ ਹਾਂ ?" ਨਖ਼ਲਿਊਦੌਫ਼ ਨੇ ਉਸ ਦੇ ਭਰਪੂਰ ਚਮਕਦੇ, ਮੋਮ ਨਾਲ ਭੂਰੀਆਂ ਮੁੱਛਾਂ ਵਾਲੇ ਮੂੰਹ ਵੱਲ ਦੇਖਦਿਆਂ, ਅਤੇ ਉਸ ਦੀਆਂ ਚੰਗੇ ਖਾਣ ਪੀਣ ਬਾਰੇ ਮਿਤਰਭਾਵੀ ਹਸਾਉਣੀਆਂ ਗੱਲਾਂ ਤੇ ਉਸ ਦੇ ਪ੍ਰਤਿਪਾਲਕ ਹੋਣ ਦੇ ਕੰਮ ਬਾਰੇ ਫੜਾਂ ਸੁਣ ਕੇ ਸੋਚਿਆ।

"ਅੱਛਾ ਫਿਰ, ਆਪਾਂ ਦੁਪਹਿਰ ਦਾ ਖਾਣਾ ਕਿੱਥੇ ਖਾਵਾਂਗੇ ?"

"ਸੱਚ ਮੁੱਚ, ਮੇਰੇ ਪਾਸ ਕੋਈ ਸਮਾਂ ਨਹੀਂ, " ਨਖ਼ਲਿਊਦੌਫ਼ ਨੇ ਆਪਣੀ ਘੜੀ ਦੇਖਦਿਆਂ ਕਿਹਾ।

"ਅੱਛਾ, ਏਧਰ ਦੇਖ ! ਤੂੰ ਅੱਜ ਰਾਤ ਉੱਥੇ ਆਵੇਂਗਾ ?"

"ਨਹੀਂ, ਮੈਂ ਉੱਥੇ ਭੀ ਨਹੀਂ ਹੋਵਾਂਗਾ।"

"ਜ਼ਰੂਰ ਆਉਣਾ, ਮੇਰਾ ਆਪਣਾ ਘੋੜਾ ਹੁਣ ਕੋਈ ਨਹੀਂ, ਪਰ ਮੈਂ ਗਰੀਸ਼ਾਂ ਦੇ ਘੋੜਿਆਂ ਉਤੇ ਸ਼ਰਤਾਂ ਲਗਾਂਦਾ ਹਾਂ। ਤੁਹਾਨੂੰ ਯਾਦ ਹੈ, ਉਸ ਦਾ ਇਕ ਅੱਛਾ ਤਬੇਲਾ ਹੈ। ਤੂੰ ਜ਼ਰੂਰ ਆਵੀਂ, ਆਵੇਂਗਾ ਨਾ ? ਅਸੀਂ ਫਿਰ ਰਾਤ ਦਾ ਖਾਣਾ ਇਕੱਠੇ ਖਾਵਾਂਗੇ।"

"ਨਹੀਂ, ਮੈਂ ਤੇਰੇ ਨਾਲ ਰਾਤ ਦਾ ਖਾਣਾ ਵੀ ਨਹੀਂ ਖਾ ਸਕਾਂਗਾ," ਨਖ਼ਲਿਊਦੌਫ਼ ਨੇ ਮੁਸਕਰਾਂਦੇ ਹੋਏ ਕਿਹਾ।

"ਅੱਛਾ, ਇਹ ਬੜੀ ਬੁਰੀ ਗੱਲ ਹੈ। ਤੁਸੀਂ ਹੁਣ ਕਿੱਥੇ ਜਾ ਰਹੇ ਹੋ ? ਤੂੰ ਮੇਰੀ ਬੱਘੀ ਵਿਚ ਹੀ ਆ ਜਾ।"

"ਮੈਂ ਵਕੀਲ ਨੂੰ ਮਿਲਣ ਜਾ ਰਿਹਾ ਹਾਂ, ਇੱਥੋਂ ਨੇੜੇ ਹੀ...ਇਸ ਮੋੜ ਕੋਲ।"

"ਹਾਂ, ਹਾਂ, ਬੇਸ਼ਕ। ਤੈਨੂੰ ਜੇਲ੍ਹ ਵਿਚ ਕੋਈ ਕੰਮ ਹੈ... ਤੂੰ ਕੈਦੀਆ ਦਾ ਵਿਚੋਲਾ ਬਣ ਗਿਆ ਹੈ, ਮੈਂ ਸੁਣਿਆ ਹੈ, " ਸੋਨਬਾਕ ਨੇ ਹੱਸਦਿਆਂ ਕਿਹਾ। ਕਾਰੋਗਿਨ ਨੇ ਮੈਨੂੰ ਦੱਸਿਆ ਹੈ। ਉਨ੍ਹਾਂ ਸ਼ਹਿਰ ਛੱਡ ਦਿੱਤਾ ਹੈ। ਇਸ ਦਾ ਕੀ ਮਤਲਬ ਹੈ ? ਮੈਨੂੰ ਦੱਸ।"

"ਹਾਂ, ਹਾਂ, ਇਹ ਬਿਲਕੁਲ ਸੱਚ ਹੈ," ਨਖ਼ਲਿਊਦੌਫ਼ ਨੇ ਜਵਾਬ ਦਿੱਤਾ, "ਪਰ ਮੈਂ ਬਜ਼ਾਰ ਵਿਚ ਤੈਨੂੰ ਇਸ ਬਾਰੇ ਨਹੀਂ ਦੱਸ ਸਕਦਾ।"

"ਬੇਸ਼ਕ, ਬੇਸ਼ਕ, ਤੇਰਾ ਦਿਮਾਗ ਸਦਾ ਖ਼ਰਾਬ ਹੀ ਰਿਹਾ ਹੈ ਪਰ ਤੂੰ ਦੌੜਾਂ ਤੇ ਜ਼ਰੂਰ ਆਵੀਂ।"

"ਨਹੀਂ, ਮੈਂ ਨਹੀਂ ਆ ਸਕਦਾ, ਅਤੇ ਸੱਚਮੁੱਚ ਮੈਂ ਚਾਹੁੰਦਾ ਵੀ ਨਹੀਂ। ਮੇਰੇ ਨਾਲ ਨਾਰਾਜ਼ ਨਾ ਹੋਣਾ?" "ਨਾਰਾਜ਼ ? ਮੇਰੇ ਪਿਆਰੇ, ਨਹੀਂ ! ਤੂੰ ਕਿੱਥੇ ਰਹਿੰਦਾ ਹੈ ?" ਅਤੇ ਅਚਾਨਕ ਉਸਦਾ ਮੂੰਹ ਗੰਭੀਰ ਹੋ ਗਿਆ, ਉਸ ਦੀਆਂ ਅੱਖਾਂ ਸਥਿਰ ਹੋ ਗਈਆਂ, ਉਸ ਨੇ ਆਪਣੇ ਭਰਵੱਟੇ ਸੁਕੇੜ ਲਏ। ਉਹ ਕੁਝ ਯਾਦ ਕਰ ਰਿਹਾ ਲੱਗਦਾ ਸੀ ਅਤੇ ਨਖ਼ਲਿਊਦੌਫ਼ ਨੇ ਓਹੀ ਸੁਸਤ ਪ੍ਰਭਾਵ ਉਸ ਦੇ ਮੂੰਹ ਉੱਤੇ ਦੇਖਿਆ ਜਿਹੜਾ ਢਿੱਲੇ ਬੁਲ੍ਹਾਂ ਅਤੇ ਚੜ੍ਹੀਆਂ ਭੱਵਾਂ ਵਾਲੇ ਆਦਮੀ ਦੇ ਮੂੰਹ ਉਤੇ ਸੀ, ਜਿਸ ਨੂੰ ਉਸ ਨੇ ਢਾਬੇ ਦੀ ਬਾਰੀ ਅੱਗੇ ਬੈਠਿਆਂ ਦੇਖਿਆ ਸੀ।

"ਕਿੰਨੀ ਸਰਦੀ ਹੈ, ਹੈ ਨਾ ?"

"ਹਾਂ, ਹਾਂ।"

"ਤੇਰੇ ਕੋਲ ਪਾਰਸਲ ਹਨ ?" ਸੋਨਬਾਕ ਨੇ ਬੱਘੀ ਵਾਲੇ ਨੂੰ ਪੁੱਛਿਆ।" ਅੱਛਾ, ਫਿਰ, ਅਲਵਿੱਦਾ, ਸੱਚੀ ਮੈਂ ਤੈਨੂੰ ਮਿਲ ਕੇ ਬਹੁਤ ਖੁਸ਼ ਹੋਇਆ ਹਾਂ।" ਬੜੇ ਆਦਰ ਨਾਲ ਨਖ਼ਲਿਊਦੌਫ਼ ਦਾ ਹੱਥ ਘੁੱਟਦਿਆਂ ਉਹ ਬੱਘੀ ਵਿਚ ਕੁੱਦ ਪਿਆ ਅਤੇ ਆਪਣੇ ਚਿੱਟੇ ਦਸਤਾਨੇ ਵਾਲੇ ਹੱਥ ਨੂੰ ਆਪਣੇ ਚਮਕਦੇ ਮੂੰਹ ਅੱਗੇ ਹਿਲਾਇਆ ਤੇ ਆਪ ਮੁਸਕਾਣ ਨਾਲ ਆਪਣੇ ਵਿਸ਼ੇਸ਼ ਚਿੱਟੇ ਦੰਦ ਦਿਖਾਏ।

"ਕੀ ਮੈਂ ਵੀ ਕਦੀ ਇਸ ਜੇਹਾ ਹੋ ਸਕਦਾ ਹਾਂ ?"

ਨਖ਼ਲਿਊਦੋਫ਼ ਨੇ ਸੋਚਿਆ ਤੇ ਉਹ ਵਕੀਲ ਵੱਲ ਚਲਣ ਲੱਗਾ... ਹਾਂ, ਮੈਂ ਚਾਹੁੰਦਾ ਸਾਂ, ਇਸ ਤਰ੍ਹਾਂ ਦਾ ਨਹੀਂ ਸੀ ਤੇ ਮੈਂ ਆਪਣੀ ਜ਼ਿੰਦਗੀ ਇਸ ਤਰ੍ਹਾਂ ਦਾ ਬਣਨਾ ਭਾਵੇਂ ਮੈਂ ਪੂਰਾ ਉਸੇ ਤਰ੍ਹਾਂ ਬਿਤਾਣ ਦੀ ਸੋਚੀ ਸੀ।"

-0-

11

ਨਖ਼ਲਿਊਦੌਂਫ਼ ਨੂੰ ਵਕੀਲ ਨੇ ਉਸ ਦੀ ਵਾਰੀ ਤੋਂ ਪਹਿਲਾਂ ਅੰਦਰ ਅੰਦਰ ਬੁਲਾ ਲਿਆ। ਵਕੀਲ ਨੇ ਇੱਕ ਦਮ ਮੈਨਸੌਂਫ ਦੇ ਕੇਸ ਬਾਰੇ ਕਹਿਣਾ ਸ਼ੁਰੂ ਕਰ ਦਿੱਤਾ, ਜਿਸ ਨੂੰ ਉਸਨੇ ਆਰੋਪ ਦੀ ਬੇਥਵੀ ਉਤੇ ਕ੍ਰਿਝਦਿਆਂ ਪੜ੍ਹਿਆਂ ਸੀ।

"ਇਹ ਕੇਸ ਬਹੁਤ ਘਿਰਣਾਦਾਇਕ ਹੈ, " ਉਸ ਨੇ ਕਿਹਾ। ਇਹ ਬਿਲਕੁਲ ਸੰਭਵ ਹੈ ਕਿ ਮਾਲਕ ਨੇ ਆਪ ਆਪਣੇ ਘਰ ਨੂੰ ਬੀਮੇ ਦੀ ਰਕਮ ਲੈਣ ਲਈ ਅੱਗ ਲਗਾਈ, ਪਰ ਮੁੱਖ ਇਹ ਹੈ ਕਿ ਮੈਨਸੇਫ਼ ਦਾ ਜੁਰਮ ਬਿਲਕੁਲ ਸਿੱਧ ਉਸ ਨੇਂ ਨਹੀਂ ਹੋਇਆ।। ਕੋਈ ਸਬੂਤ ਨਹੀਂ ਕਿਸੇ ਤਰ੍ਹਾਂ ਦਾ। ਇਹ ਸਾਰਾ ਪੜਤਾਲ ਕਰਨ ਵਾਲੇ ਜੱਜ ਦੀ ਲਾਪਰਵਾਹੀ ਕਰਕੇ ਹੋਇਆ ਤੇ ਖ਼ਾਸ ਅਭਿਯੋਜਕ ਦੇ ਹੱਠ ਕਾਰਨ ਕਾਰਨ। ਜੇ ਇਹ ਕੇਸ ਇੱਥੇ ਸੁਣਿਆ ਜਾਵੇ, ਕਿਸੇ ਪ੍ਰਾਦੇਸਿਕ ਕ ਕਚਹਿਰੀ ਵਿਚ ਨਹੀਂ ਤਾਂ ਮੈਂ ਜਿੰਮਾ ਲੈਂਦਾ ਹਾਂ ਕਿ ਉਹ ਛੁੱਟ ਜਾਣਗੇ ਤੇ ਮੈਂ ਕੁਝ ਵੀ ਨਹੀਂ ਲਵਾਂਗਾ। ਹੁਣ ਫਿਰ ਅਗਲਾ ਕੇਸ..... ਬਿਉਦੋਸ਼ੀਆਂ ਬਿਰੂਕਫ਼ਾ/ ਸਮਰਾਟ ਵੱਲ ਅਰਜ਼ੀ ਲਿਖੀ ਹੈ ਜੇ ਤੁਸੀਂ ਪੀਟਰਜ਼ਵਰਗ ਜਾਵੋ ਤਾਂ ਬਿਹਤਰ ਹੈ, ਇਸ ਨੂੰ ਨਾਲ ਲੈ ਜਾਵੋ, ਅਤੇ ਆਪਣੇ ਹੱਥੀਂ ਫੜਾਓ, ਆਪਣੀ ਵਿਸ਼ੇਸ਼ ਬੇਨਤੀ ਨਾਲ। ਨਹੀਂ " ਤਾਂ. ਤਾਂ ਉਹ ਕੇਵਲ ਕੁੱਝ ਸਰਸਰੀ ਪੁੱਛ ਗਿੱਛ ਕਰਨਗੇ ਤੇ ਉਸ ਵਿਚੋਂ ਕੁਝ ਨਹੀਂ ਨਹੀਂ ਨਿਕਲੇਗਾ, ਤੁਸੀਂ ਜ਼ਰੂਰ ਕਰੋ ਤੇ ਅਪੀਲ ਕਮੇਟੀ ਦੇ ਕਿਸੇ ਪ੍ਰਭਾਵਸ਼ਾਲੀ ਮੈਂਬਰ ਨੂੰ ਮਿਲੋ, ਮੇਰੇ ਖ਼ਿਆਲ ਵਿਚ ਕਾਫ਼ੀ ਹੋਵੇਗਾ?”

"ਨਹੀਂ, ਮੇਰੇ ਕੋਲ ਚਿੱਠੀ ਹੈ..."

"ਇਉਂ ਜਾਪਦਾ ਹੈ ਤੁਸੀਂ ਨੱਕਲੀ ਬਣ ਗਏ ਹੋ...ਇਕ ਪਰਨਾਲਾ ਜਿਸ ਵਿਚੋਂ ਕੈਦੀਆਂ ਦੀਆਂ ਸਾਰੀਆਂ ਦਰਖਾਸਤਾਂ ਲੰਘਾਈਆਂ ਜਾਂਦੀਆਂ ਹਨ," ਵਕੀਲ ਨੇ ਮੁਸਕਰਾਉਂਦੇ ਹੋਏ ਕਿਹਾ। "ਇਹ ਬਹੁਤ ਔਖਾ ਹੈ, ਤੁਸੀਂ ਇੰਨਾ ਕੁਝ ਨਹੀਂ ਕਰ ਸਕੋਗੇ।"

"ਨਹੀਂ, ਪਰ ਇਹ ਇਕ ਅਨੋਖਾ ਕੇਸ ਹੈ।" ਨਖ਼ਲਿਊਦੌਫ਼ ਨੇ ਕਿਹਾ ਤੇ ਇਕ ਪਿੰਡ ਦੇ ਕਿਰਸਾਨ ਦੇ ਕੇਸ ਬਾਰੇ ਥੋੜਾ ਦੱਸਿਆ, ਜੋ ਬਾਈਬਲ ਨੂੰ ਪੜ੍ਹਨਾ ਤੇ ਆਪਣੇ ਦੋਸਤਾਂ ਨਾਲ ਇਸ ਉਤੇ ਬਹਿਸਣ ਲੱਗਾ ਸੀ। ਪਾਦਰੀ ਨੇ ਇਸ ਨੂੰ ਜ਼ੁਰਮ ਸਮਝਿਆ ਤੇ ਅਧਿਕਾਰੀਆਂ ਨੂੰ ਪਤਾ ਦਿੱਤਾ। ਜੱਜ ਨੇ ਉਸ ਦੀ ਪੜਤਾਲ ਕੀਤੀ। ਲੋਕ-ਅਭਿਯੋਜਕ ਨੇ ਇਕ ਆਰੋਪ ਪੱਤਰ ਲਿਖਿਆ ਅਤੇ ਜੱਜਾਂ ਨੇ ਉਸ ਦਾ ਮੁਕੱਦਮਾ ਉਪਰ ਭੇਜ ਦਿੱਤਾ।

"ਇਹ ਲੜੇ ਸਿਤਮ ਦੀ ਗੱਲ ਹੈ," ਨਖ਼ਲਿਊਦੌਫ਼ ਨੇ ਕਿਹਾ, "ਕੀ ਇਹ ਸੱਚ ਹੋ ਸਕਦਾ ਹੈ ?"

ਤੁਹਾਨੂੰ ਇਸ ਉੱਤੇ ਹੈਰਾਨੀ ਦੀ ਕੀ ਗੱਲ ਲਗਦੀ ਹੈ ?

"ਕਿਉਂ, ਹਰ ਚੀਜ਼ ? ਮੈਂ ਪੁਲਿਸ ਅਫ਼ਸਰਾਂ ਨੂੰ ਸਮਝਦਾ ਹਾਂ ਜੋ ਸਿਰਫ਼ ਹੁਕਮ ਮੰਨਣਾ ਜਾਣਦੇ ਹਨ, ਪਰ ਅਭਿਯੋਜਕ ਇਸ ਭਾਂਤ ਦਾ ਆਰੋਪ-ਪੱਤਰ ਬਣਾਵੇ ? ਇਕ ਪੜ੍ਹਿਆ ਲਿਖਿਆ ਆਦਮੀ...।"

"ਇੱਥੇ ਹੀ ਤਾਂ ਗਲਤੀ ਹੈ। ਅਸੀਂ ਲੋਕ ਅਭਿਯੋਜਕਾਂ ਅਤੇ ਜੱਜਾਂ ਨੂੰ ਕੁਝ ਖੁਲ੍ਹ ਦਿਲੇ ਆਦਮੀ ਸਮਝਣ ਦੇ ਆਦੀ ਹੋ ਗਏ ਹਾਂ। ਇਕ ਜ਼ਮਾਨਾ ਸੀ ਜਦੋਂ ਉਹ ਸੱਚੀਂ ਇਸ ਤਰ੍ਹਾਂ ਦੇ ਹੁੰਦੇ ਸਨ, ਪਰ ਹੁਣ ਹਾਲਤ ਬਿਲਕੁਲ ਵੱਖਰੀ ਹੈ। ਉਹ ਕੇਵਲ ਰਾਜ ਕਰਮਚਾਰੀ ਹਨ, ਜਿਨ੍ਹਾਂ ਨੂੰ ਆਪਣੀ ਤਨਖ਼ਾਹ ਦੀ ਹੀ ਫ਼ਿਕਰ ਹੈ, ਉਹ ਆਪਣੀ ਤਨਖ਼ਾਹ ਲੈਂਦੇ ਹਨ ਤੇ ਹੋਰ ਭੀ ਚਾਹੁੰਦੇ ਹਨ, ਤੇ ਇੱਥੇ ਉਨ੍ਹਾਂ ਦੇ ਅਸੂਲ ਖ਼ਤਮ ਹੋ ਜਾਂਦੇ ਹਨ। ਉਹ ਦੋਸ਼ ਲਾਣਗੇ, ਨਿਰਣਾ ਦੇਣਗੇ ਅਤੇ ਜਿਸ ਨੂੰ ਤੁਸੀਂ ਚਾਹੋਗੇ ਸਜ਼ਾ ਦੇ ਦੇਣਗੇ।"

"ਹਾਂ, ਪਰ ਅਸਲ ਵਿਚ ਕੋਈ ਕਾਨੂੰਨ ਨਹੀਂ ਜਿਸ ਅਨੁਸਾਰ ਇਕ ਆਦਮੀ ਨੂੰ ਸਾਇਬੇਰੀਆ ਕੇਵਲ ਦੂਸਰਿਆਂ ਨਾਲ ਅੰਜੀਲ ਪੜ੍ਹਨ ਕਰਕੇ ਭੇਜ ਦਿੱਤਾ ਜਾਵੇ ?"

"ਹਾਂ, ਦੇਸ਼ ਨਿਕਾਲਾ, ਜੇ ਤੁਸੀਂ ਸਿਰਫ਼ ਸਾਬਤ ਕਰ ਦਿਓ ਕਿ ਉਸ ਨੇ ਅੰਜੀਲ ਪੜ੍ਹਨ ਵੇਲੇ ਹੋਰਾਂ ਨੂੰ ਇਸਦਾ ਭਾਵ ਉਹ ਦੱਸਿਆ ਜੋ ਨਿਯਮ ਅਨੁਸਾਰ ਨਹੀਂ ਤੇ ਇਸ ਤਰ੍ਹਾਂ ਗਿਰਜੇ ਦੀ ਦਿੱਤੀ ਵਿਆਖਿਆ ਨੂੰ ਗਲਤ ਕਰਾਰ ਦਿੱਤਾ। ਯੂਨਾਨੀ ਸਿੱਧ ਧਰਮ ਦਾ ਆਮ ਲੋਕਾਂ ਦੇ ਸਾਹਮਣੇ ਨਿੰਦਣ ਦਾ ਅਰਥ 196 ਅਨੁਸਾਰ, ਸਾਇਬੇਰੀਆ ਜਾਣਾ ਹੈ।"

"ਅਸੰਭਵ !"

"ਮੈਂ ਤੁਹਾਨੂੰ ਯਕੀਨ ਦੁਆਉਂਦਾ ਹਾਂ ਇਸੇ ਤਰ੍ਹਾਂ ਹੀ ਹੈ। ਮੈਂ ਹਮੇਸ਼ਾ ਇਨ੍ਹਾਂ ਸ਼ਰੀਫ ਆਦਮੀਆਂ ਨੂੰ ਦੱਸਦਾ ਹਾਂ, ਜੱਜਾਂ ਨੂੰ, " ਵਕੀਲ ਨੇ ਜਾਰੀ ਰੱਖਿਆ, "ਕਿ ਮੈਂ ਉਨ੍ਹਾਂ ਵੱਲ ਨਿਮਰਤਾ ਭਰੀ ਦ੍ਰਿਸ਼ਟੀ ਨਾਲ ਦੇਖੇ ਤੋਂ ਬਗੈਰ ਨਹੀਂ ਰਹਿ ਸਕਦਾ, ਕਿਉਂਕਿ ਜੇ ਮੈਂ ਕੈਦ ਵਿਚ ਨਹੀਂ ਅਤੇ ਤੁਸੀਂ ਅਤੇ ਹੋਰ ਅਸੀਂ ਸਾਰੇ ਇਹ ਸਿਰਫ਼ ਉਨ੍ਹਾਂ ਦੀ ਮੇਹਰਬਾਨੀ ਕਰਕੇ ਹੈ। ਸਾਡੀਆਂ ਸਹੂਲਤਾਂ ਨੂੰ ਸਾਡੇ ਤੋਂ ਖੋਹ ਕੇ ਸਾਨੂੰ ਸਾਰਿਆਂ ਨੂੰ ਸਾਇਬੇਰੀਆ ਦੇ ਥੋੜੇ ਦੂਰ ਭਾਗਾਂ ਵਿਚ ਭੇਜ ਦੇਣਾ ਉਨ੍ਹਾਂ ਲਈ ਇਕ ਸੌਖੀ ਗੱਲ ਹੋਵੇਗੀ।"

"ਅੱਛਾ, ਪਰ ਜੇ ਇਸ ਤਰ੍ਹਾਂ ਹੀ ਹੈ ਤੇ ਹਰ ਚੀਜ਼ ਅਭਿਯੋਜਕ ਉੱਤੇ ਨਿਰਭਰ ਹੈ ਅਤੇ ਹੋਰਾਂ ਉੱਤੇ ਜੋ ਇੱਛਾ ਅਨੁਸਾਰ, ਕਾਨੂੰਨ ਨੂੰ ਲਾਗੂ ਕਰਨ ਜਾਂ ਨਾ ਕਰਨ, ਤਾਂ ਮੁਕੱਦਮੇ ਕਿਸ ਅਰਥ ਹਨ?" ਵਕੀਲ ਖੁਲ੍ਹ ਕੇ ਹੱਸਿਆ। "ਤੁਸੀਂ ਅਜੀਬ ਸਵਾਲ ਪੁੱਛਦੇ ਹੋ ਮੇਰੀ ਪਿਆਰੀ ਸਰਕਾਰ, ਇਹ ਦਰਸ਼ਨ ਹੈ। ਅੱਛਾ, ਅਸੀਂ ਉਸ ਬਾਰੇ ਭੀ ਚਰਚਾ ਕਰ ਸਕਦੇ ਹਾਂ। ਕੀ ਤੁਸੀਂ ਸਨਿੱਚਰਵਾਰ ਆ ਸਕੋਗੇ ? ਤੁਸੀਂ ਵਿਗਿਆਨੀਆਂ, ਸਾਹਿਤਕਾਰਾਂ, ਤੇ ਕਲਾਕਾਰਾਂ ਨੂੰ ਮੇਰੇ ਘਰ ਮਿਲ ਸਕੋਗੇ ਤੇ ਫਿਰ ਅਸੀਂ ਦਿਨ੍ਹਾਂ ਸੂਖਮ ਪ੍ਰਸ਼ਨਾਂ ਉੱਤੇ ਵਿਚਾਰ ਕਰ ਸਕਾਂਗੇ," ਵਕੀਲ

ਨੇ ਸੁਖਮ ਪ੍ਰਸ਼ਨਾਂ ਨੂੰ ਵਿਅੰਗਮਈ ਭਾਵ ਨਾਲ ਉਚਾਰਣ ਕਰਦੇ ਹੋਏ ਕਿਹਾ, " ਤੁਸੀਂ ਮੇਰੀ ਵਹੁਟੀ ਨੂੰ ਮਿਲੇ ਹੋ ? ਜ਼ਰੂਰ ਆਉਣਾ" "ਸ਼ੁਕਰੀਆ, ਮੈਂ ਕੋਸਿਸ਼ ਕਰਾਂਗਾ," ਨਖ਼ਲਿਊਦੌਫ਼ ਨੇ ਕਿਹਾ ਤੇ ਮਹਿਸੂਸ ਕੀਤਾ ਕਿ ਉਹ ਇਕ ਝੂਠ ਬੋਲ ਰਿਹਾ ਸੀ, ਇਹ ਜਾਣਦਾ ਹੋਇਆ ਕਿ ਜੇ ਉਸ ਨੇ ਕੁਝ ਕਰਨ ਦੀ ਕੋਸ਼ਿਸ਼ ਕੀਤੀ, ਇਹ ਉਸ ਨੂੰ ਵਕੀਲ ਦੀ ਸਾਹਿਤਕ ਸ਼ਾਮ ਤੇ ਉਸ ਦੇ ਦਾਇਰੇ ਦੇ ਵਿਗਿਆਨੀਆਂ, ਕਲਾ ਤੇ ਸਾਹਿਤ ਕੋਲੋਂ ਦੂਰ ਰਖਣਾ ਹੀ ਹੋਵੇਗਾ।

ਜਿਸ ਹਾਸੇ ਨਾਲ ਨਖ਼ਲਿਊਦੌਫ਼ ਦੇ ਇਸ ਵਿਚਾਰ ਨੂੰ ਵਕੀਲ ਨੇ ਲਿਆ ਸੀ ਕਿ ਜੋ ਜੱਜਾਂ ਦੀ ਮਰਜ਼ੀ ਹੈ, ਕੋਈ ਕਾਨੂੰਨ ਲਾਗੂ ਕਰਨ ਜਾ ਨਾ, ਤਾਂ ਮੁਕੱਦਮੇ ਚਲਾਣੇ ਕਿਸ ਅਰਥ ਅਤੇ ਉਹ ਸੁਰ ਜਿਸ ਵਿਚ ਵਕੀਲ ਨੇ ਸ਼ਬਦ "ਦਰਸ਼ਨ ਤੇ ਸੂਖਮ ਪ੍ਰਸ਼ਨਾਂ" ਨੂੰ ਉਚਾਰਿਆ, ਨਖ਼ਲਿਊਦੌਫ਼ ਨੂੰ ਸਿੱਧ ਕਰਦੇ ਸਨ ਕਿ ਉਹ ਅਤੇ ਵਕੀਲ ਤੇ ਸ਼ਾਇਦ ਉਸਦੇ ਮਿੱਤਰ ਕਿਵੇਂ ਵੱਖ ਵੱਖ ਦ੍ਰਿਸ਼ਟੀਕੋਣ ਰੱਖਦੇ ਸਨ ਅਤੇ ਉਸ ਨੇ ਮਹਿਸੂਸ ਕੀਤਾ ਕਿ ਭਾਵੇਂ ਉਸ ਦੇ ਪਹਿਲੇ

ਦੋਸਤਾਂ ਸੋਨਬਾਕ ਤੇ ਹੋਰ ਦੋਸਤਾਂ ਵਿਚਕਾਰ ਹੁਣ ਬਹੁਤ ਵੱਡਾ ਵਖੇਵਾਂ ਸੀ, ਉਸ ਦੇ ਵਕੀਲ ਦੇ ਦਾਇਰੇ ਦੇ ਦੋਸਤਾਂ ਵਿਚਕਾਰ ਵਖੇਵਾਂ ਉਸ ਤੋਂ ਵੀ ਵਧੇਰੇ ਸੀ।

-0-

12

ਜੇਲ੍ਹ ਦਾ ਰਸਤਾ ਲੰਮਾ ਸੀ ਤੇ ਉਸ ਨੂੰ ਦੇਰ ਹੋ ਰਹੀ ਸੀ, ਇਸ ਲਈ ਨਖ਼ਲਿਊਦੌਫ਼ ਨੇ ਬੱਘੀ ਕਰਾਏ ਤੇ ਕੀਤੀ। ਬੱਘੀ ਵਾਲਾ ਇਕ ਚੱਸਤ, ਸਾਊ ਮੂੰਹ ਵਾਲਾ ਬੁੱਢਾ ਸੀ। ਜਦੋਂ ਉਹ ਬੱਘੀ ਉਪਰ ਵੱਡੇ ਵੱਡੇ ਘਰਾਂ ਵਾਲੀਆਂ ਗੱਲੀਆਂ ਵਿਚੋਂ ਲੰਘ ਰਹੇ ਸਨ, ਉਸ ਨੇ ਨਖ਼ਲਿਊਦੌਫ਼ ਵੱਲ ਮੁੜ ਵੇਖਿਆ।

"ਜ਼ਰਾ ਦੇਖੋ, ਲੋਕ ਕਿੰਨੇ ਵੱਡੇ ਵੱਡੇ ਘਰਾਂ ਵਿਚ ਰਹਿ ਰਹੇ ਹਨ, ' ਉਸ ਨੇ ਕਿਹਾ, ਜਿਸ ਤਰ੍ਹਾਂ ਉਹ, ਇਨ੍ਹਾਂ ਘਰਾਂ ਵਿਚੋਂ ਕਿਸੇ ਨਾਲ ਸਬੰਧਤ ਹੋਵੇ ਤੇ ਉਸ ਉਪਰ ਘੁਮੰਡ ਕਰ ਰਿਹਾ ਹੋਵੇ।

ਘਰ ਸੱਚੀਂ ਹੀ ਵੱਡਾ ਸੀ ਤੇ ਇਮਾਰਤੀ ਕਲਾ ਗੂੜ੍ਹ ਤੇ ਮੌਲਿਕ ਸੀ। ਮਜ਼ਬੂਤ ਚੀਲ ਦੇ ਸ਼ਤੀਰਾਂ ਦੀਆਂ ਗੋਆਂ ਜੋ ਲੋਹੇ ਦੇ ਸੰਮਾਂ ਨਾਲ ਬੰਨ੍ਹੀਆਂ ਹੋਈਆਂ ਘਰ ਦੇ ਉਦਾਲੇ ਲੱਗੀਆਂ ਹੋਈਆਂ ਸਨ ਤੇ ਇਕ ਫੱਟਿਆਂ ਦੀ ਕੰਧ ਜੇਹੀ ਇਸ ਨੂੰ ਬਜ਼ਾਰ ਨਾਲੋਂ ਕਟਦੀ ਸੀ। ਗੋਆਂ ਦੇ ਫੱਟਿਆਂ ਉਤੇ ਮਜ਼ਦੂਰ ਮਸਾਲੇ ਦੇ ਛਿੱਟਿਆਂ ਨਾਲ ਭਰੇ ਹੋਏ, ਕੀੜੀਆਂ ਵਾਂਗ ਇਧਰ ਉਧਰ ਫਿਰ ਰਹੇ ਸਨ। ਕੁਝ ਇੱਟਾਂ ਲਿਆ ਰਹੇ ਸਨ, ਕੁਝ ਉਨ੍ਹਾਂ ਨੂੰ ਕੱਟ ਰਹੇ ਸਨ, ਕੁਝ ਭਰੇ ਹੋਏ ਕਹੇ ਤੇ ਤਸਲੇ ਉਪਰ ਲਿਜਾ ਅਤੇ ਕੁਝ ਖਾਲੀ ਵਾਪਸ ਲਿਆ ਰਹੇ ਸਨ। ਇਕ ਮੋਟਾ, ਚੰਗੀ ਪੁਸ਼ਾਕ ਵਾਲਾ ਸ਼ਰੀਫ ਆਦਮੀ...ਸ਼ਾਇਦ ਭਵਨਕਾਰ...... ਗੋਆਂ ਕੋਲ ਖੜਾ, ਉਪਰ ਵੱਲ ਨੂੰ ਸੰਕੇਤ ਕਰਦਾ ਠੇਕੇਦਾਰ ਨੂੰ ਕੁਝ ਸਮਝਾ ਰਿਹਾ ਸੀ। ਠੇਕੇਦਾਰ ਵਲਾਦੀਮੀਰ ਸਰਕਾਰ ਦਾ ਇਕ ਕਿਰਸਾਨ ਆਦਰ ਨਾਲ ਸੁਣ ਰਿਹਾ ਸੀ। ਵੱਡੇ ਦਰਵਾਜ਼ੇ ਵਿਚੋਂ ਦੀ ਭਰੇ ਹੋਏ ਗੱਡੇ ਭਵਨਕਾਰ ਤੇ ਠੇਕੇਦਾਰ ਕੋਲੋਂ ਲੰਘ ਕੇ ਜਾ ਰਹੇ ਅਤੇ ਖ਼ਾਲੀ ਵਾਪਸ ਆ ਰਹੇ ਸਨ।

"ਅਤੇ ਉਨ੍ਹਾਂ ਸਾਰਿਆਂ ਨੂੰ ਕਿੰਨਾ ਯਕੀਨ ਸੀ... ਉਹ ਜੋ ਕੰਮ ਕਰ ਰਹੇ ਹਨ ਉਹ ਵੀ ਜੋ ਉਨ੍ਹਾਂ ਤੋਂ ਕੰਮ ਕਰਾ ਰਹੇ ਹਨ ਕਿ ਇਸੇ ਤਰ੍ਹਾਂ ਹੀ ਹੋਣਾ ਚਾਹੀਦਾ ਹੈ, ਜਦ ਕਿ ਉਨ੍ਹਾਂ ਦੀਆਂ ਤੀਵੀਆਂ ਘਰਾਂ ਵਿਚ, ਗਰਭਵਤੀਆਂ ਆਪਣੀ ਪਹੁੰਚ ਤੋਂ ਬਾਹਲਾ ਕੰਮ ਕਰ

ਰਹੀਆਂ ਹਨ ਅਤੇ ਉਨ੍ਹਾਂ ਦੇ ਬੱਚੇ ਟਾਕੀਆਂ ਲੱਗੀਆਂ ਟੋਪੀਆਂ ਵਿਚ ਭੁੱਖ ਨਾਲ ਮਰਨ ਕਿਨਾਰੇ ਬੁੱਢਿਆਂ ਵਾਂਗੂ ਹੱਸਦੇ ਆਪਣੀਆਂ ਛੋਟੀਆਂ ਛੋਟੀਆਂ ਲੱਤਾਂ ਮਾਰ ਰਹੇ ਹਨ, ਉਹ ਕਿਸੇ ਬੇਵਕੂਫ਼ ਅਤੇ ਫ਼ਜ਼ੂਲ ਆਦਮੀ ਲਈ ਇਹ ਵਿਲਲਾ ਅਤੇ ਫਜ਼ੂਲ ਮਹੱਲ ਜ਼ਰੂਰ ਬਣਾਨਗੇ... ਉਨ੍ਹਾਂ ਵਿਚ ਇਕ ਲਈ ਜੋ ਇਨ੍ਹਾਂ ਨੂੰ ਲੁਟ ਤੇ ਬਰਬਾਦ ਕਰ ਰਹੇ ਹਨ, ਘਰ ਵੱਲ ਦੇਖਦੇ ਹੋਏ ਨਖ਼ਲਿਊਦੌਫ਼ ਨੇ ਸੋਚਿਆ।

"ਹਾਂ, ਇਹ ਇਕ ਵਿਲਲਾ ਘਰ ਹੈ," ਆਪਣੇ ਖ਼ਿਆਲ ਨੂੰ ਅਵਾਜ਼ ਦਿੰਦੇ ਹੋਏ ਉਹ ਬੋਲਿਆ।

"ਕਿਉਂ, ਵਿਲਲਾ?" ਬੱਘੀ ਵਾਲੇ ਨੇ ਖਿੜੇ ਹੋਏ ਬੋਲ ਵਿਚ ਜਵਾਬ ਦਿੱਤਾ। "ਇਨ੍ਹਾਂ ਦੀ ਬਦੌਲਤ ਲੋਕਾਂ ਨੂੰ ਕੰਮ ਮਿਲਦਾ ਹੈ, ਇਹ ਬੇਵਕੂਫ਼ ਨਹੀਂ।"

"ਪਰ ਇਹ ਕੰਮ ਵਿਅਰਥ ਹੈ।"

"ਇਹ ਵਿਅਰਥ ਨਹੀਂ ਹੋ ਸਕਦਾ, ਨਹੀਂ ਤਾਂ ਇਹ ਕਿਉਂ ਕੀਤਾ ਜਾਵੇ?" ਬੱਘੀ ਵਾਲੇ ਨੇ ਕਿਹਾ, "ਲੋਕਾਂ ਨੂੰ ਇਸ ਤੋਂ ਰੋਟੀ ਮਿਲਦੀ ਹੈ।''

ਨਖ਼ਲਿਊਦੌਫ਼ ਚੁੱਪ ਸੀ, ਖ਼ਾਸ ਕਰ ਜਦੋਂ ਪਹੀਆਂ ਦੇ ਸ਼ੋਰ ਤੋਂ ਉੱਚਾ ਬੋਲਣਾ ਮੁਸ਼ਕਿਲ ਸੀ।

ਜਦੋਂ ਉਹ ਜੇਲ੍ਹ ਦੇ ਨੇੜੇ ਆਏ ਤੇ ਬੱਘੀ ਵਾਲਾ ਬੱਜਰੀ ਦੇ ਰਾਹ ਤੋਂ ਪੱਕੀ ਸੜਕ ਉਪਰ ਚੜ੍ਹਿਆ, ਤਾਂ ਗੱਲ ਕਰਨੀ ਸੌਖੀ ਹੋ ਗਈ ਅਤੇ ਉਹ ਫਿਰ ਨਖ਼ਲਿਊਦੌਫ਼ ਵੱਲ ਮੂੰਹ ਕਰਕੇ ਕਹਿਣ ਲੱਗਾ,

"ਅਤੇ ਕਿਵੇਂ ਇਜੱੜਾਂ ਦੇ ਇਜੱੜ ਪੇਂਡੂ ਲੋਕ ਅੱਜ ਕੱਲ੍ਹ ਸ਼ਹਿਰ ਨੂੰ ਆ ਰਹੇ ਹਨ, ਇਹ ਬੜੀ ਭਿਆਨਕ ਗੱਲ ਹੈ," ਆਪਣੇ ਬਕਸੇ ਉਤੇ ਪਿੱਛੇ ਮੁੜ ਕੇ ਵੇਖ ਕੇ ਉਸ ਨੇ ਆਖਿਆ ਤੇ ਕਿਰਸਾਨਾਂ ਕਾਮਿਆਂ ਦੇ ਇਕ ਗਿਰੋਹ ਵੱਲ ਇਸ਼ਾਰਾ ਕੀਤਾ ਜੋ ਆਰੀਆਂ ਅਤੇ ਕੁਹਾੜੀਆਂ ਚੁੱਕੀ ਅਤੇ ਭੇਡ ਦੀ ਖੱਲ ਦੇ ਕੋਟ ਤੇ ਝੋਲੇ ਮੋਢਿਆਂ ਤੇ ਬੰਨੀ ਉਨ੍ਹਾਂ ਵੱਲ ਆ ਰਹੇ ਸਨ।

"ਪਹਿਲਿਆਂ ਸਾਲਾਂ ਤੋਂ ਜ਼ਿਆਦਾ ?" ਨਖ਼ਲਿਊਦੌਫ਼ ਨੇ ਪੁੱਛਿਆ।

"ਬਹੁਤ ਵੱਧ। ਇਸ ਸਾਲ ਹਰ ਥਾਂ ਭੀੜ ਹੈ, ਇਸ ਲਈ ਇਹ ਸੱਚੀ ਭਿਆਨਕ ਗੱਲ ਬਣ ਗਈ ਹੈ। ਕੰਮ ਕਰਨ ਵਾਲੇ ਕਾਮਿਆਂ ਨੂੰ ਤੂੜੀ ਵਾਕਰ ਸੁੱਟ ਰਹੇ ਹਨ। ਕੰਮ ਕੋਈ ਨਹੀਂ ਮਿਲਦਾ।"

"ਉਹ ਕਿਉਂ ?"

"ਲੋੜ ਨਾਲੋਂ ਬਹੁਤੇ ਆ ਗਏ ਹਨ। ਉਨ੍ਹਾਂ ਵਾਸਤੇ ਕੋਈ ਥਾਂ ਨਹੀਂ।"

"ਅੱਛਾ, ਬਹੁਤ ਕਿਉਂ ਆ ਗਏ ਹਨ ? ਉਹ ਪਿੰਡ ਵਿਚ ਕਿਉਂ ਨਹੀਂ ਰਹਿੰਦੇ।"

"ਉੱਥੇ ਪਿੰਡਾਂ ਵਿਚ ਉਨ੍ਹਾਂ ਦੇ ਕਰਨ ਲਈ ਕੋਈ ਕੰਮ ਨਹੀਂ ਹੈ। ਉਨ੍ਹਾਂ ਨੂੰ ਭੋਇੰ ਨਹੀਂ ਮਿਲਦੀ।"

ਨਖ਼ਲਿਊਦੌਫ਼ ਨੇ ਇੰਝ ਮਹਿਸੂਸ ਕੀਤਾ ਜਿਸ ਤਰ੍ਹਾਂ ਦੁਖੀ ਥਾਂ ਸੱਟ ਲਗਦੀ ਹੋਵੇ। ਜ਼ਖਮੀ ਥਾਂ ਉਪਰ ਹੀ ਸਦਾ ਸੱਟ ਲਗਦੀ ਹੈ, ਪਰ ਕਾਰਨ ਇਹ ਹੁੰਦਾ ਹੈ ਕਿ ਉਹ ਥਾਂ ਦੁਖਦੀ ਕਰਕੇ ਉੱਥੇ ਚੋਟ ਵਧੇਰੇ ਮਹਿਸੂਸ ਹੁੰਦੀ ਹੈ।

"ਕੀ ਇਹ ਸੰਭਵ ਹੈ ਕਿ ਇਕੋ ਚੀਜ਼ ਹਰ ਥਾਂ ਵਾਪਰ ਰਹੀ ਹੈ ?" ਉਸ ਨੇ ਸੋਚਿਆ ਤੇ ਬੱਘੀ ਵਾਲੇ ਨੂੰ ਉਸ ਦੇ ਪਿੰਡ ਵਿਚਲੀ ਭੋਇੰ ਦੀ ਮਿਕਦਾਰ ਬਾਰੇ ਸਵਾਲ ਪੁੱਛਣੇ ਸ਼ੁਰੂ ਕੀਤੇ। ਉਸ ਆਪ ਕੋਲ ਕਿੰਨੀ ਭੋਇੰ ਸੀ ਤੇ ਉਸ ਨੇ ਪਿੰਡ ਕਿਉਂ ਛੱਡਿਆ ?

"ਸਾਡੇ ਹਰ ਆਦਮੀ ਕੋਲ ਇਕ ਦਸਿਆਤਿਨ ਹੈ ਜਨਾਬ ਤੇ ਸਾਡੇ ਟੱਬਰ ਨੂੰ ਤਿੰਨ ਜੀਆਂ ਦਾ ਹਿੱਸਾ ਮਿਲਦਾ ਹੈ, " ਬੱਘੀ ਵਾਲੇ ਨੇ ਆਪਣੀ ਮਰਜ਼ੀ ਨਾਲ ਬੋਲਣਾ ਸ਼ੁਰੂ ਕੀਤਾ. "ਮੇਰਾ ਪਿਤਾ ਤੇ ਭਰਾ ਘਰ ਰਹਿੰਦੇ ਤੇ ਭੋਇੰ ਦਾ ਪ੍ਰਬੰਧ ਕਰਦੇ ਹਨ, ਤੇ ਦੂਸਰਾ ਭਾਈ ਫੌਜ ਵਿਚ ਕੰਮ ਕਰਦਾ ਹੈ। ਪਰ ਭੋਇੰ ਦੇ ਪ੍ਰਬੰਧ ਲਈ ਮੇਰੇ ਭਰਾ ਦਾ ਵੀ ਮਾਸਕੋ ਆਉਣ ਦਾ ਖ਼ਿਆਲ ਹੈ।"

"ਤੇ ਭੋਇੰ ਚੁਕੌਤੇ ਉੱਤੇ ਨਹੀਂ ਮਿਲ ਸਕਦੀ ?"

"ਅੱਜ ਕਲ੍ਹ ਕੋਈ ਕਿਰਾਏ ਤੇ ਕਿਸ ਤਰ੍ਹਾਂ ਲੈ ਸਕਦਾ ਹੈ ? ਅਮੀਰ, ਜਿਸ ਤਰ੍ਹਾਂ ਦੇ ਉਹ ਸਨ, ਉਨ੍ਹਾਂ ਦੀ ਸਾਰੀ ਉਜੜ ਗਈ, ਤੇ ਵਪਾਰੀ ਆਦਮੀਆਂ ਨੇ ਸਾਰੀ ਨੂੰ ਆਪਣੇ ਹੱਥ ਲੈ ਲਿਆ ਉਨ੍ਹਾਂ ਤੋਂ ਚੁਕੌਤੇ ਉੱਤੇ ਕਿਵੇਂ ਲੈ ਸਕਦਾ ਹੈ ?... ਉਹ ਆਪ ਕਰਦੇ ਹਨ।

ਸਾਡੇ ਪਿੰਡ ਇਕ ਫਰਾਂਸੀਸੀ ਸਾਡੇ ਉੱਤੇ ਹਕੂਮਤ ਕਰ ਰਿਹਾ ਹੈ, ਉਸ ਨੇ ਸਾਡੇ ਪਹਿਲੇ ਜ਼ਿਮੀਂਦਾਰ ਕੋਲੋਂ ਜਾਇਦਾਦ ਖਰੀਦ ਲਈ ਸੀ। ਉਹ ਚੁਕੌਤੇ ਉੱਤੇ ਨਹੀਂ ਦਿੰਦਾ, ਬਸ।"

"ਉਹ ਫਰਾਂਸੀਸੀ ਕੌਣ ਹੈ ?"

"ਦੁਫ਼ੋਰ ਉਸ ਫਰਾਂਸੀਸੀ ਦਾ ਨਾਮ ਹੈ। ਸ਼ਾਇਦ ਤੁਸੀਂ ਉਸ ਬਾਰੇ ਸੁਣਿਆ ਹੋਵੇ। ਉਹ ਵੱਡੇ ਥੀਏਟਰ ਵਿਚ ਐਕਟਰਾਂ ਲਈ ਸਿਰਪੋਸ਼ ਬਣਾਂਦਾ ਹੈ। ਇਹ ਅੱਛਾ ਵਪਾਰ ਹੈ, ਇਸ ਲਈ ਉਸ ਨੇ ਪੈਸਾ ਬਣਾਇਆ ਹੈ। ਉਸ ਨੇ ਸਾਡੀ ਸੁਆਮਣ ਕੋਲੋਂ ਸਾਰੀ ਜਾਇਦਾਦ ਖ਼ਰੀਦ ਲਈ ਹੈ ਤੇ ਹੁਣ ਸਾਡੇ ਉਪਰ ਉਸ ਦਾ ਅਧਿਕਾਰ ਹੈ, ਉਹ ਸਾਡੇ ਉਪਰ ਜਿਵੇਂ' ਚਾਹੇ ਸਵਾਰ ਹੋ ਜਾਂਦਾ ਹੈ, ਸ਼ੁਕਰ ਹੈ, ਉਹ ਭਲਾ ਆਦਮੀ ਹੈ, ਪਰ ਉਸਦੀ ਵਹੁਟੀ ਇਕ ਰੂਸੀ ਐਸਾ ਪਸ਼ੂ ਹੈ ਕਿ... ਪਰਮਾਤਮਾ ਉਸ ਉਪਰ ਕਿਰਪਾ ਕਰੇ। ਉਹ ਲੋਕਾਂ ਨੂੰ ਬਸ ਲੁੱਟਦੀ ਹੈ। ਇਹ ਬੜੀ ਮਾੜੀ ਗੱਲ ਹੈ। ਅੱਛਾ ਇਹ ਹੈ ਕੈਦਖ਼ਾਨਾ, ਮੈਂ ਤੁਹਾਨੂੰ ਦਰਵਾਜ਼ੇ ਤੱਕ ਛੱਡ ਆਵਾਂ ? ਪਰ ਮੈਨੂੰ ਖਦਸ਼ਾ ਹੈ ਉਹ ਸਾਨੂੰ ਉੱਥੇ ਤਕ ਨਹੀਂ ਜਾਣ ਦੇਣਗੇ ਭਾਵੇਂ।"

-0-

13

ਜਦ ਉਸ ਨੇ ਦਾਖ਼ਲ ਹੋਣ ਵਾਲੇ ਦਰਵਾਜ਼ੇ ਅੱਗੇ ਪਈ ਘੰਟੀ ਵਜਾਈ ਤਾਂ ਨਖ਼ਲਿਊਦੌਫ਼ ਦੇ ਦਿਲ ਨੂੰ ਡੋਬੂ ਪਿਆ ਇਹ ਸੋਚ ਕੇ ਕਿ ਅੱਜ ਮਸਲੌਵਾ ਨੂੰ ਉਹ ਕਿਸੇ ਹਾਲਤ ਵਿਚ ਵੇਖੇਗਾ।

ਮਸਲੌਵਾ ਵਿਚ ਉਸ ਨੂੰ ਇਕ ਲੁਕਿਆ ਸੂਹਜ ਅਨੁਭਵ ਹੁੰਦਾ ਸੀ, ਨਹੀਂ, ਸਾਰੇ ਲੋਕਾਂ ਵਿਚ ਜੋ ਜੇਲ੍ਹ ਵਿਚ ਇਕੱਠੇ ਹੋਏ ਹੋਏ ਸਨ। ਉਸ ਨੇ ਦਵਾਰਪਾਲ ਨੂੰ ਪੁੱਛਿਆ ਜੋ ਮਸਲੌਵਾ ਲਈ ਦਰਵਾਜ਼ਾ ਖੋਲਦਾ ਹੁੰਦਾ ਸੀ। ਕੁਝ ਪੜਤਾਲ ਕਰਨ ਬਾਅਦ ਦਵਾਰਪਾਲ ਨੇ ਉਸ ਨੂੰ ਦੱਸਿਆ ਕਿ ਉਹ ਹਸਪਤਾਲ ਵਿਚ ਸੀ। ਉੱਥੇ ਇਕ ਸਾਊ ਬੁੱਢੇ ਨੇ ਜੋ ਹਸਪਤਾਲ ਦਾ ਦਰਬਾਨ ਸੀ ਨਖ਼ਲਿਊਦੌਫ਼ ਨੂੰ ਇਕਦਮ ਅੰਦਰ ਚਲਾ ਜਾਣ ਦਿੱਤਾ ਤੇ ਇਹ ਪੁੱਛ ਕੇ ਕਿ ਉਹ ਕਿਸ ਨੂੰ ਲੱਭਦਾ ਸੀ, ਉਸ ਨੂੰ ਬੱਚਿਆਂ ਦੇ ਵਾਰਡ ਵੱਲ ਭੇਜ ਦਿੱਤਾ।

ਇਕ ਜਵਾਨ ਡਾਕਟਰ, ਕਾਰਬੋਲਿਕ ਘੋਲ ਨਾਲ ਭਿਜਿਆ ਨਖ਼ਲਿਊਦੌਫ਼ ਨੂੰ ਲਾਂਘੇ ਵਿਚ ਆ ਮਿਲਿਆ ਅਤੇ ਉਸ ਕੋਲੋਂ ਸਖ਼ਤੀ ਨਾਲ ਪੁੱਛਣ ਲੱਗਾ ਕਿ ਉਹ ਕੀ ਚਾਹੁੰਦਾ ਸੀ। ਇਹ ਡਾਕਟਰ ਹਮੇਸ਼ਾ ਕੈਦੀਆਂ ਦੀ ਸਹਾਇਤਾ ਕਰਦਾ ਸੀ ਅਤੇ ਇਸ ਕਰਕੇ ਇਸ ਨੂੰ ਬਹੁਤ ਵਾਰੀ ਜੇਲ੍ਹ ਦੇ ਪ੍ਰਬੰਧਕਾਂ ਨਾਲ ਝਗੜਨਾ ਪੈਂਦਾ ਸੀ ਅਤੇ ਵੱਡੇ ਡਾਕਟਰ ਨਾਲ ਵੀ ਇਸ ਡਰ ਨਾਲ ਕਿ ਨਖ਼ਲਿਊਦੌਫ਼ ਕੁਝ ਗੈਰ ਕਾਨੂੰਨੀ ਸੌਖ ਮੰਗੇਗਾ ਅਤੇ ਇਹ ਦੱਸਣ ਲਈ ਕਿ ਉਹ ਕਿਸੇ ਦੀ ਲਿਹਾਜ਼ ਨਹੀਂ ਸੀ ਕਰਦਾ, ਉਸ ਨੇ ਗੁੱਸੇ ਵਾਲਾ ਮੂੰਹ ਬਣਾ ਲਿਆ। "ਇਥੇ ਇਸਤਰੀਆਂ ਨਹੀਂ ਹਨ, ਇਹ ਬੱਚਿਆਂ ਦਾ ਵਾਰਡ ਹੈ," ਉਸ ਨੇ ਕਿਹਾ।

"ਹਾਂ, ਮੈਂ ਜਾਣਦਾ ਹਾਂ ਪਰੰਤੂ ਇਕ ਕੈਦਣ ਨੂੰ ਇੱਥੇ ਛੋਟੀ ਨਰਸ ਰੱਖਿਆ ਗਿਆ ਹੈ।"

"ਹਾਂ ਇੱਥੇ ਇਹੋ ਜੇਹੀਆਂ ਦੋ ਹਨ। ਉਨ੍ਹਾਂ ਵਿਚੋਂ ਕਿਹੜੀ ਨੂੰ ਤੁਸਾਂ ਮਿਲਣਾ ਹੈ ?"

ਨਖ਼ਲਿਊਦੌਫ਼ ਨੇ ਜਵਾਬ ਦਿੱਤਾ," "ਅਤੇ ਮੈਂ "ਮੈਂ ਉਨ੍ਹਾਂ ਵਿਚੋਂ ਇਕ ਨਾਲ ਗੂੜ ਸਬੰਧਤ ਹਾਂ, ਉਸ ਦਾ ਨਾਮ ਹੈ ਮਸਲੌਵਾ," ਉਸ ਨਾਲ ਕੁਝ ਗੱਲਾਂ ਕਰਨਾ ਚਾਹੁੰਦਾ ਹਾਂ। ਮੈਂ ਉਸ ਦੇ ਕੇਸ ਬਾਰੇ ਪੀਟਰਜ਼ਬਰਗ ਸੈਨਿਟ ਵਿਚ ਇਕ ਅਪੀਲ ਦੇਣ ਜਾ ਰਿਹਾ ਹਾਂ ਅਤੇ ਉਸ ਨੂੰ ਇਹ ਦੇਣਾ ਚਾਹੁੰਦਾ ਹਾਂ। ਇਹ ਸਿਰਫ਼ ਇਕ ਫੋਟੋ ਹੈ," ਨਖ਼ਲਿਊਦੌਫ਼ ਨੇ ਇਕ

ਲਫ਼ਾਫ਼ਾ ਆਪਣੀ ਜੇਬ ਵਿਚੋਂ ਕੱਢਦਿਆਂ ਕਿਹਾ। "ਬਹੁਤ ਅੱਛਾ, ਤੁਸੀਂ ਇਸ ਤਰ੍ਹਾਂ ਕਰ ਸਕਦੇ ਹੋ," ਡਾਕਟਰ ਨੇ ਪਸੀਜ ਕੇ ਕਿਹਾ ਅਤੇ ਇਕ ਚਿੱਟੇ ਪਰਨੇ ਵਾਲੀ ਬੁੱਢੀ ਔਰਤ ਵੱਲ ਮੁੜ ਕੇ ਉਸ ਨੂੰ ਆਖਿਆ ਕਿ ਮਸਲੋਂਵਾ ਕੈਦਣ ਨੂੰ ਬੁਲਾ ਦੇਵੇ। "ਤੁਸੀਂ ਇੱਥੇ ਬੈਠੋਗੇ ਜਾਂ ਮੁਸਾਫਰਖ਼ਾਨੇ ਵਿਚ ਚਲੇ ਜਾਉਗੇ ?" ਉਸ ਨੇ ਪੁੱਛਿਆ।

"ਸ਼ੁਕਰੀਆ," ਨਖ਼ਲਿਊਦੋਂਫ਼ ਨੇ ਕਿਹਾ, ਡਾਕਟਰ ਵਿਚ ਅਨੁਕੂਲ ਤਬਦੀਲੀ ਤੋਂ ਲਾਭ ਉਠਾਂਦੇ ਹੋਏ ਉਸ ਨੇ ਪੁੱਛਿਆ ਕਿ ਉਹ ਮਸਲੋਵਾ ਨਾਲ ਹਸਪਤਾਲ ਕਿੰਨੇ ਕੁ ਸੰਤੁਸ਼ਟ ਸਨ।

"ਉਹ ਬਿਲਕੁਲ ਠੀਕ ਹੈ। ਉਹ ਕਾਫ਼ੀ ਅੱਛਾ ਕੰਮ ਕਰਦੀ ਹੈ, ਜੇ ਤੁਸੀਂ ਉਸਦੀ ਪਹਿਲੀ ਜ਼ਿੰਦਗੀ ਦੀ ਹਾਲਤ ਦੇ ਹਿਸਾਬ ਨਾਲ ਵੇਖੋ। ਪਰ ਉਹ ਆਪ ਹੀ ਆ ਗਈ ਹੈ।'

ਬੁੱਢੀ ਨਰਸ ਇਕ ਬੂਹੇ ਵਿਚੋਂ ਇਕ ਦਮ ਅੰਦਰ ਆਈ। ਮਸਲੋਂਵਾ ਉਸ ਦੇ ਪਿੱਛੇ ਸੀ, ਉਸ ਨੇ ਇਕ ਨੀਲੀਆਂ ਧਾਰੀਆਂ ਵਾਲੇ ਕੱਪੜੇ ਪਾਏ ਸਨ, ਇਕ ਚਿੱਟਾ ਪਰਨਾ ਤੇ ਇਕ ਰੁਮਾਲ ਦੁਪੱਟੇ ਨੇ ਉਸ ਦੇ ਸਿਰ ਨੂੰ ਬਿਲਕੁਲ ਢੱਕਿਆ ਹੋਇਆ ਸੀ। ਜਦ ਉਸ ਨੇ ਨਖ਼ਲਿਊਦੋਂਫ਼ ਨੂੰ ਦੇਖਿਆ ਉਸ ਦਾ ਮੂੰਹ ਲਾਲ ਹੋ ਗਿਆ ਅਤੇ ਉਹ ਰੁੱਕ ਗਈ ਜਿਵੇਂ ਝਿਜਕ ਰਹੀ ਹੋਵੇ, ਫਿਰ ਉਸ ਨੇ ਤਿਉੜੀਆਂ ਪਾ ਲਈਆਂ ਤੇ ਨਵੀਆਂ ਅੱਖਾਂ ਨਾਲ ਦਰੀ ਉਪਰ ਦੀ ਜੋ ਲਾਂਘੇ ਵਿਚ ਵਿੱਛੀ ਹੋਈ ਸੀ, ਉਸ ਵੱਲ ਇਕ ਦਮ ਆਈ। ਉਹ ਨਖ਼ਲਿਊਦੋਂਫ਼ ਕੋਲ ਪਹੁੰਚ ਗਈ, ਉਹ ਆਪਣਾ ਹੱਥ ਉਸ ਨੂੰ ਦੇਣਾ ਨਹੀਂ ਚਾਹੁੰਦੀ ਸੀ, ਪਰ ਫਿਰ ਵੀ ਦੇ ਦਿੱਤਾ ਤੇ ਹੋਰ ਵੀ ਲਾਲ ਸੂਹੀ ਹੋ ਗਈ।

ਨਖ਼ਲਿਊਦੋਂਫ਼ ਨੇ ਉਸ ਨੂੰ ਉਸ ਦਿਨ ਤੋਂ ਨਹੀਂ ਦੇਖਿਆ ਸੀ ਜਦੋਂ ਉਸ ਨੇ ਆਪਣੇ ਕ੍ਰੋਧ ਦੀ ਉਸ ਕੋਲੋਂ ਮੁਆਫ਼ੀ ਮੰਗੀ ਸੀ। ਉਹ ਉਸ ਨੂੰ ਅੱਜ ਵੀ ਉਸੇ ਤਰ੍ਹਾਂ ਹੀ ਦੇਖਣ ਦੀ ਆਸ ਕਰਦਾ ਸੀ। ਪਰ ਅੱਜ ਉਹ ਬਿਲਕੁਲ ਵੱਖਰੀ ਸੀ। ਉਸ ਦੇ ਮੂੰਹ ਦਾ ਮੁਹਾਂਦਰਾ ਕੁਝ ਨਵਾਂ ਹੀ ਸੀ, ਕੁਝ ਸੰਕੋਚਵਾਂ ਅਤੇ ਸ਼ਰਮੀਲਾ ਉਸ ਨੂੰ ਜਾਪਦਾ ਸੀ, ਉਸ ਵਿਚ ਉਸ ਵੱਲ ਕੁਝ ਵਿਰੋਧ ਦਾ ਭਾਵ ਸੀ। ਉਸ ਨੇ ਉਸ ਨੂੰ ਦੱਸਿਆ ਜੋ ਉਸ ਨੇ ਪਹਿਲਾਂ ਡਾਕਟਰ ਨੂੰ ਦੱਸਿਆ ਸੀ... ਕਿ ਉਹ ਪੀਟਰਜ਼ਬਰਗ ਜਾ ਰਿਹਾ ਸੀ... ਅਤੇ ਉਸ ਨੇ ਫੋਟੋ ਵਾਲਾ ਲਫ਼ਾਫ਼ਾ ਉਸ ਨੂੰ ਦੇਣਾ ਸੀ ਜੋ ਉਸ ਨੇ ਪਾਨੋਵੋ ਤੋਂ ਲਿਆਂਦਾ ਸੀ।

"ਮੈਨੂੰ ਇਹ ਪਾਨੋਵੋ ਵਿਚ ਲੱਭਿਆ ਸੀ... ਇਹ ਪੁਰਾਣੀ ਫੋਟੋ ਹੈ, ਲੈ ਸ਼ਾਇਦ ਤੂੰ ਇਸ ਨੂੰ ਪਸੰਦ ਕਰੇਂ।"

ਆਪਣੇ ਕਾਲੇ ਭਰਵੱਟੇ ਚੁਕਦੇ ਹੋਏ, ਉਸ ਨੇ ਆਪਣੀਆਂ ਤਿੱਰਛੀਆਂ ਅੱਖਾਂ ਵਿਚ ਹੈਰਾਨੀ ਨਾਲ ਉਸ ਵੱਲ ਦੇਖਿਆ, ਜਿਸ ਤਰ੍ਹਾਂ ਪੁੱਛ ਰਹੀ ਹੋਵੇ, ਇਹ ਕਿਸ ਵਾਸਤੇ ? ਅਤੇ ਬਗੈਰ ਕੁਝ ਕਹੇ ਫੋਟੋ ਲੈ ਲਈ ਅਤੇ ਆਪਣੇ ਪਰਨੇ ਦੇ ਪੱਲੇ ਵਿਚ ਪਾ ਲਈ।

"ਮੈਂ ਤੇਰੀ ਭੂਆ ਨੂੰ ਉੱਥੇ ਮਿਲਿਆ ਸੀ," ਨਖ਼ਲਿਊਦੌਫ਼ ਨੇ ਕਿਹਾ।

"ਕੀ ਤੁਸੀਂ ਮਿਲੇ ਸੀ ?" ਉਸ ਨੇ ਓਪਰੇਪਣ ਨਾਲ ਕਿਹਾ।

"ਤੂੰ ਇੱਥੇ ਬਿਲਕੁਲ ਠੀਕ ਹੈ ?" ਨਖ਼ਲਿਊਦੌਫ਼ ਨੇ ਪੁੱਛਿਆ।

"ਹਾਂ, ਇੱਥੇ ਸਭ ਅੱਛਾ ਹੈ ?" ਉਸ ਨੇ ਜਵਾਬ ਦਿੱਤਾ।

"ਬਹੁਤੀ ਔਖਿਆਈ ਤਾਂ ਨਹੀਂ ?"

"ਨਹੀਂ, ਨਹੀਂ, ਪਰ ਮੈਂ ਅਜੇ ਇਸ ਦੀ ਆਦੀ ਨਹੀਂ ਹੋਈ।"

"ਮੈਂ ਖੁਸ਼ ਹਾਂ, ਤੇਰੇ ਕਰਕੇ। ਕਿਸੇ ਤਰ੍ਹਾਂ ਵੀ, ਉੱਥੇ ਨਾਲੋਂ ਇੱਥੇ ਚੰਗਾ ਹੈ।"

"ਉੱਥੇ ਨਾਲੋਂ ਕਿੱਥੇ?" ਉਸ ਨੇ ਕਿਹਾ ਤੇ ਉਸ ਦਾ ਮੂੰਹ ਫਿਰ ਲਾਲ ਹੋ ਗਿਆ।

"ਉੱਥੇ ਜੇਲ੍ਹ ਵਿਚ," ਨਖ਼ਲਿਊਦੌਫ਼ ਨੇ ਛੇਤੀ ਨਾਲ ਜਵਾਬ ਦਿੱਤਾ।

"ਕਿਸ ਤਰ੍ਹਾਂ ਅੱਛਾ ?" ਉਸ ਨੇ ਪੁੱਛਿਆ।

"ਮੇਰਾ ਵਿਚਾਰ ਹੈ ਇਹ ਲੋਕ ਅੱਛੇ ਹਨ। ਇੱਥੇ ਉਸ ਤਰ੍ਹਾਂ ਦਾ ਕੋਈ ਨਹੀਂ ਜੋ ਉੱਥੇ ਜ਼ਰੂਰ ਹੋਣਗੇ।"

"ਉੱਥੇ ਕਈ ਅੱਛੇ ਵੀ ਹਨ," ਉਸ ਨੇ ਕਿਹਾ।

"ਮੈਂ ਮੈਂਸ ਪਰਿਵਾਰ ਬਾਰੇ ਗੱਲ ਕੀਤੀ ਹੈ ਅਤੇ ਆਸ ਹੈ ਉਹ ਛੱਡ ਦਿੱਤੇ ਜਾਣਗੇ, ਨਖ਼ਲਿਊਦੌਫ਼ ਨੇ ਕਿਹਾ।

"ਪਰਮਾਤਮਾ ਕਰੇ, ਬਹੁਤ ਚੰਗੀ ਬੁੱਢੀ ਔਰਤ," ਉਹ ਬੋਲੀ ਤੇ ਬੁੱਢੀ ਔਰਤ ਬਾਰੇ ਆਪਣੀ ਸਲਾਹ ਦੁਬਾਰਾ ਕਹਿ ਕੇ ਮੁਸਕਰਾਈ।

"ਮੈਂ ਅੱਜ ਪੀਟਰਜ਼ਬਰਗ ਜਾ ਰਿਹਾ ਹਾਂ। ਤੇਰਾ ਕੇਸ ਛੇਤੀ ਆ ਜਾਵੇਗਾ ਅਤੇ ਮੈਨੂੰ ਆਸ ਹੈ ਸਜ਼ਾ ਮਨਸੂਖ ਹੋ ਜਾਵੇਗੀ।'

"ਹਟਾਈ ਜਾਵੇਗੀ ਜਾਂ ਨਾ, ਇਹ ਸਾਰਾ ਹੁਣ ਇਕ ਬਰਾਬਰ ਹੈ," ਉਸ ਨੇ ਕਿਹਾ।

"ਅੱਛਾ ?..." ਉਸ ਨੇ ਆਪਣੀਆਂ ਅੱਖਾਂ ਵਿਚ ਇਕ ਕਾਹਲੀ ਦੇ ਪ੍ਰਸ਼ਨ ਜਿਹੇ ਨਾਲ ਆਖਿਆ।

ਨਖ਼ਲਿਊਦੌਫ਼ ਨੇ ਇਸ ਸ਼ਬਦ ਤੇ ਝਾਕਣੀ ਦਾ ਮਤਲਬ ਇਹ ਸਮਝਿਆ ਕਿ ਉਹ ਜਾਣਨਾ ਚਾਹੁੰਦੀ ਸੀ ਕਿ ਉਹ ਅਜੇ ਵੀ ਆਪਣੇ ਫੈਸਲੇ ਉਤੇ ਦ੍ਰਿੜ ਸੀ ਜਾਂ ਉਸ ਨੇ ਉਸ ਦੀ ਨਾਂਹ ਕਬੂਲ ਕਰ ਲਈ ਸੀ।

"ਮੈਂ ਨਹੀਂ ਜਾਣਦਾ ਕਿਉਂ ਤੇਰੇ ਲਈ ਇਹ ਸਭ ਕੁਝ ਇਕੋ ਜਿਹਾ ਹੈ," ਉਸ ਨੇ ਕਿਹਾ। "ਜਿੱਥੋਂ ਤਕ ਮੇਰਾ ਇਸ ਨਾਲ ਸਬੰਧ ਹੈ ਇਹ ਜ਼ਰੂਰ ਇਕ ਬਰਾਬਰ ਹੈ, ਤੂੰ ਅਜ਼ਾਦ ਹੋ ਜਾਵੇਂ ਜਾਂ ਨਾ। ਮੈਂ ਹਰ ਹਾਲਤ ਵਿਚ ਉਹੀ ਕਰਾਂਗਾ ਜੋ ਕੁਝ ਮੈਂ ਦੱਸਿਆ ਹੈ, " ਉਸਨੇ ਫੈਸਲਾ ਦਿੰਦੇ ਹੋਇਆਂ ਕਿਹਾ।

ਮਸਲੌਵਾ ਨੇ ਆਪਣਾ ਸਿਰ ਝੁਕਾ ਦਿੱਤਾ, ਉਸ ਦੀਆਂ ਕਾਲੀਆਂ ਤਿਰਛੀਆਂ ਅੱਖਾਂ ਉਸ ਉਪਰ ਗੱਡੀਆਂ ਰਹੀਆਂ ਅਤੇ ਉਸ ਤੋਂ ਪਰੇ ਵੀ, ਅਤੇ ਉਸ ਦਾ ਮੂੰਹ ਖੁਸ਼ੀ ਨਾਲ ਚਮਕ ਉੱਠਿਆ। ਪਰ ਸ਼ਬਦ ਜੋ ਉਸਨੇ ਕਹੇ ਉਸ ਤੋਂ ਬੜੇ ਵੱਖਰੇ ਸਨ ਜੋ ਉਸ ਦੀਆਂ ਅੱਖਾਂ ਕਹਿ ਰਹੀਆਂ ਸਨ।

"ਬਿਹਤਰ ਹੈ ਤੁਸੀਂ ਇਹ ਨਾ ਕਰੋ।"

"ਮੈਂ ਇਸ ਕਰਕੇ ਕਹਿ ਰਿਹਾ ਹਾਂ ਕਿ ਤੈਨੂੰ ਪਤਾ ਲਗ ਜਾਵੇ।"

ਹਰ ਚੀਜ਼ ਉਸ ਬਾਰੇ ਕਹਿ ਦਿੱਤੀ ਗਈ ਹੈ ਅਤੇ ਹੁਣ ਕੁਝ ਕਹਿਣ ਵਾਲਾ ਨਹੀਂ ਰਿਹਾ।" ਬੜੀ ਮੁਸ਼ਕਿਲ ਨਾਲ ਮੁਸਕਰਾਂਦੀ ਹੋਈ ਉਹ ਬੋਲੀ।

ਇੱਕ ਅਚਾਨਕ ਸ਼ੋਰ ਹਸਪਤਾਲ ਦੇ ਵਾਰਡ ਵੱਲੋਂ ਆਇਆ ਅਤੇ ਇਕ ਬੱਚੇ ਦੇ ਰੋਣ ਦੀ ਅਵਾਜ਼।

“ਮੇਰਾ ਖ਼ਿਆਲ ਹੈ ਉਹ ਮੈਨੂੰ ਅਵਾਜ਼ ਦੇ ਰਹੇ ਹਨ। ਉਸ ਨੇ ਕਿਹਾ ਤੇ ਬੇਚੈਨੀ ਨਾਲ ਉਦਾਲੇ ਦੇਖਿਆ।

“ਅੱਛਾ, ਫੇਰ ਅਲਵਿਦਾ,” ਉਹ ਬੋਲਿਆ।

ਉਸ ਨੇ ਉਸ ਦੇ ਅੱਗੇ ਕੀਤੇ ਹੱਥ ਨੂੰ ਨਾ ਦੇਖਣ ਦਾ ਪੱਜ ਕੀਤਾ ਤੇ ਹੱਥ ਮਿਲਾਣ ਤੋਂ ਬਿਨਾਂ ਹੀ ਉਹ ਮੁੜ ਗਈ ਅਤੇ ਤੇਜ਼ ਤੇਜ਼ ਟਾਟ ਉਤੋਂ ਚਲੀ ਗਈ। ਉਹ ਉਸ ਉਲਾਸ ਨੂੰ ਜੋ ਉਹ ਅਨੁਭਵ ਕਰ ਰਹੀ ਸੀ, ਲੁਕਾਣ ਦੀ ਕੋਸ਼ਿਸ਼ ਕਰ ਰਹੀ ਸੀ।

ਉਸ ਦੇ ਅੰਦਰ ਕੀ ਬੀਤ ਰਹੀ ਹੈ ? ਉਹ ਕੀ ਸੋਚ ਰਹੀ ਹੈ ? ਉਹ ਕੀ ਮਹਿਸੂਸ ਕਰਦੀ ਰਹੀ ਹੈ ? ਕੀ ਉਹ ਮੇਰਾ ਇਮਤਿਹਾਨ ਲੈਣਾ ਚਾਹੁੰਦੀ ਹੈ, ਜਾਂ ਕੀ ਉਹ ਸੱਚੀਂ ਮੈਨੂੰ ਮੁਆਫ ਨਹੀਂ ਕਰ ਸਕਦੀ? ਕੀ ਜੋ ਕੁਝ ਉਹ ਮਹਿਸੂਸ ਕਰਦੀ ਅਤੇ ਸੋਚ ਰਹੀ ਹੈ ਉਹ ਦੱਸਣਾ ਨਹੀਂ ਚਾਹੁੰਦੀ, ਜਾਂ ਦੱਸ ਨਹੀਂ ਸਕਦੀ ? ਕੀ ਉਹ ਨਰਮ ਜਾਂ ਹੋਰ ਸਖਤ ਹੋ ਗਈ ਹੈ ?" ਉਸ ਨੇ ਆਪਣੇ ਆਪ ਨੂੰ ਪੁੱਛਿਆ ਜਿਸ ਦਾ ਕੋਈ ਜਵਾਬ ਨਾ ਲੱਭ ਸਕਿਆ। ਉਹ ਸਿਰਫ਼ ਏਹੀ ਜਾਣਦਾ ਸੀ ਕਿ ਉਹ ਬਦਲ ਗਈ ਸੀ ਅਤੇ ਇਕ ਮਹੱਤਵ-ਪੂਰਣ ਤਬਦੀਲੀ ਉਸ ਦੀ ਆਤਮਾ ਵਿਚ ਆ ਰਹੀ ਸੀ। ਅਤੇ ਇਹ ਤਬਦੀਲੀ ਨਖ਼ਲਿਊਦੌਫ਼ ਨੂੰ ਕੇਵਲ ਇਸ ਨਾਲ ਨਹੀਂ ਉਸ ਈਸ਼ਵਰ ਨਾਲ ਵੀ ਜੋੜ ਰਹੀ ਸੀ, ਜਿਸ ਵਾਸਤੇ ਇਹ ਤਬਦੀਲੀ ਲਿਆਂਦੀ ਜਾ ਰਹੀ ਸੀ

ਜਦ ਉਹ ਵਾਰਡ ਵੱਲ ਮੁੜੀ ਜਿਸ ਵਿਚ ਅੱਠ ਛੋਟੇ ਮੰਜੇ ਪਏ ਸਨ, ਤਾਂ ਨਰਸ ਦੀ ਆਗਿਆ ਪੂਰਤੀ ਵਿਚ ਉਹ ਉਨ੍ਹਾਂ ਵਿਚਲੇ ਇਕ ਮੰਜੇ ਨੂੰ ਠੀਕ ਕਰ ਲੱਗੀ ਅਤੇ ਚਾਦਰ ਨਾਲ ਬਹੁਤ ਝੁਕੀ ਹੋਈ ਕਾਰਨ ਉਹ ਫਿਸਲ ਕੇ ਡਿਗ ਚਲੀ ਸੀ। ਧਲਰ ਕੇ ਬੀਮਾਰ ਤੋਂ ਉੱਠਿਆ ਛੋਟਾ ਬੱਚਾ ਜਿਸ ਦੀ ਗਰਦਨ ਉਦਾਲੇ ਪੱਟੀ ਬੰਨ੍ਹੀ ਹੋਈ ਸੀ ਤੇ ਜੋ ਉਸ ਵੱਲ ਦੇਖ ਰਿਹਾ ਸੀ, ਹੱਸਿਆ। ਮਸਲੌਵਾ ਆਪਣੇ ਆਪ ਉੱਤੇ ਕਾਬੂ ਨਾ ਰੱਖ ਸਕੀ ਅਤੇ ਇਕ ਉੱਚੀ ਹਾਸੀ ਨਾਲ ਹੱਸ ਪਈ, ਜਿਸ ਵਿਚ ਇਤਨੀ ਲਾਗ ਸੀ ਕਿ ਬਹੁਤ ਸਾਰੇ ਬੱਚੇ ਵੀ ਹੱਸ ਪਏ, ਜਿਸ ਕਾਰਨ ਇਕ ਨਰਸ ਉਸ ਨੂੰ ਗੁੱਸੇ ਹੋਣ ਲੱਗੀ।

"ਤੂੰ ਕਿਸ ਉਪਰ ਹਿਣ ਹਿਨਾ ਰਹੀ ਹੈ ? ਤੂੰ ਸੋਚਦੀ ਹੈ ਤੂੰ ਉੱਥੇ ਹੈ ਜਿੱਥੋਂ ਦੀ ਤੂੰ ਗਿੱਝੀ ਹੋਈ ਹੈ ? ਜਾਹ ਤੇ ਖਾਣਾ ਲੈ ਆ। ਮਸਲੌਫ਼ਾ ਚੁੱਪ ਕਰ ਗਈ ਤੇ ਚੀਨੀ ਦੇ ਬਰਤਨ ਲੈ ਕੇ ਜਿੱਥੇ ਕਿਹਾ ਗਿਆ ਸੀ ਚਲੀ ਗਈ, ਪਰ ਪੱਟੀ ਵਾਲੇ ਲੜਕੇ ਨੂੰ ਦੇਖਦਿਆਂ ਹੀ ਜਿਸ ਨੂੰ ਹੱਸਣਾ ਮਨ੍ਹਾਂ ਸੀ, ਉਹ ਫਿਰ ਦਬੀ ਜੇਹੀ ਹੱਸ ਪਈ।

ਜਦ ਕਦੀ ਵੀ ਉਹ ਇਕੱਲੀ ਹੁੰਦੀ ਮਸਲੌਫ਼ਾ ਫੋਟੋ ਦਾ ਕੁਝ ਹਿੱਸਾ ਲਿਫ਼ਾਫ਼ੇ ਵਿੱਚੋਂ ਬਾਹਰ ਕੱਢ ਲੈਂਦੀ, ਅਤੇ ਪ੍ਰਸੰਸ਼ਾ ਨਾਲ ਦੇਖਦੀ, ਪਰ ਸਿਰਫ਼ ਸ਼ਾਮ ਨੂੰ ਹੀ ਜਦੋਂ ਉਹ ਡਿਊਟੀ ਤੋਂ ਵੇਹਲੀ ਸੌਣ ਵਾਲੇ ਕਮਰੇ ਵਿਚ ਇਕੱਲੀ ਸੀ, ਜਿਸ ਵਿਚ ਉਹ ਹੋਰ ਇਕ ਨਰਸ ਨਾਲ ਰਹਿੰਦੀ ਸੀ, ਸਾਰੀ ਫੋਟੋ ਲਫਾਫੇ ਵਿਚੋਂ ਬਾਹਰ ਕੱਢੀ ਤੇ ਬਗੈਰ ਕਿਸੇ ਹਿਲ ਚਲ ਦੇ ਉਹ ਆਪਣੀਆਂ ਅੱਖਾਂ ਨਾਲ ਸਾਰੇ ਮੂੰਹਾਂ ਨੂੰ, ਕੱਪੜਿਆਂ ਨੂੰ ਵਰਾਂਡੇ ਦੀਆਂ ਪੌੜੀਆਂ ਨੂੰ, ਅਤੇ ਝਾੜੀਆਂ ਨੂੰ ਜੋ ਉਸ ਦੇ ਨਖ਼ਲਿਊਦੌਫ਼ ਦੇ ਤੇ ਉਸ ਦੀ ਫੁਫ਼ੀਆਂ ਦੇ ਮੂੰਹਾਂ ਦਾ ਪਿੱਛੋਕੜ ਬਣੀਆਂ ਹੋਈਆਂ ਸਨ, ਪਿਆਰ ਨਾਲ ਵੇਖਦੀ, ਉਹ ਕਾਫ਼ੀ ਚਿਰ ਧੁੰਧਲੀ ਹੋਈ ਪੀਲੀ ਫੋਟੋ ਉੱਤੇ ਤੱਕਦੀ ਰਹੀ। ਉਹ ਇਸ ਦੀ ਸ਼ਲਾਘਾ ਕੀਤੇ ਬਗੈਰ ਨਹੀਂ ਰਹਿ ਸਕਦੀ ਸੀ, ਖ਼ਾਸ ਕਰਕੇ ਆਪਣੇ ਸੋਹਣੇ ਜਵਾਨ ਚੇਹਰੇ ਨੂੰ ਜਿਸ ਦਾ ਮੱਥਾ ਵਾਲਾਂ ਦੇ ਕੁੰਡਲਾਂ ਨਾਲ ਘਿਰਿਆ ਹੋਇਆ ਸੀ। ਉਹ ਇਤਨੀ ਗੁੰਮੀ ਹੋਈ ਸੀ ਕਿ ਉਸ ਨੂੰ ਆਪਣੀ ਸਹੇਲੀ ਨਰਸ ਦੇ ਕਮਰੇ ਵਿੱਚ ਆਉਣ ਦਾ ਵੀ ਪਤਾ ਨਾ ਲੱਗਾ।

"ਇਹ ਕੀ ਹੈ ਜੋ ਉਸ ਨੇ ਤੈਨੂੰ ਦਿੱਤਾ ਹੈ ?" ਚੰਗੇ ਸੁਭਾ ਦੀ ਮੋਟੀ ਨਰਸ ਨੇ ਫੋਟੋ ਉੱਤੇ ਝੁਕ ਕੇ ਕਿਹਾ, "ਇਹ ਕੌਣ ਹੈ ?...ਤੂੰ ?"

"ਹੋਰ ਕੌਣ ?" ਮਸਲੌਵਾ ਨੇ ਆਪਣੀ ਸਹੇਲੀ ਦੇ ਚਿਹਰੇ ਵੱਲ ਮੁਸਕਰਾਂਦੇ ਹੋਏ ਦੇਖਦਿਆਂ ਕਿਹਾ।

"ਅਤੇ ਇਹ ਉਹ ਆਪ ਹੈ ?...ਅਤੇ ਉਹ ਉਸ ਦੀ ਮਾਂ ?"

"ਨਹੀਂ ਉਸ ਦੀ ਭੂਆ। ਤੂੰ ਮੈਨੂੰ ਪਛਾਣਨਾ ਨਹੀਂ ਸੀ ?

"ਕਦੇ ਵੀ ਨਹੀਂ। ਸਾਰਾ ਮੂੰਹ ਬਦਲ ਗਿਆ ਹੈ (ਕਿਉਂ) ਇਹ ਜ਼ਰੂਰ ਦਸ ਸਾਲ ਪਹਿਲਾਂ ਦੀ ਹੈ।"

"ਸਾਲ ਹੀ ਨਹੀਂ, ਜ਼ਿੰਦਗੀ ਦਾ ਇਕ ਹਿੱਸਾ," ਮਸਲੌਵਾ ਨੇ ਕਿਹਾ ਅਤੇ ਅਚਾਨਕ ਉਸ ਦੀ ਖ਼ੁਸ਼ੀ ਗਾਇਬ ਹੋ ਗਈ, ਉਸ ਦਾ ਮੂੰਹ ਉਦਾਸ ਹੋ ਗਿਆ, ਅਤੇ ਭਰਵੱਟਿਆਂ ਵਿਚਕਾਰ ਇਕ ਲਕੀਰ ਪੈ ਗਈ।

"ਇਸ ਤਰ੍ਹਾਂ ਕਿਉਂ ? ਤੇਰਾ ਜੀਵਨ ਢੰਗ ਜ਼ਰੂਰ ਸੌਖਾ ਰਿਹਾ ਹੋਵੇਗਾ।"

"ਸੌਖਾ, ਜ਼ਰੂਰ।" ਮਸਲੌਵਾ ਨੇ ਅੱਖਾਂ ਬੰਦ ਕਰਦੇ ਅਤੇ ਸਿਰ ਝੁਣਝਣਾਂਦੇ ਕਿਹਾ। "ਨਰਕ ਨਾਲੋਂ ਵੀ ਭੈੜਾ।"

"ਕਿਉਂ, ਕਿਸ ਕਰਕੇ ?"

"ਕਿਸ ਕਰਕੇ ? ਸਵੇਰ ਦੇ ਅੱਠ ਤੋਂ ਚਾਰ ਤਕ, ਅਤੇ ਹਰ ਰਾਤ ਇਕੋ ਜੇਹੀ।"

"ਤਦ ਫਿਰ ਉਹ ਇਸ ਨੂੰ ਛੱਡ ਕਿਉਂ ਨਹੀਂ ਦਿੰਦੀਆਂ ?"

"ਉਹ ਛੱਡ ਨਹੀਂ ਸਕਦੀਆਂ, ਜੇ ਉਹ ਚਾਹੁਣ ਵੀ। ਪਰ ਗੱਲਾਂ ਕਰਨ ਦਾ ਕੋਈ ਫਾਇਦਾ ਹੈ ?" ਮਸਲੌਵਾ ਰੋ ਪਈ, ਤੇ ਕੁਦ ਕੇ ਮੇਜ਼ ਦੇ ਦਰਾਜ਼ ਵਿਚ ਫੋਟੋ ਨੂੰ ਸੁੱਟ ਦਿੱਤਾ। ਅਤੇ ਆਪਣੇ ਗੁੱਸੇ ਭਰੇ ਹੰਝੂ ਮੁਸ਼ਕਲ ਨਾਲ ਰੋਕਦੀ ਉਹ ਲਾਂਘੇ ਵਿਚ ਦੀ ਦਰਵਾਜ਼ੇ ਨੂੰ ਜ਼ੋਰ ਨਾਲ ਬੰਦ ਕਰਕੇ ਭੱਜ ਗਈ।

ਜਦ ਉਹ ਗਰੁੱਪ ਫੋਟੋ ਨੂੰ ਦੇਖ ਰਹੀ ਸੀ, ਉਸ ਨੇ ਅਪਣੇ ਆਪ ਦੀ ਉੱਥੇ ਦੀ ਕਲਪਨਾ ਕੀਤੀ ਤੇ ਫਿਰ ਆਪਣੀ ਉਦੋਂ ਵਾਲੀ ਖੁਸ਼ੀ ਦਾ ਸੁਪਨਾ ਲਿਆ ਅਤੇ ਹੁਣ ਉਸ ਦੇ ਨਾਲ ਖ਼ੁਸ਼ੀ ਵਾਲੇ ਜੀਵਨ ਦੀ ਸੰਭਾਵਨਾ ਦਾ, ਪਰ ਉਸ ਦੀ ਸਾਥਣ ਦੇ ਸ਼ਬਦ ਉਸ ਨੂੰ ਯਾਦ ਕਰਵਾਂਦੇ ਸਨ, ਉਹ ਹੁਣ ਕੀ ਸੀ ਤੇ ਕੀ ਰਹੀ ਸੀ ? ਅਤੇ ਉਸ ਨੂੰ ਉਸ ਜ਼ਿੰਦਗੀ ਦੀ ਸਾਰੀ ਭਿਆਨਕਤਾ ਯਾਦ ਆਈ, ਜੇਹੜੀ ਉਸਨੇ ਅਸਪਸ਼ਟ ਜੇਹੀ ਹੀ ਮਹਿਸੂਸ ਕੀਤੀ ਸੀ ਅਤੇ ਕਦੀ ਵੀ ਸਮਝਣ ਦਾ ਹੌਂਸਲਾ ਨਹੀਂ ਕੀਤਾ ਸੀ।

ਇਹ ਸਿਰਫ਼ ਹੁਣ ਸੀ ਕਿ ਉਨ੍ਹਾਂ ਸਾਰੀਆਂ ਰਾਤਾਂ ਦੀਆਂ ਮੁਸੀਬਤਾਂ ਦੀ ਫਿਰ ਉਸ ਨੂੰ ਇਤਨੀ ਸਪਸ਼ਟ ਯਾਦ ਆਈ, ਖ਼ਾਸ ਕਰਕੇ, ਇਕ ਮੇਲੇ ਦੀ ਰਾਤ ਦੀ, ਜਦ ਉਹ ਇਕ ਵਿਦਿਆਰਥੀ ਦੀ ਉਡੀਕ ਕਰ ਰਹੀ ਸੀ, ਜਿਸ ਨੇ ਉਸ ਨੂੰ ਖ਼ਰੀਦ ਕੇ ਛੁਡਾ ਲੈਣ ਦਾ ਇਕਰਾਰ ਕੀਤਾ ਸੀ। ਉਸ ਨੂੰ ਯਾਦ ਆਇਆ ਕਿਵੇਂ ਇਕ ਨੀਵੇਂ ਗਲੇ ਵਾਲੀ ਰੇਸ਼ਮੀਂ ਪੁਸ਼ਾਕ ਪਾਈ ਜਿਸ ਉਪਰ ਸ਼ਰਾਬ ਦੇ ਛਿੱਟੇ ਪਏ ਹੋਏ ਸਨ, ਖੁਲ੍ਹੇ ਵਾਲਾ ਉੱਤੇ ਇਕ ਲਾਲ ਬੋ ਲਗਾਈ, ਥੱਕੀ ਹੋਈ, ਕਮਜ਼ੋਰ ਅੱਧੀ ਨਸ਼ੇ ਵਿਚ ਉਹ ਆਪਣੇ ਮਹਿਮਾਨਾਂ ਨੂੰ ਵਿਦਾ ਕਰਕੇ ਲੱਗਭੱਗ ਸਵੇਰ ਦੇ ਦੋ ਵਜੇ ਨਾਚ ਦੇ ਇਕ ਵਿਸ਼ਰਾਮ ਸਮੇਂ ਉਹ ਬੈਠ ਗਈ, ਪਿਆਨੋ ਕੋਲ ਹੱਡਲ ਤੇ ਦਾਗਲ ਮੂੰਹ ਵਾਲੀ ਪਿਆਨੋ ਵਾਦਕ ਕੋਲ ਜੋ ਵਾਇਲਨ ਨਾਲ ਪਿਆਨੋ ਵਜਾਦੀ ਸੀ ਤੇ ਆਪਣੀ ਭੈੜੀ ਕਿਸਮਤ ਦੀ ਸ਼ਿਕਾਇਤ ਕਰਨ ਲੱਗੀ ਸੀ ਅਤੇ ਕਿਸ ਤਰ੍ਹਾਂ ਪਿਆਨੋ ਵਜਾਣ ਵਾਲੀ ਨੇ ਕਿਹਾ ਸੀ ਕਿ ਉਹ ਭੀ ਆਪਣੀ ਹਾਲਤ ਨੂੰ ਬੜੀ ਬੋਝਲ ਮਹਿਸੂਸ ਕਰ ਰਹੀ ਸੀ ਅਤੇ ਉਸ ਨੂੰ ਬਦਲਣਾ ਚਾਹੁੰਦੀ ਸੀ ਅਤੇ ਕਿਸ ਤਰ੍ਹਾਂ ਬਰਥਾ ਅਚਾਨਕ ਉਨ੍ਹਾਂ ਕੋਲ ਆ ਗਈ ਸੀ ਅਤੇ ਕਿਸ ਤਰ੍ਹਾਂ ਇਨ੍ਹਾਂ ਨੇ ਆਪਣੀ ਜਿੰਦਗੀ ਬਦਲਣ

ਦਾ ਫੈਸਲਾ ਕਰ ਲਿਆ। ਉਨ੍ਹਾਂ ਸੋਚਿਆ ਸੀ ਕਿ ਰਾਤ ਬੀਤ ਗਈ ਸੀ ਤੇ ਉੱਠ ਜਾਣ ਹੀ ਲਗੀਆਂ ਸਨ ਕਿ ਅਚਾਨਕ ਇਕ ਨੱਸ਼ਿਆਈ ਅਵਾਜ਼ ਮੂਹਰਲੇ ਕਮਰੇ ਵਿਚੋਂ ਆਉਂਦੀ ਸੁਣਾਈ ਦਿੱਤੀ। ਵਾਇਲਨ ਵਾਦਕ ਨੇ ਵਾਇਲਨ ਦੀ ਸੁਰ ਸ਼ੁਰੂ ਕਰ ਦਿੱਤੀ ਅਤੇ ਪਿਆਨੋ ਵਾਲੀ ਇਕ ਹਸਾਉਣੇ ਰੂਸੀ ਗਾਣੇ ਨਾਲ ਮਿਲਾ ਕੇ ਇਕ ਚਾਰ ਜੋੜੀ ਦੇ ਨਾਚ ਦੀ ਸਥਾਈ ਵਜਾਣ ਲੱਗਾ ਸੀ। ਇਕ ਛੋਟਾ ਪਸੀਨੇ ਨਾਲ ਤਰ ਆਦਮੀ ਸ਼ਰਾਬ-ਗੰਧ ਛੱਡਦਾ, ਚਿੱਟੀ ਟਾਈ ਤੇ ਪੱਤਲੇ ਪੱਲੇ ਦਾ ਕੋਟ ਪਾਈ ਜਿਹੜਾ ਉਸ ਨੇ ਸਥਾਈ ਦੇ ਖ਼ਤਮ ਹੋਣ ਉੱਤੇ ਹੀ ਉਤਾਰ ਦਿੱਤਾ ਸੀ, ਉਸ ਵੱਲ ਆਇਆ ਹਿੱਚਕੀਆਂ ਲੈਂਦਾ, ਅਤੇ ਉਸ ਨੂੰ ਉਠਾ ਕੇ ਨੱਚਣ ਲੱਗ ਪਿਆ ਸੀ, ਤੇ ਦੂਜੇ ਇਕ ਦਾੜ੍ਹੀ ਵਾਲੇ ਮੋਟੇ ਆਦਮੀ ਜਿਸ ਨੇ ਪੁਸ਼ਾਕਾ ਪਾਇਆ ਸੀ (ਉਹ ਸਿੱਧੇ ਇਕ ਨਾਚ ਤੋਂ ਆ ਰਹੇ ਸਨ) ਨੇ ਬਰਥਾ ਨੂੰ ਫੱੜ ਲਿਆ ਅਤੇ ਤਕੜਾ ਚਿਰ ਉਹ ਘੁੰਮਦੇ ਨੱਚਦੇ ਚੀਕਾਂ ਮਾਰਦੇ ਤੇ ਸ਼ਰਾਬ ਪੀਂਦੇ ਰਹੇ ਸਨ... ਤੇ ਇਸ ਤਰ੍ਹਾਂ ਇਕ ਹੋਰ ਸਾਲ ਇਵੇਂ ਲੰਘ ਗਿਆ ਤੇ ਇਕ ਹੋਰ ਤੇ ਫਿਰ ਤੀਜਾ। ਉਹ ਕਿਸ ਤਰ੍ਹਾਂ ਨਾ ਬਦਲਦੀ ? ਅਤੇ ਉਹ (ਨਖ਼ਲਿਊਦੌਫ਼) ਇਸ ਸਭ ਕੁਝ ਦਾ ਕਾਰਨ ਸੀ।

ਅਤੇ ਅਚਾਨਕ, ਉਸ ਦੇ ਮਨ ਦੀ ਪਹਿਲੀ ਸਾਰੀ ਕੁੜੱਤਣ ਉਸ ਦੇ ਵਿਰੁੱਧ ਦੁਬਾਰਾ ਜਾਗ ਪਈ, ਉਹ ਮੰਦਾ ਚੰਗਾ ਆਖਣਾ ਚਾਹੁੰਦੀ। ਉਸ ਨੂੰ ਮੇਹਣਾ ਮਾਰਨਾ। ਉਹ ਪਛਤਾ ਰਹੀ ਕਿ ਉਸ ਨੇ ਅੱਜ ਦਾ ਮੌਕਾ ਗਵਾ ਲਿਆ ਸੀ, ਉਸ ਨੂੰ ਇਕ ਵਾਰ ਹੋਰ ਦੱਸਣ ਦਾ, ਕਿ ਉਹ ਉਸ ਨੂੰ ਜਾਣਦੀ ਸੀ ਅਤੇ ਉਸ ਦੀ ਗੱਲ ਨਹੀਂ ਮੰਨੇਗੀ, ਉਸ ਨੂੰ ਆਪਣੀ ਆਤਮਾ ਦੀ ਵਰਤੋਂ ਨਹੀਂ ਕਰਨ ਦੇਵੇਗੀ ਜਿਸ ਤਰ੍ਹਾਂ ਉਸ ਨੇ ਉਸ ਸਰੀਰ ਦੀ ਕੀਤੀ ਸੀ ਅਤੇ ਆਪਣੇ ਉਪਰ ਕਰੁਣਾ ਦੇ ਭਾਵ ਨੂੰ ਤੇ ਉਸ ਨੂੰ ਮੰਦਾ ਚੰਗਾ ਕਹਿਣ ਦੀ ਵਿਅਰਥ ਭਾਵਨਾ ਨੂੰ ਦਬਾਣ ਲਈ ਸ਼ਰਾਬ ਪੀਣਾ ਚਾਹੁੰਦੀ ਸੀ। ਜੇ ਉਹ ਕੈਦਖਾਨੇ ਵਿਚ ਹੁੰਦੀ ਤਾਂ ਉਸ ਨੇ ਆਪਣਾ ਵਚਨ ਤੋੜ ਦੇਣਾ ਸੀ ਪਰ ਇੱਥੇ ਉਸ ਨੂੰ ਵੈਦਿਕ ਸਹਾਇਤਾ ਦਰਖ਼ਾਸਤ ਦੇਣ ਤੋਂ ਬਿਨਾਂ ਸ਼ਰਾਬੀ ਨਹੀਂ ਮਿਲ ਸਕਦੀ ਸੀ। ਵੈਦਿਕ ਸਹਾਇਤਾ ਤੋਂ ਉਹ ਡਰਦੀ ਸੀ ਕਿਉਂਕਿ ਉਹ ਉਸ ਦਾ ਪਿੱਛਾ ਕਰਦਾ ਸੀ ਤੇ ਕਿਸੇ ਪੁਰਸ਼ ਨਾਲ ਨਿਕਟੀ ਸਬੰਧ ਤੋਂ ਉਸ ਨੂੰ ਹੁਣ ਨਫਰਤ ਸੀ ਲਾਂਘੇ ਵਿਚ ਇਕ ਬੈਂਚ ਉੱਤੇ ਕੁਝ ਚਿਰ ਬੈਠ ਕੇ ਉਹ ਆਪਣੇ ਛੋਟੇ ਜਿਹੇ ਕਮਰੇ ਵਿਚ ਵਾਪਸ ਆ ਗਈ ਤੇ ਆਪਣੀ ਨਾਲ ਦੀ ਗੱਲ ਨੂੰ ਅਣਸੁਦੀ ਕਰਕੇ ਉਹ ਆਪਣੇ ਬਰਬਾਦ ਜੀਵਨ ਉਪਰ ਬੜਾ ਚਿਰ ਰੋਂਦੀ ਰਹੀ।

-0-

14

ਨਖ਼ਲਿਊਦੌਫ਼ ਨੇ ਪੀਟਰਜ਼ਬਰਗ ਵਿਚ ਚਾਰ ਕੰਮ ਕਰਨੇ ਸਨ। ਸੈਨਿਟ ਅੱਗੇ ਮਸਲੌਵਾ ਦੀ ਅਰਜ਼ੀ, ਅਰਜ਼ੀਆਂ ਦੀ ਸੰਮਤੀ ਅਤੇ ਬੀਓਦੋਸੀਆਂ ਬੀਰੂਕੋਫ਼ਾ ਦਾ ਮੁਕੱਦਮਾ, ਤੇ ਵੇਰਾ ਦੁਖੌਫ਼ਾ ਦੇ ਕਹ ਹੋਏ ਕੰਮ..... ਇਕ ਉਸ ਦੀ ਸਹੇਲੀ ਸਸ਼ਤੋਫਾ ਨੂੰ ਕੈਦ ਵਿਚੋਂ ਛੁਡਾਣਾ ਅਤੇ ਪੁਲਿਸ ਦੇ ਦਫਤਰ ਵਿਚੋਂ ਇਕ ਮਾਤਾ ਲਈ ਆਪਣੇ ਪੁੱਤਰ ਕੋਲ ਕੈਦਖਾਨੇ ਵਿਚ ਜਾਣ ਦੀ ਆਗਿਆ ਲੈਣੀ। ਇਨ੍ਹਾਂ ਕੰਮਾਂ ਨੂੰ, ਜਿਨ੍ਹਾਂ ਬਾਰੇ ਵੇਰਾਦੁਖੋਫ਼ਾ ਨੇ ਉਸ ਨੂੰ ਲਿਖਿਆ ਸੀ, ਨਖ਼ਲਿਊਦੌਫ਼ ਇਕੋ ਕੰਮ ਗਿਣਦਾ ਸੀ।

ਚੌਥਾ ਕੰਮ, ਜੋ ਉਸ ਨੇ ਕਰਨਾ ਸੀ, ਉਨ੍ਹਾਂ ਪੰਥੀਆਂ ਦਾ ਕੰਮ ਸੀ ਜਿਨ੍ਹਾਂ ਨੂੰ ਆਪਣੇ ਪਰਿਵਾਰਾਂ ਨਾਲੋਂ ਅਲੱਗ ਕਰਕੇ ਕੋਹਕਾਫ਼ ਵਿਚ ਜਲਾਵਤਨ ਕਰ ਦਿੱਤਾ ਗਿਆ ਸੀ ਇਸ ਲਈ ਕਿ ਉਹ ਧਰਮ ਪੁਸਤਕਾਂ ਨੂੰ ਪੜ੍ਹਦੇ ਤੇ ਵਿਚਾਰਦੇ ਸਨ। ਇਸ ਕੰਮ ਲਈ ਜਿੱਥੋਂ ਤਕ ਆਪਣਾ ਸਾਰਾ ਟਿਲ ਲਾਣ ਦਾ ਇਕਰਾਰ ਉਸਨੇ ਇੰਨਾ ਉਨ੍ਹਾਂ ਨਾਲ ਨਹੀਂ ਕੀਤਾ ਸੀ ਜਿੰਨਾ ਆਪਣੇ ਆਪ ਨਾਲ।

ਮਸਲੈਨੀ ਕੋਫ਼ ਕੋਲ ਪਿਛਲੀ ਵਾਰੀ ਜਾਣ ਤੋਂ ਪਿੱਛੋਂ, ਤੇ ਖ਼ਾਸ ਕਰਕੇ ਆਪਣੀਆਂ ਜਾਗੀਰਾਂ ਉੱਤੇ ਜਾਣ ਸਮੇਂ ਤੋਂ ਨਖ਼ਲਿਊਦੌਫ਼ ਉਸ ਸਮਾਜ ਜਿਸ ਵਿਚ ਉਹ ਹੁਣ ਤਾਈਂ ਰਹਿੰਦਾ ਰਿਹਾ ਸੀ, ਉਸ ਨੂੰ ਮਨੋਂ ਤਨੋਂ ਘ੍ਰਿਣਾ ਹੋ ਗਈ ਸੀ, ਭਾਵੇਂ ਉਸ ਨੇ ਇਸ ਵਿਸ਼ੇ ਉੱਤੇ ਹਾਲੇ ਕੋਈ ਨਿਰਣੇ ਪੂਰਵਕ ਮਤਾ ਨਹੀਂ ਬਣਾਇਆ ਸੀ। ਉਹ ਸਮਾਜ, ਜੋ ਲੱਖਾਂ ਕਰੋੜਾਂ ਦਿਆਂ ਦੁੱਖਾ ਨੂੰ ਇਕ ਅਲਪ ਗਿਣਤੀ ਦੇ ਸੁਖ ਤੇ ਆਨੰਦ ਨੂੰ ਨਿਸਚਤ ਕਰਨ ਲਈ ਇਤਨੀ ਸਾਵਧਾਨੀ ਨਾਲ ਛੁਪਾਉਂਦਾ ਹੈ ਕਿ ਇਸ ਨੂੰ ਬਣਾਉਣ ਵਾਲੇ ਲੋਕ ਇਨ੍ਹਾਂ ਦੁੱਖਾਂ ਨੂੰ ਤੇ ਨਾ ਹੀ ਆਪਣੇ ਜੀਵਨ ਦੀ ਕਠੋਰਤਾ ਤੇ ਕਰੂਰਤਾਂ ਨੂੰ ਦੇਖ ਨਹੀਂ ਸਕਦੇ। ਨਖ਼ਲਿਊਦੌਫ਼ ਹੁਣ ਇਸ ਸਮਾਜ ਵਿਚ ਹੋਰ ਨਹੀਂ ਵਿਚਰ ਸਕਦਾ ਸੀ ਜਿਸ ਵਿਚ ਉਸ ਨੂੰ ਬੇਚੈਨੀ ਤੇ ਆਪਣੇ ਆਪ ਉੱਤੇ ਕਰੋਧ ਦੀ ਭਾਵਨਾ ਹੁੰਦੀ ਸੀ। ਪਰ ਤਾਂ ਭੀ ਸਾਕਾਦਾਰੀ ਤੇ ਮਿਤਰਤਾ ਦੇ ਸਾਰੇ ਬੰਧਨ ਤੇ ਉਸ ਦੀਆਂ ਆਪਣੀਆਂ ਆਦਤਾਂ ਇਸ ਵੱਲ ਵਾਪਸ ਖਿੱਚ ਰਹੇ ਸਨ। ਇਸ ਤੋਂ ਛੁੱਟ ਉਹ ਗੱਲ ਕੇਵਲ ਜਿਸ ਦੀ ਹੁਣ ਉਸ ਨੂੰ ਤਾਂਘ ਸੀ, ਮਸਲੋਵਾ ਤੇ ਦੂਜੇ ਦੁਖੀਆਂ ਦੀ ਸਹਾਇਤਾ ਕਰਨ ਦੀ ਉਸ ਦੀ ਇੱਛਾ, ਉਸਨੂੰ ਮਜਬੂਰ ਕਰਦੀ ਸੀ ਕਿ ਉਹ

ਉਸ ਸਮਾਜ ਦੇ ਬੰਦਿਆਂ ਪਾਸੋਂ ਸਹਾਇਤਾ ਤੇ ਮਦਦ ਮੰਗੇ ਜਿਨ੍ਹਾਂ ਬੰਦਿਆਂ ਦੀ ਨਾ ਕੇਵਲ ਉਹ ਇਜ਼ਤ ਹੀ ਨਹੀਂ ਕਰ ਸਕਦਾ ਸੀ ਸਗੋਂ ਜਿਨ੍ਹਾਂ ਉੱਤੇ ਉਸ ਨੂੰ ਬਹੁਤ ਵਾਰ ਕਰੋਧ ਤੇ ਘ੍ਰਿਣਾ ਉਪਜਦੀ ਸੀ।

ਜਦੋਂ ਉਹ ਪੀਟਰਜ਼ਬਰਗ ਆ ਕੇ ਆਪਣੀ ਮਾਸੀ...... ਬੇਗਮ ਚਰਸਕਾਇਆ, ਜੋ ਇਕ ਸਾਬਕਾ ਮੰਤਰੀ ਦੀ ਪਤਨੀ ਸੀ, ਕੋਲ ਰਿਹਾ ਤਾਂ ਉਸ ਨੇ ਆਪਣੇ ਆਪ ਨੂੰ ਉਸ ਉੱਚ ਕੁਲੀਨ ਭਾਈਚਾਰੇ ਵਿਚ ਫੱਸਿਆ ਅਨੁਭਵ ਕੀਤਾ ਜੋ ਹੁਣ ਉਸ ਲਈ ਮੂਲੋਂ ਪਰਾਇਆ ਹੋ ਚੁੱਕਾ ਸੀ। ਇਹ ਬੜੀ ਅਣ-ਸੁਖਾਵੀਂ ਗੱਲ ਸੀ ਪਰ ਇਸ ਤੋਂ ਬਚਣ ਦੀ ਕੋਈ ਸੰਭਾਵਨਾ ਨਹੀਂ ਸੀ। ਜੇ ਉਹ ਆਪਣੀ ਮਾਸੀ ਦੇ ਘਰ ਦੀ ਥਾਂ ਕਿਸੇ ਹੋਟਲ ਵਿਚ ਆ ਕੇ ਰਹਿੰਦਾ ਤਾਂ ਉਸ ਨੇ ਨਰਾਜ਼ ਹੋ ਜਾਣਾ ਸੀ। ਨਾਲੇ ਉਸ ਮਾਸੀ ਦੇ ਵੱਡੇ ਲੋਕਾਂ ਨਾਲ ਸੰਪਰਕ ਸਨ ਜੋ ਉਸ ਦੇ ਉਪਰੋਕਤ ਕੰਮਾਂ ਵਿਚ ਉਸ ਲਈ ਬੜੇ ਲਾਭਵੰਦ ਹੋ ਸਕਦੇ ਸਨ।

"ਮੈਂ ਤੁਹਾਡੇ ਬਾਰੇ ਇਹ ਕੀ ਸੁਣ ਰਹੀ ਹਾਂ ? ਸਭ ਕਿਸਮ ਦੇ ਅਚੰਭੇ, " ਬੇਗਮ ਕੈਥਰੀਨ ਈਵ ਨੋਫ਼ਨਾ ਚਰਸਕਾਇਆ ਕੌਫੀ ਪੀਂਦੇ ਸਮੇਂ ਕਹਿਣ ਲੱਗੀ, "ਤੁਸੀਂ ਇਕ ਹਾਵਰਡ ਬਣੇ ਹੋਏ ਹੋ.. ਅਪਰਾਧੀਆਂ ਦੀ ਸਹਾਇਤਾ ਕਰਨ ਲਈ ਕੈਦਖਾਨਿਆਂ ਦਾ ਦੌਰਾ ਕਰਨ ਤੇ ਉਨ੍ਹਾਂ ਦੇ ਮਾਮਲੇ ਰਾਸ ਕਰਨ ਵਾਲੇ, " ਉਸ ਨੇ ਫ਼ਰਾਂਸੀਸੀ ਬੋਲੀ ਵਿਚ ਕਿਹਾ।

"ਨਹੀਂ, ਬਿਲਕੁਲ ਨਹੀਂ।"

"ਨਹੀਂ ਕਿਉਂ ? ਇਹ ਚੰਗੀ ਗੱਲ ਹੈ ਪਰ ਇਸ ਨਾਲ ਸਬੰਧਤ ਕੋਈ ਪ੍ਰੇਮ-ਕਹਾਣੀ ਪ੍ਰਤੀਤ ਹੁੰਦੀ ਹੈ। ਮੈਨੂੰ ਇਸ ਬਾਰੇ ਸਭ ਕੁਝ ਦੱਸੋ।"

ਨਖਲਿਊਦੇਫ਼ ਨੇ ਉਸ ਨੂੰ ਆਪਣੇ ਮਸਲੋਵਾ ਨਾਲ ਸਬੰਧਾਂ ਬਾਰੇ ਸਾਰੀ ਕਹਾਣੀ ਸੁਣਾ ਦਿੱਤੀ।

"ਹਾਂ, ਹਾਂ, ਮੈਨੂੰ ਯਾਦ ਹੈ ਤੁਹਾਡੀ ਮਾਤਾ ਵਿਚਾਰੀ ਨੇ ਮੇਰੇ ਨਾਲ ਇਸ ਬਾਰੇ ਗੱਲ ਕੀਤੀ ਸੀ। ਉਦੋਂ ਤੁਸੀਂ ਉਨ੍ਹਾਂ ਬੁੱਢੀਆਂ ਪਾਸ ਠਹਿਰੇ ਹੋਏ ਸੀ। ਮੇਰਾ ਖ਼ਿਆਲ ਹੈ ਉਹ ਚਾਹੁੰਦੀਆਂ ਸਨ ਤੁਸੀਂ ਉਨ੍ਹਾਂ ਦੀ ਪਾਲ ਨਾਲ ਵਿਆਹ ਕਰਵਾ ਲਵੋ," ਬੇਗਮ ਕੈਥਰੀਨ ਈਵਾਨੋਫ਼ਨਾ ਨੇ ਸਦਾ ਨਖ਼ਲਿਊਦੌਫ਼ ਦੀਆਂ ਫ਼ੁਫ਼ੀਆਂ ਨੂੰ ਘ੍ਰਿਣਾ ਨਾਲ ਵੇਖਿਆ ਸੀ। "ਤਾਂ ਇਹ ਓਹੀ ਹੈ," ਤੇ ਫਿਰ ਫ਼ਰਾਂਸੀਸੀ ਵਿਚ ਪੁੱਛਿਆ, “ਕੀ ਉਹ ਹਾਲੇ ਵੀ ਸੋਹਣੀ ਹੈ ?"

ਕੈਥਰੀਨ ਈਵਾਨਫ਼ਨਾ ਸੱਠ ਸਾਲ ਦੀ, ਤਕੜੀ, ਚੇਤੰਨ, ਸਫ਼ੁਰਤ ਤੇ ਗਲਾਕੜ ਇਸਤਰੀ ਸੀ। ਉਹ ਉੱਚੀ ਲੰਮੀ ਤੇ ਬੜੀ ਮੋਟੀ ਠੁਲ੍ਹੀ ਸੀ ਤੇ ਉਸ ਦੇ ਬੁਲ੍ਹਾਂ ਉੱਤੇ ਸਪਸ਼ਟ

ਕਾਲੇ ਵਾਲ ਸਨ। ਨਖਲਿਊਦੋਫ ਨੂੰ ਬੜੀ ਚੰਗੀ ਲਗਦੀ ਸੀ ਤੇ ਉਹ ਬਚਪਨ ਵਿਚ ਵੀ ਉਸਦੀ ਫੁਰਤੀ ਤੇ ਉਲਾਸ ਤੋਂ ਪ੍ਰਭਾਵਿਤ ਸੀ।

"ਨਹੀਂ, ਮਾਸੀ ਜੀ, ਉਹ ਸਭ ਕੁਝ ਹੁਣ ਖ਼ਤਮ ਹੋ ਚੁੱਕਾ ਹੈ। ਮੈਂ ਕੇਵਲ ਉਸਦੀ ਮਦਦ ਕਰਨਾ ਚਾਹੁੰਦਾ ਹਾਂ ਕਿਉਂਕਿ ਉਹ ਬੇਗੁਨਾਹ ਪਕੜੀ ਹੋਈ ਹੈ। ਮੈਂ ਇਸ ਦਾ ਕਾਰਨ ਹਾਂ ਤੇ ਉਸਦੀ ਇਸ ਸਾਰੀ ਬਦਕਿਸਮਤੀ ਦਾ। ਮੈਂ ਉਸ ਲਈ ਜੋ ਕੁਝ ਕਰ ਸਕਾਂ ਕਰਨਾ ਆਪਣਾ ਫਰਜ਼ ਸਮਝਦਾ ਹਾਂ।"

"ਪਰ, ਮੈਂ ਇਹ ਕੀ ਸੁਣਦੀ ਹਾਂ, ਤੁਹਾਡੇ ਉਸ ਨੂੰ ਵਿਆਹ ਲੈਣ ਦੇ ਸੰਕਲਪ ਬਾਰੇ?'

"ਹਾਂ, ਮੇਰਾ ਇਹ ਇਰਾਦਾ ਸੀ, ਪਰ ਉਹ ਇਹ ਨਹੀਂ ਚਾਹੁੰਦੀ।"

ਕੈਥਰੀਨ ਭਵਾਂ ਚੜ੍ਹਾਕੇ ਤੇਂ ਅੱਖਾਂ ਸੁੱਟਕੇ ਮੂਕ ਅਸਚਰਜਤਾ ਨਾਲ ਆਪਣੇ ਭਾਣਜੇ ਵੱਲ ਵੇਖਣ ਲੱਗੀ। ਇਕ ਦਮ ਉਸਦਾ ਚਿਹਰਾ ਬਦਲ ਗਿਆ ਤੇ ਉਹ ਖੁਸ਼ ਹੋ ਕੇ ਕਹਿਣ ਲੱਗੀ, "ਠੀਕ ਹੈ ਉਹ ਤੁਹਾਡੇ ਨਾਲੋਂ ਸਿਆਣੀ ਹੈ, ਮੈਂ ਸਦਕੇ ਤੁਸੀਂ ਤਾਂ ਕਮਲੇ ਹੋ। ਤੇ ਤੁਸੀਂ ਸੱਚ-ਮੁੱਚ ਉਸ ਨਾਲ ਵਿਆਹ ਕਰਵਾ ਲੈਂਦੇ ?"

"ਜ਼ਰੂਰ।"

"ਹੋਰ ਵੀ ਵਧੇਰੇ, ਕਿਉਂਕਿ ਮੈਂ ਹੀ ਇਸਦਾ ਕਾਰਨ ਸਾਂ।"

"ਚੰਗਾ, ਤੁਸੀਂ ਬਹੁਤ ਸਿਧਰੇ ਹੋ," ਉਸ ਨੇ ਆਪਣੀ ਮੁਸਕਾਣ ਰੋਕ ਕੇ ਆਖਿਆ......"ਲੋਹੜੇ ਦੇ ਸਿਧਰੇ, ਪਰ ਮੈਨੂੰ ਤੁਸੀਂ ਏਸੇ ਲਈ ਪਿਆਰੇ ਲਗਦੇ ਹੋ ਕਿ ਤੁਸੀਂ ਡਾਢੇ ਸਿਧਰੇ ਹੋ।" ਉਸ ਨੇ ਇਸ ਸਬਕ ਨੂੰ ਦੁਹਰਾਇਆ ਜਿਵੇਂ ਇਹ ਉਸ ਨੂੰ ਚੰਗਾ ਲਗਦਾ ਸੀ। ਇਹ ਉਸ ਨੂੰ ਆਪਣੇ ਭਾਣਜੇ ਦੀ ਨੈਤਿਕ ਵਿਰਤੀ ਦਾ ਠੀਕ ਠੀਕ ਅਨੁਮਾਨ ਪ੍ਰਤੀਤ ਹੁੰਦਾ ਸੀ। "ਤੁਹਾਨੂੰ ਪਤਾ ਹੈ....... ਇਹ ਇਕ ਸੋਹਣੀ ਸੰਜੋਗ ਦੀ ਗੱਲ ਹੈ; ਆਲੀਨ ਦਾ ਇਕ ਅਨੋਖਾ ਆਸ਼ਰਮ ਹੈ...ਮਾਦਲਿਨ ਘਰ। ਮੈਂ ਉੱਥੇ ਇਕ ਵਾਰੀ ਗਈ ਸਾਂ। ਉਹ ਲੋਕ ਡਾਢੇ ਘ੍ਰਿਣਾ ਮਈ ਹਨ। ਮੈਂ ਉਸ ਤੋਂ ਪਿੱਛੋਂ ਮੁੜ ਮੁੜ ਨ੍ਹਾਤੀ। ਪਰ ਆਲੀਨ ਇਸ ਵਿਚ ਮਨੋਂ ਤਨੋਂ ਆਸਤਕ ਹੈ। ਸੋ ਅਸੀਂ ਉਸ ਨੂੰ ਮੇਰਾ ਭਾਵ, ਤੁਹਾਡੀ... ਨੂੰ ਉੱਥੇ ਭੇਜ ਦਿਆਂਗੇ।"

"ਪਰ ਉਸ ਨੂੰ ਤਾਂ ਸਾਇਬੇਰੀਆ ਭੇਜਣ ਦਾ ਹੁਕਮ ਹੋ ਚੁੱਕਾ ਹੈ, ਮੈਂ ਅਪੀਲ ਕਰਨ ਦੇ ਮਨੋਰਥ ਨਾਲ ਇੱਥੇ ਆਇਆ ਹਾਂ ਤੇ ਮੇਰੀ ਇਕ ਬੇਨਤੀ ਤੁਹਾਨੂੰ ਇਸ ਬਾਰੇ ਹੈ।"

"ਮੈਂ ਮਰ ਗਈ, ਤੇ ਇਸ ਦੀ ਅਪੀਲ ਕਿੱਥੇ ਹੋਣੀ ਹੈ ?"

"ਸੈਨਿਟ ਅੱਗੇ।"

"ਅੱਛਾ, ਸੈਨਿਟ। ਹਾਂ, ਮੇਰਾ ਵੀਰ, ਚਾਚੇ ਦਾ ਪੁੱਤਰ ਲੀਓ ਸੈਨਿਟ ਵਿਚ ਹੈ। ਪਰ ਉਹ ਕੁਲ...ਛਾਪ ਵਿਭਾਗ ਵਿਚ ਹੈ ਤੇ ਮੈਂ ਕਿਸੇ ਸਦੱਸ ਨੂੰ ਨਹੀਂ ਜਾਣਦੀ। ਉਹ ਸਾਰੇ ਜਰਮਨ ਜੇਹੇ ਹਨ : ਗੇ, ਫੇ ਦੇ..... ਸਾਰੀ ਪੈਂਤੀ ਅੱਖਰੀ...... ਜਾਂ ਫੇਰ ਸਭ ਪ੍ਰਕਾਰ ਦੇ ਇਵਾਨੋਫ਼, ਸਿਮੋਨੋਫ਼, ਨਿਕਿਤੀਨ, ਜਾਂ ਫਿਰ ਈਵਾਨੈਂਕੋ ਸਿਮੋਨੈਂਕ, ਨਿਕੀਤੈਂਕ, ਵੰਨ ਸੁਵੰਨੇ, " ਤੇ ਫਿਰ ਉਸ ਨੇ ਫ਼ਰਾਂਸੀਸੀ ਵਿਚ ਆਖਿਆ, "ਕਿਸੇ ਦੂਜੀ ਦੁਨੀਆਂ ਦੇ ਬੰਦੇ।" ਫਿਰ ਉਹ ਕਹਿਣ ਲੱਗੀ, "ਚੰਗਾ, ਫਿਰ ਵੀ, ਮੈਂ ਆਪਣੇ ਪਤੀ ਨਾਲ ਗੱਲ ਕਰਾਂਗੀ। ਉਹ ਉਨ੍ਹਾਂ ਨੂੰ ਜਾਣਦੇ ਹਨ। ਉਹ ਸਭ ਤਰ੍ਹਾਂ ਦੇ ਲੋਕਾਂ ਨੂੰ ਜਾਣਦੇ ਹਨ। ਮੈਂ ਉਨ੍ਹਾਂ ਨੂੰ ਆਖਾਂਗੀ, ਪਰ ਤੁਹਾਨੂੰ ਸਮਝਾਣਾ ਪਵੇਗਾ... ਉਹ ਮੇਰੀ ਗੱਲ ਕਦੀ ਨਹੀਂ ਸਮਝਦੇ। ਮੈਂ ਕੁਝ ਵੀ ਆਖਾਂ ਉਨ੍ਹਾਂ ਦਾ ਸਦਾ ਏਹੋ ਜਵਾਬ ਹੁੰਦਾ ਕਿ ਉਨ੍ਹਾਂ ਨੂੰ ਸਮਝ ਨਹੀਂ ਲੱਗੀ। ਹੋਰ ਸਭ ਸਮਝ ਲੈਂਦੇ ਹਨ, ਕੇਵਲ ਉਹ ਨਹੀਂ ਸਮਝਦੇ, " (ਤੇ ਫਿਰ ਉਸ ਨੇ ਫਰਾਂਸੀਸੀ ਵਿਚ ਆਖਿਆ, "ਇਹ ਪੱਕੀ ਗੱਲ ਹੈ।"

ਇਸ ਵੇਲੇ ਇਕ ਪਿਆਦਾ ਗੋਡਿਆਂ ਤਕ ਵਾਲੀ ਬਿਰਜਸ ਵਾਲਾ, ਚਾਂਦੀ ਦੀ ਥਾਲੀ ਵਿਚ ਇਕ ਚਿੱਠੀ ਲੈ ਕੇ ਅੰਦਰ ਆਇਆ।

"ਲਓ ਹੁਣੇ ਹੀ। ਆਲੀਨ ਪਾਸੋਂ ਹੀ। ਤੁਹਾਨੂੰ ਕੀਇਸਵੈਤਰ ਨੂੰ ਸੁਣਨ ਦਾ ਮੌਕਾ ਮਿਲੇਗਾ।"

"ਕੀਇਸਵੈਤਰ ਕੌਣ ਹੈ ?"

"ਕੀਇਸਵੈਤਰ ? ਅੱਜ ਸ਼ਾਮੀ ਆਉਣਾ ਤੇ ਤੁਹਾਨੂੰ ਪਤਾ ਲੱਗ ਜਾਵੇਗਾ ਉਹ ਕੌਣ ਹੈ। ਉਹ ਇਸ ਢੰਗ ਨਾਲ ਭਾਸ਼ਣ ਕਰਦਾ ਹੈ ਕਿ ਪੱਥਰ-ਚਿੱਤ ਤੋਂ ਪੱਥਰ-ਚਿੱਤ ਅਪਰਾਧੀ ਗੋਡੇ ਟੇਕ ਕੇ ਰੋਂਦੇ ਤੇ ਪਸ਼ਚਾਤਾਪ ਕਰਦੇ ਹਨ।"

ਕੈਥਰੀਨ ਇਵਾਨੋਫ਼ਨਾ, ਭਾਵੇਂ ਇਹ ਕਿੰਨੀ ਵੀ ਅਨੋਖੀ ਗੱਲ ਹੈ ਤੇ ਉਸਦੇ ਸੁਭਾਵ ਦੇ ਨਾਲ ਕਿਤਨੀ ਵੀ ਅਮੇਲਵੀਂ, ਉਸ ਮੱਤ ਦੀ ਪੱਕੀ ਸ਼ਰਧਾਲੂ ਸੀ ਜਿਸ ਅਨੁਸਾਰ

ਈਸਾਈ ਮੱਤ ਦਾ ਤੱਤ ਮੁਕਤੀ ਵਿਚ ਵਿਸ਼ਵਾਸ ਰੱਖਣਾ ਹੈ। ਜਿੱਥੇ ਉਸ ਸਮੇਂ ਇਸ ਵਧੇਰੇ ਪ੍ਰਚਲਿਤ ਮੱਤ ਆਪਣੇ ਘਰ ਵਿਚ ਵੀ ਬੁਲਾਂਦੀ ਸੀ। ਉਹ ਉਨ੍ਹਾਂ ਇੱਕਤਰਤਾਵਾਂ ਵਿਚ ਜਾਂਦੀ ਜਿੱਥੇ ਉਸ ਸਮੇਂ ਇਸ ਵਧੇਰੇ ਪ੍ਰਚਲਿਤ ਮੱਤ ਦਾ ਪ੍ਰਚਾਰ ਹੁੰਦਾ ਹੈ ਤੇ ਇਸ ਦੇ ਭਗਤਾਂ ਨੂੰ ਆਪਣੇ ਘਰ ਵਿਚ ਵੀ ਬੁਲਾਂਦੀ ਸੀ। ਭਾਵੇਂ ਇਸ ਮੱਤ ਦੀ ਸਿਖਿਆ ਵਿਚ ਸਭ ਰੀਤੀ ਕਰਮ ਮੂਰਤੀਆਂ ਤੇ ਸੰਸਕਾਰ ਵਿਵਰਜਿਤ ਸਨ, ਕੈਥਰੀਨ ਇਵਾਨੋਫ਼ਨਾ ਦੇ ਘਰ ਦੇ ਹਰ ਇਕ ਕਮਰੇ ਵਿਚ ਮੂਰਤੀਆਂ ਸਨ ਅਤੇ ਇਕ ਉਸ ਦੇ ਪਲੰਘ ਤੋਂ ਉਪਰ ਕੰਧ ਉੱਤੇ ਵੀ ਸੀ ਤੇ ਉਹ ਸਭ ਕਰਮ ਕਾਂਡ ਕਰਦੀ ਸੀ ਜੋ ਚਰਚ ਵੱਲੋਂ ਆਦੇਸ਼ਿਤ ਸਨ। ਉਸ ਨੂੰ ਇਸ ਵਿਚ ਕੋਈ ਅੰਤਰ ਵਿਰੋਧ ਨਹੀਂ ਪ੍ਰਤੀਤ ਹੁੰਦਾ ਸੀ।

"ਲਓ, ਹੁਣ, ਜੇ ਤੁਹਾਡੀ ਮਾਦਲਿਨ ਉਸ ਨੂੰ ਸੁਣ ਲਵੇ ਤਾਂ ਉਸ ਦਾ ਮਨ ਵੀ ਬਦਲ ਜਾਵੇ," ਬੇਗਮ ਕਹਿਣ ਲੱਗੀ 'ਅੱਜ ਰਾਤੀਂ ਘਰ ਰਹਿਣਾ, ਤੁਸੀਂ ਉਸਨੂੰ ਸੁਣੋਗੇ। ਉਹ ਇਕ ਅਦਭੁਤ ਪੁਰਸ਼ ਹੈ।"

"ਮੈਨੂੰ ਇਸ ਵਿਚ ਕੋਈ ਦਿਲਚਸਪੀ ਨਹੀਂ, ਮਾਸੀ ਜੀ।'

"ਪਰ ਮੈਂ ਤੁਹਾਨੂੰ ਦੱਸਦੀ ਹਾਂ ਇਹ ਬੜੀ ਸੁਆਦਲੀ ਗੱਲ ਹੈ ਤੇ ਤੁਸੀਂ ਘਰ ਜ਼ਰੂਰ ਆ ਜਾਣਾ। ਹੁਣ ਤੁਸੀਂ ਜਾ ਸਕਦੇ ਹੋ। ਹੋਰ ਤੁਸੀਂ ਮੇਰੇ ਕੋਲੋਂ ਕੀ ਚਾਹੁੰਦੇ ਹੋ ?" ਤੇ ਉਸ ਨੇ ਫ਼ਰਾਂਸੀਸੀ ਵਿਚ ਆਖਿਆ, "ਖੋਲ੍ਹ ਦਿਓ ਆਪਣੀ ਗੱਠੜੀ।"

"ਅਗਲਾ ਕੰਮ ਕਿਲ੍ਹੇ ਵਿਚ ਹੈ।"

"ਕਿਲ੍ਹੇ ਵਿਚ ? ਉਸ ਲਈ ਮੈਂ ਤੁਹਾਨੂੰ ਬੈਰਨ ਕਰੀਏਗਸਮੁਥ ਵੱਲ ਇਕ ਚਿੱਠੀ ਦਿਆਂਗੀ। ਉਹ ਇਕ ਬਹੁਤ ਵਧੀਆ ਆਦਮੀ ਹੈ। (ਇਕ ਵਾਕ ਉਸਨੇ ਫ਼ਰਾਂਸੀਸੀ ਵਿਚ ਕਿਹਾ) ਉਹੋ, ਪਰ ਉਸ ਨੂੰ ਤੁਸੀਂ ਜਾਣਦੇ ਹੋ, ਉਹ ਤੁਹਾਡੇ ਪਿਤਾ ਦਾ ਇਕ ਸੰਗੀ ਸੀ (ਤੇ ਫਿਰ ਫ਼ਰਾਂਸੀਸੀ ਵਿਚ) ਉਹ ਅਧਿਆਤਮਵਾਦ ਵਿਚ ਸ਼ਰਧਾ ਰੱਖਦਾ ਹੈ। ਪਰ ਕੋਈ ਗੱਲ ਨਹੀਂ, ਉਹ ਇਕ ਚੰਗਾ ਬੰਦਾ ਹੈ। ਤੁਹਾਡਾ ਕੀ ਕੰਮ ਹੈ ?"

"ਮੈਂ ਇਕ ਮਾਤਾ ਲਈ ਆਪਣੇ ਪੁੱਤਰ ਨੂੰ ਮਿਲਣ ਦੀ ਆਗਿਆ ਚਾਹੁੰਦਾ ਹਾਂ, ਜੋ ਉੱਥੇ ਕੈਦ ਹੈ। ਪਰ ਮੈਨੂੰ ਦੱਸਿਆ ਗਿਆ ਸੀ ਕਿ ਇਹ ਕਰੀਏਗਸਮੁਥ ਦੇ ਵੱਸ ਨਹੀਂ, ਚਰਵਿਆਸਕੀ ਦੇ ਵੱਸ ਵਿਚ ਹੈ।"

"ਮੈਨੂੰ ਐਵੇਂ ਚਰਵਿਆਸਕੀ ਚੰਗਾ ਨਹੀਂ ਲੱਗਦਾ, ਪਰ ਉਹ ਮਾਰੀਅਤ ਦਾ ਪਤੀ ਹੈ। ਅਸੀਂ ਉਸ ਨੂੰ ਕਹਿ ਸਕਦੇ ਹਾਂ। ਉਹ ਮੇਰੇ ਲਈ ਇਹ ਕੰਮ ਕਰ ਦੇਵੇਗੀ। (ਫ਼ਰਾਂਸੀਸੀ ਵਿਚ) ਉਹ ਬੜੀ ਚੰਗੀ ਹੈ।"

"ਮੈਂ ਇਕ ਹੋਰ ਦਰਖ਼ਾਸਤ ਦੇਣੀ ਹੈ, ਇਕ ਇਸਤਰੀ ਲਈ ਜੋ ਉੱਥੇ ਨਾ ਜਾਣੇ ਕਾਹਦੇ ਲਈ ਕੈਦ ਹੈ।"

"ਕੋਈ ਡਰ ਨਹੀਂ, ਉਹ ਚੰਗੀ ਤਰ੍ਹਾਂ ਜਾਣਦੀ ਹੈ। ਉਹ ਸਭ ਚੰਗੀ ਤਰ੍ਹਾਂ ਜਾਣਦੇ ਹੁੰਦੇ ਹਨ ਤੇ ਉਨ੍ਹਾਂ ਨਾਲ ਇਵੇਂ ਹੋਣੀ ਚਾਹੀਦੀ ਹੈ, ਸਿਰ ਮੁੰਨਿਆਂ ਨਾਲ।"

"ਮੈਨੂੰ ਪਤਾ ਨਹੀਂ ਇਹ ਉਨ੍ਹਾਂ ਨਾਲ ਹੋਣੀ ਯੋਗ ਹੈ ਜਾਂ ਨਹੀਂ। ਪਰ ਇਹ ਦੁਖੀ ਹਨ। ਤੁਸੀਂ ਇਕ ਈਸਾਈ ਹੋ ਤੇ ਈਸਾਮੱਤ ਦੀ ਸਿਖਿਆ ਵਿਚ ਵਿਸ਼ਵਾਸ ਰੱਖਦੇ ਹੋ, ਤੇ ਫਿਰ ਵੀ ਇਤਨੇ ਨਿਰਦਈ ਹੋ।"

"ਉਸ ਗੱਲ ਦਾ ਇਸ ਨਾਲ ਕੋਈ ਸਬੰਧ ਨਹੀਂ, ਧਰਮ ਪੁਸਤਕਾਂ, ਧਰਮ ਪੁਸਤਕਾਂ ਰਹਿਣਗੀਆਂ, ਪਰ ਜੋ ਘ੍ਰਿਣਾਮਈ ਹੈ ਘ੍ਰਿਣਾਮਈ ਰਹੇਗਾ। ਇਹ ਉਸ ਤੋਂ ਭੈੜੀ ਗੱਲ ਹੋਵੇਗੀ ਜੋ ਮੈਂ ਨਾਸ਼ਵਾਦੀਆਂ ਨੂੰ ਚੰਗਾ ਸਮਝਣ ਦਾ ਪਖੰਡ ਕਰਾਂ, ਖਾਸ ਕਰਕੇ ਸਿਰ-ਮੁੰਨੀਆਂ ਨਾਸ਼ਵਾਦੀ ਤੀਵੀਆਂ ਲਈ ਇਨ੍ਹਾਂ ਨੂੰ ਮੈਂ ਦੇਖ ਨਹੀਂ ਸਕਦੀ

"ਤੁਸੀਂ ਉਨ੍ਹਾਂ ਨੂੰ ਕਿਉਂ ਦੇਖ ਨਹੀਂ ਸਕਦੇ।"

"ਤੁਸੀਂ ਪੁੱਛਦੇ ਹੋ, ਕਿਉਂ, ਮਾਰਚ ਦੀ ਪਹਿਲੀ ਤੋਂ ਪਿੱਛੋਂ ਵੀ*"

"ਪਹਿਲੀ ਮਾਰਚ ਦੇ ਸਾਕੇ ਵਿਚ ਇਨ੍ਹਾਂ ਸਾਰਿਆਂ ਦਾ ਭਾਗ ਤਾਂ ਨਹੀਂ ਸੀ।"

"ਤਦ ਕੀ ? ਉਨ੍ਹਾਂ ਨੂੰ ਉਸ ਵਿਚ ਜੋ ਉਨ੍ਹਾਂ ਦਾ ਕੰਮ ਨਹੀਂ ਦਖ਼ਲ ਨਹੀਂ ਦੇਣਾ ਚਾਹੀਦਾ। ਇਹ ਤੀਵੀਆਂ ਦਾ ਕੰਮ ਨਹੀਂ।"

"ਤੇ ਅਜੇ ਵੀ ਤੁਸੀਂ ਸਮਝਦੇ ਹੋ ਕਿ ਮਾਰੀਅਤ ਅਜੇਹੇ ਕੰਮਾਂ ਵਿਚ ਭਾਗ ਲੈ ਸਕਦੀ।"

"ਮਾਰੀਅਤ, ਮਾਰੀਅਤ, ਮਾਰੀਅਤ ਹੈ, ਤੇ ਇਹ ਰੱਬ ਜਾਣਦਾ ਹੈ, ਕੀ ਹਨ। ਇਹ ਸਭ ਨੂੰ ਮੱਤ ਦੇਣੀ ਚਾਹੁੰਦੇ ਹਨ।'

"ਮੱਤ ਦੇਣੀ ਨਹੀਂ, ਕੇਵਲ ਲੋਕਾਂ ਦੀ ਮਦਦ ਕਰਨੀ।"

"ਉਨ੍ਹਾਂ ਦੇ ਦੱਸੇ ਤੋਂ ਬਿਨਾਂ ਵੀ ਸਾਨੂੰ ਪਤਾ ਹੈ ਕਿਸ ਦੀ ਮਦਦ ਕਰਨੀ ਚਾਹੀਦੀ ਹੈ ਤੇ ਕਿਸ ਦੀ ਨਹੀਂ।"

---

*ਸਮਰਾਟ ਅਲਸੰਜ ਡਾਰ ਦੂਜੇ ਨੂੰ 1 ਮਾਰਚ, 1881 (ਰਾਣਾ ਢੰਗ) ਕਤਲ ਕਰ ਦਿੱਤਾ ਗਿਆ ਸੀ।

"ਪਰ ਕਿਰਸਾਨਾਂ ਦੀ ਬੁਰੀ ਹਾਲਤ ਹੈ। ਮੈਂ ਹੁਣੇ ਦੇਸ਼ ਵਿਚੋਂ ਆਇਆ ਹਾਂ। ਕੀ ਇਹ ਜ਼ਰੂਰੀ ਹੈ ਕਿ ਕਿਰਸਾਨ ਕੰਮ ਤਾਂ ਕਰਨ ਵਿਤੋਂ ਬਾਹਰਾ ਤੇ ਖਾਣ ਨੂੰ ਉਨ੍ਹਾਂ ਨੂੰ ਲੋੜੀਂਦਾ ਵੀ ਨਾ ਮਿਲੇ। ਜਦੋਂ ਕਿ ਅਸੀਂ ਅਧਿਕਤਮ ਵਿਲਾਸ ਮਾਣਦੇ ਹੋਈਏ ?" ਨਖ਼ਲਿਊਦੌਫ਼ ਨੇ ਆਖਿਆ। ਉਸ ਦੀ ਮਾਸੀ ਦੇ ਚੰਗੇ ਸੁਭਾਵ ਨੇ ਉਸ ਤੋਂ ਅਣਜਾਣੇ ਹੀ ਆਪਣੇ ਮਨ ਦੀ ਗੱਲ ਉਸ ਅੱਗੇ ਕਹਾ ਦਿੱਤੀ।

"ਤੁਸੀਂ ਕੀ ਚਾਹੁੰਦੇ ਹੋ, ਫਿਰ ? ਕਿ ਮੈਂ ਕੰਮ ਕਰਾਂ ਤੇ ਕੁਝ ਖਾਵਾਂ ਨਾ ?"

"ਨਹੀਂ", ਮੈਂ ਇਹ ਨਹੀਂ ਚਾਹੁੰਦਾ," ਨਖ਼ਲਿਊਦੌਫ਼ ਨੇ ਅਣਜਾਣੇ ਹੀ ਮੁਸਕਰਾ ਕੇ ਆਖਿਆ। "ਮੈਂ ਕੇਵਲ ਇਹ ਚਾਹੁੰਦਾ ਹਾਂ ਕਿ ਅਸੀਂ ਸਾਰੇ ਕੰਮ ਕਰੀਏ ਤੇ ਸਭ ਨੂੰ ਖਾਣ ਨੂੰ ਮਿਲੇ।"

ਫਿਰ ਭਵਾਂ ਚੁੱਕ ਕੇ ਪਲਕਾਂ ਨੀਵੀਆਂ ਕਰਕੇ ਉਸ ਦੀ ਮਾਸੀ ਨੇ ਉਸ ਵੱਲ ਅਜੀਬ ਢੰਗ ਨਾਲ ਵੇਖਿਆ ਤੇ ਫ਼ਰਾਂਸੀਸੀ ਵਿਚ ਆਖਿਆ, "ਮੇਰੇ ਪਿਆਰੇ ਤੂੰ ਦੁੱਖ ਪਾਵੇਂਗਾ।"

"ਪਰ ਕਿਉਂ ?"

ਇਸੇ ਪਲ ਸਾਬਕਾ ਮੰਤਰੀ ਤੇ ਬੇਗਮ ਚਰਸਕਾਇਆ ਦਾ ਪਤੀ, ਜਰਨੈਲ, ਉੱਚਾ ਲੰਮਾਂ, ਚੌੜੇ ਮੋਢਿਆਂ ਵਾਲਾ ਇਕ ਪੁਰਸ਼ ਅੰਦਰ ਆਇਆ।

"ਆਹਾ, ਦੁਮਿਤਰੀ ! ਕੀ ਹਾਲ ਹੈ ਤੁਹਾਡਾ ?" ਉਸ ਨੇ ਕਿਹਾ ਤੋਂ ਆਪਣੀ ਤਾਜ਼ੀ ਮੁੰਨੀ ਗਲ੍ਹ ਚੁੰਮਣ ਲਈ ਨਖ਼ਲਿਊਦੌਫ਼ ਵੱਲ ਕੀਤੀ। "ਤੁਸੀਂ ਕਦੋਂ ਆਏ।" ਤੇ ਉਸ ਨੇ ਚੁੱਪ ਕੀਤੇ ਆਪਣੀ ਪਤਨੀ ਦਾ ਮੱਥਾ ਚੁੰਮਿਆ।"

"ਆਹ, ਕੀ ਰੀਸਾਂ, ਇਸ ਦੀਆਂ" ਬੇਗਮ ਨੇ ਆਪਣੇ ਪਤੀ ਵੱਲ ਮੂੰਹ ਕਰਕੇ ਇਹ ਵਾਕ ਫ਼ਰਾਂਸੀਸੀ ਵਿਚ ਆਖਿਆ, "ਇਹ ਚਾਹੁੰਦਾ ਹੈ ਕਿ ਮੈਂ ਜਾ ਕੇ ਕੱਪੜੇ ਧੋਇਆ ਕਰਾਂ ਤੇ ਆਲੂਆਂ ਉੱਤੇ ਗੁਜ਼ਾਰਾ ਕਰਾਂ। ਇਹ ਡਾਢਾ ਕਮਲਾ ਹੈ, ਪਰ ਤਾਂ ਵੀ ਜੋ ਤੁਹਾਨੂੰ ਆਖਦਾ ਹੈ ਕਰੋ। ਇਹ ਲੋਹੜੇ ਦਾ ਸਿਧਰਾ ਹੈ," ਉਸ ਨੇ ਫਿਰ ਆਖਿਆ। "ਤੁਸੀਂ ਸੁਣਿਆ ਹੈ? ਕਾਮਿੰਸਕੀ ਦੀ ਮਾਂ ਦੀ ਇੰਨੀ ਭੈੜੀ ਦਸ਼ਾ ਹੈ ਕਿ ਉਸ ਦੀ ਜਾਨ ਦਾ ਡਰ ਹੈ," ਉਸ ਨੇ ਆਪਣੇ ਪਤੀ ਨੂੰ ਆਖਿਆ। " ਤੁਹਾਨੂੰ ਉਨ੍ਹਾਂ ਦੀ ਸੁਖਸਾਂਦ ਪੁੱਛਣ ਜਾਣਾ ਚਾਹੀਦਾ ਹੈ

"ਹਾਂ, ਇਹ ਬੜਾ ਲੋਹੜਾ ਹੋਇਆ," ਉਸ ਦੇ ਪਤੀ ਨੇ ਆਖਿਆ।

"ਹੁਣ ਚੱਲੋ ਤੇ ਮੇਰੇ ਪਤੀ ਨਾਲ ਗੱਲ ਕਰੋ। ਮੈਂ ਕੁਝ ਜਰੂਰੀ ਚਿੱਠੀਆਂ ਲਿਖਣੀਆਂ ਹਨ।"

ਨਖ਼ਲਿਊਦੌਫ਼ ਬੈਠਕ ਦੇ ਨਾਲ ਦੇ ਕਮਰੇ ਵਿਚ ਹਾਲ਼ੀ ਵੜਿਆ ਨਹੀਂ ਸੀ ਕਿ ਉਸ ਨੇ ਉਸ ਨੂੰ ਵਾਪਸ ਬੁਲਾਇਆ।

"ਫਿਰ ਮੈਂ ਮਾਰੀਅਤ ਨੂੰ ਲਿਖਾਂ ?"

"ਜ਼ਰੂਰ, ਮਾਸੀ ਜੀ।"

"ਮੈਂ ਕੁਝ ਥਾਂ ਖਾਲੀ ਛੱਡ ਦਿਆਂਗੀ ਤੁਹਾਡੇ ਉਸ ਸਿਰਮੁੰਨੀ ਬਾਰੇ ਲਿਖਣ ਲਈ, ਤੇ ਉਹ ਆਪਣੇ ਪਤੀ ਨੂੰ ਹੁਕਮ ਲਗਾ ਦੇਵੇਗੀ ਜੋ ਉਹ ਕਰੇਗਾ। ਮੈਨੂੰ ਭੈੜੀ ਨਾ ਸਮਝਣਾ ਤੁਹਾਡੇ ਪਰਵਰਦੇ ਸਾਰੇ ਇਤਨੇ ਘ੍ਰਿਣਾਮਈ ਹਨ, ਪਰ (ਫਰਾਂਸੀਸੀ ਵਿਚ) ਮੈਂ ਉਨ੍ਹਾਂ ਦਾ ਬੁਰਾ ਨਹੀਂ ਲੋਚਦੀ..... ਪਏ ਹੋਣ। ਚੰਗਾ ਜਾਓ, ਪਰ ਅਜ ਸ਼ਾਮ ਕੀਇਸਵੈਤਰ ਨੂੰ ਸੁਣਨ ਲਈ ਘਰ ਜ਼ਰੂਰ ਰਹਿਣਾ ਤੇ ਅਸੀਂ ਕੁਝ ਅਰਦਾਸਾਂ ਵੀ ਕਰਾਂਗੇ ਤੇ ਜੇ ਕੇਵਲ ਤੁਸੀਂ ਹਠ ਨਾ ਕਰੋ (ਫਰਾਂਸੀਸੀ ਵਿਚ) ਇਹ ਤੁਹਾਨੂੰ ਬਹੁਤ ਲਾਭਵੰਦ ਹੋਵੇਗਾ।..... ਮੈਨੂੰ ਪਤਾ ਹੈ। ਤੁਹਾਡੀ ਮਾਤਾ ਵਿਚਾਰੀ ਤੇ ਤੁਸੀਂ ਸਾਰੇ ਇਨ੍ਹਾਂ ਗੱਲਾਂ ਵਿਚ ਹਮੇਸ਼ਾਂ ਬਹੁਤ ਪੱਛੜੇ ਰਹੇ ਹੋ ਅੱਛਾ, ਹਾਲ ਦੀ ਘੜੀ ਅਲਵਿਦਾ !"

-0-

15

ਕਾਉਂਤ ਈਵਾਨ ਮਖਾਏਲਿਚ ਮੰਤਰੀ ਰਿਹਾ ਸੀ, ਤੇ ਬੜੇ ਦ੍ਰਿੜ ਵਿਸ਼ਵਾਸ ਵਾਲਾ ਪੁਰਸ਼ ਸੀ। ਉਸਦਾ ਇਕ ਦ੍ਰਿੜ੍ਹ ਵਿਸ਼ਵਾਸ ਇਹ ਸੀ ਕਿ ਜਿਵੇਂ ਪੰਛੀ ਲਈ ਕੀੜੇ ਖਾਣਾ, ਪੰਖਾਂ ਤੇ ਲੁਈ ਵਿਚ ਲਿਪਟਿਆ ਹੋਣਾ, ਹਵਾ ਵਿਚ ਉਡਣਾ ਸੁਭਾਵਕ ਗੱਲ ਸੀ। ਉਸ ਲਈ ਸੁਭਾਵਕ ਸੀ ਕਿ ਚੰਗੀਆਂ ਤਨਖਾਹਾਂ ਵਾਲੇ ਰਸੋਈਏ ਦਾ ਬਣਾਇਆ ਚੋਣਵਾਂ ਤੇ ਅਤਿ ਮਹਿੰਗਾ ਖਾਣਾ ਖਾਵੇ, ਅਤਿ ਮਹਿੰਗੇ ਤੇ ਸੁਖਾਵੇਂ ਕੱਪੜੇ ਪਹਿਨੇ, ਵਧੀਆ ਤੇ ਤੇਜ਼ ਤੇਜ਼ ਘੋੜੇ ਚਲਾਵੇ ਅਤੇ ਇਸ ਲਈ ਇਹ ਸਭ ਚੀਜ਼ਾਂ ਉਸ ਨੂੰ ਸਦਾ ਤਿਆਰ ਮਿਲਣ। ਇਸ ਤੋਂ ਛੁੱਟ ਕਾਉਂਤ ਈਵਾਨ ਮਖਾਏਲਿਚ ਸਮਝਦਾ ਸੀ ਕਿ ਸਭ ਢੰਗਾਂ ਨਾਲ ਖ਼ਜ਼ਾਨੇ ਵਿਚੋਂ ਜਿਤਨਾ ਵੀ ਧਨ ਉਹ ਕੱਢ ਸਕੇ ਜਿਤਨੇ ਵੀ ਪਦ ਅਧਿਕਾਰ ਉਹ ਪ੍ਰਾਪਤ ਕਰ ਸਕੇ, ਇਕ ਜਾਂ ਦੂਜੀ ਪ੍ਰਕਾਰ ਦੇ ਹੀਰੇ ਜੜਤ ਜਾਂ ਹੋਰ ਪਦ ਚਿੰਨ੍ਹਾਂ ਸਮੇਤ ਤੇ ਜਿੰਨਾ ਵੀ ਉਹ ਉੱਚ ਪਦਵੀ ਵਾਲੇ ਇਸਤਰੀ ਪੁਰਖਾਂ ਨਾਲ ਵਿਵਹਾਰ ਰੱਖੇ, ਚੰਗਾ ਸੀ।

ਇਨ੍ਹਾਂ ਸਿਧਾਂਤਾਂ ਦੇ ਮੁਕਾਬਲੇ ਵਿਚ ਹੋਰ ਸਭ ਕੁਝ ਨੂੰ ਕਾਊਂਤ ਈਵਾਨ ਮਖਾਏਲਿਚ ਵਿਅਰਥ ਤੇ ਬੇਸੁਆਦੀ ਸਮਝਦਾ ਸੀ। ਹੋਰ ਸਭ ਕੁਝ ਇਵੇਂ ਰਹੇ ਜਾਂ ਇਸ ਤੋਂ ਉਲਟ ਹੋ ਜਾਵੇ। ਕਾਊਂਤ ਈਵਾਨ ਮਖਾਏਲਿਚ ਨੇ ਚਾਲ੍ਹੀ ਸਾਲ ਇਨ੍ਹਾਂ ਅਸੂਲਾਂ ਅਨੁਸਾਰ ਜੀਵਿਆ ਤੇ ਵਰਤਿਆ ਸੀ ਤੇ ਇਸ ਸਮੇਂ ਦੇ ਅੰਤ ਵਿਚ ਉਹ ਰਾਜ ਮੰਤਰੀ ਦੀ ਪਦਵੀ ਨੂੰ ਪ੍ਰਾਪਤ ਹੋਇਆ ਸੀ।

ਇਸ ਪਦਵੀ ਉੱਤੇ ਪਹੁੰਚਾਣ ਵਾਲੇ ਵੱਡੇ ਗੁਣ ਸਨ: ਪਹਿਲਾਂ, ਉਸਦੀਆਂ ਲਿਖਤਾਂ ਤੇ ਨਿਯਮਾਂ ਦੇ ਅਰਥ ਸਮਝਣ ਤੇ ਮੰਦੇ ਚੰਗੇ ਢੰਗ ਨਾਲ ਰਾਜ ਦੇ ਪੱਤਰ ਸਮਝਣ ਜੋਗੀ ਸ਼ੁੱਧ ਤੇ ਜੋੜਾਂ ਅਨੁਸਾਰ ਲਿਖਣ ਦੀ ਕੁਸ਼ਲਤਾ, ਦੂਜੇ ਉਸਦੀ ਰਾਜ ਤੇਜ਼ ਵਾਲੀ ਸ਼ਕਲ ਸੂਰਤ ਜਿਸਦਾ ਸਦਕਾ ਉਹ ਲੋੜ ਅਨੁਸਾਰ ਅਤਿਅੰਤ ਅਭਿਮਾਨੀ ਪਰ ਅਪਹੁੰਚ ਤੇ ਪ੍ਰਤਾਪੀ ਤੇ ਕਦੀ ਸਮੇਂ ਅਨੁਸਾਰ ਉਹ ਨੀਚ ਤੇ ਤੀਬਰ ਭਾਵ ਨਾਲ ਦੀਨ ਵੀ ਦਿਖਾਈ ਦੇ ਸਕਦਾ ਸੀ ਤੇ ਤੀਜਾ ਕਿਸੇ ਨਿੱਜੀ ਜਾਂ ਪ੍ਰਬੰਧਕ ਆਚਾਰ ਨੀਤੀ ਜਾਂ ਸਧਾਰਣ ਕਰਮ ਸਿਧਾਂਤ

ਦਾ ਅਭਾਵ, ਜਿਸ ਕਾਰਨ ਉਸ ਲਈ ਸਮੇਂ ਦੀ ਲੋੜ ਅਨੁਸਾਰ ਕਿਸੇ ਨਾਲ ਸਹਿਮਤ ਜਾਂ ਵਿਮੱਤ ਹੋਣਾ ਸੰਭਵ ਸੀ।

ਅਜੇਹੇ ਵਰਤਾਰੇ ਵਿਚ ਉਸ ਦਾ ਯਤਨ ਕੇਵਲ ਚੰਗੀ ਪ੍ਰਤਿਪਾਲਣਾ ਦਾ ਦਿਖਾਵਾ ਬਣਾਈ ਰਖਣਾ ਤੇ ਬਹੁਤ ਸਪਸ਼ਟ ਭਾਂਤ ਅਢੁੱਕਵਾਂ ਨਾ ਦਿੱਸਣ ਦਾ ਹੁੰਦਾ ਸੀ। ਉਸ ਨੂੰ ਇਸ ਗੱਲ ਦੀ ਪਰਵਾਹ ਨਹੀਂ ਸੀ ਤੇ ਉਨ੍ਹਾਂ ਦੇ ਪਰਿਣਾਮ ਸਾਰੇ ਰੂਸੀ ਰਾਜ ਜਾਂ ਸਾਰੀ ਦੁਨੀਆਂ ਲਈ ਵੀ ਉੱਤਮ ਕਲਿਆਣਮਈ ਜਾਂ ਅਧਮ ਭੈੜੇ ਹੋਣਗੇ।

ਜਦੋਂ ਉਹ ਮੰਤਰੀ ਬਣਿਆ, ਨਾ ਕੇਵਲ ਉਸ ਉਪਰ ਨਿਰਭਰ (ਤੇ ਅਜੇਹੇ ਲੋਕਾਂ ਦੀ ਵੱਡੀ ਗਿਣਤੀ ਸੀ) ਤੇ ਉਸ ਨਾਲ ਸਬੰਧਿਤ ਲੋਕ, ਸਗੋਂ ਕਈ ਦੂਜੇ, ਤੇ ਉਹ ਆਪ ਵੀ, ਦ੍ਰਿੜ ਵਿਸ਼ਵਾਸ ਰੱਖਦੇ ਸਨ ਕਿ ਉਹ ਇਕ ਬੜਾ ਚਤੁਰ ਰਾਜਨੀਤੱਗ ਸੀ। ਪਰ ਜਦੋਂ ਕੁਝ ਸਮਾਂ ਲੰਘ ਗਿਆ ਤੇ ਉਸ ਨੇ ਕੁਝ ਪ੍ਰਾਪਤ ਜਾਂ ਸਿੱਧ ਨਾ ਕੀਤਾ, ਤੇ ਅਸਤਿਤ੍ਵ-ਸੰਘਰਸ਼ ਦੇ ਨਿਯਮ ਅਨੁਸਾਰ ਉਸ ਜੇਹੇ ਹੋਰ, ਤੇਜਮਈ ਤੇ ਨਿਯਮਹੀਨ ਕਰਮਚਾਰੀ, ਜਿਨ੍ਹਾਂ ਨੇ ਲਿਖਤਾਂ ਲਿਖਣਾ ਤੇ ਸਮਝਣਾ ਸਿੱਖਿਆ ਹੋਇਆ ਸੀ, ਉਸ ਦੀ ਥਾਉਂ ਆ ਗਏ, ਤਾਂ ਇਹ ਸਭ ਨੂੰ ਸਪਸ਼ਟ ਹੋ ਗਿਆ ਕਿ ਉਹ ਕੇਵਲ ਚਤੁਰਤਾ ਤੋਂ ਕੋਰਾ ਹੀ ਨਹੀਂ ਸੀ ਸਗੋਂ ਵਾਸਤਵ ਵਿਚ ਇਕ ਹੋਛਾ ਮੰਦ ਸਿਖਿਅਤ, ਆਤਮ ਸੰਤੁਸ਼ਟ ਪੁਰਸ਼ ਸੀ ਜਿਸ ਦੇ ਵਿਚਾਰ ਰੂੜੀਵਾਦੀ ਅਖ਼ਬਾਰਾਂ ਦੇ ਮੁੱਖ ਲੇਖਾਂ ਦੇ ਪੱਧਰ ਤਕ ਹੀ ਮਸਾਂ ਪਹੁੰਚਦੇ ਸਨ। ਇਹ ਪ੍ਰਤੱਖ ਹੋ ਗਿਆ ਕਿ ਉਸ ਵਿਚ ਦੂਜੇ ਹੋਰ ਮੰਦ ਸਿਖਿਅਤ ਤੇ ਆਤਮ ਦ੍ਰਿੜ ਕਰਮਚਾਰੀਆਂ ਨਾਲੋਂ ਜਿਨ੍ਹਾਂ ਨੇ ਉਸ ਨੂੰ ਧਕੇੜ ਕੱਢਿਆ ਸੀ, ਕੁਝ ਵੱਖਰਾ ਨਹੀਂ ਸੀ ਤੇ ਉਸ ਨੂੰ ਆਪ ਵੀ ਇਹ ਦਿੱਸ ਪਿਆ। ਪਰ ਇਸ ਨਾਲ ਉਸ ਦਾ ਇਹ ਵਿਸ਼ਵਾਸ ਨਾ ਹਿੱਲਿਆ ਕਿ ਉਸ ਨੇ ਹਰ ਸਾਲ ਖ਼ਜ਼ਾਨੇ ਵਿਚੋਂ ਚੋਖਾ ਧਨ ਪ੍ਰਾਪਤ ਕਰਨਾ ਸੀ ਤੇ ਆਪਣੇ ਪਹਿਰਾਵੇ ਲਈ ਨਵੇਂ ਪਦ ਸ਼ਿੰਗਾਰ ਲੈਣੇ ਸਨ। ਉਸਦਾ ਇਹ ਨਿਸ਼ਚਾ ਇੰਨਾ ਪੱਕਾ ਸੀ ਕਿ ਕਿਸੇ ਨੂੰ ਹੌਸਲਾ ਨਹੀਂ ਸੀ ਪੈਂਦਾ ਉਸ ਨੂੰ ਇਨ੍ਹਾਂ ਵਸਤਾਂ ਤੋਂ ਨਾਂਹ ਕਰ ਦੇਵੇ ਤੇ ਉਸ ਨੂੰ ਹਰ ਵਰ੍ਹੇ ਕੁਝ ਪੈਨਸ਼ਨ ਦੇ ਰੂਪ ਵਿਚ ਤੇ ਕੁਝ ਇਕ ਸੰਸਕਾਰੀ ਸੰਸਥਾ ਦਾ ਸਦੱਸ ਤੇ ਕਈ ਪ੍ਰਕਾਰ ਦੀਆਂ ਸਮਿਤੀਆਂ ਦੇ ਪਰਿਸ਼ਦਾਂ ਦਾ ਪ੍ਰਧਾਨ ਹੋਣ ਕਰ ਕੇ ਕਈ ਹਜ਼ਾਰ ਰੂਬਲ ਮਿਲਦਾ ਸੀ। ਇਸ ਤੋਂ ਛੁੱਟ ਉਸ ਨੂੰ...... ਜਿਸ ਦਾ ਉਸ ਲਈ ਬਹੁਤ ਮੁੱਲ ਸੀ...ਆਪਣੇ ਮੋਢਿਆਂ ਤੇ ਪਤਲੂਣ ਉਪਰ ਸਭ ਪ੍ਰਕਾਰ ਦੀਆਂ ਨਵੀਆਂ ਸੂਤਲੀਆਂ ਸੀਣ ਦਾ ਤੇ ਆਪਣੇ ਪਹਿਰਾਵੇ ਉੱਤੇ ਫੀਤੇ ਤੇ ਸਿਤਾਰੇ ਲਗਾਣ ਦਾ ਅਧਿਕਾਰ ਪ੍ਰਾਪਤ ਹੁੰਦਾ ਸੀ। ਇਸ ਦਾ ਫਲਰੂਪ ਕਾਉਂਤ ਈਵਾਨ ਮਖਾਇਲਿਚ ਦੇ ਬੜੇ ਉੱਚ ਸਥਾਨਾਂ ਤਕ ਸਬੰਧ ਸਨ।

ਕਾਊਂਤ ਈਵਾਨ ਮਖਾਇਲਿਚ ਨੇ ਨਖ਼ਲਿਊਦੌਫ਼ ਦੀ ਗੱਲ ਉਸੇ ਤਰ੍ਹਾਂ ਸੁਣੀ ਜਿਵੇਂ ਉਹ ਆਪਣੇ ਵਿਭਾਗ ਦੇ ਪੱਕੇ ਸਕੱਤਰ ਦੀਆਂ ਰਿਪੋਰਟਾਂ ਸੁਣਨ ਦਾ ਆਦੀ ਸੀ ਤੇ ਉਸ ਦੀ ਗੱਲ ਸੁਣ ਕੇ ਉਸ ਨੇ ਆਖਿਆ ਕਿ ਉਸ ਨੂੰ ਦੋ ਚਿੱਠੀਆਂ ਦੇਵੇਗਾ ਜਿਨ੍ਹਾਂ ਵਿਚੋਂ ਇਕ ਅਪੀਲ ਵਿਭਾਗ ਦੇ ਸੈਨਿਟਰ ਵੁਲਫ਼ ਵੱਲ ਹੋਵੇਗੀ।

"ਉਸ ਬਾਰੇ ਬਹੁਤ ਕੁਝ ਕਿਹਾ ਸੁਣਿਆ ਜਾਂਦਾ ਹੈ ਪਰ (ਫ਼ਰਾਂਸੀਸੀ ਵਿਚ) ਕੁਝ ਵੀ ਹੋਵੇ ਉਹ ਇਕ ਸਿਰੇ ਦਾ ਸ਼ਰੀਫ਼ ਆਦਮੀ ਹੈ," ਉਸ ਨੇ ਆਖਿਆ। "ਉਹ ਮੇਰਾ ਰਿਣੀ ਹੈ ਤੇ ਜੋ ਕੁਝ ਉਸ ਤੋਂ ਸਰੇਗਾ ਉਹ ਕਰੇਗਾ।"

ਦੂਜੀ ਚਿੱਠੀ ਜੋ ਕਾਊਂਤ ਈਵਾਨ ਮਖਾਇਲਿਚ ਨੇ ਨਖਲਿਊਦੋਫ ਨੂੰ ਦਿੱਤੀ ਬਿਨੈ-ਪੱਤਰਾਂ ਦੀ ਸਮਿਤੀ ਦੇ ਇਕ ਚੰਗੇ ਰਸੂਖ ਵਾਲੇ ਵਿਅਕਤੀ ਦੇ ਨਾਂ ਸੀ। ਨਖ਼ਲਿਊਦੌਫ਼ ਦੀ ਦੱਸੀ ਖਿਉਦੋਸ਼ੀਆਂ ਦਰੂਖੋਫ਼ਾ ਦੀ ਕਹਾਣੀ ਉਸ ਨੂੰ ਬਹੁਤ ਭਾਈ ਸੀ। ਜਦੋਂ ਨਖ਼ਲਿਊਦੌਫ਼ ਨੇ ਦੱਸਿਆ ਕਿ ਉਸ ਦਾ ਇਸ ਬਾਰੇ ਮਹਾਰਾਣੀ ਨੂੰ ਲਿਖਣ ਦਾ ਵਿਚਾਰ ਸੀ ਤਾਂ ਕਾਊਂਤ ਨੇ ਆਖਿਆ ਕਿ ਇਹ ਨਿਸ਼ਚੇ ਹੀ ਇਕ ਬੜੀ ਕਰੁਣਾਮਈ ਕਹਾਣੀ ਸੀ ਤੇ ਜੇ ਮੌਕਾ ਮਿਲੇ ਤਾਂ ਮਹਾਰਾਣੀ ਨੂੰ ਦੱਸੀ ਜਾ ਸਕਦੀ ਸੀ। ਪਰ ਉਹ ਕੋਈ ਇਕਰਾਰ ਨਹੀਂ ਕਰ ਸਕਦਾ ਸੀ। ਇਹ ਬਿਨੈ-ਪੱਤਰ ਯੋਗ ਢੰਗ ਨਾਲ ਦਿੱਤਾ ਜਾਵੇ। ਜੇ ਅਵਸਰ ਹੋਇਆ ਤੇ ਜੇ ਵੀਰਵਾਰ ਨੂੰ ਛੋਟੀ ਸਮਿਤੀ ਸੱਦੀ ਗਈ, ਤਾਂ ਉਸ ਦਾ ਵਿਚਾਰ ਮਹਾਰਾਣੀ ਨੂੰ ਇਹ ਕਹਾਣੀ ਦੱਸਣ ਦਾ ਸੀ। ਜਦੋਂ ਨਖ਼ਲਿਊਦੌਫ਼ ਨੇ ਇਹ ਦੋ ਚਿੱਠੀਆਂ ਤੇ ਇਕ ਚਿੱਠੀ ਆਪਣੀ ਮਾਸੀ ਵੱਲੋਂ ਮਾਰੀਅਤ ਨੂੰ ਲੈ ਲਈਆਂ ਤਾਂ ਉਹ ਝਟ ਵੱਖ-ਵੱਖ ਸਰਨਾਵਿਆਂ ਦੀ ਸੋਧ ਵਿਚ ਰਵਾਨਾ ਹੋਇਆ।

ਪਹਿਲਾਂ ਉਹ ਮਾਰੀਅਤ ਦੇ ਪਹੁੰਚਿਆ। ਮਾਰੀਅਤ ਨੂੰ ਉਹ ਉਸ ਸਮੇਂ ਤੋਂ ਜਾਣਦਾ ਸੀ ਜਦੋਂ ਉਹ ਹਾਲੇ ਵੀਹਾਂ ਤੋਂ ਘੱਟ ਦੀ ਨਵਯੁਵਤੀ ਸੀ, ਇਕ ਉੱਚਕੁਲੀਨ ਪਰਿਵਾਰ ਦੀ ਧੀ, ਜੋ ਧਨਵਾਨ ਨਹੀਂ ਸੀ। ਉਸ ਨੂੰ ਇਹ ਵੀ ਪਤਾ ਸੀ ਕਿ ਉਹ ਇਕ ਅਜੇਹੇ ਪੁਰਖ ਨਾਲ ਵਿਆਹੀ ਗਈ ਸੀ ਜਿਸ ਦੀ ਨਖ਼ਲਿਊਦੌਫ਼ ਨੇ ਬਹੁਤ ਬੁਰਿਆਈ ਸੁਣੀ, ਪਰ ਜੋ ਆਪਣੇ ਵਿਰਤ ਵਿਚ ਚੰਗਾ ਵਧ ਰਿਹਾ ਸੀ ਤੇ ਜਿਵੇਂ ਆਮ ਕਰਕੇ ਹੁੰਦਾ ਹੈ। ਉਸ ਨੂੰ ਇਕ ਅਜੇਹੇ ਆਦਮੀ ਤੋਂ ਜਿਸ ਨੂੰ ਉਹ ਚੰਗਾ ਆਦਮੀ ਨਹੀਂ ਸਮਝਦਾ ਸੀ ਕਿਰਪਾ ਦੀ ਮੰਗ ਕਰਨਾ ਔਖਾ ਪ੍ਰਤੀਤ ਹੋ ਰਿਹਾ ਸੀ। ਅਜੇਹੀਆਂ ਹਾਲਤਾਂ ਵਿਚ ਉਹ ਹਮੇਸ਼ਾ ਆਪਣੇ ਅੰਦਰ ਇਕ ਵਿਰੋਧ ਤੇ ਅਸੰਤੁਸ਼ਟਤਾ ਅਨੁਭਵ ਕਰਦਾ ਸੀ ਤੇ ਸੋਚਦਾ ਸੀ ਕਿ ਉਸ ਪਾਸੋਂ ਕਿਰਪਾ ਦੀ ਮੰਗ ਕੀਤੀ ਜਾਵੇ ਕਿ ਨਾ, ਤੇ ਹਮੇਸ਼ਾ ਮੰਗ ਲੈਣ ਦਾ ਫ਼ੈਸਲਾ ਕਰਦਾ ਸੀ।

ਇਕ ਅਜਿਹੇ ਮੰਡਲ ਵਿਚ, ਜਿਸ ਦਾ ਆਪਣੇ ਆਪ ਨੂੰ ਉਹ ਹੁਣ ਭਾਗ ਨਹੀਂ ਸਮਝਦਾ ਸੀ ਪਰ ਜੋ ਉਸ ਨੂੰ ਹਾਲੀ ਵੀ ਆਪਣੇ ਵਿਚੋਂ ਇਕ ਸਮਝਦੇ ਸਨ, ਉਹ ਆਪਣੀ ਸਥਿਤੀ ਨੂੰ ਝੂਠੀ ਸਮਝਦਾ ਸੀ। ਇਸ ਤੋਂ ਛੁੱਟ ਉਹ ਆਪਣੇ ਆਪ ਨੂੰ ਫਿਰ ਉਸੇ ਪੁਰਾਣੀ ਲੀਹ ਵਿਚ ਚਲਦਾ ਦੇਖਦਾ ਸੀ ਤੇ ਉਹ ਆਪਣੀ ਆਤਮਾ ਦੇ ਵਿਰੁੱਧ ਉਸ ਮੰਡਲ ਵਿਚ ਵਿਆਪਕ ਵਿਚਾਰ ਹੀਣ ਤੇ ਆਚਾਰ ਹੀਣ ਸੁਰਤਾਲ ਦੇ ਅਧੀਨ ਚਲ ਰਿਹਾ ਸੀ। ਇਹ ਉਸ ਨੇ ਆਪਣੀ ਮਾਸੀ ਦੇ ਘਰ ਵੀ ਮਹਿਸੂਸ ਕੀਤਾ ਸੀ ਜਦੋਂ ਉਹ ਅਤਿ ਗੰਭੀਰ ਮਾਮਲਿਆਂ ਬਾਰੇ ਉਸ ਨਾਲ ਗੱਲ ਕਰਦਾ ਹਾਸੇ ਠੱਠੇ ਵਿਚ ਪੈ ਗਿਆ ਸੀ।

ਪੀਟਰਜ਼ਬਰਗ, ਜਿਸ ਤੋਂ ਉਹ ਇਕ ਲੰਮਾਂ ਸਮਾਂ ਬਾਹਰ ਰਿਹਾ ਸੀ, ਉਸ ਉੱਤੇ ਸਧਾਰਣ ਸਰੀਰਕ ਰੂਪ ਵਿਚ ਰਿਸ਼ਟਕਾਰੀ ਤੇ ਨੈਤਿਕ ਰੂਪ ਵਿਚ ਮੰਦਕਾਰੀ ਪ੍ਰਭਾਵ ਪਾ ਰਿਹਾ ਸੀ।

ਹਰ ਇਕ ਚੀਜ਼ ਇੰਨੀ ਸਾਫ਼, ਇੰਨੀ ਸੌਖ ਨਾਲ ਤੇ ਚੰਗੀ ਤਰ੍ਹਾਂ ਜੁੜੀ ਸੱਜੀ ਹੋਈ ਸੀ ਤੇ ਆਚਰਣ ਦੇ ਮਾਮਲਿਆਂ ਵਿਚ ਲੋਕ ਇਤਨੇ ਖੁਲ੍ਹੇ ਸਨ ਕਿ ਜੀਵਨ ਬਹੁਤ ਸੁਖਮਈ ਪ੍ਰਤੀਤ ਹੋ ਰਿਹਾ ਸੀ। ਇਕ ਸੋਹਣਾ ਸਾਫ ਤੇ ਮਿੱਠ ਬੋਲਾ ਬੱਘੀਵਾਨ ਉਸ ਨੂੰ ਸੋਹਣੇ ਸਾਫ਼ ਤੇ ਮਿੱਠ ਬੋਲੇ ਪੁਲਸੀਆਂ ਦੇ ਕੋਲ ਦੀ, ਸੋਹਣੇ ਸਾਫ਼ ਤੇ ਛਿੜਕੇ ਹੋਏ ਬਜ਼ਾਰਾਂ ਵਿਚ ਦੀ, ਸੋਹਣੇ ਸਾਫ ਘਰਾਂ ਕੋਲੋਂ ਲੰਘ ਕੇ ਮਾਰੀਅਤ ਦੇ ਘਰ ਲੈ ਗਿਆ।

ਅੱਗਲੇ ਦਰਵਾਜ਼ੇ ਉਤੇ ਅੰਗਰੇਜ਼ੀ ਘੋੜਿਆਂ ਦਾ ਇਕ ਜੋੜਾ, ਅੰਗਰੇਜ਼ੀ ਸਾਜ਼ ਸਮਾਨ ਨਾਲ ਸੱਜਿਆ ਖੜ੍ਹਾ ਸੀ ਤੇ ਇਕ ਬਾਵਰਦੀ ਅੰਗਰੇਜ਼ ਕੋਚਵਾਨ, ਅੱਧੀਆਂ ਗੱਲ੍ਹਾਂ ਉੱਤੇ ਦਾੜ੍ਹੀ ਵਾਲਾ ਅਗਲੀ ਸੀਟ ਉੱਤੇ ਬੜੀ ਮਟਕ ਨਾਲ ਚਾਬਕ ਪਕੜੀ ਬੈਠਾ ਸੀ।

ਦੁਆਰਪਾਲ ਇਕ ਅਸਚਰਜ ਸਾਫ਼ ਵਰਦੀ ਪਹਿਨੀ ਹਾਲ ਦਾ ਦਰਵਾਜ਼ਾ ਖੋਲ੍ਹਣ ਅਇਆ ਜਿੱਥੇ ਉਸ ਤੋਂ ਵੀ ਸਾਫ਼ ਸੁਨਹਿਰੀ ਸੁਤਲੀਆਂ ਵਾਲੀ ਵਰਦੀ ਪਹਿਨੀ ਤੇ ਸ਼ਾਨਦਾਰ ਵਾਹੀ ਸੰਵਾਰੀ ਦਾੜ੍ਹੀ ਵਾਲਾ ਪਿਆਦਾ ਤੇ ਇਕ ਨਵੀਂ ਨਕੋਰ ਵਰਦੀ ਵਿਚ ਸਾਵਧਾਨ ਅਰਦਲੀ ਖੜ੍ਹੇ ਸਨ।

"ਜਰਨੈਲ ਸਾਹਿਬ, ਹੁਣ ਨਹੀਂ ਮਿਲਣਗੇ, ਤੇ ਨਾ ਹੀ ਰਾਣੀ ਸਾਹਿਬਾਂ। ਉਹ ਹੁਣੇ ਬਾਹਰ ਜਾ ਰਹੇ ਸਨ।"

ਨਖ਼ਲਿਊਦੋਫ਼ ਨੇ ਕੈਥਰੀਨ ਇਵਾਨੋਫ਼ਨਾ ਵਾਲੀ ਚਿੱਠੀ ਕੱਢੀ ਤੇ ਇਕ ਮੇਜ਼ ਕੋਲ ਜਾ ਕੇ ਜਿਸ ਉੱਤੇ ਇਕ ਪ੍ਰਾਹੁਣਿਆਂ ਦੀ ਪੁਸਤਕ ਪਈ ਸੀ ਲਿਖਣ ਲੱਗਾ ਕਿ ਉਸ ਨੂੰ ਖੇਦ

ਸੀ ਕਿ ਉਹ ਕਿਸੇ ਨੂੰ ਮਿਲ ਨਹੀਂ ਸਕਿਆ। ਇਸ ਸਮੇਂ ਪਿਆਦਾ ਪੌੜੀਆਂ ਚੜ ਗਿਆ, ਦੁਆਰਪਾਲ ਨੇ ਬਾਹਰ ਵਾਲੇ ਕੋਚਵਾਨ ਨੂੰ ਅਵਾਜ਼ ਮਾਰੀ ਤੇ ਅਰਦਲੀ ਪਾਸਿਆਂ ਤੇ ਬਾਹਾਂ ਸਿੱਧੀਆਂ ਕਰਕੇ ਸਾਵਧਾਨ ਖੜ੍ਹਾ ਹੋ ਗਿਆ ਤੇ ਇਕ ਹਲਕੀ ਫੁਲਕੀ ਇਸਤਰੀ ਵੱਲ ਵੇਖਣ ਲੱਗਾ ਜੋ ਤੇਜ਼ ਕਦਮਾਂ ਨਾਲ ਜੋ ਉਸ ਦੀ ਸ਼ਾਨ ਦੇ ਅਨੁਕੂਲ ਨਹੀਂ ਸੀ, ਪੌੜੀਆਂ ਉਤਰ ਰਹੀ ਸੀ।

ਮਾਰੀਅਤ ਨੇ ਖੰਭਾਂ ਵਾਲੀ ਇਕ ਵੱਡੀ ਟੱਪੀ, ਕਾਲੀ ਪੁਸ਼ਾਕ, ਕੈਪ ਤੇ ਨਵੇਂ ਕਾਲੇ ਦਸਤਾਨੇ ਪਹਿਨੇ ਹੋਏ ਸਨ। ਉਸ ਦਾ ਚਿਹਰਾ ਜਾਲੀ ਨਾਲ ਢੱਕਿਆ ਹੋਇਆ ਸੀ। ਜਦੋਂ ਉਸ ਨੇ ਨਖ਼ਲਿਊਦੌਫ਼ ਨੂੰ ਦੇਖਿਆ ਤਾਂ ਆਪਣੇ ਅਤਿ ਸੁੰਦਰ ਮੁਖੜੇ ਤੋਂ ਜਾਲੀ ਉਠਾਈ ਤੇ ਚਮਕਦੀਆਂ ਅੱਖਾਂ ਨਾਲ, ਜੋ ਉਸ ਤੋਂ ਕੁਝ ਪੁੱਛ ਰਹੀਆਂ ਸਨ, ਉਸ ਵੱਲ ਤੱਕਿਆ।

"ਆਹਾ, ਕੰਵਰ ਦਮਿਤਰੀ ਇਵਾਨਿਚ ਨਖ਼ਲਿਊਦੌਫ਼" ਉਸ ਨੇ ਆਪਣੀ ਕੋਮਲ, ਸੁਖਾਵੀਂ ਅਵਾਜ਼ ਨਾਲ ਕਿਹਾ, "ਮੈਨੂੰ ਪਤਾ ਹੋਣਾ ਚਾਹੀਦਾ ਸੀ...'

'ਅੱਛਾ ! ਤੁਹਾਨੂੰ ਮੇਰਾ ਨਾਮ ਵੀ ਯਾਦ ਹੈ ?"

"ਮੇਰਾ ਖਿਆਲ ਹੈ, ਕਿਉਂ ਨਹੀਂ ? ਮੈਂ ਤੇ ਮੇਰੀਆਂ ਭੈਣਾਂ ਤਾਂ ਤੁਹਾਡੇ ਉੱਤੇ ਮੋਹਿਤ ਸਾ," ਉਸ ਨੇ ਫਰਾਂਸੀਸੀ ਵਿਚ ਆਖਿਆ। "ਪਰ ਮੈਂ ਮਰ ਗਈ, ਤੁਸੀਂ ਕਿੰਨੇ ਬਦਲ ਗਏ ਹੋ?... ਓਹੋ, ਕਿੰਨੀ ਮਾੜੀ ਗੱਲ ਹੈ ਕਿ ਮੈਂ ਬਾਹਰ ਜਾਣਾ ਹੈ। ਚਲੋ ਫਿਰ ਉਪਰ ਨੂੰ," ਉਸ ਨੇ ਕਿਹਾ ਤੇ ਜੱਕਾਂ ਤੱਕਾਂ ਕਰਦੀ ਖਲੋ ਗਈ। ਫਿਰ ਉਸ ਨੇ ਕੰਧ ਵਾਲੀ ਘੜੀ ਵੱਲ ਵੇਖਿਆ। "ਨਹੀਂ, ਮੈਂ ਕਾਮਿੰਸਕੀਆ ਦੇ ਜਾ ਰਹੀ ਹਾਂ ਮਿਰਤਕ ਲਈ ਸੰਧਿਆ ਦੀ ਅਰਦਾਸ ਵਿਚ ਹਾਜ਼ਰ ਹੋਣ। ਉਸ ਦੀ ਮਾਤਾ ਨੂੰ ਇਹ ਡਾਢੀ ਸੱਟ ਲੱਗੀ ਹੈ।"

"ਕਾਮਿੰਸਕੀ ਕੌਣ ਹਨ ?"

"ਤੁਸੀਂ ਨਹੀਂ ਸੁਣਿਆ ? ਪੁੱਤਰ ਦਵੰਦ ਵਿਚ ਮਾਰਿਆ ਗਿਆ, ਪੋਸਨ ਨਾਲ ਲੜਾਈ ਵਿਚ। ਉਹ ਇੱਕਲਾ ਪੁੱਤਰ ਸੀ। ਲੋਹੜਾ ਹੋਇਆ। ਮਾਂ ਲਈ ਕਿਤਨੀ ਵੱਡੀ ਸੱਟ ਹੈ।"

"ਹਾਂ, ਮੈਂ ਇਸ ਬਾਰੇ ਕੁਝ ਸੁਣਿਆ ਹੈ।"

"ਨਹੀਂ, ਮੈਨੂੰ ਜਾਣਾ ਚਾਹੀਦਾ ਹੈ, ਤੇ ਤੁਸੀਂ ਅੱਜ ਰਾਤੀ' ਜਾਂ ਕਲ੍ਹ ਜ਼ਰੂਰ ਆਉਣਾ," ਇਹ ਆਖਦੀ ਉਹ ਹਲਕੇ ਤਿੱਖੇ ਕਦਮਾਂ ਨਾਲ ਦਰਵਾਜ਼ੇ ਵੱਲ ਚਲੀ ਗਈ।

"ਮੈਂ ਅੱਜ ਰਾਤੀ ਨਹੀਂ ਆ ਸਕਦਾ," ਉਸ ਨੇ ਉਸ ਦੇ ਪਿੱਛੇ ਜਾਂਦੇ ਆਖਿਆ, "ਪਰ ਮੈਂ ਤੁਹਾਨੂੰ ਇਕ ਬੇਨਤੀ ਕਰਨੀ ਹੈ " ਤੇ ਉਸ ਨੇ ਅੱਗਲੇ ਦਰਵਾਜ਼ੇ ਕੋਲ ਨੂੰ ਆ ਰਹੇ ਕੁਮੇਤ ਘੋੜਿਆਂ ਦੀ ਜੋੜੀ ਵੱਲ ਵੇਖਿਆ।

"ਇਹ ਕੀ ਹੈ ?"

"ਇਹ ਮੇਰੀ ਮਾਸੀ ਵੱਲੋਂ ਤੁਹਾਡੇ ਵੱਲ ਚਿੱਠੀ ਹੈ," ਆਖਦੇ ਹੋਏ ਨਖ਼ਲਿਊਦੌਫ਼ ਨੇ ਇਕ ਵੱਡੀ ਮੋਹਰ ਵਾਲਾ ਤੰਗ ਲਿਫ਼ਾਫ਼ਾ ਉਸ ਅੱਗੇ ਕੀਤਾ। "ਇਸ ਵਿਚੋਂ ਤੁਸੀਂ ਸਭ ਕੁਝ ਜਾਣ ਜਾਵੋਗੇ।"

"ਮੈਂ ਜਾਣਦੀ ਹਾਂ ਬੇਗਮ ਕੈਬਰੀਨ ਇਵਾਨੋਫ਼ਨਾ ਸਮਝਦੇ ਹਨ ਕਿ ਮੇਰਾ ਆਪਣੇ ਪਤੀ ਉਪਰ ਉਸ ਦੇ ਮਾਮਲਿਆਂ ਵਿਚ ਕੁਝ ਪ੍ਰਭਾਵ ਹੈ। ਉਹ ਗਲਤ ਸਮਝਦੇ ਹਨ, ਮੈਂ ਕੁਝ ਨਹੀਂ ਕਰ ਸਕਦੀ ਤੇ ਮੈਂ ਦਖ਼ਲ ਦੇਣਾ ਚਾਹੁੰਦੀ ਵੀ ਨਹੀਂ। ਪਰ ਨਿਰਸੰਦੇਹ ਬੇਗਮ ਲਈ ਤੇ ਤੁਹਾਡੇ ਲਈ ਮੈਂ ਆਪਣਾ ਨਿਯਮ ਤੋੜਨ ਲਈ ਤਿਆਰ ਹਾਂ। ਇਹ ਕੀ ਕੰਮ ਹੈ ?" ਉਸ ਨੇ ਆਪਣੇ ਕਾਲੇ ਦਸਤਾਨੇ ਵਾਲੇ ਛੋਟੇ ਹੱਥ ਨਾਲ ਐਵੇਂ ਕਿਸੇ ਜੇਬ ਨੂੰ ਢੂੰਡਦਿਆਂ ਆਖਿਆ।

"ਇਕ ਲੜਕੀ ਕਿਲ੍ਹੇ ਵਿਚ ਕੈਦ ਹੈ, ਉਹ ਬੀਮਾਰ ਹੈ ਤੇ ਬੇਗੁਨਾਹ।"

"ਉਸ ਦਾ ਨਾਮ ਕੀ ਹੈ ?"

"ਸ਼ੁਸਤੋਫ਼ਾ...ਲਿਦੀਆਂ ਸ਼ੁਸਤਫਾ। ਇਹ ਚਿੱਠੀ ਵਿਚ ਹੈ," "ਬਹੁਤ ਅੱਛਾ, ਮੈਂ ਯਤਨ ਕਰਾਂਗੀ ਜੋ ਹੋ ਸਕਿਆ," ਆਖ ਕੇ ਉਹ ਆਪਣੀ ਛੋਟੀ ਨਰਮ ਗੱਦਿਆਂ ਵਾਲੀ ਖੁਲ੍ਹੀ ਗੱਡੀ ਵਿਚ ਹੌਲੀ ਜਿਹੀ ਟੱਪ ਕੇ ਬੈਠ ਗਈ। ਇਸ ਦੇ ਚਮਕੀਲੇ ਰੋਗਨ ਵਾਲੇ ਚਿਕੜ-ਰਾਖੇ ਧੁੱਪ ਵਿਚ ਚਮਕ ਰਹੇ ਸਨ। ਮਾਰੀਅਤ ਨੇ ਆਪਣੀ ਛਤਰੀ ਖੋਲ੍ਹ ਲਈ, ਪਿਆਦਾ ਬੱਕਸੇ ਤੇ ਚੜ੍ਹ ਬੈਠਾ ਤੇ ਉਸ ਨੇ ਕੋਚਵਾਨ ਨੂੰ ਚਲਾਣ ਦਾ ਇਸ਼ਾਰਾ ਕੀਤਾ। ਗੱਡੀ ਚਲ ਪਈ, ਪਰ ਉਸੇ ਪਲ ਮਾਰੀਅਤ ਨੇ ਕੋਚਵਾਨ ਨੂੰ ਆਪਣੀ ਛਤਰੀ ਨਾਲ ਛੋਹਿਆ ਤੇ ਪਤਲੀਆਂ ਲੱਤਾਂ ਵਾਲੀਆਂ ਸੁੰਦਰ ਕੁਮੈਤ ਘੋੜੀਆਂ ਖਲੋ ਗਈਆਂ, ਉਨ੍ਹਾਂ ਦੀਆਂ ਰਾਸਾਂ ਨਾਲ ਕਸੀਆਂ ਸੁੰਦਰ ਗਰਦਨਾਂ ਕਮਾਣਾਂ ਵਾਕਰ ਝੁੱਕ ਗਈਆਂ ਤੇ ਉਹ ਇਕ ਪੈਰ ਤੋਂ ਦੂਜਾ ਪੈਰ ਬਦਲਣ ਲੱਗੀਆਂ।

"ਤੁਸਾਂ ਜ਼ਰੂਰ ਆਉਣਾ, ਪਰ ਕਿਰਪਾ ਕਰਕੇ ਕਿਸੇ ਗਰਜ਼ ਲਈ ਨਹੀਂ," ਤੇ ਉਸ ਨੇ ਨਖ਼ਲਿਊਦੋਂਫ਼ ਵੱਲ ਤੱਕਿਆ, ਇਕ ਮੁਸਕਾਣ ਨਾਲ ਜਿਸ ਦੀ ਸ਼ਕਤੀ ਨੂੰ ਉਹ ਚੰਗੀ ਤਰ੍ਹਾਂ ਜਾਣਦੀ ਸੀ। ਜਿਵੇਂ ਤਮਾਸ਼ਾ ਖ਼ਤਮ ਹੋਣ ਉੱਤੇ ਪਰਦਾ ਸੁੱਟ ਰਹੀ ਹੋਵੇ, ਉਸ ਨੇ ਆਪਣੇ ਮੂੰਹ ਉੱਤੇ ਫਿਰ ਜਾਲੀ ਸੁੱਟ ਲਈ। "ਬਹੁਤ ਅੱਛਾ," ਤੇ ਉਸ ਨੇ ਫਿਰ ਕੋਚਵਾਨ ਨੂੰ ਆਪਣੀ ਛਤਰੀ ਨਾਲ ਸੰਕੇਤ ਕੀਤਾ।

ਨਖ਼ਲਿਊਦੋਂਫ਼ ਨੇ ਆਪਣੀ ਟੋਪੀ ਚੁੱਕੀ, ਤੇ ਅਸੀਲ ਕੁਮੈਤ ਘੋੜੀਆਂ ਹੌਲੀ ਹੌਲੀ ਫਰਾਟੇ ਮਾਰਦੀਆਂ ਤੁਰ ਪਈਆਂ। ਉਨ੍ਹਾਂ ਦੇ ਸੁੰਮ ਪੱਥਰਾਂ ਉਪਰ ਵੱਜ ਰਹੇ ਸਨ ਤੇ ਗੱਡੀ ਆਪਣੇ ਨਵੇਂ ਰਬੜ ਦੇ ਟਾਇਰਾਂ ਉੱਤੇ ਤੇਜ਼ੀ ਨਾਲ ਤੇ ਬਗੈਰ ਖੜਾਕੇ ਦੇ ਰਿੜ੍ਹਨ ਲੱਗੀ, ਕੇਵਲ ਕਦੀ ਕਦੀ ਰਾਹ ਦੇ ਉਚਾਣ ਨਿਵਾਣ ਉਪਰ ਕੋਈ ਹੁੜੱਕਾ ਪੈਂਦਾ ਸੀ।

-0-

16

ਜਦੋਂ ਨਖਲਿਊਦੇਫ ਨੂੰ ਉਹ ਮੁਸਕਾਣ ਯਾਦ ਆਈ ਜੋ ਉਸ ਦੇ ਤੇ ਮਾਰੀਅਤ ਦੇ ਵਿਚਕਾਰ ਚਮਕੀ ਸੀ, ਤਾਂ ਉਸ ਨੇ ਆਪਣਾ ਸਿਰ ਝੂਣਿਆ। "ਤੈਨੂੰ ਹਾਲੀ ਮਸਾਂ ਮੂੰਹ ਮੋੜਨ ਦਾ ਸਮਾਂ ਮਿਲਿਆ ਹੈ ਕਿ ਤੂੰ ਫਿਰ ਉਸੇ ਜੀਵਨ ਵੱਲ ਖਿਚਿਆ ਜਾ ਰਿਹਾ ਹੈਂ," ਉਸਨੇ ਸੋਚਿਆ। ਉਸ ਨੇ ਆਪਣੇ ਮਨ ਵਿਚ ਉਹ ਅਨਜੋੜ ਤੇ ਸ਼ੰਕਾ ਅਨੁਭਵ ਕੀਤੇ ਜੋ ਅਮੂਮਨ ਉਸ ਉੱਤੇ ਭਾਰ ਪਾਂਦੇ ਸਨ ਜਦੋਂ ਉਸ ਨੂੰ ਉਨ੍ਹਾਂ ਲੋਕਾਂ ਪਾਸੋਂ, ਜਿਨ੍ਹਾਂ ਲਈ ਉਸ ਦੇ ਮਨ ਵਿਚ ਆਦਰ ਨਹੀਂ ਸੀ, ਕੋਈ ਕਿਰਪਾ-ਦਾਨ ਮੰਗਣਾ ਪੈਂਦਾ ਸੀ।

ਇਹ ਸੋਚ ਕੇ ਕਿ ਅੱਗੋਂ ਕਿੱਥੇ ਜਾਣਾ ਹੈ, ਤਾਂ ਜੋ ਉਸ ਨੂੰ ਕੋਈ ਫੇਰ ਨਾ ਪਵੇ, ਨਖ਼ਲਿਊਦੌਫ਼ ਸੈਨਿਟ ਵੱਲ ਰਵਾਨਾ ਹੋਇਆ। ਉੱਥੇ ਉਸ ਨੂੰ ਦਫ਼ਤਰ ਵਿਚ ਲੈ ਗਏ, ਜਿੱਥੇ ਇਕ ਸ਼ਾਨਦਾਰ ਕਮਰੇ ਵਿਚ ਉਸ ਨੇ ਬਹੁਤ ਸਾਰੇ ਅਤਿ-ਸ਼ਿਸ਼ਟ ਅਤਿ-ਸਵੱਛ ਕਰਮਚਾਰੀ ਵੇਖੇ। ਕਰਮਚਾਰੀਆਂ ਨੇ ਨਖ਼ਲਿਊਦੌਫ਼ ਨੂੰ ਦੱਸਿਆ ਕਿ ਮਸਲੇਵਾ ਦੀ ਅਰਜ਼ੀ ਮਿਲ ਗਈ ਸੀ ਤੇ ਵਿਚਾਰ ਤੇ ਰਿਪੋਰਟ ਲਈ ਸੈਨਿਟਰ ਵੂਲਫ਼ ਨੂੰ ਭੇਜ ਦਿੱਤੀ ਗਈ ਸੀ। ਇਹ ਸੈਨਿਟਰ ਵਲਫ਼ ਉਹ ਹੀ ਸੀ ਜਿਸ ਲਈ ਆਪਣੇ ਮਾਸੜ ਦੀ ਚਿੱਠੀ ਨਖ਼ਲਿਊਦੌਫ਼ ਪਾਸ ਸੀ।

"ਇਸ ਹਫ਼ਤੇ ਸੈਨਿਟ ਦੀ ਇਕੱਤਰਤਾ ਹੋਵੇਗੀ," ਇਕ ਕਰਮਚਾਰੀ ਨੇ ਨਖ਼ਲਿਊਦੌਫ਼ ਨੂੰ ਦੱਸਿਆ, 'ਪਰ ਮਸਲੋਵਾ ਦਾ ਮਾਮਲਾ ਉਸ ਇਕੱਤਰਤਾ ਵਿਚ ਨਹੀਂ ਆਉਣ ਲੱਗਾ, ਜਿਤਨਾ ਚਿਰ ਕੋਈ ਵਿਸ਼ੇਸ਼ ਉਪਾਇ ਨਾ ਹੋਵੇ। ਉਸ ਹਾਲਤ ਵਿਚ ਇਹ ਬੁੱਧਵਾਰ ਦੇ ਦਿਨ ਵਿਚਾਰ ਗੋਚਰ ਹੋ ਸਕਦਾ ਹੈ।"

"ਜਦੋਂ ਨਖ਼ਲਿਊਦੌਫ਼ ਦਫ਼ਤਰ ਵਿਚ ਉਡੀਕ ਕਰ ਰਿਹਾ ਸੀ ਤੇ ਮਸਲੋਵਾ ਦੀ ਅਰਜ਼ੀ ਲੱਭੀ ਜਾ ਰਹੀ ਸੀ, ਤਾਂ ਸੈਨਿਟ ਦੇ ਦਫ਼ਤਰ ਵਿਚ ਸਾਰੀ ਗੱਲਬਾਤ ਦਵੰਦ ਬਾਰੇ ਹੋ ਰਹੀ ਸੀ, ਤੇ ਉਸ ਨੂੰ ਪੂਰੇ ਵਿਸਥਾਰ ਨਾਲ ਪਤਾ ਲੱਗਾ ਕਿ ਕਿਵੇਂ ਨੌਜਵਾਨ ਕਾਮਿੰਸਕੀ ਮਾਰਿਆ ਗਿਆ ਸੀ। ਇੱਥੇ ਪਹਿਲੀ ਵਾਰੀ ਉਸ ਨੇ ਇਸ ਮਾਮਲੇ ਦੀ ਪੂਰੀ ਕਹਾਣੀ ਨੂੰ ਸੁਣਿਆ ਜੋ ਸਾਰੇ ਪੀਟਰਜ਼ਬਰਗ ਦੀ ਚਰਚਾ ਬਣੀ ਹੋਈ ਸੀ। ਉਹ ਇਸ ਤਰ੍ਹਾਂ ਸੀ, ਕੁਝ

ਅਫ਼ਸਰ ਪੂੰਗੇ ਖਾ ਰਹੇ ਸਨ ਤੇ ਮਾਮੂਲ ਅਨੁਸਾਰ ਬਹੁਤ ਜ਼ਿਆਦਾ ਸਰਾਬ ਪੀ ਚੁੱਕੇ ਸਨ। ਉਨ੍ਹਾਂ ਵਿਚੋਂ ਇਕ ਨੇ ਕਾਮਿੰਸਕੀ ਦੀ ਰਜਮੈਂਟ ਬਾਰੇ ਕੋਈ ਭੈੜੀ ਗੱਲ ਆਖੀ ਤੇ ਕਾਮਿੰਸਕੀ ਨੇ ਉਸ ਨੂੰ ਝੂਠਾ ਆਖਿਆ। ਉਸ ਦੂਸਰੇ ਨੇ ਕਾਮਿੰਸਕੀ ਨੂੰ ਸੋਟੀ ਮਾਰੀ। ਦੂਸਰੇ ਦਿਨ ਉਨ੍ਹਾਂ ਨੇ ਦਵੰਦ ਲੜਿਆ। ਕਾਮਿੰਸਕੀ ਨੂੰ ਪੇਟ ਵਿਚ ਘਾਉ ਲਗਾ ਤੇ ਉਹ ਦੋ ਦਿਨ ਬਾਅਦ ਮਰ ਗਿਆ। ਕ ਤਿਲ ਤੇ ਉਸ ਦੇ ਸਹਾਇਕ ਪਕੜ ਲਏ ਗਏ ਸਨ, ਪਰ ਖਿਆਲ ਸੀ ਕਿ ਭਾਵੇਂ ਉਹ ਗਾਰਦ ਵਿਚ ਡੱਕੇ ਹੋਏ ਸਨ, ਦੋ ਕੁ ਹਫ਼ਤੇ ਤਕ ਉਹ ਛੱਡ ਦਿੱਤੇ ਜਾਣਗੇ।

ਸੈਨਿਟ ਤੋਂ ਨਖ਼ਲਿਊਦੌਫ਼ ਬਿਨੈ ਪੱਤਰਾਂ ਵਾਲੀ ਕਮੇਟੀ ਦੇ ਇਕ ਰਸੂਖ ਵਾਲੇ ਸਦੱਸ, ਬੈਰਨ ਵੋਰੋਬੇਫ ਨੂੰ ਮਿਲਣ ਲਈ ਚਲਾ ਗਿਆ। ਇਹ ਸਮਰਾਟ ਦੀ ਮਾਲਕੀ ਵਾਲੇ ਇਕ ਸਾਨਦਾਰਘਰ ਵਿਚ ਰਹਿੰਦਾ ਸੀ। ਦੁਆਰਪਾਲ ਨੇ ਬੜੇ ਕਠੋਰ ਸੁਰ ਵਿਚ ਨਖ਼ਲਿਊਦੌਫ਼ ਨੂੰ ਦੱਸਿਆ ਕਿ ਬੈਰਨ ਮੁਲਾਕਾਤ ਦੇ ਦਿਨਾਂ ਤੋਂ ਬਿਨਾਂ ਕਿਸੇ ਨੂੰ ਨਹੀਂ ਮਿਲਦਾ ਸੀ ਤੇ ਅੱਜ ਉਹ ਮਹਾਰਾਜ ਅਧਿਰਾਜ ਜਮਰਾਟ ਦੀ ਹਜੂਰੀ ਵਿਚ ਸੀ ਅਤੇ ਅਗਲੇ ਦਿਨ ਉਸ ਨੂੰ ਫਿਰ ਉੱਥੇ ਰਿਪੋਰਟ ਦੇਣ ਜਾਣਾ ਪਵੇਗਾ।

ਨਖ਼ਲਿਊਦੌਫ਼ ਆਪਣੇ ਮਾਸੜ ਦੀ ਚਿੱਠੀ ਦੁਆਰਪਾਲ ਪਾਸ ਦੇ ਕੇ ਸੈਨਿਟਰ ਵੂਲਫ ਨੂੰ ਮਿਲਣ ਚਲਾ ਗਿਆ।

ਜਦੋਂ ਨਖ਼ਲਿਊਦੌਫ਼ ਅੰਦਰ ਵੜਿਆ, ਵੂਲਫ਼ ਨੇ ਹਾਲੀ ਦੁਪਹਿਰ ਦਾ ਖਾਣਾ ਖ਼ਤਮ ਹੀ ਕੀਤਾ ਸੀ ਤੇ ਜਿਵੇਂ ਉਸ ਦਾ ਮਾਮੂਲ ਸੀ, ਉਹ ਕਮਰੇ ਵਿਚ ਇਧਰ ਉਧਰ ਕਦਮ ਭਰ ਕੇ ਤੇ ਸਿਗਰਟ ਪੀ ਕੇ ਆਪਣੇ ਹਾਜ਼ਮੇਂ ਨੂੰ ਠੀਕ ਕਰ ਰਿਹਾ ਸੀ। ਵਲਾਦੀਮੀਰ ਵਾਸੀਲਿਚ ਵੂਲਫ ਨਿਸਚੇ ਹੀ "ਇਕ ਸਿਰੇ ਦਾ ਸ਼ਰੀਫ ਆਦਮੀ ਸੀ," ਤੇ ਆਪਣੇ ਇਸ ਗੁਣ ਨੂੰ ਬੜਾ ਉੱਤਮ ਸਮਝਦਾ ਸੀ ਤੇ ਹੋਰ ਸਭਨਾਂ ਨੂੰ ਇਸ ਉਚਾਈ ਤੋਂ ਵੇਖਦਾ ਸੀ। ਉਹ ਇਸ ਗੁਣ ਨੂੰ ਇੰਨਾ ਉੱਚਾ ਕਿਉਂ ਨਾ ਸਮਝਦਾ ਕੇਵਲ ਜਿਸ ਦਾ ਸਦਕਾ ਉਸ ਨੇ ਇਕ ਪਰਜਲਿਤ ਵਿਰਤ ਬਣਾ ਲਿਆ ਸੀ, ਉਹ ਵਿਰਤ ਜੋ ਉਸ ਦੇ ਮਨ ਦੀ ਇੱਛਾ ਸੀ। ਭਾਵ ਇਹ ਕਿ ਵਿਆਹ ਤੋਂ ਉਸ ਨੂੰ ਇਕ ਵੱਡੀ ਸੰਪਤੀ ਮਿਲੀ ਸੀ ਜਿਸ ਤੋਂ ਉਸ ਨੂੰ 18000 ਰੂਬਲ ਵਾਰਸ਼ਿਕ ਆਮਦਨੀ ਸੀ ਤੇ ਆਪਣੀ ਮਿਹਨਤ ਨਾਲ ਉਸ ਨੇ ਸੈਨਿਟਰ ਦੀ ਪਦਵੀ ਪ੍ਰਾਪਤ ਕੀਤੀ ਸੀ। ਉਹ ਆਪਣੇ ਆਪ ਨੂੰ ਕੇਵਲ "ਇਕ ਸਿਰੇ ਦਾ ਸ਼ਰੀਫ ਆਦਮੀ' ਹੀ ਨਹੀਂ, ਇਕ ਉੱਚਾ ਤੇ ਮਹਾਂਬਲੀ ਵੀ ਸਮਝਦਾ ਸੀ। ਉੱਚਤਾ ਤੋਂ ਭਾਵ ਉਸਦਾ ਸਧਾਰਣ ਵਿਅਕਤੀਆਂ ਕੋਲੋਂ ਲੁਕ ਕੇ ਵੱਢੀ ਨਾ ਲੈਣਾ ਸੀ। ਪਰ ਉਹ ਇਸ ਗੱਲ ਨੂੰ ਬਦ-ਦਿਆਨਤੀ

ਨਹੀਂ ਸਮਝਦਾ ਸੀ, ਕਿ ਸਰਕਾਰ ਤੋਂ ਹਰ ਕਿਸਮ ਦੇ ਭੱਤੇ, ਭਾੜੇ ਤੇ ਸਫ਼ਰ ਖ਼ਰਚ ਬਟਰੇ ਜਾਣ ਤੇ ਇਸ ਦੇ ਬਦਲੇ ਜੋ ਕੁਝ ਸਰਕਾਰ ਚਾਹੇ ਉਹ ਕਰ ਦੇਵੇ। ਸੈਂਕੜੇ ਬੇਗੁਨਾਹ ਲੋਕਾਂ ਨੂੰ ਬਰਬਾਦ ਕਰਨ, ਉਨ੍ਹਾਂ ਨੂੰ ਕੰਦ ਤੇ ਜਲਾਵਤਨੀ ਵਿਚ ਪਾਣ ਨੂੰ ਇਸ ਲਈ ਕਿ ਉਹ ਆਪਣੇ ਲੋਕਾਂ ਨੂੰ ਤੇ ਆਪਣੇ ਪਿਤਰੀ ਧਰਮ ਨੂੰ ਪਿਆਰ ਕਰਦੇ ਸਨ, ਉਹ ਬੇਇਜ਼ਤੀ ਵਾਲੀ ਨਹੀਂ, ਸਗੋਂ ਉੱਚੀ, ਮਰਦਾਂ ਵਾਲੀ, ਤੇ ਦੇਸ਼ ਭਗਤੀ ਦੀ ਗੱਲ ਸਮਝਦਾ ਸੀ।

ਉਲਟਾ ਉਹ ਇਸ ਨੂੰ ਪਰਿਵਾਰਕ ਮਾਮਲਿਆਂ ਵਾਂਗ ਨਜਿੱਠਣ ਦਾ ਇਕ ਬੜਾ ਸਿਆਣਾ ਢੰਗ ਸਮਝਦਾ ਸੀ। ਉਸ ਦਾ ਪਰਿਵਾਰ ਸੀ, ਉਸ ਦੀ ਸਧਾਰਣ ਜੇਹੀ ਪਤਨੀ, ਉਸ ਦੀ ਸਾਲੀ ਜਿਸ ਦੀ ਜਾਇਦਾਦ ਨੂੰ ਵੇਚ ਕੇ ਰਾਸ ਨੂੰ ਉਸ ਨੇ ਆਪਣੇ ਹਿਸਾਬ ਵਿਚ ਜਮ੍ਹਾਂ ਕਰਵਾ ਲਿਆ ਸੀ ਤੇ ਇਕ ਉਸ ਦੀ ਦੀਨ ਡਰੀ ਹੋਈ ਸਾਦੀ ਜੇਹੀ ਧੀ ਸੀ ਜਿਸ ਦਾ ਜੀਵਨ ਬੜਾ ਇਕੱਲ-ਭਰਿਆ ਤੇ ਥਕੇਵੇਂ ਮਾਰਿਆ ਹੋਇਆ ਸੀ। ਥੋੜ੍ਹੇ ਚਿਰ ਤੋਂ ਉਹ ਇਸ ਤੋਂ ਸਾਹ ਕੱਢਣ ਲਈ ਧਰਮ ਸੰਦੇਸ਼ਵਾਦ (Evengeticalism) ਵੱਲ ਰੁਚਿਤ ਹੋ ਗਈ ਸੀ ਤੇ ਆਲੀਨ ਅਤੇ ਬੇਗਮ ਕੈਥਰੀਨ ਈਵਾਨੋਫ਼ਨਾ ਦੇ ਘਰ ਸਭਾਵਾਂ ਵਿਚ ਜਾਂਦੀ ਸੀ। ਵੂਲਫ਼ ਦਾ ਪੁੱਤਰ ਇਕ ਸੁਖਿਆਰਾ ਜੇਹਾ ਬੰਦਾ, ਬੜੀ ਘਟੀਆ ਸੰਗਤ ਵਿਚ ਵਿਚਰਦਾ ਤੇ ਉਧਾਰ ਲੈ ਕੇ ਆਪਣੇ ਪਿਤਾ ਲਈ ਬਦਨਾਮੀ ਖੱਟਦਾ ਸੀ। ਪੰਦਰਾਂ ਸਾਲ ਦੀ ਉਮਰ ਵਿਚ ਉਸ ਨੇ ਦਾੜ੍ਹੀ ਰੱਖ ਲਈ ਸੀ ਤੇ ਸ਼ਰਾਬ ਪੀਣ ਤੇ ਹੋਰ ਵੈਲ ਕਰਨ ਲੱਗ ਗਿਆ ਸੀ। ਇਸੇ ਤਰ੍ਹਾਂ ਕਰਦਾ ਰਹਿਣ ਉਪਰ ਜਦੋਂ ਉਹ ਵੀਹ ਸਾਲ ਦਾ ਹੋਇਆ, ਤਾਂ ਉਸ ਦੇ ਪਿਤਾ ਨੇ ਉਸ ਨੂੰ ਆਪਣੀ ਪੜ੍ਹਾਈ ਸਮਾਪਤ ਨਾ ਕਰਨ ਦੇ ਕਾਰਨ ਘਰੋਂ ਕੱਢ ਦਿੱਤਾ। ਉਸ ਦੇ ਪਿਤਾ ਨੇ ਇਕ ਵਾਰੀ ਉਸਦਾ 230 ਰੂਬਲ ਦਾ ਉਧਾਰ ਚੁਕਾਇਆ ਸੀ, ਫੇਰ 600 ਰੂਬਲ ਦਾ ਇਕ ਹੋਰ ਉਧਾਰ, ਪਰ ਇਸ ਵਾਰੀ ਉਸ ਨੇ ਪੁੱਤਰ ਨੂੰ ਤਾੜਨਾ ਕਰ ਦਿੱਤੀ ਸੀ ਕਿ ਇਹ ਆਖ਼ਰੀ ਵਾਰ ਸੀ, ਜੇ ਉਹ ਨਾ ਸੁਧਰਿਆ ਤਾਂ ਉਸ ਨੂੰ ਘਰੋਂ ਕੱਢ ਦਿੱਤਾ ਜਾਵੇਗਾ ਤੇ ਉਸ ਦਾ ਤੇ ਪਰਿਵਾਰ ਦੇ ਵਿਚਕਾਰ ਵਰਤ ਵਿਹਾਰ ਹਟਾ ਲਿਆ ਜਾਵੇਗਾ। ਪੁੱਤਰ ਨੇ ਸੁਧਰਨਾ ਤਾਂ ਕੀ ਸੀ ਸਗੋਂ 1000 ਰੂਬਲ ਦਾ ਕਰਜ਼ਾ ਚੁੱਕ ਲਿਆ ਤੇ ਖੁਲ੍ਹ ਕੇ ਆਪਣੇ ਪਿਤਾ ਨੂੰ ਕਹਿ ਦਿੱਤਾ ਕਿ ਕੁਝ ਵੀ ਹੋਵੇ ਉਹ ਘਰ ਦੇ ਜੀਵਨ ਤੋਂ ਅਤਿ-ਦੁਖੀ ਸੀ। ਤਦ ਵੂਲਫ ਨੇ ਉਸ ਨੂੰ ਕਹਿ ਦਿੱਤਾ ਕਿ ਉਹ ਜਿੱਥੇ ਮਰਜ਼ੀ ਹੋਵੇ ਚਲਾ ਜਾਵੇ ਹੁਣ ਉਹ ਉਸਦਾ ਪੁੱਤਰ ਨਹੀਂ ਰਿਹਾ ਸੀ। ਉਦੋਂ ਤੋਂ ਵੂਲਫ਼ ਦਾ ਕਹਿਣਾ ਸੀ ਕਿ ਉਸ ਦਾ ਪੁੱਤਰ ਨਹੀਂ ਸੀ। ਘਰ ਵਿਚ ਕੋਈ ਉਸ ਨਾਲ ਉਸ ਦੇ ਪੁੱਤਰ ਬਾਰੇ ਗੱਲ ਨਹੀਂ ਕਰ ਸਕਦਾ ਸੀ, ਤੇ ਵਲਾਦੀਮੀਰ ਵਾਸੀਲਿਚ

ਵੂਲਫ਼ ਦਾ ਦ੍ਰਿੜ ਵਿਸ਼ਵਾਸ ਸੀ ਕਿ ਉਸ ਨੇ ਪਰਿਵਾਰਕ ਜੀਵਨ ਦਾ ਪ੍ਰਬੰਧ ਉਤਮ ਢੰਗ ਨਾਲ ਕੀਤਾ ਹੋਇਆ ਸੀ।

ਜਦੋਂ ਨਖ਼ਲਿਊਦੌਫ਼ ਅੰਦਰ ਵੜਿਆ, ਵਲਫ਼ੋ ਆਪਣੇ ਕਮਰੇ ਵਿਚ ਇਧਰ ਉਧਰ ਚਲਣੋਂ ਹਟ ਗਿਆ ਤੇ ਉਸ ਨੇ ਨਖ਼ਲਿਊਦੌਫ਼ ਦਾ ਇਕ ਮਿੱਤਰ-ਭਾਵੀ ਭਾਵੇਂ ਜ਼ਰਾ ਵਿਅੰਗਮਈ ਮੁਸਕਾਣ ਨਾਲ ਸੁਆਗਤ ਕੀਤਾ। ਇਹ ਉਸ ਦਾ ਇਹ ਦੱਸਣ ਦਾ ਸੁਭਾਵਕ ਢੰਗ ਸੀ ਕਿ ਉਹ ਕਿਤਨਾ ਸ਼ਰੀਫ਼ ਸੀ ਤੇ ਪੁਰਸ਼ਾਂ ਦੀ ਬਹੁ ਸੰਖਿਆ ਨਾਲੋਂ ਕਿਤਨਾ ਚੰਗੇਰਾ। ਉਸ ਨੇ ਇਹ ਚਿੱਠੀ ਜੋ ਨਖ਼ਲਿਊਦੌਫ਼ ਨੇ ਉਸ ਨੂੰ ਦਿੱਤੀ, ਪੜ੍ਹੀ।

"ਕਿਰਪਾ ਕਰਕੇ, ਬੈਠ ਜਾਓ, ਤੇ ਮੈਨੂੰ ਖਿਮਾ ਕਰੋ ਜੇ ਮੈਂ ਤੁਹਾਡੀ ਆਗਿਆ ਨਾਲ ਇਸ ਤਰ੍ਹਾਂ ਚਲਦਾ ਰਹਾਂ," ਉਸ ਨੇ ਆਪਣੀਆਂ ਕੋਟ ਦੀਆਂ ਜੇਬਾਂ ਵਿਚ ਹੱਥ ਪਾ ਕੇ ਕਿਹਾ ਤੇ ਉਹ ਫਿਰ ਹਲਕੇ ਫੁਲਕੇ ਕਦਮਾਂ ਨਾਲ ਆਪਣੇ ਵੱਡੇ ਕਮਰੇ ਵਿਚ ਜੋ ਬਹੁਤ ਸੁਥਰੇ ਢੰਗ ਨਾਲ ਸਜਾਇਆ ਹੋਇਆ ਸੀ, ਚਲਣ ਫਿਰਨ ਲੱਗਾ।

"ਤੁਹਾਨੂੰ ਮਿਲ ਕੇ ਬਹੁਤ ਖ਼ੁਸ਼ੀ ਹੋਈ ਹੈ। ਨਿਰਸੰਦੇਹ ਜੋ ਕੁਝ ਕਾਉਂਤ ਈਵਾਨ ਮਿਖਾਇਲਿਚ ਚਾਹੁਣ ਮੈਨੂੰ ਕਰਨ ਵਿਚ ਬਹੁਤ ਖੁਸ਼ੀ ਹੋਵੇਗੀ," ਉਸ ਨੇ ਆਖਿਆ ਤੇ ਆਪਣੇ ਮੂੰਹ ਵਿਚੋਂ ਸੁਗੰਧੀ ਭਰਿਆ ਨੀਲਾ ਧੂੰਆਂ ਬਾਹਰ ਕੱਢਿਆ ਤੇ ਆਪਣਾ ਸਿਗਾਰ ਇਹਤਿਆਤ ਨਾਲ ਮੂੰਹ ਵਿਚੋਂ ਕੱਢਿਆ ਤਾਂ ਜੋ ਰਾਖ ਨਾ ਗਿਰੇ।

"ਮੈਂ ਆਪ ਨੂੰ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਅਰਜ਼ੀ ਛੇਤੀ ਸੁਣੀ ਜਾਵੇ ਤਾਂ ਜੋ ਜੋ ਕੈਦੀ ਨੂੰ ਸਾਇਬੇਰੀਆ ਜਾਣਾ ਪਵੇ ਤਾਂ ਉਹ ਛੇਤੀ ਚਲੀ ਜਾਵੇ।" ਨਖਲਿਊਦੇਫ਼ ਨੇ ਆਖਿਆ।

"ਹਾਂ, ਹਾਂ, ਨਿਯਨੀ ਤੋਂ ਚਲਣ ਵਾਲੀ ਕਿਸੇ ਪਹਿਲੀ ਗੱਡੀ ਵਿਚ, ਮੈਨੂੰ ਪਤਾ ਹੈ," ਵੂਲਫ ਨੇ ਇਕ ਪ੍ਰਤਿਪਾਲਕ ਮੁਸਕਾਣ ਨਾਲ ਆਖਿਆ। ਉਸ ਨੂੰ ਹਮੇਸ਼ਾ ਪਤਾ ਹੁੰਦਾ ਸੀ ਕਿ ਕੋਈ ਉਸ ਨੂੰ ਕੀ ਦੱਸਣ ਲੱਗਾ ਹੈ। "ਕੈਦੀ ਦਾ ਨਾਂ ਕੀ ਹੈ ?"

"ਮਸਲੌਫ਼ਾ"

ਵੂਲਫ਼ ਮੇਜ ਪਾਸ ਗਿਆ ਤੇ ਇਕ ਕਾਗਜ਼ ਵੇਖਣ ਲੱਗਾ ਜੋ ਹੋਰ ਵਿਵਹਾਰਕ ਪੱਤਰਾਂ ਵਿਚ ਇਕ ਫਾਈਲ ਉਪਰ ਪਿਆ ਸੀ।

ਹਾਂ. ਹਾਂ, ਮਸਲੈਂਫ਼ਾ। ਬਹੁਤ ਅੱਛਾ। ਮੈਂ ਦੂਜਿਆਂ ਨੂੰ ਪੁੱਛਾਂਗਾ, ਅਸੀਂ ਇਹ ਅਰਜ਼ੀ " ਬੁੱਧਵਾਰ ਨੂੰ ਸੁਣ ਲਵਾਂਗੇ।"

"ਤਾ ਮੈਂ ਵਕੀਲ ਨੂੰ ਤਾਰ ਦੇ ਦਿਆਂ ?"

"ਵਕੀਲ, ਉਹ ਕਾਹਦੇ ਲਈ ? ਪਰ ਜੇ ਤੁਸੀਂ ਚਾਹੁੰਦੇ ਹੋ, ਕਿਉਂ ਨਹੀਂ ?"

"ਅਪੀਲ ਲਈ ਕਾਰਣ ਨਾ ਕਾਫ਼ੀ ਹੋ ਸਕਦੇ ਹਨ," ਨਖ਼ਲਿਊਦੌਫ਼ ਨੇ ਕਿਹਾ, "ਪਰ ਮੇਰਾ ਖਿਆਲ ਹੈ ਅਰਜ਼ੀ ਤੋਂ ਪਤਾ ਲੱਗ ਜਾਵੇਗਾ ਕਿ ਸਜ਼ਾ ਇਕ ਗਲਤ ਫਹਿਮੀ ਵਿਚ ਆ ਕੇ ਦਿੱਤੀ ਗਈ ਹੈ।"

"ਹਾਂ, ਹਾਂ, ਇਵੇਂ ਹੋਵੇਗਾ, ਪਰ ਸੈਨਿਟ ਮੁਕੱਦਮੇ ਦਾ ਇਸ ਦੇ ਗੁਣਾਂ ਅਨੁਸਾਰ ਫ਼ੈਸਲਾ ਨਹੀਂ ਕਰ ਸਕਦੀ," ਵੂਲਫ਼ ਨੇ ਕੋਰਾ ਹੋ ਕਿਹਾ ਤੇ ਆਪਣੇ ਸਿਗਾਰ ਦੀ ਰਾਖ ਵੱਲ ਵੇਖਿਆ। "ਸੈਨਿਟ ਕੇਵਲ ਇਹ ਦੇਖਦੀ ਹੈ ਕਿ ਨਿਯਮ ਠੀਕ ਠੀਕ ਲਾਗੂ ਕੀਤੇ ਗਏ ਹਨ ਤੇ ਉਨ੍ਹਾਂ ਦਾ ਠੀਕ ਅਰਥ ਪਨ ਹੋਇਆ ਹੈ।"

"ਪਰ ਮੇਰਾ ਖਿਆਲ ਹੈ, ਇਹ ਇਕ ਅਸਾਧਾਰਣ ਮਾਮਲਾ ਹੈ।"

"ਮੈਨੂੰ ਪਤਾ ਹੈ, ਮੈਨੂੰ ਪਤਾ ਹੈ। ਸਾਰੇ ਮਾਮਲੇ ਅਸਾਧਾਰਣ ਹੁੰਦੇ ਹਨ। ਅਸੀਂ ਜੋ ਯੋਗ ਹੋ ਕਰਾਂਗੇ। ਬੱਸ, ਏਹੋ ਗੱਲ ਹੈ।" ਸਿਗਾਰ ਦੀ ਰਾਖ ਹਾਲੇ ਅਟਕੀ ਹੋਈ ਸੀ ਪਰ ਇਸ ਵਿਚ ਤੇੜ ਪੈ ਗਈ ਸੀ ਤੇ ਇਸ ਦੇ ਡਿੱਗ ਪੈਣ ਦਾ ਖ਼ਤਰਾ ਸੀ।"

"ਤੁਸੀਂ ਪੀਟਰਜ਼ਬਰਗ ਬਹੁਤ ਵਾਰੀ ਆਉਂਦੇ ਹੋਵੇਗੇ," ਵੂਲਫ਼ ਨੇ ਸਿਗਾਰ ਨੂੰ ਇਸ ਤਰ੍ਹਾਂ ਪਕੜਦੇ ਹੋਏ ਕਿ ਰਾਖ ਨਾ ਡਿੱਗੇ, ਆਖਿਆ। ਪਰ ਰਾਖ ਹਿੱਲਣ ਲੱਗ ਪਈ ਤੇ ਵਲਫ ਇਹਤਿਆਤ ਨਾਲ ਇਸ ਨੂੰ ਰਾਖ-ਪਾਤਰ ਕੋਲ ਲੈ ਗਿਆ ਜਿਸ ਵਿਚ ਇਹ ਗਿਰ ਗਈ।

'ਕਿਤਨੇ ਲੋਹੜੇ ਦੀ ਗੱਲ ਹੈ ਕਿ ਕਾਮਿੰਸਕੀ ਦੀ ਮੌਤ," ਉਸ ਨੇ ਆਖਿਆ, "ਕੇਸਾ ਛਬੀਲਾ ਨੌਜਵਾਨ ਸੀ। ਇਕਲੋਤਾ ਪੁੱਤਰ ਖ਼ਾਸ ਕਰਕੇ ਮਾਂ ਦੀ ਹਾਲਤ।" ਉਹ ਕਹਿੰਦਾ ਗਿਆ ਲਫ਼ਜ਼-ਬ-ਲਫ਼ਜ਼ ਉਹੀ ਕੁਝ ਦੁਹਰਾਂਦਾ ਜੋ ਪੀਟਰਜ਼ਬਰਗ ਵਿਚ ਉਸ ਸਮੇਂ ਕਾਮਿੰਸਕੀ ਬਾਰੇ ਕਿਹਾ ਜਾ ਰਿਹਾ ਸੀ। ਵਲਫ਼ ਨੇ ਬੇਗਮ ਕੈਥਰੀਨ ਈਵਾਨੋਫ਼ਨਾ ਨਾਲ ਤੋਂ ਨਵੇਂ ਧਾਰਮਿਕ ਮੱਤ ਬਾਰੇ ਉਸ ਦੇ ਉਤਸ਼ਾਹ ਦੀ ਗੱਲ ਵੀ ਕੀਤੀ। ਉਹ ਇਸ ਨੂੰ ਨਾ ਚੰਗਾ

ਤੇ ਨਾ ਭੇੜਾ ਸਮਝਦਾ ਸੀ। ਸਪਸ਼ਟ ਹੈ ਇਹ ਉਸ ਲਈ ਜੋ ਇੰਨਾ "ਸਿਰੇ ਦਾ ਸ਼ਰੀਫ਼ ਸੀ," ਬੋਲੜਾ ਸੀ, ਤੇ ਫਿਰ ਉਸ ਨੇ ਘੰਟੀ ਦਬਾਈ।

ਨਖ਼ਲਿਊਦੌਫ਼ ਨਮਸਕਾਰ ਕਰ ਕੇ ਉੱਠ ਖੜ੍ਹਾ ਹੋਇਆ।

"ਜੇ ਔਖ ਨਾ ਹੋਵੇ, ਬੁੱਧਵਾਰ ਨੂੰ ਆਓ, ਖਾਣੇ ਉੱਤੇ, ਤੇ ਮੈਂ ਤੁਹਾਨੂੰ ਕੋਈ ਫੈਸਲਾਕੁਨ ਉੱਤਰ ਦੇਵਾਂਗਾ," ਵੂਲਫ਼ ਨੇ ਆਪਣਾ ਹੱਥ ਅੱਗੇ ਵਧਾ ਕੇ ਕਿਹਾ।

ਦੇਰ ਹੋ ਚੁਕੀ ਸੀ ਤੇ ਨਖ਼ਲਿਊਦੌਫ਼ ਆਪਣੀ ਮਾਸੀ ਵੱਲ ਨੂੰ ਮੁੜ ਪਿਆ।

-0-

17

ਬੇਗਮ ਕੈਥਰੀਨ ਇਵਾਨੋਫ਼ਨਾ ਦੇ ਸੰਝ ਦੇ ਭੋਜਨ ਦਾ ਸਮਾਂ ਸਾਢੇ ਸੱਤ ਵੱਜੇ ਸੀ, ਤੇ ਭੋਜਨ ਅਜੇਹੇ ਢੰਗ ਨਾਲ ਪਰੋਸਿਆ ਗਿਆ ਜੋ ਨਖ਼ਲਿਊਦੌਫ਼ ਲਈ ਨਵਾਂ ਸੀ। ਮੇਜ਼ ਉੱਤੇ ਖਾਣਾ ਰੱਖ ਕੇ ਪਿਆਦੇ ਕਮਰੇ ਵਿਚੋਂ ਨਿਕਲ ਗਏ ਤੇ ਖਾਣ ਵਾਲੇ ਆਪਣੇ ਆਪ ਭੋਜਨ ਵਰਤਾਣ ਲੱਗੇ। ਪੁਰਸ਼ ਇਸਤਰੀਆਂ ਨੂੰ ਖੇਚਲ ਨਹੀਂ ਦੇਣਾ ਚਾਹੁੰਦੇ ਸਨ ਤੇ ਜਿਵੇਂ ਤਕੜੀ ਜਾਤੀ ਨੂੰ ਯੋਗ ਸੀ ਉਨ੍ਹਾਂ ਨੇ ਇਸਤਰੀਆਂ ਨੂੰ ਤੇ ਆਪਣੇ ਆਪ ਨੂੰ ਖਾਣ ਪੀਣ ਵਰਤਾਣ ਦਾ ਕੰਮ ਆਪਣੇ ਉਪਰ ਲੈ ਲਿਆ। ਜਦੋਂ ਇਕ ਗੇੜ ਖ਼ਤਮ ਹੋ ਗਿਆ ਤਾਂ ਬੇਗਮ ਨੇ ਬਿਜਲੀ ਦੀ ਘੰਟੀ ਦਾ, ਜੋ ਮੇਜ਼ ਉਪਰ ਲੱਗੀ ਹੋਈ ਸੀ, ਬਟਨ ਦੱਬਿਆ, ਤੇ ਪਿਆਦੇ ਚੁੱਪ ਚੁਪੀਤੇ ਅੰਦਰ ਆ ਗਏ, ਤੇ ਛੇਤੀ ਛੇਤੀ ਬਰਤਣ ਚੁੱਕ ਲੈ ਗਏ ਤੇ ਪਲੇਟਾਂ ਬਦਲ ਕੇ ਦੂਜੇ ਗੇੜ ਦਾ ਖਾਣਾ ਲੈ ਆਏ। ਭੋਜਨ ਬਹੁਤ ਰਧੀਆ ਸੀ ਤੇ ਸ਼ਰਾਬਾਂ ਬੜੀਆਂ ਮਹਿੰਗੀਆਂ। ਇਕ ਫ਼ਰਾਂਸੀਸੀ ਰਸੋਈਆ (Chef) ਵੱਡੀ ਸਾਰੀ ਸਵੱਛ ਰਸੋਈ ਵਿਚ ਦੋ ਚਿੱਟੇ ਪਹਿਰਾਵੇ ਵਾਲੇ ਸਹਾਇਕਾਂ ਨਾਲ ਕੰਮ ਕਰ ਰਿਹਾ ਸੀ। ਮੇਜ਼ ਉਪਰ ਛੇ ਜਣੇ ਸਨ, ਕਾਉਂਤ ਤੇ ਬੇਗਮ ਉਨ੍ਹਾਂ ਦਾ ਪੁੱਤਰ (ਗਾਰਦ ਰਜਮੈਂਟ ਦਾ ਇਕ ਅਖੜ ਅਫ਼ਸਰ ਜੋ ਮੰਚ ਉੱਪਰ ਅਰਕਾਂ ਟੇਕੀ ਬੈਠਾ ਸੀ), ਨਖ਼ਲਿਊਦੌਫ਼ ਇਕ ਫ਼ਰਾਂਸੀਸੀ ਸਾਥੀ ਤੇ ਕਾਊਂਤ ਦਾ ਮੁੱਖੀ ਦਰੋਗਾ ਜੋ ਪਿੰਡ ਤੋਂ ਆਇਆ ਹੋਇਆ ਸੀ। ਇੱਥੇ ਵੀ ਚਰਚਾ "ਦੋ-ਪੁਰਖੀ ਯੁੱਧ" ਬਾਰੇ ਹੀ ਹੋ ਰਹੀ ਸੀ ਤੇ ਇਸ ਸਬੰਧੀ ਸਮਰਾਟ ਦੇ ਵਿਚਾਰ ਬਾਰੇ ਮੱਤ ਪ੍ਰਗਟਾਏ ਜਾ ਰਹੇ ਸਨ। ਇਹ ਸਿੱਧ ਸੀ ਕਿ ਸਮਰਾਟ ਮਾਂ ਬਾਰੇ ਬੜਾ ਸ਼ੌਕਾਤੁਰ ਸੀ... ਤੇ ਉਸ ਬਾਰੇ ਹੀ ਸ਼ੌਕਾਤਰ ਸਨ, ਤੇ ਕਿਉਂਕਿ ਇਹ ਵੀ ਪਤਾ ਸੀ ਕਿ ਸਮਰਾਟ ਕਾਤਿਲ ਨਾਲ ਬਹੁਤ ਸਖ਼ਤੀ ਨਹੀਂ ਕਰਨਾ ਚਾਹੁੰਦਾ ਸੀ ਜੋ ਆਪਣੀ ਵਰਦੀ ਦੀ ਇੱਜ਼ਤ ਖ਼ਾਤਰ ਲੜਨ ਵਾਲੇ ਅਫਸਰ ਵੱਲ ਉਦਾਰ-ਚਿੱਤ ਸਨ। ਕੇਵਲ ਬੇਗਮ ਕੈਥਰੀਨ ਇਵਾਨੋਫ਼ਨਾ ਖੁਲ੍ਹਾ ਬੇਪਰਵਾਹੀ ਨਾਲ ਆਪਣੀ ਅਪ੍ਰਸੰਨਤਾ ਪ੍ਰਗਟ ਕਰ ਰਹੀ ਸੀ।

"ਉਹ ਸ਼ਰਾਬੀ ਹੋ ਜਾਂਦੇ ਹਨ ਤੇ ਨਿਰਦੋਸ਼ ਨੌਜਵਾਨਾਂ ਨੂੰ ਮਾਰ ਦਿੰਦੇ ਹਨ। ਮੈਂ ਤਾਂ ਉਨ੍ਹਾਂ ਨੂੰ ਕਿਸੇ ਹਾਲਤ ਵਿਚ ਵੀ ਮਾਫ਼ ਨਾ ਕਰਾਂ," ਉਸਨੇ ਆਖਿਆ।

"ਅੱਛਾ, ਮੈਨੂੰ ਤਾਂ ਇਸ ਗੱਲ ਦੀ ਸਮਝ ਨਹੀਂ ਆਉਂਦੀ," ਕਾਊਂਤ ਕਹਿਣ ਲੱਗਾ।

"ਮੈਂ ਜਾਣਦੀ ਹਾਂ ਤੁਸੀਂ ਮੇਰਾ ਕਿਹਾ ਕਦੀ ਸਮਝ ਨਹੀਂ ਸਕਦੇ," ਇਹ ਕਹਿਕੇ ਨਖ਼ਲਿਊਦੌਫ਼ ਵੱਲ ਮੁੜਕੇ ਫਿਰ ਬੋਲੀ, "ਹਰ ਕੋਈ ਸਮਝਦਾ ਹੈ, ਸਿਵਾਇ ਮੇਰੇ ਪਤੀ ਦੇ, ਮੈਂ ਕਹਿਨੀਆਂ ਮੈਂ ਮਾਂ ਦੀ ਖ਼ਾਤਰ ਸ਼ੋਕਾਤੁਰ ਹਾਂ ਤੇ ਮੈਂ ਇਹ ਨਹੀਂ ਚਾਹੁੰਦੀ ਕਿ ਕੋਈ ਕਿਸੇ ਨੂੰ ਮਾਰ ਦੇਵੇ ਤੇ ਫੇਰ ਸੰਤੁਸ਼ਟ ਹੋ ਜਾਵੇ।"

ਇਸ ਉਪਰ ਉਸਦਾ ਪੁੱਤਰ, ਜੋ ਹੁਣ ਤਕ ਚੁੱਪ ਰਿਹਾ ਸੀ, ਕਾਤਿਲ ਦੇ ਪੱਖ ਵਿਚ ਹੋ ਕੇ ਗੁਸਤਾਖ਼ੀ ਨਾਲ ਆਪਣੀ ਮਾਂ ਦਾ ਵਿਰੋਧ ਕਰਨ ਲੱਗਾ। ਉਸ ਦਾ ਕਹਿਣਾ ਸੀ ਕਿ ਕੋਈ ਅਫਸਰ ਇਸ ਤੋਂ ਬਿਨਾਂ ਹੋਰ ਕੀ ਕਰ ਸਕਦਾ ਸੀ? ਨਹੀਂ ਤਾਂ ਉਸ ਦੇ ਸਾਥੀ ਅਫ਼ਸਰ ਉਸ ਨੂੰ ਭੰਡ ਕੇ ਰਜਮੈਂਟ ਵਿਚੋਂ ਕੱਢ ਦਿੰਦੇ। ਨਖ਼ਲਿਊਦੌਫ਼ ਸਾਰੀ ਗੱਲਬਾਤ ਬਿਨਾਂ ਦਖਲ ਦਿੱਤੇ ਸੁਣਦਾ ਰਿਹਾ। ਉਹ ਆਪ ਇਕ ਅਫ਼ਸਰ ਰਿਹਾ ਸੀ ਤੇ ਭਾਵੇਂ ਉਸ ਨਾਲ ਸਹਿਮਤ ਨਹੀਂ ਸੀ, ਨੌਜਵਾਨ ਚਾਰਸਕੀ ਦੀ ਦਲੀਲ ਨੂੰ ਸਮਝਦਾ ਸੀ। ਨਾਲ ਹੀ ਉਸ ਅਫ਼ਸਰ ਦੇ ਭਾਗ ਦਾ ਇਕ ਸੋਹਣੇ ਨੌਜਵਾਨ ਕੈਦੀ ਦੇ ਭਾਗ ਨਾਲ ਜਿਸ ਨੂੰ ਉਸ ਨੇ ਕੈਦਖ਼ਾਨੇ ਵਿਚ ਵੇਖਿਆ ਸੀ, ਟਾਕਰਾ ਕਰ ਰਿਹਾ ਸੀ। ਉਸ ਨੌਜਵਾਨ ਨੂੰ ਇਕ ਲੜਾਈ ਵਿਚ ਇਕ ਪੁਰਸ਼ ਨੂੰ ਮਾਰ ਦੇਣ ਕਰ ਕੇ ਖਾਣਾਂ ਵਿਚ ਮੁਸ਼ੱਕਤ ਕਰਨ ਲਈ ਭੇਜ ਦਿੱਤਾ ਗਿਆ ਸੀ। ਇੰਞ ਕਿਰਸਾਨ, ਕ੍ਰੋਧ ਵੱਸ ਹੋ ਕੇ, ਇਕ ਆਦਮੀ ਨੂੰ ਮਾਰ ਦਿੰਦਾ ਹੈ, ਉਸ ਨੂੰ ਆਪਣੀ ਪਤਨੀ ਅਤੇ ਪਰਿਵਾਰ ਨਾਲੋਂ ਵੱਖ ਕਰਕੇ, ਪੈਰਾਂ ਵਿਚ ਬੇੜੀਆਂ ਪਾ ਕੇ, ਤੇ ਸਿਰ ਮੁੰਨ ਕੇ ਸਾਇਬੇਰੀਆ ਵਿਚ ਮੁਸ਼ੱਕਤ ਉੱਤੇ ਭੇਜ ਦਿੱਤਾ ਜਾਂਦਾ ਹੈ। ਤੇ ਅਫ਼ਸਰ ਗਾਰਦ ਘਰ ਵਿਚ ਇਕ ਸੋਹਣੇ ਕਮਰੇ ਵਿਚ ਬੈਠਾ ਵਧੀਆ ਸਰਾਬ ਪੀ ਰਿਹਾ ਹੈ। ਕਿਤਾਬਾਂ ਪੜ੍ਹ ਰਿਹਾ ਹੈ ਤੇ ਇਕ ਦੋ ਦਿਨ ਵਿਚ ਛੱਡ ਦਿੱਤਾ ਜਾਵੇਗਾ ਤੇ ਪਹਿਲਾਂ ਵਾਕਰ ਹੀ ਰਹੇਗਾ, ਸਗੋਂ ਇਸ ਝਗੜੇ ਦੇ ਕਾਰਣ ਵਧੇਰੇ ਰੋਚਕ ਬਣ ਜਾਵੇਗਾ।

ਨਖ਼ਲਿਊਦੌਫ਼ ਨੇ ਜੋ ਕੁਝ ਉਹ ਸੋਚ ਰਿਹਾ ਸੀ, ਕਹਿ ਦਿੱਤਾ। ਪਹਿਲਾਂ ਤਾਂ ਉਸ ਦੀ ਮਾਸੀ ਕੈਥਰੀਨ ਇਵਾਨੋਫ਼ਨਾ ਉਸ ਨਾਲ ਸਹਿਮਤ ਜਾਪਦੀ ਸੀ ਪਰ ਫਿਰ ਉਹ

ਦੂਸਰਿਆਂ ਵਾਕਰ ਹੀ ਚੁੱਪ ਹੋ ਗਈ, ਤੇ ਨਖ਼ਲਿਊਦੌਫ਼ ਨੇ ਮਹਿਸੂਸ ਕੀਤਾ ਜਿਵੇਂ ਉਸ ਨੇ ਕੋਈ ਅਯੋਗ ਗੱਲ ਕਰ ਦਿੱਤੀ ਹੋਵੇ।

ਸ਼ਾਮ ਨੂੰ, ਭੋਜਨ ਤੋਂ ਪਿੱਛੋਂ, ਵੱਡਾ ਨਾਚ-ਮੰਡਲ ਜਿਸ ਵਿਚ ਉੱਚੀਆਂ ਇਕ ਪਿੱਠਾਂ ਵਾਲੀਆਂ ਉਕਰੀਆਂ ਹੋਈਆਂ ਕੁਰਸੀਆਂ ਕਤਾਰਾਂ ਵਿਚ ਲਗਾਈਆਂ ਹੋਈਆਂ ਸਨ ਜਿਵੇਂ ਕਿਸੇ ਇਕੱਤਰਤਾ ਲਈ ਹੋਵੇ, ਤੇ ਇਕ ਛੋਟੇ ਮੇਜ਼ ਦੇ ਕੋਲ ਜਿਸ ਉਪਰ ਬੋਲਣ ਵਾਲੇ ਲਈ ਪਾਣੀ ਦੀ ਬੋਤਲ ਰਖੀ ਹੋਈ ਸੀ, ਇਕ ਬਾਹਾਂ ਵਾਲੀ ਕੁਰਸੀ ਪਈ ਸੀ...ਲੋਕਾਂ ਨਾਲ ਭਰਨ ਲੱਗਾ ਜੋ ਬਾਹਰੋਂ ਆਏ ਕੋਇਸਵੈਤਰ ਦਾ ਭਾਸ਼ਨ ਸੁਣਨ ਲਈ ਆਏ ਹੋਏ ਸਨ।

ਸ਼ਾਨਦਾਰ ਬੱਘੀਆਂ ਬਾਹਰਲੇ ਦਰਵਾਜ਼ੇ ਉਪਰ ਖੜੀਆਂ ਸਨ। ਮਹਿੰਗੇ ਸਜਾਏ ਹੋਏ ਕਮਰੇ ਵਿਚ ਰੇਸ਼ਮ, ਮਖ਼ਮਲ ਤੇ ਕੁੰਜ ਪਹਿਨੀ ਇਸਤਰੀਆਂ ਬੈਠੀਆਂ ਸਨ ਜਿਨ੍ਹਾਂ ਨੇ ਨਕਲੀ ਵਾਲ ਲਗਾਏ ਹੋਏ ਸਨ ਤੇ ਕੁੰਜਦਾਰ ਅੰਗੀਆਂ ਪਹਿਨੀਆਂ ਹੋਈਆਂ ਸਨ। ਉਨ੍ਹਾਂ ਨਾਲ ਆਏ ਪੁਰਸ਼ਾਂ ਨੇ ਵਰਦੀਆਂ ਜਾਂ ਸ਼ਾਮ ਦਾ ਪਹਿਰਾਵਾ ਪਾਇਆ ਹੋਇਆ ਸੀ, ਤੇ ਕੋਈ ਅੱਧੀ ਦਰਜਨ ਸਾਧਾਰਨ ਲੋਕਾਂ ਦੇ ਨੌਕਰ, ਇਕ ਦੁਕਾਨਦਾਰ, ਇਕ ਪਿਆਦਾ, ਤੇ ਇਕ ਕੋਚਵਾਨ।

ਕੀਇਸਵੈਤਰ ਇੱਕ ਗੱਠੇ ਹੋਏ ਸਰੀਰ ਵਾਲਾ ਧੌਲਸਿਰਾ ਪੁਰਸ਼ ਅੰਗਰੇਜ਼ੀ ਬੋਲ ਰਿਹਾ ਸੀ ਤੇ ਇਕ ਪਤਲੀ ਜਵਾਨ ਕੁੜੀ ਨੱਕ ਉਪਰ ਕਲਿਪ ਵਾਲੀਆਂ ਐਨਕਾਂ ਪਾਈ ਰੂਸੀ ਵਿਚ ਫ਼ੁਰਤੀ ਨਾਲ ਤੇ ਚੰਗਾ ਅਨੁਵਾਦ ਕਰ ਰਹੀ ਸੀ।

ਉਹ ਆਖ ਰਿਹਾ ਸੀ, "ਸਾਡੇ ਪਾਪ ਬਹੁਤ ਵੱਡੇ ਹਨ, ਤੇ ਉਨ੍ਹਾਂ ਲਈ ਸਜ਼ਾ ਵੀ ਬਹੁਤ ਵੱਡੀ ਤੇ ਅਟੱਲ ਸੀ, ਸਜ਼ਾ ਦੀ ਉਡੀਕ ਵਿਚ ਜੀਉਂਦੇ ਰਹਿਣਾ ਅਸੰਭਵ ਹੈ।"

"ਪਿਆਰੇ ਭਰਾਵੋਂ ਤੇ ਭੈਣੋਂ, ਆਓ ਅਸੀਂ ਇਕ ਛਿਨ ਲਈ ਸੋਚੀਏ ਅਸੀਂ ਕੀ ਕਰ ਰਹੇ ਹਾਂ, ਅਸੀਂ ਕਿਵੇਂ ਜੀਉ ਰਹੇ ਹਾਂ, ਅਸੀਂ ਕਿਵੇਂ ਸਭ ਨੂੰ ਪਿਆਰ ਕਰਨ ਵਾਲੇ ਈਸ਼ਵਰ ਅੱਗੇ ਗੁਨਾਹਗਾਰ ਹਾਂ ਤੇ ਅਸੀਂ ਕਿਵੇਂ ਮਸੀਹ ਨੂੰ ਕਲੇਸ਼ ਦੇ ਰਹੇ ਹਾਂ, ਅਸੀਂ ਅਵੱਸ਼ ਹੀ ਸਮਝ ਜਾਵਾਂਗੇ ਕਿ ਸਾਡੇ ਲਈ ਖਿਮਾ ਸੰਭਵ ਨਹੀਂ, ਕੋਈ ਬਚਾਉ ਨਹੀਂ, ਕੋਈ ਮੁਕਤੀ ਨਹੀਂ, ਅਸੀ ਸਾਰੇ ਨਾਸ਼ ਦੇ ਭਾਗੀ ਹਾਂ। ਇਕ ਭਿਆਨਕ ਸਜ਼ਾ..... ਸਦੀਵੀ ਪੀੜਾ..... ਸਾਡੇ ਲਈ ਉਡੀਕ ਰਹੀ ਹੈ," ਉਸ ਨੇ ਆਪਣੀ ਹੰਝੂਆਂ ਭਰੀ ਕੰਬਦੀ ਅਵਾਜ਼ ਵਿਚ ਆਖਿਆ, "ਉਹੋ ਅਸੀਂ ਕਿਵੇਂ ਬਚ ਸਕਦੇ ਹਾਂ, ਭਰਾਵੋਂ? ਅਸੀਂ ਇਸ ਭਿਆਨਕ ਅਣਬੁਝ

ਅਗਨੀ ਤੋਂ ਕਿਵੇਂ ਬਚ ਸਕਦੇ ਹਾਂ ? ਅੱਗ ਦੀਆਂ ਲਾਟਾਂ ਉੱਠ ਰਹੀਆਂ ਹਨ, ਤੇ ਬਚਾਉ ਕੋਈ ਨਹੀਂ।

ਉਹ ਕੁਝ ਚਿਰ ਲਈ ਚੁੱਪ ਹੋ ਗਿਆ ਤੇ ਸੱਚ-ਮੁੱਚ ਦੇ ਹੰਝੂ ਉਸ ਦੀਆਂ ਗਲ੍ਹਾਂ ਉਤੋਂ ਵੱਗਣ ਲਗ ਪਏ। ਅੱਠ ਸਾਲ ਤੋਂ ਜਦੋਂ ਵੀ ਉਹ ਆਪਣੇ ਭਾਸ਼ਨ ਦੇ ਇਸ ਥਾਉਂ ਪਹੁੰਚਦਾ ਜੋ ਉਸ ਨੂੰ ਆਪ ਨੂੰ ਬਹੁਤ ਪਸੰਦ ਸੀ, ਉਹ ਆਪਣਾ ਗਲਾ ਘੁੱਟਦਾ ਤੇ ਆਪਣੇ ਨੱਕ ਵਿਚ ਇਕ ਖੁਜਲੀ ਮਹਿਸੂਸ ਕਰਦਾ ਤੇ ਉਸ ਦੀਆਂ ਅੱਖਾਂ ਵਿਚ ਹੰਝੂ ਆ ਜਾਂਦੇ ਤੇ ਇਹ ਹੰਝੂ ਉਸ ਨੂੰ ਹੋਰ ਵੀ ਰੁਆ ਦਿੰਦੇ।

ਕਮਰੇ ਵਿਚ ਹਾਉਕੇ ਸੁਣਨ ਲੱਗੇ। ਬੇਗਮ ਕੈਥਰੀਨ ਇਵਾਨੋਫਨਾ ਇਕ ਜੜਾਊ ਮੇਜ਼ ਉਪਰ ਅਰਕਾਂ ਟੇਕੀ ਹੱਥਾਂ ਉਪਰ ਸਿਰ ਰੱਖੀ ਬੈਠੀ ਸੀ ਤੇ ਉਸ ਦੇ ਮਾਸ ਭਰੇ ਮੋਢੇ ਕੰਬ ਰਹੇ ਸਨ। ਕੋਚਵਾਨ ਡਰ ਤੇ ਹੈਰਾਨੀ ਨਾਲ ਉਸ ਜਰਮਨ ਵੱਲ ਵੇਖ ਰਿਹਾ ਸੀ ਤੇ ਮਹਿਸੂਸ ਕਰ ਰਿਹਾ ਸੀ ਜਿਵੇਂ ਉਹ ਆਪਣੀ ਗੱਡੀ ਦੇ ਤੀਰ ਨਾਲ ਉਸ ਨੂੰ ਮਾਰੇਗਾ ਤੇ ਉਹ ਪਰਦੇਸੀ ਉਸ ਦੇ ਰਾਹ ਵਿਚੋਂ ਹਿੱਲ ਨਹੀਂ ਸਕੇਗਾ। ਸਾਰੇ ਉਸ ਜੇਹੀ ਦਸ਼ਾ ਵਿਚ ਬੈਠੇ ਸਨ ਜੋ ਕੈਥਰੀਨ ਇਵਾਨੋਫ਼ਨਾ ਦੀ ਸੀ। ਵੁਲਫ਼ ਦੀ ਧੀ, ਇਕ ਪਤਲੀ ਫੈਸ਼ਨਦਾਰ ਪਹਿਰਾਵੇ ਵਾਲੀ ਕੁੜੀ, ਬਹੁਤ ਕੁਝ ਆਪਣੇ ਪਿਓ ਵਰਗੀ, ਆਪਣੇ ਹੱਥਾਂ ਵਿਚ ਆਪਣਾ ਚਿਹਰਾ ਲੁਕਾਈ ਗੱਡੇ ਟੇਕੀ ਬੈਠੀ ਸੀ।

ਪ੍ਰਚਾਰਕ ਨੇ ਇਕ ਦਮ ਆਪਣਾ ਮੂੰਹ ਨੰਗਾ ਕੀਤਾ ਤੇ ਇਕ ਬੜੀ ਸੱਚੀ ਜਾਪਦੀ ਮੁਸਕਾਣ ਨਾਲ ਮੁਸਕਰਾਇਆ, ਜਿਵੇਂ ਐਕਟਰ ਖ਼ੁਸ਼ੀ ਪ੍ਰਗਟਾਣ ਲਈ ਕਰਦੇ ਹਨ ਤੇ ਫਿਰ ਆਪਣੀ ਮਿੱਠੀ ਨਰਮ ਅਵਾਜ਼ ਵਿਚ ਕਹਿਣ ਲੱਗਾ :

"ਪਰ ਹਾਲੀ ਵੀ ਬਚਣ ਦਾ ਇਕ ਰਸਤਾ ਹੈ। ਉਹ ਇਹ ਹੈ ਇਕ ਆਨੰਦ ਮਈ ਸੌਖਾ ਰਸਤਾ। ਮੁਕਤੀ ਅਸਾਡੇ ਲਈ ਈਸ਼ਵਰ ਦੇ ਇਕਲੋਤੇ ਪੁੱਤਰ ਦੇ ਵਗੇ ਲਹੂ ਵਿਚ ਹੈ, ਜਿਸ ਨੇ ਸਾਡੀ ਖ਼ਾਤਰ ਤਸੀਹੇ ਸਹਿ ਕੇ ਜਾਨ ਦੇ ਦਿੱਤੀ। ਉਸ ਦੇ ਕਸ਼ਟ, ਉਸ ਦਾ ਲਹੂ, ਸਾਨੂੰ ਬਚਾਉਣਗੇ। ਭਰਾਵੋਂ ਤੇ ਭੈਣੋਂ," ਉਸ ਨੇ ਫਿਰ ਹੰਝੂਆਂ ਭਰੀ ਅਵਾਜ਼ ਵਿਚ ਆਖਿਆ, "ਆਉ ਅਸੀਂ ਈਸ਼ਵਰ ਦੀ ਮਹਿਮਾਂ ਗਾਈਏ, ਜਿਸ ਨੇ ਆਪਣਾ ਇਕੋ ਇਕ ਪੁੱਤਰ ਜਗਤ ਦੇ ਨਿਸਤਾਰੇ ਲਈ ਵਾਰ ਦਿੱਤਾ। ਉਸਦਾ ਪਵਿੱਤਰ ਲਹੂ........"

ਨਖ਼ਲਿਊਦੋਂਫ਼ ਨੂੰ ਇੰਨੀ ਘ੍ਰਿਣਾ ਹੋਈ ਕਿ ਉਹ ਚੁੱਪ-ਚਾਪ ਉੱਠ ਖੜਾ ਹੋਇਆ, ਤੇ ਤਿਊੜੀ ਵੱਟ ਕੇ ਤੇ ਸ਼ਰਮ ਦੀ ਆਸ ਨੂੰ ਅਦਰੇ ਰਖ ਕੇ, ਪੱਬਾਂ ਭਾਰ ਇਸ ਕਮਰੇ ਵਿਚੋਂ ਨਿਕਲ ਗਿਆ।

-0-

18

ਅਗਲੇ ਦਿਨ ਨਖਲਿਓਦੋਫ਼ ਕੱਪੜੇ ਪਹਿਨ ਕੇ ਹਟਿਆ ਤੇ ਹੇਠਾਂ ਉਤਰਨ ਵਾਲਾ ਸੀ ਕਿ ਇਕ ਪਿਆਦਾ ਮਾਸਕੋ ਵਾਲੇ ਵਕੀਲ ਦਾ ਕਾਰਡ ਲਿਆਇਆ। ਵਕੀਲ ਪੀਟਰਜ਼ਬਰਗ ਆਪਣੇ ਕੰਮ ਆਇਆ ਸੀ, ਤਾਂ ਜੋ ਮਸਲੌਫ਼ਾ ਦੀ ਅਰਜ਼ੀ ਛੇਤੀ ਸੁਣੀ ਜਾਣੀ ਹੋਵੇ ਤਾਂ ਸੈਨਿਟ ਦੇ ਅੱਗੇ ਇਸ ਦੀ ਸੁਣਵਾਈ ਵੇਲੇ ਹਾਜ਼ਰ ਹੋਣ ਵੀ। ਨਖ਼ਲਿਊਦੌਫ਼ ਦੀ ਤਾਰ ਨੇ ਉਸ ਨੂੰ ਰਾਹ ਵਿਚ ਪਾਰ ਕੀਤਾ ਸੀ। ਨਖ਼ਲਿਊਦੌਫ਼ ਤੋਂ ਪਤਾ ਕਰਕੇ ਕਿ ਅਰਜ਼ੀ ਕਦੋਂ ਸੁਣੀ ਜਾਣੀ ਸੀ ਤੇ ਕਿਹੜੇ ਸੈਨੇਟਰ ਹਾਜ਼ਰ ਹੋਣਗੇ, ਉਹ ਮੁਸਕਰਾਇਆ।

"ਠੀਕ, ਤੇਹਾਂ ਕਿਸਮਾਂ ਦੇ ਸੈਨੇਟਰ," ਉਸ ਨੇ ਆਖਿਆ। "ਵੁਲਫ਼ ਪੀਟਰਜ਼ਬਰਗ ਦਾ ਇਕ ਕਰਮਚਾਰੀ ਹੈ, ਸਕੋਵੋਰਦਨੀਕੋਫ਼ ਇਕ ਸਿਧਾਂਤਕ ਨਿਆਇਵੇਤਾ, ਤੇ ਬੇ ਇਕ ਵਿਵਹਾਰਕ ਨਿਆਇਵੇਤਾ...ਤੇ ਇਸ ਲਈ ਉਨ੍ਹਾਂ ਸਾਰਿਆਂ ਵਿਚੋਂ ਵਧੇਰੇ ਚੌਕਸ," ਵਕੀਲ ਨੇ ਆਖਿਆ। "ਉਸ ਪਾਸੋਂ ਸਭ ਤੋਂ ਵਧੇਰੇ ਆਸ ਹੈ, ਤੇ ਅੱਛਾ, ਅਤੇ ਬਿਨੈ ਪੱਤਰ ਸਮਿਤ ਬਾਰੇ ਕੁਝ ਪਤਾ ?"

"ਉਹ ਮੈਂ ਅੱਜ ਬੈਰਿਨ ਵਰੋਬੇਫ਼ ਪਾਸ ਜਾ ਰਿਹਾ ਹਾਂ, ਕੱਲ੍ਹ ਉਸ ਨਾਲ ਮੁਲਾਕਾਤ ਨਹੀਂ ਹੋ ਸਕੀ।"

"ਤੁਸੀਂ ਜਾਣਦੇ ਹੋ ਉਹ "ਬੈਰਨ" ਕਿਸ ਤਰ੍ਹਾਂ ਹੈ?" ਵਕੀਲ ਨੇ ਆਖਿਆ। ਉਸ ਨੇ ਤਾੜ ਲਿਆ ਸੀ ਕਿ ਨਖ਼ਲਿਊਦੌਫ਼ ਅਜੇਹੇ ਪੱਕੇ ਰੂਸੀ ਕੁਲ ਨਾਮ ਨਾਲ ਲੱਗੇ ਵਿਦੇਸ਼ੀ ਪਦ ਉੱਤੇ ਇਕ ਹਲਕੇ ਜੇਹੇ ਵਿਅੰਗ ਨਾਲ ਜ਼ੋਰ ਦੇ ਰਿਹਾ ਸੀ। "ਇਹ ਇਸ ਲਈ ਕਿ ਸਮਰਾਟ ਪਾਲ ਨੇ ਇਸ ਦੇ ਦਾਦੇ ਨੂੰ ਇਹ ਪਦ ਇਕ ਤਰ੍ਹਾਂ ਦੇ ਇਨਾਮ ਵੱਜੋਂ ਦਿੱਤਾ ਸੀ। ਮੇਰਾ ਖ਼ਿਆਲ ਹੈ ਉਹ ਦਰਬਾਰ ਦਾ ਇਕ ਪਿਆਦਾ ਸੀ। ਉਸ ਨੇ ਕਿਸੇ ਤਰ੍ਹਾਂ ਸਮਰਾਟ ਨੂੰ ਖ਼ੁਸ਼ ਕੀਤਾ ਤੇ ਉਸ ਨੇ ਉਸ ਨੂੰ ਬੈਰਨ ਬਣਾ ਦਿੱਤਾ। "ਇਹ ਮੇਰੀ ਇੱਛਾ ਹੈ ਇਸ ਲਈ ਨਾਂਹ ਨਾ

ਕਰ।" ਸੋ ਇਸ ਤਰ੍ਹਾਂ ਇਕ ਵੋਰੋਬੈਫ਼ "ਬੈਰਨ" ਬਣਿਆ, ਜੋ ਇਸ ਪਦ ਉੱਤੇ ਬੜਾ ਮਾਣ ਕਰਦਾ ਹੈ। ਉਹ ਇਕ ਪੁਰਾਣਾ ਤੇ ਭਿਆਨਕ ਦੰਭੀ ਹੈ।"

"ਅੱਛਾ, ਮੈਂ ਉਸ ਨੂੰ ਮਿਲਣ ਜਾ ਰਿਹਾ," ਨਖ਼ਲਿਊਦੌਫ਼ ਨੇ ਆਖਿਆ।

"ਠੀਕ ਹੈ, ਅਸੀਂ ਇਕੱਠੇ ਜਾ ਸਕਦੇ ਹਾਂ, ਮੈਂ ਤੁਹਾਨੂੰ ਸਵਾਰੀ ਦੇਵਾਂਗਾ।"

ਉਹ ਤੁਰੇ ਹੀ ਸਨ ਕਿ ਇਕ ਪਿਆਦਾ ਨਖ਼ਲਿਊਦੌਫ਼ ਨੂੰ ਅਗਲੇ ਕਮਰੇ ਵਿਚ ਮਿਲਿਆ ਤੇ ਉਸ ਨੇ ਮਾਰੀਅਤ ਵੱਲੋਂ ਇਕ ਚਿੱਠੀ ਉਸ ਨੂੰ ਪਕੜਾਈ, ਇਹ ਫ਼ਰਾਂਸੀਸੀ ਵਿਚ ਸੀ।

"ਤੁਹਾਡੀ ਖੁਸ਼ੀ ਲਈ ਮੈਂ ਆਪਣੇ ਅਸੂਲਾਂ ਦੇ ਵਿਰੁੱਧ ਜਾ ਕੇ ਤੁਹਾਡੀ ਪਰਵਰਦੀ ਲਈ ਆਪਣੇ ਪਤੀ ਪਾਸ ਵਕਾਲਤ ਕੀਤੀ ਹੈ। ਪਤਾ ਲੱਗਾ ਹੈ ਕਿ ਇਸ ਨੂੰ ਝੱਟ ਹੀ ਛੱਡ ਦਿੱਤਾ ਜਾ ਸਕਦਾ ਹੈ। ਮੇਰੇ ਪਤੀ ਨੇ ਕਮਾਂਡਰ ਨੂੰ ਲਿਖਿਆ ਹੈ ਸੋ ਆਉ, ਬੇ ਗਰਜ਼ ਹੋ ਕੇ ਮੈਂ ਤੁਹਾਨੂੰ ਉਡੀਕਦੀ ਹਾਂ।"

"ਲਓ ਵੇਖੋ," ਨਖਲਿਊਦੇਫ਼ ਨੇ ਵਕੀਲ ਨੂੰ ਕਿਹਾ, "ਇਹ ਗ਼ਜ਼ਬ ਨਹੀਂ ? ਇਕ ਤੀਵੀਂ ਜਿਸ ਨੂੰ ਸੱਤ ਮਹੀਨੇ ਇਕੱਲੀ ਕੋਠੀ ਵਿਚ ਕੈਦ ਰੱਖਿਆ ਗਿਆ ਹੈ ਬਿਲਕੁਲ ਬੇਕਸੂਰ ਸਿੱਧ ਹੁੰਦੀ ਹੈ ਤੋਂ ਉਸ ਨੂੰ ਛੁਡਾਣ ਲਈ ਇਕ ਇਸ਼ਾਰੇ ਦੀ ਲੋੜ ਸੀ।"

"ਸਦਾ ਇਵੇਂ ਹੀ ਹੁੰਦਾ ਹੈ। ਚੰਗਾ, ਕਿਵੇਂ ਵੀ ਹੋਵੇ, ਤੁਸੀਂ ਜੋ ਚਾਹੁੰਦੇ ਸੋ ਪਾਣ ਵਿਚ ਸਫਲ ਹੋ ਗਏ ਹੋ।"

"ਹਾਂ, ਪਰ ਇਹ ਸਫਲਤਾ ਮੈਨੂੰ ਸ਼ੋਕਾਤੁਰ ਕਰ ਰਹੀ ਹੈ। ਜ਼ਰਾ ਸੋਚੋ, ਉੱਥੇ ਕੀ ਕੁਝ ਹੋ ਰਿਹਾ ਹੋਵੇਗਾ। ਉਸ ਨੂੰ ਕਿਉਂ ਕੈਦ ਰੱਖਿਆ ਗਿਆ ਹੈ?"

"ਇਸ ਮਾਮਲੇ ਵਿਚ ਹੋਰ ਡੂੰਘਾ ਨਾ ਜਾਣਾ ਹੀ ਚੰਗਾ ਹੈ। ਅੱਛਾ ਫਿਰ ਮੈਂ ਤੁਹਾਨੂੰ ਲੈ ਚਲਾਂ ?" ਵਕੀਲ ਨੇ ਕਿਹਾ। ਜਦੋਂ ਉਹ ਘਰੋਂ ਨਿਕਲੇ ਤਾਂ ਇਕ ਨਫੀਸ ਗੱਡੀ, ਜੇਹੜੀ ਵਕੀਲ ਨੇ ਭਾੜੇ ਕੀਤੀ ਹੋਈ ਸੀ, ਦਰਵਾਜ਼ੇ ਤਕ ਆਈ। "ਤੁਸੀਂ ਬੈਰਨ ਵੋਰੋਬੈਫ ਨੂੰ ਮਿਲਣ ਚਲੇ ਹੋ, ਨਾ ?" ਵਕੀਲ ਨੇ ਬੱਘੀ ਵਾਲੇ ਨੂੰ ਦੱਸਿਆ ਕਿਥੇ ਜਾਣਾ ਸੀ ਤੇ ਨਫ਼ੀਸ ਘੋੜੇ ਨਖ਼ਲਿਊਦੌਫ਼ ਨੂੰ ਉਸ ਘਰ ਵਿਚ ਛੇਤੀ ਨਾਲ ਲੈ ਆਏ ਜਿੱਥੇ ਬੈਰਨ ਰਹਿੰਦਾ ਸੀ। ਬੈਰਨ ਘਰ ਸੀ, ਇਕ ਨੌਜਵਾਨ ਕਰਮਚਾਰੀ, ਵਰਦੀ ਪਾਈ, ਲੰਮੀ' ਪਤਲੀ ਉੱਚੀ ਘੰਡੀ ਵਾਲੀ

ਗਰਦਨ ਵਾਲਾ, ਜਿਸ ਦੀ ਚਾਲ ਬੜੀ ਹਲਕੀ ਫੁਲਕੀ ਸੀ, ਦੋ ਇਸਤਰੀਆਂ ਸਮੇਤ, ਕਮਰੇ ਵਿਚ ਸੀ।

"ਤੁਹਾਡਾ ਨਾਮ ?" ਉੱਚੀ ਘੰਡੀ ਵਾਲੇ ਨੌਜਵਾਨ ਕਰਮਚਾਰੀ ਨੇ ਬੜੀ ਮਟਕ ਤੇ ਫ਼ੁਰਤੀ ਨਾਲ ਇਸਤਰੀਆਂ ਪਾਸੋਂ ਨਖ਼ਲਿਊਦੌਫ਼ ਕੋਲ ਆ ਕੇ ਪੁੱਛਿਆ।

ਨਖਲਿਊਦੋਫ ਨੇ ਆਪਣਾ ਨਾਮ ਦੇ ਦਿੱਤਾ।

'ਬੈਰਨ ਨੇ ਤੁਹਾਡੇ ਬਾਰੇ ਗੱਲ ਕੀਤੀ ਹੈ ਇਕ ਪਲ" ਨੌਜਵਾਨ ਨੇ ਜੋ ਬੈਰਨ ਦਾ ਸਹਾਇਕ ਸੀ, ਆਖਿਆ ਤੇ ਉਹ ਇਕ ਅੰਦਰਲੇ ਦਰਵਾਜ਼ੇ ਥਾਣੀ ਬਾਹਰ ਚਲਾ ਗਿਆ। ਉਹ ਮੁੜ ਕੇ ਆਇਆ ਤਾਂ ਉਸ ਦੇ ਪਿੱਛੇ ਇਕ ਰੋਂਦੀ ਇਸਤਰੀ ਸੋਗ ਦੇ ਕੱਪੜੇ ਪਹਿਨੀ ਆਈ। ਆਪਣੀਆਂ ਮਾਸਹੀਣ ਉਂਗਲੀਆਂ ਨਾਲ ਉਹ ਆਪਣੀ ਉਲਝੀ ਹੋਈ ਜਾਲੀ ਨੂੰ ਹੰਝੂ ਲੁਕਾਣ ਲਈ ਚਿਹਰੇ ਉਪਰ ਨੂੰ ਖਿੱਚ ਰਹੀ ਸੀ।

"ਅੰਦਰ ਆ ਜਾਓ ਜੀ," ਨੌਜਵਾਨ ਨੇ ਹੌਲੇ ਜੇਹੇ ਕਦਮ ਪੁੱਟ ਕੇ ਬੈਰਨ ਦੇ ਪੜ੍ਹਨ ਵਾਲੇ ਕਮਰੇ ਦੇ ਦਰਵਾਜ਼ੇ ਕੋਲ ਜਾ ਕੇ ਇਸ ਨੂੰ ਖੋਲ੍ਹ ਕੇ ਆਖਿਆ। ਜਦੋਂ ਨਖ਼ਲਿਊਦੌਫ਼ ਅੰਦਰ ਗਿਆ ਤਾਂ ਉਸ ਨੇ ਆਪਣੇ ਅੱਗੇ ਇਕ ਗੱਠੇ ਹੋਏ ਸਰੀਰ ਤੇ ਦਰਮਿਆਨੇ ਕੱਦ ਦਾ ਆਦਮੀ ਵੇਖਿਆ। ਉਸ ਨੇ ਵਾਲ ਛੋਟੇ ਕਟਾਏ ਹੋਏ ਸਨ, ਫਰਾਕ ਕੋਟ ਪਹਿਨਿਆ ਹੋਇਆ ਸੀ ਤੇ ਉਹ ਇਕ ਵੱਡੇ ਲਿਖਣ ਵਾਲੇ ਮੇਜ਼ ਦੇ ਸਾਹਮਣੇ ਇਕ ਬਾਹਾਂ ਵਾਲੀ ਕੁਰਸੀ ਤੇ ਬੈਠਾ ਸੀ। ਉਸ ਦਾ ਚਿਹਰਾ ਹਸੂੰ ਹਸੂੰ ਕਰ ਰਿਹਾ ਸੀ।

ਦਇਆਮਈ, ਗੁਲਾਬੀ ਲਾਲ ਚਿਹਰਾ, ਜਿਸ ਦੀ ਚਿੱਟੇ ਸਿਰ, ਮੁੱਛਾ ਤੇ ਦਾੜੀ ਨਾਲ ਵਿਖਮਤਾ ਬੜੀ ਸਪਸ਼ਟ ਸੀ, ਇਕ ਮਿੱਤਰਤਾ ਭਰੀ ਮੁਸਕਾਣ ਨਾਲ ਨਖ਼ਲਿਊਦੌਫ਼ ਵੱਲ ਮੁੜਿਆ।

"ਤੁਹਾਨੂੰ ਮਿਲ ਕੇ ਬਹੁਤ ਖੁਸ਼ੀ ਹੋਈ ਹੈ, ਤੁਹਾਡੀ ਮਾਤਾ ਤੇ ਮੈਂ ਪੁਰਾਣੇ ਜਾਣੂੰ ਤੇ ਮਿੱਤਰ ਸਾਂ। ਮੈਂ ਤੁਹਾਨੂੰ ਜਦੋਂ ਤੁਸੀਂ ਲੜਕੇ ਸੀ ਤੇ ਫਿਰ ਜਦੋਂ ਤੁਸੀਂ ਅਫ਼ਸਰ ਸੋ, ਵੇਖਿਆ ਹੈ। ਬੈਠੋ ਤੇ ਦੱਸੋ ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ...ਹਾ. ਹਾਂ," ਉਸ ਨੇ ਆਪਣਾ ਕਤਰਿਆ ਹੋਇਆ ਚਿੱਟਾ ਸਿਰ ਹਿਲਾਂਦੇ ਆਖਿਆ। ਨਖਲਿਊਦੋਫ਼ ਉਸ ਨੂੰ ਥੀਉ ਦੋਸ਼ੀਆਂ ਬਾਰੇ ਦੱਸਣ ਲੱਗਾ।

"ਦੱਸੀ ਚਲੋ, ਦੱਸੀ ਚਲੋ। ਮੈਂ ਸਮਝਦਾ ਹਾਂ। ਇਹ ਨਿਸ਼ਚੇ ਹੀ ਬੜੀ ਕਰੁਣਾਮਈ ਗੱਲ ਹੈ। ਤੁਸਾਂ ਅਰਜ਼ੀ ਦੇ ਦਿੱਤੀ ਹੈ ?"

"ਮੇਰੇ ਪਾਸ ਅਰਜ਼ੀ ਤਿਆਰ ਹੈ।" ਨਖ਼ਲਿਊਦੌਫ਼ ਨੇ ਇਸ ਨੂੰ ਜੇਬ ਵਿਚੋਂ ਕੱਢ ਕੇ ਆਖਿਆ," ਪਰ ਮੈਂ ਸੋਚਿਆ ਪਹਿਲਾਂ ਤੁਹਾਡੇ ਨਾਲ ਗੱਲ ਕਰ ਲਵਾਂ ਇਸ ਆਸ ਨਾਲ ਕਿ ਫਿਰ ਇਸ ਉਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।"

"ਤੁਸੀਂ ਬਹੁਤ ਚੰਗਾ ਕੀਤਾ। ਮੈਂ ਜ਼ਰੂਰ ਇਸ ਬਾਰੇ ਆਪ ਰਿਪੋਰਟ ਕਰਾਂਗਾ," ਬੈਰਨ ਨੇ ਆਪਣੇ ਹੱਸਮੁੱਖ ਚਿਹਰੇ ਉੱਤੇ ਕਰਣਾ ਦਾ ਭਾਵ ਪ੍ਰਗਟ ਕਰਨ ਵਿਚ ਅਸਫ਼ਲ ਰਹਿ ਕੇ ਆਖਿਆ। "ਬਹੁਤ ਸ਼ੋਕਮਈ। ਇਹ ਸਪੱਸ਼ਟ ਹੈ ਕਿ ਉਹ ਇਕ ਬੱਚਾ ਹੀ ਸੀ, ਪਤੀ ਨਾਲ ਉਜੱਡ ਵਰਤਾਰਾ ਕਰਦਾ ਸੀ ਤੇ ਇਸ ਤੋਂ ਉਸ ਨੂੰ ਘ੍ਰਿਣ ਉਪਜਦੀ ਸੀ। ਪਰ ਸਮਾਂ ਪੈਣ ਨਾਲ ਉਹ ਇਕ ਦੂਜੇ ਨੂੰ ਮੁਹੱਬਤ ਕਰਨ ਲਗ ਪਏ। ਹਾਂ ਮੈਂ ਇਸ ਮੁਕੱਦਮੇ ਦੀ ਰਿਪੋਰਟ ਕਰਾਂਗਾ।"

" ਕਾਊਂਤ ਈਵਾਨ ਮਖ਼ਾਇਲਿਚ ਵੀ ਇਸ ਬਾਰੇ ਤੁਹਾਡੇ ਨਾਲ ਗੱਲ ਕਰਨ ਵਾਲੇ ਸਨ।"

ਨਖ਼ਲਿਊਦੌਫ਼ ਨੇ ਹਾਲੀ ਇਹ ਸ਼ਬਦ ਮੂੰਹੋਂ ਕੱਢੇ ਹੀ ਸਨ ਕਿ ਬੈਰਨ ਦਾ ਮੁਖਾਂਤਰ ਬਦਲ ਗਿਆ।

"ਬਿਹਤਰ ਹੈ ਤੁਸੀਂ ਅਰਜ਼ੀ ਦਫਤਰ ਵਿਚ ਹੀ ਦੇ ਦਿਓ, ਤੇ ਮੈਂ ਜੋ ਕੁਝ ਕਰ ਸਕਦਾ ਹਾਂ, ਕਰਾਂਗਾ। " ਉਸ ਨੇ ਆਖਿਆ।

ਇਸ ਮੌਕੇ ਨੌਜਵਾਨ ਕਰਮਚਾਰੀ ਫਿਰ ਕਮਰੇ ਵਿਚ ਆਇਆ। ਉਹ ਆਪਣੀ ਸੋਹਣੀ ਚਾਲ ਦਾ ਦਿਖਾਵਾ ਕਰਦਾ ਜਾਪਦਾ ਸੀ।

"ਉਹ ਇਸਤਰੀ ਤੁਹਾਡੇ ਨਾਲ ਇਕ ਹੋਰ ਗੱਲ ਕਰਨੀ ਚਾਹੁੰਦੀ ਹੈ।"

"ਚੰਗਾ, ਉਸ ਨੂੰ ਬੁਲਾ ਲਓ।...ਓ ਹੋ, ਮੇਰੇ ਪਿਆਰੇ ਸਾਨੂੰ ਕਿਤਨੇ ਹੰਝੂ ਵਗਦੇ ਵੇਖਣੇ ਪੈਂਦੇ ਹਨ। ਜੇ ਕੇਵਲ ਅਸੀਂ ਇਨ੍ਹਾਂ ਸਾਰਿਆਂ ਨੂੰ ਧੋ ਸਕਦੇ ਹੋਈਏ। ਆਦਮੀ ਜੋ ਵੀ ਕਰ ਸਕਦਾ ਹੈ, ਕਰਦਾ ਹੈ।"

ਇਸਤਰੀ ਅੰਦਰ ਆ ਗਈ।

"ਮੈਂ ਤੁਹਾਨੂੰ ਕਹਿਣਾ ਭੁੱਲ ਗਈ ਕਿ ਉਸ ਨੂੰ ਆਪਣੀ ਲੜਕੀ ਨੂੰ ਛੱਡਣ ਦੀ ਆਗਿਆ ਨਹੀਂ ਹੋਣੀ ਚਾਹੀਦੀ, ਕਿਉਂਕਿ ਉਹ ਤਿਆਰ ਹੈ..."

"ਮੈਂ ਤੁਹਾਨੂੰ ਦੱਸਿਆ ਤਾਂ ਹੈ ਕਿ ਮੈਂ ਜੋ ਵੀ ਕਰ ਸਕਦਾ ਹਾਂ, ਕਰਾਂਗਾ।"

"ਬੈਰਨ, ਰੱਬ ਦੇ ਵਾਸਤੇ ! ਤੁਸੀਂ ਇਕ ਮਾਤਾ ਨੂੰ ਬਚਾ ਲਵੋਗੇ।" ਉਸ ਇਸਤਰੀ ਨੇ ਉਸ ਦਾ ਹੱਥ ਪਕੜਕੇ ਚੁੰਮਣਾ ਸ਼ੁਰੂ ਕੀਤਾ।

"ਸਭ ਕੁਝ ਹੋ ਜਾਵੇਗਾ।"

ਜਦੋਂ ਇਸਤਰੀ ਬਾਹਰ ਚਲੀ ਗਈ, ਨਖ਼ਲਿਊਦੌਫ਼ ਵੀ ਛੁੱਟੀ ਲੈਣ ਲੱਗਾ।

"ਅਸੀਂ ਜੋ ਕਰ ਸਕਦੇ ਹਾਂ। ਮੈਂ ਇਸ ਬਾਰੇ ਨਿਆਇ ਦੇ ਮੰਤਰਾਲੇ ਵਿਚ ਗੱਲ ਕਰਾਂਗਾ, ਤੇ ਜਦੋਂ ਅਸਾਨੂੰ ਉਨ੍ਹਾਂ ਦਾ ਉੱਤਰ ਮਿਲੇਗਾ ਤਾਂ ਅਸੀਂ ਜੋ ਕਰ ਸਕਦੇ ਹਾਂ ਕਰਾਂਗੇ।'

ਨਖ਼ਲਿਊਦੌਫ਼ ਕਮਰੇ ਵਿਚੋਂ ਬਾਹਰ ਆ ਕੇ ਫਿਰ ਦਫ਼ਤਰ ਵਿਚ ਜਾ ਵੜਿਆ। ਉਵੇਂ ਜਿਵੇਂ ਸੈਨਿਟ ਦੇ ਦਫ਼ਤਰ ਵਿਚ ਇਕ ਸ਼ਾਨਦਾਰ ਕਮਰੇ ਵਿਚ ਬੜੇ ਛਬੀਲੇ ਕਰਮਚਾਰੀਆਂ ਦਾ ਉੱਥੇ ਇਕ ਤਕੜਾ ਇਕੱਠ ਹੋਇਆ ਹੋਇਆ ਸੀ...ਸਾਰੇ ਸਵੱਛ, ਸਿਸ਼ਟ, ਬੜੇ ਸ਼ੁੱਧ ਰੂਪ ਤੇ ਪੁਸ਼ਾਕ ਤੇ ਬੋਲ ਚਾਲ ਵਿਚ ਅਨੋਖੇ।

"ਇਹ ਤਾਂ ਕਿੰਨੇ ਸਾਰੇ ਹਨ, ਕੇਹੇ ਰੱਜੇ ਪੁੱਜੇ ਇਹ ਦਿੱਸਦੇ ਹਨ। ਤੇ ਇਨ੍ਹਾਂ ਦੀਆਂ ਕਮੀਜ਼ਾਂ ਤੇ ਹੱਥ ਕਿੰਨੇ ਸਾਫ਼ ਹਨ, ਤੇ ਬੂਟ ਵਧੀਆ ਪਾਲਿਸ਼ ਕੀਤੇ ਹੋਏ। ਇਹ ਸਭ ਕੁਝ ਇਨ੍ਹਾਂ ਲਈ ਕੌਣ ਕਰਦਾ ਹੈ? ਇਹ ਸਾਰੇ ਬਹੁਤ ਸੌਖੇ ਹਨ, ਕੈਦੀਆਂ ਦੀ ਤੁਲਨਾ ਵਿਚ ਹੀ ਨਹੀਂ, ਕਿਰਸਾਨਾਂ ਦੀ ਤੁਲਨਾ ਵਿਚ ਵੀ।" ਇਹ ਵਿਚਾਰ ਮਲੋ-ਮਲੀ ਨਖ਼ਲਿਊਦੌਫ਼ ਦੇ ਮਨ ਵਿਚ ਆ ਰਹੇ ਸਨ।

-0-

19

ਉਹ ਪੁਰਸ਼, ਜੋ ਪੀਟਰਬਰਗ ਦੇ ਕੈਦੀਆਂ ਦੇ ਭਾਗ ਨੂੰ ਸੁਖਾਲਾ ਕਰ ਸਕਦਾ ਸੀ, ਇਕ ਨਾਮਵਰ ਪੁਰਾਣਾ ਜਰਨੈਲ ਸੀ। ਉਹ ਜਰਮਨ ਬੰਸ ਦਾ ਇਕ ਬੈਰਨ ਸੀ ਤੇ ਜਿਵੇਂ ਲੋਕ ਉਸ ਬਾਰੇ ਆਖਦੇ ਸਨ, ਆਪਣੇ ਹੋਸ਼ ਹਵਾਸ ਖੋ ਚੁੱਕਾ ਹੋਇਆ ਸੀ। ਉਸ ਨੇ ਬਹੁਤ ਸਾਰੇ ਪਦ-ਚਿੰਨ੍ਹ ਪ੍ਰਾਪਤ ਕੀਤੇ ਸਨ, ਪਰ ਉਨ੍ਹਾਂ ਵਿਚੋਂ ਕੇਵਲ ਇਕ ਪਹਿਨਦਾ ਸੀ। ਉਹ ਸੀ ਚਿੱਟੀ ਸੂਲੀ ਦਾ ਪਦ-ਚਿੰਨ੍ਹ। ਇਹ ਪਦ-ਚਿੰਨ੍ਹ ਜਿਸ ਨੂੰ ਉਹ ਵੱਡਮੁੱਲਾ ਸਮਝਦਾ ਸੀ ਉਸ ਨੇ ਕੋਹਫ਼ਾਨ ਵਿਚ ਸੇਵਾ ਫਲ ਵਜੋਂ ਪ੍ਰਾਪਤ ਕੀਤਾ ਸੀ, ਜਿੱਥੇ ਮੂੰਨੇ ਹੋਏ ਸਿਰਾਂ ਵਾਲੇ, ਵਰਦੀਆਂ ਪਾਈ ਤੇ ਬੰਦੂਕਾਂ ਤੇ ਸੰਗੀਨਾਂ ਨਾਲ ਸਨਧ-ਬੱਧ ਰੂਸੀ ਕਿਰਸਾਨਾਂ ਨੇ ਉਸ ਦੇ ਹੁਕਮ ਨਾਲ ਹਜ਼ਾਰ ਤੋਂ ਅਜੇਹੇ ਪੁਰਸ਼ ਮਾਰੇ ਸਨ ਜੋ ਆਪਣੀ ਸੁਤੰਤਰਤਾ, ਆਪਣੇ ਘਰਾਂ ਤੇ ਆਪਣੇ ਪਰਿਵਾਰਾਂ ਦੇ ਬਚਾਉ ਖ਼ਾਤਰ ਲੜੇ ਸਨ। ਉਸ ਤੋਂ ਪਿੱਛੋਂ ਪੋਲੈਂਡ ਵਿਚ ਸੇਵਾ ਕੀਤੀ ਸੀ ਤੇ ਉੱਥੇ ਵੀ ਰੂਸੀ ਕਿਰਸਾਨਾਂ ਕੋਲੋਂ ਕਈ ਕਿਸਮ ਦੇ ਉਪਦਰਵ ਕਰਵਾਏ ਸਨ ਤੇ, ਆਪਣੀ ਵਰਦੀ ਲਈ ਹੋਰ ਪਦ-ਚਿੰਨ੍ਹ ਤੇ ਤਮਗੇ ਪ੍ਰਾਪਤ ਕੀਤੇ ਸਨ। ਉਸ ਤੋਂ ਪਿੱਛੋਂ ਉਸ ਨੇ ਕਿਸੇ ਹੋਰ ਥਾਂ ਸੇਵਾ ਕੀਤੀ ਤੇ ਹੁਣ ਜਦੋਂ ਉਹ ਇਕ ਨਿਰਬਲ ਬਿਰਧ ਸੀ, ਉਹ ਇਸ ਪਦਵੀ ਉੱਤੇ ਲੱਗਾ ਹੋਇਆ ਸੀ, ਜਿਸ ਤੋਂ ਉਸ ਨੂੰ ਇਕ ਚੰਗਾ ਘਰ, ਆਮਦਨੀ ਤੇ ਇਜ਼ਤ ਪ੍ਰਾਪਤ ਹੁੰਦੇ ਸਨ। ਉਹ ਉਨ੍ਹਾਂ ਸਾਰੇ ਅਧਿਨਿਯਮਾਂ ਉਪਰ, ਜੋ ਉਪਰੋਂ ਨਿਰਧਾਰਿਤ ਹੁੰਦੇ ਸਨ, ਪੱਕੀ ਤਰ੍ਹਾਂ ਚਲਦਾ ਸੀ ਤੇ ਇਨ੍ਹਾਂ ਦੀ ਪੂਰਤੀ ਵਿਚ ਬਹੁਤ ਤੱਤਪਰ ਰਹਿੰਦਾ ਸੀ। ਇਨ੍ਹਾਂ ਨੂੰ ਉਹ ਇਕ ਵਿਸ਼ੇਸ਼ ਮਹੱਤਵ ਦਿੰਦਾ ਸੀ ਤੇ ਸਮਝਦਾ ਸੀ ਕਿ ਦੁਨੀਆਂ ਵਿਚ ਹੋਰ ਸਭ ਕੁਝ ਬਦਲ ਜਾਵੇ ਤਾਂ ਬਦਲ ਜਾਵੇ ਪਰ ਇਹ ਉਪਰੋਂ ਨਿਰਧਾਰਿਤ ਅਧਿਨਿਯਮ ਨਾ ਬਦਲਣ। ਉਸ ਦਾ ਕਰਤੱਵ ਸੀ ਰਾਜਸੀ ਕੈਦੀਆਂ ਪੁਰਸ਼ਾਂ ਤੇ ਇਸਤਰੀਆਂ ਨੂੰ ਇਸ ਤਰ੍ਹਾਂ ਦੀ ਇਕੱਲ ਜੇਹੀ ਕੈਦ ਵਿਚ ਰੱਖਿਆ ਜਾਵੇ ਜਿਸ ਨਾਲ ਉਨ੍ਹਾਂ ਵਿਚੋਂ ਅੱਧੇ ਤਾਂ ਦਸਾਂ ਸਾਲਾਂ ਦੇ ਅੰਦਰ ਖ਼ਤਮ ਹੋ ਜਾਂਦੇ ਸਨ। ਕੁਝ ਪਾਗਲ ਹੋ ਜਾਂਦੇ, ਕੁਝ ਤਪਦਿਕ ਨਾਲ ਮਰ ਜਾਂਦੇ, ਕੁਝ ਭੁੱਖੇ ਰਹਿ ਕੇ ਸ਼ੀਸ਼ੇ ਦੇ ਟੁਕੜਿਆਂ ਨਾਲ ਆਪਣੀਆਂ ਨਾੜੀਆਂ ਕੱਟ ਕੇ, ਫਾਹਾ ਲੈ ਕੇ ਜਾਂ ਸੜ ਕੇ ਆਤਮਘਾਤ ਕਰ ਲੈਂਦੇ।

ਬੁੱਢਾ ਜਰਨੈਲ ਇਸ ਗੱਲ ਤੋਂ ਅਨਜਾਣ ਨਹੀਂ ਸੀ ਕਿਉਂ ਜੋ ਇਹ ਸਭ ਕੁਝ ਉਸ ਦੀਆਂ ਅੱਖਾਂ ਸਾਹਮਣੇ ਹੁੰਦਾ ਸੀ। ਪਰ ਇਨ੍ਹਾਂ ਗੱਲਾਂ ਦਾ ਪ੍ਰਭਾਵ ਉਸ ਉਪਰ ਅਨ੍ਹੇਰੀ, ਝੱਖੜ, ਹੜ੍ਹ ਆਦਿ ਤੋਂ ਹੋਈਆਂ ਦੁਰਘਟਨਾਵਾਂ ਨਾਲੋਂ ਵਧੇਰੇ ਹੁੰਦਾ ਸੀ। ਇਹ ਗੱਲਾਂ ਉਪਰੋਂ ਮਹਾਰਾਜ ਅਧੀਰਾਜ ਸਮਰਾਟ ਵੱਲੋਂ, ਨਿਰਧਾਰਿਤ ਨਿਯਮਾਂ ਨੂੰ ਪੂਰਾ ਕਰਨ ਦਾ ਫਲ-ਸਰੂਪ ਹੀ ਸਨ। ਇਨ੍ਹਾਂ ਨਿਯਮਾਂ ਨੂੰ ਪੂਰਾ ਕਰਨਾ ਅਨਿਵਾਰੀ ਸੀ ਤੇ ਇਸ ਲਈ ਪੂਰਤੀ ਦੇ ਪਰਿਣਾਮਾਂ ਬਾਰੇ ਸੋਚਣਾ ਵਿਅਰਥ ਸੀ। ਬੁੱਢਾ ਜਰਨੈਲ ਅਜੇਹੀਆਂ ਗੱਲਾਂ ਦਾ ਖ਼ਿਆਲ ਵੀ ਆਪਣੇ ਮਨ ਵਿਚ, ਨਹੀਂ ਆਉਣ ਦਿੰਦਾ ਸੀ ਕਿਉਂਕਿ ਉਹ ਇਸ ਨੂੰ ਆਪਣਾ ਸਿਪਾਹੀ ਰੂਪ ਵਿਚ ਭਗਤੀ ਧਰਮ ਸਮਝਦਾ ਸੀ ਕਿ ਇਨਾਂ ਬਾਰੇ ਸੋਚਿਆ ਨਾ ਜਾਵੇ। ਨਹੀਂ ਤਾਂ ਇਨ੍ਹਾਂ ਫਰਜਾਂ ਦੇ ਨਿਭਾਣ ਵਿਚ ਜੋ ਉਸ ਨੂੰ ਇਤਨੇ ਮਹੱਤਵ ਪੂਰਣ ਦਿੱਸਦੇ ਸਨ, ਉਸ ਦੇ ਢਿੱਲਾ ਹੋ ਜਾਣ ਦਾ ਡਰ ਸੀ। ਹਫ਼ਤੇ ਵਿਚ ਇਕ ਵਾਰੀ ਬੁੱਢਾ ਜਰਨੈਲ ਕੈਦ ਕੋਠੜੀਆਂ ਦਾ ਚੱਕਰ ਲਗਾਂਦਾ ਜੋ ਉਸ ਦੀ ਪਦਵੀ ਦਾ ਇਕ ਕਰਤੱਵ ਸੀ......ਤੇ ਕੈਦੀਆਂ ਕੋਲੋਂ ਪੁੱਛਦਾ ਜੋ ਉਨ੍ਹਾਂ ਨੂੰ ਕੋਈ ਅਰਜ਼ਾ ਕਰਨੀਆਂ ਸਨ। ਕੈਦੀ ਹਰ ਕਿਸਮ ਦੀਆਂ ਅਰਜਾ ਕਰਦੇ। ਉਹ ਉਨ੍ਹਾਂ ਨੂੰ ਸ਼ਾਂਤੀ ਪੂਰਵਕ ਅਟੁੱਟ ਖਾਮੋਸ਼ੀ ਨਾਲ ਸੁਣਦਾ ਤੇ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਪੂਰੀ ਨਾ ਕਰਦਾ, ਕਿਉਂਕਿ ਇਹ ਸਭ ਅਧਿਨਿਯਮਾਂ ਦੇ ਪ੍ਰਤਿਕੂਲ ਸਨ।

ਨਖ਼ਲਿਊਦੌਫ਼ ਦੀ ਬੱਘੀ ਹਾਲੇ ਬੁੱਢੇ ਜਰਨੈਲ ਦੇ ਘਰ ਅੱਗੇ ਪਹੁੰਚੀ ਹੀ ਸੀ ਕਿ ਬੁਰਜ ਦੀ ਘੜੀ ਦੀਆਂ ਤਿਹਰੀਆਂ ਘੰਟੀਆਂ ਨੇ "ਈਸ਼ਵਰ ਕਿਤਨਾ ਮਹਾਨ ਹੈ।" ਦੀ ਸੁਰ ਦਾ ਵਾਦਨ ਕੀਤਾ, ਤੇ ਉਪਰੰਤ ਦੋ ਵਜਾਏ। ਇਨ੍ਹਾਂ ਘੰਟੀਆਂ ਦੇ ਵਾਦਨ ਨੇ ਨਖ਼ਲਿਊਦੌਫ਼ ਨੂੰ ਉਨ੍ਹਾਂ ਗੱਲਾ ਦੀ ਯਾਦ ਕਰਵਾਈ ਜੋ ਉਸ ਨੇ ਦਸੰਬਰੀਆ ਦੀਆਂ ਸਿਮਰਿਤੀਆਂ ਵਿਚ ਪੜ੍ਹੀਆਂ ਸਨ। ਕਿਵੇਂ ਇਹ ਮਿੱਠਾ ਸੰਗੀਤ ਹਰ ਘੰਟੇ ਪਿੱਛੋਂ ਦੁਹਰਾਇਆ ਜਾਣ ਤੇ ਉਮਰ-ਕੈਦੀਆਂ ਦੇ ਦਿਲਾਂ ਵਿਚ ਪ੍ਰਤੀਧੁਨੀਆਂ ਉਪਜਾਂਦਾ ਹੈ।

ਇਸ ਸਮੇਂ ਬੁੱਢਾ ਜਰਨੈਲ ਆਪਣੀ ਹਨੇਰੀ ਕੀਤੀ ਹੋਈ ਬੈਠਕ ਵਿਚ ਇਕ ਜੜਾਊ ਮੇਜ਼ ਉੱਤੇ ਬੈਠਾ ਇਕ ਨੌਜਵਾਨ ਕਲਾਕਾਰ, ਜੋ ਉਸ ਦੇ ਇਕ ਮਾਤਹਿਤ ਦਾ ਭਰਾ ਸੀ, ਦੀ ਸਹਾਇਤਾ ਨਾਲ ਇਕ ਕਾਗ਼ਜ਼ ਉੱਤੇ ਚਾਹ ਦੀ ਪਿਰਚ ਨੂੰ ਘੁਮਾ ਰਿਹਾ ਸੀ। ਕਲਾਕਾਰ ਦੀਆਂ ਪਤਲੀਆਂ ਪ੍ਰਸਿਜੀਆਂ ਮੜਾਕੂ ਉਂਗਲਾਂ ਬੁੱਢੇ ਜਰਨੈਲ ਦੀਆਂ ਝੁਰੜੀਆਂ ਭਰੀਆਂ ਤੇ ਕਰੜੀਆਂ ਗੱਠਾਂ ਵਾਲੀਆਂ ਉਂਗਲਾ ਨੂੰ ਘੁੱਟ ਰਹੀਆਂ ਸਨ, ਤੇ ਇਸ ਪ੍ਰਕਾਰ

ਜੁੜੇ ਹੋਏ ਹੱਥ ਇਕੱਠੇ ਪਿਰਚ ਨਾਲ ਇਕ ਕਾਗਜ਼ ਉਤੇ ਫਿਰ ਰਹੇ ਸਨ ਜਿਸ ਉੱਤੇ ਵਰਣਮਾਲਾ ਦੇ ਸਾਰੇ ਅੱਖਰ ਲਿਖੇ ਹੋਏ ਸਨ। ਪਿਰਚ ਜਰਨੈਲ ਦੇ ਪ੍ਰਸ਼ਨ ਦਾ ਉਤਰ ਦੇ ਰਹੀ ਸੀ ਕਿ ਮੌਤ ਪਿਛੋਂ ਰਹਾਂ ਕਿਵੇਂ ਦੂਜੀ ਨੂੰ ਪਛਾਣਨਗੀਆਂ।

ਜਦੋਂ ਨਖ਼ਲਿਊਦੌਫ਼ ਨੇ ਪਿਆਦੇ ਦਾ ਕੰਮ ਕਰ ਰਹੇ ਇਕ ਅਰਦਲੀ ਦੇ ਹੱਥ ਆਪਣਾ ਕਾਰਡ ਭੇਜਿਆ, ਤਾਂ "ਆਰਕ ਦੀ ਜੋਨ" ਦੀ ਰੂਹ ਪਿਰਚ ਦੀ ਸਹਾਇਤਾ ਨਾਲ ਬੋਲ ਰਹੀ ਸੀ। ਇਸ ਰੂਹ ਨੇ ਹੁਣ ਤਕ ਅੱਖਰ ਅੱਖਰ ਕਰ ਕੇ ਇਹ ਸ਼ਬਦ ਬਣਾਏ ਸਨ, "ਉਹ ਇਕ ਦੂਜੇ ਨੂੰ ਪਛਾਣਨਗੀਆਂ," ਤੇ ਇਹ ਸ਼ਬਦ ਲਿਖ ਲਏ ਗਏ ਸਨ। ਜਦੋਂ ਅਦਰਲੀ ਅੰਦਰ ਆਇਆ ਤਾਂ

ਪਿਰਚ ਅਗਲੇ ਅੱਖਰ ਉੱਤੇ ਆ ਖਲੋਤੀ ਸੀ ਤੇ ਫਿਰ ਇਧਰ ਉਧਰ ਹਿਲੇਰੇ ਖਾਣ ਲਗ ਪਈ ਸੀ। ਇਸ ਹਿਲਣ ਦਾ ਕਾਰਨ ਇਹ ਸੀ ਕਿ ਜਰਨੈਲ ਦੇ ਵਿਚਾਰ ਵਿਚ ਅਗਲਾ ਅੱਖਰ "5" ਹੋਣਾ ਚਾਹੀਦਾ ਸੀ...ਕਿ ਜੋਨ ਨੂੰ ਕਹਿਣਾ ਚਾਹੀਦਾ ਹੈ ਕਿ ਰੂਹਾਂ ਇਕ ਦੂਜੇ ਨੂੰ ਸਭ ਕੁਝ ਤੋਂ ਜੋ ਇਸ ਧਰਤੀ ਦਾ ਹੈ "ਪਵਿੱਤਰ" ਹੋ ਕੇ ਪਛਾਣਨਗੀਆਂ ਜਾਂ ਇਹੋ ਜੇਹਾ ਕੁਝ ਹੋਰ, ਇਹ ਵਿਚਾਰ ਕਲਾਕਾਰ ਦੇ ਵਿਚਾਰ ਨਾਲ ਟਕਰਾਂਦਾ ਸੀ ਜਿਸ ਅਨੁਸਾਰ ਅਗਲਾ ਅੱਖਰ 'ਜ' ਹੋਣਾ ਚਾਹੀਦਾ ਸੀ...ਅਰਥਾਤ, ਰੂਹਾਂ ਇਕ ਦੂਜੀ ਨੂੰ ਉਨ੍ਹਾਂ ਤਾਰਾ-ਰੂਪ ਸਰੀਰਾਂ ਵਿਚੋਂ ਨਿਕਲ ਰਹੀ 'ਜੋਤ" ਤੋਂ ਪਛਾਣਨਗੀਆਂ। ਜਰਨੈਲ ਆਪਣੇ ਸੰਘਣੇ ਚਿੱਟੇ ਭਰਵੱਟਿਆਂ ਨੂੰ ਗੰਭੀਰਤਾ ਨਾਲ ਸੁਕੜਾ ਕੇ ਪਿਰਚ ਉੱਤੇ ਜੁੜੇ ਹੱਥਾਂ ਵੱਲ ਦੇਖ ਰਿਹਾ ਸੀ ਤੇ ਇਹ ਸਮਝ ਕੇ ਕਿ ਪਿਰਚ ਆਪਣੇ ਆਪ ਫਿਰ ਰਹੀ ਸੀ ਇਸ ਨੂੰ "ਪ" ਵੱਲ ਖਿੱਚ ਰਿਹਾ ਸੀ। ਪੀਲੇ ਚਿਹਰੇ ਵਾਲਾ ਜਵਾਨ ਕਲਾਕਾਰ ਜਿਸ ਨੇ ਪਤਲੇ ਵਾਲ ਕੰਘੀ ਨਾਲ ਵਾਹ ਕੇ ਕੰਨਾਂ ਪਿੱਛੇ ਢਾਲੇ ਹੋਏ ਸਨ, ਆਪਣੀਆਂ ਨਿਰਜਿੰਦ ਨੀਲੀਆਂ ਅੱਖਾਂ ਨਾਲ ਬੈਠਕ ਦੀ ਇਕ ਨੁੱਕਰ ਵੱਲ ਤੱਕ ਰਿਹਾ ਸੀ ਤੇ ਕੰਬਦੇ ਬੁਲ੍ਹਾਂ ਨਾਲ "ਜ" ਵੱਲ ਖਿੱਚ ਰਿਹਾ ਸੀ।

ਜਰਨੈਲ ਨੇ ਇਸ ਵਿਘਨ ਉੱਤੇ ਭੈੜਾ ਜੇਹਾ ਮੂੰਹ ਵਟਿਆ, ਪਰ ਇਕ ਛਿੰਨ ਠਹਿਰ ਕੈ ਕਾਰਡ ਪਕੜ ਲਿਆ, ਐਨਕਾਂ ਲਗਾਈਆਂ ਤੇ ਇਕ ਔਖਾ ਸਾਹ ਭਰ ਕੇ ਲੱਕ ਦੀ ਪੀੜ ਦੇ ਬਾਵਜੂਦ ਉਹ ਸਿੱਧਾ ਖੜਾ ਹੋ ਗਿਆ ਤੇ ਆਪਣੀਆਂ ਸੁੰਨ ਹੋਈਆਂ ਉਂਗਲਾਂ ਨੂੰ ਮਲਣ ਲੱਗਾ।

ਦਸੰਬਰ ਇਕ ਅਜੇਹਾ ਗ੍ਰੋਹ ਸੀ ਜਿਨ੍ਹਾਂ ਨੇ ਦਸੰਬਰ, ੧੯੨੫ ਵਿਚ ਨਿਕੋਲਸ਼ ਪਹਿਲੇ ਨੇ ਤਖ਼ਤ ਬੈਠਣ ਸਮੇਂ ਇਕ ਫੌਜੀ ਬਗਾਵਤ ਨਾਲ ਰੂਸ ਵਿਚ ਨਿਰਪੇਖਵਾਦ ਨੂੰ ਖਤਮ ਕਰਨ ਦਾ ਯਤਨ ਕੀਤਾ ਸੀ।

"ਉਸ ਨੂੰ ਅਧਿਐਨ ਕਮਰੇ ਵਿਚ ਬਲਾ ਲਓ।" ਕਲਾਕਾਰ ਨੇ ਉੱਠ ਕੇ ਆਖਿਆ, "ਹਜ਼ੂਰ ਦੀ ਆਗਿਆ ਨਾਲ ਮੈਂ ਇਕੱਲਾ ਕਰ ਲੈਂਦਾ ਹਾਂ। ਮੈਂ ਆਉਂਦ ਅਨੁਭਵ ਕਰ ਰਿਹਾ ਹਾਂ।"

"ਬਹੁਤ ਅੱਛਾ, ਇਕੱਲਾ ਕਰ ਲਵੋ," ਜਰਨੈਲ ਨੇ ਰੁੱਖੇ ਜੇਹੇ ਨਬੇੜੇ ਨਾਲ ਆਖਿਆ ਤੇ ਵੱਡੇ ਮਜ਼ਬੂਤ ਤੇ ਮਿਣਵੇਂ ਕਦਮਾਂ ਨਾਲ ਤਿੱਖਾ ਤਿੱਖਾ ਅਧਿਐਨ ਕਮਰੇ ਵਿਚ ਜਾ ਵੜਿਆ।

"ਤੁਹਾਨੂੰ ਮਿਲ ਕੇ ਬਹੁਤ ਖ਼ੁਸ਼ੀ ਹੋਈ ਹੈ," ਕਰਨੈਲ ਨੇ ਨਖ਼ਲਿਊਦੌਫ਼ ਨੂੰ ਇਹ ਮਿੱਤਰਤਾ ਵਾਲੇ ਸ਼ਬਦ ਖਰ੍ਹਵੇਂ ਜੇਹੇ ਲਹਜੇ ਵਿਚ ਉਚਾਰ ਕੇ ਆਖਿਆ ਤੇ ਲਿਖਣ ਵਾਲੇ ਮੇਜ਼ ਦੇ ਨਾਲ ਪਈ ਇਕ ਬਾਹਾਂ ਵਾਲੀ ਕੁਰਸੀ ਵੱਲ ਇਸ਼ਾਰਾ ਕੀਤਾ। "ਤੁਸੀਂ ਪੀਟਰਜ਼ਬਰਗ ਤੋਂ ਚੋਖੇ ਚਿਰ ਤੋਂ ਆਏ ਹੋਏ ਹੋ ?"

ਨਖ਼ਲਿਊਦੌਫ਼ ਨੇ ਦੱਸਿਆ ਉਹ ਹਾਲੀ ਆਇਆ ਹੀ ਸੀ।

"ਕੰਵਰਾਣੀ, ਤੁਹਾਡੀ ਮਾਤਾ, ਤਕੜੀ ਹੈ ?"

"ਮੇਰੇ ਮਾਤਾ ਜੀ ਤਾਂ ਮਰ ਚੁੱਕੇ ਹਨ।"

"ਮੁਆਫ਼ ਕਰਨਾ, ਮੈਨੂੰ ਬਹੁਤ ਅਫਸੋਸ ਹੈ। ਮੇਰੇ ਪੁੱਤਰ ਨੇ ਮੈਨੂੰ ਦੱਸਿਆ ਕਿ ਉਹ ਤੁਹਾਨੂੰ ਮਿਲਿਆ ਸੀ।"

ਜਰਨੈਲ ਦਾ ਪੁੱਤਰ ਆਪਣੇ ਲਈ ਉਸ ਜੇਹਾ ਹੀ ਵਿਰਤ ਬਣਾ ਰਿਹਾ ਸੀ ਜੋ ਉਸ ਦੇ ਪਿਤਾ ਨੇ ਬਣਾਇਆ ਸੀ, ਤੇ ਸੈਨਿਕ ਅਕਾਡਮੀ ਵਿਚੋਂ ਪਾਸ ਹੋ ਕੇ ਹੁਣ ਪੁੱਛ-ਦੱਸ ਦਫ਼ਤਰ ਵਿਚ ਕੰਮ ਕਰ ਰਿਹਾ ਸੀ, ਜਿਸ ਕੰਮ ਉੱਤੇ ਉਸ ਨੂੰ ਬੜਾ ਮਾਣ ਸੀ। ਸਰਕਾਰੀ ਸੂਹੀਆਂ ਦਾ ਪ੍ਰਬੰਧ ਉਸ ਦੇ ਪਾਸ ਸੀ।

'ਹਾਂ ਮੈਂ ਤੁਹਾਡੇ ਪਿਤਾ ਨਾਲ ਨੌਕਰੀ ਕੀਤੀ ਸੀ। ਅਸੀਂ ਮਿੱਤਰ ਸਾਂ ਸਾਥੀ। ਤੇ ਕੁਸੀ ਤੁਸੀਂ ਵੀ ਨੌਕਰੀ ਵਿਚ ਹੈ ?"

"ਨਹੀਂ, ਮੈਂ ਨਹੀਂ।"

ਜਰਨੈਲ ਨੇ ਅਪ੍ਰਸੰਸਾ ਨਾਲ ਨੀਵੀਂ ਪਾ ਲਈ।

"ਜਰਨੈਲ ਸਾਹਿਬ, ਮੈਂ ਇਕ ਅਰਜ ਕਰਨੀ ਹੈ।"

"ਬੜੀ ਖੁਸ਼ੀ ਨਾਲ। ਮੈਂ ਕਿਸ ਢੰਗ ਨਾਲ ਤੁਹਾਡੀ ਸੇਵਾ ਕਰ ਸਕਦਾ ਹਾਂ ?"

"ਜੇ ਮੇਰੀ ਅਰਜ ਮੁਨਾਸਿਬ ਨਾ ਹੋਵੇ, ਮੈਨੂੰ ਖਿਮਾਂ ਕਰਨ ਦੀ ਕਿਰਪਾ ਕਰਨੀ। ਪਰ ਮੈਨੂੰ ਇਹ ਕਰਨੀ ਪੈ ਰਹੀ ਹੈ।"

"ਇਹ ਕੀ ਹੈ ?"

"ਇਕ ਆਦਮੀ, ਗੁਰਕੇ ਵਿਚ, ਕਿਲ੍ਹੇ ਵਿਚ ਕੈਦ ਹੈ। ਉਸ ਦੀ ਮਾਤਾ ਉਸ ਨਾਲ ਮੁਲਾਕਾਤ ਦੀ ਆਗਿਆ ਮੰਗਦੀ ਹੈ ਜਾਂ ਘੱਟੋ ਘੱਟ ਉਸ ਨੂੰ ਕੁਝ ਕਿਤਾਬਾਂ ਭੇਜਣ ਦੀ।"

ਜਰਨੈਲ ਨੇ ਨਖ਼ਲਿਊਦੋਂਫ਼ ਦੀ ਬੇਨਤੀ ਉੱਤੇ ਪ੍ਰਸੰਸਾ ਜਾਂ ਅਪ੍ਰਸੰਸਾ ਕੁਝ ਨਾ ਪ੍ਰਗਟ ਕੀਤੀ ਅੱਖਾਂ ਬੰਦ ਕਰ ਲਈਆਂ, ਜਿਵੇਂ ਉਹ ਸੋਚ ਰਿਹਾ ਹੋਵੇ। ਪਰ ਆਪਣਾ ਸਿਰ ਇਕ ਪਾਸੇ ਸੁੱਟ ਕੇ ਅਸਲ ਵਿਚ ਉਹ ਸੋਚ ਕੁਝ ਨਹੀਂ ਰਿਹਾ ਸੀ। ਉਸ ਨੂੰ ਨਖ਼ਲਿਊਦੋਂਫ਼ ਦੀਆਂ ਬੇਨਤੀਆਂ ਵਿਚ ਦਿਲਚਸਪੀ ਨਹੀਂ ਸੀ ਤੇ ਪਤਾ ਸੀ ਕਿ ਉਹ ਕਾਨੂੰਨ ਅਨੁਸਾਰ ਉਨ੍ਹਾਂ ਦਾ ਜਵਾਬ ਦੇਵੇਗਾ। ਉਹ ਕੇਵਲ ਆਪਣੇ ਚਿੱਤ ਨੂੰ ਸੁਸਤਾ ਰਿਹਾ ਸੀ ਤੇ ਸੋਚ ਬਿਲਕੁਲ ਨਹੀਂ ਸੀ ਰਿਹਾ।

"ਵੇਖੋ ਨਾ, ਇਹ ਮੇਰੇ ਵੱਸ ਨਹੀਂ।" ਉਸ ਨੇ ਅੰਤ ਨੂੰ ਆਖਿਆ।

"ਮਹਾਰਾਜ ਅਧਿਰਾਜ ਵੱਲੋਂ ਪੱਕਾ ਕੀਤਾ ਹੋਇਆ ਇਕ ਨਿਯਮ ਹੈ, ਮੁਲਾਕਾਤਾਂ ਬਾਰੇ ਤੇ ਕਿਤਾਬਾਂ ਬਾਰੇ ਸਾਡੇ ਪਾਸ ਮੁਨਾਸਿਬ ਕਿਤਾਬਾਂ ਦੀ ਇਕ ਲਾਇਬਰੇਰੀ ਹੈ ਤੇ ਇਸ ਵਿਚੋਂ ਆਗਿਆ ਅਨੁਸਾਰ ਉਹ ਕਿਤਾਬਾਂ ਲੈ ਸਕਦੇ ਹਨ।"

"ਹਾਂ, ਪਰ ਉਹ ਵਿਗਿਆਨ ਦੀਆਂ ਪੁਸਤਕਾਂ ਮੰਗਦਾ ਹੈ, ਉਹ ਪੜ੍ਹਾਈ ਕਰਨੀ ਚਾਹੁੰਦਾ ਹੈ।"

"ਇਨ੍ਹਾਂ ਗੱਲਾਂ ਵਿਚ ਯਕੀਨ ਨਾ ਕਰੋ," ਜਰਨੈਲ ਗੁਰਗਰਾਇਆ ਤੇ ਕੁਝ ਚਿਰ ਚੁੱਪ ਰਿਹਾ। "ਉਹ ਪੜ੍ਹਨਾ ਨਹੀਂ ਚਾਹੁੰਦਾ, ਇਹ ਕੇਵਲ ਬੇਚੈਨੀ ਹੈ।"

"ਪਰ ਕੀ ਕੀਤਾ ਜਾਵੇ ? ਇਸ ਕਠੋਰ ਦਸ਼ਾ ਵਿਚ ਉਨ੍ਹਾਂ ਨੇ ਕਿਸੇ ਨਾ ਕਿਸੇ ਤਰ੍ਹਾਂ ਆਪਣਾ ਸਮਾਂ ਲੰਘਾਣਾ ਹੈ।" ਨਖ਼ਲਿਊਦੋਂਫ਼ ਨੇ ਕਿਹਾ।

"ਉਹ ਹਮੇਸ਼ਾ ਕੁਰਲਾਂਦੇ ਰਹਿੰਦੇ ਹਨ,' ਜਰਨੈਲ ਨੇ ਕਿਹਾ, "ਅਸੀਂ ਉਨ੍ਹਾਂ ਨੂੰ ਜਾਣਦੇ ਹਾਂ।" ਉਹ ਉਨ੍ਹਾਂ ਬਾਰੇ ਇਸ ਸਾਮਾਨ ਢੰਗ ਨਾਲ ਕਹਿ ਰਿਹਾ ਸੀ ਜਿਵੇਂ ਉਹ ਇਕ ਖ਼ਾਸ ਭੇਡੀ ਨਸਲ ਦੇ ਆਦਮੀ ਹੋਣ।

"ਉਨ੍ਹਾਂ ਨੂੰ ਇੱਥੇ ਅਜੇਹੀਆਂ ਸਹੂਲਤਾਂ ਹਨ ਜੋ ਹੋਰ ਬਹੁਤ ਘੱਟ ਕੈਦਖਾਨਿਆਂ ਵਿਚ ਮਿਲਦੀਆਂ ਹਨ," ਜਰਨੈਲ ਨੇ ਆਖਿਆ। ਤੇ ਜਿਵੇਂ ਆਪਣੀ ਗੱਲ ਸਿੱਧ ਕਰਨੀ ਹੋਵੇ

ਉਹ ਉਨ੍ਹਾਂ ਸਹੂਲਤਾਂ ਨੂੰ ਗਿਣਨ ਲੱਗਾ ਜੋ ਬੰਦੀਆਂ ਨੂੰ ਮਿਲਦੀਆਂ ਸਨ, ਜਿਵੇਂ ਇਸ ਸੰਸਥਾ ਦਾ ਉਦੇਸ਼ ਕੈਦ ਹੋਇਆਂ ਨੂੰ ਇਕ ਸਖਾਵਾਂ ਘਰ ਦੇਣਾ ਹੋਵੇ।

"ਇਹ ਸੱਚ ਹੈ ਕਿ ਪਹਿਲਾਂ ਉੱਥੇ ਕੁਝ ਤੰਗੀ ਹੁੰਦੀ ਸੀ ਪਰ ਹੁਣ ਉਨ੍ਹਾਂ ਨੂੰ ਉੱਥੇ ਬਹੁਤ ਚੰਗੀ ਤਰ੍ਹਾਂ ਰੱਖਿਆ ਜਾਂਦਾ ਹੈ।" ਉਸ ਨੇ ਗੱਲ ਜਾਰੀ ਰੱਖੀ, "ਸੰਝ ਭੋਜਨ ਵਿਚ ਉਨ੍ਹਾਂ ਨੂੰ ਤਿੰਨ ਪਦਾਰਥ ਮਿਲਦੇ ਹਨ, ਤੇ ਉਨਾਂ ਵਿਚੋਂ ਇਕ ਮਾਸ ਹੈ, ਕਬਾਬ ਜਾਂ ਕੋਫਤੇ, ਐਤਵਾਰ ਨੂੰ ਉਨਾਂ ਨੂੰ ਚੌਥਾ ਪਦਾਰਥ ਮਿਲਦਾ ਹੈ, ਇਕ ਮਿੱਠੀ ਚੀਜ਼। ਈਸ਼ਵਰ ਕਰੇ ਹਰ ਇਕ ਰੂਸੀ ਨੂੰ ਅਜੇਹਾ ਰਹਿਣ ਨੂੰ ਮਿਲੇ ਜੇਹਾ ਉਹ ਰਹਿੰਦੇ ਹਨ।"

ਸਾਰੇ ਬਿਰਧ ਲੋਕਾਂ ਵਾਕਰ, ਜਰਨੈਲ ਇਕ ਵਾਰੀ ਜਾਣੀ-ਪਛਾਣੀ ਗੱਲ ਛੇੜ ਕੇ ਉਨ੍ਹਾਂ ਸਾਰੇ ਸਬੂਤਾਂ ਦੀ ਗਿਣਤੀ ਕਰਨ ਲੱਗਾ ਜੋ ਉਸਨੇ ਪਹਿਲਾਂ ਬਹੁਤ ਵਾਰ ਕੈਦੀਆਂ ਦੀਆਂ ਮੰਗਾਂ ਦੇ ਅਯੋਗ ਹੋਣ ਤੇ ਉਨ੍ਹਾਂ ਦੀ ਕਿਰਤਘਣਤਾ ਬਾਰੇ ਦਿੱਤੇ ਹੋਏ ਸਨ।

"ਉਨ੍ਹਾਂ ਨੂੰ ਧਾਰਮਕ ਵਿਸ਼ਿਆਂ ਉੱਤੇ ਪੁਸਤਕਾਂ ਤੇ ਪੁਰਾਣੇ ਮਾਸਕ ਪੱਤਰ ਮਿਲਦੇ ਹਨ। ਸਾਡੇ ਪਾਸ ਇਕ ਪੁਸਤਕਾਲਾ ਹੈ। ਪਰ ਉਹ ਬਹੁਤ ਘਟ ਪੜ੍ਹਦੇ ਹਨ। ਪਹਿਲਾਂ ਪਹਿਲਾਂ ਉਹ ਰੁਚਿਤ ਜਾਪਦੇ ਹਨ। ਪਰ ਪਿੱਛੋਂ ਜਾ ਕੇ ਨਵੀਆਂ ਪੁਸਤਕਾਂ ਦੇ ਅੱਧੇ ਪੰਨੇ ਅਣਕੱਟੇ ਤੇ ਪੁਰਾਣੀਆਂ ਦੇ ਪੱਤਰੇ ਅਣ-ਪਲਟੇ ਰਹਿ ਜਾਂਦੇ ਹਨ। ਅਸੀਂ ਇਹ ਜਾਂਚ ਕੀਤੀ ਹੈ," ਬੁੱਢੇ ਜਰਨੈਲ ਨੇ ਇਕ ਮੱਧਮ ਜੇਹੀ ਮੁਸਕਾਣ ਨਾਲ ਆਖਿਆ, "ਅਸੀਂ ਜਾਣ ਬੁਝ ਕੇ ਪੁਸਤਕ ਵਿਚ ਕਾਗਜ਼ ਦੇ ਟੁਕੜੇ ਰਖੇ ਤੇ ਉਹ ਜਿੱਥੇ ਰਖੇ ਸਨ, ਪਏ ਰਹੇ। ਲਿਖਣਾ ਵੀ ਮਨ੍ਹਾਂ ਨਹੀਂ," ਉਸਨੇ ਗੱਲ ਜਾਰੀ ਰੱਖੀ। "ਇਕ ਸਲੇਟ ਦਿੱਤੀ ਜਾਂਦੀ ਤੇ ਇਕ ਸਲੇਟੀ-ਪਿਨਸਲ ਤਾਂ ਜੋ ਮਨ-ਪ੍ਰਚਾਵੇ ਲਈ ਲਿਖ ਸਕਣ, ਉਹ ਸਲੇਟ ਪੂੰਝ ਕੇ ਮੁੜ ਲਿਖ ਸਕਦੇ ਹਨ, ਪਰ ਉਹ ਲਿਖਦੇ ਵੀ ਨਹੀਂ, ਪਰ ਬੜੀ ਛੇਤੀ ਸ਼ਾਂਤ ਹੋ ਜਾਦੇ ਹਨ। ਪਹਿਲਾਂ ਪਹਿਲਾਂ ਉਹ ਬੇਚੈਨ ਜਾਪਦੇ ਹਨ ਪਰ ਪਿੱਛੋਂ ਜਾਕੇ ਉਹ ਮੋਟੇ ਵੀ ਹੋ ਜਾਂਦੇ ਹਨ ਤੇ ਬਿਲਕੁਲ ਸ਼ਾਂਤ।" ਜਰਨੈਲ ਕਹਿੰਦਾ ਗਿਆ। ਉਸਨੂੰ ਕੋਈ ਖ਼ਿਆਲ ਨਹੀਂ ਸੀ ਕਿ ਉਸਦੇ ਸ਼ਬਦਾਂ ਦੇ ਅਰਥ ਕਿਤਨੇ ਕਰੂਰ ਸਨ।

ਨਖ਼ਲਿਊਦੌਫ਼ ਨੇ ਬੁੱਢੇ ਦੀ ਅੱਧੀ ਅਵਾਜ਼ ਸੁਣੀ। ਉਸਦੇ ਸਖ਼ਤ ਹੋਏ ਅੰਗਾਂ, ਚਿੱਟੇ ਭਰਵੱਟਿਆਂ ਹੇਠ ਬੇਚਮਕ ਅੱਖਾਂ ਸਫਾਚੱਟ ਢਿੱਲੇ ਜਬਾੜੇ, ਇਨ੍ਹਾਂ ਦੇ ਹੇਠਾਂ ਫ਼ੌਜੀ ਵਰਦੀ ਦੇ ਕਾਲਰ, ਸਭ ਕੁਝ ਤੱਕਿਆ ਤੇ ਉਸ ਚਿੱਟੀ ਸੂਲੀ ਵੱਲ ਜਿਸ ਉੱਤੇ ਇਸ ਪੁਰਸ਼ ਨੂੰ ਇਤਨਾ

ਮਾਣ ਸੀ, ਬਹੁਤਾ ਇਸ ਕਰਕੇ ਕਿ ਉਸ ਨੂੰ ਇਹ ਇਕ ਬਹੁਤ ਕਠੋਰ ਤੇ ਵੱਡਾ ਕਤਲਾਮ ਕਰ ਕੇ ਪ੍ਰਾਪਤ ਹੋਈ ਸੀ, ਤੇ ਉਹ ਜਾਣਦਾ ਸੀ ਕਿ ਬੁੱਢੇ ਦਾ ਉੱਤਰ ਦੇਣਾ ਜਾਂ ਉਸ ਨੂੰ ਉਸ ਦੇ ਸ਼ਬਦਾਂ ਦਾ ਭਾਵ ਸਮਝਾਣਾ ਵਿਅਰਥ ਸੀ। ਉਸ ਨੇ ਇਕ ਹੋਰ ਯਤਨ ਕਰਕੇ, ਕੈਦਣ ਸ਼ੁਸਤਫ਼ਾ ਬਾਰੇ ਪੁੱਛਿਆ, ਜਿਸ ਦੀ ਰਿਹਾਈ ਦਾ, ਜਿਵੇਂ ਉਸ ਨੂੰ ਸਵੇਰੇ ਪਤਾ ਲੱਗਾ ਸੀ, ਹੁਕਮ ਹੋ ਚੁੱਕਾ ਸੀ।

"ਸ਼ੁਸਤਫ਼ਾ.... ਸ਼ੁਸਤਫ਼ਾ ? ਮੈਨੂੰ ਇਨ੍ਹਾਂ ਸਾਰਿਆਂ ਦੇ ਨਾਂ ਯਾਦ ਨਹੀਂ ਰਹਿੰਦੇ, ਇਹ ਬਹੁਤ ਸਾਰੇ ਹਨ।" ਉਸ ਨੇ ਆਖਿਆ ਜਿਵੇਂ ਉਹ ਉਨ੍ਹਾਂ ਦੇ ਬਹੁਤੇ ਹੋਣ ਦੀ ਨਿਖੇਧੀ ਕਰ ਰਿਹਾ ਹੋਵੇ। ਉਸ ਨੇ ਘੰਟੀ ਦਬਾਈ ਤੇ ਆਪਣੇ ਸਕੱਤਰ ਨੂੰ ਬੁਲਾਣ ਲਈ ਆਖਿਆ। ਸਕੱਤਰ ਦੇ ਆਉਣ ਤਕ ਉਹ ਨਖ਼ਲਿਊਦੌਫ਼ ਨੂੰ ਨੌਕਰੀ ਕਰਨ ਦੀ ਪੇਰਣਾ ਕਰਨ ਲੱਗਾ ਤੇ ਆਖਣ ਲੱਗਾ ਕਿ ਦਿਆਨਤਦਾਰ ਉੱਚ ਕੁਲੀਨ ਲੋਕ (ਜਿਨ੍ਹਾਂ ਵਿਚ ਉਹ ਆਪਣੇ ਆਪ ਨੂੰ ਗਿਣਦਾ ਸੀ) ਜ਼ਾਰ ਨੂੰ ਤੇ ਦੇਸ ਨੂੰ ਖ਼ਾਸ ਕਰਕੇ ਲੋੜੀਂਦੇ ਸਨ।" "ਦੇਸ਼" ਸ਼ਬਦ ਉਸ ਨੇ ਸਪੱਸ਼ਟ ਹੈ, ਆਪਣੇ ਵਾਕ ਨੂੰ ਸੁਹਾਣਾ ਬਣਾਣ ਲਈ ਆਖਿਆ। "ਮੈਂ ਬੁੱਢਾ ਹਾਂ ਪਰ ਹਾਲੇ ਵੀ ਨੌਕਰੀ ਕਰ ਰਿਹਾ ਹਾਂ ਜਿੱਥੇ ਤਕ ਮੇਰੀ ਸ਼ਕਤੀ ਹੈ।"

ਸਕੱਤਰ ਅੰਦਰ ਆਇਆ। ਉਹ ਇਕ ਰੁੱਖਾ, ਲਿੱਸਾ ਮਾਂਦਾ, ਬੇਚੈਨ ਤੇ ਚਤੁਰ ਅੱਖਾਂ ਵਾਲਾ ਆਦਮੀ ਸੀ। ਉਸ ਨੇ ਦੱਸਿਆ ਕਿ ਸ਼ੋਸਤੋਫ਼ਾ ਕਿਸੇ ਅਨੋਖੀ ਕਿਲ੍ਹੇ ਬੰਦ ਥਾਉਂ ਕੈਦ ਸੀ, ਤੇ ਉਸ ਨੂੰ ਇਸ ਬਾਰੇ ਕੋਈ ਹੁਕਮ ਨਹੀਂ ਮਿਲਿਆ ਸੀ।

"ਜਦੋਂ ਸਾਨੂੰ ਹੁਕਮ ਆ ਗਿਆ। ਅਸੀਂ ਉਸੇ ਦਿਨ ਉਸ ਨੂੰ ਛੱਡ ਦੇਵਾਂਗੇ। ਅਸੀਂ ਇਨ੍ਹਾਂ ਨੂੰ ਰੱਖਣਾ ਨਹੀਂ ਚਾਹੁੰਦੇ, ਅਸੀਂ ਇਨ੍ਹਾਂ ਦੇ ਆਉਣ ਦੀ ਬਹੁਤੀ ਲਾਲਸਾ ਨਹੀਂ ਰੱਖਦੇ" ਜਰਨੈਲ ਨੇ ਇਕ ਹੋਰ ਖਿਡਾਰ ਮੁਸਕਾਣ ਦਾ ਯਤਨ ਕਰਕੇ ਆਖਿਆ। ਪਰ ਇਸ ਨਾਲ ਉਸ ਦੇ ਬੁੱਢੇ ਨੈਣ-ਨੱਕਸ਼ ਹੋਰ ਵਿਗੜ ਜੇਹੇ ਗਏ।

ਨਖ਼ਲਿਊਦੌਫ਼ ਉੱਠਿਆ। ਉਸ ਨੇ ਇਸ ਨਿਰਦਈ ਬੁੱਢੇ ਵੱਲ ਘ੍ਰਿਣਾ ਤੇ ਕਰੁਣਾ ਦੇ ਮਿਸ਼ਰਤ ਭਾਵਾਂ ਦੇ ਪ੍ਰਗਟਾਉ ਨੂੰ ਮਸਾਂ ਹੀ ਰੋਕਿਆ। ਦੂਜੇ ਪਾਸੇ, ਬੁੱਢੇ ਨੇ ਮਹਿਸੂਸ ਕੀਤਾ ਕਿ ਉਸ ਨੂੰ ਆਪਣੇ ਪੁਰਾਣੇ ਸਾਥੀ ਦੇ ਵਿਚਾਰਹੀਣ ਤੇ ਸਪਸ਼ਟ ਭਾਂਤ ਗੁਮਰਾਹ ਪੁੱਤਰ ਵੱਲ ਬਹੁਤ ਕਠੋਰ ਨਹੀਂ ਹੋਣਾ ਚਾਹੀਦਾ ਤੇ ਉਸ ਨੂੰ ਚੰਗੀ ਮੱਤ ਦੇ ਕੇ ਭੇਜਣਾ ਚਾਹੀਦਾ ਹੈ।

"ਰੱਬ ਰਖੇ, ਮੇਰੇ ਪਿਆਰੇ ਮਿੱਤਰ, ਮੇਰੀ ਗੱਲ ਦਾ ਬੁਰਾ ਨਾ ਮਨਾਣਾ। ਇਹ ਮੇਰਾ ਪਿਆਰ ਹੈ ਜੋ ਮੈਥੋਂ ਇਹ ਕੁਝ ਅਖਵਾ ਰਿਹਾ ਹੈ। ਅਜਿਹੇ ਲੋਕਾਂ ਦੀ, ਜੋ ਇੱਥੇ ਸਾਡੇ ਪਾਸ ਹਨ, ਸੰਗਤ ਤੋਂ ਦੂਰ ਰਹੋ। ਇਨ੍ਹਾਂ ਵਿਚ ਕੋਈ ਨਿਰਦੋਸ਼ ਨਹੀਂ। ਇਹ ਸਭ ਅਤਿ ਦੁਰਾਚਾਰੀ ਹਨ। ਅਸੀਂ ਇਨ੍ਹਾਂ ਨੂੰ ਜਾਣਦੇ ਹਾਂ।" ਉਸ ਨੇ ਅਜਿਹੇ ਸੁਰ ਵਿਚ ਆਖਿਆ ਜਿਸ ਅੱਗੇ ਸ਼ੰਕਾ ਦੀ ਕੋਈ ਸੰਭਾਵਨਾ ਨਹੀਂ ਸੀ।

ਤੇ ਉਸ ਨੂੰ ਕੋਈ ਸ਼ੰਕਾ ਨਹੀਂ ਸੀ, ਇਸ ਲਈ ਨਹੀਂ ਕਿ ਇਹ ਗੱਲ ਠੀਕ ਸੀ। ਇਸ ਲਈ ਕਿ ਜੇ ਇਹ ਠੀਕ ਨਾ ਹੋਵੇ ਤਾਂ ਉਸ ਨੂੰ ਮੰਨਣਾ ਪਵੇਗਾ ਕਿ ਉਹ ਇਕ ਉੱਚ ਸੂਰਬੀਰ, ਆਪਣੇ ਸਭ ਜੀਵਨ ਦੇ ਅੰਤਮ ਦਿਨ ਬਤੀਤ ਕਰ ਰਿਹਾ, ਨਹੀਂ, ਇਕ ਬਦਮਾਸ਼ ਸੀ ਜਿਸ ਨੇ ਆਪਣੀ ਆਤਮਾ ਵੇਚੀ ਹੋਈ ਸੀ ਤੇ ਆਪਣੀ ਬੁੱਢੀ ਉੱਮਰ ਵਿਚ ਵੀ ਉਸ ਨੂੰ ਹੋਰ ਵਧੇਰੇ ਵੇਚੀ ਜਾ ਰਿਹਾ ਸੀ।

"ਸਭ ਤੋਂ ਚੰਗੀ ਗੱਲ ਇਹ ਹੈ, ਜਾਉ, ਉਸ ਦੀ ਸੇਵਾ ਵਿਚ ਜ਼ਾਰ ਨੂੰ ਭਲੇ ਪੁਰਸ਼ਾਂ ਦੀ ਲੋੜ ਹੈ.. ਤੇ ਦੇਸ਼ ਨੂੰ," ਉਸ ਨੇ ਵਧਾਇਆ। "ਫਰਜ਼ ਕਰੋ ਜੇ ਮੈਂ ਤੇ ਹੋਰ ਸੇਵਾ ਤੋਂ ਇਨਕਾਰੀ ਹੋ ਜਾਈਏ ਜਿਵੇਂ ਤੁਸੀਂ ਹੋ, ਤਾਂ ਫਿਰ ਕੌਣ ਰਹਿ ਜਾਵੇਗਾ। ਅਸੀਂ ਇੱਥੇ ਬੈਠੇ ਰਾਜ ਪ੍ਰਬੰਧ ਵਿਚ ਨੁਕਸ ਕੱਢ ਰਹੇ ਹਾਂ, ਪਰ ਇਸ ਦੀ ਮਦਦ ਨਹੀਂ ਕਰਨਾ ਚਾਹੁੰਦੇ।"

ਇਕ ਡੂੰਘਾ ਸਾਹ ਭਰ ਕੇ ਨਖ਼ਲਿਊਦੌਫ਼ ਨੇ ਝੁਕ ਕੇ ਨਮਸਕਾਰ ਕੀਤੀ ਤੇ ਮਿਹਰਬਾਨੀ ਨਾਲ ਉਸ ਵੱਲ ਵਧਾਏ ਵੱਡੇ ਸਾਰੇ ਹੱਡਲ ਹੱਥ ਨਾਲ ਹੱਥ ਮਿਲਾਇਆ ਤੇ ਕਮਰੇ ਵਿਚੋਂ ਬਾਹਰ ਆ ਗਿਆ।

ਜਰਨੈਲ ਨੇ ਅਪ੍ਰਸੰਸਾ ਨਾਲ ਸਿਰ ਹਿਲਾਇਆ, ਤੇ ਢਾਕਾਂ ਉਤੇ ਹੱਥ ਮਲਦਾ ਹੋਇਆ। ਬੈਠਕ ਵਿਚ ਵਾਪਸ ਚਲਾ ਗਿਆ ਜਿਥੇ ਕਲਾਕਾਰ ਉਸ ਦੀ ਉਡੀਕ ਕਰ ਰਿਹਾ ਸੀ। ਆਰਕ ਦੀ ਜੋਨ ਦੀ ਰੂਹ ਵੱਲੋਂ ਦਿੱਤਾ ਉੱਤਰ ਲਿਖਿਆ ਜਾ ਚੁੱਕਾ ਸੀ। ਜਰਨੈਲ ਨੇ ਅੱਖਾਂ ਉਤੇ ਐਨਕ ਰਖੀ ਤੇ ਪੜ੍ਹਿਆ," ਉਹ ਇਕ ਦੂਜੇ ਨੂੰ ਉਨ੍ਹਾਂ ਦੇ ਤਾਰਾ ਮਈ ਸਰੀਰ ਵਿਚੋਂ ਨਿਕਲ ਰਹੀ ਜੋਤ ਤੋਂ ਪਛਾਨਣਗੀਆਂ।"

"ਹਾਂ," ਜਰਨੈਲ ਨੇ ਪ੍ਰਸੰਸਾ ਨਾਲ ਆਖਿਆ ਤੇ ਅੱਖਾਂ ਮੀਟ ਲਈਆਂ। "ਪਰ ਕੋਈ ਕਿਵੇਂ ਪਛਾਣੇਗਾ, ਜੇ ਸਭ ਦੀ ਜੋਤ ਇਕੋ ਜੇਹੀ ਹੋਈ ?" ਉਸ ਨੇ ਪੁੱਛਿਆ ਤੇ ਫਿਰ ਪਿਰਚ ਉਤੇ ਕਲਾਕਾਰ ਦੀਆਂ ਉਂਗਲਾਂ ਨਾਲ ਉਂਗਲਾਂ ਪਲਚਾ ਲਈਆਂ।

ਬੱਘੀ ਨਖ਼ਲਿਊਦੌਫ਼ ਨੂੰ ਦਰਵਾਜ਼ੇ ਤੋਂ ਬਾਹਰ ਲੈ ਗਈ।

"ਇੱਥੇ ਬਹੁਤ ਬੇਰੌਣਕੀ ਹੈ, ਸਰਕਾਰ," ਬੱਘੀ ਵਾਲੇ ਨੇ ਨਖ਼ਲਿਊਦੌਫ਼ ਵੱਲ ਮੁੜ ਕੇ ਆਖਿਆ। 'ਮੇਰਾ ਜੀ ਕਰਦਾ ਸੀ ਤੁਹਾਨੂੰ ਇੱਥੇ ਛੱਡ ਕੇ ਬੱਘੀ ਛੇੜ ਲੈ ਜਾਵਾਂ।"

"ਹਾਂ, ਬਹੁਤ ਬੇਰੌਣਕੀ ਹੈ," ਨਖ਼ਲਿਊਦੌਫ਼ ਨੇ ਸਹਿਮਤ ਹੋ ਕੇ ਆਖਿਆ ਤੇ ਇਕ ਡੂੰਘਾ ਸਾਹ ਭਰਿਆ, ਅਤੇ ਆਕਾਸ਼ ਵਿਚ ਤੈਰ ਰਹੇ ਭੂਰੇ ਬਦਲਾਂ ਉੱਤੇ ਤੇ ਨੀਵਾ ਉੱਤੇ ਕਿਸ਼ਤੀਆਂ ਤੇ ਜਹਾਜ਼ਾਂ ਦੀਆਂ ਉਤਪੰਨ ਕੀਤੀਆਂ ਚਮਕਦੀਆਂ ਲਹਿਰਾਂ ਉਤੇ ਇਕ ਸੁਖ ਜੇਹਾ ਮਹਿਸੂਸ ਕਰ ਕੇ ਤੱਕਿਆ।

-0-

20

ਅਗਲੇ ਦਿਨ ਸੈਨਿਟ ਅੱਗੇ ਮਸਲੌਫ਼ਾ ਦੀ ਅਪੀਲ ਪੇਸ਼ ਹੋਣੀ ਸੀ, ਤੇ ਨਖ਼ਲਿਊਦੋਫ਼ ਤੇ ਵਕੀਲ ਇਸ ਦੇ ਸ਼ਾਹੀ ਠਾਠ ਵਾਲੇ ਦੁਆਰਾਂ ਉਤੇ, ਜਿੱਥੇ ਕਈ ਬੱਘੀਆਂ ਖੜੀਆਂ ਸਨ, ਆ ਮਿਲੇ। ਪਹਿਲੀ ਛੱਤ ਦੀਆਂ ਵੱਡੀ ਠਾਠ ਤੇ ਛੱਬ ਵਾਲੀਆਂ ਪੌੜੀਆਂ ਚੜ੍ਹ ਕੇ, ਫਨਾਰਿਨ, ਜੋ ਇਸ ਥਾਂ ਦੇ ਅੰਦਰ ਬਾਹਰ ਤੋਂ ਜਾਣੂੰ ਸੀ, ਖੱਬੇ ਹੱਥ ਨੂੰ ਮੁੜਿਆ ਤੇ ਇਕ ਦਰਵਾਜ਼ੇ ਥਾਣੀਂ ਲੰਘ ਗਿਆ, ਜਿਸ ਉੱਤੇ ਨਿਯਮਾਵਲੀ ਦੇ ਚਾਲੂ ਹੋਣ ਦੀ ਤਰੀਕ ਲਿਖੀ ਹੋਈ ਸੀ।

ਇਸ ਤੰਗ ਕਮਰੇ ਵਿਚ ਆਪਣਾ ਓਵਰ ਕੋਟ ਉਤਾਰ ਕੇ ਉਸ ਨੂੰ ਹਜ਼ੂਰੀਏ ਪਾਸੋਂ ਪਤਾ ਲਗਾ ਕਿ ਸੈਨੇਟਰ, ਸਾਰੇ ਅੰਦਰ ਸਨ, ਤੇ ਛੇਕੜਲਾ ਹਾਲੀ ਆ ਕੇ ਹੀ ਵੜਿਆ ਸੀ। ਫਨਾਰਿਨ ਆਪਣੇ ਦੋ-ਦੰਮੇ ਕੋ ਵਿਚ ਚਿੱਟੇ ਕਮੀਜ਼ ਉਤੇ ਚਿੱਟੀ ਟਾਈ ਲਗਾਈ, ਤੇ ਬੁਲ੍ਹਾ ਉਤੇ ਇਕ ਆਤਮ-ਵਿਸ਼ਵਾਸੀ ਮੁਸਕਾਣ ਲਈ ਨਾਲ ਦੇ ਕਮਰੇ ਵਿਚ ਲੰਘ ਗਿਆ। ਉਥੇ ਸੱਜੇ ਹੱਥ ਇਕ ਵੱਡੀ ਅਲਮਾਰੀ ਤੇ ਮੇਜ਼ ਸਨ ਤੇ ਖੱਬੇ ਇਕ ਘੁੰਮਣੀ ਘੋੜੀ ਜਿਸ ਤੋਂ ਇਕ ਛਬੀਲਾ ਕਰਮਚਾਰੀ ਵਰਦੀ ਪਹਿਨੀ ਤੇ ਕੱਛ ਵਿਚ ਪੋਰਟਫੋਲੀਓ ਚੁੱਕੀ ਉਤਰ ਰਿਹਾ ਸੀ। ਇਸ ਕਮਰੇ ਵਿਚ ਲੰਮੇ ਚਿੱਟੇ ਵਾਲਾਂ ਵਾਲਾ ਤੇ ਬਜ਼ੁਰਗੀ ਸ਼ਾਨ ਵਾਲਾ ਇਕ ਬਿਰਧ ਹਰ ਕਿਸੇ ਦਾ ਧਿਆਨ ਖਿੱਚ ਰਿਹਾ ਸੀ। ਉਸ ਨੇ ਇਕ ਛੋਟਾ ਕੋਟ ਤੇ ਖ਼ਾਕੀ ਪਤਲੂਣ ਪਹਿਨੀ ਹੋਈ ਸੀ। ਉਸ ਦੇ ਪਾਸ ਦੇ ਸੇਵਕ ਬੜੇ ਆਦਰ ਭਾਵ ਨਾਲ ਖੜੇ ਸਨ। ਚਿੱਟੇ ਵਾਲਾਂ ਵਾਲੇ ਬਿਰਧ ਨੇ ਅਲਮਾਰੀ ਵਿਚ ਵੜ ਕੇ ਇਸ ਨੂੰ ਬੰਦ ਕਰ ਲਿਆ।

ਫਨਾਰਿਨ ਨੇ ਇਕ ਆਪਣੇ ਵਰਗੇ ਹੀ ਚਿੱਟੀ ਟਾਈ ਤੇ ਕੋਟ ਪਹਿਨੇ ਵਕੀਲ ਨੂੰ ਵੇਖਿਆ ਤੇ ਇਕ ਦਮ ਉਸ ਨਾਲ ਉੱਚੀ ਉੱਚੀ ਗੱਲਾਂ ਕਰਨੀਆਂ ਸ਼ੁਰੂ ਕੀਤੀਆਂ। ਇਤਨਾ ਚਿਰ ਨਖ਼ਲਿਊਦੋਫ਼ ਕਮਰੇ ਵਿਚ ਲੋਕਾਂ ਨੂੰ ਤਾੜਦਾ ਰਿਹਾ। ਸਾਧਾਰਣ ਇੱਥੇ ਪੰਦਰਾਂ ਕੁ ਜਣੇ ਸਨ ਜਿਨ੍ਹਾਂ ਵਿਚੋਂ ਦੋ ਇਸਤਰੀਆਂ ਸਨ, ਇਕ ਡੰਡੀ-ਰਹਿਤ ਐਨਕਾਂ ਵਾਲੀ ਜਵਾਨ, ਤੇ ਦੂਜੀ ਚਿੱਟੇ ਸਿਰ ਵਾਲੀ ਬੁੱਢੀ।

ਉਸ ਦਿਨ ਇਕ ਹੱਤਕ ਦੇ ਮੁਕੱਦਮੇ ਦੀ ਸੁਣਵਾਈ ਹੋਣੀ ਸੀ। ਜਿਸ ਕਰ ਕੇ ਲੋਕਾਈ ਸਾਧਾਰਣ ਨਾਲੋਂ ਵਧੇਰੇ ਜੁੜੀ ਹੋਈ ਸੀ..... ਬਹੁਤੇ ਅਖ਼ਬਾਰੀ ਦੁਨੀਆ ਦੇ ਪ੍ਰਤੀਨਿਧ ਸਨ।

ਦਰਬਾਨ, ਇਕ ਲਾਲ ਗੱਲ੍ਹਾਂ ਵਾਲਾ ਸੁਨੱਖਾ ਆਦਮੀ, ਛਬਦਾਰ ਵਰਦੀ ਪਾਈ, ਹੱਥ ਵਿਚ ਇਕ ਕਾਗ਼ਜ਼ ਪਕੜੀ,ਫਨਾਰਿਨ ਕੋਲ ਆਇਆ ਤੇ ਉਸ ਪਾਸੋਂ ਆਉਣ ਦਾ ਮਨੋਰਥ ਪੁੱਛਣ ਲੱਗਾ।

ਜਦੋਂ ਉਸ ਨੇ ਸੁਣਿਆ ਕਿ ਇਹ ਮਸਲੈਂਫ਼ਾ ਦੀ ਅਪੀਲ ਸੀ ਤਾਂ ਕਾਗਜ਼ ਉਤੇ ਕੁਝ ਲਿਖਿਆ ਤੇ ਚਲਾ ਗਿਆ। ਅਲਮਾਰੀ ਦਾ ਦਰਵਾਜ਼ਾ ਖੁਲਿਆ ਤੇ ਪਿਤਰੀ ਠਾਠ ਵਾਲਾ ਬੁੱਢਾ ਬਾਹਰ ਆਇਆ। ਹੁਣ ਉਸ ਨੇ ਛੋਟਾ ਕੋਟ ਲਾਹ ਦਿੱਤਾ ਸੀ ਤੇ ਉਸ ਦੀ ਪੁਸ਼ਾਕ ਸੁਨਹਿਰੀ ਕੰਨੀਆਂ ਵਾਲੀ ਸੀ ਤੇ ਛਾਤੀ ਉੱਤੇ ਚਮਕਦਾਰ ਧਾਤ ਦੀਆਂ ਪਦ-ਪਟੀਆਂ ਸਨ। ਇਸ ਪੁਸ਼ਾਕ ਵਿਚ ਉਹ ਇਕ ਪੰਛੀ ਵਾਕਰ ਜਾਪਦਾ ਸੀ।

ਇਸ ਹਸਾਉਣੀ ਪੁਸ਼ਾਕ ਵਿਚ ਬਿਰਧ ਵੀ ਆਪਣੇ ਆਪ ਵਿਚ ਅਨੋਖਾ ਮਹਿਸੂਸ ਕਰਦਾ ਪ੍ਰਤੀਤ ਹੁੰਦਾ ਸੀ, ਤੇ ਆਪਣੀ ਸਾਧਾਰਣ ਚਾਲ ਨਾਲੋਂ ਤਿਖੇਰੀ ਚਾਲ ਨਾਲ ਉਹ ਆਉਣ ਵਾਲੇ ਪਾਸੋਂ ਦੂਜੇ ਪਾਸੇ ਦੇ ਦਰਵਾਜ਼ੇ ਥਾਣੀ ਛੇਤੀ ਨਾਲ ਬਾਹਰ ਚਲਾ ਗਿਆ।

"ਇਹ 'ਬੇ' ਹੈ, ਇਕ ਅਤਿ-ਅੰਤ ਆਦਰਣੀ ਪੁਰਸ," ਫਨਾਰਿਨ ਨੇ ਨਖ਼ਲਿਊਦੌਫ਼ ਨੂੰ ਦੱਸਿਆ ਤੇ ਫਿਰ ਉਸ ਨੂੰ ਆਪਣੇ ਸਹਿਕਾਰੀ ਨਾਲ ਜਾਣ-ਪਛਾਣ ਕਰਵਾ ਕੇ ਉਹ ਉਸ ਮੁਕੱਦਮੇ ਬਾਰੇ ਦੱਸਣ ਲਗ ਪਿਆ ਜੋ ਹੁਣੇ ਸੁਣਿਆ ਜਾਣਾ ਸੀ ਤੇ ਜਿਸ ਨੂੰ ਉਹ ਬਹੁਤ ਸੁਆਦਲਾ ਸਮਝਦਾ ਸੀ।

ਮੁਕੱਦਮੇ ਦੀ ਸੁਣਵਾਈ ਛੇਤੀ ਹੀ ਸ਼ੁਰੂ ਹੋ ਗਈ, ਤੇ ਨਖ਼ਲਿਊਦੌਫ਼ ਹੋਰ ਸੁਣਨ ਵਾਲਿਆਂ ਨਾਲ ਖੱਬੇ ਪਾਸੇ ਜਾ ਕੇ ਸੈਨਿਟ ਦੇ ਕਮਰੇ ਵਿਚ ਦਾਖ਼ਲ ਹੋ ਗਿਆ। ਫਨਾਰਿਨ ਸਣੇ ਉਹ ਸਾਰੇ ਇਕ ਜੰਗਲੇ ਦੇ ਪਿੱਛੇ ਜਾ ਬੈਠੇ। ਕੇਵਲ ਪੀਟਰਜ਼ਬਰਗ ਵਾਲਾ ਵਕੀਲ ਜੰਗਲੇ ਦੇ ਸਾਹਮਣੇ ਇਕ ਡੈਸਕ ਕੋਲ ਜਾ ਖੜਾ ਹੋਇਆ।

ਸੈਨਿਟ ਦਾ ਕਮਰਾ ਫ਼ੌਜਦਾਰੀ ਅਦਾਲਤ ਜਿੰਨਾ ਵੱਡਾ ਨਹੀਂ ਸੀ, ਇਸ ਦੀ ਸਜਾਵਟ ਵੀ ਸਾਧਾਰਣ ਹੀ ਸੀ, ਭਾਵੇਂ ਸੈਨਿਟ ਅੱਗੇ ਪਿਆ ਮੇਜ਼ ਹਰੇ ਕਪੜੇ ਦੀ ਥਾਉਂ ਸੋਨੇ ਦੀ ਕੰਨੀ ਵਾਲੀ ਕਿਰਮਚੀ ਮਖ਼ਮਲ ਨਾਲ ਕੱਢਿਆ ਹੋਇਆ ਸੀ। ਪਰ ਨਿਆਇ-ਸਥਾਨਾਂ ਦੇ ਸਾਰੇ ਲੱਛਣ ਪਦ ਇਥੇ ਸਨ। ਨਿਆਇ ਦਾ ਦਰਪਨ, ਪਾਖੰਡ ਦੀ ਚਿੰਨ੍ਹ-ਮੂਰਤੀ, ਤੇ ਗ਼ੁਲਾਮੀ ਦਾ ਚਿੰਨ੍ਹ, ਸਮਰਾਟ ਦਾ ਚਿੱਤਰ ਆਦਿਕ।

ਦਰਬਾਨ ਨੇ ਨਿੱਤਾ-ਪ੍ਰਤੀ ਗੰਭੀਰ ਸੁਰ ਵਿਚ ਐਲਾਨ ਕੀਤਾ, "ਅਦਾਲਤ ਆ ਰਹੀ ਹੈ।" ਸਾਰੇ ਨਿਤਾ ਪ੍ਰਤੀ ਵਿਵਹਾਰ ਅਨੁਸਾਰ ਉੱਠ ਖੜੇ ਹੋਏ ਤੇ ਸੈਨੇਟਰ ਆਪਣੇ ਲਿਬਾਸ ਵਿਚ ਅੰਦਰ ਆਏ ਤੇ ਉੱਚੀਆਂ ਪਿੱਠਾਂ ਵਾਲੀਆਂ ਕੁਰਸੀਆਂ ਉਤੇ ਬੈਠ ਕੇ ਮੇਜ਼ਾਂ ਉਪਰ ਝੁਕ ਗਏ, ਸੁਭਾਵਕ ਪ੍ਰਤੀਤ ਹੋਣ ਲਈ ਉਸੇ ਤਰ੍ਹਾਂ ਜਿਵੇਂ ਫ਼ੌਜਦਾਰੀ ਦੇ ਜੱਜ ਕਰਦੇ ਸਨ। ਚਾਰ ਸੈਨੇਟਰ ਹਾਜ਼ਰ ਸਨ...ਮਿਕਿਤੀਨ ਅਧਿਅਖ, ਦਾੜ੍ਹੀ-ਮੁੱਛ ਤੋਂ ਸਾਫ਼, ਤੰਗ ਚਿਹਰੇ ਤੇ ਲੋਹੀਆਂ ਅੱਖਾਂ ਵਾਲਾ, ਵਲਫ਼, ਭਾਵ-ਪੂਰਤ ਮੀਟੇ ਹੋਏ ਬੁਲ੍ਹਾਂ ਤੇ ਛੋਟੇ ਚਿੱਟੇ ਹੱਥਾਂ ਵਾਲਾ ਜਿਨ੍ਹਾਂ ਨਾਲ ਉਹ ਵਿਵਹਾਰਕ ਪੱਤਰਾਂ ਦੇ ਵਰਕੇ ਪਲਟੀ ਜਾ ਰਿਹਾ ਸੀ, ਸਕੋਵੋਰੋਦਨੀਕੋਫ਼; ਇਕ ਭਾਰਾ, ਮੋਟਾ, ਮਾੜਾ ਤੇ ਦਾਗਾਂ ਵਾਲਾ ਪੁਰਸ, ਵਿਦਵਾਨ ਨਿਆਇਵੇਤਾ; ਤੇ ਬੇ; ਪਿਤਰੀ ਠਾਠ ਵਾਲਾ ਪੁਰਸ਼ ਜੋ ਸਭ ਤੋਂ ਪਿੱਛੋਂ ਆਇਆ ਸੀ।

ਸੈਨੇਟਰਾਂ ਦੇ ਨਾਲ ਮੁੱਖ ਸਕੱਤਰ ਤੇ ਲੋਕ ਅਭਿਯੋਜਕ, ਇਕ ਦੁਬਲਾ ਦਰਮਿਆਨੇ ਕੱਦ ਦਾ ਦਾੜੀ-ਮੁੱਛ ਸਫ਼ਾ ਚੱਟ ਜਵਾਨ, ਅੰਦਰ ਆਏ। ਇਸ ਪਿਛਲੇ ਦਾ ਰੰਗ ਬਹੁਤ ਸਾਂਵਲਾ ਤੇ ਅੱਖਾਂ ਉਦਾਸ ਤੇ ਕਾਲੀਆਂ ਸਨ। ਉਸ ਦੀ ਅਣੋਖੀ ਪੁਸ਼ਾਕ ਵਿਚ ਵੀ ਨਖ਼ਲਿਊਦੌਫ਼ ਨੇ ਉਸ ਨੂੰ ਝੱਟ ਪਛਾਣ ਲਿਆ, ਭਾਵੇਂ ਉਸ ਨੇ, ਉਸ ਨੂੰ ਛੇ ਸਾਲ ਪਿੱਛੋਂ ਅੱਜ ਦੇਖਿਆ ਸੀ। ਉਹ ਦੋਹਾਂ ਦੇ ਵਿਦਿਆਰਥੀ ਜੀਵਨ ਸਮੇਂ ਨਖ਼ਲਿਊਦੌਫ਼ ਦਾ ਇਕ ਗੂੜ੍ਹਾ ਮਿੱਤਰ ਹੁੰਦਾ ਸੀ।

"ਲੋਕ ਅਭਿਯੋਜਕ, ਸੈਲਿਲਿਨ?" ਨਖ਼ਲਿਊਦੌਫ਼ ਨੇ ਵਕੀਲ ਵੱਲ ਮੂੰਹ ਕਰਕੇ ਪੁੱਛਿਆ।

"ਹਾਂ, ਕਿਉਂ ?”

"ਮੈਂ ਇਸ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਇਹ ਇਕ ਵਧੀਆ ਆਦਮੀ ਹੈ।"

'ਤੇ ਇਕ ਚੰਗਾ ਲੋਕ ਅਭਿਯੋਜਕ ਵੀ... ਇਹ ਵਿਵਹਾਰੀ ਆਦਮੀ ਹੈ ਜਿਸ ਦਾ ਹਿਤ ਤੁਹਾਨੂੰ ਪ੍ਰਾਪਤ ਕਰਨਾ ਚਾਹੀਦਾ ਸੀ।"

"ਹਰ ਹਾਲਤ ਵਿਚ ਉਹ ਆਪਣੀ ਆਤਮਾ ਦੀ ਆਵਾਜ਼ ਅਨੁਸਾਰ ਹੀ ਚਲੇਗਾ।" ਨਖ਼ਲਿਊਦੌਫ਼ ਨੇ ਸੈਲਿਨਿਨ ਵਿਚਕਾਰ ਪਵਿੱਤਰਤਾ, ਦਿਆਨਤਦਾਰੀ ਤੇ ਉੱਚ ਵਰਗ ਦੀ ਚੰਗੀ ਪਾਲਣਾ ਨੂੰ ਯਾਦ ਕਰ ਕੇ ਆਖਿਆ।

'"ਹਾਂ, ਉਂਜ ਵੀ ਹੁਣ ਸਮਾਂ ਲੰਘ ਚੁੱਕਾ ਹੈ," ਫਨਾਰਿਨ ਨੇ ਮੂੰਹ ਵਿਚ ਹੀ ਆਖਿਆ। ਉਹ ਮੁਕੱਦਮੇ ਦੀ ਰਿਪੋਰਟ ਨੂੰ ਧਿਆਨ ਨਾਲ ਸੁਣ ਰਿਹਾ ਸੀ, ਜੋ ਹੁਣੇ ਸ਼ੁਰੂ ਹੋਇਆ ਸੀ।

ਇਹ ਮੁਕੱਦਮਾ ਅਪੀਲ ਕੋਰਟ ਦੇ ਫੈਸਲੇ ਵਿਰੁੱਧ ਸੀ ਜਿਸ ਨੇ ਜ਼ਿਲੇ ਦੀ ਅਦਾਲਤ ਦੇ ਇਕ ਫ਼ੈਸਲੇ ਨੂੰ ਸਮਰਥਿਤ ਕੀਤਾ ਸੀ, ਅਪੀਲ ਸੀ। ਨਖ਼ਲਿਊਦੋਂਫ਼ ਸੁਣ ਰਿਹਾ ਸੀ ਤੇ ਜੋ ਕੁਝ ਹੋ ਰਿਹਾ ਸੀ ਉਸ ਨੂੰ ਸਮਝਣ ਦਾ ਯਤਨ ਕਰ ਰਿਹਾ ਸੀ। ਪਰ ਜਿਵੇਂ ਫ਼ੌਜਦਾਰੀ ਅਦਾਲਤ ਵਿਚ ਹੁੰਦਾ ਹੈ ਉਵੇਂ ਇੱਥੇ ਉਸ ਦੀ ਮੁਸ਼ਕਲ ਇਹ ਸੀ ਕਿ ਇਹ ਮੁੱਖ ਪ੍ਰਸ਼ਨ ਨਹੀਂ ਸੀ ਸਗੋਂ ਹੋਰ ਪ੍ਰਸ਼ਨ ਸਨ ਜਿਨ੍ਹਾਂ ਉਤੇ ਵਿਚਾਰ ਹੋ ਰਿਹਾ ਸੀ। ਗੱਲ ਇਕ ਅਖ਼ਬਾਰ ਦੀ ਸੀ ਜਿਸ ਨੇ ਇਕ ਸੀਮਿਤ ਆਭਾਰ ਵਾਲੀ ਕੰਪਨੀ ਦੇ ਇਕ ਨਿਰਦੇਸ਼ਕ ਵੱਲੋਂ ਰਚਾਏ ਗਏ ਇਕ ਫਰੇਬ ਦਾ ਭੇਦ ਖੋਲ੍ਹਿਆ ਸੀ। ਆਖਿਆ ਜਾਵੇਗਾ ਕਿ ਇਕੋ ਮਹੱਤਵ-ਪੂਰਣ ਨੁਕਤਾ ਇਹ ਸੀ ਕਿ ਕੰਪਨੀ ਦਾ ਨਿਰਦੇਸ਼ਕ ਆਪਣੀ ਜ਼ਿੰਮੇਵਾਰੀ ਤੋਂ ਅਯੋਗ ਲਾਭ ਤਾਂ ਨਹੀਂ ਉਠਾ ਰਿਹਾ ਸੀ ਤੇ ਜੇ ਸੀ ਤਾਂ ਉਸ ਨੂੰ ਅਜੇਹਾ ਕਰਨ ਰੋਕਿਆ ਜਾਵੇ, ਪਰ ਵਿਚਾਰ ਗੋਚਰੇ ਪ੍ਰਸ਼ਨ ਇਹ ਸਨ ਕਿ ਕੀ ਸੰਪਾਦਕ ਨੂੰ ਇਹ ਲੇਖ ਛਾਪਣ ਦਾ ਕਾਨੂੰਨੀ ਹੱਕ ਸੀ ਤੇ ਇਸ ਨੂੰ ਛਾਪਣ ਵਿਚ ਉਸ ਨੇ ਕੀ ਅਪਰਾਧ ਕੀਤਾ ਸੀ... ਬਦਖੋਈ ਜਾਂ ਹੱਤਕ...ਤੇ ਬਦਖੋਈ ਵਿਚ ਹੱਤਕ ਕਿਵੇਂ ਆ ਜਾਂਦੀ ਸੀ ਜਾਂ ਬਦਖ਼ੋਈ ਤੇ ਹੋਰ ਹੱਤਕ ਕੁਝ ਕਿਸੇ ਸਮਾਨ ਵਿਭਾਗ ਵੱਲੋਂ ਬਣਾਏ ਗਏ ਨਿਯਮਾਂ ਤੇ ਮਤਿਆਂ ਬਾਰੇ ਕੁਝ ਅਜੇਹੀਆਂ ਗੱਲਾਂ ਜੋ ਸਾਧਾਰਣ ਲੋਕਾਂ ਦੀ ਸਮਝ ਤੋਂ ਬਾਹਰ ਸਨ।

ਨਖ਼ਲਿਊਦੋਂਫ਼ ਨੂੰ ਜੋ ਗੱਲਾਂ ਸਾਫ਼ ਲੱਗਦੀਆਂ ਸਨ ਇਹ ਸਨ ਕਿ ਭਾਵੇਂ ਕੱਲ੍ਹ ਵੂਲਫ਼ ਨੇ ਬੜੇ ਹੱਠ ਨਾਲ ਆਖਿਆ ਸੀ ਕਿ ਸੈਨਿਟ ਕਿਸੇ ਮੁਕੱਦਮੇ ਦੇ ਤੱਤਾਂ ਬਾਰੇ ਕੋਈ ਫ਼ੈਸਲਾ ਨਹੀਂ ਕਰ ਸਕਦੀ ਸੀ, ਇਸ ਮੁਕੱਦਮੇ ਵਿਚ ਉਹ ਸਪੱਸ਼ਟ ਭਾਂਤ ਬੜੇ ਜ਼ੋਰ ਨਾਲ ਅਪੀਲ ਦੀ ਅਦਾਲਤ ਦੇ ਫ਼ੈਸਲੇ ਨੂੰ ਉਲਟ ਦੇਣ ਦੇ ਹੱਕ ਵਿਚ ਸੀ, ਤੇ ਸੈਲਿਨਿਨ, ਆਪਣੇ ਸੁਭਾਵਕ ਸੰਕੋਚ ਦੇ ਉਲਟ ਆਸ ਤੋਂ ਬਾਹਰੀ ਗਰਮੀ ਨਾਲ ਪ੍ਰਤਿਕੂਲ ਮੌਤ ਪ੍ਰਗਟ ਕਰ ਰਿਹਾ ਸੀ। ਆਮ ਕਰ ਕੇ ਸੰਕੋਚਵਾਨ ਸੈਲਿਨਿਨ ਗਰਮੀ ਦਿਖਾ ਰਿਹਾ ਸੀ ਤੇ ਜਿਸ ਉਪਰ ਨਫ਼ਲਿਊਦੋਂਫ਼ ਨੂੰ ਹੈਰਾਨੀ ਹੋ ਰਹੀ ਸੀ। ਉਸ ਦਾ ਕਾਰਣ ਇਹ ਸੀ ਕਿ ਰੁਪਏ ਪੈਸੇ ਦੇ ਮਾਮਲਿਆਂ ਵਿਚ ਨਿਰਦੇਸ਼ਕ ਦੇ ਸ਼ੱਕੀ ਚਲਨ ਦਾ ਉਸ ਨੂੰ ਗਿਆਨ ਸੀ। ਤੇ ਇਹ ਗੱਲ ਵੀ ਦੇਵਨੇਤ ਉਸ ਦੇ ਕੰਨਾਂ ਵਿਚ ਪਹੁੰਚ ਗਈ ਸੀ ਕਿ ਥੋੜੇ ਦਿਨ ਪਹਿਲਾਂ ਹੀ ਵੂਲਫ਼ ਉਸ ਠੱਗ ਦੇ ਘਰ ਇਕ ਵੱਡੇ ਸੰਝ ਭੋਜਨ ਦੇ ਇਕੱਠ ਵਿਚ ਸ਼ਾਮਲ ਹੋਇਆ ਸੀ।

ਹੁਣ ਜਦੋਂ ਵੁਲਫ਼ ਨੇ ਚੋਖੀ ਸਾਵਧਾਨੀ ਪਰ ਪ੍ਰਤੱਖ ਝੁਕਾਓ ਨਾਲ ਮੁਕੱਦਮੇ ਨੂੰ ਬਿਆਨ ਸਾਧਾਰਣ ਮੁਕੱਦਮੇ ਨਾਲੋਂ ਵਧੇਰੇ ਕੀਤਾ, ਤਾਂ ਸੈਲਿਨਿਨ ਨੂੰ ਜੋਸ਼ ਆ ਗਿਆ। ਤੇ ਉਸ ਨੇ ਇਕ ਖਿੱਝ ਕੇ ਆਪਣਾ ਵਿਚਾਰ ਪ੍ਰਗਟ ਕੀਤਾ। ਇਹ ਸਾਫ਼ ਸੀ ਕਿ ਸੈਲਿਨਿਨ ਦੀ ਗੱਲ ਦਾ ਵੁਲਫ ਨੇ ਬੁਰਾ ਮਨਾਇਆ ਸੀ। ਉਹ ਲਾਲ ਪੀਲਾ ਹੋ ਆਪਣੀ ਕੁਰਸੀ ਵਿਚ ਝੂਲ ਰਿਹਾ ਸੀ ਤੇ ਹੈਰਾਨੀ ਦੇ ਮੂਲ ਸੰਕੇਤ ਦਿਖਾ ਰਿਹਾ ਸੀ, ਤੇ ਅੰਤ ਉਹ ਦੂਜੇ ਸੈਨੇਟਰਾਂ ਨਾਲ ਗੋਰਵਮਾਨ ਪਰ ਖਿੱਝੇ ਹੋਏ ਮੁਖਾਂਤਰ ਨਾਲ ਵਿਚਾਰ ਕਮਰੇ ਵਿਚ ਚਲਾ ਗਿਆ।

"ਤੁਸੀਂ ਕਿਹੜੇ ਮੁਕੱਦਮੇ ਬਾਬਤ ਆਏ ਹੋ?" ਚਪੜਾਸੀ ਨੇ ਫ਼ਨਾਰਿਨ ਨੂੰ ਸੰਬੋਧਿਤ ਕਰਕੇ ਫਿਰ ਪੁੱਛਿਆ।

"ਮੈਂ ਤੈਨੂੰ ਦੱਸ ਚੁਕਾ ਹਾਂ, ਮਸਲੌਫ਼ਾ ਦੇ ਮੁਕੱਦਮੇ ਬਾਰੇ।"

"ਹਾਂ, ਠੀਕ ਹੈ, ਇਸ ਦੀ ਅੱਜ ਸੁਣਵਾਈ ਹੋਵੇਗੀ,......"

"ਪਰ ਕੀ?" ਵਕੀਲ ਨੇ ਪੁੱਛਿਆ।

"ਵੇਖੋ ਨਾ, ਉਨ੍ਹਾਂ ਨੂੰ ਇਸ ਮੁਕੱਦਮੇ ਬਾਰੇ ਕੋਈ ਬਹਿਸ ਸੁਣਨ ਦੀ ਆਸ ਨਹੀਂ ਸੀ। ਇਸ ਲਈ ਇਸ ਮੁਕੱਦਮੇ ਬਾਰੇ ਆਪਣਾ ਫ਼ੈਸਲਾ ਸੁਣਾ ਦੇਣ ਤੋਂ ਪਿੱਛੋਂ ਉਹ ਸ਼ਾਇਦ ਇਥੇ ਮੁੜ ਕੇ ਨਾ ਆਉਣ। ਪਰ ਮੈਂ ਉਨ੍ਹਾਂ ਨੂੰ ਦੱਸ ਦੇਵਾਂਗਾ।"

"ਤੁਹਾਡਾ ਕੀ ਭਾਵ ਹੈ ?'

"ਮੈਂ ਉਨ੍ਹਾਂ ਨੂੰ ਦੱਸ ਦੇਵਾਂਗਾ, ਮੈਂ ਉਨ੍ਹਾਂ ਨੂੰ ਦੱਸ ਦੇਵਾਂਗਾ," ਤੇ ਮੁਹੱਰਰ ਨੇ ਆਪਣੇ ਕਾਗ਼ਜ਼ ਉਪਰ ਫਿਰ ਕੁਝ ਲਿਖਿਆ।

"ਸੱਚ ਹੀ ਸੈਨੇਟਰਾਂ ਦਾ ਇਰਾਦਾ ਸੀ ਹੱਤਕ ਦੇ ਮੁਕੱਦਮੇ ਬਾਰੇ ਆਪਣਾ ਫੈਸਲਾ ਸੁਣਾ ਕੇ ਫਿਰ ਚਰਚਾ ਵਿਚਾਰ ਵਾਲੇ ਕਮਰੇ ਤੋਂ ਬਾਹਰ ਆਉਣ ਤੋਂ ਬਿਨਾਂ ਹੀ ਹੋਰ ਕੰਮ, ਮਸਲੌਫ਼ਾ ਦਾ ਮੁਕੱਦਮਾ ਸੁਣਨਾ, ਚਾਹ ਤੇ ਸਿਗਰਟਾਂ ਪੀਂਦੇ ਹੋਏ ਹੀ, ਖ਼ਤਮ ਕਰਨ ਦਾ ਸੀ।

-0-

21

ਜਿਉਂ ਹੀ ਸੈਨੇਟਰ ਵਿਚਾਰ ਕਮਰੇ ਵਿਚ ਜਾ ਕੇ ਮੇਜ ਉਦਾਲੇ ਬੈਠੇ, ਵੁਲਫ਼ ਬੜੇ ਜੋਸ਼ ਨਾਲ ਫੈਸਲੇ ਨੂੰ ਰੱਦ ਕਰਨ ਦੇ ਹੱਕ ਵਿਚ ਸਾਰੀਆਂ ਦਲੀਲਾਂ ਪੇਸ਼ ਕਰਨ ਲੱਗਾ। ਪ੍ਰਧਾਨ, ਜੇਹੜਾ ਚੰਗਾ ਭਲਾ ਵੀ ਚਿੜਚਿੜੇ ਸੁਭਾਉ ਵਾਲਾ ਸੀ, ਅੱਜ ਖ਼ਾਸ ਕਰਕੇ ਖਿਝਿਆ ਹੋਇਆ ਸੀ। ਉਸਦੇ ਖ਼ਿਆਲ ਆਪਣੀ ਡਾਇਰੀ ਵਿਚ ਉਨ੍ਹਾਂ ਸ਼ਬਦਾਂ ਉਤੇ ਜੰਮੇ ਹੋਏ ਸਨ ਜੋ ਉਸ ਨੇ ਉਸ ਸਮੇਂ ਲਿਖੇ ਸਨ ਜਦੋਂ ਉਸ ਦੀ ਚਿਰ-ਇਛਿਤ ਇਕ ਮਹੱਤਵਪੂਰਣ ਪਦਵੀ ਉੱਤੇ ਉਸ ਦੀ ਥਾਉਂ ਵਿਮਲਾਨੋਫ਼ ਨੂੰ ਲਗਾਇਆ ਗਿਆ ਸੀ। ਪ੍ਰਧਾਨ ਨਿਕੀਤਿਨ ਨੂੰ ਸੱਚੇ ਦਿਲੋਂ ਵਿਸ਼ਵਾਸ ਸੀ ਕਿ ਦੋ ਉਚੇਚੇ ਦਰਜਿਆਂ ਵਾਲੇ ਕਰਮਚਾਰੀਆਂ ਬਾਰੇ ਜਾਂ ਨਾਲ ਉਸ ਦਾ ਸਬੰਧ ਸੀ ਵਿਚਾਰ ਆਗਮੀ ਇਤਿਹਾਸਕਾਰਾਂ ਨੂੰ ਇਕ ਵੱਡਮੁਲੀ ਸਮੱਗਰੀ ਪ੍ਰਦਾਨ ਕਰਨਗੇ ਪਰਸੋਂ ਉਸ ਨੇ ਇਕ ਕਾਂਡ ਲਿਖਿਆ ਸੀ ਜਿਸ ਵਿਚ ਉਸ ਨੇ ਇਨ੍ਹਾਂ ਦੇ ਉੱਚਤਮ ਦਰਜਿਆਂ ਦੇ ਕਰਮਚਾਰੀਆਂ ਨੂੰ ਰੱਜ ਕੇ ਨਿੰਦਿਆ ਸੀ, ਕਿਉਂਕਿ ਉਹ, ਜਿਵੇਂ ਉਸ ਦਾ ਕਥਨ ਸੀ, ਉਸ ਨੂੰ ਉਸ ਬਰਬਾਦੀ ਨੂੰ ਟਾਲਣ ਤੋਂ ਰੋਕਦੇ ਸਨ ਜਿਸ ਵੱਲ ਰੂਸ ਦੇ ਵਰਤਮਾਨ ਸ਼ਾਸਕ ਦੇਸ਼ ਨੂੰ ਲਿਜਾ ਰਹੇ ਸਨ। ਇਸ ਦਾ ਅਰਥ ਕੇਵਲ ਇਹ ਸੀ ਕਿ ਉਨ੍ਹਾਂ ਨੇ ਉਸ ਨੂੰ ਇਕ ਵਡੇਰੀ ਤਨਖਾਹ ਪਾਣ ਤੋਂ ਰੋਕ ਦਿੱਤਾ ਸੀ। ਹੁਣ ਉਹ ਸੋਚ ਰਿਹਾ ਸੀ ਕਿ ਇਹ ਆਉਣ ਵਾਲੀਆਂ ਪੀੜ੍ਹੀਆਂ ਲਈ ਸਮਾਚਾਰ ਉਤੇ ਕਿਹਾ ਜੇਹਾ ਨਵਾਂ ਚਾਨਣ ਪਾਵੇਗਾ।

"ਹਾਂ, ਜ਼ਰੂਰ," ਉਸ ਨੇ ਵੁਲਫ਼ ਦੇ ਸ਼ਬਦ ਜੋ ਉਹ ਉਸ ਨੂੰ ਸੰਬੋਧਿਤ ਕਰਕੇ ਕਹਿ ਰਿਹਾ ਸੀ, ਸੁਣੇ ਬਿਨਾਂ ਹੀ ਆਖ ਦਿੱਤਾ।

"ਬੇ" ਵਲਫ਼ ਨੂੰ ਉਦਾਸ ਮੁਖਾਂਤਰ ਨਾਲ ਸੁਣ ਰਿਹਾ ਸੀ, ਤੇ ਆਪਣੇ ਅੱਗੇ ਪਏ ਕਾਗਜ਼ ਉਪਰ ਇਕ ਜੈ-ਮਾਲ ਵਾਹ ਰਿਹਾ ਸੀ। "ਬੇ" ਉੱਚ ਕੋਟੀ ਦਾ ਇਕ ਉਦਾਰਵਾਦੀ ਸੀ। ਉਹ ਇਸ ਸਦੀ ਦੇ ਛੇਵੇਂ ਦਹਾਕੇ ਦੀਆਂ ਉਦਾਰ ਰੂੜੀਆਂ ਨੂੰ ਪਵਿੱਤਰ ਸਮਝਦਾ ਸੀ ਤੇ ਜੇ ਉਹ ਕਦੀ ਕੱਟੜ ਨਿਰਪੱਖਤਾ ਦੀਆਂ ਸੀਮਾਂ ਉਲੰਘਦਾ ਸੀ ਤਾਂ ਇਹ ਸਦਾ ਉਦਾਰਵਾਦ ਦੀ ਦਸ਼ਾ ਵਿਚ ਹੀ ਹੁੰਦਾ ਸੀ। ਇਸੇ ਤਰ੍ਹਾਂ ਇਸ ਮਾਮਲੇ ਵਿਚ। ਇਸ ਤੋਂ ਛੁੱਟ ਕਿ ਠੱਗ

ਨਿਰਦੇਸ਼ਕ, ਜੋ ਅਪੀਲ ਕਰ ਰਿਹਾ ਸੀ, ਇਕ ਭੈੜਾ ਆਦਮੀ ਸੀ, ਇਕ ਪੱਤਰਕਾਰ ਉਤੇ ਹੱਤਕ ਕਾਰਣ ਮੁਕੱਦਮਾ ਚਲਾਇਆ ਜਾਣਾ ਪ੍ਰਕਾਸ਼ਨ ਦੀ ਆਜ਼ਾਦੀ ਦਾ ਸਾਹ ਘੁਟਦਾ ਸੀ, ਤੇ ਇਸੇ ਕਰਕੇ ਹੀ "ਬੇ" ਅਪੀਲ ਨੂੰ ਰੱਦ ਕਰ ਦੇਣਾ ਚਾਹੁੰਦਾ ਸੀ।

ਜਦੋਂ ਵੂਲਫ਼ ਨੇ ਆਪਣੀ ਬਹਿਸ ਖ਼ਤਮ ਕੀਤੀ, 'ਬੇ "ਨੇਜੈ-ਮਾਲ ਵਾਹਣਾ ਬੰਦ ਕਰ ਦਿੱਤਾ ਅਤੇ ਆਪਣੀ ਉਦਾਸ ਤੇ ਸਾਊ ਆਵਾਜ਼ ਵਿਚ ਉਸ ਨੇ ਸੰਖੇਪ ਸਰਲ ਥੋੜੇ ਤੇ ਵਿਸ਼ਵਾਸਕਾਰੀ ਸ਼ਬਦਾਂ ਵਿਚ ਦੱਸਿਆ ਕਿ ਅਪੀਲ ਦਾ ਕੋਈ ਆਧਾਰ ਨਹੀਂ ਸੀ ਤੇ ਇਹ ਕਹਿਕੇ ਉਸ ਨੇ ਆਪਣਾ ਚਿੱਟਾ ਸਿਰ ਨਿਵਾਕੇ ਫਿਰ ਜੈ-ਮਾਲ ਵਾਹਣੀ ਸ਼ੁਰੂ ਕਰ ਦਿੱਤੀ। ਉਸ ਨੂੰ ਅਫਸੋਸ ਸੀ ਕਿ ਉਸ ਨੂੰ ਇਹ ਸਪੱਸ਼ਟ ਗੱਲਾਂ ਕਹਿਣੀਆਂ ਪੈ ਰਹੀਆਂ ਸਨ।

ਸ਼ਕੋਵਰਦਨੀ-ਕੌਫ਼, ਜੋ ਵੂਲਫ਼ ਦੇ ਸਾਹਮਣੇ ਬੈਠਾ ਸੀ ਤੇ ਆਪਣੀਆਂ ਮੋਟੀਆਂ ਉਂਗਲਾਂ ਨਾਲ ਆਪਣੀ ਦਾਹੜੀ ਤੇ ਮੁੱਛਾਂ ਨੂੰ ਮੂੰਹ ਵਿਚ ਤੁੰਨੀ ਜਾ ਰਿਹਾ ਸੀ, ਦਾਹੜੀ ਚਬਣ ਤੋਂ ਹਟ ਗਿਆ, ਜਿਉਂ ਹੀ 'ਬੇ' ਨੇ ਆਪਣੀ ਗੱਲ ਖ਼ਤਮ ਕੀਤੀ। ਤੇ ਉਸ ਨੇ ਇਕ ਉੱਚੀ ਰੜਕਵੀਂ ਆਵਾਜ ਵਿਚ ਆਖਿਆ ਕਿ ਭਾਵੇਂ ਨਿਰਦੇਸ਼ਕ ਇਕ ਡਾਢਾ ਬਦਮਾਸ਼ ਹੀ ਸੀ ਉਹ ਉਸ ਦੀ ਸਜ਼ਾ ਮਨਸੂਖ਼ ਕਰ ਦਿੰਦਾ ਜੇ ਇਸ ਲਈ ਕੋਈ ਕਾਨੂੰਨੀ ਆਧਾਰ ਹੁੰਦੇ। ਪਰ ਕਿਉਂ ਜੋ ਅਜੇਹਾ ਆਧਾਰ ਕੋਈ ਨਹੀਂ ਸੀ, ਉਹ 'ਬੇ' ਨਾਲ ਸਹਿਮਤ ਸੀ। ਉਹ ਵੂਲਫ਼ ਦੀ ਹੋਂਦ ਨੂੰ ਇਹ ਟਕੋਰ ਲਾ ਕੇ ਖ਼ੁਸ਼ ਸੀ।

ਪ੍ਰਧਾਨ ਵੀ ਸਕੋਵੋਰਦਨੀਕੋਫ਼ ਨਾਲ ਸਹਿਮਤ ਸੀ ਤੇ ਅਪੀਲ ਰੱਦ ਕਰ ਦਿੱਤੀ ਗਈ।

ਵੂਲਫ਼ ਨਾਰਾਜ਼ ਸੀ, ਖਾਸ ਕਰਕੇ ਇਸ ਲਈ ਕਿ ਇਹ ਝੂਠੀ ਤਰਫ਼ਦਾਰੀ ਕਰਦੇ ਪਕੜੇ ਜਾਣ ਵਾਕਰ ਲੱਗਦਾ ਸੀ। ਇਸ ਲਈ ਉਸ ਨੇ ਬੇਪਰਵਾਹੀ ਪ੍ਰਗਟ ਕੀਤੀ ਤੇ ਮਸਲੌਫ਼ਾ ਦੇ ਮੁਕੱਦਮੇ ਨਾਲ ਸਬੰਧਿਤ ਲਿਖਤ ਨੂੰ ਖੋਲ੍ਹਕੇ ਇਸ ਵਿਚ ਖੁਭ ਗਿਆ। ਇੰਨੇ ਚਿਰ ਵਿਚ ਸੈਨੇਟਰਾਂ ਨੇ ਘੰਟੀ ਦਬਾਈ ਤੇ ਚਾਹ ਦਾ ਹੁਕਮ ਦੇ ਦਿੱਤਾ, ਅਤੇ ਉਹ ਦੋ-ਪੁਰਸ਼ੀ ਯੁੱਧ ਦੇ ਨਾਲ ਹੀ ਉਸ ਘਟਨਾ ਬਾਰੇ ਗੱਲਾਂ ਕਰਨ ਲੱਗੇ ਜੋ ਉਸ ਵੇਲੇ ਸਾਰੇ ਪੀਟਰਜ਼ਬਰਗ ਦੀ ਚਰਚਾ ਬਣਿਆ ਹੋਇਆ ਸੀ। ਇਹ ਇਕ ਸਰਕਾਰੀ ਵਿਭਾਗ ਦੇ ਮੁਖੀ ਦਾ ਮੁਕੱਦਮਾ ਸੀ ਜਿਸ ਉੱਤੇ ਦਫ਼ਾ 995 ਵਿਚ ਦਰਜ ਅਪਰਾਧ ਦਾ ਦੋਸ਼ ਲਗਾਇਆ ਗਿਆ ਸੀ।

"ਬਹੁਤ ਗੰਦੀ ਗੱਲ ਏ !" ਬੇ ਨੇ ਘ੍ਰਿਣਾ ਨਾਲ ਆਖਿਆ।

"ਕਿਉਂ, ਇਸ ਵਿਚ ਕੀ ਹਰਜ ਹੈ ? ਮੈਂ ਤੁਹਾਨੂੰ ਇਕ ਰੂਸੀ ਪੁਸਤਕ ਦਿਖਾ ਸਕਦਾ ਹਾਂ ਜਿਸ ਵਿਚ ਇਕ ਜਰਮਨ ਲਿਖਾਰੀ ਦਾ ਪ੍ਰਸਤਾਵ ਦਿੱਤਾ ਗਿਆ ਹੈ ਅਤੇ ਕਿਹਾ ਗਿਆ ਸੀ ਕਿ ਇਸ ਨੂੰ ਅਪਰਾਧ ਨਹੀਂ ਸਮਝਣਾ ਚਾਹੀਦਾ, ਤੇ ਪੁਰਸ਼ਾਂ ਨੂੰ ਪੁਰਸ਼ ਨਾਲ ਵਿਆਹ ਕਰਨ ਦੀ ਆਗਿਆ ਹੋਣੀ ਚਾਹੀਦੀ ਹੈ।" ਸਕੋਵੋਰਦਨੀਕਫ਼ ਨੇ ਆਖਿਆ ਤੇ ਆਪਣੀਆਂ ਉਂਗਲਾਂ ਵਿਚ ਹਥੇਲੀ ਕੋਲ ਪਕੜੀ ਇਕ ਮਸਲੀ ਹੋਈ ਸਿਗਰਟ ਦਾ ਧੂੰਆਂ ਜ਼ੋਰ ਨਾਲ ਅੰਦਰ ਖਿੱਚਕੇ ਉਹ ਉੱਚੀ ਉੱਚੀ, ਹੱਸਣ ਲੱਗ ਪਿਆ।

"ਅਸੰਭਵ।" ਬੇ ਨੇ ਆਖਿਆ।

"ਮੈਂ ਤੁਹਾਨੂੰ ਇਹ ਦਿਖਾ ਦਿਆਂਗਾ।" ਸਕੋਵੋਰਦਨੀਕੋਫ਼ ਨੇ ਪੁਸਤਕ ਦਾ ਪੂਰਾ ਨਾਮ ਤੇ ਇਸ ਦੇ ਛਾਪਣ ਦੀ ਤਾਰੀਖ਼ ਤੇ ਥਾਉਂ ਤਕ ਦੱਸ ਕੇ ਆਖਿਆ।

"ਸੁਣਿਆ ਹੈ, ਉਹ ਸਾਇਬੇਰੀਆ ਵਿਚ ਕਿਸੇ ਸ਼ਹਿਰ ਦਾ ਹਾਕਿਮ ਲਗਾ ਦਿਤਾ ਗਿਆ ਹੈ।”

"ਖੂਬ, ਬਿਸ਼ਪ ਉਸ ਨੂੰ ਸਲੀਬ ਲੈ ਕੇ ਮਿਲੇਗਾ। ਬਿਸ਼ਪ ਵੀ ਇਸੇ ਕਿਸਮ ਦਾ ਨਿਯੁਕਤ ਕਰਨਾ ਚਾਹੀਦਾ ਹੈ।" ਸਕੋਵੋਰਦਨੀਕੋਫ਼ ਨੇ ਆਖਿਆ। "ਮੈਂ ਇਕ ਅਜੇਹੇ ਆਦਮੀ ਦੀ ਸਿਫਾਰਸ਼ ਕਰ ਸਕਦਾ ਸਾਂ।" ਤੇ ਉਸ ਨੇ ਸਿਗਰਟ ਦਾ ਸਿਰਾ ਆਪਣੀ ਪਿਰਚ ਵਿਚ ਸੁਟਕੇ ਫਿਰ ਆਪਣੀ ਦਾੜ੍ਹੀ ਤੇ ਮੁੱਛਾਂ, ਜਿੰਨੀਆਂ ਇਹ ਆ ਸਕਦੀਆਂ ਸਨ ਮੂੰਹ ਵਿਚ ਤੁੰਨ ਲਈਆਂ ਤੇ ਚਬਾਣ ਲਗਾ।

ਮੁਹੱਰਰ ਨੇ ਅੰਦਰ ਆ ਕੇ ਵਕੀਲ ਤੋ ਨਖ਼ਲਿਊਦੌਫ਼ ਦੀ ਮਸਲੌਫ਼ਾ ਦੇ ਮੁਕੱਦਮੇ ਉਤੇ ਵਿਚਾਰ ਸਮੇਂ ਹਾਜ਼ਰ ਹੋਣ ਦੀ ਇੱਛਾ ਦਾ ਪਤਾ ਦਿਤਾ।

"ਇਹ ਮੁਕੱਦਮਾ ਚੋਖਾ ਰੁਮਾਂਚਿਕ ਹੈ," ਵੁਲਫ਼ ਨੇ ਆਖਿਆ ਤੇ ਨਖ਼ਲਿਊਦੌਫ਼ ਦੇ ਮਸਲੌਫ਼ਾ ਨਾਲ ਸਬੰਧਾਂ ਬਾਰੇ ਜੋ ਕੁਝ ਉਹ ਜਾਣਦਾ ਸੀ, ਦੱਸਿਆ। ਜਦੋਂ ਉਨ੍ਹਾਂ ਨੇ ਮੁਕੱਦਮੇ ਬਾਰੇ ਕੁਝ ਤਿ ਚਰਚਾ ਕਰ ਲਈ ਤੇ ਚਾਹ ਸਿਗਰਟਾਂ ਖ਼ਤਮ ਕਰ ਲਈਆਂ ਤਾਂ ਸੈਨੇਟਰਾਂ ਨੇ ਸੈਨਿਟ ਦੇ ਕਮਰੇ ਵਿਚ ਜਾ ਕੇ ਹੱਤਕ ਵਾਲੇ ਮੁਕੱਦਮੇ ਵਿਚ ਆਪਣਾ ਫੈਸਲਾ ਸੁਣਾ ਦਿੱਤਾ ਤੇ ਫਿਰ ਉਹ ਮਸਲੌਫ਼ਾ ਦੀ ਅਪੀਲ ਸੁਣਨ ਲਗੇ।

ਵੁਲਫ਼ ਨੇ ਆਪਣੀ ਪਤਨੀ ਅਵਾਜ਼ ਨਾਲ ਮਸਲੌਫਾ ਦੀ ਅਪੀਲ ਦਾ ਵਿਸਤਾਰ ਵਿਚ ਵਰਣਨ ਕੀਤਾ, ਪਰ ਹੁਣ ਵੀ ਇਸ ਵਿਚ ਕੁਝ ਪੱਖਵਾਦ ਤੇ ਸਜ਼ਾ ਦੀ ਮਨਸੂਖੀ ਲਈ ਇਕ ਪ੍ਰਤੱਖ ਇੱਛਾ ਸੀ।

"ਤੁਸੀਂ ਹੋਰ ਕੁਝ ਕਹਿਣਾ ਹੈ?" ਪ੍ਰਧਾਨ ਨੇ ਫਨਾਰਿਨ ਵੱਲ ਮੂੰਹ ਕਰਕੇ ਆਖਿਆ।

ਸਿਫਨਾਰਿਨ ਉਠਿਆ ਤੇ ਆਪਣੀ ਚੌੜੀ ਚਿੱਟੀ ਛਾਤੀ ਹਿਲਾਕੇ ਖੜ੍ਹਾ ਹੋ ਕੇ ਅਸਚਰਜ ਸਪਸ਼ਟਤਾ ਤੇ ਪ੍ਰੇਰਕ ਢੰਗ ਨਾਲ ਇਕ ਇਕ ਕਰਕੇ ਦੱਸਣ ਲੱਗਾ ਕਿ ਕਿਵੇਂ ਫ਼ੌਜਦਾਰੀ ਅਦਾਲਤ ਛੇ ਨੁਕਤਿਆਂ ਉਤੇ ਕਾਨੂੰਨ ਦੇ ਠੀਕ ਭਾਵ ਤੋਂ ਭਟਕ ਗਈ ਸੀ। ਇਸ ਤੋਂ ਬਿਨਾਂ ਉਸ ਨੇ, ਭਾਵੇਂ ਸੰਖੇਪ ਵਿਚ ਹੀ, ਮੁਕੱਦਮੇ ਦੇ ਤੱਤਾਂ ਅਤੇ ਫ਼ੈਸਲੇ ਵਿਚ ਪ੍ਰਤੱਖ ਅਨਿਆਇ ਵੱਲ ਵੀ ਧਿਆਨ ਦਿਵਾਇਆ। ਉਸ ਦੀ ਸੰਖੇਪ ਪਰ ਜ਼ੋਰਦਾਰ ਬਹਿਸ ਦਾ ਲਹਿਜਾ ਸੈਨੇਟਰਾਂ ਕੋਲੋਂ ਖਿਮਾ ਮੰਗਣ ਵਾਲਾ ਸੀ, ਜੋ ਉਸ ਦੇ ਕਥਨ ਅਨੁਸਾਰ ਆਪਣੀ ਤੀਖਣ ਤੇ ਨਿਆਇਕਾਰੀ ਸਿਆਣਪ ਨਾਲ ਸਭ ਕੁਝ ਜ਼ਰੂਰ ਹੀ ਉਸ ਨਾਲੋਂ ਵਧੇਰੇ ਵੇਖਦੇ ਤੇ ਸਮਝਦੇ ਸਨ। ਉਸ ਦੀ ਬਹਿਸ ਦੀ ਲੋੜ ਤਾਂ ਕੇਵਲ ਉਸ ਕਰਤੱਵ ਦੇ ਪਾਲਣ ਲਈ ਸੀ ਜੋ ਉਸ ਨੇ ਆਪਣੇ ਉਤੇ ਲਿਆ ਸੀ।

ਫਨਾਰਿਨ ਦੇ ਭਾਸ਼ਣ ਤੋਂ ਪਿੱਛੋਂ ਖਿਆਲ ਹੋ ਸਕਦਾ ਸੀ ਕਿ ਹੁਣ ਕੋਈ ਸ਼ੱਕ ਨਹੀਂ ਰਹਿ ਗਿਆ ਸੀ ਕਿ ਸੈਨਿਟ ਨੂੰ ਹੇਠਲੀ ਅਦਾਲਤ ਦਾ ਫ਼ੈਸਲਾ ਰੱਦ ਕਰ ਦੇਣਾ ਚਾਹੀਦਾ ਹੈ। ਆਪਣੇ ਭਾਸ਼ਨ ਨੂੰ ਖ਼ਤਮ ਕਰਕੇ ਫਨਾਰਿਨ ਨੇ ਜੇਤੂ ਭਾਵ ਨਾਲ ਮੁਸਕਰਾਕੇ ਚਾਰੇ ਪਾਸੇ ਦੇਖਿਆ ਤੇ ਉਸ ਨੂੰ ਵੇਖਕੇ ਨਖ਼ਲਿਊਦੌਫ਼ ਨੂੰ ਪੱਕੀ ਗੱਲ ਲੱਗੀ ਕਿ ਮੁਕੱਦਮਾ ਜਿੱਤਿਆ ਗਿਆ ਸੀ। ਪਰ ਜਦੋਂ ਉਸ ਨੇ ਸੈਨੇਟਰਾਂ ਵੱਲ ਤੱਕਿਆ ਤਾਂ ਉਸ ਨੇ ਵੇਖਿਆ ਕਿ ਫਨਾਰਿਨ ਇਕੱਲਾ ਹੀ ਮੁਸਕਰਾ ਰਿਹਾ ਹੈ ਤੇ ਜਿੱਤ ਅਨੁਭਵ ਕਰ ਰਿਹਾ ਸੀ। ਸੈਨੇਟਰਾਂ ਜਾਂ ਲੋਕ ਅਭਿਯੋਜਕ ਜਿੱਤ ਨਾਲ ਮੁਸਕਰਾ ਨਹੀਂ ਰਹੇ ਸਨ। ਸਗੋਂ ਉਨ੍ਹਾਂ ਲੋਕਾਂ ਵਾਂਗਰ ਦੇਖਦੇ ਸਨ ਜੋ ਥੱਕੇ ਹੋਏ ਸੋਚਦੇ ਹੋਣ, "ਅਸੀਂ ਤੁਹਾਡੇ ਵਰਗਿਆ ਬਥੇਰਿਆਂ ਨੂੰ ਸੁਣਿਆ ਹੈ, ਇਹ ਸਭ ਵਿਅਰਥ ਹੈ।" ਤੇ ਉਨ੍ਹਾਂ ਨੇ ਸੁਖ ਦਾ ਸਾਹ ਭਰਿਆ ਸੀ ਜਦੋਂ ਫਨਾਰਿਨ ਬੋਲਣ 'ਤੇ ਉਨ੍ਹਾਂ ਨੂੰ ਐਵੇਂ ਰੋਕੀ ਰਖਣੋਂ ਹਟ ਗਿਆ ਸੀ। ਉਸ ਦਾ ਭਾਸ਼ਨ ਖਤਮ ਹੁੰਦੇ ਹੀ ਪ੍ਰਧਾਨ ਨੇ ਲੋਕ ਅਭਿਯੋਜਕ ਵੱਲ ਵੇਖਿਆ। ਸੈਲਿਨਿਟ ਨੇ ਸੰਖੇਪ ਵਿਚ ਤੇ ਸਾਫ਼ ਸਾਫ ਕਹਿ ਦਿੱਤਾ ਕਿ ਉਹ ਹੇਠਲੀ ਅਦਾਲਤ ਦੇ ਫੈਸਲੇ ਨੂੰ ਨਾ ਬਦਲਣ ਦੇ ਹੱਕ ਵਿਚ ਸੀ, ਉਸ ਨੂੰ ਇਸ ਦੇ ਬਦਲਣ ਲਈ ਦਿੱਤੀਆਂ ਗਈਆਂ ਦਲੀਲਾਂ ਨਾ ਕਾਫੀ ਲੱਗੀਆਂ ਸਨ। ਇਸ ਤੋਂ ਪਿੱਛੋਂ ਸੈਨੇਟਰ

ਵਿਚਾਰ-ਕਮਰੇ ਵਿਚ ਚਲੇ ਗਏ। ਉਨ੍ਹਾਂ ਵਿਚ ਮੱਤ-ਭੇਦ ਸੀ। ਵੂਲਫ਼ ਅਪੀਲ ਮਨਜ਼ੂਰ ਕਰ ਲੈਣ ਦੇ ਹੱਕ ਵਿਚ ਸੀ। ਬੇ ਨੇ ਵੀ ਮੁਕੱਦਮੇ ਨੂੰ ਸਮਝ ਕੇ, ਜੋਸ਼ ਨਾਲ ਵੂਲਫ਼ ਦਾ ਸਮਰਥਨ ਕੀਤਾ, ਤੇ ਆਪਣੇ ਸਾਥੀਆਂ ਅੱਗੇ ਹੇਠਲੀ ਅਦਾਲਤ ਦਾ ਦ੍ਰਿਸ਼ ਜਿਵੇਂ ਉਸ ਨੂੰ ਸਾਫ਼ ਦਿੱਸਦਾ ਸੀ, ਪੇਸ਼ ਕੀਤਾ। ਨਿਕੀਤਿਨਨੇਜ, ਜੋ ਸਦਾ ਕਰੜਾਈ ਤੇ ਦਸਤੂਰ ਦੇ ਪੱਖ ਵਿਚ ਰਹਿੰਦਾ ਸੀ, ਨੇ ਦੂਜਾ ਪੱਖ ਲਿਆ। ਹੁਣ ਸਭ ਕੁਝ ਸਕੋਵੋਰਦਨੀਕੋਫ਼ ਦੀ ਰਾਇ ਉਤੇ ਅਧਾਰਿਤ ਸੀ ਤੇ ਉਸ ਨੇ ਅਪੀਲ ਨਾ ਮਨਜ਼ੂਰ ਕਰਨ ਦੀ ਰਾਇ ਦਿੱਤੀ, ਬਹੁਤਾ ਇਸ ਕਰਕੇ ਕਿ ਨਖ਼ਲਿਊਦੋਫ਼ ਦਾ ਉਸ ਇਸਤਰੀ ਨਾਲ ਵਿਆਹ ਕਰ ਲੈਣ ਦਾ ਇਰਾਦਾ ਉਸ ਨੂੰ ਆਚਾਰ ਦੇ ਪੱਖ ਤੋਂ ਬਹੁਤ ਘਿਣਾ-ਮਈ ਲੱਗਦਾ ਸੀ।

ਸਕੋਵੋਰਦਨੀਕੋਫ਼ ਇਕ ਪਦਾਰਥਵਾਦੀ ਤੇ ਡਾਰਵਿਨ ਦਾ ਅਨੁਸਾਰੀ ਸੀ। ਉਹ ਅਮੂਰਤ ਨੀਤੀ ਦੇ ਹਰ ਰੂਪ ਜਾਂ ਇਸ ਤੋਂ ਵੀ ਵੱਧ ਧਰਮ ਨੂੰ ਨਾ ਕੇਵਲ ਘ੍ਰਿਣਾ ਯੋਗ ਬੇਵਕੂਫ਼ੀ ਹੀ ਸਗੋਂ ਆਪਣੇ ਵਿਰੁੱਧ ਇਕ ਨਿੱਜੀ ਗੁਸਤਾਖ਼ੀ ਸਮਝਦਾ ਸੀ। ਇਕ ਵੇਸ਼ਵਾ ਬਾਰੇ ਇਹ ਸਭ ਰਫ਼ੜ, ਇਕ ਪ੍ਰਸਿੱਧ ਵਕੀਲ ਤੇ ਨਖ਼ਲਿਊਦੋਫ਼ ਦਾ ਸੈਨਿਟ ਤਕ ਪਹੁੰਚਣਾ ਉਸ ਨੂੰ ਅਤਿਅੰਤ ਘ੍ਰਿਣਾਮਈ ਲੱਗਦਾ ਸੀ। ਉਸ ਨੇ ਆਪਣੀ ਦਾੜ੍ਹੀ ਨੂੰ ਮੂੰਹ ਵਿਚ ਤੁੰਨਕੇ ਕਈ ਮੂੰਹ ਬਣਾਏ ਤੇ ਬੜੀ ਚਤੁਰਤਾ ਨਾਲ ਜ਼ਾਹਿਰ ਕੀਤਾ ਜਿਵੇਂ ਉਸ ਨੂੰ ਮੁਕੱਦਮੇ ਦਾ ਕੁਝ ਪੱਤਾ ਨਾ ਹੋਵੇ ਸਿਵਾਇ ਇਸ ਦੇ ਕਿ ਅਪੀਲ ਦੇ ਆਧਾਰ ਕਾਫ਼ੀ ਨਹੀਂ ਸਨ। ਇਸ ਕਾਰਣ ਉਹ ਪ੍ਰਧਾਨ ਨਾਲ ਸਹਿਮਤ ਸੀ ਕਿ ਹੇਠਲੀ ਅਦਾਲਤ ਦਾ ਫੈਸਲਾ ਨਾ ਬਦਲਿਆ ਜਾਵੇ।

ਸੋ ਮਸਲੌਫ਼ਾ ਦੀ ਸਜ਼ਾ ਬਹਾਲ ਰਹੀ

-0-

22

"ਗਜ਼ਬ ਹੈ।" ਨਖ਼ਲਿਊਦੋਂਫ਼ ਨੇ ਵਕੀਲ-ਕੋਲ ਉਡੀਕ ਕਮਰੇ ਵਿਚ ਜਾਕੇ ਕਿਹਾ। ਵਕੀਲ ਆਪਣੇ ਪੋਰਟਫ਼ੋਲੀਓ ਵਿਚ ਕਾਗਜ਼ ਸੰਵਾਰ ਰਿਹਾ ਸੀ ਇੰਨੇ ਸਪੱਸ਼ਟ ਮਾਮਲੇ ਵਿਚ, ਉਹ ਦਸਤੂਰ ਨੂੰ ਇਤਨਾ ਜ਼ਰੂਰੀ ਸਮਝਦੇ ਹਨ ਕਿ ਇਸ ਵਿਚ ਦਖ਼ਲ ਨਹੀਂ ਦੇਂਦੇ। ਗਜ਼ਬ ਹੈ।”

"ਮੁਕੱਦਮਾ ਫ਼ੌਜਦਾਰੀ ਅਦਾਲਤ ਵਿਚ ਵਿਗੜ ਗਿਆ ਸੀ।" ਵਕੀਲ ਨੇ ਕਿਹਾ।

"ਤੇ ਸੈਲਿਨਿਨ ਵੀ ਰੱਦ ਕਰ ਦੇਣ ਦੇ ਹੱਕ ਵਿਚ ਸੀ। ਗਜ਼ਬ; ਗ਼ਜ਼ਬ।" ਨਖ਼ਲਿਊਦੋਂਫ਼ ਨੂੰ ਦੁਹਰਾਇਆ। "ਹੁਣ ਕੀ ਕੀਤਾ ਜਾਵੇ ?"

"ਅਸੀਂ ਮਹਾਰਾਜ ਅਧਿਰਾਜ ਸਮਰਾਟ ਪਾਸ ਅਪੀਲ ਕਰਾਂਗੇ ਤੇ ਤੁਸੀਂ ਹੁਣ ਜਦੋਂ ਇਥੇ ਹੀ ਹੋ, ਅਰਜ਼ੀ ਦੇ ਦਿਓ। ਮੈਂ ਤੁਹਾਡੇ ਲਈ ਇਹ ਲਿਖ ਦੇਵਾਂਗਾ।"

ਇਸੇ ਹੀ ਪਲ ਛੋਟਾ ਜਿਹਾ ਵੁਲਫ਼, ਯੂਨੀਫਾਰਮ ਤੇ ਸਿਤਾਰੇ ਪਹਿਨੀ ਉਡੀਕ-ਕਮਰੇ ਵਿਚੋਂ ਆਇਆ ਤੇ ਨਖ਼ਲਿਊਦੋਂਫ਼ ਵੱਲ ਵਧਿਆ। ਪਿਆਰ ਕੰਵਰ, ਕੋਈ ਵਾਹ ਨਹੀਂ ਚਲੀ। ਅਪੀਲ ਲਈ ਆਧਾਰ ਕਾਫ਼ੀ ਨਹੀਂ ਸਨ, ਉਸ ਨੇ ਮੋਢੇ ਇਕੱਠੇ ਕਰਕੇ ਤੇ ਅੱਖਾਂ ਬੰਦ ਕਰਕੇ ਆਖਿਆ। ਫਿਰ ਉਹ ਚਲਿਆ ਗਿਆ।

ਵੁਲਫ਼ ਦੇ ਪਿੱਛੇ ਸੈਲਿਨਿਨ ਵੀ ਬਾਹਰ ਆਇਆ, ਉਸ ਨੇ ਸੈਨੇਟਰਾਂ ਪਾਸੋਂ ਸੁਣ ਲਿਆ ਸੀ ਕਿ ਉਸ ਦਾ ਪੁਰਾਣਾ ਮਿੱਤਰ ਨਖ਼ਲਿਊਦੋਂਫ਼ ਉਥੇ ਹਾਜ਼ਿਰ ਸੀ।

"ਵਾਹ ਮੈਨੂੰ ਤੁਹਾਡੇ ਇੱਥੇ ਮਿਲ ਜਾਣ ਦਾ ਖ਼ਿਆਲ ਤਕ ਵੀ ਨਹੀ ਸੀ," ਉਸ ਨੇ ਨਖ਼ਲਿਊਦੋਂਫ਼ ਕੋਲ ਆ ਕੇ ਕਿਹਾ। ਉਹ ਕੇਵਲ ਆਪਣੇ ਬੁਲ੍ਹਾਂ ਨਾਲ ਮੁਸਕਰਾ ਰਿਹਾ ਸੀ ਤੇ ਉਸ ਦੀਆਂ ਅੱਖਾਂ ਉਦਾਸ ਹੀ ਸਨ। "ਮੈਨੂੰ ਪਤਾ ਨਹੀਂ ਸੀ, ਤੁਸੀਂ ਪੀਟਰਜ਼ਬਰਗ ਵਿਚ ਸੌ।"

'ਤੇ ਮੈਨੂੰ ਪਤਾ ਨਹੀਂ ਸੀ ਕਿ ਤੁਸੀਂ ਮੁੱਖ ਅਭਿਯੋਜਕ ਹੋ।"

"ਸਹਾਇਕ," ਸੈਲਿਨਿਨ ਨੇ ਸੰਸ਼ੋਧਨ ਕੀਤਾ। "ਪਰ ਤੁਸੀਂ ਇਥੇ ਸੈਨਿਟ ਵਿਚ ਕਿਵੇਂ ਆਏ? ਹਾਂ, ਮੈਂ ਸਰਸਰੀ ਸੁਣਿਆ ਸੀ,ਤੁਸੀਂ ਪੀਟਰਜ਼ਬਰਗ ਵਿਚ ਸੌ। ਪਰ ਤੁਸੀਂ ਇੱਥੇ ਕੀ ਕਰ ਰਹੇ ਹੋ?"

"ਇੱਥੇ? ਮੈਂ ਇੱਥੇ ਹਾਂ ਕਿਉਂਕਿ ਮੈਂ ਇਕ ਇਸਤਰੀ ਨੂੰ ਬਚਾਉਣ ਲਈ, ਜੋ ਬੇਗੁਨਾਹ ਸਜ਼ਾ ਪਾ ਚੁੱਕੀ ਹੈ, ਨਿਆਇ ਦੀ ਆਸ ਰਖਦਾ ਸਾਂ।"

"ਕਿਹੜੀ ਇਸਤਰੀ ?"

"ਉਹ ਜਿਸਦੇ ਮੁਕੱਦਮੇ ਦਾ ਤੁਸੀਂ ਹੁਣੇ ਫੈਸਲਾ ਕਰਕੇ ਹਟੇ ਹੋ।"

"ਉਹੋ : ਮਸਲੌਫ਼ਾ ਦਾ ਮੁਕੱਦਮਾ।" ਸੈਲਿਨਿਨ ਨੇ ਇਕ ਦਮ ਯਾਦ ਕਰਕੇ ਆਖਿਆ। "ਅਪੀਲ ਲਈ ਆਧਾਰ ਮੂਲੋਂ ਕੋਈ ਨਹੀਂ ਸਨ।"

"ਅਪੀਲ ਦੀ ਗੱਲ ਨਹੀਂ, ਇਹ ਇਕ ਇਸਤਰੀ ਦੀ ਗੱਲ ਹੈ ਜੋ ਬੇਗੁਨਾਹ ਹੈ ਤੇ ਸਜਾ ਭੁਗਤ ਰਹੀ ਹੈ।"

ਸੈਲਿਨਿਨ ਨੇ ਲੰਮਾ ਸਾਹ ਭਰਿਆ। ਹੋ ਸਕਦਾ ਹੈ, ਪਰ......"

"ਹੋ ਸਕਦਾ ਨਹੀਂ ਹੈ......"

"ਤੁਸੀਂ ਕਿਵੇਂ ਜਾਣਦੇ ਹੋ ?"

"ਕਿਉਂਕਿ ਮੈਂ ਜੀਉਰੀ ਉੱਤੇ ਸਾਂ। ਮੈਨੂੰ ਪਤਾ ਹੈ ਅਸਾਡੇ ਕੋਲੋਂ ਗਲਤੀ ਕਿਵੇਂ ਹੋਈ।"

ਸੈਲਿਨਿਨ ਸੋਚਣ ਲਗ ਪਿਆ। "ਤੁਹਾਨੂੰ ਉਸ ਸਮੇਂ ਬਿਆਨ ਦੇਣਾ ਚਾਹੀਦਾ ਸੀ," ਉਸ ਨੇ ਆਖਿਆ।

'ਮੈਂ ਬਿਆਨ ਦਿੱਤਾ ਸੀ।"

"ਇਹ ਵਿਭਾਗ ਦੀ ਰਿਪੋਰਟ ਵਿਚ ਸ਼ਾਮਿਲ ਹੋਣਾ ਚਾਹੀਦਾ ਸੀ। ਜੇ ਅਪੀਲ ਦੀ ਅਰਜੀ ਨਾਲ ਇਸ ਨੂੰ ਲਗਾ ਦਿੱਤਾ ਜਾਵੇ...

"ਹਾਂ, ਪਰ ਤਾਂ ਵੀ ਫੈਸਲਾ ਜੋ ਹੈ ਪ੍ਰਤੱਖ ਅਨਰਥ ਹੈ।"

"ਸੈਨਿਟ ਨੂੰ ਅਜੇਹਾ ਕਹਿਣ ਦਾ ਕੋਈ ਅਧਿਕਾਰ ਨਹੀਂ। ਜੇ ਸੈਨਿਟ ਹੇਠਲੀਆਂ ਅਦਾਲਤਾਂ ਦੇ ਫੈਸਲਿਆਂ ਨੂੰ ਆਪਣੇ ਖਿਆਲਾਂ ਅਨੁਸਾਰ ਕਿ ਉਹ ਫੈਸਲੇ ਨਿਆਇ-ਯੁਕਤ

ਸਨ ਕਿ ਨਹੀਂ, ਬਦਲਣ ਲੱਗ ਜਾਵੇ ਤਾਂ ਜੀਊਰੀ ਦੇ ਨਿਰਣੇ ਦੇ ਕੋਈ ਅਰਥ ਨਹੀਂ ਰਹਿ ਜਾਣਗੇ। ਇਸ ਤੋਂ ਛੁੱਟ ਸੈਨਿਟ ਲਈ ਆਪਣੇ ਕੰਮ ਦਾ ਕੋਈ ਆਧਾਰ ਨਹੀਂ ਰਹਿ ਜਾਏਗਾ ਤੇ ਇਸ ਵੱਲੋਂ ਨਿਆਇ ਦੀ ਪੁਸ਼ਟੀ ਕਰਨ ਦੀ ਥਾਉਂ ਇਸ ਨੂੰ ਤੰਗ ਕਰਨ ਦਾ ਖ਼ਤਰਾ ਹੋ ਜਾਵੇਗਾ।" ਸੈਲਿਨਿਨ ਨੇ ਉਹ ਮੁਕੱਦਮਾ ਜੋ ਹੁਣੇ ਸੁਣਿਆ ਗਿਆ ਸੀ ਯਾਦ ਕਰਕੇ ਆਖਿਆ।

"ਮੈਂ ਤਾਂ ਸਿਰਫ਼ ਇਹ ਜਾਣਦਾ ਹਾਂ ਕਿ ਇਹ ਇਸਤਰੀ ਬਿਲਕੁਲ ਬੇਗੁਨਾਹ ਹੈ ਤੇ ਉਸਨੂੰ ਇਕ ਨਾਹੱਕ ਦੀ ਸਜ਼ਾ ਤੋਂ ਬਚਾਣ ਦੀ ਤਕਰੀਬਨ ਆਖ਼ਰੀ ਉਮੀਦ ਵੀ ਮੁਕ ਗਈ ਹੈ। ਘਰ ਅਨਿਆਇ ਨੂੰ ਉੱਚਤਮ ਅਦਾਲਤ ਨੇ ਪੱਕਾ ਕਰ ਦਿੱਤਾ।"

"ਉਸ ਨੂੰ ਪੱਕਾ ਨਹੀਂ ਕੀਤਾ ਗਿਆ। ਸੈਨਿਟ ਨੇ ਮੁਕੱਦਮੇ ਦੇ ਤੱਤਾਂ ਬਾਰੇ ਵਿਚਾਰ ਨਹੀਂ ਕੀਤੀ ਤੇ ਨਾ ਹੀ ਉਹ ਕਰ ਸਕਦੀ ਸੀ," ਸੈਲਿਨਿਨ ਨੇ ਅੱਖਾਂ ਝਮਕ ਕੇ ਕਿਹਾ। ਸਦਾ ਰੁਝਿਆ, ਰਹਿਣ ਤੇ ਬਾਹਰ ਲੋਕਾਂ ਨਾਲ ਘੱਟ ਮੇਲ-ਜੋਲ ਰਖਣ ਕਰਕੇ, ਉਸ ਨੇ, ਸਿੱਧ ਹੈ, ਕਿ ਨਖ਼ਲਿਊਦੌਫ਼ ਦੀ ਰੁਮਾਂਚਿਕ ਪ੍ਰੇਮ ਕਥਾ ਬਾਰੇ ਕੁਝ ਨਹੀਂ ਸੁਣਿਆ ਸੀ। ਨਖ਼ਲਿਊਦੌਫ਼ ਇਹ ਤਾੜ ਗਿਆ ਤੇ ਉਸ ਨੇ ਫੈਸਲਾ ਕਰ ਲਿਆ ਕਿ ਮਸਲੌਫ਼ਾ ਨਾਲ ਆਪਣੇ ਸਬੰਧਾਂ ਬਾਰੇ ਕੁਝ ਨਾ ਕਹਿਣਾ ਹੀ ਚੰਗਾ ਸੀ।

"ਮੇਰਾ ਖ਼ਿਆਲ ਹੈ ਤੁਸੀਂ ਆਪਣੀ ਮਾਸੀ ਕੋਲ ਠਹਿਰੇ ਹੋਏ ਹੋ।" ਸੈਲਿਨਿਨ ਨੇ ਸਾਫ ਹੀ ਗੱਲ ਬਦਲਣ ਲਈ ਕਿਹਾ। " ਉਨ੍ਹਾਂ ਮੈਨੂੰ ਕਲ੍ਹ ਦੱਸਿਆ ਸੀ ਤੁਸੀਂ ਇੱਥੇ ਹੋ, ਤੇ ਸ਼ਾਮ ਨੂੰ ਤੁਹਾਨੂੰ ਮਿਲਣ ਲਈ ਸੱਦਿਆ ਸੀ, ਜਦੋਂ ਕਿਸੇ ਵਿਦੇਸ਼ੀ ਪ੍ਰਚਾਰਕ ਨੇ ਭਾਸ਼ਨ ਦੇਣਾ ਸੀ," ਸੈਲਿਨਿਨ ਨੇ ਫਿਰ ਓਪਰੀ ਮੁਸਕਾਣ ਨਾਲ ਆਖਿਆ।

"ਹਾਂ, ਮੈਂ ਉੱਥੇ ਸਾਂ ਪਰ ਘ੍ਰਿਣਾ ਨਾਲ ਬਹਾਰ ਆ ਗਿਆ ਸਾਂ," ਨਖ਼ਲਿਊਦੌਫ਼ ਨੇ ਖਿਝ ਕੇ ਕਿਹਾ। ਉਹ ਸੈਲਿਨਿਨ ਦੇ ਬਦਲ ਦੇਣ ਤੋਂ ਖਿਝਿਆ ਸੀ।

"ਘ੍ਰਿਣਾ ਨਾਲ ਕਿਉਂ ? ਆਖਰ ਇਹ ਧਾਰਮਕ ਭਾਵਨਾ ਦਾ ਇਕ ਪ੍ਰਕਾਸ਼ ਰੂਪ ਹੈ, ਭਾਵੇਂ ਇਕਵਾਸਾ ਤੇ ਸੋੜਾ ਸੰਪ੍ਰਦਾਇਕ ਹੀ ਹੈ।" ਸੈਲਿਨਿਨ ਨੇ ਆਖਿਆ।

"ਨਹੀਂ, ਇਹ ਕੇਵਲ ਇਕ ਪ੍ਰਕਾਰ ਦੀ ਮੂਰਖਤਾ ਤੇ ਭਰਮ ਹੈ।"

"ਉਹ ਨਹੀਂ। ਅਜੀਬ ਗੱਲ ਇਹ ਹੈ ਕਿ ਅਸੀਂ ਆਪਣੇ ਧਰਮ ਦੀ ਸਿੱਖਿਆ ਬਾਰੇ ਇੰਨਾ ਘੱਟ ਜਾਣਦੇ ਹਾਂ ਕਿ ਸਾਨੂੰ ਆਪਣੇ ਆਧਾਰ ਸਿਧਾਂਤ ਵਿਚ ਇਕ ਨਵੀਂ ਪ੍ਰਕਾਰ ਦਾ

ਪ੍ਰਕਾਸ਼ ਦਿੱਸਦਾ ਹੈ," ਸੈਲਿਨਿਨ ਨੇ ਆਖਿਆ ਜਿਵੇਂ ਉਸਨੂੰ ਆਪਣੇ ਵਰਤਮਾਨ ਵਿਚਾਰ ਇਕ ਪੁਰਾਣੇ ਮਿਤਰ ਨੂੰ ਦੱਸਣ ਦੀ ਕਾਹਲੀ ਹੋਵੇ।

ਨਖਲਿਊਦੋਫ਼ ਨੇ ਸੈਲਿਨਿਨ ਵੱਲ ਨੀਝ ਤੇ ਹੈਰਾਨੀ ਨਾਲ ਤੱਕਿਆ। ਸੈਲਿਨਿਨ ਨੇ ਅੱਖਾਂ ਨੀਵੀਆਂ ਕਰ ਲਈਆਂ ਜਿਨ੍ਹਾਂ ਵਿਚ ਨਾ ਕੇਵਲ ਉਦਾਸੀ ਸਗੋਂ ਮੰਦ ਭਾਵਨਾ ਵੀ ਵਿਅਕਤ ਸੀ।

"ਤਾਂ ਫਿਰ ਤੁਸੀਂ ਚਰਚ ਦੇ ਸਿਧਾਂਤਾਂ ਵਿਚ ਵਿਸ਼ਵਾਸ਼ ਰਖਦੇ ਹੋ ?" ਨਖ਼ਲਿਊਦੌਫ਼ ਨੇ ਪੁੱਛਿਆ।

"ਬੇਸ਼ਕ !" ਸੈਲਿਨਿਨ ਨੇ ਜਵਾਬ ਦਿੱਤਾ ਤੇ ਇਕ ਨਿਰਜਿੰਦ ਜੇਹੀ ਝਾਕਣੀ ਨਾਲ ਸਿੱਧਾ ਨਖ਼ਲਿਊਦੌਫ਼ ਦੀਆਂ ਅੱਖਾਂ ਵਿਚ ਤੱਕਣ ਲੱਗਾ।

ਨਖ਼ਲਿਊਦੌਫ਼ ਨੇ ਹਉਕਾ ਭਰ ਕੇ ਆਖਿਆ, "ਹੈਰਾਨੀ ਹੈ।"

"ਪਰ ਅਸੀਂ ਕਿਸੇ ਹੋਰ ਸਮੇਂ ਗੱਲਾਂ ਕਰਾਂਗੇ।" ਸੈਲਿਨਿਨ ਨੇ ਆਖਿਆ...... "ਮੈਂ ਆ ਰਿਹਾ ਹਾਂ," ਉਸਨੇ ਦਰਬਾਨ ਨੂੰ ਜੋ ਬੜੀ ਨਿਮਰਤਾ ਨਾਲ ਉਸ ਕੋਲ ਆ ਖੜ੍ਹਾ ਸੀ ਉੱਤਰ ਵਿਚ ਆਖਿਆ। 'ਹਾਂ, ਅਸੀਂ ਫਿਰ ਜ਼ਰੂਰ ਮਿਲਾਂਗੇ," ਲੰਮਾ ਸਾਹ ਭਰਕੇ ਬੋਲਿਆ। "ਪਰ ਮੈਂ ਤੁਹਾਨੂੰ ਲੱਭ ਸਕਾਂਗਾ? ਮੈਨੂੰ ਤੁਸੀਂ ਕਦੇ ਵੀ ਸੱਤ ਵਜੇ ਸੰਝ-ਭੋਜਨ ਉਤੇ ਮਿਲ ਸਕਦੇ ਹੋ। ਮੇਰਾ ਪਤਾ "ਨਦੇਬਦਿਨਸ ਕਾਇਆ ਹੈ' ਤੇ ਉਸਨੇ ਆਪਣਾ ਨੰਬਰ ਦੱਸਿਆ। "ਵਾਹ, ਸਮਾਂ ਅਚਲ ਨਹੀਂ ਟਿਕਦਾ।" ਤੇ ਕੇਵਲ ਉਨ੍ਹਾਂ ਨਾਲ ਮੁਸਕਰਾ ਕੇ ਉਸ ਨੇ ਜਾਣ ਲਈ ਪਾਸਾ ਫੇਰ ਲਿਆ।

"ਮੈਂ ਜੇ ਆ ਸਕਿਆ, ਆਵਾਂਗਾ" ਨਖ਼ਲਿਊਦੌਫ਼ ਨੇ ਆਖਿਆ ਤੇ ਅਨੁਭਵ ਕੀਤਾ ਕਿ ਇਕ ਪੁਰਖ ਜੋ ਕਦੀ ਉਸਦਾ ਨਿਕਟੀ ਮਿੱਤਰ ਹੁੰਦਾ ਸੀ, ਇਸ ਸੰਖੇਪ ਗੱਲਬਾਤ ਨਾਲ ਇਕ ਦਮ ਪਰਾਇਆ, ਦੂਰ ਦਾ, ਤੇ ਸਮਝ ਤੋਂ ਪਾਰ ਹੋ ਗਿਆ ਸੀ, ਪਰ ਦੁਸ਼ਮਨ ਨਹੀਂ।

-0-

23

ਜਦੋਂ ਵਿਦਿਆਰਥੀ ਹੋਣ ਸਮੇਂ ਨਖ਼ਲਿਊਦੌਫ਼ ਸੈਲਿਨਿਨ ਦਾ ਜਾਣੂ ਬਣਿਆ ਸੀ ਤਾਂ ਸੈਲਿਨਨ, ਇਕ ਚੰਗਾ ਪੁੱਤਰ ਤੇ ਸੱਚਾ ਮਿੱਤਰ ਸੀ। ਆਪਣੀ ਆਯੂ ਅਨੁਸਾਰ ਉਹ ਇਕ ਪੜ੍ਹਿਆ ਲਿਖਿਆ, ਸੰਸਾਰੀ ਪੁਰਸ਼ ਸੀ, ਸੁਚੱਜਾ ਤੇ ਸੁਨੱਖਾ ਤੇ ਜੋਜੀਲਾ, ਪਰ ਤਾਂ ਵੀ ਅਸਾਧਾਰਣ ਭਾਂਤ ਸੁੱਚਾ ਤੇ ਸੁਹਿਰਦ। ਉਹ ਪੜ੍ਹਾਈ ਵਿਚ ਚੰਗਾ ਸੀ, ਨਾ ਬਹੁਤਾ ਮਿਹਨਤੀ ਤੇ ਨਾ ਪੰਡਤਾਊ, ਤੇ ਆਪਣੇ ਨਿਬੰਧਾਂ ਲਈ ਉਸ ਨੇ ਸੋਨੇ ਦੇ ਪਦਕ ਪ੍ਰਾਪਤ ਕੀਤੇ ਸਨ। ਉਹ ਮਨੁੱਖਤਾ ਦੀ ਸੇਵਾ ਨੂੰ, ਕੇਵਲ ਗੱਲਾਂ ਵਿਚ ਹੀ ਨਹੀਂ, ਕੰਮਾਂ ਵਿਚ, ਆਪਣੇ ਜੀਵਨ ਦਾ ਇਸ ਸਮੇਂ ਉਦੇਸ਼ ਸਮਝਦਾ ਸੀ। ਉਸਨੂੰ ਮਨੁੱਖਤਾ ਦੀ ਸੇਵਾ ਦਾ ਹੋਰ ਕੋਈ ਰਾਹ ਸਿਵਾਏ ਰਾਜ-ਸੇਵਾ ਦੇ ਨਹੀਂ ਦਿੱਸਦਾ ਸੀ। ਇਸ ਲਈ ਉਸਨੇ ਪੜ੍ਹਾਈ ਸੰਪੂਰਣ ਕਰਦੇ ਹੀ ਸਾਰੇ ਕੰਮਾਂ ਦਾ ਲੜੀਵਾਰ ਜਾਇਜ਼ਾ ਲਾਇਆ, ਜਿਨ੍ਹਾਂ ਲਈ ਉਹ ਆਪਣਾ ਜੀਵਨ ਸਮਰਪਨ ਕਰ ਸਕੇ, ਤੇ ਇਹ ਨਿਰਣਾ ਕਰਕੇ ਕਿ ਨਿਆਇ ਦੇ ਦੂਜੇ ਵਿਭਾਗ, ਜਿੱਥੇ ਕਾਨੂੰਨ ਘੜੇ ਜਾਂਦੇ ਹਨ, ਵਿਚ ਉਹ ਸਭ ਤੋਂ ਵਧੇਰੇ ਸੇਵਾ ਕਰ ਸਕਦਾ ਸੀ, ਉਹ ਰਾਜ ਸੇਵਾ ਦੀ ਉਸ ਸਾਖਾ ਵਿਚ ਚਲਾ ਗਿਆ। ਪਰ ਬਹੁਤ ਸੋਘ ਤੇ ਸੱਚਾ ਕਰਤੱਵ ਪਾਲਣ ਦੇ ਬਾਵਜੂਦ ਜੋ ਇਹ ਸੇਵਾ ਮੰਗਦੀ ਸੀ, ਇਸਨੇ ਉਸਦੀ ਲਾਭਵੰਦ ਹੋਣ ਦੀ ਆਸ਼ਾ ਨੂੰ ਸੰਤੁਸਟ ਨਾ ਕੀਤਾ, ਤੇ ਨਾ ਹੀ ਉਸ ਵਿਚ ਇਹ ਭਾਵਨਾ ਉਪਜ ਸਕੀ ਕਿ ਉਹ "ਠੀਕ ਕੰਮ" ਕਰ ਰਿਹਾ ਸੀ।

ਉਸਦੇ ਤੰਗ ਨਜ਼ਰ ਦੇ ਬਦ-ਮਿਜਾਜ਼ ਅਫ਼ਸਰ ਨਾਲ ਰਗੜੇ ਝਗੜੇ ਦੇ ਕਾਰਣ ਉਸਦਾ ਇਹ ਅਸੰਤੋਖ ਇਤਨਾ ਵੱਧ ਗਿਆ ਕਿ ਉਹ ਨਿਆਇ ਵਿਭਾਗ ਨੂੰ ਛਡਕੇ ਸੈਨੇਟ ਵਿਚ ਚਲਾ ਗਿਆ। ਇੱਥੇ ਹਾਲਤ ਕੁਝ ਬਿਹਤਰ ਸੀ ਪਰ ਉਸਦਾ ਅਸੰਤੋਖ ਦੂਰ ਨਾ ਹੋਇਆ। ਉਸ ਨੇ ਇਸ ਨੂੰ ਵੀ ਜੋ ਕੁਝ ਤੱਕਿਆ ਸੀ ਤੇ ਜੋ ਇਹ ਹੋਣਾ ਚਾਹੀਦਾ ਸੀ, ਉਸ ਤੋਂ ਵੱਖਰਾ ਅਨੁਭਵ ਕੀਤਾ।

ਜਦੋਂ ਉਹ ਸੈਨੇਟ ਵਿਚ ਸੀ ਤਾਂ ਉਸ ਦੇ ਸਬੰਧੀਆਂ ਨੇ ਉਸਨੂੰ ਸਰਦਾਰ-ਡਿਊਢੀ ਦੀ ਥਾਉਂ ਲੈ ਦਿੱਤੀ, ਤੇ ਉਸ ਨੂੰ ਇਕ ਕੱਢੀ ਹੋਈ ਵਰਦੀ ਤੇ ਲਿਨਨ ਦਾ ਪੱਲਾ ਪਹਿਨ ਕੇ

ਸਭ ਕਿਸਮ ਦੇ ਲੋਕਾਂ ਦਾ ਧੰਨਵਾਦ ਕਰਨ ਜਾਣਾ ਪਿਆ, ਜਿਨ੍ਹਾਂ ਨੇ ਉਸਨੂੰ ਇਹ ਇਕ ਗੋਲੇ ਦੀ ਪਦਵੀ ਲੈ ਕੇ ਦਿੱਤੀ ਸੀ। ਬਹੁਤ ਯਤਨ ਕਰਨ ਉਤੇ ਵੀ ਉਸਨੂੰ ਇਸ ਆਸਾਮੀ ਦੀ ਹੋਂਦ ਦਾ ਕੋਈ ਯਥਾਰਥ ਕਾਰਣ ਨਹੀਂ ਲੱਭਦਾ ਸੀ, ਤੇ ਉਹ ਸੈਨੇਟ ਵਿਚ ਹੋਣ ਨਾਲੋਂ ਭੀ ਵਧੇਰੇ ਇਹ ਮਹਿਸੂਸ ਕਰਨ ਲੱਗਾ ਕਿ ਇਹ ਠੀਕ ਕੰਮ ਨਹੀਂ ਸੀ। ਪਰ ਤਦ ਵੀ ਉਹ ਇਸ ਤੋਂ ਨਾਂਹ ਨਹੀਂ ਕਰ ਸਕਦਾ ਸੀ ਕਿਉਂਕਿ ਉਨ੍ਹਾਂ ਦੇ ਨਰਾਜ਼ ਹੋ ਜਾਣ ਦਾ ਡਰ ਸੀ ਜਿਨ੍ਹਾਂ ਦਾ ਵਿਸ਼ਵਾਸ ਸੀ ਕਿ ਉਸਨੂੰ ਇਸ ਪਦਵੀ ਨਾਲ ਸੰਤੁਸ਼ਟ ਹੋਣਾ ਚਾਹੀਦਾ ਸੀ। ਤੇ ਨਾਲੇ ਉਸ ਦੀ ਪ੍ਰਕਿਰਤੀ ਦੇ ਨੀਵੇਂ ਭਾਗ ਨੂੰ ਇਸ ਤੋਂ ਤ੍ਰਿਪਤੀ ਹੁੰਦੀ ਸੀ। ਉਹ ਆਪਣੇ ਆਪ ਨੂੰ ਇਹ ਸੋਨੇ ਦੀ ਕੱਢੀ ਹੋਈ ਵਰਦੀ ਪਾਈ ਸ਼ੀਸ਼ੇ ਵਿਚ ਵੇਖ ਕੇ ਤੇ ਕੁਝ ਲੋਕਾਂ ਤੋਂ ਇਸਦੇ ਕਾਰਣ ਆਦਰ-ਮਾਣ ਪ੍ਰਾਪਤ ਕਰਕੇ ਖੁਸ਼ ਹੁੰਦਾ ਸੀ।

ਕੁਝ ਅਜਿਹੀ ਗੱਲ ਹੀ ਉਸਨੂੰ ਵਿਆਹ ਕਰਾਕੇ ਅਨੁਭਵ ਹੋਈ। ਸੰਸਾਰਕ ਦ੍ਰਿਸ਼ਟੀ ਤੋਂ ਉਸ ਲਈ ਇਕ ਬੜਾ ਵਧੀਆ ਸੰਜੋਗ ਲੱਭਿਆ ਗਿਆ। ਉਸ ਨੇ ਵਿਆਹ ਕਰਾ ਲਿਆ, ਬਹੁਤਾ ਇਸ ਕਰਕੇ ਕਿ ਇਸ ਤੋਂ ਨਾਂਹ ਨਾਲ ਉਸ ਯੁਵਤੀ ਦਾ ਮਨ ਦੁਖੀ ਹੋਣਾ ਸੀ ਜੋ ਉਸ ਨਾਲ ਵਿਆਹ ਕਰਵਾਣਾ ਚਾਹੁੰਦੀ ਸੀ ਤੇ ਉਨ੍ਹਾਂ ਦਾ ਜੋ ਇਹ ਸੰਜੋਗ ਕਰਵਾ ਰਹੇ ਸਨ। ਨਾਲੇ ਇਕ ਉੱਚੇ ਘਰਾਣੇ ਦੀ ਸੁਹਣੀ ਜਵਾਨ ਕੁੜੀ ਨਾਲ ਵਿਆਹ ਉਸ ਦੇ ਅਭਿਮਾਨ ਨੂੰ ਸੰਤੁਸ਼ਟ ਤੇ ਉਸਦੇ ਮਨ ਨੂੰ ਖ਼ੁਸ਼ੀ ਦੇਂਦਾ ਸੀ। ਪਰ ਬਹੁਤ ਛੇਤੀ ਇਹ ਵਿਆਹ ਰਾਜ-ਸੇਵਾ ਤੇ ਉਸਦੀ ਦਰਬਾਰ ਵਿਚ ਪਦਵੀ ਨਾਲੋਂ ਵੀ ਘੱਟ ਠੀਕ ਕੰਮ ਸਿਧ ਹੋ ਗਿਆ। ਪਹਿਲੇ ਬੱਚੇ ਦੇ ਜਨਮ ਤੋਂ ਪਿੱਛੋਂ ਵਹੁਟੀ ਨੇ ਬੱਸ ਕਰਨ ਦਾ ਫੈਸਲਾ ਕਰ ਲਿਆ ਤੇ ਉਹ ਉਸ ਵਿਲਾਸਮਈ, ਸੰਸਾਰੀ ਜੀਵਨ ਵਿਚ ਪੈ ਗਈ, ਜਿਸ ਵਿਚ ਉਸਨੂੰ, ਪਸੰਦ ਹੋਵੇ ਜਾਂ ਨਾ, ਭਾਗ ਲੈਣਾ ਪੈ ਰਿਹਾ ਸੀ।

ਉਹ ਕੋਈ ਬਹੁਤੀ ਸੁਹਣੀ ਨਹੀਂ ਸੀ, ਪਰ ਵਫ਼ਾਦਾਰ ਸੀ। ਆਪਣੇ ਸਾਰੇ ਯਤਨਾਂ ਦੇ ਬਾਵਜੂਦ ਇਸ ਜੀਵਨ ਵਿਚੋਂ ਉਸਨੂੰ ਥਕੇਵੇਂ ਤੋਂ ਬਿਨਾਂ ਕੁਝ ਵੀ ਲੱਭਦਾ ਪ੍ਰਤੀਤ ਨਹੀਂ ਹੁੰਦਾ ਸੀ। ਤਦ ਵੀ ਉਹ ਧੀਰਜ ਨਾਲ ਇਸ ਵਿਚ ਭਾਗ ਲਈ ਜਾ ਰਹੀ ਸੀ, ਭਾਵੇਂ ਇਹ ਉਸਦੇ ਪਤੀ ਦੇ ਜੀਵਨ ਨੂੰ ਵਿਸ਼ੈਲਾ ਕਰ ਰਿਹਾ ਸੀ ਤੇ ਉਸਦੇ ਇਸ ਜੀਵਨ ਨੂੰ ਬਦਲਣ ਦੇ ਸਾਰੇ ਯਤਨ ਉਸਦੇ ਵਿਸ਼ਵਾਸਾਂ ਨਾਲ ਕਿ ਸਭ ਕੁਝ ਉਸੇ ਤਰ੍ਹਾਂ ਸੀ ਜਿਵੇਂ ਹੋਣਾ ਚਾਹੀਦਾ ਸੀ, ਜਿਨ੍ਹਾਂ ਦੀ ਉਸਦੇ ਸਾਰੇ ਅੰਗ ਸਾਕ ਪੁਸ਼ਟੀ ਕਰਦੇ ਸਨ, ਇਕ ਪੱਥਰ ਦੀ ਕੰਧ ਵਾਂਗ ਟਕਰਾ ਕੇ ਚੂਰ ਹੋ ਜਾਂਦੇ ਸਨ।

ਬੱਚੀ, ਨੰਗੀਆਂ ਲੱਤਾਂ ਤੇ ਲੰਮੇ ਸੁਨਹਿਰੀ ਕੁੰਡਲਾਂ ਵਾਲੀ ਇਕ ਨਿਕੜੀ, ਉਸ ਨੂੰ ਨਿਰੀ ਪਰਾਈ ਜਾਪਦੀ ਸੀ, ਬਹੁਤਾ ਇਸ ਕਰਕੇ ਕਿ ਉਸ ਦੀ ਪਾਲਨਾ ਉਸਦੀ ਇੱਛਾ ਅਨੁਸਾਰ ਨਹੀਂ ਹੋ ਰਹੀ ਸੀ। ਪਤੀ ਪਤਨੀ ਵਿਚ ਸਾਧਾਰਣ ਗਲਤ-ਫਹਿਮੀਆਂ ਪੈਦਾ ਹੋ ਗਈਆਂ, ਇਕ ਬੇਦਿਲੀ, ਫਿਰ ਇਕ ਚੁੱਪ-ਚੁਪੀਤੀ ਲੜਾਈ ਜੋ ਬਾਹਰਲਿਆਂ ਤੋਂ ਛੁਪੀ ਹੋਈ ਤੇ ਲੋਕਾਚਾਰ ਦੇ ਕਾਰਣ ਦੱਬੀ ਹੋਈ ਸੀ। ਇਸਨੇ ਉਸਦੇ ਘਰ ਦੇ ਜੀਵਨ ਨੂੰ ਇਕ ਭਾਰ ਬਣਾ ਦਿੱਤਾ ਸੀ ਤੇ ਇਹ ਉਸ ਦੀ ਨੌਕਰੀ ਤੇ ਪਦਵੀਂ ਨਾਲੋਂ ਵੀ ਘੱਟ, "ਠੀਕ ਕੰਮ" ਰਹਿ ਗਿਆ।

ਪਰ ਸਭ ਤੋਂ ਵੱਧ ਉਸ ਦਾ ਧਰਮ ਵੱਲ ਵਤੀਰਾ ਸੀ ਜੋ “ਠੀਕ ਕੰਮ" ਨਹੀਂ ਸੀ। ਆਪਣੀ ਸੰਗਤ ਦੇ ਸਮੇਂ ਦੇ ਹੋਰ ਲੋਕਾਂ ਵਾਕਰ ਉਸ ਨੇ, ਵਿਵੇਕ ਦੀ ਵਿਰਧੀ ਨਾਲ, ਬਿਨਾਂ ਕੋਈ ਯਤਨ ਕੀਤੇ ਉਨ੍ਹਾਂ ਧਾਰਮਕ ਵਹਿਮਾਂ ਦੀਆਂ ਜ਼ੰਜੀਰਾਂ ਤੋੜ ਦਿੱਤੀਆਂ ਸਨ, ਜਿਨ੍ਹਾਂ ਵਿਚ ਉਹ ਪਲਿਆ ਸੀ, ਤੇ ਉਸ ਨੂੰ ਇਹ ਵੀ ਗਿਆਨ ਨਹੀਂ ਸੀ ਕਿ ਠੀਕ ਕਿਸ ਸਮੇਂ ਉਸ ਨੇ ਇਹ ਆਜ਼ਾਦੀ ਪ੍ਰਾਪਤ ਕੀਤੀ ਸੀ। ਗੰਭੀਰ ਤੇ ਸੁਹਿਰਦ ਹੋਣ ਕਾਰਣ, ਆਪਣੀ ਜਵਾਨੀ ਤੇ ਵਿਦਿਆਰਥੀ ਜੀਵਨ ਵਿਚ

ਨਖ਼ਲਿਊਦੌਫ਼ ਦੀ ਮਿੱਤ੍ਰਤਾ ਦੇ ਸਮੇਂ ਉਸ ਨੇ ਰਾਜ ਧਰਮ ਤੋਂ ਆਪਣਾ ਇਨਕਾਰ ਲੁਕਾਇਆ ਨਹੀਂ ਸੀ। ਪਰ ਸਮਾਂ ਪਾ ਕੇ ਜਦੋਂ ਉਸ ਦੀ ਪਦਵੀ ਵਿਚ ਵਾਧਾ ਹੋਇਆ, ਤੇ ਖ਼ਾਸ ਕਰਕੇ ਸਮਾਜ ਵਿਚ ਰੂੜੀਵਾਦੀ ਪ੍ਰਤਿਕਰਮ ਸਮੇਂ, ਉਸ ਦੀ ਧਾਰਮਕ ਸੁਤੰਤਰਤਾ ਉਸ ਦੇ ਰਾਹ ਵਿਚ ਇਕ ਰੁਕਾਵਟ ਬਣ ਗਈ। ਪਰਿਵਾਰਕ ਦਬਾਉ ਤੋਂ ਉਪਰੰਤ ਖਾਸ ਕਰਕੇ ਜਦੋਂ ਉਸ ਦੇ ਪਿਤਾ ਦੇ ਮਰਨ ਉੱਤੇ ਉਸ ਲਈ ਮ੍ਰਿਤਕ ਸੰਸਕਾਰ ਕੀਤੇ ਗਏ...... ਤੇ ਲੋਕਾਚਾਰ ਅਤੇ ਉਸ ਦੀ ਮਾਂ-ਇੱਛਾ ਤੋਂ ਛੁੱਟ ਕਿ ਉਹ ਵਰਤ ਰੱਖ ਤੇ ਕ੍ਰਿਆ ਕਰਮ ਕਰਵਾਵੇ, ਰਾਜ ਸੇਵਾ ਦੀ ਮੰਗ ਸੀ ਕਿ ਉਹ ਸਭ ਪ੍ਰਕਾਰ ਦੇ ਪਾਠ-ਕਰਮ, ਪਵਨ ਸੰਸਕਾਰ ਸ਼ੁਕਰਾਨਿਆਂ ਆਦਿ ਵਿਚ ਭਾਗ ਲਵੇ। ਕੋਈ ਦਿਨ ਨਹੀਂ ਸੀ ਲੰਘਦਾ ਜਦੋਂ ਉਸ ਨੂੰ ਕੋਈ ਉਪਚਾਰਕ ਧਰਮ-ਕਰਮ ਨਹੀਂ ਕਰਨਾ ਪੈਂਦਾ ਸੀ। ਇਨ੍ਹਾਂ ਸੰਸਕਾਰਾਂ ਦੇ ਸਬੰਧ ਵਿਚ ਉਸ ਨੂੰ ਦੋ ਵਿਚੋਂ ਇਕ ਗੱਲ ਕਰਨੀ ਪੈਂਦੀ ਸੀ, ਜਾਂ ਜਿਨ੍ਹਾਂ ਗੱਲਾਂ ਨੂੰ ਉਹ ਮੰਨਦਾ ਨਹੀਂ ਸੀ, ਉਨ੍ਹਾਂ ਵਿਚ ਵਿਸ਼ਵਾਸ਼ ਦਾ ਦਿਖਾਵਾ ਕਰੇ, ਤੇ ਇਹ ਉਸ ਦੀ ਸੱਚਾਈ ਉਸ ਨੂੰ ਕਰਨ ਨਹੀਂ ਸੀ ਦਿੰਦੀ........ ਜਾਂ ਇਹ ਫੈਸਲਾ ਕਰੇ ਕਿ ਇਹ ਸਭ ਪ੍ਰਚਾਰ ਕਰਨੇ ਝੂਠੇ ਹਨ, ਆਪਣੇ

ਜੀਵਨ ਨੂੰ ਇਸ ਤਰ੍ਹਾਂ ਬਦਲੇ ਕਿ ਉਸ ਨੂੰ ਇਨ੍ਹਾਂ ਸੰਸਕਾਰਾਂ ਵਿਚ ਭਾਗ ਲੈਣ ਦੀ ਮਜ਼ਬੂਰੀ ਨਾ ਹੋਵੇ। ਪਰ ਭਾਵੇਂ ਇਹ ਇਤਨਾ ਸਰਲ ਜਾਪਦਾ ਸੀ, ਇਹ ਉਸ ਨੂੰ ਬਹੁਤ ਮਹਿੰਗਾ ਪੈਣਾ ਸੀ। ਆਪਣੇ ਨਿਕਟ-ਵਰਤੀਆਂ ਦੇ ਸਦੀਵੀ ਵੈਰ ਦਾ ਸਾਹਮਣਾ ਕਰਨ ਤੋਂ ਉਪਰੰਤ, ਉਸ ਨੂੰ ਆਪਣੀ ਸਾਰੀ ਸਥਿਤੀ ਬਦਲਣੀ ਪੈਣੀ ਸੀ, ਨੌਕਰੀ ਛੱਡਣੀ ਤੇ ਉਸ ਸਾਰੇ ਭਲੇ ਦਾ ਤਿਆਗ ਜੋ ਉਹ ਸਮਝਦਾ ਸੀ ਉਹ ਇਸ ਨੌਕਰੀ ਰਾਹੀਂ ਮਨੁੱਖਤਾ ਦਾ ਕਰ ਰਿਹਾ ਸੀ ਤੇ ਭਵਿੱਖ ਵਿਚ ਹੋਰ ਵਧੇਰੇ ਕਰਨ ਦੀ ਆਸ ਰੱਖਦਾ ਸੀ। ਅਜੇਹਾ ਤਿਆਗ ਕਰਨ ਲਈ ਇਸ ਦੇ ਠੀਕ ਹੋਣ ਦਾ ਪੱਕਾ ਨਿਸ਼ਚਾ ਸੀ ਕਿ ਇਹ ਠੀਕ ਸੀ, ਜਿਵੇਂ ਸਾਡੇ ਸਮੇਂ ਦਾ ਕੋਈ ਪੜ੍ਹਿਆ ਲਿਖਿਆ ਆਦਮੀ ਨਿਸ਼ਚਾ ਕਰਨ ਤੋਂ ਬਿਨਾਂ ਹੀ ਰਹਿ ਸਕਦਾ, ਜੇ ਉਹ ਥੋੜਾ ਜੇਹਾ ਇਤਿਹਾਸ ਜਾਣਦਾ ਹੈ ਤੇ ਇਹ ਜਾਣਦਾ ਹੈ ਕਿ ਧਰਮਾਂ, ਖ਼ਾਸ ਕਰ ਕੇ ਸੰਪ੍ਰਦਾਈ ਈਸਾਈ ਮੱਤ ਦੀ ਉਤਪਤੀ ਕਿਵੇਂ ਹੋਈ। ਉਸ ਨੂੰ ਇਹ ਮੰਨਣਾ ਪੈਂਦਾ ਸੀ ਕਿ ਸੰਪ੍ਰਦਾਈ ਈਸਾਈ ਮੱਤ ਦੀ ਸਚਾਈ ਨੂੰ ਨਾ ਮੰਨਣ ਵਿਚ ਉਹ ਠੀਕ ਸੀ।

ਪਰ ਨੈਤਿਕ ਜੀਵਨ ਦੇ ਭਾਰ ਹੇਠ ਉਸ, ਇਕ ਸੱਚੇ ਪੁਰਸ਼, ਨੇ ਇਸ ਵਿਚ ਇਕ ਨਿੱਕੇ ਜੇਹੇ ਝੂਠ ਨੂੰ ਸ਼ਾਮਲ ਕਰ ਲਿਆ। ਉਸ ਨੇ ਆਖਿਆ ਕਿ ਇਕ ਅਨੁਚਿਤ ਗੱਲ ਵੱਲ ਠੀਕ ਵਰਤਾਰੇ ਲਈ ਆਦਮੀ ਲਈ ਉਸ ਅਨੁਚਿਤ ਗੱਲ ਦਾ ਅਧਿਐਨ ਜ਼ਰੂਰੀ ਹੈ। ਇਹ ਇਕ ਛੋਟਾ ਝੂਠ ਸੀ, ਪਰ ਇਸ ਨੇ ਉਸ ਨੂੰ ਉਸ ਵੱਡੇ ਅਨ੍ਰਿਤ ਵਿਚ ਡੇਰਾ ਦਿੱਤਾ ਜਿਸ ਵਿਚ ਉਹ ਹੁਣ ਖੁਭਿਆ ਹੋਇਆ ਸੀ।

ਆਪਣੇ ਆਪ ਨੂੰ ਇਹ ਪ੍ਰਸ਼ਨ ਕਰਨ ਤੋਂ ਪਹਿਲਾਂ ਕਿ ਇਹ ਸਿੱਧ ਮੱਤ ਜਿਸ ਵਿਚ ਉਹ ਜੰਮਿਆ ਤੇ ਪਲਿਆ ਸੀ, ਸੱਚ ਦਾ ਪਾਤਰ ਸੀ... ਉਹ ਸਿੱਧ ਮੱਤ ਜੋ ਹਰ ਇਕ ਦੀ ਸਮਝ ਵਿਚ ਉਸ ਨੂੰ ਮੰਨਣਾ ਚਾਹੀਦਾ ਸੀ ਤੇ ਜਿਸ ਤੋਂ ਬਿਨਾਂ ਉਹ ਮਨੁੱਖਤਾ ਲਈ ਆਪਣੇ ਇਤਨੇ ਲਾਹੇਵੰਦ ਕਰਮ ਵਿਵਹਾਰ ਨੂੰ ਜਾਰੀ ਨਹੀਂ ਰੱਖ ਸਕਦਾ ਸੀ... ਉਸ ਨੇ ਉੱਤਰ ਬਣਾ ਲਿਆ ਹੋਇਆ ਸੀ। ਸੋ, ਇਸ ਪ੍ਰਸ਼ਨ ਨੂੰ ਸਪੱਸ਼ਟ ਕਰਨ ਲਈ, ਉਸ ਨੇ ਵੋਲਟੇਅਰ ਸ਼ੋਪਨ ਹਾਵਰ, ਹਰਬਰਟ ਸਪੈਨਸਰ, ਜਾਂ ਕਾਮਤ ਨੂੰ ਪੜਨ ਦੀ ਥਾਉਂ ਹੀਗਲ ਦੀਆਂ ਦਾਰਸ਼ਨਿਕ ਕਿਰਤਾਂ ਤੇ ਵੀਨੇ ਤੇ ਹੋਮੀਓਕੋਫ਼ ਦੇ ਧਾਰਮਕ ਗ੍ਰੰਥ ਪੜ੍ਹੇ। ਸੁਭਾਵਕ ਸੀ ਕਿ ਉਸ ਨੂੰ ਇਨ੍ਹਾਂ ਵਿਚ ਜੋ ਕੁਝ ਉਹ ਢੂੰਡਦਾ ਸੀ, ਮਿਲ ਗਿਆ, ਜ਼ਰਾ ਕੁ ਮਨ ਦੀ ਸ਼ਾਂਤੀ ਤੇ ਉਸ ਧਾਰਮਕ ਸਿਖਿਆ ਦੀ ਸਿੱਧੀ, ਜਿਸ ਦੀ ਉਸ ਨੂੰ ਵਿਦਿਆ ਦਿੱਤੀ ਗਈ ਸੀ, ਜੋ ਉਸ

ਦਾ ਵਿਵੇਕ ਬੜੀ ਚਿਰ ਤੋਂ ਮੰਨਣ ਤੋਂ ਹੱਟ ਗਿਆ ਸੀ ਪਰ ਜਿਸ ਤੋਂ ਬਿਨਾਂ ਉਸ ਦਾ ਸਾਰਾ ਜੀਵਨ ਇਕ ਬੇਸਵਾਦੀ ਨਾਲ ਭਰਿਆ ਹੋਇਆ ਸੀ ਜੋ ਉਸ ਸਿਖਿਆ ਦੇ ਮੰਨਣ ਨਾਲ ਦੂਰ ਹੋ ਸਕਦੀ ਸੀ।

ਸੋ ਉਸ ਨੇ ਉਹ ਸਾਰੇ ਸਾਮਾਨ ਹੇਤੂੰ ਚਪਾਤਾਸ ਅਥਵਾ ਮਿਥਿਆ ਸਿਧਾਂਤ ਗ੍ਰਹਿਣ ਕਰ ਲਏ ਜੋ ਇਹ ਸਿੱਧ ਕਰਦੇ ਹਨ ਕਿ ਕਿਸੇ ਇਕੱਲੇ ਮਨੁੱਖ ਦੀ ਬੁੱਧੀ ਸੱਚ ਨੂੰ ਨਹੀਂ ਪਹੁੰਚ ਸਕਦੀ ਕਿ ਸੱਚ ਕੇਵਲ ਸੰਗਤ ਅੱਗੇ ਪ੍ਰਗਟ ਹੁੰਦਾ ਹੈ ਤੇ ਕੇਵਲ ਸੂਲੀ ਰਾਹੀਂ ਜਾਣਿਆ ਜਾ ਸਕਦਾ ਹੈ ਜੇਹੜੀ ਸੂਲੀ ਈਸਾਈ ਚਰਚ ਨੇ ਸੰਭਾਲੀ ਹੋਈ ਹੈ ਤੇ ਉਸ ਸਮੇਂ ਤੋਂ ਇਹ ਝੂਠ ਨੂੰ ਨਾ ਸਮਝਦੇ ਹੋਏ ਉਹ ਸ਼ਾਂਤ ਮਨ ਹੋ ਕੇ ਮ੍ਰਿਤਕ ਲਈ ਅਰਦਾਸਾਂ ਤੇ ਪਾਠਾਂ ਆਦਿ ਵਿਚ ਆਪਣੇ ਪਾਪ ਦੱਸਣ ਵਿਚ, ਤੇ ਮੂਰਤੀਆਂ ਅੱਗੇ ਸੂਲੀ ਦੇ ਸੰਕੇਤ ਬਣਾਉਣ ਵਿਚ, ਭਾਗ ਲੈਣ ਜੋਗਾ ਹੋ ਗਿਆ। ਇਸ ਨਾਲ ਉਸ ਦਾ ਉਸ ਨੌਕਰੀ ਵਿਚ, ਜਿਸ ਤੋਂ ਉਸ ਨੂੰ ਆਪਣੇ ਲਾਭਵੰਦੇ ਹੋਣ ਦੀ ਭਾਵਨਾ ਉਪਜਦੀ ਸੀ ਤੇ ਆਪਣੇ ਘਰ ਦੇ ਨੀਰਸ ਜੀਵਨ ਵਿਚੋਂ ਕੁਝ ਸਾਰ ਮਿਲਦਾ ਸੀ, ਲੱਗਾ ਰਹਿਣਾ ਵੀ ਸੰਭਵ ਹੋ ਗਿਆ, ਭਾਵੇਂ ਉਹ ਇਸ ਤਰ੍ਹਾਂ ਮੰਨਦਾ ਸੀ, ਉਹ ਤਨ ਮਨ ਤੋਂ ਮਹਿਸੂਸ ਕਰਦਾ ਸੀ ਕਿ ਹੋਰ ਸਭ ਕਾਸੇ ਤੋਂ ਵਧੇਰੇ ਉਸ ਦਾ ਇਹ ਧਰਮ, 'ਠੀਕ ਗੱਲ" ਨਹੀਂ ਸੀ। ਇਸੇ ਕਰਕੇ ਉਸ ਦੀਆਂ ਅੱਖਾਂ ਸਦਾ ਉਦਾਸ ਦਿੱਸਦੀਆਂ ਸਨ। ਨਖ਼ਲਿਊਦੌਫ਼ ਨਾਲ ਮਿਲਣ ਨਾਲ, ਜਿਸ ਨੂੰ ਉਹ ਇਨ੍ਹਾਂ ਦੇ ਝੂਠਾਂ ਦੇ ਆਪਣੇ ਅੰਦਰ ਜੜ੍ਹ ਮਾਰ ਜਾਣ ਤੋਂ ਪਹਿਲਾਂ ਦਾ ਜਾਣਦਾ ਸੀ, ਉਸ ਨੂੰ ਆਪਣੀ ਉਹ ਅਵਸਥਾ ਯਾਦ ਆ ਗਈ, ਤੇ ਖ਼ਾਸ ਕਰਕੇ ਜਦੋਂ ਉਸ ਨੇ ਕਾਹਲੀ ਨਾਲ ਆਪਣੇ ਇਸ ਸਮੇਂ ਦੇ ਧਾਰਮਕ ਵਿਸ਼ਵਾਸ਼ਾਂ ਵੱਲ ਸੰਕੇਤ ਕੀਤਾ। ਉਹ ਪਹਿਲੋਂ ਤੋਂ ਵਧੇਰੇ ਜ਼ੋਰ ਨਾਲ ਮਹਿਸੂਸ ਕਰਨ ਲੱਗਾ ਕਿ ਇਹ ਸਭ ਕੁਝ 'ਠੀਕ ਗੱਲ' ਨਹੀਂ ਸੀ ਤੇ ਉਸਦੀ ਉਦਾਸੀ ਵਧ ਕੇ ਪੀੜ ਬਣ ਗਈ। ਨਖ਼ਲਿਊਦੌਫ਼ ਨੂੰ ਵੀ ਆਪਣੇ ਪੁਰਾਣੇ ਮਿੱਤਰ ਦੇ ਮਿਲਣ ਤੋਂ ਹੋਈ ਪਹਿਲੀ ਖੁਸ਼ੀ ਦੇ ਲੰਘ ਜਾਣ ਨਾਲ ਇਹੀ ਅਨੁਭਵ ਹੋਇਆ।

ਸੋ ਭਾਵੇਂ ਉਨ੍ਹਾਂ ਨੇ ਇਕ ਦੂਜੇ ਨੂੰ ਮਿਲਣ ਦਾ ਇਕਰਾਰ ਕੀਤਾ ਸੀ, ਅਜੇਹੀ ਮੁਲਾਕਾਤ ਦਾ ਯਤਨ ਕੋਈ ਨਾ ਕੀਤਾ ਤੇ ਨਖ਼ਲਿਊਦੌਫ਼ ਦੇ ਪੀਟਰਜ਼ਬਰਗ ਠਹਿਰਨ ਸਮੇਂ ਉਹ ਫਿਰ ਇਕ ਦੂਜੇ ਨੂੰ ਨਾ ਮਿਲੇ।

-0-

24

ਸੈਨੇਟ ਵਿਚੋਂ ਨਿਕਲ ਕੇ, ਨਖ਼ਲਿਊਦੌਫ਼ ਤੇ ਵਕੀਲ ਪੈਦਲ ਚਲ ਪਏ, ਬੱਘੀ ਵਾਲੇ ਨੂੰ ਵਕੀਲ ਨੇ ਉਨ੍ਹਾਂ ਦੇ ਪਿਛੇ ਆਉਣ ਲਈ ਕਹਿ ਦਿੱਤਾ। ਵਕੀਲ ਨੇ ਨਖ਼ਲਿਊਦੌਫ਼ ਨੂੰ ਇਕ ਰਾਜ ਵਿਭਾਗ ਦੇ ਮੁਖੀ ਦੀ ਕਹਾਣੀ ਦੱਸੀ ਜਿਸ ਬਾਰੇ ਸੈਨੇਟਰ ਗੱਲਾਂ ਕਰਦੇ ਸਨ, ਕਿਵੇਂ ਗੱਲ ਦਾ ਪਤਾ ਲੱਗਾ ਤੇ ਕਿਵੇਂ ਉਹ ਆਦਮੀ ਜਿਸਨੂੰ ਕਾਨੂੰਨ ਅਨੁਸਾਰ ਕਾਨਾਂ ਵਿਚ ਮੁਸ਼ੱਕਤ ਲਈ ਭੇਜਿਆ ਜਾਣਾ ਸੀ, ਸਾਇਬੇਰੀਆ ਦੇ ਇਕ ਸ਼ਹਿਰ ਦਾ ਹਾਕਮ ਬਣਾ ਦਿੱਤਾ ਗਿਆ ਸੀ। ਇਸ ਕਹਾਣੀ ਨੂੰ ਇਸਦੇ ਸਾਰੇ ਭੈੜੇ ਵਿਸਤਾਰ ਵਿਚ ਦੱਸ ਕੇ ਹੁਣ ਵਿਸ਼ੇਸ਼ ਪ੍ਰਸੰਨਤਾ ਨਾਲ ਅੱਗੋਂ ਦੱਸਣ ਲੱਗਾ ਕਿਵੇਂ ਕਈ ਪ੍ਰਭਾਵਸ਼ਾਲੀ ਵਿਅਕਤੀਆਂ ਨੇ ਇਕ ਅਧੂਰੇ ਰਹਿ ਗਏ ਸਮਾਰਕ ਦੀ ਉਸਾਰੀ ਲਈ ਇਕੱਠੇ ਕੀਤੇ ਧਨ ਦਾ ਚੋਖਾ ਭਾਗ ਗਬਨ ਕਰ ਲਿਆ ਸੀ...... ਇਸ ਸਮਾਰਕ ਪਾਸੋਂ ਉਹ ਇਸ ਸਵੇਰ ਲੰਘੇ ਸਨ, ਨਾਲੇ ਕਿਵੇਂ ਇਕ ਕਿਸੇ ਦੀ ਰਖੇਲੀ ਨੇ ਸੱਟੇ ਦੇ ਬਜ਼ਾਰ ਵਿਚ ਲੱਖਾਂ ਬਣਾ ਲਏ ਸਨ ਤੇ ਕਿਵੇਂ ਇਕ ਵਿਅਕਤੀ ਨੇ ਕਿਸੇ ਦੂਜੇ ਕੋਲ ਆਪਣੀ ਵਹੁਟੀ ਨੂੰ ਵੇਚ ਦਿੱਤਾ ਸੀ। ਵਕੀਲ ਨੇ ਇਕ ਹੋਰ ਠੱਗੀ ਦੀ ਕਹਾਣੀ ਵੀ ਸੁਣਾਈ, ਤੇ ਹੋਰ ਸਭ ਕਿਸਮ ਦੇ ਅਪਰਾਧ ਜੋ ਉਹ ਪਦਵੀ ਵਾਲੇ ਲੋਕਾਂ ਨੇ ਕੀਤੇ ਸਨ ਪਰ ਜੇਹੜੇ ਕੈਦ ਵਿਚ ਹੋਣ ਦੀ ਥਾਉਂ ਸਰਕਾਰੀ ਸੰਸਥਾਵਾਂ ਵਿਚ ਮੁਖੀਆਂ ਦੀਆਂ ਕੁਰਸੀਆਂ ਉਤੇ ਬੈਠੇ ਸਨ। ਇਹ ਕਹਾਣੀਆਂ ਜਿਨ੍ਹਾਂ ਦਾ ਵਕੀਲ ਪਾਸ ਇਕ ਅਤੁੱਟ ਖ਼ਜ਼ਾਨਾ ਜਾਪਦਾ ਸੀ, ਉਸ ਨੂੰ ਬੜਾ ਆਨੰਦ ਦੇਂਦੀਆਂ ਸਨ, ਕਿਉਂਕਿ ਇਹ ਸਪੱਸ਼ਟਤਾ ਨਾਲ ਦਰਸਾਂਦੀਆਂ ਸਨ ਕਿ ਉਸਦਾ ਧਨ ਕਮਾਣ ਦਾ ਤਰੀਕਾ ਪੀਟਰਜ਼ਬਰਗ ਵਿਚ ਉੱਚੇ ਉੱਚੇ ਕਰਮਚਾਰੀਆਂ ਵੱਲੋਂ ਵਰਤੇ ਜਾਂਦੇ ਢੰਗਾਂ ਦੀ ਤੁਲਨਾ ਵਿਚ ਬੜਾ ਨਿਆਈ ਤੇ ਨਿਰਦੋਸ਼ ਸੀ। ਇਸ ਲਈ ਵਕੀਲ ਨੂੰ ਹੈਰਾਨੀ ਹੋਈ ਜਦੋਂ ਨਖ਼ਲਿਊਦੋਫ਼ ਉਸਦੀ ਕਹਾਣੀ ਦਾ ਅੰਤ ਸੁਣੇ ਬਿਨਾਂ ਇਕ ਬੱਘੀ ਪੱਕੜ ਕੇ ਉਸ ਨੂੰ ਨਮਸਤੇ ਕਹਿ ਕੇ ਚਲਦਾ ਬਣਿਆ।

ਨਖ਼ਲਿਊਦੋਂਫ਼ ਬੜਾ ਉਦਾਸ ਹੋ ਗਿਆ। ਬਹੁਤਾ ਉਹ ਸੈਨੇਟ ਵਲੋਂ ਅਪੀਲ ਦੀ ਨਾ-ਮਨਜ਼ੂਰੀ ਕਰਕੇ ਉਦਾਸ ਸੀ ਜਿਸ ਨੇ ਉਨ੍ਹਾਂ ਵਿਅਰਥ ਕਸ਼ਟਾਂ ਉਤੇ, ਜੋ ਮਸਲੋਂਫ਼ਾ ਭੁਗਤ ਰਹੀ ਸੀ, ਮੁਹਰ ਲੱਗਾ ਦਿੱਤੀ ਸੀ। ਨਾਲੇ ਇਸ ਨਾ-ਮਨਜ਼ੂਰੀ ਨਾਲ ਉਸ ਦੇ ਲਈ ਮਸਲੋਂਫ਼ਾ ਨਾਲ ਆਪਣੀ ਕਿਸਮਤ ਜੋੜ ਲੈਣਾ ਹੋਰ ਵੀ ਔਖਾ ਹੋ ਗਿਆ ਸੀ। ਵਿਆਪਕ ਬੁਰਾਈਆਂ ਬਾਰੇ ਭਿਆਨਕ ਕਹਾਣੀਆਂ, ਜੋ ਵਕੀਲ ਨੇ ਇਤਨਾ ਸਵਾਦ ਲੈ ਕੇ ਸੁਣਾਈਆਂ ਸਨ, ਉਸ ਦੀ ਉਦਾਸੀ ਨੂੰ ਵਧਾ ਰਹੀਆਂ ਸਨ ਤੇ ਨਾਲੇ ਕਿਸੇ ਸਮੇਂ ਦੇ ਮਿੱਠੇ ਸੁਭਾਅ ਵਾਲੇ, ਖੁਲ੍ਹੇ ਮਨ ਵਾਲੇ ਤੇ ਉੱਚ-ਭਾਵੀ ਸੈਲਿਨਿਨ ਨੇ ਜਿਸ ਨਿਰਦਈ ਅੱਖ ਨਾਲ ਉਸ ਨੂੰ ਦੇਖਿਆ ਸੀ ਉਹ ਮੁੜ ਮੁੜ ਉਸ ਨੂੰ ਯਾਦ ਆ ਰਹੀ ਸੀ ਤੇ ਉਸ ਦੀ ਉਦਾਸੀ ਨੂੰ ਵਧਾ ਰਹੀ ਸੀ।

ਘਰ ਮੁੜਨ ਉਤੇ ਦਰਬਾਨ ਨੇ ਉਸ ਨੂੰ ਇਕ ਚਿੱਠੀ ਦਿੱਤੀ ਤੇ ਕੁਝ ਗਿਲਾਨੀ ਨਾਲ ਆਖਿਆ ਕਿ ਕਿਸੇ ਇਸਤਰੀ ਨੇ ਇਹ ਹਾਲ ਵਿਚ ਆ ਕੇ ਲਿਖੀ ਸੀ। ਚਿੱਠੀ ਮੁਸਤੌਫ਼ਾ ਦੀ ਮਾਤਾ ਵਲੋਂ ਸੀ। ਉਸ ਨੇ ਲਿਖਿਆ ਸੀ ਕਿ ਉਹ ਆਪਣੀ ਧੀ ਦੇ ਰੱਖਿਅਕ ਉਪਕਾਰ ਕਰਤਾ ਦਾ ਧੰਨਵਾਦ ਕਰਨ ਆਈ ਸੀ ਤੇ ਉਸ ਨੂੰ ਅਰਜ਼ ਕਰਨ ਕਿ ਉਹ ਵੈਸੀਲੀਏਵਸਕੀ, ਪੰਜਵੀਂ ਗਲੀ, ਘਰ ਨੰਬਰ..... ਉਨ੍ਹਾਂ ਨੂੰ ਮਿਲਣ ਆਵੇ। ਇਸ ਵੇਰਾਂ ਦੂਖੋਫ਼ਾ ਦੇ ਕਾਰਣ ਬਹੁਤ ਜ਼ਰੂਰੀ ਸੀ। ਉਹ ਇਸ ਗੱਲੋਂ ਨਾ ਡਰੇ ਕਿ ਉਸ ਨੂੰ ਕ੍ਰਿਤੱਗਤਾ ਦੱਸ ਦੱਸ ਕੇ ਥਕਾ ਦੇਣਗੀਆਂ। ਉਹ ਆਪਣੀ ਕ੍ਰਿਤਗਤਾ ਦੀ ਕੋਈ ਗੱਲ ਨਹੀਂ ਕਰਨਗੀਆਂ ਕੇਵਲ ਉਸ ਨੂੰ ਦੇਖਕੇ ਖੁਸ਼ੀ ਪ੍ਰਾਪਤ ਕਰਨਗੀਆਂ। ਕੀ ਉਸ ਲਈ ਅਗਲੀ ਸਵੇਰ ਆਉਣਾ ਸੰਭਵ ਸੀ ?

ਬੋਗਤੀਰੇਫ ਵੱਲੋਂ ਵੀ ਇਕ ਚਿੱਠੀ ਸੀ। ਇਹ ਨਖ਼ਲਿਊਦੋਂਫ਼ ਦਾ ਇਕ ਪੁਰਾਣਾ ਸਾਥੀ ਅਫ਼ਸਰ, ਹੁਣ ਸਮਰਾਟ ਦਾ ਅੰਗ ਸੇਵਕ ਸੀ, ਜਿਸਨੂੰ ਨਖ਼ਲਿਊਦੋਂਫ਼ ਨੇ ਉਨ੍ਹਾਂ ਪੰਥੀਆਂ ਵੱਲੋਂ ਇਕ ਅਰਜ਼ੀ ਆਪਣੇ ਹੱਥੀਂ ਸਮਰਾਟ ਨੂੰ ਦੇਣ ਲਈ ਆਖਿਆ ਸੀ। ਬੋਗਤੀਰੇਫ ਨੇ ਵੱਡੇ ਸਪੱਸ਼ਟ ਅੱਖਰਾਂ ਵਿਚ ਲਿਖਿਆ ਸੀ ਕਿ ਉਹ ਆਪਣੇ ਇਕਰਾਰ ਅਨੁਸਾਰ ਆਪਣੀ ਹੱਥੀਂ ਸਮਰਾਟ ਅੱਗੇ ਅਰਜ਼ੀ ਰਖੇਗਾ। ਪਰ ਉਸ ਨੂੰ ਇਹ ਖ਼ਿਆਲ ਆਇਆ ਸੀ ਕਿ ਬਿਹਤਰ ਹੋਵੇਗਾ ਜੋ ਨਖ਼ਲਿਊਦੋਂਫ਼ ਉਸ ਵਿਅਕਤੀ ਨੂੰ ਪਹਿਲੋਂ ਜਾ ਕੇ ਮਿਲ ਲਵੇ ਜਿਸ ਉਤੇ ਇਹ ਮਾਮਲਾ ਨਿਰਭਰ ਸੀ।

ਉਸ ਨੇ ਆਪਣੇ ਪੋਰਟਫੋਲੀਓ ਵਿਚੋਂ ਪੰਥੀਆਂ ਦੀ ਅਰਜ਼ੀ ਕੱਢੀ ਤੇ ਇਸ ਨੂੰ ਪੜ੍ਹਿਆ। ਦਰਵਾਜ਼ੇ ਤੇ ਠੱਕ ਠੱਕ ਹੋਈ ਤੇ ਇਕ ਪਿਆਦਾ ਬੇਗਮ ਕੈਥਰੀਨ ਇਵਾਨੋਫਨਾ

ਦਾ ਸੁਨੇਹਾ ਲੈ ਕੇ ਅੰਦਰ ਆਇਆ ਜਿਸ ਵਿਚ ਨਖ਼ਲਿਊਦੌਫ਼ ਨੂੰ ਜਾ ਕੇ ਉਸ ਨਾਲ ਚਾਹ ਪੀਣ ਲਈ ਆਖਿਆ ਗਿਆ ਸੀ।

ਨਖ਼ਲਿਊਦੌਫ਼ "ਹੁਣੇ ਆਇਆ" ਆਖ ਕੇ ਤੇ ਕਾਗਜ਼ ਪੋਰਟਫ਼ੋਲੀਓ ਵਿਚ ਪਾ ਕੇ ਆਪਣੀ ਮਾਸੀ ਦੇ ਬੈਠਣ ਵਾਲੇ ਕਮਰੇ ਵਿਚ ਚਲਾ ਗਿਆ। ਜਾਂਦੇ ਜਾਂਦੇ ਇਕ ਬਾਰੀ ਵਿਚੋਂ ਤੱਕਿਆ ਤਾਂ ਉਸ ਨੂੰ ਘਰ ਦੇ ਸਾਹਮਣੇ ਮਰੀਅਤ ਦੀ ਕੁਮੈਤ ਘੋੜੀਆਂ ਦੀ ਜੋੜੀ ਖੜ੍ਹੀ ਦਿੱਸੀ। ਉਸ ਦੇ ਚੇਹਰੇ ਉਤੇ ਇਕ ਦਮ ਉਜਲਾ ਆ ਗਿਆ ਤੇ ਉਸ ਦਾ ਮੁਸਕਰਾਣ ਨੂੰ ਜੀਅ ਕੀਤਾ।

ਮਾਰੀਅਤ ਸਿਰ ਉਤੇ ਟੋਪੀ ਰੱਖੀ ਤੇ ਕਾਲੇ ਦੀ ਥਾਉਂ ਰੰਗ ਬਰੰਗੀ ਹਲਕੀ ਜੇਹੀ ਪੁਸ਼ਾਕ ਵਿਚ, ਹੱਥ ਵਿਚ ਪਿਆਲਾ ਲਈ ਬੇਗਮ ਦੀ ਅਰਾਮ ਕੁਰਸੀ ਦੇ ਕੋਲ ਬੈਠੀ ਸੀ, ਉਸ ਦੀਆਂ ਸੁੰਦਰ ਹੱਸਦੀਆਂ ਅੱਖਾਂ ਚਮਕ ਰਹੀਆਂ ਸਨ, ਤੇ ਉਹ ਨਜ਼ਾਕਤ ਨਾਲ ਗੱਲਾਂ ਕਰ ਰਹੀ ਸੀ। ਨਖ਼ਲਿਊਦੌਫ਼ ਅੰਦਰ ਵੜਿਆ ਤਾਂ ਮਾਰੀਅਤ ਕੋਈ ਬੜੀ ਹਾਸੇ ਵਾਲੀ ਤੇ ਅਸ਼ਲੀਲ ਗੱਲ ਕਹਿ ਕੇ ਹਟੀ ਸੀ, ਜਿਵੇਂ ਉਸ ਨੇ ਉਨਾਂ ਦੇ ਹੱਸਣ ਦੇ ਢੰਗ ਤੋਂ ਸਮਝਿਆ ਤੇ ਸਿਸ਼ਟ ਸੁਭਾਉ ਮੁੱਛਾਂ ਵਾਲੀ ਬੇਗਮ ਕੈਥਰੀਨ-ਇਵਾਨੋਫ਼ਨਾ ਦਾ ਗੁਦਗੁਦਾ ਸਰੀਰ ਹਾਸੇ ਨਾਲ ਹਿਲ ਰਿਹਾ ਸੀ। ਮਾਰੀਅਤ ਦਾ ਮੁਸਕਰਾਂਦਾ ਮੂੰਹ ਜ਼ਰਾ ਕੁ ਇਕ ਪਾਸੇ ਨੂੰ ਖਿਚਿਆ ਹੋਇਆ, ਤੇ ਉਸ ਦਾ ਸਿਰ ਜ਼ਰਾ ਝੁਕਿਆ ਹੋਇਆ ਸੀ, ਅਤੇ ਆਪਣੇ ਹੱਸਦੇ ਸਜਿੰਦ ਚਿਹਰੇ ਉਤੇ ਇਕ ਖ਼ਾਸ ਕਿਸਮ ਦੇ ਸ਼ਰਾਰਤ ਭਰੇ ਮੁਖਾਂਤਰ ਨਾਲ ਉਹ ਆਪਣੇ ਸਾਥੀ ਵੱਲ ਚੁੱਪ ਚਾਪ ਬੈਠੀ ਦੇਖ ਰਹੀ ਸੀ।

ਉਨ੍ਹਾਂ ਕੁਝ ਸ਼ਬਦਾਂ ਤੋਂ ਜੋ ਉਸ ਨੇ ਸੁਣ ਲਏ ਸਨ, ਨਖ਼ਲਿਊਦੌਫ਼ ਨੇ ਅਨੁਮਾਨ ਲਗਾ ਲਿਆ ਕਿ ਉਹ ਪੀਟਰਜ਼ਬਰਗ ਦੀਆਂ ਖ਼ਬਰਾਂ ਦੇ ਦੂਜੇ ਟੁਕੜੇ ਬਾਰੇ ਗੱਲਾਂ ਕਰ ਰਹੀਆਂ ਸਨ, ਨਵੇਂ ਸਾਇਬੇਰੀਅਨ ਹਾਕਮ ਦੀ ਘਟਨਾ ਬਾਰੇ ਤੇ ਇਸ ਘਟਨਾ ਬਾਰੇ ਮਾਰੀਅਤ ਨੇ ਕੋਈ ਅਜੇਹੀ ਹਾਸੇ ਦੀ ਗੱਲ ਕਹੀ ਸੀ ਕਿ ਬੇਗਮ ਤੱਕੜਾ ਚਿਰ ਆਪਣੇ ਆਪ ਨੂੰ ਸੰਭਾਲ ਨਾ ਸਕੀ।

"ਤੂੰ ਮੈਨੂੰ ਮਾਰ ਦੇਵੇਂਗੀ।" ਉਸ ਨੇ ਖਘਦਿਆਂ ਹੋਇਆਂ ਆਖਿਆ।

"ਕੀ ਹਾਲ, ਤੁਹਾਡਾ ?" ਆਖ ਕੇ ਨਖ਼ਲਿਊਦੌਫ਼ ਬੈਠ ਗਿਆ। ਉਹ ਆਪਣੇ ਮਨ ਵਿਚ ਮਾਰੀਅਤ ਦੀ ਅਸ਼ਲੀਲਤਾ ਦੀ ਨਿਖੇਧੀ ਕਰਨ ਵਾਲਾ ਹੀ ਸੀ ਜਦੋਂ ਉਸ ਨੇ ਉਸ ਦੀਆਂ ਅੱਖਾਂ ਦੀ ਗੰਭੀਰ ਤੇ ਕੁਝ ਸੰਤੁਸ਼ਟ ਝਾਕਣੀ ਵੇਖ ਕੇ ਨਾ ਕੇਵਲ ਆਪਣੇ ਚਿਹਰੇ ਦਾ

ਮੁਖਾਂਤਰ ਸਗੋਂ ਆਪਣੇ ਮਨ ਦਾ ਵਿਚਾਰ ਵੀ ਬਦਲ ਲਿਆ, ਕਿਉਂਕਿ ਜਿਉਂ ਹੀ ਉਸ ਨੇ ਉਸ ਵੱਲ ਵੇਖਿਆ ਉਸ ਦੇ ਮਨ ਵਿਚ ਉਸ ਨੂੰ ਖ਼ੁਸ਼ ਕਰਨ ਦੀ ਇੱਛਾ ਉਤਪੰਨ ਹੋਈ। ਉਹ ਇਕ ਦਮ ਗੰਭੀਰ ਹੋ ਗਈ, ਆਪਣੇ ਜੀਵਨ ਨਾਲ ਅਸੰਤੁਸ਼ਟ ਜਿਵੇਂ ਕਿਸੇ ਚੀਜ਼ ਨੂੰ ਲੱਭਣ ਤੇ ਪ੍ਰਾਪਤ ਕਰਨ ਦਾ ਯਤਨ ਕਰ ਰਹੀ ਹੋਵੇ। ਉਹ ਦਿਖਾਵਾ ਨਹੀਂ ਸੀ ਕਰ ਰਹੀ, ਉਸ ਨੇ ਸੱਚਮੁੱਚ ਆਪਣੇ ਵਿਚ ਓਹੀ ਮਨੋ-ਵਿਰਤੀ ਉਤਪੰਨ ਕਰ ਲਈ ਜੋ ਨਖ਼ਲਿਊਦੌਂਫ਼ ਦੀ ਸੀ, ਭਾਵੇਂ ਉਸ ਲਈ ਸ਼ਬਦਾਂ ਵਿਚ ਪ੍ਰਗਟ ਕਰਨਾ ਅਸੰਭਵ ਹੋਣਾ ਸੀ ਕਿ ਉਸ ਸਮੇਂ ਨਖ਼ਲਿਊਦੌਂਫ਼ ਦੇ ਮਨ ਦੀ ਦਸ਼ਾ ਕੀ ਸੀ।

ਮਾਰੀਅਤ ਨੇ ਪੁੱਛਿਆ, ਉਸ ਨੂੰ ਆਪਣੇ ਵੱਖ ਵੱਖ ਮਨੋਰਥਾਂ ਵਿਚ ਕੀ ਕੁਝ ਪ੍ਰਾਪਤ ਹੋਇਆ ਸੀ। ਨਖ਼ਲਿਊਦੌਂਫ਼ ਨੇ ਉਸ ਨੂੰ ਸੈਨੇਟ ਵਿਚ ਆਪਣੀ ਅਸਫ਼ਲਤਾ ਤੇ ਸੈਲਿਨਿਨ ਨਾਲ ਮੁਲਾਕਾਤ ਬਾਰੇ ਦੱਸਿਆ।

"ਆਹਾ, ਕਿੱਡੀ ਪਵਿੱਤਰ ਆਤਮਾ: ਉਹ ਸੱਚਮੁਚ (ਫਰਾਂਸੀਸੀ ਵਿਚ) ਇਕ ਭੈ ਤੇ ਅਉਗਣ ਤੋਂ ਮੁੱਕਤ ਸੂਰਬੀਰ ਹੈ। ਇਕ ਪਵਿੱਤਰ ਆਤਮਾ।" ਦੋਹਾਂ ਸੁਆਣੀਆਂ ਨੇ ਆਖਿਆ। ਇਹ ਵਿਸ਼ੇਸ਼ਣ ਨਾਲ ਪੀਟਰਜ਼ਬਰਗ ਦੇ ਭਾਈਚਾਰੇ ਵਿਚ ਆਮ ਲਗਾਇਆ ਜਾਂਦਾ ਸੀ।

"ਉਸਦੀ ਪਤਨੀ ਕਿਹੋ ਜੇਹੀ ਹੈ ?" ਨਖ਼ਲਿਊਦੌਂਫ਼ ਨੇ ਪੁੱਛਿਆ।

"ਉਸਦੀ ਪਤਨੀ ? ਮੈਂ ਕੋਈ ਅਦਾਲਤ ਤਾਂ ਨਹੀਂ ਕਰਨਾ ਚਾਹੁੰਦੀ, ਪਰ ਉਹ ਉਸ ਨੂੰ ਸਮਝਦੀ ਨਹੀਂ।"

"ਕੀ ਇਹ ਅਸੰਭਵ ਹੈ ਕਿ ਉਹ ਵੀ ਅਪੀਲ ਨੂੰ ਨਾ ਮਨਜ਼ੂਰ ਕਰਨ ਦੇ ਹੱਕ ਵਿਚ ਸੀ?" ਮਾਰੀਅਤ ਨੇ ਸੱਚੀ ਹਮਦਰਦੀ ਨਾਲ ਪੁੱਛਿਆ।

"ਸਿਤਮ ਹੈ। ਮੈਨੂੰ ਉਸ ਵਿਚਾਰੀ ਉਤੇ ਕਿਤਨਾ ਤਰਸ ਆ ਰਿਹਾ ਹੈ।" ਉਸ ਨੇ ਹਉਕਾ ਲੈ ਕੇ ਆਖਿਆ।

ਨਖ਼ਲਿਊਦੌਂਫ਼ ਨੇ ਤਿਉੜੀ ਵਟ ਲਈ ਤੇ ਗੱਲ ਬਦਲਣ ਲਈ ਉਹ ਸ਼ਸਤੋਫ਼ਾ ਬਾਰੇ ਦੱਸਣ ਲੱਗਾ ਜੋ ਕਿਲ੍ਹੇ ਦੀ ਕੈਦ ਤੋਂ ਹੁਣ ਮਾਰੀਅਤ ਦੇ ਵਿਚ ਪੈਣ ਨਾਲ ਰਿਹਾ ਕਰ ਦਿੱਤੀ ਗਈ ਸੀ। ਉਸ ਨੇ ਮਾਰੀਅਤ ਦਾ ਇਸ ਖੇਚਲ ਲਈ ਧੰਨਵਾਦ ਕੀਤਾ। ਉਹ ਇਹ ਕਹਿਣਾ ਚਾਹੁੰਦਾ ਸੀ ਕਿ ਉਹ ਇਸ ਨੂੰ ਕਿਤਨਾ ਜ਼ੁਲਮ ਸਮਝਦਾ ਸੀ ਜੋ ਇਸ ਇਸਤ੍ਰੀ ਤੇ ਇਸ ਦੇ ਸਾਰੇ ਪਰਿਵਾਰ ਨੇ ਕਸ਼ਟ ਭੋਗਿਆ ਸੀ। ਕੇਵਲ ਇਸ ਲਈ ਕਿ ਕਿਸੇ ਨੇ

ਅਧਿਕਾਰੀਆਂ ਨੂੰ ਉਨ੍ਹਾਂ ਬਾਰੇ ਯਾਦ ਨਹੀਂ ਕਰਵਾਇਆ ਸੀ। ਪਰ ਮਾਰੀਅਤ ਨੇ ਉਸ ਨੂੰ ਰੋਕ ਦਿੱਤਾ ਤੇ ਆਪਣਾ ਰੋਹਬ ਦੱਸਣ ਲੱਗੀ।

ਉਸ ਨੇ ਆਖਿਆ : "ਜਦੋਂ ਮੇਰੇ ਪਤੀ ਨੇ ਮੈਨੂੰ ਦੱਸਿਆ ਕਿ ਉਹ ਛੱਡ ਦਿੱਤੀ ਜਾ ਸਕਦੀ ਸੀ, ਮੇਰੇ ਮਨ ਵਿਚ ਏਹੋ ਆਈ, ਜੇ ਉਹ ਨਿਰਦੋਸ਼ ਸੀ ਤਾਂ ਉਸ ਨੂੰ ਕੈਦ ਵਿਚ ਸੁਟਿਆ ਹੀ ਕਿਉਂ ਗਿਆ ?" ਉਹ ਕੁਝ ਕੁਝ ਕਹਿੰਦੀ ਗਈ ਜੋ ਨਖ਼ਲਿਊਦੌਫ਼ ਕਹਿਣ ਲੱਗਾ ਸੀ। "ਇਹ ਘਿਣਾਉਣੀ ਗੱਲ ਹੈ.........ਬੜੀ ਘਿਣਾਉਣੀ।"

ਬੇਗ਼ਮ ਕੈਥਰੀਨ ਇਵਾਨੋਫ਼ਨਾ ਨੇ ਤਾੜ ਲਿਆ ਕਿ ਮਾਰੀਅਤ ਉਸ ਦੇ ਭਾਣਜੇ ਨਾਲ ਨਖ਼ਰੇ-ਬਾਜ਼ੀ ਕਰ ਰਹੀ ਸੀ ਤੇ ਉਸ ਨੂੰ ਦਿਲੀ ਖੁਸ਼ੀ ਹੋਈ। ਜਦੋਂ ਉਹ ਚੁੱਪ ਕਰ ਗਏ ਤਾਂ ਉਸ ਨੇ ਆਖਿਆ, "ਮੈਂ ਤੁਹਾਨੂੰ ਦੱਸਦੀ ਹਾਂ, ਮੇਰਾ ਖ਼ਿਆਲ ਹੈ ਤੁਸੀਂ ਕਲ੍ਹ ਰਾਤ ਆਲੀਨ ਦੇ ਆਉ, ਕਿਇਸਵੇਤਰ ਉਥੇ ਹੋਵੇਗਾ ਤੇ ਤੁਸੀਂ ਵੀ।" ਉਸ ਨੇ ਮਾਰੀਅਤ ਵੱਲ ਮੁੜ ਕੇ ਆਖਿਆ।

"ਉਸ ਨੇ ਤੁਹਾਨੂੰ ਤਾੜ ਲਿਆ ਸੀ," ਉਹ ਆਪਣੇ ਭਾਣਜੇ ਨੂੰ ਕਹਿਣ ਲੱਗੀ। “ਉਸ ਨੇ ਮੈਨੂੰ ਦੱਸਿਆ ਕਿ ਜੋ ਤੁਸਾਂ ਆਖਿਆ ਸੀ ਸ਼ਰਨ ਆ ਜਾਵੇਗੇ। ਤੁਸੀਂ ਜ਼ਰੂਰ (ਮੈਂ ਸਾਰਾ ਉਸ ਕੋਲ ਦੁਹਰਾ ਦਿੱਤਾ ਸੀ) ਬੜੀ ਚੰਗੀ ਅਲਾਮਤ ਹੈ, ਤੇ ਤੁਸੀਂ ਨਿਸ਼ਚੇ ਹੀ ਮਸੀਹ ਤੇ ਸ਼ਰਨ ਆ ਜਾਵੋਗੇ। ਤੁਸੀਂ ਜ਼ਰੂਰ-ਬਰ-ਜ਼ਰੂਰ ਆਉਣਾ। ਮਾਰੀਅਤ, ਇਸ ਨੂੰ ਕਹੋ, ਤੇ ਆਪ ਵੀ ਆਇਓ।”

"ਪਹਿਲੀ ਗੱਲ ਤਾਂ ਬੇਗਮ ਮੇਰਾ, ਕੰਵਰ ਨੂੰ ਕਿਸੇ ਕਿਸਮ ਦੀ ਮੱਤ ਦੇਣ ਦਾ ਕੋਈ ਹੱਕ ਨਹੀਂ," ਮਾਰੀਅਤ ਨੇ ਆਖਿਆ ਤੇ ਨਖ਼ਲਿਊਦੌਫ਼ ਵੱਲ ਇਸ ਤਰ੍ਹਾਂ ਵੇਖਿਆ ਜਿਸ ਨਾਲ ਉਨ੍ਹਾਂ ਵਿਚਕਾਰ ਇਕ ਤਰ੍ਹਾਂ ਬੇਗਮ ਦੇ ਸ਼ਬਦਾਂ ਦੇ ਸਾਮਾਨ ਰੂਪ ਵਿਚ ਗ੍ਰੰਥਾਂ ਅਨੁਸਾਰਤਾ ਵੱਲ ਆਪਣੀ ਰੁਚੀ ਬਾਰੇ ਪੂਰੀ ਸੰਮਤੀ ਬਣ ਗਈ। "ਦੂਜੇ, ਮੈਨੂੰ ਇਨ੍ਹਾਂ ਗੱਲਾਂ ਦੀ ਬਹੁਤ ਪਰਵਾਹ ਨਹੀਂ, ਤੁਸੀਂ ਜਾਣਦੇ ਹੋ...।”

"ਹਾਂ ਮੈਂ ਜਾਣਦੀ ਹਾਂ, ਤੁਸੀਂ ਹਮੇਸ਼ਾਂ ਗ਼ਲਤ ਤਰੀਕੇ ਨਾਲ, ਤੇ ਆਪਣੇ ਖ਼ਾਸ ਖ਼ਿਆਲਾਂ ਅਨੁਸਾਰ, ਸਭ ਕੁਝ ਕਰਦੇ ਹੋ।"

ਮੇਰੇ ਆਪਣੇ ਖ਼ਿਆਲ? ਮੇਰੇ ਵਿਸ਼ਵਾਸ ਤਾਂ ਇਕ ਸਾਧਾਰਣ ਕਿਰਸਾਨ ਇਸਤਰੀ ਵਰਗੇ ਹਨ।" ਮਾਰੀਅਤ ਨੇ ਮੁਸਕਰਾ ਕੇ ਆਖਿਆ। 'ਤੇ, ਤੀਜੇ, ਮੈਂ ਕਲ੍ਹ ਰਾਤ ਫਰਾਂਸੀਸੀ ਥੀਏਟਰ ਜਾ ਰਹੀ ਹਾਂ।"

"ਵਾਹਵਾ: ਤੇ ਤੁਸਾਂ ਵੇਖੀ ਹੈ....ਉਸ ਦਾ ਕੀ ਨਾਂ ਹੈ ?" ਬੇਗ਼ਮ ਕੈਥਰੀਨਾ ਇਵਾਨਾਫ਼ੋਨਾ ਨੇ ਨਖ਼ਲਿਊਦੌਫ਼ ਨੂੰ ਪੁੱਛਿਆ। ਮਾਰੀਅਤ ਨੇ ਇਕ ਪ੍ਰਸਿੱਧ ਫਰਾਂਸੀਸੀ ਅਭਿਨੇਤਰੀ ਦਾ ਨਾਮ ਲਿਆ।

"ਤੁਸਾਂ ਜ਼ਰੂਰ ਜਾਣਾ, ਨਿਸ਼ਚੇ ਹੀ, ਉਹ ਬਹੁਤ ਕਮਾਲ ਹੈ।"

"ਮੈਂ ਪਹਿਲਾਂ ਕਿਸ ਨੂੰ ਸੁਣਾਂ, ਮਾਸੀ ਜੀ, ਅਭਿਨੇਤਰੀ ਨੂੰ ਜਾਂ ਪ੍ਰਚਾਰਕ ਨੂੰ ?" ਨਖ਼ਲਿਊਦੌਫ਼ ਨੇ ਮੁਸਕਰਾ ਕੇ ਆਖਿਆ।

"ਵਲਾਵੀਂ ਗੱਲ ਨਾ ਕਰੋ।

"ਮੇਰਾ ਖਿਆਲ ਹੈ ਪਹਿਲਾਂ ਪ੍ਰਚਾਰਕ ਨੂੰ ਤੇ ਫਿਰ ਅਭਿਨੇਤਰੀ ਨੂੰ, ਨਹੀਂ ਤਾਂ ਕਿਸੇ ਉਪਦੇਸ਼ ਲਈ ਮੇਰੀ ਤ੍ਰਿਸ਼ਨਾ ਬਿਲਕੁਲ ਉਡ ਜਾਵੇਗੀ" ਨਖ਼ਲਿਊਦੌਫ਼ ਨੇ ਕਿਹਾ।

"ਨਹੀਂ, ਬਿਹਤਰ ਹੈ ਮੁੱਢ ਫ਼ਰਾਂਸੀਸੀ ਥੀਏਟਰ ਨਾਲ ਕਰੋ ਤੇ ਪਿੱਛੋਂ ਪ੍ਰਾਸ਼ਚਿਤ ਕਰ ਲਵੋ।"

"ਅੱਛਾ, ਹੁਣ ਮੇਰਾ ਮਜ਼ਾਕ ਨਾ ਉਡਾਓ। ਪ੍ਰਚਾਰਕ, ਪ੍ਰਚਾਰਕ ਹੈ ਤੇ ਥੀਏਟਰ, ਥੀਏਟਰ। ਮੁਕਤੀ ਲਈ ਬੰਦੇ ਨੂੰ ਮੂੰਹ ਸੁੱਟਣ ਤੇ ਰੋਣ ਦੀ ਲੋੜ ਨਹੀਂ। ਵਿਸ਼ਵਾਸ ਚਾਹੀਦਾ ਹੈ ਤੇ ਫਿਰ ਬੰਦਾ ਜ਼ਰੂਰ ਹੀ ਖ਼ੁਸ਼ ਰਹਿੰਦਾ ਹੈ।"

"ਤੁਸੀਂ, ਮਾਸੀ ਜੀ, ਕਿਸੇ ਵੀ ਪ੍ਰਚਾਰਕ ਵੱਲੋਂ ਸੋਹਣਾ ਪ੍ਰਚਾਰ ਕਰਦੇ ਹੋ।"

"ਮੈਂ ਤੁਹਾਨੂੰ ਦੱਸਾਂਗੀ," ਮਾਰੀਅਤ ਨੇ ਆਖਿਆ। "ਕੱਲ੍ਹ ਮੇਰੇ ਬਕਸੇ ਵਿਚ ਆਉਣਾ।"

"ਮੈਨੂੰ ਡਰ ਹੈ ਮੈਥੋਂ ਆ ਨਹੀਂ ਹੋਣਾ।"

ਪਿਆਦੇ ਕਿ ਇਕ ਬੰਦੇ ਦੇ ਆ ਜਾਣ ਬਾਰੇ ਦੱਸਕੇ ਇਸ ਗੱਲ ਬਾਤ ਵਿਚ ਵਿਘਨ ਪਾ ਦਿੱਤਾ। ਇਹ ਇਕ ਹੋਰ ਹਿਤੈਸ਼ੀ ਸਭਾ ਦਾ, ਜਿਸਦੀ ਬੇਗਮ ਪ੍ਰਧਾਨ ਸੀ, ਸਕੱਤਰ ਸੀ।

"ਇਹ ਮੇਰੇ ਲਈ ਸਦਾ ਅਤਿ-ਦੁਖਦਾਈ ਹੁੰਦਾ ਹੈ ਜਦੋਂ ਮੈਂ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਦੀ ਰਾਇ ਦੀ ਮੈਂ ਕਦਰ ਕਰਦੀ ਹਾਂ ਮੈਨੂੰ ਅਜੇਹੀ ਸਥਿਤੀ ਵਿਚ ਪਾਂਦੇ ਦੇਖਦੀ ਹਾਂ ਜੋ ਮੈਨੂੰ ਪ੍ਰਸ਼ਾਨ ਕਰ ਦਿੰਦੀ ਹੈ।

"ਉਹ, ਇਹ ਇਕ ਅੱਤ ਦਾ ਮੰਦ-ਬੁਧ ਆਦਮੀ ਹੈ। ਮੇਰਾ ਖ਼ਿਆਲ ਹੈ ਮੈਂ ਉਸ ਨੂੰ ਬਾਹਰ ਹੀ ਮਿਲ ਲੈਂਦੀ ਹਾਂ ਤੇ ਫਿਰ ਤੁਹਾਡੇ ਕੋਲ ਮੁੜ ਆਵਾਂਗੀ। ਮਾਰੀਅਤ ਇਸ ਨੂੰ ਚਾਹ ਬਣਾ ਕੇ ਦਿਉ' ਬੇਗਮ ਨੇ ਆਖਿਆ ਤੇ ਉਹ ਆਪਣੀ ਸਾਧਾਰਣ ਤੇਜ਼ ਬੱਤਖ ਚਾਲ ਨਾਲ ਕਮਰੇ ਵਿਚੋਂ ਬਾਹਰ ਨਿਕਲ ਗਈ।

ਮਾਰੀਅਤ ਨੇ ਆਪਣੇ ਕਰੜੇ ਤੇ ਜ਼ਰਾ ਚੱਪਣੇ ਹੱਥ ਤੋਂ ਦਸਤਾਨਾ ਉਤਾਰਿਆ। ਉਸ ਦੀ ਚੌਥੀ ਉਂਗਲੀ ਮੁੰਦਰੀਆਂ ਨਾਲ ਢੱਕੀ ਪਈ ਸੀ।

"ਕੁਝ ਲਉਗੇ ?" ਉਸ ਨੇ ਚਾਂਦੀ ਦੀ ਕੈਟਲ ਜਿਸ ਦੇ ਹੇਠਾਂ ਇਕ ਸਪਿਰਟ ਲੈਂਪ ਬਲ ਰਿਹਾ ਸੀ, ਪਕੜ ਕੇ ਆਖਿਆ ਤੇ ਆਪਣੀ ਚੀਚੀ ਇਕ ਅਜੀਬ ਢੰਗ ਨਾਲ ਵਿਖਾਈ।

ਉਸ ਦਾ ਚਿਹਰਾ ਉਦਾਸ ਤੇ ਗੰਭੀਰ ਦਿੱਸ ਰਿਹਾ ਸੀ।

ਇਹ ਪਿਛਲੇ ਸ਼ਬਦ ਆਖਣ ਸਮੇਂ ਉਹ ਰੋਣ ਹਾਕੀ ਹੋਈ ਦਿੱਸਦੀ ਸੀ। ਤੇ ਭਾਵੇਂ ਜੇ ਕੋਈ ਇਨ੍ਹਾਂ ਦਾ ਵਿਸ਼ਲੇਸ਼ਣ ਕਰੇ, ਇਨ੍ਹਾਂ ਸ਼ਬਦਾਂ ਦਾ ਕੋਈ ਅਰਥ ਨਹੀਂ ਜਾਂ ਹਰ ਹਾਲਤ ਵਿਚ ਇਕ ਬੜਾ ਅਸਪਸ਼ਟ ਅਰਥ ਹੀ ਹੋ ਸਕਦਾ ਹੈ, ਨਖ਼ਲਿਊਦੌਫ਼ ਨੂੰ ਇਹ ਇਕ ਆਸਾਧਰਣ ਗਹਿਰਾਈ ਤੇ ਚੰਗਿਆਈ ਵਾਲੇ ਜਾਪੇ। ਉਹ ਇਸ ਜਵਾਨ, ਖ਼ੂਬਸੂਰਤ, ਖ਼ੁਸ਼ਪੋਸ਼ ਇਸਤਰੀ ਦੇ ਸ਼ਬਦ ਤੇ ਇਨ੍ਹਾਂ ਨਾਲ ਉਸ ਦੀਆਂ ਚਮਕਦਾਰ ਅੱਖਾਂ ਦੀ ਝਾਕਣੀ ਨਾਲ ਖਿਚਿਆ ਜਾ ਰਿਹਾ ਸੀ।

ਨਖ਼ਲਿਊਦੌਫ਼ ਉਸ ਵੱਲ ਚੁੱਪ-ਚਾਪ ਵੇਖਦਾ ਰਿਹਾ। ਉਹ ਉਸ ਦੇ ਚਿਹਰੇ ਤੋਂ ਆਪਣੀਆਂ ਅੱਖਾਂ ਹਟਾ ਨਹੀਂ ਸਕਦਾ ਸੀ।

"ਤੁਸੀਂ ਸਮਝਦੇ ਹੋ, ਮੈਂ ਤੁਹਾਨੂੰ ਤੇ ਉਸ ਸਭ ਕੁਝ ਨੂੰ ਜੋ ਤੁਹਾਡੇ ਅੰਦਰ ਹੋ ਰਿਹਾ ਹੈ, ਸਮਝਦੀ ਨਹੀਂ। ਕਿਉਂ, ਹਰ ਕੋਈ ਜਾਣਦਾ ਹੈ, ਤੁਸੀਂ ਕੀ ਕਰ ਰਹੇ ਹੋ। (ਫ਼ਰਾਂਸੀਸੀ ਵਿਚ) ਇਹ ਇਕ ਖੁਲ੍ਹਾ ਭੇਦ ਹੈ ਤੇ ਮੈਂ ਤੁਹਾਡੇ ਕੰਮ ਨਾਲ ਬਹੁਤ ਖੁਸ਼ ਹਾਂ ਅਤੇ ਇਸ ਦੀ ਪ੍ਰਸੰਸਾ ਕਰਦੀ ਹਾਂ।"

"ਸੱਚੀਂ," ਖੁਸ਼ ਹੋਣ ਦੀ ਕੋਈ ਗੱਲ ਨਹੀਂ, ਮੈਂ ਹਾਲੀ ਤਕ ਕੁਝ ਵੀ ਨਹੀਂ ਕੀਤਾ।"

"ਕੋਈ ਗੱਲ ਨਹੀਂ, ਮੈਂ ਤੁਹਾਡੀ ਭਾਵਨਾ ਨੂੰ ਸਮਝਦੀ ਹਾਂ ਤੇ ਮੈਂ ਉਸਨੂੰ ਵੀ ਸਮਝਦੀ ਹਾਂ। ਬਹੁਤ ਅੱਛਾ ਬਹੁਤ ਅੱਛਾ, ਮੈਂ ਇਸ ਬਾਰੇ ਹੋਰ ਕੁਝ ਨਹੀਂ ਆਖਦੀ।" ਉਸ ਨੇ ਨਖ਼ਲਿਊਦੌਫ਼ ਦੇ ਚਿਹਰੇ ਉਤੇ ਅਪ੍ਰਸ਼ੰਸਾ ਨੂੰ ਤਾੜ ਕੇ ਆਖਿਆ। "ਪਰ ਮੈਂ ਇਹ ਵੀ ਸਮਝਦੀ ਹਾਂ ਕਿ ਕੈਦਖ਼ਾਨਿਆਂ ਵਿਚ ਉਸ ਸਾਰਾ ਦੁੱਖ ਤੇ ਕੁਰਾਹਤ ਦੇਖਣ ਤੋਂ ਪਿੱਛੋਂ," ਮਾਰੀਅਤ ਕਹਿੰਦੀ ਗਈ, ਉਸ ਦਾ ਮਨ ਖਿਚਣ ਲਈ ਤੇ ਆਪਣੀ ਇਸਤਰੀ ਵਾਲੀ ਅੰਤਰ ਪ੍ਰੇਰਣਾ ਨਾਲ ਉਹ ਬੁਝਕੇ ਜੋ ਉਸ ਲਈ ਪਿਆਰਾ ਤੇ ਮਹੱਤਵਪੂਰਣ ਸੀ। "ਤੁਸੀਂ ਦੁਖੀਆਂ ਦੀ ਮਦਦ ਕਰਨਾ ਚਾਹੁੰਦੇ ਹੋ ਜਿਨ੍ਹਾਂ ਨੂੰ ਦੂਜੇ ਬੰਦਿਆਂ ਦੀ ਕਠੋਰਤਾ ਤੇ ਬੇਪਰਵਾਹੀ ਇਤਨੇ ਭਿਆਨਕ ਕਸ਼ਟਾਂ ਵਿਚ ਪਾਂਦੀ ਹੈ। ਮੈਂ ਬੰਦੇ ਦੀ ਆਪਣੀ ਜਾਨ ਵਾਰ ਦੇਣ ਦੀ ਭਾਵਨਾ ਨੂੰ ਸਮਝਦੀ ਹਾਂ ਤੇ ਅਜੇਹੇ ਹਿੱਤ ਵਿਚ ਆਪਣੀ ਜਾਨ ਵੀ ਸ਼ਾਇਦ ਦੇ ਸਕਾਂ, ਪਰ ਸਾਡਾ ਹਰ ਇਕ ਦਾ ਆਪਣਾ ਆਪਣਾ ਭਾਗ ਹੈ।"

"ਤਾਂ ਫਿਰ ਤੁਸੀਂ ਆਪਣੇ ਭਾਗ ਤੋਂ ਤਾਂ ਅਸੰਤੁਸ਼ਟ ਹੋ ?"

"ਮੈਂ ?" ਉਸਨੇ ਪੁੱਛਿਆ ਜਿਵੇਂ ਉਸਨੂੰ ਹੈਰਾਨੀ ਦਾ ਧੱਕਾ ਲੱਗਾ ਹੋਵੇ ਕਿ ਉਸਨੂੰ ਵੀ ਇਹ ਪ੍ਰਸ਼ਨ ਕੀਤਾ ਜਾ ਸਕਦਾ ਸੀ। "ਮੈਨੂੰ ਸੰਤੁਸ਼ਟ ਹੋਣਾ ਪੈਂਦਾ ਹੈ ਤੇ ਸੰਤੁਸ਼ਟ ਹਾਂ ਪਰ ਇਕ ਕੀੜਾ ਹੈ ਜੋ ਜਾਗ ਉੱਠਦਾ ਹੈ......"

"ਤੇ ਉਸ ਨੂੰ ਮੁੜ ਸੌਂ ਜਾਣ ਨਹੀਂ ਦੇਣਾ ਚਾਹੀਦਾ। ਇਹ ਇਕ ਆਵਾਜ਼ ਹੈ ਜਿਸ ਨੂੰ ਮੰਨਣਾ ਚਾਹੀਦਾ ਹੈ।" ਨਖ਼ਲਿਊਦੌਫ਼ ਨੇ ਜਾਲ ਵਿਚ ਫੱਜ ਕੇ ਆਖ ਦਿਤਾ।

ਪਿੱਛੋਂ ਕਈ ਵਾਰ ਨਖ਼ਲਿਊਦੌਫ਼ ਨੂੰ ਉਸ ਨਾਲ ਆਪਣੀ ਇਹ ਗੱਲ ਬਾਤ ਯਾਦ ਆ ਕੇ ਲੱਜਾ ਹੁੰਦੀ। ਉਸ ਨੂੰ ਉਸ ਦੇ ਸ਼ਬਦ ਯਾਦ ਆਉਂਦੇ ਜੋ ਇਤਨੇ ਝੂਠੇ ਨਹੀਂ ਸਨ ਜਿੰਨੇ ਉਹਦੇ ਆਪਣੇ ਸ਼ਬਦਾਂ ਦੀ ਨਕਲ, ਤੇ ਉਸ ਦਾ ਚਿਹਰਾ ਯਾਦ ਆਉਣਾ ਜੋ ਉਸ ਵੱਲ ਹਮਦਰਦੀ ਭਰੇ ਧਿਆਨ ਨਾਲ ਦੇਖਦਾ ਲੱਗਿਆ ਸੀ ਜਦੋਂ ਉਹ ਕੈਦਖਾਨੇ ਦੀਆਂ ਕਰਾਹਤਾਂ ਤੇ ਪਿੰਡਾਂ ਥਾਵਾ ਦੇ ਆਪਣੇ ਪ੍ਰਭਾਵ ਉਸ ਨੂੰ ਦੱਸ ਰਿਹਾ ਸੀ।

ਬੇਗਮ ਪੜ੍ਹ ਕੇ ਅੰਦਰ ਆਈ ਤਾਂ ਉਹ ਕੇਵਲ ਪੁਰਾਣੇ ਮਿੱਤਰਾਂ ਵਾਕਰ ਹੀ ਨਹੀਂ ਸਗੋਂ ਗੁੱਝੇ ਮਿੱਤਰਾਂ ਵਾਕਰ ਗੱਲਾਂ ਕਰ ਰਹੇ ਸਨ ਜੋ ਇਕੱਲੇ ਬੇਧਿਆਨ ਲੋਕਾਂ ਦੀ ਭੀੜ ਵਿਚ ਇਕ ਦੂਜੇ ਨੂੰ ਸਮਝਦੇ ਹੋਣ। ਉਨ੍ਹਾਂ ਦੇ ਅਧਿਕਾਰ ਦੇ ਅਨਿਆਇ, ਅਭਾਗਿਆਂ ਦੇ ਕਸ਼ਟਾਂ, ਤੇ ਲੋਕਾਂ ਦੀ ਗਰੀਬੀ ਦੀਆਂ ਗੱਲਾਂ ਕੀਤੀਆਂ। ਪਰ ਅਸਲ ਵਿਚ ਉਨ੍ਹਾਂ ਦੀ ਗੱਲ-ਬਾਤ ਦੇ ਬੋਲ ਬੁਲਾਰੇ ਵਿਚ ਉਨ੍ਹਾਂ ਦੀਆਂ ਅੱਖਾਂ ਇਕ ਦੂਜੇ ਉਤੇ ਲੱਗੀਆਂ, ਪੁੱਛਦੀਆਂ ਰਹੀਆਂ

"ਤੈਨੂੰ ਮੇਰੇ ਨਾਲ ਪਿਆਰ ਹੋ ਸਕਦਾ ਹੈ ?" ਤੇ ਉੱਤਰ ਦੇਂਦੀਆਂ, "ਹਾਂ," ਤੇ ਲਿੰਗ ਭਾਵਨਾ ਅਤਿ ਅਨੂਠੇ ਤੇ ਆਕਰਸ਼ਕ ਰੂਪਾਂ ਵਿਚ ਉਨ੍ਹਾਂ ਨੂੰ ਇਕ ਦੂਜੇ ਵੱਲ ਖਿਚਦੀ ਰਹੀ।

ਜਦੋਂ ਉਹ ਜਾਣ ਲੱਗੀ ਤਾਂ ਉਸ ਨੇ ਉਸ ਨੂੰ ਆਖਿਆ ਕਿ ਉਹ ਜਿਸ ਰੂਪ ਵਿਚ ਵੀ ਹੋ ਸਕੇ ਉਸ ਦੀ ਸੇਵਾ ਕਰਨ ਲਈ ਸਦਾ ਤਿਆਰ ਸੀ, ਤੇ ਉਸ ਨੂੰ ਅਗਲੇ ਦਿਨ ਥੀਏਟਰ ਵਿਚ, ਭਾਵੇਂ ਇਕ ਪਲ ਦੇ ਪਲ ਲਈ ਹੀ ਮਿਲਣ ਲਈ ਆਖਿਆ। ਉਸ ਨੇ ਉਸ ਨੂੰ ਇਕ ਬਹੁਤ ਜ਼ਰੂਰੀ ਗੱਲ ਦੱਸਣੀ ਸੀ।

'ਹਾਂ, ਤੇ ਕੀ ਪਤਾ ਹੈ ਤੇ ਮੈਂ ਫਿਰ ਤੁਹਾਨੂੰ ਕਦੋਂ ਮਿਲਾਂਗੀ?" ਉਸ ਨੇ ਹਉਕਾ ਲੈ ਕੇ ਆਖਿਆ, ਤੇ ਬੜੇ ਸੋਗ ਨਾਲ ਆਪਣੇ ਹੀਰਿਆਂ ਲੱਦੇ ਹੱਥ ਉਤੇ ਦਸਤਾਨਾਂ ਪਹਿਨ ਲਿਆ। "ਸੋ ਕਹੋ ਕਿ ਤੁਸੀਂ ਆਓਗੇ।"

ਨਖ਼ਲਿਊਦੌਫ਼ ਨੇ ਇਕਰਾਰ ਕਰ ਲਿਆ।

ਉਸ ਰਾਤ, ਜਦੋਂ ਨਖ਼ਲਿਊਦੌਫ਼ ਆਪਣੇ ਕਮਰੇ ਵਿਚ ਇਕੱਲਾ ਸੀ ਤੇ ਬੱਤੀ ਬੁਝਾ ਕੇ ਲੰਮਾਂ ਪੈ ਗਿਆ, ਤਾਂ ਉਸ ਨੂੰ ਨੀਂਦ ਨਹੀਂ ਆ ਰਹੀ ਸੀ। ਜਦੋਂ ਉਹ ਮਸਲੌਫ਼ਾ ਬਾਰੇ, ਸੈਨੇਟ ਦੇ ਫ਼ੈਸਲੇ ਬਾਰੇ ਤੇ ਹਰ ਹਾਲਤ ਵਿਚ ਉਸ ਦੇ ਪਿੱਛੇ ਜਾਣ ਦੇ ਆਪਣੇ ਫੈਸਲੇ ਬਾਰੇ ਤੇ ਆਪਣੀ ਭੋਇੰ ਨੂੰ ਤਿਆਗ ਦੇਣ ਬਾਰੇ ਸੋਚ ਰਿਹਾ ਸੀ ਇਕ ਦਮ ਮਾਰੀਅਤ ਦਾ ਚਿਹਰਾ, ਉਸ ਦਾ ਹਉਕਾ ਤੇ ਉਸਦੀ ਝਾਕਣੀ ਉਸ ਦੀਆਂ ਅੱਖਾਂ ਅੱਗੇ ਆ ਗਏ ਜਦੋਂ ਉਹ ਕਹਿ ਰਹੀ ਸੀ, "ਤੁਸੀਂ ਮੈਨੂੰ ਫਿਰ ਕਦ ਮਿਲੋਗੇ ?" ਤੇ ਉਸ ਦੀ ਮੁਸਕਾਣ ਇਤਨੀ ਸਪੱਸ਼ਟ ਸੀ ਕਿ ਉਹ ਜਿਵੇਂ ਉਸ ਨੂੰ ਵੇਖ ਰਿਹਾ ਹੋਵੇ ਜਵਾਬ ਵਿਚ ਮੁਸਕਰਾਇਆ। "ਮੇਰਾ ਸਾਇਬੇਰੀਆ ਜਾਣਾ ਠੀਕ ਗੱਲ ਹੋਵੇਗਾ ? ਤੇ ਮੈਂ ਆਪਣੀ ਸੰਪਤੀ ਤਿਆਗ ਕੇ ਠੀਕ ਕੀਤਾ ਹੈ ?" ਉਸ ਨੇ ਆਪਣੇ ਆਪ ਤੋਂ ਪੁਛਿਆ।

ਤੇ ਪੀਟਰਜ਼ਬਰਗ ਦੀ ਇਸ ਰਾਤ, ਜਿਸ ਉਤੇ ਪਰਦੇ ਦੇ ਹੇਠਾਂ ਦੀ ਬਾਰੀ ਵਿਚੋਂ ਚਾਨਣ ਪੈ ਰਿਹਾ ਸੀ, ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਬੜੇ ਅਸਪਸ਼ਟ ਸਨ, ਸਭ ਕੁਝ ਰੱਲ-ਗੱਡ ਹੋਇਆ ਜਾਪਦਾ ਸੀ। ਉਸ ਨੇ ਆਪਣੀ ਪਹਿਲੀ ਮਨੋ-ਅਵੱਸਥਾ, ਤੇ ਪਹਿਲੀ ਵਿਚਾਰ-ਲੜੀ ਮੌਤ ਲਿਆਂਦੀ, ਪਰ ਹੁਣ ਇਨ੍ਹਾਂ ਵਿਚ ਪਹਿਲਾਂ ਵਾਲੀ ਸ਼ਕਤੀ ਜਾਂ ਯੋਗਿਤਾ ਨਹੀਂ ਸੀ।

"ਤੇ ਫ਼ਰਜ਼ ਕਰੋ, ਮੈਂ ਇਹ ਸਭ ਕੁਝ ਕਰ ਲਿਆ ਤੇ ਫਿਰ ਇਸ ਨੂੰ ਨਿਭਾ ਨਾ ਸਕਿਆ... ਫਰਜ਼ ਕਰੋ ਮੈਨੂੰ ਠੀਕ ਕੰਮ ਕਰਕੇ ਪਛਤਾਵਾ, ਉਹ ਸੋਚਣ ਲੱਗਾ, ਤੇ ਉੱਤਰ ਦੇਣ ਤੋਂ ਅਸਮਰਥ ਹੋਣ ਕਰਕੇ ਉਸ ਉਤੇ ਇਤਨੀ ਪੀੜ ਤੇ ਨਿਰਾਸ਼ਾ ਵਰਤ ਗਈ ਜੋ ਉਸ ਨੇ ਬਹੁਤ ਚਿਰ ਤੋਂ ਅਨੁਭਵ ਨਹੀਂ ਕੀਤੇ ਸਨ ਤੇ ਉਹ ਇਸ ਤਰ੍ਹਾਂ ਦੀ ਗੂੜ੍ਹੀ ਨੀਂਦ ਸੌਂ ਗਿਆ ਜਿਸ ਤਰ੍ਹਾਂ ਦੀ ਪਹਿਲਾਂ ਉਸ ਨੂੰ ਤਾਸ਼ ਖੇਡਦਿਆਂ ਬਹੁਤ ਕੁਝ ਹਾਰਨ ਪਿੱਛੋਂ ਆਉਂਦੀ ਸੀ।

-0-

25

ਦੂਸਰੀ ਸਵੇਰ ਨਖ਼ਲਿਊਦੌਫ਼ ਇਸ ਤਰ੍ਹਾਂ ਮਹਿਸੂਸ ਕਰਦਾ ਹੋਇਆ ਉੱਠਿਆ ਜਿਵੇਂ ਉਹ ਪਹਿਲੇ ਦਿਨ ਕਿਸੇ ਬੇਵਫ਼ਾਈ ਦਾ ਕਸੂਰਵਾਰ ਹੁੰਦਾ ਹੈ। ਉਹ ਸੋਚਣ ਲੱਗ ਪਿਆ। ਉਹ ਯਾਦ ਨਹੀਂ ਸੀ ਕਰ ਸਕਦਾ ਕਿ ਉਸ ਨੇ ਕੋਈ ਗਲਤੀ ਕੀਤੀ ਸੀ। ਉਸ ਨੇ ਕੋਈ ਬੁਰਾ ਕੰਮ ਨਹੀਂ ਸੀ ਕੀਤਾ। ਪਰੰਤੂ ਉਸ ਨੇ ਬੁਰੇ ਖ਼ਿਆਲ ਸੋਚੇ ਜ਼ਰੂਰ ਸਨ। ਉਸ ਨੇ ਸੋਚਿਆ ਸੀ ਕਿ ਉਸ ਦੇ ਕੱਤਸ਼ਾਂ ਨਾਲ ਵਿਆਹ ਕਰਾਉਣ ਦੇ ਅਤੇ ਸਾਰੀ ਜ਼ਮੀਨ ਤਿਆਗ ਦੇਣ ਦੇ, ਹੁਣ ਦੇ ਫ਼ੈਸਲੇ ਪ੍ਰਾਪਤ ਹੋਣ ਵਾਲੇ ਸੁਪਨੇ ਸਨ ਕਿ ਉਹ ਇਹ ਬਰਦਾਸ਼ਤ ਨਹੀਂ ਕਰ ਸਕੇਗਾ, ਕਿ ਇਹ ਬਨਾਵਟ ਸੀ, ਇਹ ਗੈਰ ਕੁਦਰਤੀ ਗੱਲ ਅਤੇ ਉਸ ਨੂੰ ਉਸੇ ਤਰ੍ਹਾਂ ਰਹਿਣਾ ਪਵੇਗਾ ਜਿਵੇਂ ਉਹ ਪਹਿਲਾਂ ਰਹਿੰਦਾ ਆਇਆ ਸੀ।

ਉਸ ਨੇ ਕੋਈ ਬੁਰਾ ਕੰਮ ਨਹੀਂ ਸੀ ਕੀਤਾ ਪਰ ਜਿਹੜੀ ਗੱਲ ਇਸ ਤੋਂ ਕਿਤੇ ਬੁਰੀ ਸੀ ਉਹ ਇਹ ਸੀ ਕਿ ਉਸ ਨੇ ਮਨ ਵਿਚ ਬੁਰੇ ਖ਼ਿਆਲ ਲਿਆਂਦੇ ਸਨ ਜਿਨ੍ਹਾਂ ਵਿਚੋਂ ਹੀ ਬੁਰੇ ਕੰਮ ਉਗਮਦੇ ਹਨ।

ਹੋ ਸਕਦਾ ਹੈ ਕਿ ਇਕ ਬੁਰਾ ਕੰਮ ਦੁਹਰਾਇਆ ਨਾ ਜਾਵੇ ਅਤੇ ਇਸ ਦਾ ਪਛਤਾਵਾ ਭੀ ਕੀਤਾ ਜਾ ਸਕਦਾ ਹੈ। ਪਰ ਬੁਰੇ ਵਿਚਾਰਾਂ ਤੋਂ ਸਾਰੇ ਕੰਮ ਜਨਮ ਲੈਂਦੇ ਹਨ।

ਇਕ ਬੁਰਾ ਕੰਮ ਦੂਸਰੇ ਬੁਰੇ ਕੰਮ ਲਈ ਰਾਹ ਸਾਫ਼ ਕਰ ਦਿੰਦਾ ਹੈ। ਬੁਰੇ ਕੰਮ ਉਸ ਰਾਹ ਤੇ ਬੰਦੇ ਨੂੰ ਮੱਲੋ ਮੱਲੀ ਧੂਹ ਕੇ ਲੈ ਜਾਂਦੇ ਹਨ।

ਜਦੋਂ ਨਖ਼ਲਿਊਦੌਫ਼ ਨੇ ਪਹਿਲੇ ਦਿਨ ਦੇ ਖ਼ਿਆਲ ਆਪਣੇ ਮਨ ਵਿਚ ਦੁਹਰਾਏ ਤਾਂ ਉਹ ਹੈਰਾਨ ਹੋ ਗਿਆ ਕਿ ਉਹ ਇਕ ਪਲ ਲਈ ਭੀ ਉਨ੍ਹਾਂ ਵਿਚ ਵਿਸ਼ਵਾਸ ਕਰ ਸਕਦਾ ਸੀ।

'ਭਾਵੇਂ ਉਹ ਕੁਝ ਕਰਨਾ ਜਿਸ ਦੇ ਕਰਨ ਦਾ ਕਿ ਉਸ ਨੇ ਫ਼ੈਸਲਾ ਕੀਤਾ ਸੀ, ਕਿੰਨਾ ਵੀ ਅਨੋਖਾ ਤੇ ਕਠਨ ਹੋਵੇ ਤਾਂ ਭੀ ਉਸ ਨੂੰ ਪਤਾ ਸੀ ਹੁਣ ਉਸ ਲਈ ਜਿਊਣ ਦਾ ਇਹੋ ਇਕ ਸੰਭਵ ਤਰੀਕਾ ਸੀ, ਭਾਵੇਂ ਪਹਿਲੀ ਹਾਲਤ ਵਿਚ ਚਲੇ ਜਾਣਾ ਕਿੰਨਾ ਭੀ ਸੌਖਾ ਅਤੇ ਸੁਭਾਵਕ ਹੋਵੇ। ਉਸ ਨੂੰ ਪਤਾ ਸੀ ਕਿ ਉਹ ਮੌਤ ਬਰਾਬਰ ਗ਼ਲਤ ਸੀ। ਕੱਲ ਵਾਲੀ ਲਾਲਸਾ ਉਸ ਨੂੰ ਉਸ ਭਾਵਨਾ ਵਾਕਰ ਲੱਗਦੀ ਸੀ ਜੋ ਬੰਦਾ ਉਸੇ ਵੇਲੇ ਮਹਿਸੂਸ ਕਰਦਾ ਹੈ

ਜਿਸ ਵੇਲੇ ਉਹ ਡੂੰਘੀ ਨੀਂਦ ਵਿਚੋਂ ਉਠਦਾ ਹੈ ਅਤੇ ਬਿਨਾਂ ਉਂਨੀਂਦਾ ਮਹਿਸੂਸ ਕਰਨ ਦੇ ਫਿਰ ਆਰਾਮ ਨਾਲ ਥੋੜੀ ਦੇਰ ਲਈ ਬਿਸਤਰੇ ਵਿਚ ਲੇਟ ਜਾਣਾ ਚਾਹੁੰਦਾ ਹੈ। ਭਾਵੇਂ ਉਸ ਨੂੰ ਪਤਾ ਹੁੰਦਾ ਹੈ ਕਿ ਹੁਣ ਉੱਠਣ ਦਾ ਸਮਾਂ ਹੈ ਅਤੇ ਉਹ ਖੁਸ਼ੀ ਦੇਣ ਵਾਲਾ ਅਤੇ ਮਹੱਤਵ ਭਰਪੂਰ ਕੰਮ ਆਰੰਭ ਕਰਨਾ ਚਾਹੀਦਾ ਹੈ ਜਿਹੜਾ ਉਸ ਨੂੰ ਉਡੀਕ ਰਿਹਾ ਹੈ।

ਪੀਟਰਜ਼ਬਰਗ ਵਿਚ ਇਸ ਅਖੀਰਲੇ ਦਿਨ ਉਹ ਸਵੇਰ ਵੈਸਲੀਏਵਸਕੀ ਟਾਪੂ ਵਿਚ ਸੁਸਤੌਫ਼ਾ ਨੂੰ ਮਿਲਣ ਗਿਆ।

ਸੁਸਤੌਫ਼ਾ ਪਹਿਲੀ ਮੰਜ਼ਲ ਤੇ ਰਹਿੰਦੀ ਹੈ। ਪਿਛਲੀਆਂ ਪੌੜੀਆਂ ਵੱਲ ਜਾ ਕੇ ਨਖ਼ਲਿਊਦੌਫ਼ ਰਸੋਈ ਵਿਚ ਗਿਆ ਜਿਸ ਵਿਚੋਂ ਰੋਟੀ ਦੀ ਖ਼ੁਸ਼ਬੋ ਆ ਰਹੀ ਸੀ। ਇਕ ਬੁੱਢੀ ਜਨਾਨੀ ਕਮੀਜ਼ ਦੀਆਂ ਬਾਹਵਾਂ ਉਪਰ ਚੜ੍ਹਾਈ ਐਨਕਾਂ ਲਗਾਈ ਅੰਗੀਠੇ ਦੇ ਕੋਲ ਖੜੀ ਸੀ ਅਤੇ ਪਤੀਲੇ ਵਿਚ ਕੋਈ ਚੀਜ਼ ਹਿਲਾ ਰਹੀ ਸੀ।

"ਤੁਸੀਂ ਕਿਸ ਨੂੰ ਮਿਲਣਾ ਚਾਹੁੰਦੇ ਹੋ ?" ਉਹ ਆਪਣੀਆਂ ਐਨਕਾਂ ਉਪਰੋਂ ਝਾਕਦੀ ਹੋਈ ਇਕ ਸਖ਼ਤ ਜੇਹੇ ਸੁਰ ਵਿਚ ਬੋਲੀ।

ਨਖ਼ਲਿਊਦੌਫ਼ ਨੇ ਹਾਲੀਂ ਆਪਣਾ ਨਾਉਂ ਹੀ ਦੱਸਿਆ ਸੀ ਕਿ ਉਸ ਇਸਤ੍ਰੀ ਦੇ ਚਿਹਰੇ ਉਪਰ ਡਰ ਅਤੇ ਪ੍ਰਸੰਨਤਾ ਦੇ ਭਾਵ ਪ੍ਰਗਟ ਹੋ ਗਏ।

ਆਪਣੇ ਪੋਣੇ ਨਾਲ ਹੱਥ ਪੂੰਝਦੀ ਹੋਈ ਉਹ ਬੋਲੀ, "ਹੋ, ਕੰਵਰ ! ਪਰ ਤੁਸੀਂ ਪਿਛਲੇ ਦਰਵਾਜ਼ੇ ਰਾਹੀਂ ਕਿਉਂ ਆਏ ਹੋ ? ਸਾਡੇ ਉੱਤੇ ਦਇਆ ਕਰਨ ਵਾਲੇ ! ਮੈਂ ਉਸ ਦੀ ਮਾਂ ਹਾਂ। ਉਨ੍ਹਾਂ ਨੇ ਤਾਂ ਮੇਰੀ ਨਿੱਕੀ ਜਿਹੀ ਲੜਕੀ ਨੂੰ ਮਾਰ ਹੀ ਦਿੱਤਾ ਹੈ।" ਫਿਰ ਉਹ ਨਖ਼ਲਿਊਦੌਫ਼ ਦਾ ਹੱਥ ਪਕੜਕੇ ਅਤੇ ਇਸ ਨੂੰ ਚੁੰਮਣ ਦੀ ਕੋਸ਼ਿਸ਼ ਕਰਦੀ ਬੋਲੀ, "ਤੁਸੀਂ ਉਸ ਨੂੰ ਬਚਾ ਲਿਆ ਹੈ। ਮੈਂ ਤੁਹਾਨੂੰ ਕੱਲ੍ਹ ਮਿਲਣ ਗਈ ਸੀ। ਮੇਰੀ ਭੈਣ ਨੇ ਮੈਨੂੰ ਅਜਿਹਾ ਕਰਨ ਲਈ ਕਿਹਾ ਸੀ। ਉਹ ਵੀ ਇਥੇ ਹੀ ਹੈ।" ਸੁਸਤੌਫ਼ਾ ਦੀ ਮਾਂ ਇਕ ਤੰਗ ਜਿਹੇ ਦਰਵਾਜੇ ਅਤੇ ਅਨ੍ਹੇਰੀ ਡਿਉਢੀ ਰਾਹੀਂ ਅੱਗੇ ਜਾਂਦੀ, ਆਪਣੇ ਵਾਲਾਂ ਨੂੰ ਠੀਕ ਕਰਦੀ ਅਤੇ ਆਪਣੀ ਉਪਰ ਟੰਗੀ ਹੋਈ ਘਗਰੀ ਨੂੰ ਹੇਠਾਂ ਖਿਚਦੀ ਹੋਈ ਬੋਲੀ, "ਮਿਹਰਬਾਨੀ ਕਰਕੇ ਇਧਰ ਨੂੰ ਆ ਜਾਵੋ।" ਫਿਰ ਇਕ ਬੰਦ ਦਰਵਾਜੇ ਦੇ ਅੱਗੇ ਠਹਿਰ ਕੇ ਉਸ ਨੇ ਹੌਲੀ ਜੇਹੀ ਆਖਿਆ, "ਮੇਰੀ ਭੈਣ ਦਾ ਨਾਉਂ ਕੌਰਨੀਲੋਵ ਹੈ। ਤੁਸੀਂ ਉਸ ਬਾਰੇ ਜ਼ਰੂਰ ਸੁਣਿਆ ਹੋਵੇਗਾ। ਉਹ ਰਾਜਸੀ ਮਾਮਲਿਆਂ ਵਿਚ ਉਲਝ ਗਈ ਸੀ ਪਰ ਹੈ ਉਹ ਬਹੁਤ ਚੁਸਤ ਤੀਵੀਂ।"

ਮੁਸਤੋਫ਼ਾ ਦੀ ਮਾਂ ਨੇ ਦਰਵਾਜ਼ਾ ਖੋਲ੍ਹਿਆ ਅਤੇ ਉਹ ਨਖ਼ਲਿਊਦੌਫ਼ ਨੂੰ ਨਿੱਕੇ ਜਿਹੇ ਕਮਰੇ ਵਿਚ ਲੈ ਗਈ ਜਿਥੇ ਇਕ ਸੋਫੇ ਉਪਰ ਜਿਸ ਦੇ ਅੱਗੇ ਇਕ ਨਿੱਕਾ ਜਿਹਾ ਮੇਜ਼ ਪਿਆ ਸੀ, ਇਕ ਗੁਦਗਦੀ ਮੱਧਰੀ ਜੇਹੀ ਲੜਕੀ ਬੈਠੀ ਸੀ, ਜਿਸ ਦੇ ਭੂਰੇ ਵਾਲਾਂ ਨੇ ਉਸ ਦੇ ਪੀਲੇ ਅਤੇ ਗੋਲ ਚਿਹਰੇ ਦੇ ਉਦਾਲੇ ਘੁੰਗਰਾਲਾਂ ਪਾਈਆਂ ਹੋਈਆਂ ਸਨ। ਉਸਦਾ ਚਿਹਰਾ ਆਪਣੀ ਮਾਂ ਵਰਗਾ ਸੀ। ਉਸ ਨੇ ਧਾਰੀਦਾਰ ਸੂਤੀ ਕਮੀਜ਼ ਪਾਈ ਹੋਈ ਸੀ।

ਉਸਦੇ ਸਾਹਮਣੇ ਆਰਾਮ ਕੁਰਸੀ ਉਤੇ ਅੱਗੇ ਨੂੰ ਝੁਕਿਆ ਹੋਇਆ ਤਕਰੀਬਨ ਦੂਹਰਾ ਹੋਇਆ ਇਕ ਥੋੜੀ ਜਿਹੀ ਦਾੜ੍ਹੀ ਤੇ ਮੁੱਛਾਂ ਵਾਲਾ ਨੌਜਵਾਨ ਬੈਠਾ ਸੀ। ਉਸ ਨੇ ਕੱਢੀ ਹੋਈ ਰੂਸੀ ਕਮੀਜ਼ ਪਾਈ ਹੋਈ ਸੀ। ਉਹ ਗੱਲਾਂ ਕਰਨ ਵਿਚ ਇਤਨੇ ਰੁਝੇ ਹੋਏ ਸਨ ਕਿ ਉਨ੍ਹਾਂ ਨੇ ਉਸ ਵੇਲੇ ਹੀ ਇਧਰ ਵੇਖਿਆ ਜਿਸ ਵੇਲੇ ਨਖ਼ਲਿਊਦੌਫ਼ ਕਮਰੇ ਵਿਚ ਆ ਚੁੱਕਾ ਸੀ।

"ਲੀਦੀਆ, ਇਹ ਉਹੀ ਕੰਵਰ ਨਖ਼ਲਿਊਦੌਫ਼ ਹਨ ?" ਮਾਂ ਬੋਲੀ।

ਪੀਲੇ ਚਿਹਰੇ ਵਾਲੀ ਲੜਕੀ ਘਬਰਾਹਟ ਨਾਲ ਆਪਣੇ ਵਾਲਾਂ ਦੀ ਇਕ ਲਿਟ ਨੂੰ ਕੰਨ ਤੋਂ ਪਿਛਾਂਹ ਕਰਦੀ ਹੋਈ ਛਾਲ ਮਾਰ ਕੇ ਉੱਠ ਖੜੀ ਹੋਈ ਅਤੇ ਉਸ ਨਵੇਂ ਆਏ ਬੰਦੇ ਵੱਲ ਆਪਣੀਆਂ ਪੀਲੀਆਂ ਅੱਖਾਂ ਵਿਚ ਇਕ ਡਰਿਆ ਹੋਇਆ ਪ੍ਰਭਾਵ ਲੈ ਕੇ ਵੇਖਣ ਲੱਗ ਪਈ।

"ਤਾਂ ਤੂੰ ਹੀ ਹੈਂ ਉਹ ਖ਼ਤਰਨਾਕ ਇਸਤ੍ਰੀ ਜਿਸ ਦੇ ਹੱਕ ਵਿਚ ਵੇਰਾਦੁਖ਼ੋਫਾ ਨੇ ਮੈਨੂੰ ਰਸਾਈ ਕਰਨ ਲਈ ਆਖਿਆ ਸੀ?" ਨਖ਼ਲਿਊਦੌਫ਼ ਨੇ ਚਿਹਰੇ ਉਤੇ ਮੁਸਕਰਾਹਟ ਲਿਆਂਦੇ ਹੋਏ ਉਸ ਨੂੰ ਪੁੱਛਿਆ।

''ਹਾਂ, ਮੈਂ ਉਹੀ ਹਾਂ।" ਲੀਦੀਆ ਸੁਸਤੋਫ਼ਾ ਬੋਲੀ। ਉਸ ਦੀ ਖੁਲ੍ਹੀ ਸੁਹਿਰਦ ਤੇ ਬੱਚਿਆਂ ਵਰਗੀ ਮੁਸਕਰਾਹਟ ਵਿਚੋਂ ਸੁੰਦਰ ਦੰਦਾਂ ਦੀ ਪੂਰੀ ਕਤਾਰ ਨਜ਼ਰ ਆਉਂਦੀ ਸੀ। "ਮੇਰੀ ਚਾਚੀ ਹੀ ਤੁਹਾਨੂੰ ਮਿਲਣ ਲਈ ਉਤਾਵਲੀ ਸੀ।" ਫਿਰ ਉਸ ਨੇ ਦਿਲਚਸਪ ਅਤੇ ਮਿੱਠੀ ਆਵਾਜ਼ ਨਾਲ ਇਕ ਦਰਵਾਜ਼ੇ ਵਿਚੋਂ ਆਪਣੀ ਚਾਚੀ ਨੂੰ ਬੁਲਾਇਆ।

"ਤੁਹਾਡੀ ਕੈਦ ਨੇ ਵੇਰਾਦੁਖੋਫ਼ਾ ਨੂੰ ਬਹੁਤ ਦੁਖੀ ਕੀਤਾ ਹੈ।" ਨਖ਼ਲਿਊਦੌਫ਼ ਬੋਲਿਆ।

"ਤੁਸੀਂ ਇਥੇ ਨਹੀਂ, ਇਥੇ ਬੈਠ ਜਾਓ," ਲੀਦੀਆ ਉਸ ਟੁੱਟੀ ਹੋਈ ਕੁਰਸੀ ਵੱਲ ਜਿਸ ਉਪਰੋਂ ਉਹ ਨੌਜਵਾਨ ਹੁਣੇ ਉੱਠਿਆ ਸੀ ਇਸ਼ਾਰਾ ਕਰਦੇ ਬੋਲੀ, ਇਹ ਵੇਖ ਕੇ ਕਿ ਨਖ਼ਲਿਊਦੌਫ਼ ਉਸ ਨੌਜਵਾਨ ਵੱਲ ਝਾਕ ਰਿਹਾ ਹੈ ਬੋਲੀ, "ਇਹ ਹੈ ਜ਼ਖਾਰਫ, ਮੇਰਾ ਚਚੇਰਾ

ਭਰਾ।" ਨੌਜਵਾਨ ਨੇ ਲੀਦੀਆ ਦੀ ਮੁਸਕਰਾਹਟ ਵਰਗੀ ਹੀ ਨਿਮਰਤਾ ਨਾਲ ਮਿਲਣ ਆਏ ਦਾ ਸੁਆਗਤ ਕੀਤਾ। ਜਦੋਂ ਨਖ਼ਲਿਊਦੌਫ਼ ਬੈਠ ਗਿਆ ਤਾਂ ਉਹ ਆਪਣੇ ਲਈ ਹੋਰ ਕੁਰਸੀ ਲੈ ਆਇਆ ਅਤੇ ਉਸ ਦੇ ਕੋਲ ਬੈਠ ਗਿਆ। ਇਕ ਸੋਲਾਂ ਕੁ ਸਾਲ ਦਾ ਭੂਰੇ ਵਾਲਾਂ ਵਾਲਾ ਪਾੜ੍ਹਾ ਮੁੰਡਾ ਵੀ ਅੰਦਰ ਆ ਕੇ ਅਤੇ ਚੁੱਪ ਕਰਕੇ ਖਿੜਕੀ ਵਿਚ ਬੈਠ ਗਿਆ।

ਸੁਸਤੋਫ਼ਾ ਬੋਲੀ, "ਵੇਰਾਦੁਖੋਫ਼ਾ ਮੇਰੀ ਚਾਚੀ ਦੀ ਪੱਕੀ ਸਹੇਲੀ ਹੈ। ਪਰੰਤੂ ਮੈਂ ਆਪ ਉਸ ਨੂੰ ਨਹੀਂ ਜਾਣਦੀ।"

ਫਿਰ ਇਕ ਹੋਰ ਸੁਹਣੇ ਚਿਹਰੇ ਵਾਲੀ ਇਸਤ੍ਰੀ, ਚਿੱਟੀ ਕਮੀਜ਼ ਉਤੇ ਇਕ ਚਮੜੇ ਦੀ ਪੇਟੀ ਲਗਾਈ ਦੂਸਰੇ ਕਮਰੇ ਵਿਚੋਂ ਇਸ ਕਮਰੇ ਵਿਚ ਆ ਗਈ।

ਲੀਦੀਆਂ ਦੇ ਕੋਲ ਸੋਫੇ ਉਪਰ ਬੈਠਦੀ ਹੋਈ ਉਹ ਬੋਲੀ, "ਤੁਹਾਡਾ ਕੀ ਹਾਲ ਹੈ? ਮਿਲਣ ਆਉਣ ਦਾ ਸ਼ੁਕਰੀਆ। 'ਵੇਰਾ' ਕਿਵੇਂ ਹੈ ? ਤੁਸੀਂ ਉਸ ਨੂੰ ਮਿਲੇ ਸੀ ? ਉਹ ਆਪਣੀ ਭੈਣ ਦੀ 'ਕਿਸਮਤ' ਨੂੰ ਕਿਸ ਤਰ੍ਹਾਂ ਸਹਿਣ ਕਰ ਰਹੀ ਹੈ ?'

ਨਖ਼ਲਿਊਦੌਫ਼ ਨੇ ਆਖਿਆ, "ਉਸ ਨੂੰ ਕੋਈ ਸ਼ਿਕਾਇਤ ਨਹੀਂ, ਉਹ ਕਹਿੰਦੀ ਹੈ ਉਸ ਦਾ ਮਨੋਬਲ ਬਹੁਤ ਉੱਚਾ ਹੈ।"

ਫਿਰ ਸੁਸਤੋਫ਼ਾ ਦੀ ਚਾਚੀ ਮੁਸਕ੍ਰਾਂਦੀ ਹੋਈ ਅਤੇ ਆਪਣਾ ਸਿਰ ਹਿਲਾਉਂਦੀ ਹੋਈ ਬੋਲੀ,

"ਮੈਨੂੰ ਪਤਾ ਹੈ ਵੇਰਾ ਅਜਿਹੀ ਹੀ ਹੈ। ਉਸ ਨੂੰ ਜਾਣਿਆਂ ਪਤਾ ਲੱਗਦਾ ਹੈ। ਉਹ ਉਤਮ ਚਰਿੱਤਰ ਵਾਲੀ ਹੈ। ਉਹ ਸਭ ਕੁਝ ਦੂਸਰਿਆਂ ਲਈ ਚਾਹੁੰਦੀ ਹੈ। ਆਪਣੇ ਲਈ ਕੁਝ ਵੀ ਨਹੀਂ !"

ਨਖ਼ਲਿਊਦੌਫ਼ ਬੋਲਿਆ, "ਠੀਕ ਹੈ, ਉਸ ਨੇ ਆਪਣੇ ਲਈ ਕੁਝ ਵੀ ਨਹੀਂ ਮੰਗਿਆ। ਉਸ ਨੂੰ ਤਾਂ ਸਿਰਫ਼ ਤੁਹਾਡੀ ਭਤੀਜੀ ਦੀ ਹੀ ਚਿੰਤਾ ਸੀ। ਜਿਹੜੀ ਚੀਜ਼ ਉਸ ਨੂੰ ਸਭ ਤੋਂ ਜ਼ਿਆਦਾ ਦੁਖੀ ਕਰਦੀ ਜਾਪਦੀ ਸੀ ਉਹ ਇਹ ਸੀ ਕਿ ਤੁਹਾਡੀ ਭਤੀਜੀ ਨੂੰ ਬਿਨਾਂ ਕਿਸੇ ਕਾਰਣ ਕੈਦ ਕਰ ਦਿੱਤਾ ਸੀ।"

ਸ਼ਸਤੋਫ਼ਾ ਦੀ ਚਾਚੀ ਬੋਲੀ, "ਹਾਂ ਇਹ ਬਿਲਕੁਲ ਸੱਚ ਹੈ। ਇਹ ਬੜੇ ਗਜ਼ਬ ਦੀ ਗੱਲ ਹੈ। ਠੀਕ ਹੈ ਉਸ ਨੇ ਮੇਰੇ ਕਾਰਣ ਹੀ ਦੁਖ ਉਠਾਇਆ ਹੈ।"

"ਨਹੀਂ ਚਾਚੀ ਤੁਹਾਥੋਂ ਬਿਨਾਂ ਵੀ ਉਹ ਕਾਗਜ਼ ਲੈ ਕੇ ਰੱਖ ਲੈਣੇ ਸਨ।"

"ਮੈਂ ਤੈਥੋਂ ਬਿਹਤਰ ਜਾਣਦੀ ਹਾਂ," ਸੁਸਤੋਫ਼ਾ ਦੀ ਚਾਚੀ ਬੋਲੀ ਤੇ ਫਿਰ ਨਖ਼ਲਿਊਦੌਫ਼ ਵੱਲ ਮੁੜ ਕੇ ਕਹਿਣ ਲੱਗੀ, "ਇਹ ਸਭ ਕੁਝ ਤਾਂ ਵਾਪਰਿਆ ਕਿ ਇਕ ਆਦਮੀ ਨੇ ਮੈਨੂੰ ਕੁਝ ਕਾਗਜ਼ ਆਪਣੇ ਕੋਲ ਰੱਖਣ ਲਈ ਆਖਿਆ। ਉਸ ਸਮੇਂ ਮੇਰਾ ਆਪਣਾ ਕੋਈ ਘਰ ਨਹੀਂ ਸੀ। ਇਸ ਲਈ ਮੈਂ ਉਹ ਕਾਗਜ਼ ਇਸ ਕੋਲ ਲੈ ਆਈ। ਉਸੇ ਰਾਤ ਪੁਲਿਸ ਨੇ ਉਸ ਦੇ ਕਮਰੇ ਦੀ ਤਲਾਸ਼ੀ ਲੈ ਲਈ ਅਤੇ ਪੁਛਿਆ ਕਿ ਕਾਗਜ਼ ਕਿਥੋਂ ਲਏ ਸਨ।"

ਲੀਦੀਆਂ ਨੇ ਘਬਰਾਹਟ ਵਿਚ ਵਾਲਾਂ ਦੀ ਲਿਟ ਜਿਹੜੀ ਕਿ ਖਿਲਰੀ ਹੋਈ ਵੀ ਨਹੀਂ ਸੀ, ਨੂੰ ਖਿਚਦੇ ਹੋਏ ਆਖਿਆ, "ਪਰ ਮੈਂ ਉਨ੍ਹਾਂ ਨੂੰ ਕੁਝ ਨਾ ਦੱਸਿਆ।"

"ਮੈਂ ਕਦੇ ਨਹੀਂ ਆਖਿਆ ਤੂੰ ਦੱਸਿਆ," ਚਾਚੀ ਨੇ ਜਵਾਬ ਦਿੱਤਾ।

ਲੀਦੀਆਂ ਨੇ ਸ਼ਰਮਾਂਦੇ ਹੋਏ ਅਤੇ ਬੇਚੈਨੀ ਨਾਲ ਉਦਾਲੇ ਝਾਕਦੇ ਹੋਏ ਆਖਿਆ, "ਜੇ ਉਹ ਮਿਤਿਨ ਨੂੰ ਪਕੜ ਕੇ ਲੈ ਗਏ ਇਹ ਪੱਕੀ ਗੱਲ ਹੈ ਕਿ ਇਹ ਮੇਰੇ ਰਾਹੀਂ ਨਹੀਂ ਹੋਇਆ।"

ਉਸ ਦੀ ਮਾਂ ਨੇ ਆਖਿਆ, "ਪਿਆਰੀ ਲੀਦੀਆਂ ਇਸ ਦੀ ਗੱਲ ਨਾ ਕਰ।

"ਕਿਉਂ ਨਾ ਕਰਾਂ ? ਮੈਂ ਇਹ ਦੱਸਣਾ ਚਾਹੁੰਦੀ ਹਾਂ," ਲੀਦੀਆ ਨੇ ਆਖਿਆ। ਉਹ ਹੁਣ ਮੁਸਕਰਾ ਨਹੀਂ ਰਹੀ ਸੀ ਅਤੇ ਨਾ ਹੀ ਵਾਲਾਂ ਦੀ ਲਿਟ ਨੂੰ ਖਿੱਚ ਰਹੀ ਸੀ, ਉਹ ਇਸ ਨੂੰ ਆਪਣੀ ਉਂਗਲ ਦੇ ਦੁਆਲੇ ਲਪੇਟ ਰਹੀ ਸੀ ਅਤੇ ਲਾਲ ਸੂਹੀ ਹੋ ਰਹੀ ਸੀ।

'ਭੁੱਲ ਨਾ, ਜੋ ਕੁਝ ਕੱਲ ਵਾਪਰਿਆ, ਜਦੋਂ ਤੂੰ ਉਸ ਦੀ ਬਾਬਤ ਬੋਲਣਾ ਸ਼ੁਰੂ ਕੀਤਾ ਸੀ।

"ਨਹੀਂ, ਬਿਲਕੁਲ, ਮਾਂ ਮੈਨੂੰ ਕੁਝ ਨਾ ਕਹੋ। ਮੈਂ ਕੁਝ ਨਹੀਂ ਦੱਸਿਆ। ਮੈਂ ਸਿਰਫ਼ ਚੁੱਪ ਰਹੀ। ਜਦੋਂ ਉਸ ਨੇ ਮਿਤਿਨ ਅਤੇ ਚਾਚੀ ਬਾਬਤ ਮੇਰੇ ਕੋਲੋਂ ਪੁੱਛ ਪੜਤਾਲ ਕੀਤੀ ਤਾਂ ਮੈਂ ਕੁਝ ਨਾ ਬੋਲੀ ਤੇ ਉਸ ਨੂੰ ਆਖਿਆ ਕਿ ਮੈਂ ਕੋਈ ਉੱਤਰ ਨਹੀਂ ਦੇਵਾਂਗੀ। ਤੇ ਫਿਰ...... ਪੈਤਰੋਫ਼......"

"ਪੈਤਰੋਫ਼ ਤਾਂ ਜਸੂਸ ਹੈ, ਸਿਪਾਹੀ, ਬਦਮਾਸ਼" ਚਾਚੀ ਨੇ ਆਪਣੀ ਗੱਲ ਜਾਰੀ ਰੱਖਦਿਆਂ ਹੋਏ ਜੋਸ਼ ਵਿਚ ਅਤੇ ਤੇਜ਼ੀ ਵਿਚ ਆਖਿਆ, "ਫਿਰ ਉਸ ਨੇ ਮੈਨੂੰ ਇਹ ਕਹਿਣਾ ਸ਼ੁਰੂ ਕਰ ਦਿੱਤਾ, "ਤੁਸੀਂ ਜੋ ਕੁਝ ਵੀ ਦੱਸੋਗੇ ਇਸ ਦਾ ਕਿਸੇ ਨੂੰ ਨੁਕਸਾਨ ਨਹੀਂ ਹੋਵੇਗਾ।

ਇਸ ਦੇ ਉਲਟ ਜੇ ਤੂੰ ਮੈਨੂੰ ਦੱਸ ਦੇਵੇ ਤਾਂ ਅਸੀਂ ਨਿਰਦੋਸ਼ ਲੋਕਾਂ ਨੂੰ ਛੱਡ ਦੇਣ ਵਿਚ ਸਫ਼ਲ ਹੋਵਾਂਗੇ, ਜਿਨ੍ਹਾਂ ਨੂੰ ਹੋ ਸਕਦਾ ਹੈ ਅਸੀਂ ਵਿਅਰਥ ਦੁਖੀ ਕਰ ਰਹੇ ਹਾਂ।" ਪਰ ਮੈਂ ਫਿਰ ਵੀ ਆਖਿਆ, ਮੈਂ ਕੁਝ ਨਹੀਂ ਦਸਾਂਗੀ ਤਾਂ ਫਿਰ ਉਹ ਬੋਲਿਆ, "ਚੰਗਾ ਨਾ ਦੱਸ ਪਰ ਉਸ ਗੱਲ ਤੋਂ ਨਾ ਮੁਕਰੀ ਜਿਹੜੀ ਗੱਲ ਮੈਂ ਕਹਿਣ ਲੱਗਾਂ ਹਾਂ।" ਤੇ ਉਸ ਨੇ ਮਿਤਿਨ ਦਾ ਨਾਉਂ ਲੈ ਦਿੱਤਾ।

"ਇਸ ਦੀ ਗੱਲ ਨਾ ਕਰ" ਚਾਚੀ ਨੇ ਆਖਿਆ।

ਲੀਦੀਆ ਵਾਲਾਂ ਦੀ ਲਿਟ ਨੂੰ ਖਿੱਚਦੀ ਹੋਈ ਤੇ ਉਦਾਲੇ ਝਾਕਦੀ ਹੋਈ ਬੋਲੀ, 'ਚਾਚੀ, ਮੈਨੂੰ ਟੋਕ ਨਾ : ਅਤੇ ਫਿਰ, ਸੋਚੋ ਦੂਸਰੇ ਦਿਨ ਉਨ੍ਹਾਂ ਨੇ ਕੰਧ ਉਤੇ ਟੱਕ ਟੱਕ ਕਰਕੇ ਮੈਨੂੰ ਇਹ ਦੱਸ ਦਿੱਤਾ ਕਿ ਮਿਤਿਨ ਗ੍ਰਿਫਤਾਰ ਕਰ ਲਿਆ ਗਿਆ ਸੀ। ਮੇਰਾ ਖ਼ਿਆਲ ਕਿ ਮੈਂ ਉਸ ਨੂੰ ਧੋਖਾ ਦਿੱਤਾ ਅਤੇ ਇਸ ਗੱਲ ਨੇ ਮੈਨੂੰ ਇਤਨਾ ਦੁਖੀ ਕੀਤਾ......ਇਤਨਾ ਦੁਖੀ ਕੀਤਾ ਕਿ ਮੈਂ ਜਾਣੋਂ ਪਾਗਲ ਹੋ ਗਈ ਹਾਂ।"

"ਤੇ ਫਿਰ ਪਤਾ ਲੱਗ ਗਿਆ ਕਿ ਉਹ ਤੇਰੇ ਕਾਰਣ ਹੀ ਨਹੀਂ ਸੀ ਪਕੜਿਆ ਗਿਆ।"

"ਠੀਕ ਹੈ ਪਰੰਤੂ ਮੈਨੂੰ ਨਹੀਂ ਸੀ ਪਤਾ। ਮੈਂ ਸੋਚਦੀ ਹਾਂ ਮੈਂ ਉਸ ਨੂੰ ਧੋਖਾ ਦਿੱਤਾ ਹੈ। ਮੈਂ ਇਕ ਕੰਧ ਤੋਂ ਦੂਸਰੀ ਕੰਧ ਤਕ ਤੁਰਦੀ ਰਹਿੰਦੀ ਹਾਂ ਅਤੇ ਇਹ ਸੋਚਣ ਤੋਂ ਰਹਿ ਨਹੀਂ ਸਕਦੀ। ਮੈਂ ਸੋਚਦੀ ਹਾਂ ਅਤੇ ਮੈਂ ਉਸ ਨੂੰ ਧੋਖਾ ਦਿੱਤਾ ਹੈ। ਫਿਰ ਮੈਂ ਹੇਠਾਂ ਲੇਟ ਜਾਂਦੀ ਹਾਂ ਅਤੇ ਫਿਰ ਕੋਈ ਮੇਰੇ ਕੰਨ ਵਿਚ ਕਹਿੰਦਾ ਹੈ, "ਧ੍ਰੋ ਹੋ ਗਿਆ ਮਿਤਿਨ ਨਾਲ; ਮਿਤਿਨ ਨਾਲ ਧ੍ਰੋ ਹੋਇਆ।" ਮੈਨੂੰ ਪਤਾ ਹੈ ਇਹ ਮਨ ਦਾ ਭਰਮ ਹੈ ਪਰ ਮੈਂ ਇਹ ਸ਼ਬਦ ਸੁਣੇ ਬਿਨਾਂ ਨਹੀਂ ਰਹਿ ਸਕਦੀ। ਮੈਂ ਸੌਣਾ ਚਾਹੁੰਦੀ ਹਾਂ ਪਰ ਮੈਂ ਸੌਂ ਨਹੀਂ ਸਕਦੀ। ਮੈਂ ਚਾਹੁੰਦੀ ਹਾਂ ਇਸ ਤਰ੍ਹਾਂ ਨਾ ਸੋਚਾਂ ਪਰ ਸੋਚੇ ਬਿਨਾਂ ਰਹਿ ਨਹੀਂ ਸਕਦੀ। ਇਹ ਸਭ ਕਿੰਨਾ ਡਰਾਉਣਾ ਸੀ।" ਜਦੋਂ ਲੀਦੀਆ ਨੇ ਇਹ ਸ਼ਬਦ ਆਖੇ ਉਸ ਨੂੰ ਹੋਰ ਭੀ ਜੋਸ਼ ਆ ਗਿਆ, ਉਸ ਨੇ ਆਪਣੀ ਉਂਗਲੀ ਉਦਾਲੇ ਵਾਲਾਂ ਦੀ ਲਿਟ ਨੂੰ ਪਹਿਲਾਂ ਲਪੇਟ ਲਿਆ ਅਤੇ ਫਿਰ ਉਸ ਨੂੰ ਖੋਲ੍ਹ ਦਿੱਤਾ ਅਤੇ ਇਧਰ ਝਾਕਣ ਲੱਗੀ।

"ਸ਼ਾਂਤੀ ਕਰ, ਲੀਦੀਆ ਪਿਆਰੀ" ਉਸ ਦੀ ਮਾਂ ਨੇ ਉਸ ਦੇ ਮੋਢੇ ਨੂੰ ਹੱਥ ਲਾ ਕੇ ਆਖਿਆ।

ਪਰ ਸ਼ੁਸਤੋਫਾ ਆਪਣੇ ਆਪ ਨੂੰ ਰੋਕ ਨਾ ਸਕੀ !

"ਇਹ ਤਾਂ ਹੋਰ ਭਿਆਨਕ ਸੀ।" ਉਸ ਨੇ ਫਿਰ ਬੋਲਣਾ ਸ਼ੁਰੂ ਕਰ ਦਿੱਤਾ ਪਰ ਵਾਕ ਖਤਮ ਨਾ ਕੀਤਾ। ਉਹ ਚੀਕ ਮਾਰ ਕੇ ਉੱਠ ਖੜੀ ਹੋਈ ਤੇ ਕਮਰੇ ਵਿਚੋਂ ਬਾਹਰ ਨੂੰ ਦੌੜ ਗਈ।

ਉਸ ਦੀ ਮਾਂ ਉਸ ਦੇ ਮਗਰ ਜਾਣ ਲਈ ਮੁੜੀ।

ਖਿੜਕੀ ਵਿਚ ਬੈਠਾ ਹੋਇਆ ਮੁੰਡਾ ਬੋਲਿਆ, "ਉਨ੍ਹਾਂ ਬਦਮਾਸ਼ਾਂ ਨੂੰ ਫਾਂਸੀ ਲਟਕਾ ਦੇਣਾ ਚਾਹੀਦਾ ਹੈ।"

ਮਾਂ ਨੇ ਆਖਿਆ : "ਕੀ ਆਖਿਆ ?"

'ਮੈਂ ਤਾਂ ਇਹੋ ਆਖਿਆ ਹੈ, ਨਹੀਂ ਕੁਝ ਨਹੀਂ ਆਖਿਆ।" ਮੁੰਡੇ ਨੇ ਜਵਾਬ ਦਿੱਤਾ ਅਤੇ ਮੇਜ਼ ਉਪਰ ਪਈ ਹੋਈ ਸਿਗਰਟ ਚੁਕ ਕੇ ਪੀਣੀ ਸ਼ੁਰੂ ਕਰ ਦਿੱਤੀ।

-0-

26

ਚਾਚੀ ਨੇ ਸਿਰ ਹਿਲਾਂਦਿਆਂ ਸਿਗਰਟ ਲਗਾ ਕੇ ਆਖਿਆ, "ਠੀਕ ਹੈ ਇਹ ਇਕੱਲਤਾ ਦੀ ਕੈਦ ਨੌਜਵਾਨਾਂ ਲਈ ਬਹੁਤ ਹੀ ਹਾਨੀਕਾਰਕ ਹੈ।"

ਨਖ਼ਲਿਊਦੌਫ਼ ਨੇ ਉੱਤਰ ਦਿੱਤਾ, "ਮੈਂ ਤਾਂ ਹਰ ਇਕ ਲਈ ਕੁਝ ਕਰਾਂਗਾ।"

ਚਾਚੀ ਨੇ ਜਵਾਬ ਦਿੱਤਾ, "ਨਹੀਂ ਸਾਰਿਆਂ ਲਈ ਨਹੀਂ, ਮੈਨੂੰ ਦੱਸਿਆ ਗਿਆ ਹੈ ਕਿ ਅਸਲੀ ਕਰਾਂਤੀਕਾਰੀਆਂ ਲਈ ਤਾਂ ਇਹ ਆਰਾਮ ਅਤੇ ਚੈਨ ਦਾ ਸਮਾਂ ਹੁੰਦਾ ਹੈ। ਜਿਸ ਆਦਮੀ ਦੇ ਪਿੱਛੇ ਪੁਲਿਸ ਲੱਗੀ ਹੋਵੇ ਉਹ ਲਗਾਤਾਰ ਚਿੰਤਾ ਅਤੇ ਨੰਗ ਭੁੱਖ ਵਿਚ ਰਹਿੰਦਾ ਹੈ। ਉਸ ਨੂੰ ਆਪਣਾ, ਦੂਸਰਿਆਂ ਦਾ ਅਤੇ ਆਪਣੇ ਹੇਤੂ ਦਾ ਡਰ ਰਹਿੰਦਾ ਹੈ ਤੇ ਅਖੀਰ ਵਿਚ ਜਦੋਂ ਉਸ ਨੂੰ ਪਕੜ ਲਿਆ ਜਾਂਦਾ ਹੈ ਤਾਂ ਸਭ ਕੁਝ ਖ਼ਤਮ ਹੋ ਜਾਂਦਾ ਹੈ। ਸਾਰੀ ਜ਼ਿੰਮੇਵਾਰੀ ਉਸ ਦੇ ਮੋਢਿਆਂ ਉਪਰੋਂ ਲਹਿ ਜਾਂਦੀ ਹੈ ਅਤੇ ਉਹ ਬੈਠਕੇ ਸਾਹ ਕੱਢ ਸਕਦਾ ਹੈ। ਮੈਨੂੰ ਦੱਸਿਆ ਗਿਆ ਹੈ ਕਿ ਉਹ ਗ੍ਰਿਫਤਾਰ ਹੋ ਕੇ ਸਗੋਂ ਖੁਸ਼ ਹੁੰਦੇ ਹਨ। ਪਰ ਨੌਜਵਾਨਾਂ ਤੇ ਨਿਰਦੋਸ਼ਾਂ ਨੂੰ ਸਭ ਤੋਂ ਪਹਿਲਾਂ ਪਕੜਦੇ ਹਨ, ਲੀਦੀਆ ਜੇਹਿਆਂ ਨੂੰ ਉਨ੍ਹਾਂ ਉੱਤੇ ਇਸ ਨਾਲ ਬੜੀ ਡਰਾਉਣੀ ਸੱਟ ਵਜਦੀ ਹੈ। ਸੁਤੰਤਰਤਾ ਦਾ ਖੁਸ ਜਾਣਾ, ਭੈੜੀ ਖੁਰਾਕ ਅਤੇ ਭੈੜੀ ਹਵਾ ਦੀ ਇੰਨੀ ਗੱਲ ਨਹੀਂ, ਇਹ ਤਾਂ ਕੁਝ ਵੀ ਨਹੀਂ। ਇਸ ਤੋਂ ਤਿੰਨ ਗੁਣਾਂ ਕਸ਼ਟ ਅਰਾਮ ਨਾਲ ਸਹੇ ਜਾ ਸਕਦੇ ਹਨ ਜੇ ਮਾਨਸਿਕ ਸੱਟ ਨਾ ਵੱਜੇ ਜਿਹੜੀ ਉਸ ਵੇਲੇ ਵਜਦੀ ਹੈ ਜਿਸ ਵੇਲੇ ਕਿਸੇ ਨੂੰ ਪਹਿਲੀ ਵਾਰੀ ਗ੍ਰਿਫਤਾਰ ਕੀਤਾ ਜਾਂਦਾ ਹੈ।"

"ਤੁਹਾਨੂੰ ਇਸ ਗੱਲ ਦਾ ਅਨੁਭਵ ਹੋਇਆ ਹੈ ?" ਚਿਹਰੇ ਉਪਰ ਦ੍ਰਿੜਤਾ ਲਿਆ ਕੇ ਜਵਾਬ ਦਿੱਤਾ, "ਮੈਂ ? ਮੈਂ ਦੋ ਵਾਰ ਜੇਲ ਗਈ ਹਾਂ। ਜਦੋਂ ਮੈਨੂੰ ਪਹਿਲੀ ਵਾਰ ਗ੍ਰਿਫ਼ਤਾਰ ਕੀਤਾ ਗਿਆ ਤਾਂ ਮੇਰਾ ਕੋਈ ਕਸੂਰ ਨਹੀਂ ਸੀ। ਮੇਰੀ ਉਮਰ ਬਾਈ ਸਾਲ ਦੀ ਸੀ। ਇਕ ਬੱਚਾ ਸੀ ਅਤੇ ਦੂਸਰਾ ਹੋਣ ਵਾਲਾ ਸੀ। ਭਾਵੇਂ ਸੁਤੰਤਰਤਾ ਦਾ ਖ਼ੁਸ਼ ਜਾਣਾ ਅਤੇ ਆਪਣੇ ਬੱਚੇ ਅਤੇ ਪਤੀ ਨਾਲ ਜੁਦਾਈ ਬੜੀ ਔਖੀ ਸੀ ਪਰ ਇਹ ਉਸਦੇ ਮੁਕਾਬਲੇ ਵਿਚ ਕੁਝ ਭੀ ਨਹੀਂ ਸਨ ਜੋ ਕੁਝ ਮੈਂ ਮਹਿਸੂਸ ਕੀਤਾ ਜਦੋਂ ਮੈਨੂੰ ਪਤਾ ਲੱਗਾ ਕਿ ਮੈਂ ਇਨਸਾਨ ਨਹੀਂ ਰਹੀ, ਇਕ

ਵਸਤੂ ਬਣ ਗਈ ਹਾਂ। ਮੈਂ ਆਪਣੀ ਨਿੱਕੀ ਜਿਹੀ ਲੜਕੀ ਤੋਂ ਵਿਦਾ ਲੈਣੀ ਚਾਹੁੰਦੀ ਸਾਂ। ਮੈਨੂੰ ਦੱਸਿਆ ਗਿਆ ਕਿ ਮੈਂ ਬੱਘੀ ਵਿਚ ਬੈਠੀ ਜਾਵਾਂ। ਮੈਂ ਪੁੱਛਿਆ ਕਿ ਮੈਨੂੰ ਕਿਥੇ ਲਿਜਾਇਆ ਜਾ ਰਿਹਾ ਸੀ। ਜਵਾਬ ਮਿਲਿਆ ਕਿ ਮੈਨੂੰ ਉਥੇ ਜਾ ਕੇ ਪਤਾ ਲੱਗ ਜਾਵੇਗਾ ਜਦੋਂ ਪਹੁੰਚ ਗਈ। ਮੈਂ ਪੁੱਛਿਆ ਮੇਰਾ ਕੀ ਦੋਸ਼ ਸੀ, ਪਰ ਮੈਨੂੰ ਕੋਈ ਉੱਤਰ ਨਾ ਮਿਲਿਆ। ਫਿਰ ਮੇਰੀ ਪੁੱਛ ਪੜਤਾਲ ਕੀਤੀ ਗਈ ਅਤੇ ਕੱਪੜੇ ਲੁਹਾ ਦਿੱਤੇ ਗਏ ਤੇ ਜੇਲ੍ਹ ਵਾਲੇ ਕੱਪੜੇ ਪੁਆ ਦਿੱਤੇ ਗਏ ਜਿਨ੍ਹਾਂ ਉਪਰ ਨੰਬਰ ਲੱਗਾ ਹੋਇਆ ਸੀ। ਫਿਰ ਉਹ ਮੈਨੂੰ ਇਕ ਭੋਰੇ ਵਿਚ ਲੈ ਗਏ। ਦਰਵਾਜ਼ਾ ਖੋਲ੍ਹ ਕੇ ਮੈਨੂੰ ਅੰਦਰ ਧੱਕਾ ਦੇ ਦਿੱਤਾ ਅਤੇ ਬਾਹਰੋਂ ਜੰਦਰਾ ਲਗਾ ਦਿੱਤਾ ਅਤੇ ਉਥੇ ਮੈਨੂੰ ਇਕੱਲੀ ਨੂੰ ਛੱਡ ਦਿੱਤਾ। ਇਕ ਪਹਿਰੇਦਾਰ ਭਰੀ ਹੋਈ ਰਫਲ ਲੈ ਕੇ ਦਰਵਾਜ਼ੇ ਦੇ ਅੱਗੇ ਇਧਰ ਉਧਰ ਫਿਰਦਾ ਰਹਿੰਦਾ। ਥੋੜੀ ਦੇਰ ਮਗਰੋਂ ਉਹ ਵਿਰਲ ਵਿਚੋਂ ਅੰਦਰ ਝਾਤੀ ਮਾਰ ਲੈਂਦਾ ਸੀ। ਮੈਨੂੰ ਲੋਹੜੇ ਦੀ ਨਿਰਾਸਾ ਹੋ ਰਹੀ ਸੀ। ਜਿਹੜੀ ਗੱਲ ਦਾ ਮੈਨੂੰ ਸਭ ਤੋਂ ਜ਼ਿਆਦਾ ਦੁੱਖ ਸੀ ਉਹ ਇਹ ਸੀ ਕਿ ਜਿਹੜੇ ਪੁਲਿਸ ਅਫ਼ਸਰ ਨੇ ਮੇਰੀ ਪੁੱਛ ਪੜਤਾਲ ਕੀਤੀ ਸੀ, ਉਸਨੇ ਮੈਨੂੰ ਪੀਣ ਲਈ ਸਿਗਰਟ ਦਿੱਤੀ ਸੀ। ਇਸ ਤਰ੍ਹਾਂ ਉਸ ਨੂੰ ਪਤਾ ਸੀ ਕਿ ਲੋਕ ਸਿਗਰਟ ਪੀਣਾ ਪਸੰਦ ਕਰਦੇ ਹਨ। ਉਸ ਨੂੰ ਇਹ ਭੀ ਜ਼ਰੂਰ ਪਤਾ ਹੋਵੇਗਾ ਕਿ ਲੋਕ ਸੁਤੰਤਰਤਾ ਤੇ ਰੋਸ਼ਨੀ ਚਾਹੁੰਦੇ ਹਨ, ਮਾਵਾਂ ਆਪਣੇ ਬੱਚਿਆਂ ਨੂੰ ਪਿਆਰ ਕਰਦੀਆਂ ਹਨ ਅਤੇ ਬੱਚੇ ਆਪਣੀਆਂ ਮਾਵਾਂ ਨੂੰ, ਫਿਰ ਉਹ ਕਿਵੇਂ ਬੇ-ਰਹਿਮੀ ਨਾਲ ਮੈਨੂੰ ਉਨ੍ਹਾਂ ਸਾਰੀਆਂ ਚੀਜਾਂ ਨਾਲੋਂ ਨਿਖੇੜ ਕੇ ਲੈ ਗਿਆ ਜਿਨ੍ਹਾਂ ਨੂੰ ਮੈਂ ਏਨਾ ਪਿਆਰ ਕਰਦੀ ਸਾਂ ਅਤੇ ਕਿਵੇਂ ਇਕ ਅਵਾਰਾ ਜਾਨਵਰ ਵਾਂਗ ਮੈਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ? ਇਸ ਕਿਸਮ ਦੀ ਇਕੱਲ ਦੇ ਬੁਰੇ ਪ੍ਰਭਾਵ ਜ਼ਰੂਰ ਹੁੰਦੇ ਹਨ। ਜਿਹੜਾ ਵੀ ਕੋਈ ਪ੍ਰਮਾਤਮਾ ਦੇ ਮਾਨਵ ਵਿਚ ਵਿਸ਼ਵਾਸ਼ ਰੱਖਦਾ ਹੈ ਅਤੇ ਇਸ ਗੱਲ ਵਿਚ ਕਿ ਮਾਨਵ ਇਕ ਦੂਸਰੇ ਨੂੰ ਪਿਆਰ ਕਰਦੇ ਹਨ, ਇਹ ਸਭ ਕੁਝ ਮਗਰੋਂ ਉਸ ਦਾ ਇਹ ਵਿਸ਼ਵਾਸ ਖ਼ਤਮ ਹੋ ਜਾਵੇਗਾ। ਮੈਂ ਉਸ ਵੇਲੇ ਤੋਂ ਮਨੁੱਖਤਾ ਵਿਚ ਵਿਸ਼ਵਾਸ ਰੱਖਣਾ ਛੱਡ ਦਿੱਤਾ ਹੈ ਅਤੇ ਬਹੁਤ ਹੀ ਚਿੜਚਿੜੀ ਹੋ ਗਈ ਹਾਂ।" ਫਿਰ ਮੁਸਕਰਾ ਕੇ ਉਹ ਚੁੱਪ ਕਰ ਗਈ।

ਲੀਦੀਆਂ ਦੀ ਮਾਂ ਉਸ ਦਰਵਾਜ਼ੇ ਰਾਹੀਂ ਅੰਦਰ ਆ ਗਈ ਜਿਸ ਰਾਹੀਂ ਉਸ ਦੀ ਧੀ ਬਾਹਰ ਆ ਗਈ ਸੀ। ਉਸ ਨੇ ਆ ਕੇ ਦੱਸਿਆ ਕਿ ਲੀਦੀਆ ਬਹੁਤ ਬੇਚੈਨ ਸੀ ਅਤੇ ਵਾਪਸ ਨਹੀਂ ਸੀ ਆ ਸਕਦੀ।

"ਕਾਹਦੇ ਲਈ ਇਹ ਨੌਜਵਾਨ ਜ਼ਿੰਦਗੀ ਬਰਬਾਦ ਹੋ ਗਈ ਹੈ ?' ਉਸਦੀ ਚਾਚੀ ਨੇ ਕਿਹਾ "ਜਿਸ ਗੱਲ ਦਾ ਮੈਨੂੰ ਵਿਸ਼ੇਸ਼ ਕਰਕੇ ਦੁੱਖ ਹੈ ਉਹ ਇਹ ਹੈ ਕਿ ਮੈਂ ਅਨਜਾਣੇ ਹੀ ਇਸਦਾ ਕਾਰਣ ਹਾਂ।"

ਮਾਂ ਨੇ ਆਖਿਆ, "ਰੱਬ ਨੇ ਚਾਹਿਆ ਤਾਂ ਇਹ ਪਿੰਡ ਵਿਚ ਜਾ ਕੇ ਠੀਕ ਹੋ ਜਾਵੇਗੀ। ਅਸੀਂ ਇਸ ਨੂੰ ਇਸ ਦੇ ਪਿਤਾ ਕੋਲ ਭੇਜ ਦੇਵਾਂਗੇ।"

"ਤੁਸੀਂ ਨਾ ਹੁੰਦੇ ਤਾਂ ਉਸਨੇ ਬਿਲਕੁਲ ਖ਼ਤਮ ਹੋ ਜਾਣਾ ਸੀ," ਚਾਚੀ ਨੇ ਆਖਿਆ, "ਧੰਨਵਾਦ। ਪਰੰਤੂ ਜਿਸ ਕੰਮ ਲਈ ਮੈਂ ਤੁਹਾਨੂੰ ਮਿਲਣਾ ਚਾਹੁੰਦੀ ਸਾਂ ਕਿ ਤੁਸੀਂ ਵਰਾਦੁਖੋਫ਼ਾ ਕੋਲ ਇਕ ਚਿੱਠੀ ਲੈ ਜਾਓ।" ਉਸ ਨੇ ਜੇਬ ਵਿਚੋਂ ਇਕ ਚਿੱਠੀ ਕੱਢ ਲਈ। ਚਿੱਠੀ ਉੱਤੇ ਕੋਈ ਮੋਹਰ ਨਹੀਂ ਲੱਗੀ ਹੋਈ ਸੀ, "ਜੇ ਤੁਸੀਂ ਚਾਹੋ ਤਾਂ ਤੁਸੀਂ ਇਸ ਨੂੰ ਪੜ੍ਹ ਸਕਦੇ ਹੋ ਅਤੇ ਫਿਰ ਪਾੜ ਸਕਦੇ ਹੋ ਜਾਂ ਵੇਰਾ ਨੂੰ ਦੇ ਸਕਦੇ ਹੋ, ਜਿਵੇਂ ਤੁਹਾਡੇ ਅਸੂਲ ਆਗਿਆ ਦੇਣ ਉਸੇ ਤਰ੍ਹਾਂ ਕਰ ਲੈਣਾ, ਚਿੱਠੀ ਵਿਚ ਖਤਰੇ ਦੀ ਗੱਲ ਨਹੀਂ।"

ਨਖ਼ਲਿਊਦੋਂਫ਼ ਨੇ ਚਿੱਠੀ ਲੈ ਲਈ ਅਤੇ ਇਹ ਇਕਰਾਰ ਕਰਕੇ ਉਹ ਇਸ ਨੂੰ 'ਵੇਰਾ' ਨੂੰ ਦੇ ਦੇਵੇਗਾ ਉਹ ਉਨ੍ਹਾਂ ਨੂੰ ਵਿਦਾ ਕਹਿ ਕੇ ਚਲਿਆ ਗਿਆ ਉਸ ਨੇ ਬਿਨਾਂ ਪੜ੍ਹੇ ਹੀ ਚਿੱਠੀ ਨੂੰ ਬੰਦ ਕਰ ਲਿਆ। ਉਹ ਇਸ ਨੂੰ ਉਸੇ ਤਰ੍ਹਾਂ ਵੇਰਾ' ਕੋਲ ਪੁਚਾਣਾ ਚਾਹੁੰਦਾ ਸੀ ਜਿਵੇਂ ਉਸ ਨੂੰ ਆਖਿਆ ਗਿਆ ਸੀ।

*****

27

ਅਖ਼ੀਰਲੀ ਗੱਲ ਜਿਸ ਦੇ ਕਾਰਨ ਨਖ਼ਲਿਊਦੌਫ਼ ਹਾਲੀ ਪੀਟਰਜ਼ਬਰਗ ਵਿਚ ਸੀ ਉਹ ਸੰਪ੍ਰਦਾਈਆਂ ਦਾ ਮੁਕੱਦਮਾ ਸੀ, ਜਿਨ੍ਹਾਂ ਦੀ ਅਰਜ਼ੀ ਉਹ ਆਪਣੇ ਪੁਰਾਣੇ ਮਿੱਤਰ ਜ਼ਾਰ ਦੇ ਅੰਗ ਸੇਵਕ ਬੁਗਾਂਤੀਰੋਫ ਰਾਹੀਂ ਜ਼ਾਰ ਨੂੰ ਪਕੜਾਉਣਾ ਚਾਹੁੰਦਾ ਸੀ। ਸਵੇਰੇ ਉਹ ਬੁਗਾਂਤੀਰੋਫ ਦੇ ਘਰ ਪਹੁੰਚਿਆ। ਉਸ ਨੇ ਵੇਖਿਆ ਕਿ ਉਹ ਨਾਸ਼ਤਾ ਲੈ ਰਿਹਾ ਸੀ ਅਤੇ ਬਾਹਰ ਜਾਣ ਲਈ ਤਿਆਰ ਸੀ। ਬੁਗਾਂਤੀਰੋਫ ਦਾ ਕੱਦ ਲੰਮਾ ਨਹੀਂ ਸੀ, ਪਰ ਉਹ ਨਰੋਆ ਸੀ ਅਤੇ ਬਹੁਤ ਜ਼ਿਆਦਾ ਤਕੜਾ ਸੀ। (ਉਹ ਘੋੜੇ ਦੀ ਖੁਰੀ ਨੂੰ ਮੋੜ ਸਕਦਾ ਸੀ।) ਉਹ ਨਰਮ ਦਿਲ, ਈਮਾਨਦਾਰ, ਨਿਰਛਲ ਸੀ ਤੇ ਉਦਾਰਭਾਵੀ ਸੀ। ਇਨ੍ਹਾਂ ਗੁਣਾਂ ਦੇ ਬਾਵਜੂਦ ਉਸ ਦਾ ਦਰਬਾਰ ਨਾਲ ਬਹੁਤ ਨਿਕਟੀ ਸਬੰਧ ਸੀ। ਉਹ ਜ਼ਾਰ ਤੇ ਉਸਦੇ ਟੱਬਰ ਦਾ ਬਹੁਤ ਪਿਆਰਾ ਸੀ। ਉਨ੍ਹਾਂ ਉੱਚ ਸਮਾ-ਜਕ ਮੰਡਲਾਂ ਵਿਚ ਰਹਿੰਦਿਆਂ ਹੋਇਆਂ ਉਸ ਨੇ ਕਈ ਅਜੀਬ ਢੰਗਾਂ ਰਾਹੀਂ ਇਸ ਚੀਜ਼ ਦਾ ਪ੍ਰਬੰਧ ਕੀਤਾ ਸੀ ਕਿ ਉਸ ਨੂੰ ਸਿਰਫ਼ ਚੰਗਿਆਈ ਹੀ ਨਜ਼ਰ ਆਵੇ ਅਤੇ ਉਹ ਇਸਦੀ ਬੁਰਿਆਈ ਅਤੇ ਭ੍ਰਿਸ਼ਟਾਚਾਰ ਵਿਚ ਕੋਈ ਹਿੱਸਾ ਨਾ ਲਵੇ। ਉਹ ਨਾ ਕਦੇ ਕਿਸੇ ਵਿਅਕਤੀ ਨੂੰ ਤੇ ਨਾ ਹੀ ਕਿਸੇ ਕਰਮ ਨੂੰ ਨਿੰਦਦਾ ਸੀ। ਉਹ ਜਾਂ ਤਾਂ ਸਦਾ ਚੁੱਪ ਰਹਿੰਦਾ ਸੀ ਜਾਂ ਬੜੀ ਰੋਅਬ ਵਾਲੀ ਤੇ ਉੱਚੀ ਆਵਾਜ਼ ਵਿਚ ਜੋ ਉਸ ਨੇ ਕਹਿਣਾ ਹੁੰਦਾ, ਕਹਿ ਦਿੰਦਾ ਸੀ। ਬਹੁਤ ਵਾਰੀ ਉਹ ਅਖ਼ੀਰ ਵਿਚ "ਹਾ, ਹਾ," ਕਰਕੇ ਹੱਸ ਪੈਂਦਾ ਸੀ। ਉਹ ਇਹ ਕੁਝ ਕਿਸੇ ਛਲ ਕਾਰਣ ਨਹੀਂ ਸੀ ਕਰਦਾ, ਸਗੋਂ ਇਸ ਲਈ ਕਰਦਾ ਸੀ ਕਿ ਇਹ ਉਸਦਾ ਸੁਭਾਵ ਸੀ।

"ਬਈ, ਬੜਾ ਚੰਗਾ ਹੋਇਆ ਤੂੰ, ਆ ਗਿਆ। ਖਾਵੇਂਗਾ ਕੁਝ ? ਬਹਿ ਜਾ ਮਾਸ ਕਮਾਲ ਦਾ ਬਣਿਆ ਹੈ। ਮੈਂ ਸਦਾ ਕੁਝ ਤਗੜੀ ਚੀਜ਼ ਨਾਲ ਖਾਣਾ ਸ਼ੁਰੂ ਕਰਦਾ ਹਾਂ ਅਤੇ ਉਸੇ ਨਾਲ ਹੀ ਖ਼ਤਮ ਕਰਦਾ ਹਾਂ।" ਫਿਰ ਉਹ "ਹਾ, ਹਾ," ਕਰਕੇ ਹੱਸ ਪਿਆ। ਕਲੇਰਟ ਸ਼ਰਾਬ ਦੇ ਜੱਗ ਵੱਲ ਇਸ਼ਾਰਾ ਕਰਦਿਆਂ ਹੋਇਆਂ ਉਸ ਨੇ ਉੱਚੀ ਸਾਰੀ ਆਖਿਆ, 'ਚਲ ਤੂੰ ਸ਼ਰਾਬ ਦਾ ਇਕ ਗਲਾਸ ਪੀ ਲੈ। ਮੈਂ ਤੇਰੀ ਬਾਬਤ ਕੀ ਸੋਚਦਾ ਰਿਹਾ ਹਾਂ। ਮੈਂ ਅਰਜ਼ੀ

ਪਕੜਾ ਦੇਵਾਂਗਾ ਅਤੇ ਇਸ ਨੂੰ ਜ਼ਾਰ ਦੇ ਆਪਣੇ ਹੱਥ ਵਿਚ ਦੇਵਾਂਗਾ। ਤੂੰ ਮੇਰੇ ਉਤੇ ਭਰੋਸਾ, ਰੱਖ ਪਰ ਚੰਗਾ ਹੋਵੇ ਜੇ ਤੂੰ ਪਹਿਲਾਂ ਤੋਪੋਰੇਫ ਨੂੰ ਮਿਲ ਲਵੇਂ।"

ਤੋਪੋਰੇਫ ਦਾ ਨਾਉਂ ਸੁਣ ਕੇ ਨਖ਼ਲਿਊਦੌਫ਼ ਨੇ ਭੈੜਾ ਜਿਹਾ ਮੂੰਹ ਬਣਾ ਲਿਆ। ਬੁਗਾਂਤੀਰੋਫ ਨੇ ਆਖਿਆ, "ਸਭ ਕੁਝ ਉਸ ਉਤੇ ਨਿਰਭਰ ਹੈ। ਉਸਦੀ ਸਲਾਹ ਲੈਣੀ ਹੀ ਪਵੇਗੀ ਅਤੇ ਸ਼ਾਇਦ ਉਹ ਆਪ ਹੀ ਤੁਹਾਡੀਆਂ ਆਸਾਂ ਤੇ ਪੂਰਾ ਉਤਰ ਆਵੇ।"

"ਜੇ ਤੁਸੀਂ ਇਸ ਤਰ੍ਹਾਂ ਦੀ ਸਲਾਹ ਦਿੰਦੇ ਹੋ ਤਾਂ ਮੈਂ ਉਸ ਕੋਲ ਚਲਾ ਜਾਵਾਂਗਾ।"

ਬਗਾਂਤੀਰੋਫ ਨੇ ਉੱਚੀ ਦੇ ਕੇ ਆਖਿਆ, "ਠੀਕ ਹੈ ਪਰ ਪੀਟਰਜ਼ਬਰਗ ਵਿਚ ਤੂੰ ਕਿਵੇਂ ਮਹਿਸੂਸ ਕਰਦਾ ਹੈਂ ? ਮੈਨੂੰ ਸਭ ਕੁਝ ਦੱਸ।"

ਨਖ਼ਲਿਊਦੌਫ਼ ਨੇ ਜਵਾਬ ਦਿੱਤਾ, "ਮੈਨੂੰ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਸ ਤਰ੍ਹਾਂ ਮੇਰੇ ਉਪਰ ਟੂਣਾ ਹੋ ਗਿਆ ਹੁੰਦਾ ਹੈ।"

ਬੁਗਾਂਤੀਰੋਫ ਉੱਚੀ ਉੱਚੀ ਹੱਸਣ ਲੱਗ ਪਿਆ ਅਤੇ ਫਿਰ ਉਸ ਨੇ ਦੁਹਰਾਇਆ "ਟੂਣਾ ਹੋ ਗਿਆ। ਤੁਸੀਂ ਕੁਝ ਨਹੀਂ ਲਵੇਗਾ ? ਅੱਛਾ, ਤੁਹਾਡੀ ਮਰਜ਼ੀ," ਤੇ ਉਸ ਨੇ ਰੁਮਾਲ ਨਾਲ ਆਪਣੀਆਂ ਮੁੱਛਾਂ ਪੂੰਝੀਆਂ, "ਤਾਂ ਫਿਰ ਤੁਸੀਂ ਜਾਓਗੇ, ਜੇ ਉਹ ਕੁਝ ਨਹੀਂ ਕਰੇਗਾ ਤਾਂ ਅਰਜ਼ੀ ਮੈਨੂੰ ਦੇ ਦੇਣਾ ਅਤੇ ਮੈਂ ਕੱਲ੍ਹ ਇਸ ਨੂੰ ਅੱਗੇ ਕਰ ਦੇਵਾਂਗਾ।" ਇਹ ਆਖ ਕੇ ਉਹ ਉੱਠਿਆ ਤੇ ਉਸਨੇ ਆਪਣੇ ਉਪਰ ਉਂਗਲੀ ਨਾਲ ਸੂਲੀ ਦਾ ਨਿਸ਼ਾਨ ਬਣਾਇਆ ਅਤੇ ਉਸੇ ਤਰ੍ਹਾਂ ਬੇਧਿਆਨੀ ਨਾਲ ਜਿਵੇਂ ਉਸ ਨੇ ਆਪਣਾ ਮੂੰਹ ਪੂੰਝਿਆ ਸੀ, ਅਤੇ ਫੇਰ ਉਹ ਆਪਣੀ ਤਲਵਾਰ ਦੇ ਬਕਲ ਲਗਾਣ ਲੱਗ ਪਿਆ।

"ਚੰਗਾ ਹੁਣ ਮੈਨੂੰ ਆਗਿਆ ਦਿਓ। ਮੇਰਾ ਜਾਣਾ ਜ਼ਰੂਰੀ ਹੈ।"

"ਅਸੀਂ ਦੋਵੇਂ ਹੀ ਜਾ ਰਹੇ ਹਾਂ।" ਨਖਲਿਊਦੋਫ ਬੋਲਿਆ ਅਤੇ ਉਸ ਨੂੰ ਬੁਗਾਂਤੀਰੋਫ ਦੇ ਤਕੜੇ ਅਤੇ ਚੌੜੇ ਹੱਥ ਨਾਲ ਹੱਥ ਮਿਲਾ ਕੇ ਉਹ ਪ੍ਰਸੰਨਤਾ ਹੋਈ ਜੋ ਪ੍ਰਭਾਵ ਕਿਸੇ ਨਰੋਈ ਤੇ ਅਚੇਤ ਹੀ ਤਾਜ਼ੀ ਚੀਜ਼ ਤੋਂ ਉਸ ਉਪਰ ਹੁੰਦਾ ਸੀ। ਫਿਰ ਉਹ ਦਰਵਾਜ਼ੇ ਵਿਚ ਜਾ ਕੇ ਉਸ ਤੋਂ ਵਿਦਾ ਹੋ ਗਿਆ।

ਭਾਵੇਂ ਉਸਨੂੰ ਉਸ ਪਾਸੋਂ ਚੰਗੇ ਨਤੀਜੇ ਦੀ ਆਸ ਨਹੀਂ ਸੀ, ਫਿਰ ਵੀ ਨਖ਼ਲਿਊਦੌਫ਼ ਦੀ ਸਲਾਹ ਅਨੁਸਾਰ ਤੋਪੋਰੇਫ ਨੂੰ ਮਿਲਣ ਚਲਾ ਗਿਆ, ਜਿਸ ਦੇ ਉਪਰ ਸੰਪ੍ਰਦਾਈਆਂ ਦੀ ਕਿਸਮਤ ਨਿਰਭਰ ਸੀ। ਤੋਪੋਰੇਫ ਦੀ ਪਦਵੀ, ਜਿਸ ਦਾ ਕੋਈ ਯਥਾਰਥਕ

ਪ੍ਰਯੋਜਨ ਨਹੀਂ ਦਿਸਦਾ ਸੀ, ਉਤੇ ਉਹੀ ਆਦਮੀ ਟਿਕ ਸਕਦਾ ਸੀ ਜਿਸਦੀ ਬੁੱਧੀ ਮੰਦ ਤੇ ਅਚਾਰ ਖੁੰਢਾ ਹੋਵੇ। ਤੋਪੋਰੇਫ ਵਿਚ ਇਹ ਦੋਵੇਂ ਨਕਾਰੇ ਗੁਣ ਸਨ। ਉਸ ਦੀ ਪਦਵੀ ਇਸ ਪ੍ਰਕਾਰ ਅਣਢੁਕਵੀਂ ਸੀ। ਉਸ ਦਾ ਫਰਜ਼ ਸੀ ਬਾਹਰਲੇ ਉਪਾਵਾਂ ਰਾਹੀਂ ਅਤੇ ਜੋ ਲੋੜ ਪਵੇ ਤਾਂ ਹਿੰਸਾ ਰਾਹੀਂ ਵੀ ਉਸ ਸਥਾਪਿਤ ਧਰਮ ਨੂੰ ਸਥਿਰ ਤੇ ਸੁਰੱਖਿਅਤ ਰੱਖਣਾ ਜੋ ਇਸ ਦੇ ਆਪਣੇ ਵਿਗਿਆਨ ਅਨੁਸਾਰ ਪਰਮਾਤਮਾ ਨੇ ਆਪ ਸਥਾਪਤ ਕੀਤਾ ਸੀ ਅਤੇ ਜਿਸਨੂੰ ਨਾ ਤਾਂ ਨਰਕ ਦੇ ਦਰਵਾਜ਼ੇ ਅਤੇ ਨਾ ਹੀ ਮਨੁੱਖੀ ਯਤਨ ਹਿਲਾ ਸਕਦੇ ਸਨ। ਇਕ ਪਵਿੱਤਰ ਅਤੇ ਪਰਮਾਤਮਾ ਦੀ ਸਥਾਪਤ ਕੀਤੀ ਹੋਈ ਸੰਸਥਾ ਨੂੰ ਸਥਿਰ ਤੇ ਸੁਰੱਖਿਅਤ ਰੱਖਣ ਲਈ ਇਕ ਮਨੁੱਖੀ ਸੰਸਥਾ ਲੋੜੀਂਦੀ ਸੀ...ਇਕ ਪਵਿੱਤਰ... ਪਰਿਸ਼ਦ....ਜਿਸ ਦਾ ਪ੍ਰਬੰਧ ਤੋਪੋਰੇਫ ਅਤੇ ਉਸ ਦੇ ਅਧੀਨ ਕਰਮਚਾਰੀ ਕਰ ਰਹੇ ਸਨ। ਤੋਪੋਰੇਫ ਨੂੰ ਇਸ ਅਣ-ਜੋੜ ਦਾ ਪਤਾ ਨਹੀਂ ਸੀ ਤੇ ਨਾ ਹੀ ਉਹ ਇਸ ਦਾ ਪਤਾ ਕਰਨਾ ਚਾਹੁੰਦਾ ਸੀ। ਉਸ ਨੂੰ ਤਾਂ ਸਿਰਫ਼ ਇਹ ਹੀ ਫਿਕਰ ਰਹਿੰਦਾ ਸੀ ਕਿ ਇਉਂ ਨਾ ਹੋਵੇ ਕਿਤੇ ਕੋਈ ਰੋਮੀ ਜਾਂ ਹੋਰ ਪਾਦਰੀ ਅਤੇ ਜਾਂ ਕੋਈ ਸੰਪ੍ਰਦਾਈ ਇਸ ਗਿਰਜੇ ਨੂੰ ਤਬਾਹ ਨਾ ਕਰ ਦੇਵੇ, ਜਿਸ ਦੇ ਵਿਰੁੱਧ ਨਰਕ ਦੇ ਦਰਵਾਜ਼ੇ ਕੁਝ ਨਹੀਂ ਕਰ ਸਕਦੇ ਸਨ। ਤੋਪੋਰੇਫ ਨੂੰ ਵੀ ਉਨ੍ਹਾਂ ਸਾਰਿਆਂ ਲੋਕਾਂ ਵਾਕਰ, ਜਿਹੜੇ ਕਿ ਮੁੱਢਲੇ ਧਾਰਮਿਕ ਭਾਵਾਂ ਤੋਂ ਕੋਰੇ ਹੁੰਦੇ ਤੇ ਜਿਹੜੇ ਮਨੁੱਖੀ ਸਮਾਨਤਾ ਅਤੇ ਭਰੱਪਣ ਨੂੰ ਨਹੀਂ ਪਹਿਚਾਣਦੇ, ਇਹ ਯਕੀਨ ਸੀ ਕਿ ਆਮ ਲੋਕ ਬਿਲਕੁਲ ਹੀ ਉਸ ਤੋਂ ਵੱਖਰੇ ਜੀਵ ਸਨ। ਅਤੇ ਲੋਕਾਂ ਨੂੰ ਉਸ ਚੀਜ਼ ਦੀ ਜ਼ਰੂਰਤ ਸੀ ਜਿਸ ਦੇ ਬਿਨਾਂ ਉਹ ਸਾਰ ਸਕਦਾ ਸੀ। ਆਪਣੇ ਦਿਲ ਦੀ ਤਹਿ ਤੋਂ ਉਸ ਨੂੰ ਕਿਸੇ ਚੀਜ਼ ਉਤੇ ਵੀ ਵਿਸ਼ਵਾਸ ਨਹੀਂ ਸੀ ਅਤੇ ਇਹ ਅਵਸਥਾ ਉਸ ਨੂੰ ਸੁਖਾਲੀ ਤੇ ਸੁਹਣੀ ਜਾਪਦੀ ਸੀ। ਫਿਰ ਵੀ ਉਸ ਨੂੰ ਡਰ ਸੀ ਕਿ ਕਿਤੇ ਲੋਕ ਵੀ ਅਜਿਹੀ ਅਵਸਥਾ ਪ੍ਰਾਪਤ ਨਾ ਕਰ ਲੈਣ। ਉਸ ਨੂੰ ਜਿਵੇਂ ਉਹ ਆਖਦਾ ਸੀ, ਇਹ ਆਪਣਾ ਪਵਿੱਤਰ ਕਰਤੱਵ ਸਮਝਦਾ ਸੀ ਨੇ ਉਨ੍ਹਾਂ ਨੂੰ, ਹਾਲਤ ਤੋਂ ਉਠਾਇਆ ਜਾਵੇ।

ਇਕ ਰਸੋਈ ਸਿਖਿਆ ਦੀ ਪੁਸਤਕ ਵਿਚ ਲਿਖਿਆ ਹੈ ਕਿ ਕੇਕੜੇ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਜਿਉਂਦਿਆਂ ਨੂੰ ਹੀ ਉਬਾਲਿਆ ਜਾਵੇ। ਇਸੇ ਤਰ੍ਹਾਂ ਉਸ ਦਾ ਖਿਆਲ ਸੀ ਤੇ ਇਹੀ ਕਹਿੰਦਾ ਸੀ ਕਿ ਲੋਕ ਭਰਮ ਵਿਚ ਰਹਿਣਾ ਚਾਹੁੰਦੇ ਹਨ। ਉਸ ਦਾ ਭਾਵ ਇਸ ਤੋਂ ਜਿਉਂ ਦਾ ਤਿਉਂ ਸੀ ਜਿਵੇਂ ਰਸੋਈ ਸਿਖਿਆ ਦੀ ਪੁਸਤਕ ਦਾ ਨਹੀਂ ਸੀ।

ਧਰਮ ਵੱਲ ਉਸਦੀ ਦ੍ਰਿਸ਼ਟੀ ਇਸ ਤਰ੍ਹਾਂ ਦੀ ਸੀ ਜਿਸ ਤਰ੍ਹਾਂ ਦੀ ਕਿ ਕੁਕੜੀਆਂ ਪਾਲਣ ਵਾਲੇ ਦੀ ਮੁਰਦਾਰ ਵੱਲ ਹੁੰਦੀ ਹੈ ਜਿਸ ਉਪਰ ਕੁਕੜੀਆਂ ਗੁਜ਼ਾਰਾ ਕਰਦੀਆਂ

ਹਨ। ਮੁਰਦਾਰ ਨੂੰ ਦੇਖਣ ਨੂੰ ਦਿਲ ਨਹੀਂ ਕਰਦਾ ਪਰ ਕੁਕੜੀਆਂ ਇਸ ਨੂੰ ਖਾਣਾ ਪਸੰਦ ਕਰਦੀਆਂ ਹਨ। ਇਸ ਲਈ ਇਹ ਠੀਕ ਹੈ ਕਿ ਕੁਕੜੀਆਂ ਨੂੰ ਮੁਰਦਾਰ ਖੁਆਇਆ ਜਾਵੇ।

ਨਿਰਸੰਦੇਹ ਇਬਰਾਨੀ ਕਾਜ਼ਾਨ ਦੇ ਸਮਲੈਂਨਸਕ, ਈਸ਼ਵਰ ਦੀ ਮਾਤਾ ਦੀਆਂ ਮੂਰਤੀਆਂ ਦੀ ਪੂਜਾ ਨਿਪਟ ਬੁੱਤ-ਪੂਜਾ ਹੈ, ਪਰ ਲੋਕ ਇਸ ਨੂੰ ਚੰਗਾ ਸਮਝਦੇ ਹਨ ਤੇ ਵਿਸ਼ਵਾਸ ਰੱਖਦੇ ਹਨ। ਸੋ ਇਹ ਭਰਮ ਬਣਾਈ ਰਖਣਾ ਚਾਹੀਦਾ ਹੈ। ਤੋਪੋਰੇਫ ਇਹ ਸੋਚਦਾ ਸੀ। ਉਹ ਸਮਝਦਾ ਨਹੀਂ ਸੀ ਕਿ ਲੋਕ ਭਰਮ ਨੂੰ ਇਸ ਲਈ ਪਸੰਦ ਕਰਦੇ ਹਨ ਜੋ ਪ੍ਰਬੁੱਧ ਹੁੰਦੇ ਹੋਏ ਵੀ ਆਪਣੇ ਚਾਨਣ ਨੂੰ ਦੂਜਿਆਂ ਦੀ ਘੋਰ ਅਗਿਆਨ ਵਿਚੋਂ ਨਿਕਲਣ ਦੇ ਸੰਘਰਸ਼ ਵਿਚ ਸਹਾਇਤਾ ਕਰਨ ਦੀ ਥਾਂ, ਉਨ੍ਹਾਂ ਨੂੰ ਇਸ ਵਿਚ ਹੋਰ ਡੂੰਘਾ ਸੁੱਟਣ ਲਈ ਵਰਤਦੇ ਹਨ।

ਜਦੋਂ ਨਖ਼ਲਿਊਦੌਫ਼ ਮੁਲਾਕਾਤੀ ਕਮਰੇ ਵਿਚ ਵੜਿਆ, ਤੋਪੋਰੇਫ ਆਪਣੀ ਕੋਠੜੀ ਵਿਚ ਇਕ ਮਹੰਤਣੀ ਨਾਲ ਗੱਲਾਂ ਕਰ ਰਿਹਾ ਸੀ। ਉਹ ਇਕ ਚੁਸਤ ਅਭਿਮਾਨੀ ਇਸਤਰੀ ਸੀ ਜੋ ਪਛਮੀ ਰੂਸ ਵਿਚ ਯੂਨੀਏਤ ਅਰਥਾਤ ਏਕਾਵਾਦੀ ਸੰਪ੍ਰਦਾਇ ਵਿਚ, ਜੋ ਰੋਮ ਦੇ ਪੋਪ ਨੂੰ ਮੰਨਦੇ ਹਨ, ਤੇ ਜਿਨ੍ਹਾਂ ਉਤੇ ਯੂਨਾਨੀ ਸਿੱਧ ਮੱਤ ਠੋਸਿਆ ਜਾ ਰਿਹਾ ਹੈ, ਇਸ ਦਾ ਪ੍ਰਚਾਰ ਕਰਦੀ ਸੀ।

ਇਕ ਕਰਮਚਾਰੀ ਜੋ ਮੁਲਾਕਾਤੀ ਕਮਰੇ ਵਿਚ ਸੀ, ਨੇ ਨਖ਼ਲਿਊਦੌਫ਼ ਤੋਂ ਉਸ ਦਾ ਕੰਮ ਪੁਛਿਆ। ਜਦੋਂ ਉਸ ਨੇ ਸੁਣਿਆ ਕਿ ਨਖ਼ਲਿਊਦੌਫ਼ ਸਮਰਾਟ ਅੱਗੇ ਇਕ ਅਰਜ਼ੀ ਪੇਸ਼ ਕਰਨਾ ਚਾਹੁੰਦਾ ਸੀ, ਉਸ ਨੇ ਪੁਛਿਆ ਕਿ ਉਹ ਪਹਿਲਾਂ ਉਸ ਨੂੰ ਉਹ ਅਰਜ਼ੀ ਪੜ੍ਹ ਲੈਣ ਦੇਵੇ। ਨਖ਼ਲਿਊਦੌਫ਼ ਨੇ ਇਹ ਉਸ ਨੂੰ ਦੇ ਦਿੱਤੀ ਤੇ ਉਹ ਇਸ ਨੂੰ ਕੋਠੜੀ ਵਿਚ ਲੈ ਗਈ। ਮਹੰਤਣੀ ਆਪਣੀ ਬਗਲੀ ਤੇ ਲਹਿਰਾਂਦੇ ਜਾਲੀ ਦੇ ਪਰਦੇ ਨਾਲ, ਤੇ ਆਪਣੀ ਪੁਸ਼ਾਕ ਦੀ ਲਾਂਝ ਪਿੱਛੇ ਘਸੀਟਦੀ ਹੋਈ ਕੋਠੜੀ ਵਿਚੋਂ ਬਾਹਰ ਆ ਗਈ। ਉਸ ਦੇ ਚੰਗੇ ਸੰਭਾਲੇ ਹੋਏ ਨਵਾਂ ਵਾਲੇ ਚਿੱਟੇ ਹੱਥਾਂ ਵਿਚ ਪੁਖਰਾਜ ਦੇ ਮਣਕਿਆਂ ਦੀ ਇਕ ਤਸਬੀ ਪਕੜੀ ਹੋਈ ਸੀ। ਨਖ਼ਲਿਊਦੌਫ਼ ਨੂੰ ਝੱਟ ਹੀ ਅੰਦਰ ਨਾ ਸੱਦਿਆ ਗਿਆ। ਤੋਪੋਰੇਫ ਅਰਜ਼ੀ ਪੜ੍ਹ ਰਿਹਾ ਤੇ ਸਿਰ ਹਿਲਾ ਰਿਹਾ ਸੀ। ਉਸ ਨੂੰ ਇਸ ਦੇ ਸਪਸ਼ਟ ਤੇ ਜ਼ੋਰਦਾਰ ਸ਼ਬਦਾਂ ਉਤੋਂ ਅਣਸੁਖਾਵੀਂ ਹੈਰਾਨੀ ਹੋ ਰਹੀ ਸੀ।

"ਜੇ ਇਹ ਸਮਰਾਟ ਦੇ ਹੱਥਾਂ ਵਿਚ ਚਲੀ ਗਈ ਤਾਂ ਗ਼ਲਤ-ਫਹਿਮੀਆਂ ਪੈਦਾ ਹੋ ਸਕਦੀਆਂ ਹਨ ਤੇ ਔਖ ਕਰਨ ਵਾਲੇ ਪ੍ਰਸ਼ਨ ਪੁੱਛੇ ਜਾ ਸਕਦੇ ਹਨ" ਉਸ ਨੇ ਪੜ੍ਹ ਕੇ

ਸੋਚਿਆ। ਫਿਰ ਉਸ ਨੇ ਅਰਜ਼ੀ ਮੇਜ਼ ਉਤੇ ਰੱਖ ਦਿੱਤੀ, ਘੰਟੀ ਦੱਬੀ, ਤੇ ਨਖਲਿਊਦੋਫ ਨੂੰ ਅੰਦਰ ਬੁਲਾਣ ਦਾ ਹੁਕਮ ਦਿੱਤਾ।

ਉਸ ਨੂੰ ਸੰਪ੍ਰਦਾਈਆਂ ਦਾ ਮੁਕੱਦਮਾ ਯਾਦ ਸੀ। ਪਹਿਲਾਂ ਵੀ ਉਸ ਨੂੰ ਉਨ੍ਹਾਂ ਵੱਲੋਂ ਇਕ ਅਰਜ਼ੀ ਮਿਲ ਚੁੱਕੀ ਸੀ। ਮੁਕੱਦਮਾ ਇਹ ਸੀ : ਇਹ ਈਸਾਈ ਯੂਨਾਨੀ ਸਿੱਧ ਮੱਤੀ ਸੰਸਥਾ ਨਾਲੋਂ ਟੁੱਟ ਗਏ ਸਨ। ਪਹਿਲਾਂ ਇਨ੍ਹਾਂ ਨੂੰ ਸਮਝਾਉਣੀਆਂ ਦਿੱਤੀਆਂ ਗਈਆਂ, ਫਿਰ ਇਨ੍ਹਾਂ ਤੇ ਮੁਕੱਦਮਾ ਚਲਾਇਆ ਗਿਆ। ਪਰ ਇਹ ਉਸ ਵਿਚੋਂ ਬਰੀ ਹੋ ਗਏ। ਫਿਰ ਬਿਸ਼ਪ ਤੇ ਗਵਰਨਰ ਨੇ, ਇਸ ਬਹਾਨੇ ਕਿ ਇਨ੍ਹਾਂ ਦੇ ਵਿਆਹ ਬੇਕਾਨੂੰਨੇ ਸਨ, ਇਨ੍ਹਾਂ ਨੂੰ ਜਲਾਵਤਨ ਕਰਵਾ ਦਿੱਤਾ, ਤੇ ਇਸ ਤਰ੍ਹਾਂ ਪਤੀਆਂ ਪਤਨੀਆਂ, ਤੇ ਬੱਚਿਆਂ ਨੂੰ ਵੱਖ ਵੱਖ ਕਰ ਦਿੱਤਾ। ਇਹ ਲੋਕ ਹੁਣ ਅਰਜ਼ੀ ਦੇ ਰਹੇ ਸਨ ਕਿ ਇਹ ਆਪਣੀ ਸੰਤਾਨ ਤੇ ਪਰਿਵਾਰਾਂ ਨਾਲੋਂ ਵੱਖ ਨਾ ਕੀਤੇ ਜਾਣ। ਤੋਪੋਰੇਫ ਨੂੰ ਯਾਦ ਆਇਆ ਕਿ ਜਦੋਂ ਇਹ ਮੁਕੱਦਮਾ ਉਸ ਦੀ ਨਜ਼ਰ ਹੇਠ ਆਇਆ ਸੀ ਤਾਂ ਉਸ ਸਮੇਂ ਉਹ ਝਿਜਕਿਆ ਸੀ ਤੇ ਸੋਚਿਆ ਸੀ ਕਿ ਇਸ ਨੂੰ ਵਾਪਸ ਲੈ ਲੈਣਾ ਸ਼ਾਇਦ ਬੇਹਤਰ ਹੋਵੇ, ਪਰ ਫਿਰ ਉਸ ਨੇ ਸੋਚਿਆ ਕਿ ਉਸ ਦੇ ਇਸ ਫੈਸਲੇ ਨੂੰ ਜਿਸ ਨਾਲ ਸੰਪ੍ਰਦਾਈ ਪਰਿਵਾਰਾਂ ਦੇ ਜੀਆਂ ਨੂੰ ਜੁਦਾ ਤੇ ਜਲਾਵਤਨ ਕਰ ਦਿੱਤਾ ਗਿਆ ਸੀ, ਪੱਕਾ ਕਰ ਦੇਣ ਵਿਚ ਕੋਈ ਹਰਜ ਨਹੀਂ ਸੀ, ਤੇ ਇਸ ਕਿਰਸਾਨੀ ਮੱਤ ਨੂੰ ਆਪਣੇ ਥਾਉਂ ਰਹਿਣ ਦੇਣ ਦਾ ਉਥੋਂ ਦੇ ਦੂਜੇ ਵਸਨੀਕਾਂ ਉਤੇ ਬੁਰਾ ਪ੍ਰਭਾਵ ਹੋ ਸਕਦਾ ਸੀ ਤੇ ਉਨ੍ਹਾਂ ਨੂੰ ਸਿੱਧ ਮੱਤ ਤੋਂ ਜੁਦਾ ਕਰ ਸਕਦਾ ਸੀ। ਤੇ ਫਿਰ ਇਸ ਮਾਮਲੇ ਵਿਚ ਬਿਸ਼ਪ ਨੂੰ ਵੀ ਹੱਠ ਸੀ, ਸੋ ਉਸ ਨੇ ਮੁਕੱਦਮੇ ਨੂੰ ਜਿਨ੍ਹਾਂ ਲੀਹਾਂ ਉਤੇ ਇਹ ਚੱਲ ਰਿਹਾ ਸੀ, ਚਲਦੇ ਰਹਿਣ ਦਿੱਤਾ।

ਪਰ ਹੁਣ ਉਨ੍ਹਾਂ ਨੂੰ ਨਖ਼ਲਿਊਦੌਫ਼ ਜਿਹਾ ਹਮਾਇਤੀ ਮਿਲ ਗਿਆ ਸੀ, ਜਿਸ ਦਾ ਪੀਟਰਜ਼ਬਰਗ ਵਿਚ ਰਸੂਖ ਸੀ। ਹੋ ਸਕਦਾ ਸੀ ਕਿ ਸਮਰਾਟ ਕੋਲ ਨਿੱਜੀ ਰੂਪ ਵਿਚ ਇਹ ਕਠੋਰਤਾ ਭਰੀ ਕਹਿ ਕੇ ਪੇਸ਼ ਕੀਤੀ ਜਾਵੇ। ਜਾਂ ਇਹ ਦੂਜੇ ਦੇਸ਼ਾਂ ਦੇ ਅਖ਼ਬਾਰਾਂ ਵਿਚ ਜਾ ਸਕਦੀ ਸੀ। ਇਸ ਲਈ ਉਸ ਨੇ ਇਕ ਦਮ ਇਕ ਅਣਚੇਤਿਆ ਫ਼ੈਸਲਾ ਕੀਤਾ। ਉਹ ਖਲੋ ਕੇ ਨਖ਼ਲਿਊਦੌਫ਼ ਨੂੰ ਮਿਲਿਆ ਤੇ ਇਕ ਦਮ ਕੰਮ ਦੀ ਗੱਲ ਸ਼ੁਰੂ ਕਰ ਕੇ ਇਕ ਬਹੁਤ ਰੁਝੇ ਹੋਏ ਪੁਰਸ਼ ਵਾਲਾ ਦਿਖਾਵਾ ਕਰ ਕੇ ਆਖਿਆ, "ਕੀ ਹਾਲ ਹੈ ? ਮੈਨੂੰ ਇਸ ਮੁਕੱਦਮੇ ਦਾ ਪਤਾ ਹੈ। ਜਿਉਂ ਹੀ ਮੈਂ ਨਾਂ ਪੜ੍ਹੇ ਮੈਨੂੰ ਇਕ ਇਕ ਬਦਕਿਸਮਤ ਗੱਲ ਯਾਦ ਆ ਗਈ,' ਤੇ ਅਰਜ਼ੀ ਚੁਕ ਕੇ ਤੇ ਨਖ਼ਲਿਊਦੌਫ਼ ਨੂੰ ਦਿਖਾ ਕੇ ਫਿਰ ਕਹਿਣ ਲੱਗਾ, 'ਮੈਂ ਤੁਹਾਡਾ ਬੜਾ

ਰਿਣੀ ਹਾਂ ਤੁਸਾਂ ਮੈਨੂੰ ਇਹ ਯਾਦ ਕਰਵਾਇਆ ਹੈ। ਇਹ ਪ੍ਰਾਦੇਸ਼ਿਕ ਅਧਿਕਾਰੀਆਂ ਦੇ ਵਾਧੂ ਜੋਸ਼ ਦੀ ਗੱਲ ਹੈ।"

ਨਖ਼ਲਿਊਦੌਫ਼ ਚੁੱਪ ਖੜਾ ਰਿਹਾ। ਉਸ ਦੇ ਸਾਹਮਣੇ ਦਿੱਸਦਾ ਅਹਿਲ ਤੇ ਪੀਲਾ ਸੁਆਂਗ ਮੁੱਖ ਉਸਨੂੰ ਚੰਗਾ ਨਹੀਂ ਲੱਗ ਰਿਹਾ ਸੀ।

"ਤੇ ਮੈਂ ਇਨ੍ਹਾਂ ਸਜ਼ਾਵਾਂ ਦੇ ਹਟਾਏ ਜਾਣ ਤੇ ਉਨ੍ਹਾਂ ਲੋਕਾਂ ਦੇ ਵਾਪਸ ਘਰਾਂ ਨੂੰ ਭੇਜੇ ਜਾਣ ਦਾ ਹੁਕਮ ਦੇ ਦਿਆਂਗਾ।"

"ਤਾਂ ਫਿਰ ਮੈਨੂੰ ਇਹ ਅਰਜ਼ੀ ਪੇਸ਼ ਕਰਨ ਦੀ ਲੋੜ ਨਹੀਂ ?"

"ਮੈਂ ਨਿਸ਼ਚੇ ਹੀ ਤੁਹਾਨੂੰ ਵਚਨ ਦਿੰਦਾ ਹਾਂ," ਤੋਪੋਰੇਫ ਨੇ ਜਵਾਬ ਦਿੱਤਾ, ਤੇ ਸ਼ਬਦ 'ਮੈਂ' ਉਤੇ ਜ਼ੋਰ ਪਾ ਕੇ। ਉਸਨੂੰ ਇਸ ਗੱਲ ਦਾ ਯਕੀਨ ਜਾਪਦਾ ਸੀ ਕਿ ਉਸ ਦੀ ਈਮਾਨਦਾਰੀ, ਉਸ ਦਾ ਵਚਨ ਇਕ ਸਰਵੋਤਮ ਜ਼ਾਮਨੀ ਸੀ। "ਸਭ ਤੋਂ ਚੰਗੀ ਹੋਵੇਗੀ ਜੇ ਮੈਂ ਹੁਣੇ ਹੀ ਲਿਖ ਦੇਵਾਂ। ਕਿਰਪਾ ਕਰ ਕੇ ਜ਼ਰਾ ਬੈਠ ਜਾਉ।"

ਉਹ ਮੇਜ਼ ਪਾਸ ਗਏ ਤੇ ਲਿਖਣ ਲੱਗਾ। ਨਖ਼ਲਿਊਦੌਫ਼, ਬੈਠਣ ਤੋਂ ਬਿਨਾਂ ਹੀ ਉਸ ਦੀ ਸੌੜੀ ਗੰਜੀ ਖੱਪਰੀ ਤੇ ਮੋਟੇ ਨੀਲੀਆਂ ਨਾੜਾਂ ਵਾਲੇ ਹੱਥ ਉਤੇ, ਜੋ ਛੇਤੀ ਛੇਤੀ ਕਲਮ ਚਲਾ ਰਿਹਾ ਸੀ, ਵੇਖਦਾ ਰਿਹਾ। ਉਹ ਹੈਰਾਨ ਹੋ ਗਿਆ ਸੀ ਕਿ ਇਹ ਸਪਸ਼ਟ ਹੀ ਬੇਦਰਦ ਆਦਮੀਂ ਕਿਉਂ ਇਹ ਕਰ ਰਿਹਾ ਸੀ ਤੇ ਇਤਨੇ ਧਿਆਨ ਨਾਲ ਕਿਉਂ।

"ਲਓ, ਇਹ ਲਓ" ਤੋਪੋਰੇਫ ਨੇ ਲਫ਼ਾਫ਼ੇ ਉਤੇ ਮੁਹਰ ਲਗਾ ਕੇ ਆਖਿਆ, "ਤੁਸੀਂ ਆਪਣੇ ਸਾਇਲਾਂ ਨੂੰ ਦੱਸ ਦਿਓ,' ਤੇ ਮੁਸਕਰਾਹਟ ਵਿਖਾਣ ਲਈ ਆਪਣੇ ਬੁਲ੍ਹ ਚੌੜ ਕੀਤੇ।

"ਤਾਂ ਫਿਰ ਇਨ੍ਹਾਂ ਲੋਕਾਂ ਨੇ ਇਹ ਦੁੱਖ ਕਿਉਂ ਕੱਟਿਆ ?" ਨਖ਼ਲਿਊਦੌਫ਼ ਨੇ ਇਹ ਲਫਾਫਾ ਪਕੜ ਕੇ ਪੁੱਛਿਆ। ਤੋਪੋਰੇਫ਼ ਨੇ ਸਿਰ ਉੱਚਾ ਕਰਕੇ ਮੁਸਕਰਾ ਦਿੱਤਾ, ਜਿਵੇਂ ਨਖ਼ਲਿਊਦੌਫ਼ ਦੇ ਪ੍ਰਸ਼ਨ ਤੋਂ ਉਸ ਨੂੰ ਖ਼ੁਸ਼ੀ ਹੋਈ ਹੋਵੇ। "ਇਹ ਮੈਂ ਤੁਹਾਨੂੰ ਨਹੀਂ ਦੱਸ ਸਕਦਾ। ਮੈਂ ਕੇਵਲ ਇਤਨਾ ਕਹਿ ਸਕਦਾ ਹਾਂ ਕਿ ਸਾਡੀ ਰੱਖਿਆ ਅਧੀਨ ਲੋਕਾਂ ਦੇ ਹਿਤ ਇਤਨੇ ਮਹੱਤਵਪੂਰਣ ਹਨ ਕਿ ਧਰਮ ਦੇ ਮਾਮਲਿਆਂ ਵਿਚ ਜੋਸ਼ ਦੀ ਜ਼ਿਆਦਤੀ ਇਤਨੀ ਖਤਰਨਾਕ ਜਾਂ ਹਾਨੀਕਾਰਕ ਨਹੀਂ ਜਿਤਨੀ ਉਹ ਬੇਪਰਵਾਹੀ ਜੋ ਹੁਣ ਫੈਲ ਰਹੀ ਹੈ......'

"ਪਰ ਇਹ ਕਿਵੇਂ ਕਿ ਧਰਮ ਦੇ ਨਾਂ ਹੇਠ ਸਚਾਈ ਦੀਆਂ ਮੁੱਢਲੀਆਂ ਸ਼ਰਤਾਂ ਹੀ ਤੋੜੀਆਂ ਜਾ ਰਹੀਆਂ ਹਨ... ਪਰਿਵਾਰ ਨਿਖੇੜੇ ਜਾ ਰਹੇ ਹਨ ?"

ਤੋਪੋਰੇਫ ਨਿਵਾਜਵੇਂ ਢੰਗ ਨਾਲ ਮੁਸਕਰਾਂਦਾ ਰਿਹਾ, ਪਰਤੱਖ ਹੈ ਇਹ ਸੋਚ ਕੇ ਕਿ ਨਖ਼ਲਿਊਦੌਫ਼ ਨੇ ਜੋ ਕਿਹਾ ਸੀ ਬਹੁਤ ਚੰਗਾ ਸੀ, ਜਿਸ ਨੂੰ ਉਹ ਆਪਣੀ ਰਾਜਸੀ ਦੂਰ-ਦ੍ਰਿਸ਼ਟੀ ਸਮਝਦਾ ਸੀ। ਉਸ ਦੇ ਉੱਚ-ਮੰਚ-ਸਥਲ ਤੋਂ ਉਸ ਨੂੰ ਨਖ਼ਲਿਊਦੌਫ਼ ਜੋ ਕੁਝ ਵੀ ਕਹਿੰਦਾ ਬੜਾ ਚੰਗਾ ਤੇ ਬੜਾ ਇਕਵਾਸਾ ਲੱਗਣਾ ਸੀ।

"ਇਕ ਇਕੱਲੇ ਵਿਅਕਤੀ ਦੇ ਦ੍ਰਿਸ਼ਟੀਕੋਣ ਤੋਂ ਇਹ ਇਵੇਂ ਪ੍ਰਤੀਤ ਹੋਵੇਗਾ" ਉਸ ਨੇ ਆਖਿਆ, "ਪਰ ਪ੍ਰਬੰਧਕੀ ਦ੍ਰਿਸ਼ਟੀ ਤੋਂ ਇਹ ਕੁਝ ਵੱਖਰੇ ਰੰਗ ਵਿਚ ਦਿੱਸੇਗਾ ਅਤੇ ਮੈਂ ਹੁਣ ਤੁਹਾਨੂੰ ਵਿਦਾ ਆਖਦਾ ਹਾਂ" ਤੋਪੋਰੇਫ ਸਿਰ ਝੁਕਾ ਕੇ ਤੇ ਆਪਣਾ ਹੱਥ ਅੱਗੇ ਵਧਾ ਕੇ ਬੋਲਿਆ।

ਨਖ਼ਲਿਊਦੌਫ਼ ਨੇ ਇਹ ਹੱਥ ਚੁੱਪ ਚੁਪੀਤੇ ਘੁਟਿਆ ਤੇ ਉਸ ਨੂੰ ਪਕੜ ਕੇ ਪਛਤਾਂਦਾ ਹੋਇਆ ਉਹ ਛੇਤੀ ਨਾਲ ਬਾਹਰ ਆ ਗਿਆ।

"ਲੋਕਾਂ ਦੇ ਹਿੱਤ ! ਤੁਹਾਡੇ ਹਿੱਤ, ਤੁਹਾਡਾ ਭਾਵ ਹੈ।" ਨਖ਼ਲਿਊਦੌਫ਼ ਨੇ ਬਾਹਰ ਨਿਕਲਦੇ ਹੋਏ ਸੋਚਿਆ ਤੇ ਉਸ ਨੇ ਆਪਣੇ ਦਿਮਾਗ ਵਿਚ ਉਹ ਸਾਰੇ ਲੋਕ ਗਿਣੇ ਜਿਨ੍ਹਾਂ ਉਤੇ ਧਰਮ ਨੂੰ ਉਧਾਰਨ ਤੇ ਲੋਕਾਂ ਨੂੰ ਵਿਦਿਆ ਦਾਨ ਕਰਨ ਵਾਲੀਆਂ ਸੰਸਥਾਵਾਂ ਦਾ ਕਾਰਜ ਕਲਾਪ ਕੀਤਾ ਜਾਂਦਾ ਹੈ ਪਹਿਲਾਂ ਮੁੱਢ ਵਿਚ ਉਹ ਇਸਤ੍ਰੀ ਜਿਸ ਨੂੰ ਨਾਜਾਇਜ਼ ਸ਼ਰਾਬ ਵੇਚਣ ਉਤੇ ਸਜ਼ਾ ਦਿੱਤੀ ਗਈ ਸੀ। ਉਹ ਮੁੰਡਾ ਜਿਸ ਨੂੰ ਚੋਰੀ ਕਾਰਨ, ਮੰਗਤਾ ਜਿਸਨੂੰ ਮੰਗਣ ਕਾਰਨ, ਇਕ ਅੱਗ ਲਾਉਣ ਵਾਲਾ ਅੱਗ ਲਾਣ ਕਰਕੇ, ਸਰਾਫ ਜਿਸ ਨੂੰ ਠੱਗੀ ਕਾਰਨ, ਤੇ ਅਭਾਗੀ ਲੀਦੀਆ ਸੁਸਤੋਵਾ ਜਿਸ ਨੂੰ ਕੇਵਲ ਇਸ ਲਈ ਕੈਦ ਕੀਤਾ ਗਿਆ ਸੀ ਕਿ ਸ਼ਾਇਦ ਉਸ ਪਾਸੋਂ ਲੋੜੀਂਦੀ ਸੂਹ ਮਿਲ ਜਾਵੇ। ਫਿਰ ਉਸ ਯਾਦ ਕੀਤਾ ਸੰਪ੍ਰਦਾਈਆਂ ਨੂੰ ਜਿਨ੍ਹਾਂ ਨੂੰ ਸਿੱਧ ਮੱਤ ਦੇ ਤੋੜਨ ਦੀ ਸਜ਼ਾ ਮਿਲੀ ਸੀ, ਤੇ ਗੁਰਕੇ ਵਿਚ ਜਿਸ ਨੂੰ ਸੰਵਿਧਾਨਕ ਰਾਜ ਪ੍ਰਬੰਧ ਚਾਹੁਣ ਦੀ ਅਤੇ ਨਖ਼ਲਿਊਦੌਫ਼ ਨੂੰ ਸਪੱਸ਼ਟ ਜਾਪਿਆ ਕਿ ਇਹ ਸਾਰੇ ਲੋਕ ਗ੍ਰਿਫ਼ਤਾਰ, ਕੈਦ ਵਿਚ ਬੰਦ, ਜਲਾਵਤਨ ਕੀਤੇ ਗਏ, ਇਸ ਲਈ ਨਹੀਂ ਕਿ ਉਨ੍ਹਾਂ ਨੇ ਕਾਨੂੰਨ ਤੋੜਿਆ ਜਾਂ ਕੋਈ ਗੈਰ ਕਾਨੂੰਨੀ ਕੰਮ ਕੀਤਾ, ਸਗੋਂ ਇਸ ਲਈ ਕਿ ਉੱਚ ਰਾਜ-ਕਰਮਚਾਰੀਆਂ ਤੇ ਧਨੀਆਂ ਨੂੰ ਉਸ ਸੰਪਤੀ ਦਾ, ਆਨੰਦ ਮਾਣਨ ਤੋਂ ਰੋਕਣ ਵਾਲੇ ਵੱਟੇ ਸਨ, ਜੋ ਉਨ੍ਹਾਂ ਨੇ ਲੋਕਾਂ ਕੋਲੋਂ ਖੋਹੀ ਸੀ। ਤੇ ਉਹ ਇਸਤ੍ਰੀ ਲਾਇਸੈਂਸ ਤੋਂ ਬਿਨਾਂ ਸ਼ਰਾਬ ਵੇਚਦੀ ਸੀ ਤੇ ਹੋਰ ਜੋ ਸ਼ਹਿਰ ਵਿਚ ਭੌਂਦਾ ਫਿਰਦਾ ਸੀ ਤੇ ਲੀਦੀਆ ਸੁਸ਼ਤੋਫਾ ਜਿਸ ਨੇ

ਇਸ਼ਤਿਹਾਰ ਲੁਕਾਏ ਸਨ, ਤੇ ਸੰਪ੍ਰਦਾਈ ਜਿਨ੍ਹਾਂ ਨੇ ਭਰਮ ਦਾ ਵਿਰੋਧ ਤੋਂ ਗੂਰਕੇ ਵਿਚ ਜੋ ਇਕ ਸੰਵਿਧਾਨ ਚਾਹੁੰਦਾ ਸੀ, ਇਕ ਸੱਚਮੁੱਚ ਦੀ ਰੁਕਾਵਟ ਸਨ। ਨਖ਼ਲਿਊਦੌਫ਼ ਨੂੰ ਇਹ ਪੂਰਣ ਭਾਂਤ ਸਪਸ਼ਟ ਦਿਸਦਾ ਸੀ ਕਿ ਇਹ ਕਰਮਚਾਰੀ ਉਸ ਦੇ ਮਾਸੜ, ਸੈਨਿਟਰਾਂ ਤੇ ਤੋਪੋਰੇਫ ਤੋਂ ਲੈ ਕੇ ਉਨ੍ਹਾਂ ਸਾਫ਼ ਸੁਥਰੇ, ਸ਼ੁਧਕਰਮੀ, ਤੇ ਮਹੱਤਵਪੂਰਨ ਭੱਦਰ ਪੁਰਸ਼ਾਂ ਤਕ, ਜੋ ਮੰਤਰਾਲੇ ਦੇ ਦਫ਼ਤਰਾਂ ਵਿਚ ਬੈਠਦੇ ਸਨ, ਨੂੰ ਇਸ ਗੱਲ ਦਾ ਕੋਈ ਖੇਦ ਨਹੀਂ ਸੀ ਕਿ ਇਨ੍ਹਾਂ ਹਾਲਤਾਂ ਵਿਚ ਬੇਗੁਨਾਹ ਲੋਕ ਦੁਖ ਭੋਗਦੇ ਸਨ। ਉਨ੍ਹਾਂ ਨੂੰ ਚਿੰਤਾ ਕੇਵਲ ਇਹ ਸੀ ਕਿ ਸੱਚ ਮੁੱਚ ਦੇ ਖ਼ਤਰਨਾਕ ਲੋਕਾਂ ਤੋਂ ਕਿਵੇਂ ਬਚਾਓ ਕੀਤਾ ਜਾਵੇ।

ਇਸ ਲਈ ਨਾ ਕੇਵਲ ਇਹ ਨਿਯਮ, ਕਿ ਦਸ ਦੋਸ਼ੀ ਭਾਵੇਂ ਬਚ ਜਾਣ, ਪਰ ਇਕ ਨਿਰਦੋਸ਼ ਨਾ ਦੰਡਿਆ ਜਾਵੇ, ਭੁਲਾਇਆ ਜਾ ਰਿਹਾ ਸੀ ਸਗੋਂ ਇਸ ਦੇ ਉਲਟ ਇਕ ਸੱਚਮੁੱਚ ਦੇ ਖ਼ਤਰਨਾਕ ਦੋਸ਼ੀ ਤੋਂ ਖਹਿੜਾ ਛਡਾਣ ਦੀ ਖ਼ਾਤਰ ਦੱਸ, ਜੋ ਖ਼ਤਰਨਾਕ ਨਹੀਂ ਸਨ, ਦੰਡੇ ਜਾ ਰਹੇ ਸਨ, ਜਿਵੇਂ ਕਿਸੇ ਚੀਜ਼ ਵਿਚੋਂ ਗਲਿਆ ਹੋਇਆ ਹਿੱਸਾ ਕੱਟ ਦੇਣ ਲੱਗਿਆ ਆਦਮੀ ਕੁਝ ਚੰਗਾ ਹਿੱਸਾ ਵੀ ਨਾਲ ਕੱਟ ਦਿੰਦਾ ਹੈ।

ਨਖ਼ਲਿਊਦੌਫ਼ ਨੂੰ ਇਹ ਵਿਆਖਿਆ ਬੜੀ ਸਰਲ ਤੇ ਸਪਸ਼ਟ ਦਿਸਦੀ ਸੀ, ਪਰ ਇਸ ਦੀ ਇਹ ਸਰਲਤਾ ਤੇ ਸਪਸ਼ਟਤਾ ਹੀ ਉਸ ਵਿਚ ਇਸ ਦੇ ਮੰਤਵ ਤੋਂ ਝਿਜਕ ਉਪਜਾਂਦੀ ਸੀ। ਕਿ ਅਸੰਭਵ ਸੀ ਕਿ ਇਤਨੇ ਭਾਰੇ ਪਰਪੰਚ ਦੀ ਵਿਆਖਿਆ ਇਤਨੀ ਸਰਲ ਤੇ ਉਪਦਰਵੀਂ ਹੋ ਸਕਦੀ ਸੀ ? ਕੀ ਅਸੰਭਵ ਸੀ ਕਿ ਇਹ ਸਾਰੇ ਨਿਆਏ, ਕਾਨੂੰਨ, ਧਰਮ ਤੇ ਈਸ਼ਵਰ ਇਤਿਆਦਿ, ਸ਼ਬਦ ਨਿਰੇ ਸ਼ਬਦ ਹੀ ਸਨ ਜੋ ਨਿਪਟਤਮ ਲੋਭ ਤੇ ਨਿਰਦਇਤਾ ਉਤੇ ਪਰਦਾ ਪਾ ਰਹੇ ਸਨ ? ਇਹ ਸਭ ਕੁਝ ਉਸ ਨੂੰ ਅਸੰਭਵ ਜਾਪਦਾ ਸੀ।

-0-

28

ਨਖ਼ਲਿਊਦੌਫ਼ ਨੇ ਉਸੇ ਸ਼ਾਮ ਪੀਟਰਜ਼ਬਰਗ ਤੋਂ ਚਲੇ ਜਾਣਾ ਸੀ, ਪਰ ਉਸ ਨੇ ਮਾਰੀਅਤ ਨੂੰ ਥੀਏਟਰ ਵਿਚ ਮਿਲਣ ਦਾ ਇਕਰਾਰ ਕਰ ਲਿਆ ਸੀ, ਤੇ ਭਾਵੇਂ ਉਹ ਜਾਣਦਾ ਸੀ ਕਿ ਉਸ ਨੂੰ ਇਹ ਇਕਰਾਰ ਨਿਭਾਣਾ ਨਹੀਂ ਚਾਹੀਦਾ ਉਸ ਨੇ ਇਹ ਝੂਠਾ ਵਿਸ਼ਵਾਸ ਬਣਾ ਲਿਆ ਕਿ ਹੁਣ ਵਚਨ ਭੰਗ ਕਰਨਾ ਬੁਰਾ ਹੋਵੇਗਾ।

"ਕੀ ਮੈਂ ਅਜੇਹੇ ਲੋਭਾਂ ਅੱਗੇ ਖੜਾ ਰਹਿ ਸਕਦਾ ਹਾਂ ?" ਉਸ ਨੇ ਸੱਚੇ ਮਨੋਂ ਆਪਣੇ ਆਪ ਉਤੇ ਪ੍ਰਸ਼ਨ ਕੀਤਾ। "ਹੁਣ ਅੰਤਿਮ ਵਾਰ ਮੈਂ ਯਤਨ ਕਰਾਂਗਾ।" ਸ਼ਾਮ ਦੀ ਪੁਸ਼ਾਕ ਪਹਿਨ ਕੇ ਉਹ ਥੀਏਟਰ ਵਿਚ ਪਹੁੰਚਿਆ। "ਕਮੇਲੀਆ ਦੀ ਸਵਾਣੀ" ਦਾ ਦੂਜਾ ਨਾਟ ਹੋ ਰਿਹਾ ਸੀ ਜਿਸ ਵਿਚ ਇਕ ਵਿਦੇਸ਼ੀ ਅਭਿਨੇਤਰੀ ਇਕ ਵਾਰੀ ਫਿਰ ਤੋਂ ਨਵੇਂ ਢੰਗ ਨਾਲ, ਦਿਖਾ ਰਹੀ ਸੀ ਕਿ ਤਪਦਿਕ ਵਾਲੀਆਂ ਇਸਤ੍ਰੀਆਂ ਕਿਵੇਂ ਮਰਦੀਆਂ ਹਨ।

ਥੀਏਟਰ ਪੂਰਾ ਭਰਿਆ ਹੋਇਆ ਸੀ। ਨਖ਼ਲਿਊਦੌਫ਼ ਦੇ ਪੁਛਣ ਉਤੇ ਝੱਟ ਪੱਟ ਤੇ ਬੜੇ ਆਦਰ ਭਾਵ ਨਾਲ ਉਸ ਨੂੰ ਮਾਰੀਅਤ ਦਾ ਬਾਕਸ ਵਿਖਾਇਆ ਗਿਆ। ਬਾਹਰ ਵਰਾਂਡੇ ਵਿਚ ਇਕ ਵਰਦੀ ਵਾਲਾ ਨੌਕਰ ਖੜਾ ਸੀ। ਉਸਨੇ ਨਖ਼ਲਿਊਦੌਫ਼ ਨੂੰ ਨਮਸਕਾਰ ਕੀਤੀ ਜਿਵੇਂ ਉਹ ਉਸ ਨੂੰ ਜਾਣਦਾ ਹੁੰਦਾ ਹੈ, ਤੇ ਬਾਕਸਾਂ ਦਾ ਦਰਵਾਜ਼ਾ ਖੋਲ੍ਹਿਆ।

ਸਾਰੇ ਲੋਕ ਜੋ ਦੂਜੇ ਪਾਸੇ ਬਾਕਸ਼ ਵਿਚ ਬੈਠੇ ਜਾਂ ਖੜੇ ਸਨ, ਨੇੜੇ ਜਾਂ ਦੂਰ ਥੀਏਟਰ ਦੇ ਹਾਲ ਵਿਚ ਮੂਹਰੇ ਬੈਠੇ ਸਨ... .ਚਿੱਟੇ ਧੌਲੇ, ਗੰਜੇ ਜਾਂ ਘੁੰਗਰਾਲੇ ਸਿਰਾਂ ਵਾਲੇ......ਸਾਰੇ ਬੜੇ ਗਹੁ ਨਾਲ ਉਸ ਪਤਲੀ ਤੇ ਹੱਡਲ ਅਭਿਨੇਤਰੀ ਨੂੰ ਵੇਖ ਰਹੇ ਸਨ, ਜੋ ਰੋਜ਼ਮ ਤੇ ਲੇਸ ਪਹਿਨੀ ਉਨ੍ਹਾਂ ਦੇ ਸਾਹਮਣੇ ਵੱਟ ਖਾ ਰਹੀ ਸੀ ਤੇ ਇਕ ਅਣਸੁਭਾਵਕ ਬੋਲ ਵਿਚ ਬੋਲ ਰਹੀ ਸੀ।

ਜਦੋਂ ਦਰਵਾਜ਼ਾ ਖੁਲ੍ਹਿਆ ਤਾਂ ਕਿਸੇ ਨੇ "ਹਸ਼" ਕੀਤਾ, ਤੇ ਹਵਾ ਦੇ ਦੋ ਬੁਲੇ, ਇਕ ਠੰਡਾ, ਦੂਜਾ ਤੱਤਾ, ਨਖ਼ਲਿਊਦੌਫ਼ ਦੇ ਚੇਹਰੇ ਉਪਰੋਂ ਲੰਘ ਗਏ।

ਬਾਕਸ ਵਿਚ ਮਾਰੀਅਤ, ਅਤੇ ਇਕ ਲਾਲ ਟੱਪੇ ਤੇ ਭਾਰੇ ਸਿਰਪੋਸ਼ ਵਾਲੀ ਇਸਤ੍ਰੀ, ਜਿਸ ਨੂੰ ਨਖ਼ਲਿਊਦੌਫ਼ ਜਾਣਦਾ ਨਹੀਂ ਸੀ ਤੇ ਦੋ ਪੁਰਸ਼ ਬੈਠੇ ਸਨ। ਇਨ੍ਹਾਂ ਪੁਰਸ਼ਾਂ ਵਿਚੋਂ ਇਕ ਮਾਰੀਅਤ ਦਾ ਪਤੀ, ਉੱਚਾ ਲੰਮਾਂ ਤੇ ਸੁਨੱਖਾ ਜਰਨੈਲ ਸੀ। ਉਸਦਾ ਨੱਕ ਤਿੱਖਾ ਅਤੇ ਝਾਕਣੀ ਸਖ਼ਤ ਤੇ ਅਣਬੁੱਝ ਜਿਹੀ ਸੀ ਅਤੇ ਉਸਦੀ ਵਰਦੀ ਛਾਤੀ ਦੇ ਉਦਾਲੇ ਜ਼ਰਾ ਭਰਤੀ ਵਾਲੀ ਸੀ। ਦੂਜਾ ਗੋਰੇ ਰੰਗ ਵਾਲਾ ਪੁਰਸ਼ ਸੀ ਤੇ ਉਸਦੀ ਦਰਸ਼ਨੀ ਦਾੜ੍ਹੀ ਦੇ ਵਿਚਕਾਰ ਠੋਡੀ ਮੁੰਨੀ ਹੋਈ ਸੀ।

ਮਾਰੀਅਤ ਖਾਸ ਚੰਗੇ ਕੱਦ ਦੀ ਸ਼ੋਭਵੰਤ ਤੇ ਛੱਬ ਵਾਲੀ ਇਸਤਰੀ ਸੀ। ਉਸਦੀ ਨੀਵੇਂ ਗਲੇ ਦੀ ਪੁਸ਼ਾਕ ਵਿਚੋਂ ਉਸਦੇ ਸੁਡੋਲ ਭਰਵੇਂ' ਮੋਢੇ ਦਿੱਸ ਰਹੇ ਸਨ ਤੇ ਗਰਦਨ ਦੇ ਪਿੱਛੇ ਦੋਹਾਂ ਮੋਢਿਆਂ ਦੇ ਵਿਚਕਾਰ ਇਕ ਕਾਲਾ ਤਿਲ ਸੀ। ਉਸਨੇ ਇਕ ਦਮ ਪਿਛਾਂਹ ਮੁੜਕੇ ਵੇਖਿਆ ਤੇ ਸੁਆਗਤ ਤੇ ਧੰਨਵਾਦ ਭਰੀ ਮੁਸਕ੍ਰਾਹਟ ਨਾਲ, ਜੋ ਨਖ਼ਲਿਊਫ਼ ਨੂੰ ਅਰਥ ਭਰਪੂਰ ਜਾਪਦੀ ਸੀ, ਆਪਣਾ ਪੱਖਾ ਹਿਲਾ ਕੇ ਨਖ਼ਲਿਊਦੌਫ਼ ਨੂੰ ਆਪਣੇ ਤੋਂ ਪਿਛਲੀ ਕੁਰਸੀ ਉੱਤੇ ਬੈਠ ਜਾਣ ਦਾ ਇਸ਼ਾਰਾ ਕੀਤਾ।

ਉਸਦੇ ਪਤੀ ਨੇ ਨਖ਼ਲਿਊਦੌਫ਼ ਵੱਲ ਉਸੇ ਸ਼ਾਂਤ ਭਾਵ ਨਾਲ, ਜਿਸ ਨਾਲ ਉਹ ਹਰ ਗੱਲ ਕਰਦਾ ਸੀ, ਨਖ਼ਲਿਊਦੌਫ਼ ਵੱਲ ਵੇਖਿਆ ਤੇ ਨਮਸਕਾਰ ਕੀਤੀ। ਜਿਹੜੀ ਝਾਕਣੀ ਉਸਨੇ ਆਪਣੀ ਪਤਨੀ ਨਾਲ ਮਿਲਾਈ, ਉਸ ਤੋਂ ਉਹ ਫੋਰਨ ਇਕ ਸੁੰਦਰ ਇਸਤ੍ਰੀ ਦਾ ਮਾਲਕ ਦਿੱਸ ਪੈਂਦਾ ਸੀ।

ਜਦੋਂ ਇਕ-ਵਚਨੀ ਖ਼ਤਮ ਹੋਈ ਤਾਂ ਥੀਏਟਰ ਤਾੜੀਆਂ ਨਾਲ ਗੂੰਜ ਉਠਿਆ। ਮਾਰੀਅਤ ਨੇ ਉਠ ਕੇ ਤੇ ਆਪਣੀ ਸਰ ਸਰ ਕਰਦੀ ਰੇਸ਼ਮ ਦੀ ਸਰਕਟ ਨੂੰ ਸਾਂਭ ਕੇ ਬਾਕਸ ਦੇ ਪਿਛਲੇ ਪਾਸੇ ਜਾ ਕੇ ਨਖ਼ਲਿਊਦੌਫ਼ ਦੀ ਆਪਣੇ ਪਤੀ ਨਾਲ ਜਾਣ ਪਹਿਚਾਣ ਕਰਾਈ।

ਜਰਨੈਲ ਨੇ ਮੁਸਕ੍ਰਾਂਦੀਆਂ ਅੱਖਾਂ ਨਾਲ "ਬਹੁਤ ਖੁਸ਼ੀ ਹੈ" ਆਖਿਆ ਤੇ ਫਿਰ ਉਹ ਉਸੇ ਤਰ੍ਹਾਂ ਅਣਬੁਤ ਚੁੱਪ ਬੈਠਾ ਰਿਹਾ।

"ਜੇ ਮੈਂ ਇਕਰਾਰ ਨਾ ਕੀਤਾ ਹੁੰਦਾ, ਤਾਂ ਮੈਨੂੰ ਅੱਜ ਚਲਾ ਜਾਣਾ ਚਾਹੀਦਾ ਸੀ" ਨਖ਼ਲਿਊਦੌਫ਼ ਨੇ ਮਾਰੀਅਤ ਨੂੰ ਆਖਿਆ।

"ਜੇ ਤੁਹਾਨੂੰ ਮੇਰੇ ਮਿਲਣ ਦੀ ਚਾਹ ਨਹੀਂ," ਮਾਰੀਅਤ ਨਖ਼ਲਿਊਦੌਫ਼ ਦੇ ਸ਼ਬਦਾਂ ਦੇ ਅੰਤਰੀਵ ਭਾਵ ਦੇ ਉੱਤਰ ਵਿਚ ਬੋਲੀ, "ਤਾਂ ਤੁਸੀਂ ਇਕ ਅਦਭੁਤ ਅਭਿਨੇਤਰੀ ਨੂੰ

ਦੇਖੋਗੇ। ਪਿਛਲੇ ਦ੍ਰਿਸ਼ ਵਿਚ ਉਹ ਅਤੀ ਪ੍ਰਭਾਵਕ ਨਹੀਂ ਸੀ।" ਉਸਨੇ ਪਤੀ ਵੱਲ ਮੂੰਹ ਕਰਕੇ ਆਖਿਆ।

ਪਤੀ ਨੇ ਸਿਰ ਹਿਲਾ ਦਿੱਤਾ।

"ਅਜਿਹੀ ਗੱਲ ਮੈਨੂੰ ਨਹੀਂ ਭੌਂਦੀ," ਨਖ਼ਲਿਊਦੌਫ਼ ਬੋਲਿਆ। "ਅੱਜ ਮੈਂ ਇਤਨਾ ਵਾਸਤਵਿਕ ਦੁੱਖ ਵੇਖਿਆ ਹੈ......।"

"ਹਾਂ, ਬੈਠੋ ਤੇ ਮੈਨੂੰ ਦੱਸੋ।"

ਪਤੀ ਸੁਣਨ ਲੱਗਾ। ਉਸ ਦੀਆਂ ਅੱਖਾਂ ਦੀ ਮੁਸਕਣੀ ਵਿਚ ਵਿਅੰਗ ਵੱਧ ਰਿਹਾ ਸੀ।

"ਮੈਂ ਉਸ ਇਸਤ੍ਰੀ ਨੂੰ ਵੇਖ ਕੇ ਆਇਆ ਹਾਂ ਜਿਸ ਨੂੰ ਰਿਹਾ ਕਰ ਦਿੱਤਾ ਗਿਆ ਹੈ, ਤੇ ਜੋ ਬਹੁਤ ਸਮਾਂ ਕੈਦ ਵਿਚ ਰਖੀ ਗਈ ਹੈ। ਉਹ ਬਿਲਕੁਲ ਟੁੱਟੀ ਭੱਜੀ ਪਈ ਹੈ।"

"ਉਹ ਇਸਤ੍ਰੀ, ਜਿਸ ਬਾਰੇ ਮੈਂ ਤੁਹਾਡੇ ਨਾਲ ਗੱਲ ਕੀਤੀ ਸੀ" ਮਾਰੀਅਤ ਨੇ ਆਪਣੇ ਪਤੀ ਨੂੰ ਦੱਸਿਆ।

"ਹਾਂ, ਹਾਂ, ਹਾਂ, ਮੈਨੂੰ ਬਹੁਤ ਖੁਸ਼ੀ ਹੋਈ ਕਿ ਉਹ ਰਿਹਾ ਕੀਤੀ ਜਾ ਸਕੀ," ਪਤੀ ਨੇ ਸਿਰ ਹਿਲਾ ਕੇ ਚੁੱਪ ਕੀਤੇ ਜਿਹੇ ਆਖਿਆ। ਨਖ਼ਲਿਊਦੌਫ਼ ਨੂੰ ਜਾਪਿਆ ਉਹ ਆਪਣੀਆਂ ਮੁੱਛਾਂ ਹੇਠਾਂ ਖੁਲ੍ਹੇ ਵਿਅੰਗ ਨਾਲ ਮੁਸਕਰਾ ਰਿਹਾ ਸੀ।

"ਮੈਂ ਬਾਹਰ ਜਾ ਕੇ ਸਿਗਰਟ ਪੀ ਆਵਾਂ।"

ਨਖ਼ਲਿਊਦੌਫ਼ ਉਹ ਗੱਲ ਸੁਣਨ ਲਈ ਉਡੀਕਦਾ ਬੈਠਾ ਸੀ ਜਿਹੜੀ ਮਾਰੀਅਤ ਨੇ ਉਸ ਨੂੰ ਦੱਸਣੀ ਸੀ, ਪਰ ਉਸ ਨੇ ਕੁਝ ਨਾ ਕਿਹਾ ਅਤੇ ਨਾ ਕੁਝ ਕਹਿਣ ਦਾ ਯਤਨ ਹੀ ਕੀਤਾ। ਸਗੋਂ ਉਹ ਨਾਟਕ ਬਾਰੇ ਗੱਲਾਂ ਕਰਦੀ ਤੇ ਹੱਸਦੀ ਰਹੀ। ਉਸ ਦਾ ਖਿਆਲ ਸੀ ਕਿ ਇਹ ਨਾਟਕ ਨਖ਼ਲਿਊਦੌਫ਼ ਨੂੰ ਵਿਸ਼ੇਸ਼ ਕਰਕੇ ਪੋਹਣਾ ਚਾਹੀਦਾ ਸੀ।

ਨਖ਼ਲਿਊਦੌਫ਼ ਸਮਝ ਗਿਆ ਕਿ ਉਸ ਕੋਲ ਦੱਸਣ ਨੂੰ ਕੁਝ ਨਹੀਂ ਸੀ, ਉਹ ਤਾਂ ਕੇਵਲ ਉਸਨੂੰ ਆਪਣਾ ਆਪ ਦਿਖਾਣਾ ਚਾਹੁੰਦੀ ਸੀ। ਆਪਣੀ ਸ਼ਾਮ ਦੀ ਪੁਸ਼ਾਕ ਦੀ ਸ਼ਾਨ, ਆਪਣੇ ਮੋਢੇ ਤੇ ਉਨ੍ਹਾਂ ਵਿਚਲਾ ਛੋਟਾ ਤਿਲ, ਇਹ ਉਸਨੂੰ ਫਬਦਾ ਵੀ ਸੀ ਅਤੇ ਘਿਣੌਣਾ ਵੀ ਸੀ।

ਲੁਭਾਵੇਂਪਣ ਦਾ ਇਹ ਪਰਦਾ, ਜਿਸ ਨੇ ਇਹ ਸਭ ਕੁਝ ਢੱਕਿਆ ਹੋਇਆ ਸੀ ਨਖ਼ਲਿਊਦੌਫ਼ ਦੀਆਂ ਅੱਖਾਂ ਅਗੋਂ ਨਾ ਹਟਿਆ, ਇਸ ਤਰ੍ਹਾਂ ਸੀ ਜਿਵੇਂ ਉਹ ਇਸਦੇ ਪਰਦੇ

ਹੇਠ ਵੀ ਸਭ ਕੁਝ ਵੇਖ ਸਕਦਾ ਸੀ। ਮਾਰੀਅਤ ਵੱਲ ਵੇਖਕੇ ਉਹ ਉਸਦੀ ਸ਼ਲਾਘਾ ਕਰਦਾ ਸੀ, ਪਰ ਉਹ ਇਹ ਵੀ ਜਾਣਦਾ ਸੀ ਕਿ ਉਹ ਝੂਠੀ ਸੀ ਤੇ ਇਕ ਅਜਿਹੇ ਪਤੀ ਨਾਲ ਰਹਿ ਰਹੀ ਸੀ ਜੋ ਹਜ਼ਾਰਾਂ ਲੋਕਾਂ ਦੇ ਹੰਝੂਆਂ ਤੇ ਜਾਨਾਂ ਨਾਲ ਆਪਣਾ ਨਾਮ ਬਣਾ ਰਿਹਾ ਸੀ, ਤੇ ਉਹ ਇਸ ਬਾਰੇ ਬਿਲਕੁਲ ਲਾਪਰਵਾਹ ਸੀ ਤੇ ਜੋ ਉਸਨੂੰ ਪਿਛਲੇ ਦਿਨ ਆਖਿਆ ਸੀ ਸਭ ਝੂਠ ਸੀ ਅਤੇ ਉਹ ਇਹ ਚਾਹੁੰਦੀ ਸੀ ਕਿ ਉਹ ਉਸਦੇ ਪ੍ਰੇਮ ਵਿਚ ਫਸ ਜਾਵੇ..ਕਿਉਂ, ਇਹ ਨਾ ਉਹ ਜਾਣਦੀ ਸੀ ਤੇ ਨਾ ਨਖ਼ਲਿਊਦੌਫ਼। ਇਹ ਗੱਲ ਉਸਨੂੰ ਖਿਚਦੀ ਵੀ ਸੀ ਤੇ ਉਸਨੂੰ ਧਿਕਾਰਦੀ ਵੀ ਸੀ। ਕਈ ਵਾਰ ਉਸਨੇ ਚਲੇ ਜਾਣ ਦੇ ਇਰਾਦੇ ਨਾਲ ਆਪਣੀ ਟੋਪੀ ਚੁੱਕੀ, ਪਰ ਫਿਰ ਵੀ ਉਹ ਬੈਠਾ ਰਿਹਾ।

ਪਰ ਛੇਕੜ ਜਦ ਮਾਰੀਅਤ ਦਾ ਪਤੀ ਆਪਣੀਆਂ ਭਾਰੀਆਂ ਮੁੱਛਾਂ ਵਿਚ ਤੰਮਾਕੂ ਦੇ ਧੂਏਂ ਦੀ ਤਕੜੀ ਗੰਧ ਵਸਾਈ ਅੰਦਰ ਮੁੜਿਆ ਤੇ ਨਿਵਾਜਣੀ, ਪਰ ਤੁੱਛ ਕਹਿੰਦੀ ਝਾਕਣੀ ਨਾਲ ਨਖ਼ਲਿਊਦੌਫ਼ ਵੱਲ ਵੇਖਣ ਲੱਗਾ ਜਿਵੇਂ ਉਸ ਨੂੰ ਸਿਆਣਦਾ ਹੀ ਨਾ ਹੋਵੇ, ਤਾਂ ਨਖ਼ਲਿਊਦੌਫ਼ ਦਰਵਾਜ਼ੇ ਦੇ ਮੁੜ ਬੰਦ ਹੋਣ ਤੋਂ ਪਹਿਲਾਂ ਬਾਕਸ ਵਿਚੋਂ ਨਿਕਲ ਆਇਆ ਤੇ ਆਪਣਾ ਓਵਰਕੋਟ ਲੈ ਕੇ ਥੀਏਟਰ ਵਿਚੋਂ ਚਲਾ ਗਿਆ। ਜਦੋਂ ਨੇਵਸਕੀ ਦੇ ਕੰਢੇ ਕੰਢੇ ਘਰ ਆ ਰਿਹਾ ਸੀ ਤਾਂ ਉਸ ਦੀ ਨਜ਼ਰ ਇਕ ਲੰਮੀ, ਸੁਡੋਲ ਤੇ ਭੜਕਾਵੀਂ ਸੁਹਣੀ ਪੁਸ਼ਾਕ ਵਾਲੀ ਇਸਤ੍ਰੀ ਵੱਲ ਮਲੋ ਮਲੀ ਚਲੀ ਗਈ, ਜੋ ਚੌੜੇ ਅਸਫਾਲਟ ਦੇ ਪੱਕੇ ਰਾਹ ਉਤੋਂ ਉਸਦੇ ਸਾਹਮਣੇ ਚੁੱਪ ਚਾਪ ਚਲੀ ਜਾ ਰਹੀ ਸੀ। ਉਸਦੀ ਘ੍ਰਿਣਾਯੋਗ ਸ਼ਕਤੀ ਦੀ ਚੇਤਨਾ ਉਸਦੇ ਚੇਹਰੇ ਦੇ ਸਾਰੇ ਸਰੀਰ ਵਿਚੋਂ ਝਾਕਦੀ ਸੀ। ਜੋ ਵੀ ਉਸ ਇਸਤ੍ਰੀ ਨੂੰ ਮਿਲਦਾ ਜਾਂ ਕੋਲ ਦੀ ਲੰਘਦਾ ਉਸ ਵੱਲ ਵੇਖਣ ਲੱਗ ਜਾਂਦਾ। ਨਖ਼ਲਿਊਦੌਫ਼ ਉਸ ਤੋਂ ਤੇਜ਼ ਚਲ ਰਿਹਾ ਸੀ ਤੇ ਉਸ ਨੇ ਵੀ ਅਵੱਸ਼ ਉਸ ਦੇ ਮੂੰਹ ਵੱਲ ਵੇਖਿਆ। ਇਸਤ੍ਰੀ ਦਾ ਚਿਹਰਾ ਜੋ ਵੀਹ ਵਿਸਵੇ ਪੇਂਟ ਕੀਤਾ ਹੋਇਆ ਸੀ, ਸੁਹਣਾ ਸੀ, ਉਸ ਨੇ ਨਖ਼ਲਿਊਦੌਫ਼ ਵੱਲ ਮੁਸਕਰਾ ਕੇ ਵੇਖਿਆ ਤੇ ਉਸ ਦੀਆਂ ਅੱਖਾਂ ਚਮਕ ਪਈਆਂ ਤੇ, ਅਸਚਰਜ ਹੈ, ਨਖ਼ਲਿਊਦੌਫ਼ ਨੂੰ ਝੱਟ ਮਾਰੀਅਤ ਯਾਦ ਆ ਗਈ, ਥੀਏਟਰ ਵਾਂਗ ਉਹ ਫਿਰ ਖਿਚ ਤੇ ਘ੍ਰਿਣਾ, ਦੋਵੇਂ ਅਨੁਭਵ ਕਰ ਰਿਹਾ ਸੀ।

ਉਸ ਇਸਤ੍ਰੀ ਕੋਲੋਂ ਛੇਤੀ ਛੇਤੀ ਲੰਘਦੇ, ਤੇ ਆਪਣੇ ਆਪ ਨਾਲ ਖਿਝਿਆ, ਨਖ਼ਲਿਊਦੌਫ਼ ਮੋਰਸ ਕਾਇਆ ਨਦੀ ਵੱਲ ਨੂੰ ਮੁੜਿਆ ਤੇ ਉਸ ਦੇ ਬੰਨ੍ਹ ਉਤੇ ਚਲਣ ਲੱਗਾ। ਉਥੇ ਉਹ

ਸੜਕ ਉਤੇ ਇਧਰ ਉਧਰ ਟਹਿਲਣ ਲੱਗ ਪਿਆ, ਜਿਸ ਨੇ ਪੁਲਿਸ ਦੇ ਸਿਪਾਹੀ ਨੂੰ ਹੈਰਾਨ ਕਰ ਦਿੱਤਾ।

"ਉਸ ਨੇ ਜਦੋਂ ਮੈਂ ਥੀਏਟਰ ਵਿਚ ਵੜਿਆ ਸਾਂ ਮੈਨੂੰ ਅਜਿਹੀ ਮੁਸਕਾਣ ਨਾਲ ਵੇਖਿਆ ਸੀ" ਉਸ ਨੇ ਸੋਚਿਆ, ਤੇ ਦੋਹਾਂ ਮੁਸਕਾਣਾਂ ਦਾ ਭਾਵ ਇਕੋ ਸੀ। ਫਰਕ ਕੇਵਲ ਇਤਨਾ ਸੀ ਕਿ ਇਹ ਸਾਫ਼ ਸਾਫ਼ ਤੇ ਖੁਲ੍ਹਾ ਕਹਿ ਰਹੀ ਸੀ, "ਜੇ ਤੈਨੂੰ ਮੈਂ ਚਾਹੁੰਦੀ ਹਾਂ, ਮੈਂ ਤਿਆਰ ਹਾਂ, ਜੇ ਨਹੀਂ ਤਾਂ ਆਪਣਾ ਰਾਹ ਫੜਾਂ ਤੇ ਦੂਜੇ ਇਹ ਦਿਖਾਵਾ ਕਰ ਰਹੀ ਸੀ ਕਿ ਉਸ ਨੂੰ ਅਜਿਹਾ ਕੋਈ ਖ਼ਿਆਲ ਨਹੀਂ ਸੀ, ਉਹ ਤਾਂ ਕਿਸੇ ਉੱਚੀ ਤੇ ਸੂਖਮ ਅਵਸਥਾ ਵਿਚ ਸੀ...। ਜਦੋਂ ਕਿ ਅਸਲੀ ਭਾਵ ਇਕੋ ਸੀ। ਉਹ ਘੱਟੋ ਘੱਟ ਸੱਚ ਤਾਂ ਆਖਦੀ ਸੀ, ਪਰ ਉਹ ਝੂਠ ਬੋਲ ਰਹੀ ਸੀ। ਫਿਰ ਉਹ ਮਜ਼ਬੂਰਨ ਅਜੇਹਾ ਕਰ ਰਹੀ ਸੀ, ਜਦੋਂ ਕਿ ਉਹ ਇਸ ਲੁਭਾਣੀ, ਘਿਣਾਉਣੀ, ਡਰਾਉਣੀ ਕਾਮਨਾ ਨਾਲ ਖੇਡ ਕੇ ਆਪਣਾ ਮਨ ਪਰਚਾ ਰਹੀ ਸੀ। ਇਹ ਬਜ਼ਾਰੀ ਔਰਤ ਖੜੇ ਸੜ੍ਹਾਂਦੇ ਮਾਰਦੇ ਪਾਣੀ ਵਾਕਰ ਹੈ ਜੋ ਕੇਵਲ ਉਹ ਪੀਂਦੇ ਹਨ ਜਿਨ੍ਹਾਂ ਦੀ ਪਿਆਸ ਉਨ੍ਹਾਂ ਦੇ ਹੁਜਮ ਤੋਂ ਵਡੇਰੀ ਹੋਵੇ, ਉਹ ਥੀਏਟਰ ਵਿਚ ਬੈਠੀ ਦੂਜੀ ਇਕ ਜ਼ਹਿਰ ਵਾਕਰ ਹੈ, ਜੋ ਅਣਚੇਤਿਆ ਹੈ, ਹਰ ਚੀਜ਼ ਨੂੰ ਛੋਹ ਕੇ ਵਿਸ਼ਿਆਲੀ ਕਰ ਦੇਂਦਾ ਹੈ।"

ਨਖ਼ਲਿਊਦੌਫ਼ ਨੂੰ "ਮਾਰੀਚਲ" ਦੀ ਪਤਨੀ ਨਾਲ ਆਪਣੇ ਯਰਾਨੇ ਦਾ ਖ਼ਿਆਲ ਆਇਆ ਤੇ ਲੱਜਿਤ ਕਰਨ ਵਾਲੀਆਂ ਯਾਦਾਂ ਉਸ ਦੇ ਅੱਗੇ ਆ ਖੜੀਆਂ ਹੋਈਆਂ।

"ਮਨੁੱਖ ਦੀ ਪਸ਼ੂ ਬਿਰਤੀ ਬਹੁਤ ਘਿਣਾਉਣੀ ਹੈ," ਉਸ ਨੇ ਸੋਚਿਆ, "ਪਰ ਜਿੰਨਾ ਚਿਰ ਉਹ ਆਪਣੇ ਨੰਗੇ ਰੂਪ ਵਿਚ ਰਹਿੰਦਾ ਹੈ ਅਸੀਂ ਆਪਣੇ ਆਤਮਕ ਜੀਵਨ ਦੀ ਚੋਟੀ ਤੋਂ ਇਸ ਨੂੰ ਵੇਖਦੇ ਤੇ ਨਫ਼ਰਤ ਕਰਦੇ ਹਾਂ, ਤੇ ਭਾਵੇਂ ਕੋਈ ਡਿੱਗ ਪਵੇ ਜਾਂ ਤੱਕੜਾ ਰਹੇ-ਉਹ ਉਹੋ ਕੁਝ ਹੀ ਰਹਿੰਦਾ ਹੈ ਜੋ ਪਹਿਲਾਂ ਸੀ। ਪਰ ਜਦੋਂ ਉਸ ਦਾ ਪਸ਼ੂਵਾਦ ਕੋਮਲਤਾ ਤੇ ਸੁਹਜਾਤਮਕਤਾ ਦੇ ਬੁਰਕੇ ਵਿਚ ਛੁਪਿਆ ਹੁੰਦਾ ਹੈ ਤੇ ਅਸਾਥੋਂ ਅਰਚਾ ਦੀ ਮੰਗ ਕਰਦਾ ਹੈ,. ਉਦੋਂ ਅਸੀਂ ਪੂਰਣਭਾਂਤ ਇਸ ਦੀ ਅਰਚਾ ਕਰਨ ਲਗਦੇ ਹਾਂ, ਤੇ ਚੰਗੇ ਬੁਰੇ ਦੀ ਪਛਾਣ ਨਹੀਂ ਕਰ ਸਕਦੇ। ਓਦੋਂ ਇਹ ਇਕ ਕਹਿਰ ਦੀ ਗੱਲ ਬਣ ਜਾਂਦੀ ਹੈ। ਨਖ਼ਲਿਊਦੌਫ਼ ਨੂੰ ਹੁਣ ਇਹ ਸਭ ਕੁਝ ਇਸ ਤਰ੍ਹਾਂ ਪ੍ਰਤੱਖ ਦਿੱਸ ਰਿਹਾ ਸੀ, ਜਿਵੇਂ ਮਹੱਲ, ਮੰਤਰੀ, ਕਿਲ੍ਹਾ, ਦਰਿਆ, ਕਿਸ਼ਤੀਆਂ, ਤੇ ਸਰਾਫ਼ਾ ਮੰਡੀ। ਤੇ ਜਿਵੇਂ ਉੱਤਰ ਦੇਸ਼ ਦੀ ਇਹ ਹੁਨਾਲੀ ਰੁੱਤ ਦੀ ਰਾਤ

ਵਿਚ ਕੋਈ ਸ਼ਾਂਤੀ ਦੇਣ ਵਾਲੀ ਅਰਾਮ ਦੇਣ ਵਾਲੀ ਅੰਧਿਆਰੀ ਨਹੀਂ ਸੀ, ਕੇਵਲ ਇਕ ਉਦਾਸ ਬੇਸੁਆਦੀ ਜਿਹੀ ਰੌਸ਼ਨੀ ਕਿਸੇ ਅਣਡਿੱਠ ਸਮੇਂ ਤੋਂ ਆ ਰਹੀ ਸੀ, ਇਵੇਂ ਨਖ਼ਲਿਊਦੌਫ਼ ਦੀ ਆਤਮਾ ਵਿਚ ਅਗਿਆਨ ਦਾ ਅਨ੍ਹੇਰਾ ਹੁਣ ਨਹੀਂ ਰਿਹਾ ਸੀ।

ਸਭ ਕੁਝ ਸਪੱਸ਼ਟ ਸੀ। ਇਹ ਸਪੱਸ਼ਟ ਸੀ ਕਿ ਹਰ ਚੀਜ਼ ਜੋ ਮਹੱਤਵ ਪੂਰਣ ਤੇ ਚੰਗੀ ਸਮਝੀ ਜਾਂਦੀ ਹੈ, ਅਰਥਹੀਣ ਤੇ ਅਣਾਵੀਂ ਸੀ, ਤੇ ਇਸ ਚਮਕ ਦਮਕ ਤੇ ਵਿਲਾਸ ਹੇਠਾਂ ਵੱਡੇ ਅਪਰਾਧ ਲੁਕੇ ਹੋਏ ਸਨ, ਜੋ ਨਾ ਕੇਵਲ ਦੰਡ ਰਹਿਤ ਰਹਿੰਦੇ ਸਨ, ਸਗੋਂ ਉਸ ਸਾਰੀ ਛੱਬ ਨਾਲ ਸਜੇ ਹੋਏ ਸਨ ਜੋ ਮਨੁੱਖ ਬਣਾ ਸਕਦਾ ਹੈ।

ਉਹ ਇਹ ਸਭ ਕੁਝ ਭੁੱਲ ਜਾਣਾ ਚਾਹੁੰਦਾ ਸੀ, ਇਸ ਨੂੰ ਨਾ ਦੇਖਣਾ ਪਰ ਹੁਣ ਇਹ ਅਵੱਸ਼ ਦਿੱਸਦਾ ਸੀ। ਭਾਵੇਂ ਉਸ ਨੂੰ ਜੋਤ ਦਾ ਉਹ ਸੋਮਾ ਨਹੀਂ ਦਿੱਸਦਾ ਸੀ, ਜਿਸ ਨੇ ਉਸ ਨੂੰ ਇਹ ਚਾਨਣ ਕੀਤਾ ਸੀ, ਜਿਵੇਂ ਉਸ ਨੂੰ ਪੀਟਰਜ਼ਬਰਗ ਉਤੇ ਛਾਈ ਰੌਸ਼ਨੀ ਦਾ ਸੋਮਾ ਨਹੀਂ ਦਿੱਸਦਾ ਸੀ, ਤੇ ਭਾਵੇਂ ਉਸ ਨੂੰ ਇਹ ਚਾਨਣ ਬੇਸੁਆਦ, ਉਦਾਸ ਤੇ ਅਸੁਭਾਵਕ ਲੱਗਦਾ ਸੀ ਫਿਰ ਵੀ ਉਹ ਇਸ ਦੇ ਅਵਿਸ਼ਕਾਰ ਨੂੰ ਦੇਖਣ ਨਹੀਂ ਰਹਿ ਸਕਦਾ ਸੀ। ਅਤੇ ਉਹ ਆਨੰਦ ਤੇ ਚਿੰਤਾ ਦੋਵੇਂ ਅਨੁਭਵ ਕਰ ਰਿਹਾ ਸੀ।

-0-

29

ਆਪਣੀ ਮਾਸਕੋ-ਵਾਪਸੀ ਉਤੇ ਨਖ਼ਲਿਊਦੌਫ਼ ਤੁਰੰਤ ਜੇਲ੍ਹ ਦੇ ਹਸਪਤਾਲ ਵਿਚ ਮਸਲੌਫ਼ਾ ਨੂੰ ਇਹ ਮਾੜੀ ਖ਼ਬਰ ਦੇਣ ਗਿਆ ਕਿ ਸੈਨਿਟ ਨੇ ਅਦਾਲਤ ਦੇ ਫੈਸਲੇ ਨੂੰ ਪ੍ਰਪੱਕ ਕਰ ਦਿਤਾ ਸੀ, ਤੇ ਉਸ ਨੂੰ ਹੁਣ ਸਾਇਬੇਰੀਆ ਜਾਣ ਲਈ ਤਿਆਰ ਰਹਿਣਾ ਚਾਹੀਦਾ ਹੈ। ਵਕੀਲ ਨੇ ਜੋ ਅਰਜ਼ੀ ਸਮਰਾਟ ਦੇ ਪੇਸ਼ ਕਰਨ ਲਈ ਲਿਖੀ ਸੀ, ਤੇ ਜੋ ਨਖ਼ਲਿਊਦੌਫ਼ ਹੁਣ ਮਸਲੌਫ਼ਾ ਦੇ ਦਸਖ਼ਤਾਂ ਲਈ ਨਾਲ ਲਿਆਇਆ ਸੀ, ਉਸ ਦੀ ਸਫਲਤਾ ਦੀ ਉਸ ਨੂੰ ਕੋਈ ਆਸ ਨਹੀਂ ਸੀ। ਹੈਰਾਨੀ ਦੀ ਗੱਲ ਹੈ ਕਿ ਹੁਣ ਉਹ ਇਸਦੀ ਸਫਲਤਾ ਦਾ ਇਛੁੱਕ ਵੀ ਨਹੀਂ ਸੀ। ਉਸ ਨੇ ਹੁਣ ਸਾਇਬੇਰੀਆ ਜਾਣ ਤੇ ਜਲਾਵਤਨਾਂ ਦੇ ਦੋਸ਼ੀਆਂ ਵਿਚ ਰਹਿਣ ਦਾ ਖ਼ਿਆਲ ਅਪਣਾ ਲਿਆ ਸੀ। ਤੇ ਉਸ ਲਈ ਇਹ ਸੰਕਲਪ ਕਰਨਾ ਔਖਾ ਲੱਗਦਾ ਸੀ ਕਿ ਜੇ ਉਹ ਰਿਹਾ ਕਰ ਦਿੱਤੀ ਗਈ ਤਾਂ ਮਸਲੋਫਾ ਦਾ ਤੇ ਉਸ ਦਾ ਆਪਣਾ ਜੀਵਨ ਕੀ ਰੂਪ ਧਾਰਨ ਕਰਨਗੇ। ਉਸ ਨੂੰ ਅਮਰੀਕਨ ਲਿਖਾਰੀ ਥੋਰੋ ਦੀ ਗੱਲ ਯਾਦ ਆਈ, ਜਿਸ ਨੇ, ਜਦੋਂ ਅਮਰੀਕਾ ਵਿਚ ਗੁਲਾਮੀ ਦਾ ਦੌਰ ਸੀ, ਆਖਿਆ ਸੀ, "ਅਜਿਹੇ ਰਾਜ ਪ੍ਰਬੰਧ ਹੇਠਾਂ ਜੋ ਕਿਸੇ ਨੂੰ ਵੀ ਅਨਿਆਈਂ ਕੈਦ ਕਰਦਾ ਹੈ, ਇਕ ਨਿਆਈ ਪੁਰਸ਼ ਦੀ ਯੋਗ ਥਾਂ ਵੀ ਕੈਦਖ਼ਾਨਾ ਹੀ ਹੈ।" ਨਖ਼ਲਿਊਦੌਫ਼, ਖ਼ਾਸ ਕਰਕੇ ਪੀਟਰਜ਼ਬਰਗ ਤੇ ਔਣ ਤੇ ਉਥੇ ਜੋ ਕੁਝ ਉਸ ਨੇ ਦੇਖਿਆ ਪਿੱਛੋਂ ਇਸੇ ਤਰ੍ਹਾਂ ਸੋਚਦਾ ਸੀ।

"ਹਾਂ, ਇਕ ਸੱਚੇ ਪੁਰਸ਼ ਲਈ ਰੂਸ ਵਿਚ ਇਸ ਸਮੇਂ ਯੋਗ ਥਾਂ ਕੇਵਲ ਕੈਦਖਾਨਾ ਹੀ ਹੈ" ਉਸ ਨੇ ਸੋਚਿਆ ਤੇ ਅਨੁਭਵ ਵੀ ਕੀਤਾ, ਜਦੋਂ ਉਹ ਕੈਦਖ਼ਾਨੇ ਨੂੰ ਗਿਆ ਤੇ ਲਿਸ਼ਕਦੀਆਂ ਕੰਧਾਂ ਦੇ ਅੰਦਰ ਵੜਿਆ, ਕਿ ਇਹ ਗੱਲ ਉਸ ਉਤੇ ਨਿਜੀ ਰੂਪ ਵਿਚ ਘਟਦੀ ਸੀ।

ਹਸਪਤਾਲ ਦੇ ਦਰਬਾਨ ਨੇ ਨਖ਼ਲਿਊਦੌਫ਼ ਨੂੰ ਪਛਾਣ ਲਿਆ ਤੇ ਝੱਟ ਹੀ ਦੱਸਿਆ ਕਿ ਮਸਲੌਫ਼ਾ ਹੁਣ ਉਥੇ ਨਹੀਂ ਸੀ।

"ਫਿਰ ਉਹ ਕਿਥੇ ਹੈ ?'

"ਉਹ ਫਿਰ ਕੈਦਖਾਨੇ ਵਿਚ ਹੈ।"

"ਉਸ ਨੂੰ ਇਥੋਂ ਕਿਉਂ ਹਟਾ ਦਿੱਤਾ ਗਿਆ ਹੈ ?" ਨਖ਼ਲਿਊਦੌਫ਼ ਨੇ ਪੁੱਛਿਆ।

"ਉਹੋ, ਹਜ਼ੂਰ ਕੀ ਰੱਟ ਇਹ ਲੋਕ?" ਦਰਬਾਨ ਨੇ ਘ੍ਰਿਣਾ ਨਾਲ ਮੁਸਕਰਾ ਕੇ ਆਖਿਆ।

"ਉਸ ਨੇ ਡਾਕਟਰ ਦੇ ਸਹਾਇਕ ਨਾਲ ਗੰਢ ਲਈ ਸੀ, ਇਸ ਲਈ ਮੁਖੀ ਡਾਕਟਰ ਨੇ ਉਸ ਨੂੰ ਵਾਪਸ ਭੇਜ ਦਿੱਤਾ।"

ਨਖ਼ਲਿਊਦੌਫ਼ ਨੇ ਕਦੀ ਖ਼ਿਆਲ ਨਹੀਂ ਸੀ ਕੀਤਾ ਕਿ ਮਸਲੌਫ਼ਾ ਤੇ ਉਸ ਦੇ ਮਨ ਦੀ ਦਸ਼ਾ ਦਾ ਉਸ ਲਈ ਇਤਨਾ ਜ਼ਿਆਦਾ ਅਰਥ ਸੀ। ਉਹ ਇਹ ਗੱਲ ਸੁਣ ਕੇ ਸੁੰਨ ਹੋ ਗਿਆ। ਉਸ ਨੇ ਇਸ ਤਰ੍ਹਾਂ ਮਹਿਸੂਸ ਕੀਤਾ ਜਿਵੇਂ ਕੋਈ ਕਿਸੇ ਵੱਡੇ ਤੇ ਅਚਿੰਤ ਦੁਰਭਾਗ ਦੀ ਖ਼ਬਰ ਸੁਣੀ ਹੋਵੇ, ਜਿਸ ਦੀ ਪੀੜ ਬਹੁਤ ਤਿੱਖੀ ਸੀ। ਉਸਦੀ ਪਹਿਲੀ ਅਨੁਭੂਤੀ ਲੱਜਾ ਦੀ ਸੀ। ਉਸ ਨੂੰ ਉਸ ਦੇ ਉਸ ਪਰਿਵਰਤਨ ਦਾ ਮੋਦਕ ਸੰਕਲਪ, ਜੋ ਉਹ ਮਸਲੌਫ਼ਾ ਦੀ ਆਤਮਾ ਵਿਚ ਹੋ ਰਿਹਾ ਸਮਝਦਾ ਸੀ, ਹੁਣ ਆਪਣੀਆਂ ਨਜ਼ਰਾਂ ਵਿਚ ਹਾਸੋ-ਹੀਣੇ ਜਾਪਦੇ ਸਨ। ਉਸ ਨੇ ਸੋਚਿਆ ਕਿ ਮਸਲੌਫ਼ਾ ਦੀਆਂ ਉਸ ਦੀ ਕੁਰਬਾਨੀ ਨੂੰ ਪਰਵਾਨ ਕਰਨਾ ਨਾ ਚਾਹੁਣ ਦੀਆਂ ਸਾਰੀਆਂ ਗੱਲਾਂ, ਉਸ ਦੇ ਸਾਰੇ ਗਿਲੇ ਤੇ ਹੰਝੂ ਕੇਵਲ ਇਕ ਗਿਰੀ ਹੋਈ ਇਸਤ੍ਰੀ ਦੇ ਮੱਕਾਰ ਸਨ ਜੋ ਉਸ ਤੋਂ ਵੱਧ ਤੋਂ ਵੱਧ ਲਾਭ ਉਠਾਣਾ ਚਾਹੁੰਦੀ ਸੀ। ਉਸ ਨੂੰ ਲੱਗਿਆ ਜਿਵੇਂ ਉਸ ਨੇ ਉਸ ਨਾਲ ਆਪਣੀ ਪਿਛਲੀ ਮੁਲਾਕਾਤ ਸਮੇਂ ਹੂੜਮੱਤ ਦੇ ਚਿੰਨ੍ਹ ਵੇਖੇ ਸਨ। ਇਹ ਸਭ ਕੁਝ ਉਸ ਦੇ ਮਨ ਵਿਚ ਬਿਜਲੀ ਵਾਕਰ ਫਿਰ ਗਿਆ ਤੇ ਉਹ ਸੁਤੇ ਹੀ ਸਿਰ ਤੋਂ ਟੋਪੀ ਰਖਕੇ ਹਸਪਤਾਲ ਤੋਂ ਬਾਹਰ ਆ ਗਿਆ।

"ਹੁਣ ਮੈਨੂੰ ਕੀ ਕਰਨਾ ਚਾਹੀਦਾ ਹੈ? ਕੀ ਮੈਂ ਹਾਲੀ ਵੀ ਉਸ ਨਾਲ ਬੱਝਾ ਹੋਇਆ ਹਾਂ? ਕੀ ਉਸ ਦੇ ਇਸ ਕੰਮ ਨੇ ਮੈਨੂੰ ਆਜ਼ਾਦ ਨਹੀਂ ਕਰ ਦਿੱਤਾ ?" ਜਦੋਂ ਉਸ ਨੇ ਆਪਣੇ ਆਪ ਉਤੇ ਇਹ ਸਵਾਲ ਕੀਤੇ ਤਾਂ ਉਸ ਨੂੰ ਇਕ ਦਮ ਗਿਆਨ ਹੋ ਗਿਆ ਕਿ ਜੇ ਉਸ ਨੇ ਆਪਣੇ ਆਪ ਨੂੰ ਆਜ਼ਾਦ ਸਮਝਿਆ ਤੇ ਮਸਲੌਫ਼ਾ ਦਾ ਖਿਆਲ ਛੱਡ ਦਿੱਤਾ, ਤਾਂ ਉਹ ਉਸ

ਨੂੰ ਨਹੀਂ, ਜੋ ਉਹ ਕਰਨਾ ਚਾਹੁੰਦਾ ਸੀ, ਸਗੋਂ ਆਪਣੇ ਆਪ ਨੂੰ ਦੰਡੇਗਾ ਤੇ ਉਸ ਨੂੰ ਇਸ ਭੈ ਨੇ ਪਕੜ ਲਿਆ।

'ਨਹੀਂ, ਜੋ ਹੋ ਚੁੱਕਾ ਹੈ ਮੇਰੇ ਸੰਕਲਪ ਨੂੰ ਬਦਲ ਨਹੀਂ ਸਕਦਾ, ਇਹ ਤਾਂ ਸਗੋਂ ਮੇਰੇ ਸੰਕਲਪ ਨੂੰ ਦ੍ਰਿੜ੍ਹ ਹੀ ਕਰ ਸਕਦਾ ਹੈ। ਉਹ ਕਰੇ ਜੋ ਉਸ ਦੇ ਮਨ ਦੀ ਇਸ ਅਵਸਥਾ ਵਿਚੋਂ ਉਮਗਦਾ ਹੈ। ਜੇ ਇਹ ਡਾਕਟਰ ਦੇ ਸਹਾਇਕ ਨਾਲ ਯਰਾਨਾ ਹੈ, ਤਾਂ ਉਹ ਪਈ ਰੱਖੇ, ਉਹ ਜਾਣੇ ਤੇ ਉਸ ਦਾ ਕੰਮ ਜਾਣੇ। ਮੈਨੂੰ ਉਹ ਹੀ ਕਰਨਾਂ ਚਾਹੀਦਾ ਹੈ ਜੋ ਮੇਰਾ ਅੰਤਹਕਰਣ ਆਖਦਾ ਹੈ। ਤੇ ਮੇਰਾ ਅੰਤਹਕਰਣ ਆਖਦਾ ਹੈ ਮੈਂ ਆਪਣੀ ਸੁਤੰਤਰਤਾ ਦੀ ਬਲੀ ਦੇ ਦੇਵਾਂ। ਮੇਰਾ ਉਸ ਨੂੰ ਵਿਆਹ ਲੈਣ ਦਾ.... ਭਾਵੇਂ ਨਾਮ ਮਾਤਰ ਹੀ ਹੋਵੇ ਤੇ ਜਿਥੇ ਵੀ ਉਸ ਨੂੰ ਭੇਜਿਆ ਜਾਂਦਾ ਹੈ ਉਸ ਦੇ ਮਗਰ ਜਾਣ ਦਾ ਸੰਕਲਪ ਅਟੱਲ ਹੈ।" ਨਖ਼ਲਿਊਦੌਫ਼ ਨੇ ਇਹ ਸਭ ਕੁਝ ਆਪਣੇ ਆਪ ਨੂੰ ਇਕ ਅੱਥਰੇ ਹੱਠ ਨਾਲ ਆਖਿਆ। ਤੇ ਉਹ ਹਸਪਤਾਲ ਵਿਚੋਂ ਨਿਕਲ ਕੇ ਦ੍ਰਿੜ ਕਦਮਾਂ ਨਾਲ ਕੈਦਖ਼ਾਨੇ ਦੇ ਫਾਟਕਾਂ ਵੱਲ ਤੁਰ ਗਿਆ।

ਦਰਵਾਜ਼ੇ ਉੱਤੇ ਤਾਇਨਾਤ ਪਹਿਰੇਦਾਰ ਨੂੰ ਉਸ ਇਨਸਪੈਕਟਰ ਨੂੰ ਦੱਸ ਦੇਣ ਲਈ ਆਖਿਆ ਕਿ ਉਹ ਮਸਲੌਫ਼ਾ ਨੂੰ ਮਿਲਣ ਆਇਆ ਹੈ। ਪਹਿਰੇਦਾਰ ਨਖ਼ਲਿਊਦੌਫ਼ ਨੂੰ ਜਾਣਦਾ ਸੀ। ਤੇ ਜਿਵੇਂ ਕਿਸੇ ਵਾਕਫ ਨੂੰ ਦੱਸੀਦਾ ਹੈ ਉਸ ਨੇ ਕੈਦਖ਼ਾਨੇ ਦੀਆਂ ਸਾਰੀਆਂ ਖ਼ਬਰਾਂ ਦਿੱਤੀਆਂ।

ਪੁਰਾਣਾ ਇਨਸਪੈਕਟਰ ਹਟ ਗਿਆ ਸੀ, ਤੋਂ ਇਕ ਨਵਾਂ ਬੜਾ ਸਖ਼ਤ ਕਰਮਚਾਰੀ ਜੋ ਉਸ ਦੀ ਥਾਂ ਆ ਗਿਆ ਸੀ।

"ਅੱਜ ਕਲ ਉਹ ਇਤਨੇ ਸਖ਼ਤ ਹਨ, ਕਿ ਰੱਬ ਹੀ ਭਲਾ" ਪਹਿਰੇਦਾਰ ਨੇ ਆਖਿਆ। "ਉਹ ਇਸ ਅੰਦਰ ਹੈ, ਤੇ ਮੈਂ ਹੁਣੇ ਉਸ ਨੂੰ ਦੱਸਦਾ ਹਾਂ।"

ਨਵਾਂ ਇਨਸਪੈਕਟਰ ਜੇਲ੍ਹ ਦੇ ਅੰਦਰ ਹੀ ਸੀ, ਤੇ ਝੱਟ ਨਖ਼ਲਿਊਦੌਫ਼ ਕੋਲ ਆ ਗਿਆ। ਉਹ ਇਕ ਲੰਮਾ, ਤਿੱਖੇ ਹੱਡਾਂ ਵਾਲਾ ਪੁਰਸ਼ ਸੀ। ਉਸ ਦੀਆਂ ਗੱਲ੍ਹਾਂ, ਦੀਆਂ ਹੱਡੀਆਂ ਉੱਚੀਆਂ ਸਨ, ਉਹ ਬਸੂਰਿਆ ਜੇਹਾ, ਸੁਸਤ ਚਾਲ ਜੇਹਾ ਦਿੱਸਦਾ ਸੀ।

"ਮੁਲਾਕਾਤਾਂ ਨਿਯਤ ਦਿਨਾਂ ਉੱਤੇ ਮੁਲਾਕਾਤੀ ਕਮਰੇ ਵਿਚ ਕਰਵਾਈਆਂ ਜਾਂਦੀਆਂ ਹਨ।" ਉਹ ਨਖ਼ਲਿਊਦੌਫ਼ ਵੱਲ ਵੇਖੇ ਬਿਨਾਂ ਹੀ ਬੋਲਿਆ।

"ਪਰ ਮੈਂ ਸਮਰਾਟ ਅੱਗੇ ਪੇਸ਼ ਕਰਨ ਲਈ ਇਕ ਅਰਜ਼ੀ ਉੱਤੇ ਦਸਖ਼ਤ ਕਰਵਾਣੇ ਹਨ।"

"ਤੁਸੀਂ ਇਹ ਮੈਨੂੰ ਦੇ ਸਕਦੇ ਹੋ।"

"ਮੈਂ ਕੈਦੀ ਨੂੰ ਵੀ ਜ਼ਰੂਰ ਮਿਲਣਾ ਹੈ। ਪਹਿਲਾਂ ਮੈਨੂੰ ਸਦਾ ਆਗਿਆ ਮਿਲ ਜਾਂਦੀ ਰਹੀ ਹੈ।"

"ਹਾਂ, ਪਹਿਲਾਂ ਇਵੇਂ ਹੀ ਸੀ।" ਇਨਸਪੈਕਟਰ ਨੇ, ਨਖ਼ਲਿਊਦੌਫ਼ ਵੱਲ ਚੋਰ-ਅੱਖ ਨਾਲ ਵੇਖ ਕੇ, ਉੱਤਰ ਦਿੱਤਾ।

"ਮੇਰੇ ਪਾਸ ਗਵਰਨਰ ਦਾ ਇਕ ਆਗਿਆ ਪੱਤਰ ਹੈ।" ਨਖ਼ਲਿਊਦੌਫ਼ ਨੇ ਹੱਠ ਨਾਲ ਆਖਿਆ, ਤੇ ਆਪਣੀ ਜੇਬ-ਪੁਸਤਕ ਬਾਹਰ ਕੱਢ ਲਈ।

"ਜੇ ਆਗਿਆ ਹੋਵੇ।" ਇਨਸਪੈਕਟਰ ਕਹਿਣ ਲੱਗਾ, ਉਸ ਨੇ ਹਾਲੀ ਵੀ ਨਖ਼ਲਿਊਦੌਫ਼ ਨਾਲ ਅੱਖ ਨਾ ਮਿਲਾਈ, ਤੇ ਆਪਣੀਆਂ ਖ਼ੁਸ਼ਕ, ਲੰਮੀਆਂ ਤੇ ਚਿੱਟੀਆਂ ਉਂਗਲਾਂ ਨਾਲ ਨਖ਼ਲਿਊਦੌਫ਼ ਪਾਸੋਂ ਕਾਗਜ਼ ਲੈ ਲਿਆ। ਉਸ ਦੀ ਪਹਿਲੀ ਉਂਗਲ ਵਿਚ ਇਕ ਸੋਨੇ ਦੀ ਮੁੰਦਰੀ ਸੀ। ਕਾਗਜ਼ ਨੂੰ ਹੌਲੀ ਹੌਲੀ ਪੜ੍ਹਦੇ ਉਸ ਨੇ ਆਖਿਆ, "ਕਿਰਪਾ ਕਰਕੇ ਦਫ਼ਤਰ ਵਿਚ ਆ ਜਾਓ।"

ਇਸ ਵਾਰੀ ਦਫ਼ਤਰ ਖ਼ਾਲੀ ਸੀ। ਇਨਸਪੈਕਟਰ ਮੇਜ਼ ਅੱਗੇ ਬੈਠ ਗਿਆ, ਤੇ ਇਸ ਉਪਰ ਵਾਲੇ ਕਾਗਜ਼ਾਂ ਨੂੰ ਸੰਵਾਰਨ ਲੱਗਾ। ਦਿੱਸਦਾ ਸੀ ਕਿ ਉਹ ਮੁਲਾਕਾਤ ਆਪਣੇ ਸਾਹਮਣੇ ਕਰਵਾਏਗਾ।

ਜਦੋਂ ਨਖ਼ਲਿਊਦੌਫ਼ ਨੇ ਰਾਜਸੀ ਕੈਦੀ ਦੂਖੋਫ਼ਾ ਨੂੰ ਮਿਲਣ ਲਈ ਆਖਿਆ, ਤਾਂ ਇਨਸਪੈਕਟਰ ਨੇ ਝੱਟ ਕਹਿ ਦਿੱਤਾ ਕਿ ਇਹ ਨਹੀਂ ਹੋ ਸਕਦਾ ਸੀ।

"ਰਾਜਸੀ ਕੈਦੀਆਂ ਨਾਲ ਮੁਲਾਕਾਤਾਂ ਦੀ ਇਜ਼ਾਜ਼ਤ ਨਹੀਂ।" ਉਸ ਨੇ ਆਖਿਆ ਤੇ ਫਿਰ ਕਾਗਜ਼ਾਂ ਉੱਤੇ ਨਜ਼ਰ ਗੱਡ ਲਈ। ਆਪਣੀ ਜੇਬ ਵਿਚ ਦੂਖੋਫ਼ਾ ਦੀ ਚਿੱਠੀ ਦੇ ਕਾਰਣ ਨਖ਼ਲਿਊਦੌਫ਼ ਨੂੰ ਲੱਗਾ ਜਿਵੇਂ ਉਹ ਕੋਈ ਅਪਰਾਧ ਕਰਨ ਲੱਗਾ ਸੀ, ਤੇ ਉਸ ਦੀਆਂ ਵਿਉਂਤਾਂ ਦਾ ਪਤਾ ਲੱਗਦਾ ਗਿਆ ਸੀ ਤੇ ਉਹ ਅਸਫ਼ਲ ਹੋ ਗਈਆਂ ਸਨ।

ਮਸਲੌਫ਼ਾ ਕਮਰੇ ਵਿਚ ਆਈ ਤਾਂ ਇਨਸਪੈਕਟਰ ਨੇ ਸਿਰ ਚੁਕ ਲਿਆ ਤੇ ਉਸ ਵੱਲ ਜਾਂ ਨਖ਼ਲਿਊਦੌਫ਼ ਵੱਲ ਵੇਖਣ ਤੋਂ ਬਿਨਾਂ ਹੀ ਆਖ ਦਿੱਤਾ, "ਤੁਸੀਂ ਗੱਲਾਂ ਕਰ ਲਵੋ।" ਤੇ ਆਪਣੇ ਕਾਗਜ਼ ਸੰਵਾਰਦਾ ਰਿਹਾ।

ਮਸਲੌਫ਼ਾ ਨੇ ਫਿਰ ਚਿੱਟੀ ਜਾਕਟ, ਪੇਟੀਕੋਟ, ਤੇ ਦੁਪੱਟਾ ਪਹਿਨੇ ਹੋਏ ਸਨ। ਉਹ ਨਖ਼ਲਿਊਦੌਫ਼ ਕੋਲ ਆਈ ਤਾਂ ਉਸ ਦੀਆਂ ਕੋਰੀਆਂ ਕਰੜੀਆਂ ਅੱਖਾਂ ਵੱਲ ਤੱਕ ਕੇ ਉਹ

ਸ਼ਰਮ ਨਾਲ ਲਾਲ ਸੂਹੀ ਹੋ ਗਈ ਤੇ ਆਪਣੀ ਜਾਕਟ ਦੀ ਕੰਨੀ ਨੂੰ ਹੱਥਾਂ ਨਾਲ ਮਸਲਦਿਆਂ ਉਸ ਨੇ ਅੱਖਾਂ ਨੀਵੀਆਂ ਕਰ ਲਈਆਂ।

ਨਖਲਿਊਦੌਫ਼ ਨੂੰ ਉਸ ਦੀ ਘਬਰਾਹਟ ਹਸਪਤਾਲ ਦੇ ਦਰਬਾਨ ਦੇ ਸ਼ਬਦਾਂ ਦਾ ਸਮਰਥਨ ਕਰਦੀ ਜਾਪੀ।

ਨਖਲਿਊਦੌਫ਼ ਦਾ ਇਰਾਦਾ ਉਸ ਨਾਲ ਪਹਿਲਾਂ ਵਾਕਰ ਹੀ ਸਲੂਕ ਰੱਖਣ ਦਾ ਸੀ, ਪਰ ਹੁਣ ਉਹ ਉਸ ਨੂੰ ਇਤਨੀ ਘਿਣਾਉਣੀ ਲੱਗੀ ਕਿ ਉਹ ਉਸ ਨਾਲ ਮਿਲਾਣ ਲਈ ਆਪਣਾ ਹੱਥ ਅੱਗੇ ਨਾ ਕਰ ਸਕਿਆ।

"ਮੈਂ ਤੇਰੇ ਲਈ ਭੈੜੀ ਖ਼ਬਰ ਲਿਆਇਆ ਹਾਂ," ਉਸ ਨੇ ਇਕਸਾਰ ਜੇਹੀ ਆਵਾਜ਼ ਵਿਚ, ਮਸਲੌਫ਼ਾ ਵੱਲ ਵੇਖਣ ਜਾਂ ਹੱਥ ਅੱਗੇ ਕਰਨ ਤੋਂ ਬਿਨਾਂ ਆਖਿਆ, "ਸੈਨਿਟ ਨੇ ਅਪੀਲ ਰੱਦ ਕਰ ਦਿੱਤੀ ਹੈ।"

"ਮੈਨੂੰ ਪਤਾ ਸੀ ਉਹ ਇਵੇਂ ਕਰਨਗੇ।" ਮਸਲੌਫ਼ਾ ਨੇ ਇਕ ਓਪਣੀ ਜੇਹੀ ਆਵਾਜ਼ ਵਿਚ ਆਖਿਆ, ਜਿਵੇਂ ਉਸ ਦਾ ਸਾਹ ਘੱਟ ਰਿਹਾ ਹੋਵੇ।

ਪਹਿਲਾਂ ਹੁੰਦਾ ਤਾਂ ਨਖ਼ਲਿਊਦੌਫ਼ ਨੇ ਪੁੱਛਣਾ ਸੀ ਕਿ ਉਹ ਕਿਵੇਂ ਕਹਿੰਦੀ ਸੀ ਕਿ ਉਸ ਨੂੰ ਇਹ ਪਤਾ ਸੀ। ਹੁਣ ਉਹ ਉਸ ਵੱਲ ਕੇਵਲ ਵੇਖ ਰਿਹਾ ਸੀ। ਮਸਲੌਫ਼ਾ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ ਸਨ।

ਪਰ ਇਸ ਨਾਲ ਉਹ ਨਰਮ ਨਾ ਹੋਇਆ, ਸਗੋਂ ਉਸ ਦੇ ਵਿਰੁੱਧ ਉਸ ਦੀ ਖਿੱਝ ਹੋਰ ਵੀ ਵਧ ਗਈ।

ਇਨਸਪੈਕਟਰ ਉੱਠਿਆ ਤੇ ਕਮਰੇ ਵਿਚ ਇਧਰ ਉਧਰ ਚਲਣ ਲੱਗ ਪਿਆ।

ਉਹ ਗਿਲਾਨੀ ਦੇ ਬਾਵਜੂਦ, ਜੋ ਨਖ਼ਲਿਊਦੌਫ਼ ਨੂੰ ਇਸ ਵੇਲੇ ਮਸਲੌਫ਼ਾ ਨਾਲ ਹੋ ਰਹੀ ਸੀ, ਉਸ ਨੇ ਸੈਨਿਟ ਦੇ ਫੈਸਲੇ ਉਤੇ ਆਪਣਾ ਸ਼ੱਕ ਪ੍ਰਗਟ ਕਰਨਾ ਠੀਕ ਸਮਝਿਆ।

"ਨਿਰਾਸ਼ ਨਹੀਂ ਹੋਣਾ," ਉਹ ਬੋਲਿਆ, "ਸਮਰਾਟ ਅੱਗੇ ਅਰਜ਼ੀ ਸਫ਼ਲ ਹੋ ਸਕਦੀ ਹੈ, ਤੇ ਮੈਨੂੰ ਆਸ ਹੈ..."

"ਮੈਂ ਉਸ ਬਾਰੇ ਨਹੀਂ ਸੋਚ ਰਹੀ।" ਉਹ ਉਸ ਵੱਲ ਆਪਣੀਆਂ ਸਜਲ ਤਿਰਛੀਆਂ ਅੱਖਾਂ ਨਾਲ ਕਰੁਣਾਤਰ ਹੋ ਕੇ ਬੋਲੀ।

"ਫਿਰ ਹੋਰ ?"

"ਤੁਸੀਂ ਹਸਪਤਾਲ ਹੋ ਆਏ ਹੋ, ਤੇ ਉਨ੍ਹਾਂ ਨੇ ਜ਼ਰੂਰ ਮੇਰੇ ਬਾਰੇ ਦੱਸਿਆ ਹੋਵੇਗਾ

"ਕੋਈ ਗੱਲ ਨਹੀਂ। ਉਹ ਤੇਰੀ ਮਰਜ਼ੀ ਹੈ," ਨਖ਼ਲਿਊਦੌਫ਼ ਨੇ ਤਿਉੜੀ ਪਾ ਕੇ ਠੰਡੇ ਜੇਹੇ ਬੋਲ ਵਿਚ ਆਖਿਆ। ਘਾਇਲ ਅਭਿਮਾਨ ਦੀ ਕਠੋਰ ਭਾਵਨਾ ਜੋ ਦਬੀ ਹੋਈ ਸੀ, ਹੁਣ ਨਵੇਂ ਜ਼ੋਰ ਨਾਲ ਉੱਠੀ, ਜਦੋਂ ਉਸ ਨੇ ਹਸਪਤਾਲ ਦੀ ਗੱਲ ਕੀਤੀ।

ਉਹ, ਇਕ ਸੰਸਾਰੀ, ਜਿਸ ਨਾਲ ਵਿਆਹ ਕਰਨ ਨੂੰ ਵੱਡੇ ਤੋਂ ਵੱਡੇ ਘਰਾਂ ਦੀਆਂ ਧੀਆਂ ਆਪਣਾ ਸੁਭਾਗ ਸਮਝਦੀਆਂ ਹੋਣ, ਇਸ ਤੀਵੀਂ ਦਾ ਪਤੀ ਬਣਨ ਨੂੰ ਆਖ ਚੁੱਕਾ ਸੀ, ਤੇ ਉਹ ਉਡੀਕ ਨਾ ਸਕੀ, ਡਾਕਟਰ ਦੇ ਸਹਾਇਕ ਨਾਲ ਯਰਾਨਾ ਗੰਢਣ ਲੱਗ ਪਈ, ਉਸ ਨੇ ਨਫਰਤ ਦੀ ਨਜ਼ਰ ਭਰ ਕੇ ਸੋਚਿਆ।

"ਅੱਛਾ, ਇਸ ਅਰਜ਼ੀ ਉੱਤੇ ਦਸਤਖਤ ਕਰ ਦੇ," ਉਸ ਨੇ ਜੇਬ ਵਿਚੋਂ ਇਕ ਵੱਡਾ ਸਾਰਾ ਲਫਾਫਾ ਕੱਢ ਕੇ, ਤੇ ਅਰਜ਼ੀ ਮੇਜ਼ ਉੱਤੇ ਰੱਖਕੇ, ਆਖਿਆ। ਮਸਲੌਫ਼ਾ ਨੇ ਦੁਪੱਟੇ ਦੀ ਕੰਨੀ ਨਾਲ ਹੰਝੂ ਪੂੰਝੇ ਤੇ ਪੁੱਛਿਆ ਕੀ ਤੇ ਕਿਥੇ ਲਿਖਣਾ ਸੀ।

ਨਖ਼ਲਿਊਦੌਫ਼ ਨੇ ਦੱਸਿਆ ਤੇ ਉਹ ਖੱਬੇ ਹੱਥ ਨਾਲ ਸੱਜੀ ਬਾਂਹ ਦੀ ਚੂੜੀ ਸੰਵਾਰਦੀ ਬੈਠ ਵੇਖੀ ਗਿਆ ਗਈ। ਉਹ ਉਸ ਦੇ ਪਿੱਛੇ ਖੜਾ ਹੋ ਗਿਆ, ਤੇ ਚੁੱਪ ਚਾਪ ਉਸ ਦੀ ਪਿੱਠ ਵੱਲ ਜੋ ਘੁਟੇ ਹੋਏ ਗੁੱਸੇ ਨਾਲ ਕੰਬ ਰਹੀ ਸੀ। ਨਖ਼ਲਿਊਦੌਫ਼ ਦੇ ਸੀਨੇ ਵਿਚ ਸ਼ੁਭ ਤੇ ਅਸ਼ੁਭ ਭਾਵਨਾਵਾਂ ਝਗੜ ਰਹੀਆਂ ਸਨ। ਆਪਣੇ ਘਾਇਲ ਅਭਿਮਾਨ ਦੀ ਭਾਵਨਾ ਤੇ ਉਸ ਦੁੱਖ ਦੀ ਮਾਰੀ ਵੱਲ ਤਰਸ....... ਤੇ ਪਿਛਲੀ ਭਾਵਨਾ ਜੇਤੂ ਰਹੀ।

ਉਹ ਕਹਿ ਨਹੀਂ ਸਕਦਾ ਸੀ ਪਹਿਲੋਂ ਕਿਹੜੀ ਭਾਵਨਾ ਆਈ ਸੀ। ਉਸ ਲਈ ਤਰਸ ਪਹਿਲੋਂ ਉਸ ਦੇ ਦਿਲ ਵਿਚ ਉੱਠਿਆ ਸੀ, ਜਾਂ ਪਹਿਲਾਂ ਉਸ ਨੇ ਆਪਣੇ ਪਾਪਾਂ ਨੂੰ ਯਾਦ ਕੀਤਾ ਸੀ...ਆਪਣੇ ਕੋਝੇ ਕੰਮਾਂ ਨੂੰ ਉਹ ਜਿਨ੍ਹਾਂ ਲਈ ਹੁਣ ਉਹ ਉਸ ਵਿਚਾਰੀ ਨੂੰ ਦੋਸ਼ ਦੇ ਰਿਹਾ ਸੀ ? ਕਿਵੇਂ ਵੀ ਹੋਵੇ ਉਹ ਆਪਣੇ ਆਪ ਨੂੰ ਦੋਸ਼ੀ ਅਨੁਭਵ ਕਰਦਾ ਸੀ ਤੇ ਮਸਲੌਫ਼ਾ ਉੱਤੇ ਉਸ ਨੂੰ ਤਰਸ ਵੀ ਆ ਰਿਹਾ ਸੀ।

ਅਰਜ਼ੀ ਉੱਤੇ ਦਸਤਖ਼ਤ ਕਰਕੇ ਤੇ ਆਪਣੀ ਸਿਆਹੀ ਲਿਬੜੀ ਉਂਗਲੀ ਨੂੰ ਪੇਟੀਕੋਟ ਤੇ ਪੂੰਝ ਕੇ ਉਹ ਉੱਠ ਖਲੋਤੀ ਤੇ ਨਖ਼ਲਿਊਦੌਫ਼ ਵੱਲ ਵੇਖਣ ਲੱਗੀ।

"ਕੁਝ ਵੀ ਹੋਵੇ, ਇਸ ਦਾ ਕੁਝ ਵੀ ਬਣੇ, ਮੇਰਾ ਸੰਕਲਪ ਅਟੱਲ ਹੈ." ਨਖ਼ਲਿਊਦੌਫ਼ ਨੇ ਆਖਿਆ। ਇਸ ਖਿਆਲ ਨੇ ਕਿ ਉਸ ਨੇ ਉਸ ਨੂੰ ਮੁਆਫ ਕਰ ਦਿੱਤਾ

ਸੀ, ਉਸਦੀਆਂ ਮਸਲੋਫ਼ਾਂ ਵੱਲ ਤਰਸ ਤੇ ਕੋਮਲਤਾ ਦੀਆਂ ਭਾਵਨਾਵਾਂ ਨੂੰ ਹੋਰ ਉੱਚਿਆਂ ਕਰ ਦਿੱਤਾ ਤੇ ਉਸ ਨੇ ਮਸਲੌਫ਼ਾ ਨੂੰ ਤਸੱਲੀ ਦੇਣੀ ਚਾਹੀ : "ਮੈਂ ਉਹੀ ਕਰਾਂਗਾ ਜੋ ਮੈਂ ਆਖਿਆ ਹੈ, ਜਿਥੇ ਵੀ ਉਹ ਤੈਨੂੰ ਲੈ ਜਾਣ ਮੈਂ ਤੇਰੇ ਨਾਲ ਹੋਵਾਂਗਾ।"

"ਕੀ ਫ਼ਾਇਦਾ?" ਮਸਲੌਫ਼ਾ ਨੇ ਝੱਟ ਉਸ ਦੀ ਗੱਲ ਕੱਟੀ ਭਾਵੇਂ ਉਸ ਦਾ ਸਾਰਾ ਮੁਖੜਾ ਉਜਲਾ ਹੋ ਗਿਆ ਸੀ।

"ਤੂੰ ਹੁਣ ਜੋ ਕੁਝ ਤੈਨੂੰ ਰਾਹ ਵਿਚ ਚਾਹੀਦਾ ਹੋਵੇਗਾ, ਉਸ ਬਾਰੇ ਸੋਚ, ਮੈਨੂੰ ਤਾਂ ਕਿਸੇ ਗੱਲ ਦਾ ਕੋਈ ਖ਼ਾਸ ਪਤਾ ਨਹੀਂ ਧੰਨਵਾਦ।"

ਇਨਸਪੈਕਟਰ ਨੇੜੇ ਆ ਗਿਆ, ਤੇ ਉਸ ਤੋਂ ਕੋਈ ਗੱਲ ਅਖਵਾਣ ਤੋਂ ਪਹਿਲਾਂ ਨਖ਼ਲਿਊਦੌਫ਼ ਨੇ ਛੁੱਟੀ ਲੈ ਲਈ, ਤੇ ਉਹ ਆਪਣੇ ਦਿਲ ਵਿਚ ਅਜੇਹੀ ਸ਼ਾਂਤੀ ਖੁਸ਼ੀ ਤੇ ਸਭਨਾਂ ਵਲ ਪ੍ਰੇਮ ਨਾਲ, ਜਿਹੜਾ ਕਿ ਉਸ ਨੇ ਪਹਿਲਾਂ ਕਦੇ ਅਨੁਭਵ ਨਹੀਂ ਕੀਤਾ ਸੀ, ਬਾਹਰ ਆ ਗਿਆ। ਇਸ ਨਿਸਚੇ ਨੇ, ਕਿ ਮਸਲੌਫ਼ਾ ਦਾ ਕੁਝ ਵੀ ਕੀਤਾ ਉਸ ਦੀ ਉਸ ਪ੍ਰਤਿ ਮੁਹੱਬਤ ਨੂੰ ਘਟਾ ਨਹੀਂ ਸਕਦਾ ਸੀ, ਉਸ ਨੂੰ ਗਦ ਗਦ ਕਰ ਦਿੱਤਾ ਤੇ ਉਸ ਸਚਾਈ ਤਕ ਉਠਾ ਦਿੱਤਾ ਜੋ ਉਸ ਨੂੰ ਪਹਿਲਾਂ ਕਦੇ ਪ੍ਰਾਪਤ ਨਹੀਂ ਹੋਈ ਸੀ। ਉਹ ਡਾਕਟਰ ਦੇ ਸਹਾਇਕ ਨਾਲ ਪਈ ਸਲਾਹਾਂ ਕਰੇ, ਇਹ ਉਸ ਦੀ ਮਰਜ਼ੀ ਸੀ। ਉਹ ਉਸ ਨੂੰ ਆਪਣੀ ਖ਼ਾਤਰ ਨਹੀਂ, ਉਸ ਦੀ ਖ਼ਾਤਰ ਤੇ ਈਸ਼ਵਰ ਦੀ ਖ਼ਾਤਰ ਪ੍ਰੇਮ ਕਰਦਾ ਸੀ।

ਤੇ ਇਹ ਸਾਜ਼ਿਸ਼ ਜਿਸ ਲਈ ਮਸਲੌਫ਼ਾ ਨੂੰ ਹਸਪਤਾਲ ਵਿਚੋਂ ਕੱਢ ਦਿੱਤਾ ਗਿਆ ਸੀ ਤੇ ਜਿਸ ਲਈ ਨਖ਼ਲਿਊਦੌਫ਼ ਉਸ ਨੂੰ ਕਸੂਰਵਾਰ ਸਮਝਦਾ ਸੀ, ਇਤਨੀ ਗੱਲ ਸੀ।

ਵੱਡੀ ਨਰਸ ਨੇ ਮਸਲੌਫ਼ਾ ਨੂੰ ਵਰਾਂਡੇ ਦੇ ਸਿਰੇ ਉੱਤੇ ਦਵਾਈ ਖ਼ਾਨੇ ਵਿਚੋਂ ਇਕ ਬੂਟੀ ਚਾਹ ਲਿਆਣ ਭੇਜਿਆ ਸੀ। ਉਥੇ ਇਸ ਇਕੱਲੀ ਨੂੰ ਉਹ ਸਹਾਇਕ ਮਿਲ ਗਿਆ। ਇਕ ਲੰਮਾ, ਮੂੰਹ ਉੱਤੇ ਕਿੱਲਾਂ ਵਾਲਾ ਆਦਮੀ ਜੋ ਉਸ ਨੂੰ ਬੜੇ ਚਿਰ ਤੋਂ ਤੰਗ ਕਰ ਰਿਹਾ ਸੀ। ਉਸ ਤੋਂ ਬਚ ਕੇ ਲੰਘ ਜਾਣ ਲਈ ਮਸਲੌਫ਼ਾ ਨੇ ਉਸ ਨੂੰ ਇਉਂ ਧੱਕਿਆ ਕਿ ਉਸ ਦਾ ਸਿਰ ਇਕ ਸ਼ੈਲਫ਼ ਉਤੇ ਜਾ ਵੱਜਾ ਜਿਸ ਤੇ ਦੋ ਬੋਤਲਾਂ ਡਿਗ ਕੇ ਟੁੱਟ ਗਈਆਂ।

ਵੱਡੇ ਡਾਕਟਰ ਨੇ ਜੋ ਉਸ ਮੌਕੇ ਉਥੋਂ ਲੰਘ ਰਿਹਾ ਸੀ, ਸ਼ੀਸ਼ੇ ਦੇ ਟੁੱਟਣ ਦੀ ਆਵਾਜ਼ ਸੁਣੀ ਤੇ ਮਸਲੌਫ਼ਾ ਨੂੰ ਲਾਲ-ਸੂਹੀ ਹੋਈ ਨੱਸੀ ਜਾਂਦੀ ਵੇਖ ਕੇ ਕਰੋਧ ਨਾਲ ਲਲਕਾਰਿਆ........

"ਓਇ, ਭਲੀਏ ਲੋਕੇ ਜੇ ਤੂੰ ਇਥੇ ਇਹੋ ਜੇਹੀਆਂ ਸ਼ਰਾਰਤਾਂ ਸ਼ੁਰੂ ਕੀਤੀਆਂ, ਮੈਂ ਤੈਨੂੰ ਵਾਪਸ ਤੇਰੇ ਕੰਮ ਉਤੇ ਘਲ ਦਿਆਂਗਾ...... ਇਸ ਦਾ ਕੀ ਮਤਲਬ ?" ਉਸਨੇ ਸਹਾਇਕ ਨੂੰ ਸੰਬੋਧਨ ਕਰ ਕੇ ਤੇ ਉਸ ਵੱਲ ਆਪਣੀਆਂ ਐਨਕਾਂ ਉੱਤੋਂ ਦੀ ਕਰੜੀ ਨਜ਼ਰ ਨਾਲ ਵੇਖ ਕੇ ਆਖਿਆ।

ਸਹਾਇਕ ਮੁਸਕਰਾਇਆ ਤੇ ਆਪਣੀ ਸਫ਼ਾਈ ਦੇਣ ਲੱਗਾ। ਡਾਕਟਰ ਨੇ ਉਸ ਨੂੰ ਸੁਣਿਆ ਤਾਂ ਕੋਈ ਨਾ, ਪਰ ਸਿਰ ਚੁੱਕ ਕੇ ਤੇ ਆਪਣੀਆਂ ਐਨਕਾਂ ਵਿਚੋਂ ਦੀ ਦੇਖ ਕੇ ਉਹ ਵਾਰਡ ਵਿਚ ਚਲਾ ਗਿਆ। ਉਸੇ ਦਿਨ ਉਸ ਨੇ ਇਨਸਪੈਕਟਰ ਨੂੰ ਕਹਿ ਦਿੱਤਾ ਕਿ ਉਹ ਕੋਈ ਵਧੇਰੇ ਗੰਭੀਰ ਸਹਾਇਕ ਨਰਸ ਮਸਲੌਫ਼ਾ ਦੀ ਥਾਂ ਭੇਜ ਦੇਵੇ।

ਤੇ ਇਹ ਸੀ ਮਸਲੌਫ਼ਾ ਦੀ ਸਾਜ਼ਿਸ਼, ਡਾਕਟਰ ਦੇ ਸਹਾਇਕ ਨਾਲ ਮੁਹੱਬਤ ਦੀ ਸਾਜ਼ਿਸ਼ ਦੇ ਦੋਸ਼ ਵਿਚ ਕੱਢੇ ਜਾਣਾ ਮਸਲੌਫ਼ਾ ਨੂੰ ਖ਼ਾਸ ਕਰਕੇ ਹੀ ਦੁਖਦਾਈ ਲਗਦਾ ਸੀ, ਕਿਉਂਕਿ ਪੁਰਸ਼ਾਂ ਨਾਲ ਸਬੰਧ, ਜਿਨ੍ਹਾਂ ਤੋਂ ਉਹ ਬਹੁਤ ਚਿਰ ਤੋਂ ਗਿਲਾਨੀ ਕਰਨ ਲੱਗ ਪਈ ਸੀ, ਹੁਣ ਨਖ਼ਲਿਊਦੌਫ਼ ਨੂੰ ਮਿਲਣ ਤੋਂ ਪਿੱਛੋਂ ਵਧੇਰੇ ਹੀ ਬੁਰੇ ਲੱਗਦੇ ਸਨ। ਇਹ ਖ਼ਿਆਲ ਉਸ ਨੂੰ ਬਹੁਤ ਦੁਖੀ ਕਰ ਰਿਹਾ ਸੀ ਕਿ ਉਸ ਦੇ ਬੀਤੇ ਜੀਵਨ ਤੇ ਹੁਣ ਦੀ ਸਥਿਤੀ ਨੂੰ ਸੋਚ ਕੇ ਹਰ ਪੁਰਸ਼, ਤੇ ਫਿਣਸੀਆਂ ਵਾਲਾ ਇਹ ਡਾਕਟਰੀ ਸਹਾਇਕ ਵੀ, ਸਮਝਦਾ ਸੀ ਉਸ ਨੂੰ ਹੱਕ ਸੀ ਕਿ ਮਸਲੌਫ਼ਾ ਦਾ ਅਪਮਾਨ ਕਰੇ ਤੇ ਜੇ ਉਹ ਇਨਕਾਰ ਕਰੇ ਤਾਂ ਹੈਰਾਨੀ ਦੀ ਗੱਲ ਸਮਝੇ। ਉਸ ਨੂੰ ਆਪਣੇ ਆਪ ਉੱਤੇ ਤਰਸ ਆਉਂਦਾ ਸੀ ਤੇ ਉਸ ਦੀਆਂ ਅੱਖਾਂ ਵਿਚ ਹੰਝੂ ਭਰ ਜਾਂਦੇ ਸਨ। ਇਸ ਵਾਰ ਜਦੋਂ ਉਹ ਬਾਹਰ ਨਖ਼ਲਿਊਦੌਫ਼ ਪਾਸ ਆਈ ਸੀ, ਤਾਂ ਉਹ ਆਪਣੇ ਆਪ ਨੂੰ ਉਸ ਝੂਠੀ ਤੁਹਮੱਤ ਤੋਂ ਸਾਫ਼ ਕਰਨਾ ਚਾਹੁੰਦੀ ਸੀ, ਜਿਸ ਬਾਰੇ ਉਹ ਜਾਣਦੀ ਸੀ ਉਸ ਨੇ ਜ਼ਰੂਰ ਸੁਣ ਲਿਆ ਹੋਵੇਗਾ। ਪਰ ਜਦੋਂ ਉਹ ਆਪਣੀ ਸਫ਼ਾਈ ਦੇਣ ਲੱਗੀ ਤਾਂ ਉਸ ਨੂੰ ਮਹਿਸੂਸ ਹੋਇਆ ਕਿ ਉਹ ਉਸ ਦਾ ਵਿਸ਼ਵਾਸ ਨਹੀਂ ਕਰ ਰਿਹਾ ਤੇ ਉਸ ਦੀਆਂ ਸਫ਼ਾਈਆਂ ਉਸ ਦੇ ਸ਼ੱਕ ਨੂੰ ਸਗੋਂ ਮਜ਼ਬੂਤ ਕਰਨਗੀਆਂ, ਤੇ ਉਸ ਦਾ ਗਲਾ ਹੰਝੂਆਂ ਨਾਲ ਰੁਕ ਗਿਆ ਤੇ ਉਹ ਚੁੱਪ ਹੋ ਗਈ।

ਮਸਲੌਫ਼ਾ ਹਾਲੇ ਵੀ ਸਮਝਦੀ ਸੀ ਤੇ ਆਪਣੇ ਆਪ ਨੂੰ ਨਿਸ਼ਚਾ ਕਰਵਾਂਦੀ ਸੀ ਕਿ ਉਸ ਨੇ ਨਖ਼ਲਿਊਦੌਫ਼ ਨੂੰ ਮਾਫ ਨਹੀਂ ਕੀਤਾ ਸੀ, ਸਗੋਂ ਉਹ ਉਸ ਨੂੰ ਨਫ਼ਰਤ ਕਰਦੀ ਸੀ ਜਿਵੇਂ ਉਸ ਨੇ ਉਸ ਨਾਲ ਆਪਣੀ ਦੂਜੀ ਮੁਲਾਕਾਤ ਵਿਚ ਹੀ ਆਖ ਦਿੱਤਾ ਸੀ। ਪਰ ਵਾਸਤਵ ਵਿਚ ਉਹ ਹੁਣ ਫਿਰ ਉਸ ਨੂੰ ਮੁਹੱਬਤ ਕਰਦੀ ਸੀ, ਇਤਨੀ ਮੁਹੱਬਤ ਕਰਦੀ ਸੀ

ਕਿ ਉਹ ਨਖ਼ਲਿਊਦੌਫ਼ ਦੇ ਆਖੇ ਸਭ ਕੁਝ ਕਰਦੀ ਸੀ ਉਸ ਨੇ ਸ਼ਰਾਬ ਤੇ ਤੰਮਾਕੂ ਪੀਣਾ ਤੇ ਨਖਰੇ ਕਰਨਾ ਛੱਡ ਦਿੱਤਾ ਸੀ, ਉਹ ਹਸਪਤਾਲ ਵਿਚ ਆ ਲੱਗੀ ਸੀ, ਕਿਉਂਕਿ ਉਹ ਜਾਣਦੀ ਸੀ ਕਿ ਉਹ ਇਹ ਚਾਹੁੰਦਾ ਸੀ। ਤੇ ਜੋ ਉਹ ਹਰ ਵਾਰੀ ਜਦੋਂ ਉਹ ਯਾਦ ਕਰਵਾਂਦਾ ਸਦਾ ਨਿਸ਼ਚੇ ਨਾਲ ਉਸ ਦੀ ਕੁਰਬਾਨੀ ਨੂੰ ਪ੍ਰਵਾਨ ਕਰਨ ਤੇ ਉਸ ਨਾਲ ਵਿਆਹ ਕਰਨ ਤੋਂ ਨਾਂਹ ਕਰ ਦੇਂਦੀ ਸੀ, ਤਾਂ ਇਸ ਲਈ ਕਿ ਉਹ ਉਨ੍ਹਾਂ ਅਭਿਮਾਨੀ ਸ਼ਬਦਾਂ ਨੂੰ ਜੋ ਇਕ ਵਾਰੀ ਆਖ ਬੈਠੀ ਸੀ,ਦੁਹਰਾਣਾ ਪਸੰਦ ਕਰਦੀ ਸੀ, ਤੇ ਨਾਲੇ ਇਸ ਲਈ ਕਿ ਉਹ ਜਾਣਦੀ ਸੀ ਉਸ ਨਾਲ ਵਿਆਹ ਕਰਵਾਣਾ ਨਖ਼ਲਿਊਦੌਫ਼ ਲਈ ਇਕ ਦੁਰਭਾਗ ਹੋਵੇਗਾ। ਉਸ ਨੇ ਆਪਣੇ ਮਨ ਵਿਚ ਦ੍ਰਿੜ ਕਰ ਲਿਆ ਹੋਇਆ ਸੀ ਕਿ ਉਸ ਦੀ ਕੁਰਬਾਨੀ ਪ੍ਰਵਾਨ ਨਹੀਂ ਕਰੇਗੀ। ਪਰ ਫਿਰ ਵੀ ਇਹ ਖ਼ਿਆਲ ਕਿ ਉਹ ਉਸ ਤੋਂ ਗਿਲਾਨੀ ਕਰਦਾ ਸੀ ਤੇ ਸਮਝਦਾ ਸੀ ਕਿ ਉਹ, ਉਹ ਕੁਝ ਹੀ ਹੈ ਜੋ ਪਹਿਲਾਂ ਸੀ ਤੇ ਉਸ ਤਬਦੀਲੀ ਨੂੰ ਵੇਖਦਾ ਨਹੀਂ ਸੀ ਜੋ ਉਸ ਵਿਚ ਆ ਗਈ ਸੀ,ਬਹੁਤ ਦੁਖਦਾਈ ਸੀ। ਨਖ਼ਲਿਊਦੌਫ਼ ਸ਼ਾਇਦ ਇਹੀ ਸਮਝਦਾ ਹੋਵੇਗਾ ਕਿ ਉਸ ਨੇ ਹਸਪਤਾਲ ਵਿਚ ਕੋਈ ਬਦੀ ਕੀਤੀ ਸੀ। ਮਸਲੌਫ਼ਾ ਨੂੰ ਇਹ ਖਿਆਲ ਇਸ ਖ਼ਬਰ ਨਾਲੋਂ ਵਧੇਰੇ ਦੁਖੀ ਕਰ ਰਿਹਾ ਸੀ ਕਿ ਉਸ ਦੀ ਸਜ਼ਾ ਪੱਕੀ ਕਰ ਦਿੱਤੀ ਗਈ ਸੀ।

-0-

30

ਹੋ ਸਕਦਾ ਸੀ ਮਸਲੌਫ਼ਾ ਕੈਦੀਆਂ ਦੇ ਪਹਿਲੇ ਜੱਥੇ ਨਾਲ ਭੇਜ ਦਿੱਤੀ ਜਾਵੇ। ਇਸ ਲਈ ਨਖ਼ਲਿਊਦੌਫ਼ ਨੇ ਆਪਣੇ ਜਾਣ ਦੀ ਤਿਆਰੀ ਕਰ ਲਈ। ਪਰ ਇੰਨਾ ਕੁਝ ਕਰਨ ਵਾਲਾ ਸੀ ਕਿ ਉਹ ਮਹਿਸੂਸ ਕਰਦਾ ਸੀ ਕਿ ਭਾਵੇਂ ਉਸ ਪਾਸ ਕਿੰਨਾ ਵੀ ਸਮਾਂ ਹੋਵੇ ਉਹ ਸਾਰੇ ਕੰਮ ਮੁਕਾ ਨਹੀਂ ਸਕਦਾ ਸੀ। ਹੁਣ ਹਾਲਤ ਪਹਿਲਾਂ ਨਾਲੋਂ ਬਿਲਕੁਲ ਵੱਖਰੀ ਸੀ। ਪਹਿਲਾਂ ਉਸਨੂੰ ਉਹ ਕੰਮ ਪੈਦਾ ਕਰਨੇ ਪੈਂਦੇ ਸਨ, ਜਿਨ੍ਹਾਂ ਦਾ ਕੇਂਦਰੀ ਸੋਮਾ ਇਕ ਵਿਅਕਤੀ, ਅਰਥਾਤ ਦਮਿਤਰੀ ਈਵਾਨਿਚ ਨਖ਼ਲਿਊਦੌਫ਼, ਤੇ ਭਾਵੇਂ ਉਸ ਦੇ ਜੀਵਨ ਦਾ ਹਰ ਸੋਮਾ ਇਸ ਤਰ੍ਹਾਂ ਕੇਂਦਰਿਤ ਹੁੰਦਾ ਸੀ, ਇਹ ਸਾਰੇ ਰੁਝੇਵੇਂ ਬੜੇ ਥਕਾ ਦੇਣ ਵਾਲੇ ਹੁੰਦੇ ਸਨ। ਹੁਣ ਉਸ ਦੇ ਸਾਰੇ ਰੁਝੇਵੇਂ ਦੂਜਿਆਂ ਸੰਬੰਧੀ ਸਨ। ਆਪਣੇ ਸੰਬੰਧ ਵਿਚ ਨਹੀਂ, ਪਰ ਇਹ ਸਾਰੇ ਰੌਚਕ ਤੇ ਸੁਆਦੀ ਸਨ, ਤੇ ਉਨ੍ਹਾਂ ਦਾ ਕੋਈ ਅੰਤ ਨਹੀਂ ਦਿੱਸਦਾ ਸੀ। ਤੇ ਫਿਰ ਇਥੇ ਹੀ ਬੱਸ ਨਹੀਂ। ਪਹਿਲਾਂ ਦਮਿਤਰੀ ਈਵਾਨਿਚ ਨਖ਼ਲਿਊਦੌਫ਼ ਦੇ ਰੁਝੇਵੇਂ ਉਸ ਨੂੰ ਸਦਾ ਖਿਝਿਆ ਖਿਝਿਆ ਤੇ ਚਿੜਚਿੜਾ ਬਣਾਈ ਰੱਖਦੇ ਸਨ, ਹੁਣ ਉਹ ਇਕ ਆਨੰਦਮਈ ਮਾਨਸਿਕ ਅਵਸਥਾ ਉਪਜਾਂਦੇ ਸਨ।

ਜਿਨ੍ਹਾਂ ਕੰਮਾਂ ਵਿਚ ਹੁਣ ਨਖ਼ਲਿਊਦੌਫ਼ ਲੱਗਾ ਹੋਇਆ ਸੀ, ਤਿੰਨਾਂ ਭਾਗਾਂ ਵਿਚ ਵੰਡੇ ਜਾ ਸਕਦੇ ਸਨ। ਉਹ ਆਪ, ਆਪਣੇ ਸੁਭਾਵਕ ਪੰਡਤਾਊ ਨਾਲ ਉਨ੍ਹਾਂ ਦੀ ਵੰਡ ਕਰਦਾ ਸੀ, ਤੇ ਇਸ ਅਨੁਸਾਰ ਉਨ੍ਹਾਂ ਸਬੰਧੀ ਕਾਗ਼ਜ਼ਾਂ ਨੂੰ ਤਿੰਨ ਵੱਖਰੇ ਬਸਤਿਆਂ ਵਿਚ ਰੱਖਦਾ ਸੀ।

ਪਹਿਲਾਂ ਮਸਲੌਫ਼ਾ ਸੰਬੰਧੀ ਸੀ, ਤੇ ਵਧੇਰੇ ਉਨ੍ਹਾਂ ਉਪਾਵਾਂ ਬਾਰੇ ਸੀ, ਜੋ ਉਸ ਦੀ ਅਰਜ਼ੀ ਸਮਰਾਟ ਦੇ ਧਿਆਨ ਹੇਠ ਲਿਆਣ ਲਈ ਚਾਹੀਦੇ ਸਨ, ਤੇ ਉਸ ਦੀ ਬਹੁਤ ਸੰਭਵ ਸਾਇਬੇਰੀਆ ਦੀ ਯਾਤਰਾ ਬਾਰੇ।

ਦੂਜਾ ਆਪਣੀਆਂ ਜਗੀਰਾਂ ਉਤੇ ਮਾਮਲਿਆਂ ਨੂੰ ਨਜਿੱਠਣਾ ਸੀ। ਪਨੋਫੋ ਵਿਚ ਉਸ ਨੇ ਭੂਮੀ ਕਿਰਸਾਨਾਂ ਨੂੰ ਦੇ ਦਿੱਤੀ ਸੀ ਇਸ ਸ਼ਰਤ ਉੱਤੇ ਕਿ ਉਹ ਚੁਕੋਤਾ ਦੇਣਗੇ ਜੋ ਉਨ੍ਹਾਂ ਦੇ ਸਾਂਝੇ ਕੰਮਾਂ ਲਈ ਵਰਤਿਆ ਜਾਵੇਗਾ। ਪਰ ਉਸ ਨੇ ਇਸ ਕਾਰਜ ਦੀ ਇਕ ਕਾਨੂੰਨੀ ਲਿਖਤ ਰਾਹੀਂ ਪੁਸ਼ਟੀ ਕਰਨੀ ਸੀ ਅਤੇ ਇਸ ਅਨੁਸਾਰ ਆਪਣੀ ਵਸੀਅਤ ਬਣਾਉਣੀ ਸੀ। ਉਸ ਪਿਲਸਕੀ ਵਿਚ ਸਮਾਚਾਰ ਉਹੀ ਸੀ ਜੋ ਉਸ ਨੇ ਪਹਿਲਾਂ ਬਣਾਇਆ ਸੀ, ਉਸ ਨੇ ਚੁਕਤਾ ਵਸੂਲ ਕਰਨਾ ਸੀ, ਪਰ ਹਾਲੀ ਸ਼ਰਤਾਂ ਤੈਅ ਕਰਨ ਵਾਲੀਆਂ ਸਨ, ਤੇ ਕਿਤਨਾ ਉਹ ਆਪਣੇ ਗੁਜ਼ਾਰੇ ਲਈ ਰਖੇਗਾ ਤੇ ਕਿਤਨਾ ਕਿਰਸਾਨਾਂ ਦੇ ਲਾਭ ਲਈ ਛੱਡ ਦੇਵੇਗਾ। ਉਸ ਨੂੰ ਹਾਲੇ ਪਤਾ ਨਹੀਂ ਸੀ ਕਿ ਸਾਇਬੇਰੀਆ ਦੇ ਸਫ਼ਰ ਉਤੇ ਉਸ ਦਾ ਕੀ ਖਰਚ ਆਵੇਗਾ, ਇਸ ਲਈ ਉਸ ਨੇ ਇਸ ਸਾਰੀ ਆਮਦਨੀ ਨੂੰ ਛੱਡ ਦੇਣ ਦਾ ਮਨ ਨਹੀਂ ਬਣਾਇਆ ਸੀ, ਭਾਵੇਂ ਉਸ ਨੇ ਇਹ ਘਟਾ ਕੇ ਅੱਧੀ ਕਰ ਦਿੱਤੀ ਸੀ।

ਉਸ ਦੇ ਕੰਮ ਦਾ ਤੀਜਾ ਭਾਗ ਕੈਦੀਆਂ ਦੀ ਸਹਾਇਤਾ ਕਰਨਾ ਸੀ ਜੋ ਹੁਣ ਬਹੁਤ ਵਧੇਰੇ ਉਸ ਪਾਸ ਬੇਨਤੀਆਂ ਕਰਨ ਲੱਗ ਪਏ ਸਨ।

ਪਹਿਲਾਂ ਪਹਿਲਾਂ ਜਦੋਂ ਉਹ ਕੈਦੀਆਂ ਦੇ ਸੰਪਰਕ ਵਿਚ ਆਇਆ ਤੇ ਉਨ੍ਹਾਂ ਨੇ ਉਸ ਪਾਸੋਂ ਸਹਾਇਤਾ ਮੰਗੀ ਤਾਂ ਉਹ ਉਨ੍ਹਾਂ ਦੇ ਦੁਰਭਾਗ ਨੂੰ ਘਟਾਉਣ ਦੀ ਆਸ ਨਾਲ ਝੱਟ ਹੀ ਵਿਚ ਪੈਣਾ ਮੰਨ ਲੈਂਦਾ ਸੀ। ਪਰ ਛੇਤੀ ਹੀ ਉਸ ਪਾਸ ਇੰਨੀਆਂ ਅਰਜ਼ੀਆਂ ਆ ਗਈਆਂ ਕਿ ਉਸ ਨੂੰ ਉਨ੍ਹਾਂ ਸਾਰੀਆਂ ਵੱਲ ਧਿਆਨ ਦੇਣਾ ਅਸੰਭਵ ਲੱਗਿਆ। ਇਸ ਤੋਂ ਸੁਭਾਵਕ ਹੀ ਉਸ ਨੇ ਇਕ ਹੋਰ ਪ੍ਰਕਾਰ ਦਾ ਕੰਮ ਚੁੱਕ ਲਿਆ ਜਿਹੜਾ ਅੰਤ ਵਿਚ ਪਹਿਲੇ ਤਿੰਨਾਂ ਨਾਲੋਂ ਵੀ ਵੱਧ ਉਸ ਦਾ ਧਿਆਨ ਲੈਣ ਲੱਗਾ।

ਇਹ ਨਵਾਂ ਕੰਮ ਇਨ੍ਹਾਂ ਪ੍ਰਸ਼ਨਾਂ ਦੇ ਹੱਲ ਕਰਨ ਦਾ ਸੀ : ਇਹ ਫੌਜਦਾਰੀ ਕਾਨੂੰਨ ਅਖਵਾਉਣ ਵਾਲੀ ਅਨੋਖੀ ਸੰਸਥਾ ਦੀ ਸੀ ਜਿਸ ਤੋਂ ਇਹ ਹੋਂਦ ਵਿਚ ਆਇਆ, ਇਸ ਵਿਚ ਰਹਿਣ ਵਾਲਿਆਂ ਨੂੰ ਉਹ ਹੁਣ ਕੁਝ ਹੱਦ ਤਕ ਜਾਣਨ ਲੱਗ ਪਿਆ ਸੀ, ਤੇ ਹੋਰ ਬੰਦੀਖ਼ਾਨੇ ਪੀਟਰਜ਼ਬਰਗ ਵਿਚ ਪੈਤਰੋ ਪਾਲੋਸਕੀ ਦੇ ਕਿਲ੍ਹੇ ਤੋਂ ਲੈਕੇ ਸਖਾਲਿਨ ਦੇ ਟਾਪੂ ਤਕ ਜਿੱਥੇ ਉਸ ਲਈ ਅਨੋਖੇ ਫੌਜਦਾਰੀ ਕਾਨੂੰਨ ਨਾਲ ਸੈਆਂ ਤੇ ਹਜ਼ਾਰਾਂ ਮੰਦਭਾਗੇ ਮਰ ਖੱਪ ਰਹੇ ਸਨ: ਇਹ ਕਿੱਥੋਂ ਆਈ ਤੇ ਕਿਉਂ?

ਕੈਦੀਆਂ ਨਾਲ ਆਪਣੇ ਨਿੱਜੀ ਸੰਪਰਕ ਤੋਂ, ਬੰਦੀ ਕੀਤੇ ਹੋਏ ਕੁਝ ਇਕ ਦੀਆਂ ਚਿੱਠੀਆਂ ਤੋਂ, ਤੇ ਵਕੀਲ ਅਤੇ ਕੈਦਖ਼ਾਨੇ ਦੇ ਪਾਦਰੀ ਨੂੰ ਪੁੱਛਣ ਤੋਂ ਨਖ਼ਲਿਊਦੋਫ ਨੇ ਇਹ

ਸਿੱਟਾ ਕੱਢਿਆ ਕਿ ਕੈਦੀ, ਇਹ ਅਖੌਤੀ ਅਪਰਾਧੀ, ਪੰਜਾਂ ਵਰਗਾਂ ਵਿਚ ਵੰਡੇ ਜਾ ਸਕਦੇ ਸਨ। ਪਹਿਲੇ ਸਨ ਬਿਲਕੁਲ ਨਿਰਦੋਸ਼ ਲੋਕ ਜੋ ਨਿਆਏ ਕਾਰਜ ਦੀਆਂ ਗਲਤੀਆਂ ਕਾਰਣ ਡੰਨੇ ਹੋਏ ਸਨ। ਇਹ ਸਨ ਮੈਨਸ਼ੋਫ ਤੇ ਉਸ ਦੀ ਮਾਂ, ਜਿਨ੍ਹਾਂ ਨੂੰ ਅੱਗ ਲਗਾਣ ਵਾਲੇ ਸਮਝਿਆ ਗਿਆ ਸੀ, ਮਸਲੌਫ਼ਾ, ਤੇ ਕਈ ਹੋਰ, ਇਹ ਬਹੁਤੇ ਨਹੀਂ ਸਨ....ਪਾਦਰੀ ਦੇ ਅਨੁਮਾਨ ਅਨੁਸਾਰ ਕੇਵਲ ਸੌ ਵਿਚੋਂ ਸੱਤ...ਪਰ ਉਨ੍ਹਾਂ ਦੀ ਦਸ਼ਾ ਵਿਸ਼ੇਸ਼ ਚਿੰਤਾ ਉਪਜਾਂਦੀ ਸੀ।

ਦੂਜਾ ਵਰਗ ਉਨ੍ਹਾਂ ਲੋਕਾਂ ਦਾ ਸੀ ਜਿਨ੍ਹਾਂ ਨੂੰ ਉਨ੍ਹਾਂ ਕੰਮਾਂ ਦੀ ਸਜ਼ਾ ਮਿਲੀ ਸੀ ਜੋ ਉਨ੍ਹਾਂ ਨੇ ਕਿਸੇ ਅਸਾਧਾਰਣ ਅਵਸਥਾ ਵਿਚ, ਕਰੋਧ, ਦਵੈਖ, ਜਾਂ ਮਦਰਾ ਦੇ ਪ੍ਰਭਾਵ ਅਧੀਨ ਕੀਤੇ ਸਨ। ਅਜੇਹੀ ਅਵਸਥਾ ਵਿਚ ਉਨ੍ਹਾਂ ਨੂੰ ਸਜ਼ਾ ਦੇਣ ਵਾਲਿਆਂ ਤੋਂ ਵੀ ਜ਼ਰੂਰ ਇਹ ਹੀ ਕੰਮ ਹੋ ਸਕਦੇ ਸਨ। ਨਖ਼ਲਿਊਦੋਫ ਦੇ ਅਨੁਮਾਨ ਅਨੁਸਾਰ ਅੱਧਿਆਂ ਨਾਲੋਂ ਵਧੇਰੇ ਅਪਰਾਧੀ ਇਸ ਵਰਗ ਵਿਚ ਆਉਂਦੇ ਸਨ।

ਤੀਜਾ ਵਰਗ ਉਨ੍ਹਾਂ ਲੋਕਾਂ ਦਾ ਸੀ ਜਿਨ੍ਹਾਂ ਨੂੰ ਅਜੇਹੇ ਕੰਮ ਕਰਨ ਦੀ ਸਜ਼ਾ ਮਿਲੀ ਸੀ ਜਿਹੜੇ ਉਨ੍ਹਾਂ ਦੇ ਆਪਣੇ ਵਿਚਾਰਾਂ ਅਨੁਸਾਰ ਬਿਲਕੁਲ ਸੁਭਾਵਕ ਸਗੋਂ ਸ਼ੁਭ ਸਨ ਪਰ ਜਿਨ੍ਹਾਂ ਨੂੰ ਉਹ ਦੂਜੇ ਲੋਕ, ਕਾਨੂੰਨ ਬਣਾਣ ਵਾਲੇ, ਜੁਰਮ ਸਮਝਦੇ ਸਨ। ਇਹ ਉਹ ਸਨ ਜੋ ਬਿਨਾਂ ਲਾਇਸੈਂਸ ਸ਼ਰਾਬ ਵੇਚਦੇ ਸਨ, ਵਿਵਰਜਿਤ ਵਸਤਾਂ ਦਾ ਵਿਉਪਾਰ ਕਰਦੇ ਸਨ, ਵੱਡੀਆਂ ਜਾਗੀਰਾਂ ਤੋਂ ਤੇ ਸਰਕਾਰੀ ਜੰਗਲਾਂ ਵਿਚੋਂ ਘਾਹ ਤੇ ਲੱਕੜੀ ਚੁਰਾਂਦੇ ਸਨ, ਪਹਾੜੀ ਡਾਕੂ, ਤੇ ਉਹ ਅਣਮਤੀਏ ਜੋ ਗਿਰਜਿਆਂ ਵਿਚੋਂ ਚੋਰੀ ਕਰਦੇ ਸਨ।

ਚੌਥੇ ਵਰਗ ਵਿਚ ਉਹ ਸਨ ਜੋ ਕੇਵਲ ਇਸ ਲਈ ਕੈਦ ਕੀਤੇ ਗਏ ਸਨ ਕਿ ਉਹ ਸਮਾਜ ਦੇ ਵਿਆਪਕ ਪੱਧਰ ਤੋਂ ਉਚੇਰੇ ਆਚਾਰ ਵਾਲੇ ਸਨ। ਅਜੇਹੇ ਲੋਕ ਸਨ ਸੰਪ੍ਰਦਾਈ,ਪੋਲ ਤੋਂ ਸਰਕਾਸੀ ਜਿਹੜੇ ਆਪਣੀ ਸੁਤੰਤਰਤਾ ਜਿੱਤਣ ਲਈ ਵਿਦਰੋਹ ਕਰਦੇ ਸਨ, ਅਜੇਹੇ ਸਨ ਰਾਜਸੀ ਕੈਦੀ, ਸਮਾਜਵਾਦੀ ਤੇ ਹੜਤਾਲੀਏ। ਨਖ਼ਲਿਊਦੋਫ਼ ਦੇ ਅੰਦਾਜ਼ਿਆਂ ਅਨੁਸਾਰ ਇਕ ਬਹੁਤ ਵੱਡਾ ਭਾਗ ਇਸ ਵਰਗ ਦਾ ਸੀ, ਤੇ ਇਨ੍ਹਾਂ ਵਿਚ ਕਈ ਅੱਤ ਉੱਚ-ਭਾਵੀ ਲੋਕ ਸਨ ਜਿਨ੍ਹਾਂ ਨੂੰ ਅਧਿਕਾਰੀਆਂ ਅੱਗੇ ਅੜਨ ਕਰ ਕੇ ਦੰਡ ਪ੍ਰਾਪਤ ਹੋਏ ਸਨ।

ਪੰਜਵਾਂ ਵਰਗ ਉਨ੍ਹਾਂ ਵਿਅਕਤੀਆਂ ਦਾ ਸੀ ਜਿਹੜੇ ਸਮਾਜ ਨਾਲ ਆਪਣੇ ਸੰਬੰਧਾਂ ਵਿਚ ਪਾਪ ਕਰਨ ਨਾਲੋਂ ਕਿਤੇ ਵੱਧ ਪਾਪ ਦਾ ਸ਼ਿਕਾਰ ਹੋਏ ਸਨ। ਇਹ ਸਨ ਰੁਲਦੇ ਫਿਰਦੇ

ਲੋਕ ਜਿਨ੍ਹਾਂ ਨੂੰ ਨਿਰੰਤਰ ਅੱਤਿਆਚਾਰ ਤੇ ਲਾਲਸਾ ਨੇ ਪੱਥਰ ਬਣਾ ਦਿੱਤਾ ਸੀ, ਜਿਵੇਂ ਉਹ ਮੁੰਡਾ ਜਿਸ ਨੇ ਚਟਾਈਆਂ ਚੁਰਾਈਆਂ ਸਨ ਤੇ ਸੈਂਕੜੇ ਹੋਰ ਜੋ ਨਖ਼ਲਿਊਦੌਫ਼ ਨੇ, ਜਿਨ੍ਹਾਂ ਹਾਲਤਾਂ ਵਿਚ ਇਹ ਲੋਕ ਰਹਿੰਦੇ ਸਨ, ਕੈਦਖ਼ਾਨੇ ਵਿਚ ਤੇ ਬਾਹਰ ਵੇਖੇ ਸਨ, ਉਹ ਅਵੱਸ਼ ਹੀ ਲੜੀਵਾਰ ਉਨ੍ਹਾਂ ਨੂੰ ਅਜੇਹੇ ਕੰਮਾਂ ਵਿਚ ਧੱਕ ਦਿੰਦੀਆਂ ਸਨ ਜੋ ਅਪਰਾਧ ਗਿਣੇ ਜਾਂਦੇ ਸਨ। ਨਖ਼ਲਿਊਦੋਫ਼ ਦੀ ਗਿਣਤੀ ਮਿਣਤੀ ਵਿਚ ਬਹੁਤ ਸਾਰੇ ਚੋਰ ਤੇ ਕਾਤਿਲ, ਜਿਨ੍ਹਾਂ ਨਾਲ ਉਹ ਥੋੜੇ ਚਿਰ ਤੋਂ ਸੰਪਰਕ ਵਿਚ ਆਉਣ ਲੱਗਾ ਸੀ, ਇਸ ਵਰਗ ਵਿਚ ਆਉਂਦੇ ਸਨ। ਇਸੇ ਵਰਗ ਵਿਚ ਉਹ ਉਨ੍ਹਾ ਭਰਸ਼ਟੇ ਹੋਏ ਤੇ ਵਿਗੜੇ ਹੋਏ ਬੰਦਿਆਂ ਨੂੰ ਗਿਣਦਾ ਸੀ, ਜਿਨ੍ਹਾਂ ਨੂੰ ਅਪਰਾਧ ਸ਼ਾਸ਼ਤ੍ਰ ਦਾ ਨਵਾਂ ਮੱਤ ਅਪਰਾਧੀ ਵਰਗ ਆਖਦਾ ਹੈ ਤੇ ਜਿਨ੍ਹਾਂ ਦੀ ਹੋਂਦ ਅਪਰਾਧ ਨਿਆਏ ਤੇ ਦੰਡ ਦੀ ਆਵੱਸ਼ਕਤਾ ਦਾ ਮੁੱਖ ਪ੍ਰਮਾਣ ਸਮਝੀ ਜਾਂਦੀ ਹੈ। ਇਹ ਵਿਗੜਿਆ ਹੋਇਆ, ਭਰੱਸ਼ਟਿਆ ਹੋਇਆ, ਅਸਾਧਾਰਣ ਵਰਗ, ਨਖ਼ਲਿਊਦਫ਼ ਅਨੁਸਾਰ ਠੀਕ ਉਹ ਲੋਕ ਸਨ ਜਿਨ੍ਹਾਂ ਨਾਲ ਸਮਾਜ ਨੇ ਪਾਪ ਕੀਤਾ ਸੀ ਕੇਵਲ ਇਥੇ ਸਮਾਜ ਨੇ ਉਨ੍ਹਾਂ ਨਾਲ ਨਹੀਂ ਉਨ੍ਹਾਂ ਦੇ ਮਾਪਿਆਂ ਤੇ ਵੱਡੇ ਵਡੇਰਿਆਂ ਨਾਲ ਪਾਪ ਕੀਤਾ ਸੀ।

ਇਸ ਪਿਛਲੇ ਵਰਗ ਵਿਚ ਨਖ਼ਲਿਊਦੋਫ਼ ਨੂੰ ਖ਼ਾਸ ਅਨੋਖਾ ਅਖੋਤਿਨ, ਇਕ ਗੁੜ੍ਹਿਆ ਹੋਇਆ ਚੋਰ ਲੱਗਾ ਸੀ। ਇਕ ਕੰਜਰੀ ਦਾ ਹਰਾਮੀ ਪੁੱਤਰ, ਇਕ ਸਰਾਂ ਵਿਚ ਪਲਿਆ ਉਹ ਤੀਹ ਸਾਲ ਦੀ ਉਮਰ ਤਕ ਕਿਸੇ ਅਜੇਹੇ ਬੰਦੇ ਨੂੰ ਮਿਲਿਆ ਨਹੀਂ ਜਾਪਦਾ ਸੀ ਜਿਸ ਦਾ ਆਚਾਰ ਇਕ ਪੁਲਸੀਏ ਨਾਲੋਂ ਉਚੇਰਾ ਹੋਵੇ। ਉਹ ਛੋਟੇ ਹੁੰਦੇ ਹੀ ਚੋਰਾਂ ਦੇ ਇਕ ਗਰੋਹ ਵਿਚ ਮਿਲ ਗਿਆ ਸੀ। ਉਸ ਵਿਚ ਅਸਾਧਾਰਣ ਹਾਸ ਰਸ ਦਾ ਇਕ ਵਿਸ਼ੇਸ਼ ਗੁਣ ਸੀ, ਜਿਸ ਕਾਰਣ ਉਹ ਸਭ ਨੂੰ ਮੋਹ ਲੈਂਦਾ ਸੀ। ਉਸ ਨੇ ਨਖ਼ਲਿਊਦੌਫ਼ ਨੂੰ ਉਸ ਦਾ ਕੁਝ ਬਣਾਉਣ ਲਈ ਬੇਨਤੀ ਕੀਤੀ, ਤੇ ਨਾਲ ਹੀ ਆਪਣੇ, ਵਕੀਲਾ, ਕੈਦਖ਼ਾਨੇ ਤੇ ਮਨੁੱਖੀ ਤੇ ਦੈਵੀ ਨਿਆਏ ਦਾ ਠੱਠਾ ਉਡਾਇਆ। ਇਕ ਹੋਰ ਸੀ ਸੁਣੱਖਾ ਫੀਦੋਰਫ਼,ਜਿਸ ਨੇ ਇਕ ਡਾਕੂਆਂ ਦੇ ਜਥੇ ਨਾਲ, ਜਿਸ ਦਾ ਉਹ ਮੁਹਰੀ ਸੀ, ਇਕ ਬੁੱਢੇ ਕਰਮਚਾਰੀ ਨੂੰ ਲੁੱਟਿਆ ਤੇ ਕਤਲ ਕੀਤਾ ਸੀ। ਫੀਦੋਰੋਫ਼ ਇਕ ਕਿਰਸਾਨ ਸੀ ਜਿਸ ਦੇ ਪਿਤਾ ਨੂੰ ਅਨਿਆਈ ਉਸ ਦੇ ਘਰ ਤੋਂ ਵਾਂਝਾ ਕਰ ਦਿੱਤਾ ਗਿਆ ਸੀ। ਪਿੱਛੋਂ ਜਾ ਕੇ ਜਦੋਂ ਉਹ ਸੈਨਾ ਵਿਚ ਸੇਵਾ ਕਰ ਰਿਹਾ ਸੀ, ਤਾਂ ਫੀਦੋਰੋਫ਼ ਨੂੰ ਇਕ ਅਫਸਰ ਦੀ ਰਖੇਲੀ ਨਾਲ ਇਸ਼ਕ ਕਰਨ ਦੇ ਕਾਰਣ ਸਜ਼ਾ ਭੁਗਤਣੀ ਪਈ ਸੀ। ਉਹ ਇਕ ਮੋਹਣੇ ਤਾਮਸੀ ਸੁਭਾਵ ਵਾਲਾ ਸੀ ਤੇ ਕਿਸੇ ਵੀ ਮੁੱਲ ਉੱਤੇ

ਵਿਲਾਸ ਦਾ ਤਾਂਘੀ। ਉਸ ਨੂੰ ਕਦੀ ਕੋਈ ਅਜਿਹਾ ਪੁਰਸ਼ ਨਹੀਂ ਮਿਲਿਆ ਸੀ ਜਿਸ ਨੇ ਕਿਸੇ ਵੀ ਗੱਲੋਂ ਆਪਣੇ ਆਪ ਨੂੰ ਰੋਕਿਆ ਹੋਵੇ, ਤੇ ਵਿਲਾਸ ਤੋਂ ਬਿਨਾਂ ਜੀਵਨ ਦੇ ਕਿਸੇ ਮਨੋਰਥ ਬਾਰੇ ਕਦੀ ਇਕ ਸ਼ਬਦ ਵੀ ਨਹੀਂ ਸੁਣਿਆ ਸੀ। ਨਖ਼ਲਿਊਦੌਫ਼ ਨੂੰ ਸਾਫ ਦਿੱਸ ਪਿਆ ਕਿ ਇਹ ਦੋਵੇਂ ਆਦਮੀ ਸੁਭਾ ਦੇ ਬੜੇ ਅਮੀਰ ਸਨ, ਪਰ ਉਨ੍ਹਾਂ ਬੂਟਿਆਂ ਵਾਕਰ ਜਿਨ੍ਹਾਂ ਦੀ ਕਿਸੇ ਨੇ ਦੇਖ ਭਾਲ ਨਾ ਕੀਤੀ ਹੋਵੇ। ਸਿਰ ਕੱਟੇ ਤੇ ਦਰੜੇ ਗਏ ਸਨ। ਉਸ ਨੂੰ ਇਕ ਇਸਤ੍ਰੀ ਵੀ ਮਿਲੀ ਜਿਨ੍ਹਾਂ ਦੀ ਮੰਦ ਬੁੱਧ ਤੇ ਦੇਖਣ ਨੂੰ ਕਠੋਰਤਾ ਤੋਂ ਉਸ ਨੂੰ ਬੜੀ ਕਚਿਆਨ ਹੋਈ ਸੀ। ਪਰ ਉਨ੍ਹਾਂ ਵਿਚ ਵੀ ਉਸ ਨੂੰ ਉਸ ਅਪਰਾਧੀ ਵਰਗ ਦਾ ਕੋਈ ਚਿੰਨ੍ਹ ਨਾ ਦਿਸਿਆ ਜਿਸ ਬਾਰੇ ਅਤਾਲਵੀ ਮੱਤ ਨੇ ਲਿਖਿਆ ਹੈ। ਉਸ ਨੂੰ ਉਹ ਕੇਵਲ ਅਜੇਹੇ ਲੋਕ ਜਾਪਦੇ ਸਨ ਜਿਸ ਤੋਂ ਉਸ ਨੂੰ ਨਿੱਜੀ ਰੂਪ ਵਿਚ ਗਿਲਾਨੀ ਆਉਂਦੀ ਸੀ, ਉਸੇ ਤਰ੍ਹਾਂ ਜਿਵੇਂ ਕੁਝ ਹੋਰਾਂ ਪਾਸੋਂ ਜੋ ਉਸ ਨੂੰ ਕੈਦਖ਼ਾਨੇ ਤੋਂ ਬਾਹਰ ਮਿਲੇ ਸਨ.....ਪੱਲੇਦਾਰ ਕੋਟਾਂ ਵਾਲੇ ਮੋਢਿਆਂ ਫੱਟੀਆਂ ਵਾਲੇ, ਜਾਂ ਫ਼ੀਤੀਆਂ ਨਾਲ ਸ਼ਿੰਗਾਰੇ ਹੋਏ।

ਤੇ ਇਸ ਤਰ੍ਹਾਂ ਉਨ੍ਹਾਂ ਕਾਰਣਾਂ ਦੀ ਖੋਜ ਜਿਨ੍ਹਾਂ ਲਈ ਇਹ ਵਿਭਿੰਨ ਲੋਕ ਕੈਦ ਵਿਚ ਸੁੱਟ ਦਿੱਤੇ ਗਏ ਸਨ, ਜਦੋਂ ਉਨ੍ਹਾਂ ਵਰਗੇ ਹੋਰ ਖੁਲ੍ਹੇ ਫਿਰਦੇ ਸਨ ਤੇ ਉਨ੍ਹਾਂ ਬਾਰੇ ਨਿਆਏ ਵੀ ਕਰਦੇ ਸਨ, ਨਖ਼ਲਿਊਦੌਫ਼ ਲਈ ਇਕ ਚੌਥਾ ਕੰਮ ਬਣ ਗਿਆ ਸੀ।

ਇਸ ਪ੍ਰਸ਼ਨ ਦਾ ਉੱਤਰ ਪੁਸਤਕਾਂ ਵਿਚੋਂ ਮਿਲਣ ਦੀ ਆਸ ਨਾਲ ਉਸ ਨੇ ਇਸ ਬਾਰੇ ਸਭ ਪੁਸਤਕਾਂ ਖ਼ਰੀਦੀਆਂ। ਉਸ ਨੇ ਲਾਂਬ ਰੋਸੋ, ਗਾਰੋਫੋਲੋ, ਫੇਰੀ, ਲਿਜ਼ਤ ਮੋਦਸਲੀ, ਤਾਰਦੇਹ ਦੀਆਂ ਸਾਰੀਆਂ ਕਿਰਤਾਂ ਖ਼ਰੀਦੀਆਂ ਤੇ ਉਨ੍ਹਾਂ ਨੂੰ ਧਿਆਨ ਨਾਲ ਪੜ੍ਹਿਆ। ਪਰ ਜਿੰਨਾ ਉਸ ਨੇ ਪੜ੍ਹਿਆ ਉੱਨੀ ਹੀ ਉਸ ਦੀ ਨਿਰਾਸ਼ਾ ਵਧਦੀ ਗਈ। ਉਸ ਨਾਲ ਉਵੇਂ ਹੋਈ ਜੋ ਉਨ੍ਹਾਂ ਲੋਕਾਂ ਨਾਲ ਸਦਾ ਹੁੰਦੀ ਹੈ ਜਿਹੜੇ ਵਿਗਿਆਨ ਵੱਲ ਮੂੰਹ ਕਰਦੇ ਹਨ, ਇਸ ਵਿਚ ਕੋਈ ਯੋਗਦਾਨ ਪਾਉਣ ਲਈ ਨਹੀਂ, ਨਾ ਲਿਖਣ ਲਈ, ਨਾ ਵਾਦ-ਵਿਵਾਦ ਲਈ, ਨਾ ਪੜ੍ਹਾਉਣ ਲਈ, ਕੇਵਲ ਜੀਵਨ ਦੇ ਇਕ ਦੈਨਿਕ ਪ੍ਰਸ਼ਨ ਦੇ ਉੱਤਰ ਲਈ। ਅਪਰਾਧ ਕਰਮ ਸਬੰਧੀ ਕਾਨੂੰਨ ਬਾਰੇ ਹਜ਼ਾਰਾਂ ਹੋਰ ਡੂੰਘੇ ਤੇ ਚਤੁਰ ਪ੍ਰਸ਼ਨਾਂ ਦੇ ਉੱਤਰ ਵਿਗਿਆਨ ਦੇਂਦਾ ਸੀ ਪਰ ਉਸ ਪ੍ਰਸ਼ਨ ਦਾ ਨਹੀਂ ਜਿਸ ਦਾ ਉੱਤਰ ਉਹ ਚਾਹੁੰਦਾ ਸੀ।

ਉਹ ਇਕ ਬੜਾ ਸਾਦਾ ਸਵਾਲ ਪੁੱਛਦਾ ਸੀ: "ਕਿਉਂ", ਤੇ ਕਿਸ ਅਧਿਕਾਰ ਨਾਲ ਕੁਝ ਲੋਕ ਦੂਜਿਆਂ ਨੂੰ ਕੈਦ ਕਰਦੇ, ਤਸੀਹੇ ਦੇਂਦੇ, ਦੇਸੋਂ ਕੱਢਦੇ, ਕੋਰੜੇ ਲਗਾਂਦੇ ਤੇ ਮਾਰ

ਦਿੰਦੇ ਹਨ, ਜਦੋਂ ਉਹ ਆਪ ਉਨ੍ਹਾਂ ਵਰਗੇ ਹੀ ਹੁੰਦੇ ਹਨ ਜਿਨ੍ਹਾਂ ਨਾਲ ਉਹ ਇਹ ਸਭ ਕੁੱਝ ਕਰਦੇ ਹਨ ?' ਉੱਤਰ ਵਿਚ ਕੇਵਲ ਇਹ ਵਿਚਾਰ ਹੀ ਉਪਜਦੇ ਕਿ ਮਨੁੱਖ ਸੁਤੰਤਰ ਕਰਮੀ ਸੀ ਜਾਂ ਨਹੀਂ, ਖੋਪਰੀ ਨੂੰ ਵੇਖਕੇ ਅਪਰਾਧ ਕਰਮ ਦੇ ਕੋਈ ਚਿੰਨ੍ਹ ਦੇਖੇ ਜਾ ਸਕਦੇ ਸਨ ਕਿ ਨਹੀਂ, ਅਪਰਾਧ ਵਿਚ ਪੈਤਰੀ ਦਾ ਕੀ ਭਾਗ ਸੀ, ਕੀ ਦੁਰਾਚਾਰ ਵਿਰਸੇ ਵਿਚ ਆ ਜਾਂਦਾ ਸੀ, ਪਾਗਲਪਣ ਕੀ ਹੈ, ਅਪਗਤੀ ਕੀ, ਤੇ ਸੁਭਾਵ ਕੀ, ਕਿਵੇਂ ਪੌਣ-ਪਾਣੀ, ਖਾਣ-ਪੀਣ, ਅਵਿੱਦਿਆ, ਨਕਲ, ਟੂਣਾ, ਜਾਂ ਕਾਮ ਵਿਸ਼ਾ ਅਪਰਾਧ ਤੇ ਪ੍ਰਭਾਵ ਕਰਦੇ ਹਨ, ਸਮਾਜ ਕੀ ਹੈ, ਇਸ ਦੇ ਕਰਤੱਵ ਕੀ ਹਨ, ਇਤਿਆਦਿ।

ਇਹ ਪ੍ਰਸ਼ਨੋਤ੍ਰੀਆਂ ਨਖ਼ਲਿਊਦੌਫ਼ ਨੂੰ ਉਹ ਉੱਤਰ ਯਾਦ ਕਰਵਾ ਦਿੰਦੀਆਂ ਜੋ ਉਸ ਨੂੰ ਕਿ ਮੁੰਡੇ ਨੇ ਦਿੱਤਾ ਸੀ ਜਿਸ ਨੂੰ ਉਹ ਸਕੂਲ ਤੋਂ ਘਰ ਆ ਰਹੇ ਨੂੰ ਮਿਲਿਆ ਸੀ। ਨਖ਼ਲਿਊਦੌਫ਼ ਨੇ ਉਸ ਨੂੰ ਪੁੱਛਿਆ ਸੀ ਕਿ ਕੀ ਉਹ ਸ਼ਬਦਾਂ ਦੇ ਜੋੜ ਕਰਨੇ ਸਿੱਖ ਗਿਆ ਸੀ।

"ਹਾਂ, ਮੈਂ ਜੋੜ ਕਰ ਲੈਂਦਾ ਹਾਂ।" ਮੁੰਡੇ ਨੇ ਜਵਾਬ ਦਿੱਤਾ ਸੀ !

'ਚੰਗਾ ਫੇਰ ਦੱਸ ਲੱਤ ਦੇ ਕੀ ਜੋੜ ਹਨ ?"

"ਕੁੱਤੇ ਦੀ ਲੱਤ, ਕਿਸ ਕਿਸਮ ਦੀ ਲੱਤ ?" ਮੁੰਡੇ ਨੇ ਖ਼ਚਰੀ ਅੱਖ ਨਾਲ ਉੱਤਰ ਦਿੱਤਾ ਸੀ।

ਪ੍ਰਸ਼ਨ ਰੂਪ ਵਿਚ ਇਸ ਤਰ੍ਹਾਂ ਦੇ ਉੱਤਰ ਸਨ ਜੋ ਨਖ਼ਲਿਊਦੌਫ਼ ਨੂੰ, ਆਪਣੀ ਆਧਾਰ ਰੂਪੀ ਸੋਧ ਦੇ ਜਵਾਬ ਵਿਚ ਵਿਗਿਆਨ ਦੀਆਂ ਪੁਸਤਕਾਂ ਵਿਚੋਂ ਮਿਲਦੇ। ਉਨ੍ਹਾਂ ਵਿਚ ਬਹੁਤ ਕੁਝ ਸਿਆਣਪ ਭਰਿਆ, ਵਿਦਵਤਾ ਵਾਲਾ, ਤੇ ਰੋਚਕ ਸੀ। ਪਰ ਇਸ ਮੁੱਖ ਪ੍ਰਸ਼ਨ ਦਾ ਕੋਈ ਉੱਤਰ ਨਹੀਂ ਸੀ ਕਿ "ਕਿਸ ਅਧਿਕਾਰ ਅਧੀਨ ਕੁਝ ਲੋਕ ਦੂਜਿਆਂ ਨੂੰ ਸਜ਼ਾ ਦਿੰਦੇ ਹਨ।"

ਇਸ ਦਾ ਨਾ ਕੇਵਲ ਕੋਈ ਉੱਤਰ ਨਹੀਂ ਸੀ ਮਿਲਦਾ, ਸਗੋਂ ਸਭ ਦਲੀਲਾਂ ਜੋ ਨਿਕਲਦੀਆਂ, ਦੰਡ ਦੀ ਵਿਆਖਿਆ ਤੇ ਸਿੱਧੀ ਕਰਨ ਹਿੱਤ ਵਰਤੀਆਂ ਹੁੰਦੀਆਂ। ਦੰਡ ਦੀ ਆਵੱਸ਼ਕਤਾ ਨੂੰ ਇਕ ਪ੍ਰਥਮ ਸਚਾਈ ਮੰਨਿਆ ਹੁੰਦਾ।

ਨਖ਼ਲਿਊਦੌਫ਼ ਨੇ ਬਹੁਤ ਪੜ੍ਹਿਆ, ਪਰ ਕੇਵਲ ਟੁਕੜਿਆਂ ਵਿਚ, ਤੇ ਆਪਣੀ ਅਸਫਲਤਾ ਨੂੰ ਇਹ ਓਪਰੇ ਢੰਗ ਦੇ ਪੜ੍ਹਨ ਦੇ ਮੱਥੇ ਮੜ ਕੇ ਉਸ ਨੇ ਅੱਗੇ ਜਾ ਕੇ ਉੱਤਰ ਲੱਭ ਲੈਣ ਦੀ ਆਸ ਬਣਾਈ ਰੱਖੀ। ਉਹ ਉਸ ਉੱਤਰ ਦੀ ਸਚਾਈ ਵਿਚ ਵਿਸ਼ਵਾਸ ਕਰਨਾ ਨਹੀਂ ਚਾਹੁੰਦਾ ਸੀ ਜੋ ਮੁੜ ਮੁੜ ਕੇ ਉਸ ਦੇ ਸਾਹਮਣੇ ਆਉਂਦਾ।

-0-

31

ਕੈਦੀਆਂ ਦੇ ਜੱਥੇ ਨੇ ਜਿਸ ਵਿਚ ਮਸਲੌਫ਼ਾ ਸੀ ਪੰਜ ਜੁਲਾਈ ਨੂੰ ਚਲਣਾ ਸੀ, ਤੇ ਨਖ਼ਲਿਊਦੌਫ਼ ਨੇ ਵੀ ਉਸੇ ਦਿਨ ਚੱਲ ਪੈਣ ਦਾ ਪ੍ਰਬੰਧ ਕਰ ਲਿਆ।

ਇਕ ਦਿਨ ਪਹਿਲਾਂ ਉਸ ਦੀ ਭੈਣ ਤੇ ਭਣੋਈਆ ਉਸ ਨੂੰ ਮਿਲਣ ਆਏ।

ਨਖ਼ਲਿਊਦੌਫ਼ ਦੀ ਭੈਣ, ਨਤਾਲੀ ਈਵਾਨਫ਼ਨਾ ਗਗੋਬਿੰਸਕਾਇਆ ਆਪਣੇ ਭਰਾ ਨਾ ਦਸ ਵਰ੍ਹੇ ਵੱਡੀ ਸੀ। ਨਖ਼ਲਿਊਦੌਫ਼ ਕੁਝ ਕੁਝ ਉਸ ਦੇ ਅਸਰ ਹੇਠਾਂ ਪਲਿਆ ਸੀ। ਜਦੋਂ ਉਹ ਮੁੰਡਾ ਸੀ ਉਹ ਉਸ ਨੂੰ ਬੜਾ ਪਿਆਰ ਕਰਦੀ ਸੀ, ਤੇ ਬਾਅਦ ਵਿਚ, ਉਸ ਦੇ ਵਿਆਹ ਤੋਂ ਪਹਿਲਾਂ ਉਹ ਇਕ ਦੂਜੇ ਦੇ ਬਹੁਤ ਨਿਕਟਭਾਵੀ ਹੋ ਗਏ ਜਿਵੇਂ ਇਕੋ ਹਾਣ ਦੇ ਹੋਣ, ਭਾਵੇਂ ਉਹ ਪੰਝੀ ਸਾਲ ਦੀ ਮੁਟਿਆਰ ਤੇ ਉਹ 15 ਸਾਲ ਦਾ ਛੋਕਰਾ ਸੀ। ਉਸ ਸਮੇਂ ਨਤਾਲੀ ਨਖ਼ਲਿਊਦੌਫ਼ ਦੇ ਦੋਸਤ, ਨਿਕੋਲੈਂਕਾਂ ਦੇ ਉਸ ਤੱਤ ਨੂੰ ਪ੍ਰੇਮ ਕਰਦੇ ਸਨ ਜੋ ਸ਼ੁਭ ਹੈ ਤੇ ਸਾਰੇ ਮਨੁੱਖਾਂ ਨੂੰ ਮਿਲਾਂਦਾ ਹੈ।

ਪਿੱਛੋਂ ਜਾ ਕੇ ਉਹ ਦੋਵੇਂ ਵਿਗੜ ਗਏ ਸਨ, ਫ਼ੌਜੀ ਨੌਕਰੀ ਤੇ ਦੁਰ-ਵਿਲਾਸੀ ਜੀਵਨ ਦੇ ਕਾਰਣ, ਤੇ ਉਹ ਇਕ ਅਜਿਹੇ ਪੁਰਸ਼ ਨਾਲ ਵਿਆਹ ਕਰਕੇ ਜਿਸ ਨੂੰ ਉਹ ਕਾਮ-ਭਾਵੀ ਪ੍ਰੇਮ ਕਰਦੀ ਸੀ, ਜੋ ਨਾ ਕੇਵਲ ਉਨ੍ਹਾਂ ਗੱਲਾਂ ਦੀ ਹੀ ਕੋਈ ਪਰਵਾਹ ਕਰਦਾ ਸੀ ਜਿਹੜੀਆਂ ਕਦੇ ਨਤਾਲੀ ਤੇ ਨਖ਼ਲਿਊਦੌਫ਼ ਨੂੰ ਇਤਨੀਆਂ ਪਿਆਰੀਆਂ ਤੇ ਪਵਿੱਤਰ ਲੱਗਦੀਆਂ ਸਨ, ਸਗੋਂ ਉਹ ਆਚਾਰ ਦੀ ਸੰਪੂਰਨਾ ਤੇ ਮਨੁੱਖਤਾ ਦੀ ਸੇਵਾ ਦੇ ਉਨ੍ਹਾਂ ਮਹਾਨ ਆਸ਼ਿਆਂ ਦਾ, ਜੋ ਕਦੀ ਨਤਾਲੀ ਦਾ ਜੀਵਨ ਬਣੇ ਹੋਏ ਸਨ, ਕੋਈ ਅਰਥ ਨਹੀਂ ਸੀ ਸਮਝਦਾ। ਉਹ ਉਨ੍ਹਾਂ ਨੂੰ ਕੇਵਲ ਉੱਚ ਕਾਮਨਾ ਤੇ ਦਿਖਾਵੇ ਦੀ ਭਾਵਨਾ ਦਾ ਫਲ ਰੂਪ ਆਖਦਾ ਸੀ...ਇਹ ਹੀ ਇਕ ਵਿਆਖਿਆ ਸੀ ਜੋ ਉਸ ਦੀ ਸਮਝ ਵਿਚ ਆ ਸਕਦੀ ਸੀ।

ਨਤਾਲੀ ਦਾ ਪਤੀ ਨਾਮ ਜਾਂ ਪੈਤਰੀ ਧਨ ਤੋਂ ਵਾਹਰਾ ਸੀ, ਪਰ ਆਪਣੇ ਕਿੱਤੇ ਵਿਚ ਬੜਾ ਚਾਲਾਕ ਆਦਮੀ ਸੀ। ਉਦਾਰਵਾਦ ਤੇ ਰੂੜੀਵਾਦ ਵਿਚਕਾਰ ਚਤਰ ਚਾਲਾਂ ਨਾਲ ਤੇ ਦੋਹਾਂ ਧਾਰਾਂ ਵਿਚੋਂ ਜੋ ਵੀ ਸਮੇਂ ਤੇ ਮੌਕੇ ਅਨੁਸਾਰ ਉਸ ਦੇ ਮਨੋਰਥ ਦੇ ਅਨੁਕੂਲ ਹੁੰਦੀ, ਉਸ ਨੂੰ ਵਰਤ ਕੇ, ਤੇ ਖ਼ਾਸ ਕਰ ਕੇ ਕਿਸੇ ਅਜੇਹੇ ਗੁਣ ਰਾਹੀਂ ਜੋ ਇਸਤ੍ਰੀਆਂ ਨੂੰ ਚੰਗਾ

ਲੱਗਦਾ ਸੀ, ਉਸ ਨੇ ਇਕ ਚੰਗਾ ਚਮਕਦਾ ਨਿਆਇ-ਧਰਮੀ ਵਿਰਤ ਬਣਾ ਲਿਆ ਸੀ। ਉਹ ਆਪਣੀ ਪਹਿਲੀ ਜੁਆਨੀ ਦੀ ਉਮਰ ਲੰਘ ਚੁੱਕਾ ਸੀ ਜਦੋਂ ਵਿਦੇਸ਼ ਯਾਤਰਾ ਵਿਚ ਉਸ ਦੀ ਨਖ਼ਲਿਊਦੌਫ਼ ਨਾਲ ਜਾਣ-ਪਹਿਚਾਣ ਹੋਈ ਤੇ ਨਤਾਲੀ ਨੂੰ, ਜੋ ਆਪ ਵੀ ਹੁਣ ਆਪਣੀ ਜੁਆਨੀ ਲੰਘਾ ਚੁੱਕੀ ਸੀ, ਆਪਣੇ ਪ੍ਰੇਮ ਵਿਚ ਬੰਨ੍ਹ ਲੈਣ ਵਿਚ ਸਫਲ ਹੋ ਗਿਆ ਭਾਵੇਂ ਉਸ ਦੀ ਮਾਤਾ ਦੀ ਇੱਛਾ ਦੇ ਵਿਰੁੱਧ ਜਿਹੜੀ ਇਸ ਵਿਆਹ ਨੂੰ ਆਪਣੀ ਧੀ ਲਈ ਇਕ ਨੀਵਾਂ ਸੰਬੰਧ ਸਮਝਦੀ ਸੀ।

ਨਖ਼ਲਿਊਦੌਫ਼ ਆਪਣੇ ਭਣੋਈਏ ਨੂੰ ਨਫ਼ਰਤ ਕਰਦਾ ਸੀ, ਭਾਵੇਂ ਉਹ ਇਸ ਨੂੰ ਆਪਣੇ ਆਪ ਤੋਂ ਲੁਕਾਣ ਦਾ ਤੇ ਇਸ ਉੱਤੇ ਜਿੱਤ ਪਾਣ ਦਾ ਯਤਨ ਕਰਦਾ ਸੀ।

ਨਖ਼ਲਿਊਦੌਫ਼ ਨੂੰ ਉਸ ਵੱਲ ਨਫ਼ਰਤ ਉਸ ਦੇ ਗੰਵਾਰ ਭਾਵਾਂ ਤੇ ਆਤਮ ਦ੍ਰਿੜ੍ਹ ਹੋਛੇਪਣ ਤੋਂ ਉਪਜਦੀ ਸੀ ਪਰ ਇਹ ਵਧੇਰੇ ਨਤਾਲੀ ਕਾਰਣ ਪ੍ਰਚੰਡ। ਹੁੰਦੀ ਸੀ, ਜੋ ਆਪਣੇ ਪਤੀ ਦੇ ਬਾਵਜੂਦ ਉਸ ਨੂੰ ਇਤਨੀ ਤੀਬਰ, ਆਤਮ-ਕੇਂਦ੍ਰਿਤ ਤੋਂ ਕਾਮਮਈ ਮੁਹੱਬਤ ਕਰਕੇ ਹੋਛਾਪਣ ਦੇ ਸਕਦੀ ਤੇ ਉਸ ਦੀ ਖ਼ਾਤਰ ਜੋ ਵੀ ਸ਼ੁਭ ਉਸ ਵਿਚ ਸੀ, ਉਸ ਦਾ ਗਲਾ ਘੁਟ ਸਕਦੀ ਸੀ।

ਨਖ਼ਲਿਊਦੌਫ਼ ਦੇ ਮਨ ਨੂੰ ਇਹ ਸੋਚ ਕੇ ਬੜਾ ਦੁੱਖ ਹੁੰਦਾ ਕਿ ਨਤਾਲੀ ਉਸ ਜੱਤਲ, ਚਮਕਦੇ ਗੰਜ ਵਾਲੇ, ਆਪ-ਮਤੀਏ ਪੁਰਸ਼ ਦੀ ਪਤਨੀ ਸੀ। ਉਨ੍ਹਾਂ ਦੇ ਬੱਚਿਆਂ ਵਲ ਵੀ ਗਿਲਾਨੀ ਦੇ ਭਾਵ ਨੂੰ ਦਬਾ ਨਹੀਂ ਸਕਦਾ ਸੀ ਅਤੇ ਜਦੋਂ ਉਸ ਨੇ ਸੁਣਿਆ ਕਿ ਉਸ ਨੂੰ ਫਿਰ ਬੱਚਾ ਹੋਣ ਵਾਲਾ ਸੀ ਤਾਂ ਉਸ ਨੂੰ ਇਕ ਤਰ੍ਹਾਂ ਦਾ ਸ਼ੱਕ ਹੋਇਆ ਕਿ ਉਸ ਨੂੰ ਫਿਰ ਇਸ ਪੁਰਸ਼ ਰਾਹੀਂ, ਜੋ ਉਸ ਤੋਂ ਇਤਨਾ ਪਰਾਇਆ ਸੀ, ਫਿਰ ਕਿਸੇ ਭੈੜੀ ਚੀਜ਼ ਦੀ ਲਾਗ ਹੋ ਗਈ ਹੈ।

ਨਤਾਲੀ ਤੇ ਉਸ ਦਾ ਪਤੀ ਆਪਣੇ ਦੋਹਾਂ ਬੱਚਿਆਂ, ਇਕ ਲੜਕੇ ਤੇ ਇਕ ਲੜਕੀ ਨੂੰ ਘਰ ਛੱਡ ਕੇ ਇਕੱਲੇ ਹੀ ਮਾਸਕੋ ਆਏ ਸਨ ਤੇ ਸਭ ਤੋਂ ਵਧੀਆ ਕਮਰਿਆਂ ਵਿਚ ਆ ਕੇ ਰਹੇ ਸਨ। ਨਤਾਲੀ ਤੁਰੰਤ ਆਪਣੀ ਮਾਂ-ਦੇ ਪਹਿਲੇ ਘਰ ਗਈ, ਪਰ ਅਗਰਾਫ਼ਨਾ ਪੀਤਰੋਫ਼ਨਾ ਤੋਂ ਸੁਣ ਕੇ ਕਿ ਉਸ ਦਾ ਭਰਾ ਇਥੋਂ ਛੱਡ ਕੇ ਕਰਾਏ ਦੇ ਮਕਾਨ ਵਿਚ ਚਲਾ ਗਿਆ ਸੀ, ਉਹ ਆਪਣੀ ਬੱਘੀ ਉਥੇ ਲੈ ਆਈ। ਕੁਚੀਲ ਨੌਕਰ ਉਸ ਨੂੰ ਸਾਹ-ਘੁਟਣੇ ਹਨ੍ਹੇਰੇ ਲਾਂਘੇ ਵਿਚ ਮਿਲਿਆ ਜਿਸ ਵਿਚ ਸਾਰਾ ਦਿਨ ਲੈਂਪ ਜਗਦਾ ਰਹਿੰਦਾ ਸੀ। ਉਸ ਨੇ ਨਤਾਲੀ ਨੂੰ ਦੱਸਿਆ ਕਿ ਕੰਵਰ ਘਰ ਨਹੀਂ ਸੀ।

ਨਤਾਲੀ ਨੇ ਨੌਕਰ ਨੂੰ ਕਮਰਾ ਖੋਲ੍ਹਣ ਲਈ ਆਖਿਆ ਕਿਉਂਕਿ ਉਹ ਨਖ਼ਲਿਊਦੌਫ਼ ਲਈ ਚਿੱਠੀ ਛੱਡ ਜਾਣਾ ਚਾਹੁੰਦੀ ਸੀ। ਨੌਕਰ ਉਸ ਨੂੰ ਉਪਰ ਲੈ ਗਿਆ।

ਨਤਾਲੀ ਨੇ ਆਪਣੇ ਭਰਾ ਦੇ ਦੋਵੇਂ ਕਮਰੇ ਬੜੇ ਧਿਆਨ ਨਾਲ ਜਾਂਚੇ। ਹਰ ਚੀਜ਼ ਵਿਚ ਉਸ ਨੂੰ ਸਫ਼ਾਈ ਤੇ ਸੰਜਮ ਦੀ ਉਹ ਪ੍ਰੀਤ ਦਿੱਸੀ ਜਿਸ ਦੀ ਨਖ਼ਲਿਊਦੌਫ਼ ਵਿਚ ਹੋਂਦ ਨੂੰ ਉਹ ਚੰਗੀ ਤਰ੍ਹਾਂ ਜਾਣਦੀ ਸੀ। ਚੁਗਿਰਦੇ ਦੀ ਨਵੀਂ ਸਾਦਗੀ ਉਸ ਨੂੰ ਅਨੋਖੀ ਲੱਗੀ। ਉਸ ਦੇ ਲਿਖਣ ਵਾਲੇ ਮੇਜ਼ ਉੱਤੇ ਉਸ ਨੇ ਕਾਗ਼ਜ਼-ਵੱਟਾ ਵੇਖਿਆ ਜਿਸ ਦੇ ਉੱਤੇ ਪਿੱਤਲ ਦਾ ਕੁੱਤਾ ਖੜਾ ਸੀ ਤੇ ਉਸ ਨੂੰ ਯਾਦ ਸੀ ਕਿ ਉਹ ਸੁਥਰਾ ਤਰੀਕਾ ਜਿਸ ਨਾਲ ਵੱਖ ਵੱਖ ਪੋਰਟਫੋਲੀਓ ਤੇ ਲਿਖਣ ਦੀਆਂ ਵਸਤਾਂ ਮੇਜ਼ ਉੱਤੇ ਰੱਖੀਆਂ ਹੋਈਆਂ ਸਨ, ਵੀ ਜਾਣਿਆ ਪਛਾਣਿਆ ਸੀ। ਇਸੇ ਤਰ੍ਹਾਂ ਵੱਡਾ ਮੁੜਿਆ ਹੋਇਆ ਹਾਥੀ ਦੰਦ ਦਾ ਕਾਗ਼ਜ਼ ਕੱਟਣਾ ਜੋ ਤਾਰਦੇ ਦੀ ਇਕ ਫਰਾਂਸੀਸੀ ਪੁਸਤਕ ਵਿਚ ਥਾਂ ਦੱਸਣ ਲਈ ਪਿਆ ਸੀ। ਦੰਡ ਨੀਤੀ ਬਾਰੇ ਹੋਰ ਪੁਸਤਕਾਂ ਤੇ ਹੈਨਰੀ ਜਾਰਜ ਦੀ ਅੰਗਰੇਜ਼ੀ ਵਿਚ ਇਕ ਪੁਸਤਕ ਨਾਲ ਹੀ ਪਈਆਂ ਸਨ।

ਨਤਾਲੀ ਨੇ ਬੈਠ ਕੇ ਮੇਜ਼ ਉੱਤੇ ਇਕ ਚਿੱਠੀ ਲਿਖੀ ਤੇ ਨਖ਼ਲਿਊਦੌਫ਼ ਨੂੰ ਉਸੇ ਦਿਨ ਆਉਣ ਦੀ ਤਾਕੀਦ ਕੀਤੀ, ਤੇ ਜੋ ਕੁਝ ਵੇਖਿਆ ਸੀ ਉਸ ਉੱਤੇ ਹੈਰਾਨੀ ਨਾਲ ਸਿਰ ਝਟਕਦੀ ਉਹ ਆਪਣੇ ਹੋਟਲ ਨੂੰ ਮੁੜ ਆਈ।

ਆਪਣੇ ਭਰਾ ਬਾਰੇ ਦੋ ਗੱਲਾਂ ਹੁਣ ਨਤਾਲੀ ਦੇ ਮਨ ਵਿਚ ਵੱਸ ਰਹੀਆਂ ਸਨ : ਕਤਸਾਂ ਨਾਲ ਉਸ ਦਾ ਵਿਆਹ ਜਿਸ ਬਾਰੇ ਉਸ ਨੇ ਆਪਣੇ ਸ਼ਹਿਰ ਵਿਚ ਗੱਲਾਂ ਸੁਣੀਆਂ ਸਨ.....

ਕਿਉਂਕਿ ਹਰ ਇਕ ਇਸ ਬਾਰੇ ਗੱਲ ਕਰਦਾ ਸੀ... ਤੇ ਉਸ ਦਾ ਕਿਰਸਾਨਾਂ ਨੂੰ ਭੂਮੀ ਦੇ ਦੇਣਾ, ਇਸ ਦਾ ਵੀ ਸਭ ਨੂੰ ਗਿਆਨ ਸੀ ਤੇ ਕਈਆਂ ਨੂੰ ਇਹ ਇਕ ਰਾਜਸੀ ਚਾਲ ਦਾ ਕੰਮ ਤੇ ਖ਼ਤਰਨਾਕ ਲੱਗਿਆ ਸੀ। ਕਤਸ਼ਾ ਨਾਲ ਵਿਆਹ ਬਾਰੇ ਉਹ ਇਕ ਤਰ੍ਹਾਂ ਨਾਲ ਖੁਸ਼ ਸੀ। ਉਹ ਉਸ ਦ੍ਰਿੜ੍ਹਤਾ ਦੀ ਸ਼ਲਾਘਾ ਕਰਦੀ ਸੀ ਜੋ ਭੈਣ ਭਰਾ ਦੋਹਾਂ ਦਾ ਸੁਭਾਵ ਸੀ, ਉਨ੍ਹਾਂ ਖੁਸ਼ੀ ਭਰੇ ਸਾਲਾਂ ਵਿਚ ਜਦੋਂ ਉਹ ਹਾਲੀ ਵਿਆਹੀ ਨਹੀਂ ਸੀ। ਫਿਰ ਵੀ ਜਦੋਂ ਉਹ ਆਪਣੇ ਭਰਾ ਦਾ ਅਜੇਹੀ ਭੈੜੀ ਤੀਵੀਂ ਨਾਲ ਵਿਆਹ ਦਾ ਖ਼ਿਆਲ ਕਰਦੀ ਤਾਂ ਭੈ-ਭੀਤ ਹੋ ਜਾਂਦੀ। ਦੋਹਾਂ ਭਾਵਾਂ ਵਿਚੋਂ ਇਹ ਪਿਛਲਾ ਪ੍ਰਬਲ ਸੀ, ਤੇ ਨਤਾਲੀ ਨੇ ਆਪਣੇ ਭਰਾ ਨੂੰ ਇਸ ਤੋਂ ਰੋਕਣ ਲਈ ਸਾਰਾ ਜ਼ੋਰ ਲਗਾਣ ਦਾ ਫੈਸਲਾ ਕਰ ਲਿਆ, ਭਾਵੇਂ ਉਹ ਜਾਣਦੀ ਸੀ ਕਿ ਇਹ ਕਿਤਨਾ ਔਖਾ ਹੋਵੇਗਾ।

ਦੂਜੀ ਗੱਲ, ਭੂਮੀ ਕਿਰਸਾਨਾਂ ਨੂੰ ਦੇ ਦੇਣਾ ਉਸ ਨੂੰ ਬਹੁਤੀ ਨਹੀਂ ਪੋਹੰਦੀ ਸੀ, ਪਰ ਉਸ ਦਾ ਪਤੀ ਇਸ ਬਾਰੇ ਬੜਾ ਖ਼ਫ਼ਾ ਸੀ ਤੇ ਚਾਹੁੰਦਾ ਸੀ ਉਹ ਆਪਣੇ ਭਰਾ ਨੂੰ ਇਸ ਵੱਲੋਂ ਮੋੜੇ।

ਰਾਗੋਯਿਨਸਕੀ ਦਾ ਕਹਿਣਾ ਸੀ ਕਿ ਇਹ ਕੰਮ ਅੱਤ ਦਾ ਬੇਥਵਾ, ਉਡਾਰ ਤੇ ਵਡਿਆਈ-ਖੋਰਾ ਸੀ। ਇਸ ਦਾ ਕਾਰਣ ਕੇਵਲ ਨਵੀਂ ਗੱਲ ਕਰਨ, ਫੜ੍ਹਾਂ ਮਾਰਨ ਤੇ ਵਡਿਆਈ ਕਰਵਾਣ ਦੀ ਇੱਛਾ ਹੋ ਸਕਦਾ ਸੀ।

"ਇਹ ਕਿਹੜੀ ਅਕਲ ਦੀ ਗੱਲ ਹੈ ਕਿ ਕਿਰਸਾਨਾਂ ਨੂੰ ਇਸ ਸ਼ਰਤ ਤੇ ਭੂਮੀ ਦੇ ਦੇਣਾ ਕਿ ਉਹ ਆਪਣੇ ਆਪ ਉਸ ਨੂੰ ਚੁਕੋਤਾ ਦੇ ਦਿਆ ਕਰਨ ?" ਉਹ ਆਖਦਾ ਸੀ, "ਜੇ ਉਸ ਨੇ ਇਹ ਗੱਲ ਕਰਨੀ ਹੀ ਸੀ, ਤਾਂ ਕਿਰਸਾਨਾਂ ਦੇ ਬੈਂਕ ਰਾਹੀਂ ਭੂਮੀ ਉਨ੍ਹਾਂ ਨੂੰ ਵੇਚ ਕਿਉਂ ਨਾ ਦਿੱਤੀ ? ਉਸ ਵਿਚ ਤਾਂ ਸ਼ਾਇਦ ਕੋਈ ਸਿਆਣਪ ਹੁੰਦੀ। ਸੱਚ-ਮੁੱਚ ਇਹ ਕੰਮ ਪਾਗਲਾਂ ਜਿਹਾ ਹੈ।"

ਤੇ ਰਾਗੋਯਿਨਸਕੀ ਗੰਭੀਰਤਾ ਨਾਲ ਨਖ਼ਲਿਊਦੌਫ਼ ਨੂੰ ਕਾਨੂੰਨੀ ਸਪੁਰਦਗੀ ਵਿਚ ਦੇਣ ਬਾਰੇ ਸੋਚਣ ਲੱਗਾ ਤੇ ਆਪਣੀ ਪਤਨੀ ਉੱਤੇ ਜ਼ੋਰ ਦੇਣ ਲੱਗਾ ਕਿ ਉਹ ਆਪਣੇ ਭਰਾ ਨਾਲ ਉਸ ਦੇ ਇਸ ਅਨੋਖੇ ਸੰਕਲਪ ਬਾਰੇ ਗੱਲ ਕਰੇ।

-0-

32

ਜਦੋਂ ਸ਼ਾਮ ਨੂੰ ਨਖ਼ਲਿਊਦੌਫ਼ ਘਰ ਮੁੜਿਆ ਤੇ ਉਸ ਨੇ ਮੇਜ਼ ਉੱਤੇ ਆਪਣੀ ਭੈਣ ਦੀ ਚਿੱਠੀ ਵੇਖੀ, ਤਾਂ ਉਹ ਝੱਟ ਉਸ ਨੂੰ ਮਿਲਣ ਲਈ ਤੁਰ ਪਿਆ। ਆਪਣੀ ਮਾਤਾ ਦੇ ਮਰਨ ਪਿਛੋਂ ਉਹ ਕਦੀ ਨਹੀਂ ਮਿਲੇ ਸਨ। ਉਹ ਗਿਆ ਤਾਂ ਨਤਾਲੀ ਉੱਥੇ ਇਕੱਲੀ ਬੈਠੀ ਸੀ, ਉਸ ਦਾ ਪਤੀ ਨਾਲ ਦੇ ਕਮਰੇ ਵਿਚ ਆਰਾਮ ਕਰ ਰਿਹਾ ਸੀ। ਉਸ ਨੇ ਇਕ ਬੜੀ ਕਸਵੀਂ ਰੇਸ਼ਮੀ ਪੁਸ਼ਾਕ ਪਹਿਨੀ ਹੋਈ ਸੀ ਜਿਸ ਦੇ ਅੱਗੇ ਇਕ ਲਾਲ ਫੀਤਾ ਫੁੱਲ ਬਣਾ ਕੇ ਬੱਧਾ ਹੋਇਆ ਸੀ, ਤੇ ਉਸ ਦੇ ਕਾਲੇ ਵਾਲ ਨਵੀਨਤਮ ਫੈਸ਼ਨ ਅਨੁਸਾਰ ਗੁੰਦੇ ਤੇ ਸੰਵਾਰੇ ਹੋਏ ਸਨ।

ਇਹ ਪ੍ਰਤੱਖ ਸੀ ਕਿ ਉਹ ਆਪਣੇ ਪਤੀ ਦੀ ਖ਼ਾਤਰ, ਜੋ ਉਸ ਦੀ ਉਮਰ ਦਾ ਹੀ ਸੀ, ਜੁਆਨ ਲੱਗਣ ਦਾ ਬਹੁਤ ਯਤਨ ਕਰ ਰਹੀ ਸੀ।

ਜਦੋਂ ਉਸ ਨੇ ਆਪਣੇ ਭਰਾ ਨੂੰ ਵੇਖਿਆ ਤਾਂ ਕੁੱਦ ਕੇ ਉਸ ਵੱਲ ਨੂੰ ਅਹੁੜੀ, ਉਸ ਦੀ ਰੇਸਮੀ ਪੁਸ਼ਾਕ ਸਰਸਰਾਈ। ਉਨ੍ਹਾਂ ਨੇ ਚੁੰਮਣ ਕੀਤਾ ਤੇ ਇਕ ਦੂਜੇ ਵੱਲ ਮੁਸਕਰਾ ਕੇ ਤੱਕਿਆ, ਉਨ੍ਹਾਂ ਦੀਆਂ ਨਜ਼ਰਾਂ ਉਸ ਗੁੱਝੇ ਭਾਵ ਨਾਲ ਮਿਲੀਆਂ ਜਿਸ ਵਿਚ ਇਕ ਅਰਥ ਤੇ ਸਚਾਈ ਹੁੰਦੀ ਹੈ ਜੋ ਸ਼ਬਦਾਂ ਵਿਚ ਦੱਸੀ ਨਹੀਂ ਜਾ ਸਕਦੀ। ਪਿੱਛੋਂ ਸ਼ਬਦ ਹੋਏ ਜੋ ਸੱਚੇ ਨਹੀਂ ਸਨ।

"ਤੂੰ ਤਕੜੀ ਤੇ ਪਹਿਲਾਂ ਨਾਲੋਂ ਛੋਟੀ ਲੱਗਦੀ ਏ" ਨਖਲਿਊਦੋਫ ਨੇ ਆਖਿਆ, ਤੋਂ ਨਤਾਲੀ ਦੇ ਹੋਂਠ ਖੁਸੀ ਨਾਲ ਫਰਕਣ ਲੱਗੇ।

"ਤੇ ਤੂੰ ਪਤਲਾ ਹੋ ਗਿਆ ?

"ਅੱਛਾ, ਤੇਰੇ ਪਤੀ ਦਾ ਕੀ ਹਾਲ ਹੈ ?" ਨਖ਼ਲਿਊਦੌਫ਼ ਨੇ ਪੁੱਛਿਆ।

"ਉਹ ਆਰਾਮ ਕਰ ਰਿਹਾ ਹੈ, ਸਾਰੀ ਰਾਤ ਸੁੱਤਾ ਨਹੀਂ।"

ਬਹੁਤ ਕੁਝ ਕਹਿਣ ਵਾਲਾ ਸੀ...... ਇਹ ਸ਼ਬਦਾਂ ਵਿਚ ਨਹੀਂ ਆਖਿਆ ਗਿਆ, ਪਰ ਉਨ੍ਹਾਂ ਦੀਆਂ ਅੱਖਾਂ ਨੇ ਉਹ ਕੁਝ ਦੱਸਿਆ ਜੋ ਸ਼ਬਦ ਕਹਿ ਨਹੀਂ ਸਨ ਸਕੇ।

"ਮੈਂ ਤੇਰੇ ਮਕਾਨ ਤੇ ਹੋ ਆਈ ਹਾਂ।"

"ਹਾਂ ਮੈਨੂੰ ਪਤਾ ਹੈ। ਮੈਂ ਇਥੇ ਆ ਗਿਆ ਹਾਂ ਕਿਉਂਕਿ ਘਰ ਮੇਰੇ ਲਈ ਵਧੇਰੇ ਵੱਡਾ ਸੀ। ਉਥੇ ਮੈਂ ਇਕੱਲਾ ਸਾਂ, ਤੇ ਜੀਅ ਨਹੀਂ ਲੱਗਦਾ ਸੀ। ਮੈਨੂੰ ਉਸ ਘਰ ਵਿਚੋਂ ਕੁਝ ਨਹੀਂ ਚਾਹੀਦਾ, ਸੋ ਬਿਹਤਰ ਹੈ ਕਿ ਸਭ ਕੁਝ ਤੂੰ ਲੈ ਲਵੇਂ, ਮੇਰਾ ਭਾਵ ਹੈ ਫ਼ਰਨੀਚਰ ਤੇ ਵਸਤ ਵਲੇਵਾ।"

"ਹਾਂ ਅਗਰਾਫ਼ਨਾ ਪੀਤਰੋਫ਼ਨਾ ਮੈਨੂੰ ਦੱਸਦੀ ਸੀ। ਮੈਂ ਉਥੇ ਗਈ ਸਾਂ ਧੰਨਵਾਦ, ਬਹੁਤ। ਪਰ..... "

ਇਸ ਵੇਲੇ ਹੋਟਲ ਦਾ ਬੈਰਾ ਚਾਂਦੀ ਦੇ ਸੈੱਟ ਵਿਚ ਚਾਹ ਲਿਆਇਆ। ਜਦੋਂ ਉਹ ਮੇਜ਼ ਲਗਾ ਰਿਹਾ ਸੀ ਤਾਂ ਉਹ ਚੁੱਪ ਰਹੇ। ਪਿੱਛੋਂ ਨਤਾਲੀ ਮੇਜ਼ ਕੋਲ ਬੈਠ ਕੇ ਚਾਹ ਬਣਾਉਣ ਲੱਗੀ। ਉਹ ਹਾਲੀ ਵੀ ਚੁੱਪ ਸੀ। ਨਖ਼ਲਿਊਦੌਫ਼ ਵੀ ਕੁਝ ਨਾ ਬੋਲਿਆ।

ਅਖ਼ੀਰ ਨਤਾਲੀ ਦ੍ਰਿੜ ਹੋ ਕੇ ਬੋਲੀ, 'ਭਲਾ, ਦਮਿਤਰੀ, ਮੈਨੂੰ ਇਸ ਬਾਰੇ ਸਾਰਾ ਗਿਆਨ ਹੈ।" ਤੇ ਉਹ ਉਸ ਵੱਲ ਵੇਖਣ ਲੱਗੀ।

"ਤਾਂ ਕੀ ਹੋਇਆ ? ਮੈਨੂੰ ਖ਼ੁਸ਼ੀ ਹੈ ਜੇ ਤੈਨੂੰ ਪਤਾ ਹੈ।"

"ਤੂੰ ਉਸ ਨੂੰ ਸੁਧਾਰਨ ਦੀ ਆਸ ਰੱਖਦਾ ਹੈ ਉਸ ਜੀਵਨ ਪਿੱਛੋਂ ਜੋ ਉਸ ਦਾ ਰਿਹਾ ਹੈ ?" ਨਤਾਲੀ ਨੇ ਪੁੱਛਿਆ।

ਉਹ ਸਿੱਧਾ-ਸਤੋੜ ਇਕ ਛੋਟੀ ਕੁਰਸੀ ਉੱਤੇ ਬੈਠਾ ਰਿਹਾ ਤੇ ਗਹੁ ਨਾਲ ਸੁਣਦਾ ਰਿਹਾ। ਉਸ ਨੂੰ ਸਮਝਦਾ ਤੇ ਠੀਕ ਉੱਤਰ ਦੇਣਾ ਚਾਹੁੰਦਾ ਸੀ। ਮਸਲੌਫ਼ਾ ਨਾਲ ਉਸ ਦੀ ਪਿਛਲੀ ਮੁਲਾਕਾਤ ਤੋਂ ਉਤਪੰਨ ਹੋਈ ਮਾਨਸਿਕ ਅਵਸਥਾ ਹਾਲੀ ਵੀ ਉਸ ਦੀ ਆਤਮਾ ਨੂੰ ਮੂਕ ਆਨੰਦ ਤੇ ਸਾਰੀ ਮਨੁੱਖਤਾ ਵੱਲ ਸਦ-ਭਾਵਨਾ ਨਾਲ ਭਰ ਰਹੀ ਸੀ।

"ਮੈਂ ਉਸ ਨੂੰ ਨਹੀਂ, ਆਪਣੇ ਆਪ ਨੂੰ ਸੁਧਾਰਨਾ ਚਾਹੁੰਦਾ ਹਾਂ।" ਉਸ ਨੇ ਉੱਤਰ ਦਿੱਤਾ।

ਨਤਾਲੀ ਹਉਕਾ ਭਰ ਕੇ ਬੋਲੀ, "ਅਜੇਹਾ ਕਰਨ ਦੇ ਵਿਆਹ ਤੋਂ ਬਿਨਾਂ ਹੋਰ ਸਾਧਨ ਹਨ।"

"ਪਰ ਮੈਂ ਸਮਝਦਾ ਹਾਂ ਇਹ ਸਭ ਤੋਂ ਉੱਤਮ ਹੈ। ਨਾਲੇ, ਇਹ ਮੈਨੂੰ ਉਸ ਦੁਨੀਆਂ ਵਿਚ ਲੈ ਜਾਵੇਗਾ ਜਿਥੇ ਮੈਂ ਕਿਸੇ ਦੇ ਕੰਮ ਆ ਸਕਦਾ ਹਾਂ।"

"ਮੈਂ ਮੰਨ ਨਹੀਂ ਸਕਦੀ ਤੂੰ ਖ਼ੁਸ਼ ਰਹੇਂਗਾ।" ਨਤਾਲੀ ਨੇ ਆਖਿਆ।

"ਗੱਲ ਮੇਰੀ ਖ਼ੁਸ਼ੀ ਦੀ ਨਹੀਂ।"

"ਬੇਸ਼ੱਕ, ਪਰ ਜੇ ਉਸ ਦੇ ਅੰਦਰ ਦਿਲ ਹੈ ਉਹ ਵੀ ਖ਼ੁਸ਼ ਨਹੀਂ ਹੋ ਸਕਦੀ. ਅਜੇਹਾ ਚਾਹ ਵੀ ਨਹੀਂ ਸਕਦੀ।"

"ਉਹ ਇਹ ਨਹੀਂ ਚਾਹੁੰਦੀ।"

"ਮੈਂ ਸਮਝਦੀ ਹਾਂ, ਪਰ ਜੀਵਨ......।"

"ਹਾਂ, ਜੀਵਨ ?"

"ਕੋਈ ਵੱਖਰੀ ਚੀਜ਼ ਮੰਗਦਾ ਹੈ।"

"ਇਹ ਕੁਝ ਨਹੀਂ ਮੰਗਦਾ ਸਿਵਾਏ ਇਸ ਦੇ ਕਿ ਅਸੀਂ ਠੀਕ ਕਰੀਏ।" ਨਖ਼ਲਿਊਦੌਫ਼ ਨੇ ਨਤਾਲੀ ਦੇ ਚੇਹਰੇ ਵੱਲ ਵੇਖ ਕੇ ਆਖਿਆ ਜਿਹੜਾ ਹਾਲੀ ਵੀ ਸੁਹਣਾ ਸੀ ਭਾਵੇਂ ਅੱਖਾਂ ਤੇ ਮੂੰਹ ਉਦਾਲੇ ਕੁਝ ਝੁਰੜੀਆਂ ਪੈ ਗਈਆਂ ਸਨ।

"ਮੈਨੂੰ ਸਮਝ ਨਹੀਂ ਆਉਂਦੀ" ਉਸ ਨੇ ਆਖਿਆ ਤੇ ਹਉਕਾ ਭਰਿਆ।

"ਮੇਰੀ ਪਿਆਰੀ ਭੈਣ, ਵਿਚਾਰੀ, ਕਿਵੇਂ ਇੰਨਾ ਬਦਲ ਗਈ ?" ਉਸ ਨੇ ਸੋਚਿਆ ਤੇ ਯਾਦ ਕੀਤਾ ਨਤਾਲੀ ਜਿਵੇਂ ਵਿਆਹ ਤੋਂ ਪਹਿਲਾਂ ਹੁੰਦੀ ਸੀ। ਉਸ ਵਿਚ ਨਤਾਲੀ ਵੱਲ ਇਕ ਕੋਮਲਤਾ ਦਾ ਭਾਵ ਉਠਿਆ ਜਿਸ ਵਿਚ ਬਚਪਣ ਦੀਆਂ ਅਣਗਿਣਤ ਯਾਦਾਂ ਬਣੀਆਂ ਹੋਈਆਂ ਸਨ। ਉਸੇ ਪਲ ਰਾਗੋਯਿਨਸਕੀ ਹੌਲੇ ਤੇ ਪੌਲੇ ਕਦਮਾਂ ਨਾਲ, ਜਿਵੇਂ ਉਸ ਦਾ ਸੁਭਾਵ ਸੀ, ਕਮਰੇ ਵਿਚ ਆਇਆ ਤਾਂ ਉਸ ਦਾ ਸਿਰ ਪਿਛਾਂਹ ਸੁੱਟਿਆ ਹੋਇਆ ਸੀ ਤੇ ਛਾਤੀ ਫੈਲਾਈ ਹੋਈ, ਉਸ ਦੀਆਂ ਐਨਕਾਂ, ਉਸ ਦਾ ਗੰਜ, ਤੇ ਕਾਲੀ ਦਾਹੜੀ ਸਭ ਚਮਕ ਰਹੇ ਸਨ।

"ਕੀ ਹਾਲ ਹੈ ?" ਉਹ ਆਪਣੇ ਸ਼ਬਦਾਂ ਉੱਤੇ ਅਸਾਧਾਰਣ ਬਣ ਕੇ ਬੋਲਿਆ।

ਦੋਹਾਂ ਨੇ ਹੱਥ ਮਿਲਾਏ, ਤੇ ਰਾਗੋਯਿਨਸਕੀ ਪੌਲੇ ਜੇਹੇ ਆਰਾਮ ਕੁਰਸੀ ਵਿਚ ਬੈਠ ਗਿਆ।

"ਮੈਂ ਤੁਹਾਡੀ ਗੱਲ ਵਿਚ ਵਿਘਨ ਤਾਂ ਨਹੀਂ ਪਾ ਰਿਹਾ ?"

"ਨਹੀਂ, ਮੈਂ ਜੋ ਕੁਝ ਕਹਿ ਰਿਹਾ ਹਾਂ ਜਾਂ ਕਰ ਰਿਹਾ ਹਾਂ ਕਿਸੇ ਪਸੋਂ ਲੁਕਾਣਾ ਨਹੀਂ ਚਾਹੁੰਦਾ।"

ਜਿਉਂ ਹੀ ਨਖ਼ਲਿਊਦੌਫ਼ ਨੇ ਜਤਲ ਹੱਥ ਵੇਖੇ ਤੇ ਨਿਵਾਜੇ, ਆਤਮ ਦ੍ਰਿੜ੍ਹ ਬੋਲ ਸੁਣੇ, ਉਸ ਦੀ ਨਿਮਰਤਾ ਇਕ ਪਲ ਵਿਚ ਉਸ ਨੂੰ ਛੱਡ ਗਈ।

"ਹਾਂ, ਅਸੀਂ ਇਸ ਦੇ ਸੰਕਲਪਾਂ ਬਾਰੇ ਗੱਲ ਕਰ ਰਹੇ ਸਾਂ" ਨਤਾਲੀ ਬੋਲੀ, 'ਤੁਹਾਨੂੰ ਚਾਹ ਦਾ ਪਿਆਲਾ ਬਣਾ ਦੇਵਾਂ ?" ਉਸ ਨੇ ਚਾਹਦਾਨੀ ਪਕੜ ਕੇ ਪੁੱਛਿਆ।

"ਧੰਨਵਾਦ। ਉਹ ਕਿਹੜੇ ਵਿਸ਼ੇਸ਼ ਸੰਕਲਪ ਹਨ ?"

"ਸਾਇਬੇਰੀਆ ਨੂੰ ਜਾਣਾ ਕੈਦੀਆਂ ਦੇ ਉਸ ਜੱਥੇ ਨਾਲ ਜਿਸ ਵਿਚ ਉਹ ਇਸਤ੍ਰੀ ਹੈ ਜਿਸ ਨਾਲ ਮੈਂ ਸਮਝਦਾ ਹਾਂ ਮੈਂ ਨਿੱਕਾ ਧੱਕਾ ਕੀਤਾ ਹੈ।" ਨਖਲਿਊਦੋਫ ਬੋਲਿਆ।

"ਮੈਂ ਸੁਣਿਆ ਹੈ ਕੇਵਲ ਉਸ ਦੇ ਨਾਲ ਨਹੀਂ ਜਾਣਾ, ਇਸ ਤੋਂ ਵੱਧ।"

"ਹਾਂ, ਉਸ ਨੂੰ ਵਿਆਹ ਲੈਣਾ ਜੇ ਉਹ ਇਹ ਚਾਹੇ।"

"ਠੀਕ ! ਪਰ, ਜੇ ਬੁਰਾ ਨਾ ਸਮਝੋ, ਤੁਸੀਂ ਆਪਣੇ ਮੰਤਵ ਸਪੱਸ਼ਟ ਕਰੋਗੇ ? ਮੇਰੀ ਸਮਝ ਵਿਚ ਨਹੀਂ ਆਏ।"

"ਮੇਰੇ ਮੰਤਵ ਹਨ ਕਿ ਇਹ ਇਸਤ੍ਰੀ...... ਪਤਨ ਵੱਲ ਇਸ ਇਸਤ੍ਰੀ ਦਾ ਪਹਿਲਾ ਕਦਮ........ ਨਖ਼ਲਿਊਦੌਫ਼ ਨੂੰ ਯੋਗ ਸ਼ਬਦ ਨਾ ਲੱਭ ਸਕਣ ਕਰਕੇ ਆਪਣੇ ਆਪ ਉੱਤੇ ਗੁੱਸਾ ਆ ਗਿਆ। "ਮੇਰੇ ਮੰਤਵ ਹਨ ਕਿ ਗੁਨਾਹਗਾਰ ਮੈਂ ਹਾਂ ਤੇ ਸਜ਼ਾ ਉਸ ਨੂੰ ਮਿਲ ਰਹੀ ਹੈ।"

"ਜੇ ਉਸ ਨੂੰ ਸਜ਼ਾ ਮਿਲ ਰਹੀ ਹੈ ਤਾਂ ਉਹ ਵੀ ਬੇ-ਗੁਨਾਹ ਨਹੀਂ ਹੋ ਸਕਦੀ।"

"ਉਹ ਬਿਲਕੁਲ ਬੇ-ਗੁਨਾਹ ਹੈ।"

ਤੇ ਨਖ਼ਲਿਊਦੌਫ਼ ਨੇ ਅਣਲੋੜੀ ਗਰਮੀ ਨਾਲ ਸਾਰੀ ਘਟਨਾ ਬਿਆਨ ਕੀਤੀ।

"ਹਾਂ, ਇਹ ਪ੍ਰਧਾਨ ਦੀ ਲਾ-ਪਰਵਾਹੀ ਦੀ ਗੱਲ ਸੀ ਜਿਸ ਦਾ ਫਲ ਸਰੂਪ

ਜਿਊਰੀ ਨੇ ਬਿਨਾਂ ਸੋਚੇ ਸਮਝੇ ਫ਼ੈਸਲਾ ਦੇ ਦਿੱਤਾ। ਪਰ ਅਜੇਹੇ ਮਾਮਲਿਆਂ ਲਈ ਸੈਨਿਟ ਜੋ ਹੈ।"

"ਸੈਨਿਟ ਨੇ ਅਪੀਲ ਰੱਦ ਕਰ ਦਿੱਤੀ ਹੈ।"

"ਹਲਾ, ਜੋ ਸੈਨਿਟ ਨੇ ਅਪੀਲ ਰੱਦ ਕਰ ਦਿੱਤੀ ਹੈ ਤਾਂ ਇਸ ਦੇ ਕਾਫ਼ੀ ਆਧਾਰ ਨਹੀਂ ਹੋਣਗੇ।" ਰਾਗੋਯਿਨਸਕੀ ਬੋਲਿਆ। ਸਿਧ ਹੈ ਕਿ ਵਿਆਪਕ ਵਿਚਾਰ ਨਾਲ ਸਹਿਮਤ ਸੀ ਕਿ ਸੱਚ ਨਿਆਇ ਧਰਮੀ ਨਿਰਣਿਆਂ ਵਿਚੋਂ ਉਪਜਦਾ ਹੈ। ਸੈਨਿਟ ਮੁਕੱਦਮੇ ਦੇ ਗੁਣ

ਔਗੁਣ ਵਿਚ ਨਹੀਂ ਜਾ ਸਕਦੀ। ਜੇ ਠੀਕ ਹੀ ਕੋਈ ਗਲਤੀ ਹੋ ਗਈ ਹੈ, ਤਾਂ ਸਮਰਾਟ ਪਾਸ ਅਰਜ਼ੀ ਕਰਨੀ ਚਾਹੀਦੀ ਹੈ।"

"ਅਰਜ਼ੀ ਕੀਤੀ ਗਈ ਹੈ, ਪਰ ਇਸ ਦੀ ਸਫਲਤਾ ਦੀ ਬਹੁਤੀ ਆਸ ਨਹੀਂ। ਉਥੋਂ ਇਹ ਮੰਤਰਾਲੇ ਵਿਭਾਗ ਵਿਚ ਆ ਜਾਵੇਗੀ, ਵਿਭਾਗ ਸੈਨਿਟ ਦਾ ਵਿਚਾਰ ਪੁੱਛੇਗਾ, ਸੈਨਿਟ ਆਪਣਾ ਫੈਸਲਾ ਦੁਹਰਾ ਦੇਵੇਗੀ ਤੇ ਜਿਵੇਂ ਆਮ ਹੁੰਦਾ ਹੈ, ਬੇਗੁਨਾਹ ਸਜਾ ਭੁਗਤਦਾ ਰਹੇਗਾ।"

"ਪਹਿਲੀ ਗੱਲ, ਮੰਤਰਾਲਾ ਵਿਭਾਗ ਸੈਨਿਟ ਦੇ ਵਿਚਾਰ ਨਹੀਂ ਲਵੇਗਾ।" ਰਾਗੋਯਿਨਸਕੀ ਨੇ ਉੱਚ-ਭਾਵੀ ਮੁਸਕਰਾਹਟ ਨਾਲ ਦਸਿਆ, "ਇਹ ਅਦਾਲਤਾਂ ਵਿਚੋਂ ਮੁੱਢਲੀਆਂ ਲਿਖਤਾਂ ਮੰਗਵਾਣ ਦਾ ਹੁਕਮ ਦੇਵੇਗਾ, ਤੇ ਜੇ ਇਸ ਨੂੰ ਕੋਈ ਗਲਤੀ ਦਿੱਸੀ, ਉਸ ਅਨੁਸਾਰ ਫੈਸਲਾ ਦੇਵੇਗਾ। ਦੂਜੇ, ਬੇਗੁਨਾਹਾਂ ਨੂੰ ਕਦੀ ਸਜ਼ਾ ਨਹੀਂ ਮਿਲਦੀ, ਜਾਂ ਬਹੁਤ ਘੱਟ ਬਹੁਤ ਅਸਾਧਾਰਣ ਹਾਲਤਾਂ ਵਿਚ। ਸਜ਼ਾ ਦੋਸ਼ੀਆਂ ਨੂੰ ਹੀ ਮਿਲਦੀ ਹੈ।" ਉਸ ਨੇ ਜਾਣ ਬੁਝ ਕੇ ਆਖਿਆ ਤੇ ਆਤਮ ਸੰਤੁਸ਼ਟਤਾ ਨਾਲ ਮੁਸਕਰਾ ਦਿੱਤਾ।

"ਤੇ ਮੇਰਾ ਨਿਸ਼ਚਾ ਇਸ ਦੇ ਉਲਟ ਹੈ।" ਨਖ਼ਲਿਊਦੌਫ਼ ਨੇ ਭਣੋਈਏ ਵੱਲ ਮੰਦ-ਭਾਵਨਾ ਨਾਲ ਕਿਹਾ, "ਮੈਨੂੰ ਪੂਰਾ ਨਿਸ਼ਚਾ ਹੈ ਕਿ ਕਾਨੂੰਨ ਵਲੋਂ ਦੰਡਿਤ ਲੋਕਾਂ ਵਿਚੋਂ ਬਹੁਤੇ ਨਿਰਦੋਸ਼ ਹੁੰਦੇ ਹਨ।"

"ਕਿਨ੍ਹਾਂ ਅਰਥਾਂ ਵਿਚ ?"

"ਸ਼ਬਦ ਦੇ ਜਿਉਂ ਦੇ ਤਿਉਂ ਅਰਥਾਂ ਵਿਚ ਨਿਰਦੋਸ਼। ਜਿਵੇਂ ਇਹ ਇਸਤ੍ਰੀ ਕਿਸੇ ਨੂੰ ਜ਼ਹਿਰ ਦੇਣ ਦੇ ਅਪਰਾਧ ਤੋਂ ਨਿਰਦੋਸ਼ ਹੈ, ਉਤਨੀ ਹੀ ਨਿਰਦੋਸ਼ ਜਿਵੇਂ ਇਕ ਕਿਰਸਾਨ ਜੋ ਮੈਨੂੰ ਹੁਣੇ ਹੁਣੇ ਪਤਾ ਲੱਗਾ ਹੈ ਕਿ ਕਤਲ ਦੇ ਅਪਰਾਧ ਤੋਂ ਜੋ ਉਸ ਨੇ ਬਿਲਕੁਲ ਨਹੀਂ ਕੀਤਾ, ਜਿਵੇਂ ਇਕ ਮਾਂ ਪੁੱਤਰ ਜਿਨ੍ਹਾਂ ਨੂੰ ਅੱਗ ਲਗਾਣ ਦੀ ਸਜ਼ਾ ਹੋਣ ਵਾਲੀ ਹੈ ਜਿਹੜੀ ਘਰ ਦੇ ਮਾਲਕ ਨੇ ਆਪ ਲਗਾਈ ਸੀ।"

"ਹਾਂ ਬੇਸ਼ਕ, ਨਿਆਇ ਦੀਆਂ ਗਲਤੀਆਂ ਸਦਾ ਹੁੰਦੀਆਂ ਆਈਆਂ ਹਨ ਤੇ ਹੁੰਦੀਆਂ ਰਹਿਣਗੀਆਂ। ਮਨੁੱਖੀ ਸੰਸਥਾਵਾਂ ਸੰਪੂਰਣ ਨਹੀਂ ਹੋ ਸਕਦੀਆਂ।"

"ਨਾਲੇ ਬਹੁਤੇ ਲੋਕ ਹਨ ਕੈਦੀਆਂ ਵਿਚ ਜਿਨ੍ਹਾਂ ਨੇ ਕੋਈ ਅਜੇਹੀ ਗੱਲ ਨਹੀਂ ਕੀਤੀ ਜੋ ਉਸ ਵਰਗ ਵਿਚ ਜਿਸ ਵਿਚ ਪਲੇ ਹਨ, ਬੁਰੀ ਸਮਝੀ ਜਾਂਦੀ ਹੋਵੇ।"

"ਮਾਫ਼ ਕਰਨਾ, ਇਸ ਤਰ੍ਹਾਂ ਨਹੀਂ ਹੁੰਦਾ। ਹਰ ਚੋਰ ਜਾਣਦਾ ਹੈ ਕਿ ਚੋਰੀ ਕਰਨਾ ਬੁਰਾ ਹੈ ਤੇ ਸਾਨੂੰ ਚੋਰੀ ਨਹੀਂ ਕਰਨੀ ਚਾਹੀਦੀ,........ਕਿ ਇਹ ਦੁਰਾਚਾਰ ਹੈ,"

ਰਾਗੋਯਨਸਕੀ ਨੇ ਉਸ ਸ਼ਾਂਤ, ਆਤਮ-ਦ੍ਰਿੜ, ਜ਼ਰਾ ਨਿਖੇਧੀ-ਭਰੀ ਮੁਸਕਾਣ ਨਾਲ ਆਖਿਆ ਜਿਸ ਤੋਂ ਨਖ਼ਲਿਊਦੌਫ਼ ਨੂੰ ਖਾਸ ਚਿੜ੍ਹ ਲਗਦੀ ਸੀ।

"ਨਹੀਂ, ਉਹ ਨਹੀਂ ਜਾਣਦਾ। ਉਸ ਨੂੰ ਕਹਿੰਦੇ ਹਨ "ਚੋਰੀ ਨਾ ਕਰ," ਤੇ ਉਹ ਜਾਣਦਾ ਹੈ ਕਿ ਕਾਰਖਾਨੇ ਦਾ ਮਾਲਕ ਉਸ ਨੂੰ ਘੱਟ ਮਜ਼ਦੂਰੀ ਦੇ ਕੇ ਉਸਦੇ ਕੰਮ ਨੂੰ ਚੁਰਾਂਦਾ ਹੈ ਕਿ ਸਰਕਾਰ ਆਪਣੇ ਸਾਰੇ ਕਰਮਚਾਰੀਆਂ ਰਾਹੀਂ ਉਸ ਨੂੰ ਲਗਾਤਾਰ ਕਰਾਂ ਦੇ ਰੂਪ ਵਿਚ ਲੁੱਟ ਰਹੀ ਹੈ।"

"ਵਾਹ, ਇਹ ਤਾਂ ਅਰਾਜਵਾਦ ਹੈ।" ਰਾਗੋਯਿਨਸਕੀ ਨੇ ਸ਼ਾਂਤੀ ਨਾਲ ਆਪਣੇ ਸਾਲੇ ਦੇ ਸ਼ਬਦਾਂ ਦਾ ਅਰਥ ਕੀਤਾ।

"ਮੈਂ ਨਹੀਂ ਕਹਿ ਸਕਦਾ ਇਹ ਕੀ ਹੈ, ਮੈਂ ਕੇਵਲ ਉਹ ਕੁਝ ਦੱਸਦਾ ਹਾਂ ਜੋ ਹੋ ਰਿਹਾ ਹੈ," ਨਖ਼ਲਿਊਦੌਫ਼ ਆਖੀ ਗਿਆ। "ਉਹ ਜਾਣਦਾ ਹੈ ਕਿ ਸਰਕਾਰ ਉਸ ਨੂੰ ਲੁਟਦੀ ਹੈ, ਉਹ ਜਾਣਦਾ ਹੈ ਕਿ ਅਸੀਂ ਭੂਮੀ ਦੇ ਮਾਲਕ ਉਸ ਨੂੰ ਚਿਰਾਂ ਤੋਂ ਲੁਟਦੇ ਆਏ ਹਾਂ, ਉਸ ਤੋਂ ਭੂਮੀ ਲੁੱਟੀ ਹੈ ਜੋ ਸਭ ਦੀ ਸਾਂਝੀ ਹੋਣੀ ਚਾਹੀਦੀ ਹੈ, ਤੇ ਫਿਰ, ਜੇ ਉਸ ਪਾਸੋਂ ਖੋਹੀ ਗਈ ਭੂਮੀ ਵਿਚੋਂ ਉਹ ਕੁਝ ਡੱਕੇ ਤੇ ਟਾਹਣੀਆਂ ਅੱਗ ਬਾਲਣ ਲਈ ਚੁਗ ਲੈਂਦਾ ਹੈ, ਅਸੀਂ ਉਸ ਨੂੰ ਜੇਲ੍ਹ ਵਿਚ ਸੁੱਟ ਦਿੰਦੇ ਹਾਂ ਤੇ ਉਸ ਨੂੰ ਇਹ ਮਨਾਣ ਦਾ ਯਤਨ ਕਰਦੇ ਹਾਂ ਕਿ ਉਹ ਚੋਰ ਹੈ। ਨਿਰਸੰਦੇਹ ਉਹ ਜਾਣਦਾ ਹੈ ਕਿ ਉਹ ਨਹੀਂ ਸਗੋਂ ਉਸ ਕੋਲੋਂ ਭੂਮੀ ਲੁੱਟ ਲੈਣ ਵਾਲੇ ਚੋਰ ਹਨ, ਤੇ ਜੋ ਉਸ ਪਾਸੋਂ ਚੋਰੀ ਕੀਤਾ ਗਿਆ ਹੈ ਉਸ ਨੂੰ ਵਾਪਸ ਪਰਤਾਣਾ ਉਸ ਦਾ ਆਪਣੇ ਪਰਿਵਾਰ ਵੱਲ ਕਰਤੱਵ ਹੈ।"

"ਮੈਂ ਇਹ ਨਹੀਂ ਸਮਝਦਾ ਤੇ ਜੇ ਸਮਝਦਾ ਹਾਂ, ਇਸ ਨਾਲ ਸਹਿਮਤ ਨਹੀਂ ਹੋ ਸਕਦਾ। ਭੂਮੀ ਕਿਸੇ ਨਾ ਕਿਸੇ ਦੀ ਮਲਕੀਅਤ ਹੋਣੀ ਚਾਹੀਦੀ ਹੈ। ਜੇ ਤੁਸੀਂ ਇਸ ਨੂੰ ਵੰਡ ਦੇਵੋ .." ਰਾਗੋਯਿਨਸਕੀ ਸਹਿਜ ਨਾਲ ਕਹਿਣ ਲੱਗਾ। ਉਸ ਨੂੰ ਯਕੀਨ ਹੋ ਗਿਆ ਸੀ ਕਿ ਨਖ਼ਲਿਊਦੌਫ਼ ਇਕ ਸਮਾਜਵਾਦੀ ਸੀ, ਤੇ ਸਮਾਜਵਾਦ ਮੰਗ ਕਰਦਾ ਹੈ ਕਿ ਸਾਰੀ ਭੂਮੀ ਇਕ ਸਮਾਨ ਵੰਡ ਦੇਣੀ ਚਾਹੀਦੀ ਹੈ ਕਿ ਅਜੇਹੀ ਵੰਡ ਕਰਨਾ ਬਹੁਤ ਵੱਡੀ ਬੇਵਕੂਫ਼ੀ ਹੋਵੇਗੀ, ਤੇ ਉਹ ਇਸਨੂੰ ਸੌਖਾ ਹੀ ਸਿੱਧ ਕਰਦਾ ਸੀ। "ਜੇ ਅੱਜ ਤੁਸੀਂ ਇਸ ਨੂੰ ਇਕ ਸਮਾਨ

ਵੰਡ ਦੇਵੋ, ਕੱਲ ਇਹ ਫਿਰ ਸਭ ਤੋਂ ਵੱਧ ਮਿਹਨਤੀ ਤੇ ਚਲਾਕ ਲੋਕਾਂ ਦੇ ਹੱਥ ਵਿਚ ਹੋਵੇਗੀ।"

"ਭੂਮੀ ਨੂੰ ਇਕ ਸਮਾਨ ਵੰਡਣ ਦਾ ਵਿਚਾਰ ਕਿਸੇ ਦਾ ਨਹੀਂ। ਭੂਮੀ ਕਿਸੇ ਦੀ ਵੀ ਮਲਕੀਅਤ ਨਹੀਂ ਹੋਣੀ ਚਾਹੀਦੀ, ਇਹ ਵੇਚਣ ਵੱਟਣ ਜਾਂ ਚਕੋਤੇ ਉੱਤੇ ਦੇਣ ਵਾਲੀ ਵਸਤੂ ਨਹੀਂ ਹੋਣੀ ਚਾਹੀਦੀ।"

"ਸੰਪਤੀ ਦੇ ਅਧਿਕਾਰ ਮਨੁੱਖ ਦੇ ਜਮਾਂਦਰੂ ਹਨ, ਇਨ੍ਹਾਂ ਤੋਂ ਬਿਨਾਂ ਭੂਮੀ ਨੂੰ ਵਾਹੁਣ ਲਈ ਕੋਈ ਉਤਸ਼ਾਹ ਨਹੀਂ ਰਹੇਗਾ। ਸੰਪਤੀ ਦੇ ਅਧਿਕਾਰ ਨਸ਼ਟ ਕਰ ਦੇਵੋ ਤੇ ਅਸੀਂ ਅਸਭਿਅਤਾ ਵਿਚ ਮੁੜ ਜਾਵਾਂਗੇ। ਰਾਗੋਯਿਨਸਕੀ ਨੇ ਇਹ ਬੜੀ ਪ੍ਰਮਾਣਿਕ ਦ੍ਰਿੜ੍ਹਤਾ ਨਾਲ ਆਖਿਆ ਤੇ ਭੂਮੀ ਦੀ ਨਿੱਜੀ ਮਾਲਕੀ ਦੇ ਹੱਕ ਵਿਚ ਆਮ ਦਲੀਲਾਂ ਜੋ ਅਖੰਡਨੀ ਸਮਝੀਆਂ ਜਾਂਦੀਆਂ ਹਨ ਤੇ ਇਸ ਮਨੌਤ ਉੱਤੇ ਆਧਾਰਿਤ ਹਨ ਕਿ ਲੋਕਾਂ ਦੀ ਭੂਮੀ ਦੇ ਮਾਲਕ ਹੋਣ ਦੀ ਇੱਛਾ ਉਨ੍ਹਾਂ ਦੇ ਅਜਿਹੇ ਅਧਿਕਾਰ ਨੂੰ ਸਿੱਧ ਕਰਦੀ ਹੈ, ਦੁਹਰਾਇਆ।

"ਇਸ ਦੇ ਉਲਟ ਸਗੋਂ ਜਦੋਂ ਭੂਮੀ ਕਿਸੇ ਦੀ ਮਲਕੀਅਤ ਨਹੀਂ ਰਹੇਗੀ ਇਹ ਨਿਕੰਮੀ ਪਈ ਰਹਿਣ ਤੋਂ ਬਚ ਜਾਵੇਗੀ ਜਿਵੇਂ ਹੁਣ ਜਦੋਂ ਕਿ ਭੂਮੀ-ਪਤੀ, ਖੁਰਲੀ ਵਿਚ ਪਏ ਕੁੱਤਿਆਂ ਵਾਕਰ, ਨਾ ਇਸ ਨੂੰ ਆਪ ਕੰਮ ਵਿਚ ਲਿਆ ਸਕਦੇ ਹਨ ਨਾ ਉਨ੍ਹਾਂ ਨੂੰ ਵਰਤਣ ਦਿੰਦੇ ਹਨ। ਜੋ ਇਸ ਦੇ ਯੋਗ ਹਨ।"

"ਪਰ, ਦਮਿਤਰੀ ਈਵਾਨਿਚ, ਤੂੰ ਜੋ ਕਹਿ ਰਿਹਾ ਹੈਂ ਸਰਾਸਰ ਕਮਲ ਹੈ। ਭੂਮੀ ਦੀ ਮਾਲਕੀ ਨੂੰ ਖਤਮ ਕਰ ਦੇਣਾ ਸਾਡੇ ਯੁੱਗ ਵਿਚ ਭਲਾ ਸੰਭਵ ਹੈ ? ਮੈਂ ਜਾਣਦਾ ਹਾਂ ਇਹ ਤੇਰਾ ਪੁਰਾਣਾ ਖ਼ਬਤ ਹੈ। ਪਰ ਮੈਂ ਤੈਨੂੰ ਸਾਫ਼ ਦੱਸ ਦੇਵਾਂ', ਤੇ ਰਾਗੋਯਿਨਸਕੀ ਪੀਲਾ ਭੂਕ ਹੋ ਗਿਆ ਤੇ ਉਸ ਦੀ ਆਵਾਜ਼ ਕੰਬਣ ਲੱਗ ਪਈ। ਸਪੱਸ਼ਟ ਸੀ ਕਿ ਸਵਾਲ ਉਸ ਨੂੰ ਬਹੁਤ ਨੇੜੇ ਤੋਂ ਪੋਂਹਦਾ ਸੀ। "ਮੈਂ ਤੁਹਾਨੂੰ ਸਲਾਹ ਦੇਵਾਂਗਾ ਕਿ ਇਸ ਨੂੰ ਵਿਵਹਾਰਿਕ ਰੂਪ ਵਿਚ ਨਿਬੇੜਨ ਦਾ ਯਤਨ ਕਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਸੋਚ ਲਵੋ।"

"ਤੁਸੀਂ ਮੇਰੇ ਨਿੱਜੀ ਮਾਮਲਿਆਂ ਦੀ ਗੱਲ ਕਰਦੇ ਹੋ ?"

"ਹਾਂ। ਮੇਰਾ ਮੱਤ ਹੈ ਕਿ ਸਾਨੂੰ, ਜਿਨ੍ਹਾਂ ਵਿਸ਼ੇਸ਼ ਸਥਿਤੀਆਂ ਵਿਚ ਰੱਖਿਆ ਗਿਆ ਹੈ, ਉਨ੍ਹਾਂ ਸਥਿਤੀਆਂ ਤੋਂ ਉਠਣ ਵਾਲੀਆਂ ਜ਼ਿੰਮੇਦਾਰੀਆਂ ਚੁਕਣੀਆਂ ਚਾਹੀਦੀਆਂ ਹਨ।

ਜਿਸ ਸਮਾਜ ਵਿਚ ਅਸੀਂ ਜੰਮੇ ਹਾਂ, ਜੋ ਅਸੀਂ ਆਪਣੇ ਵਡੇਰਿਆਂ ਪਾਸੋਂ ਪ੍ਰਾਪਤ ਕੀਤਾ ਹੈ ਜੋ ਸਾਨੂੰ ਆਪਣੇ ਪਿਛਲਿਆਂ ਨੂੰ ਦੇ ਜਾਣਾ ਯੋਗ ਹੈ, ਸਾਨੂੰ ਸਥਿਰ ਰੱਖਣਾ ਚਾਹੀਦਾ ਹੈ।"

"ਮੈਂ ਆਪਣਾ ਇਹ ਫਰਜ਼ ਸਮਝਦਾ ਹਾਂ ... ..."

"ਮਾਫ਼ ਕਰਨਾ," ਰਾਗੋਯਿਨਸਕੀ ਨੇ ਆਪਣੀ ਗੱਲ ਨੂੰ ਟੁੱਟਣ ਨਾ ਦਿੱਤਾ ਤੇ ਆਖਿਆ, "ਮੈਂ ਆਪਣੀ ਜਾਂ ਆਪਣੇ ਬੱਚਿਆਂ ਦੀ ਗੱਲ ਨਹੀਂ ਕਰ ਰਿਹਾ। ਮੇਰੇ ਬੱਚਿਆਂ ਦੀ ਸਥਿਤੀ ਦ੍ਰਿੜ੍ਹ ਹੈ : ਮੈਂ ਆਪ ਸੁੱਖ ਵਿਚ ਰਹਿਣ ਲਈ ਕਾਫ਼ੀ ਕਮਾ ਰਿਹਾ ਹਾਂ ਤੇ ਮੈਨੂੰ ਆਸ ਹੈ ਮੇਰੀ ਸੰਤਾਨ ਵੀ ਇਸੇ ਤਰਾਂ ਚਲਦੀ ਰਹੇਗੀ। ਤੁਹਾਡੇ ਕੰਮ ਵਿਚ....... ਜੋ, ਮੈਂ ਕਹਿਣ ਦੀ ਖੁਲ੍ਹ ਲੈਂਦਾ ਹਾਂ, ਚੰਗੀ ਤਰ੍ਹਾਂ ਸੋਚਿਆ ਵਿਚਾਰਿਆ ਨਹੀਂ........ ਮੇਰਾ ਹਿੱਤ ਨਿੱਜੀ ਮਨੋਰਥ ਉੱਤੇ ਅਧਾਰਿਤ ਨਹੀਂ। ਮੈਂ ਆਪਣੇ ਅਸੂਲ ਮੁਤਾਬਕ ਤੁਹਾਡੇ ਨਾਲ ਸਹਿਮਤ ਨਹੀਂ ਹੋ ਸਕਦਾ। ਮੈਂ ਤੁਹਾਨੂੰ ਕਹਾਂਗਾ ਇਸ ਨੂੰ ਚੰਗੀ ਤਰ੍ਹਾਂ ਵਿਚਾਰ ਲਵੋ ਤੇ ਪੜ੍ਹੋ... "

"ਕਿਰਪਾ ਕਰਕੇ ਮੈਨੂੰ ਆਪਣੇ ਕਾਰਜ ਆਪ ਨਜਿੱਠਣ ਦਿਓ ਤੇ ਕੀ ਪੜ੍ਹਨਾ ਹੈ ਤੇ ਕੀ ਨਹੀਂ ਪੜ੍ਹਨਾ ਆਪ ਫੈਸਲਾ ਕਰਨ ਦਿਓ।" ਨਖ਼ਲਿਊਦੌਫ਼ ਨੇ ਪੀਲਾ ਭੂਕ ਹੋ ਕੇ ਆਖਿਆ। ਆਪਣੇ ਹੱਥ ਠੰਡੇ ਹੋ ਗਏ ਵੇਖ ਕੇ ਤੇ ਇਹ ਜਾਣਕੇ ਕਿ ਉਹ ਆਪਣੇ ਆਪ ਵਿਚ ਨਹੀਂ ਸੀ, ਉਹ ਰੁਕ ਗਿਆ, ਤੇ ਚਾਹ ਪੀਣ ਲੱਗ ਪਿਆ।

-0-

33

"ਅੱਛਾ, ਬੱਚੇ ਕੈਸੇ ਹਨ?" ਨਖ਼ਲਿਊਦੌਫ਼ ਨੇ ਜਦੋਂ ਉਹ ਕੁਝ ਸ਼ਾਤ ਹੋ ਗਿਆ, ਆਪਣੀ ਭੈਣ ਨੂੰ ਪੁੱਛਿਆ। ਭੈਣ ਨੇ ਦੱਸਿਆ ਕਿ ਬੱਚੇ ਆਪਣੀ ਦਾਦੀ ਕੋਲ ਰਹਿ ਪਏ ਸਨ। ਉਹ ਖੁਸ਼ ਸੀ ਕਿ ਕਿ ਉਸ ਦੇ ਪਤੀ ਨਾਲ ਨਖ਼ਲਿਊਦੌਫ਼ ਦਾ ਝਗੜਾ ਖ਼ਤਮ ਹੋ ਗਿਆ ਸੀ, ਤੇ ਉਸਨੂੰ ਦੱਸਣ ਲੱਗੀ ਕਿ ਕਿਵੇਂ ਬੱਚੇ ਮੁਸਾਫ਼ਿਰ ਬਣ ਬਣ ਖੇਡਿਆ ਕਰਦੇ ਸਨ, ਉਵੇਂ ਜਿਵੇਂ ਉਹ ਆਪਣੀ ਤਿੰਨ ਗੁਡੀਆਂ ਨਾਲ ਖੇਡਦਾ ਹੁੰਦਾ ਸੀ ਜਿਨ੍ਹਾਂ ਵਿਚੋਂ ਇਕ ਨੀਗਰੋ ਸੀ ਤੇ ਇਕ ਹੋਰ ਨੂੰ ਉਹ ਫਰਾਂਸੀਸੀ ਸੁਆਣੀ ਆਖਦਾ ਹੁੰਦਾ ਸੀ।

"ਤੈਨੂੰ ਸੱਚ-ਮੁੱਚ ਇਹ ਸਭ ਕੁਝ ਯਾਦ ਹੈ ?" ਨਖ਼ਲਿਊਦੌਫ਼ ਨੇ ਮੁਸਕਰਾਂਦੇ ਹੋਏ ਪੁੱਛਿਆ।

"ਹਾਂ, ਤੇ ਵੇਖੋ ਨਾ ਉਹ ਬਿਲਕੁਲ ਉਸੇ ਤਰ੍ਹਾਂ ਖੇਡਦੇ ਹਨ।"

ਅਣਸੁਖਾਵੀਂ ਗੱਲਬਾਤ ਖ਼ਤਮ ਹੋ ਚੁੱਕੀ ਸੀ ਤੇ ਨਤਾਲੀ ਹੁਣ ਸ਼ਾਂਤ ਸੀ, ਪਰ ਆਪਣੇ ਪਤੀ ਦੇ ਸਾਹਮਣੇ ਉਹ, ਉਹ ਗੱਲਾਂ ਨਹੀਂ ਕਰਨਾ ਚਾਹੁੰਦੀ ਸੀ ਜੋ ਕੇਵਲ ਉਸ ਦਾ ਭਰਾ ਹੀ ਸਮਝ ਸਕਦਾ ਸੀ। ਇਸ ਲਈ ਆਮ ਗੱਲ ਬਾਤ ਛੇੜਨ ਲਈ ਉਹ ਕਮਿੰਸਕੀ ਦੀ ਮਾਂ ਦੇ ਆਪਣੇ ਪੁੱਤਰ ਦੇ ਮਰਨ ਉੱਤੇ ਸੋਗ ਦੀ ਗੱਲ ਕਰਨ ਲੱਗੀ, ਉਹ ਪੁੱਤਰ ਜੋ ਇਕ ਦੋ-ਪਰਖੀ ਲੜਾਈ ਯੁੱਧ ਵਿਚ ਮਾਰਿਆ ਗਿਆ ਸੀ, ਕਿਉਂਕਿ ਪੀਟਰਜ਼ਬਰਗ ਦੀ ਇਹ ਤਾਜ਼ੀ ਖ਼ਬਰ ਹੁਣ ਮਾਸਕੋ ਵੀ ਪਹੁੰਚ ਗਈ ਸੀ। ਰਾਗੋਯਿਨਸਕੀ ਨੇ ਅਜਿਹੇ ਪ੍ਰਬੰਧ ਦੀ ਨਿਖੇਧੀ ਕੀਤੀ ਜੋ ਦੋ-ਪੁਰਖੀ ਲੜਾਈ ਵਿਚ ਕਤਲ ਨੂੰ ਆਮ ਫ਼ੌਜਦਾਰੀ ਜੁਰਮਾਂ ਵਿਚ ਨਹੀਂ ਗਿਣਦਾ ਸੀ।

ਉਸ ਦੇ ਇਸ ਕਥਨ ਦਾ ਨਖ਼ਲਿਊਦੌਫ਼ ਨੇ ਮੋੜਵਾਂ ਉੱਤਰ ਦਿੱਤਾ, ਤੇ ਇਸ ਵਿਸ਼ੇ ਉੱਤੇ ਇਕ ਨਵੀਂ ਬਹਿਸ ਛਿੜ ਪਈ। ਸਪਸ਼ਟ ਕੋਈ ਗਲ ਨਹੀਂ ਕੀਤੀ ਜਾ ਰਹੀ ਸੀ, ਕੋਈ ਧਿਰ ਆਪਣੇ ਅੰਦਰਲੀ ਸਾਰੀ ਗੱਲ ਨਹੀਂ ਦੱਸਦੀ ਸੀ, ਤੇ ਦੋਵੇਂ ਆਪਣੇ ਆਪਣੇ ਵਿਸ਼ਵਾਸ ਉੱਤੇ ਖੜੇ ਇਕ ਦੂਜੇ ਦੀ ਨਿਖੇਧੀ ਕਰ ਰਹੇ ਸਨ। ਰਾਗੋਯਿਨਸਕੀ ਨੇ ਮਹਿਸੂਸ ਕੀਤਾ

ਨਖ਼ਲਿਊਦੌਫ਼ ਉਸ ਦੀ ਨਿਖੇਧੀ ਕਰ ਰਿਹਾ ਤੇ ਉਸ ਦੇ ਕੰਮ ਨੂੰ ਤੁੱਛ ਸਮਝਦਾ ਸੀ, ਤੇ ਉਹ ਇਸ ਦੇ ਵਿਚਾਰਾਂ ਦਾ ਅਨਿਆਇ ਉਸ ਨੂੰ ਦਰਸਾਣਾ ਚਾਹੁੰਦਾ ਸੀ।

ਦੂਜੇ ਪਾਸੇ ਨਖ਼ਲਿਊਦੌਫ਼ ਆਪਣੇ ਭਣੋਈਏ ਦੇ ਭੂਮੀ ਬਾਰੇ ਕਾਰਵਾਈ ਵਿਚ ਦਖ਼ਲ ਦੇਣ ਤੋਂ ਖਿਝ ਗਿਆ ਸੀ, ਆਪਣੇ ਦਿਲ ਦੀ ਤਹਿ ਵਿਚੋਂ ਇਹ ਜਾਣਕੇ ਕਿ ਉਸ ਦੀ ਭੈਣ ਉਸ ਦੇ ਪਤੀ, ਤੇ ਉਨ੍ਹਾਂ ਦੇ ਬੱਚਿਆਂ ਲਈ, ਜੋ ਉਸ ਦੇ ਵਾਰਿਸ ਸਨ, ਉਜ਼ਰ ਕਰਨਾ ਮੁਨਾਸਿਬ ਸੀ। ਉਹ ਖਫਾ ਸੀ ਕਿ ਇਹ ਤੰਗ-ਦਿਲ ਆਦਮੀ ਬੜੀ ਸ਼ਾਂਤ ਦ੍ਰਿੜਤਾ ਨਾਲ ਉਸ ਨੂੰ ਨਿਆਇ-ਕਾਰੀ ਤੇ ਕਾਨੂੰਨ ਸਮਝੀ ਜਾ ਰਿਹਾ ਸੀ ਜਿਸ ਨੂੰ ਨਖ਼ਲਿਊਦੌਫ਼ ਨਿਰਵਸ ਹੋ ਕੇ ਮੂਰਖਤਾ ਤੇ ਅਪਰਾਧ ਸਮਝਦਾ ਸੀ। ਇਸ ਸ਼ਾਂਤ ਦ੍ਰਿੜਤਾ ਤੋਂ ਨਖ਼ਲਿਊਦੌਫ਼ ਚਿੜ੍ਹਦਾ ਸੀ।

"ਕਾਨੂੰਨ ਕੀ ਕਰਦਾ ਹੈ ?" ਉਸਨੇ ਪੁੱਛਿਆ।"

"ਇਹ ਦਵੰਦੀਆਂ ਵਿਚੋਂ ਇਕ ਨੂੰ ਆਮ ਕਾਤਿਲ ਵਾਕਰ ਖਾਨਾਂ ਵਿਚ ਮੁਸ਼ੱਕਤ ਕਰਨ ਦੀ ਸਜਾ ਦੇ ਸਕਦਾ ਸੀ।"

ਨਖ਼ਲਿਊਦੌਫ਼ ਦੇ ਹੱਥ ਫਿਰ ਠੰਡੇ ਹੋ ਗਏ। "ਭਲਾ ਫਿਰ ਉਸ ਦਾ ਕੀ ਲਾਭ ਹੁੰਦਾ ?" ਉਸ ਨੇ ਗਰਮ ਹੋ ਕੇ ਪੁੱਛਿਆ।

"ਇਹ ਨਿਆਇ ਹੁੰਦਾ।"

"ਜਿਵੇਂ ਕਾਨੂੰਨ ਦਾ ਮੰਤਵ ਨਿਆਇ ਹੁੰਦਾ ਹੈ।" ਨਖ਼ਲਿਊਦੌਫ਼ ਬੋਲਿਆ।

"ਹੋਰ ਕੀ ?"

ਸ੍ਰੇਣੀ ਹਿਤਾਂ ਨੂੰ ਸਥਿਰ ਰੱਖਣਾ, ਮੇਰੇ ਵਿਚਾਰ ਮੁਤਾਬਕ ਕਾਨੂੰਨ ਵਰਤਮਾਨ ਢਾਂਚੇ ਨੂੰ ਵੱਡੀ ਸ੍ਰੇਣੀ ਦੇ ਲਾਭ ਲਈ ਕਾਇਮ ਰੱਖਣ ਦਾ ਇਕ ਸਾਧਨ ਹੀ ਹੈ।"

"ਇਹ ਇਕ ਬਿਲਕੁਲ ਨਵਾਂ ਮੱਤ ਹੈ," ਰਾਗੋਯਿਨਸਕੀ ਨੇ ਇਕ ਸ਼ਾਂਤ ਮੁਸਕਾਣ ਨਾਲ ਆਖਿਆ "ਕਾਨੂੰਨ ਦਾ ਆਮ ਕਰਕੇ ਇਕ ਬਿਲਕੁਲ ਵੱਖਰਾ ਮੰਤਵ ਸਮਝਿਆ ਜਾਂਦਾ ਹੈ।"

"ਹਾਂ, ਸਿਧਾਂਤ ਰੂਪ ਵਿਚ ਇਹ ਹੈ, ਪਰ ਵਿਵਹਾਰ ਵਿਚ ਨਹੀਂ, ਜਿਵੇਂ ਮੈਂ ਵੇਖਿਆ ਹੈ। ਕਾਨੂੰਨ ਕੇਵਲ ਵਰਤਮਾਨ ਢਾਂਚੇ ਨੂੰ ਸਥਿਰ ਰੱਖਣਾ ਲੋੜਦਾ ਹੈ ਤੇ ਇਸ ਲਈ ਇਹ ਉਨ੍ਹਾਂ ਨੂੰ ਨਪੀੜਦਾ ਤੇ ਮਾਰਦਾ ਹੈ ਜੋ ਸਾਧਾਰਣ ਪੱਧਰ ਤੋਂ ਉੱਚੇ ਖੜੇ ਹੁੰਦੇ ਹਨ ਤੇ ਇਸ ਨੂੰ ਉੱਚਾ

ਕਰਨਾ ਚਾਹੁੰਦੇ ਹਨ ਇਹ ਅਖਾਉਤੀ ਰਾਜਸੀ ਦੋਸ਼ੀ ਉਸੇ ਤਰ੍ਹਾਂ ਜਿਵੇਂ ਉਨ੍ਹਾਂ ਨੂੰ ਜੋ ਸਾਧਾਰਣ ਤੋਂ ਨੀਵੇਂ, ਅਖਾਉਤੀ ਦੋਸ਼ੀ ਵਰਗ ਦੇ ਹੁੰਦੇ ਹਨ।"

"ਮੈਂ ਤੁਹਾਡੇ ਨਾਲ ਸਹਿਮਤ ਨਹੀਂ। ਪਹਿਲੀ ਗੱਲ, ਮੈਂ ਮੰਨ ਨਹੀਂ ਸਕਦਾ ਕਿ ਰਾਜਸੀ ਸ਼੍ਰੇਣੀ ਵਿਚ ਗਿਣੇ ਜਾਂਦੇ ਅਪਰਾਧੀਆਂ ਨੂੰ ਇਸ ਕਰਕੇ ਸਜ਼ਾ ਦਿੱਤੀ ਜਾਂਦੀ ਹੈ ਕਿ ਉਹ ਸਾਧਾਰਣ ਤੋਂ ਉੱਚੇ ਹੁੰਦੇ ਹਨ। ਬਹੁਤ ਕਰਕੇ ਉਹ ਸਮਾਜ ਦਾ ਗੰਦ ਮੰਦ ਹੁੰਦੇ ਹਨ, ਉਤਨੇ ਹੀ ਵਿਗੜੇ ਹੋਏ, ਭਾਵੇਂ ਇਕ ਵੱਖਰੀ ਪ੍ਰਕਾਰ ਜਿੰਨੇ ਅਪਰਾਧੀ ਵਰਗ ਜਿਨ੍ਹਾਂ ਨੂੰ ਤੁਸੀਂ ਸਾਧਾਰਣ ਤੋਂ ਨੀਵੇਂ ਸਮਝਦੇ ਹੋ।"

"ਪਰ ਮੈਨੂੰ ਅਜਿਹੇ ਆਦਮੀਆਂ ਨੂੰ ਜਾਣਨ ਦਾ ਇਤਫਾਕ ਹੋਇਆ ਹੈ ਜੋ ਆਚਾਰ ਵਿਚ ਆਪਣੇ ਜੱਜਾਂ ਤੋਂ ਕਿਤੇ ਉਚੇਰੇ ਹਨ, ਸਾਰੇ ਸੰਪਦਾਈ ਸਦਾਚਾਰੀ ਹਨ, ਉਸ ਤੋਂ….."

ਪਰ ਰਾਗੋਯਿਨਸਕੀ, ਜੋ ਬੋਲਣ ਸਮੇਂ ਆਪਣੀ ਗੱਲ ਟੁੱਕੀ ਜਾਣ ਦਾ ਆਦੀ ਨਹੀਂ ਸੀ, ਨਖ਼ਲਿਊਦੌਂਫ਼ ਦੀ ਗੱਲ ਸੁਣਦਾ ਨਹੀਂ ਸੀ। ਉਹ ਨਾਲ ਨਾਲ ਬੋਲਦਾ ਗਿਆ, ਜਿਸ ਨਾਲ ਨਖ਼ਲਿਊਦੌਂਫ਼ ਹੋਰ ਵੀ ਚਿੜ੍ਹ ਗਿਆ।

"ਨਾ ਮੈਂ ਇਹ ਮੰਨ ਸਕਦਾ ਹਾਂ ਕਿ ਕਾਨੂੰਨ ਦਾ ਮਨੋਰਥ ਵਰਤਮਾਨ ਵਿਵਸਥਾ ਨੂੰ ਸਥਰ ਰੱਖਣਾ ਹੈ। ਕਾਨੂੰਨ ਦਾ ਮੰਤਵ ਉਨ੍ਹਾਂ ਨੂੰ ਸੁਧਾਰਣਾ....''

'ਚੰਗਾ ਸੁਧਾਰ ਹੈ, ਕੈਦਖ਼ਾਨੇ ਵਿਚ !" ਨਖ਼ਲਿਊਦੌਂਫ਼ ਨੇ ਟੋਕਿਆ।

"ਜਾਂ ਕੱਢ ਦੇਣਾ," ਰਾਗੋਯਿਨਸਕੀ ਭਾਵੇਸ਼ ਨਾਲ ਕਹੀ ਗਿਆ, "ਜੋ ਵਿਗੜੇ ਹੋਏ ਪਸ਼ੂ ਬਿਰਤੀ ਵਾਲੇ ਲੋਕ ਸਮਾਜ ਲਈ ਖਤਰਾ ਹੁੰਦੇ ਹਨ।"

"ਇਹੋ ਹੀ ਹੈ ਜੋ ਇਹ ਨਹੀਂ ਕਰਦਾ। ਸਮਾਜ ਕੋਲ ਪਹਿਲੀ ਗੱਲ ਜਾਂ ਦੂਜੀ ਕਰਨ ਦੇ ਸਾਧਨ ਹੀ ਨਹੀਂ।"

"ਉਹ ਕਿਵੇਂ ? ਮੈਂ ਨਹੀਂ ਸਮਝਦਾ।" ਰਾਗੋਯਿਨਸਕੀ ਨੇ ਬਣਾਵਟੀ ਮੁਸਕਾਣ ਲਿਆ ਕੇ ਆਖਿਆ।

"ਮੇਰਾ ਭਾਵ ਹੈ ਕਿ ਸਜ਼ਾ ਦੇ ਕੇਵਲ ਦੋ ਯਥਾਰਥੀ ਢੰਗਾਂ ਨਾਲ, ਜਿਹੜੇ ਪਿਛਲੇ ਸਮਿਆਂ ਵਿਚ ਵਰਤੇ ਜਾਂਦੇ ਸਨ ; ਸਰੀਰਕ ਮਾਰ ਅਤੇ ਮੌਤ ਦਾ ਦੰਡ ਜੋ ਮਨੁੱਖੀ ਸੁਭਾਅ ਤੇ ਸਮਾਂ ਪਾ ਕੇ ਨਰਮ ਹੋ ਜਾਣ ਨਾਲ ਦੋਵੇਂ ਵਰਤੋਂ ਵਿਚੋਂ ਨਿਕਲਦੇ ਜਾ ਰਹੇ ਹਨ" ਨਖਲਿਊਦੌਂਫ਼ ਨੇ ਆਖਿਆ।

“ਵਾਹ, ਤੁਹਾਡੇ ਮੂੰਹ ਤੋਂ ਮੈਂ ਇਹ ਬਿਲਕੁਲ ਨਵੀਂ ਤੇ ਅਨੋਖੀ ਗੱਲ ਸੁਣ ਰਿਹਾ ਹਾਂ।"

ਹਾਂ, ਇਹ ਯਥਾਰਥੀ ਹੈ ਇਕ ਆਦਮੀ ਨੂੰ ਸਰੀਰਕ ਚੋਟ ਲਗਾਣਾ ਤਾਂ ਜੋ ਅਗੋਂ ਉਹ ਕੁਝ ਨਾ ਕਰੇ ਜਿਸ ਕਰਕੇ ਉਸ ਨੂੰ ਅਜ਼ਾਬ ਦਿੱਤਾ ਗਿਆ ਹੈ। ਇਹ ਵੀ ਬਿਲਕੁਲ ਯਥਾਰਥ ਹੈ ਇਕ ਆਦਮੀ ਦਾ ਸਿਰ ਕੱਟ ਦੇਣਾ ਜਦੋਂ ਉਹ ਸਮਾਜ ਲਈ ਹਾਨੀਕਾਰਕ ਜਾਂ ਖ਼ਤਰਨਾਕ ਹੋਵੇ। ਇਨ੍ਹਾਂ ਸਜ਼ਾਵਾਂ ਦਾ ਸਮਝ ਵਿਚ ਆ ਜਾਣ ਵਾਲਾ ਅਰਥ ਹੈ ਪਰ ਇਕ ਆਦਮੀ ਨੂੰ ਜੋ ਬੇਕਾਰੀ ਕਾਰਨ ਜਾਂ ਭੈੜੀ ਸੰਗਤ ਕਾਰਨ ਵਿਗੜ ਗਿਆ ਹੋਵੇ, ਕੈਦ ਵਿਚ ਬੰਦ ਕਰ ਦੇਣਾ ਕਿਹੜੀ ਸਿਆਣਪ ਹੈ, ਉਸ ਨੂੰ ਅਜੇਹੀ ਅਵਸਥਾ ਵਿਚ ਰੱਖਣਾ ਜਿਥੇ ਉਸ ਨੂੰ ਖਾਣ ਪੀਣ ਨੂੰ ਮਿਲੇ, ਵਿਹਲ ਉਸ ਤੇ ਠੋਸਿਆ ਜਾਵੇ, ਤੇ ਅੱਤ ਵਿਗੜੇ ਹੋਏ ਆਦਮੀਆਂ ਦੀ ਉਸ ਨੂੰ ਸੰਗਤ ਮਿਲੇ ? ਇਕ ਆਦਮੀ ਨੂੰ ਸਰਕਾਰੀ ਖ਼ਰਚ ਉੱਤੇ, ਜੋ ਜੀਅ ਪ੍ਰਤਿ ਪੰਜ ਸੌ ਰੂਬਲ ਤੋਂ ਉੱਤੇ ਆ ਜਾਂਦਾ ਹੈ, ਤੁਲਾ ਤੋਂ ਇਰਕੁਤਸਕ ਰਾਜ ਜਾਂ ਕੁਰਕਸ ਤੋਂ....."

"ਹਾਂ, ਪਰ ਫਿਰ ਵੀ ਲੋਕ ਸਰਕਾਰੀ ਖ਼ਰਚ ਉੱਤੇ ਇਨ੍ਹਾਂ ਸਫਰਾਂ ਤੋਂ ਡਰਦੇ ਹਨ, ਤੇ ਜੇ ਅਜਿਹੇ ਸਫ਼ਰ ਤੇ ਕੈਦਖਾਨੇ ਨਾ ਹੋਣ ਤਾਂ ਅਸੀਂ ਤੁਸੀਂ ਤੇ ਮੈਂ ਇਥੇ ਇਸ ਤਰ੍ਹਾਂ ਬੈਠੇ ਨਾ ਹੋਈਏ।"

"ਕੈਦਖ਼ਾਨੇ ਸਾਡੀ ਸੁਰੱਖਿਆ ਨਿਸ਼ਚਿਤ ਨਹੀਂ ਕਰ ਸਕਦੇ, ਕਿਉਂਕਿ ਇਹ ਲੋਕ ਉਥੇ ਸਦਾ ਨਹੀਂ ਰਹਿੰਦੇ, ਫਿਰ ਖੁਲ੍ਹੇ ਛੱਡ ਦਿੱਤੇ ਜਾਂਦੇ ਹਨ। ਇਸ ਦੇ ਉਲਟ ਸਗੋਂ ਇਨ੍ਹਾਂ ਥਾਵਾਂ ਵਿਚ ਆਦਮੀ ਵੱਡੇ ਵੈਲ ਤੇ ਪਤਨ ਤਕ ਪੁਚਾ ਦਿੱਤੇ ਜਾਂਦੇ ਹਨ ਜਿਸ ਨਾਲ ਖਤਰਾ ਸਗੋਂ ਵਧ ਜਾਂਦਾ ਹੈ।"

"ਤੁਹਾਡਾ ਆਖਣ ਦਾ ਭਾਵ ਹੈ ਕਿ ਬੰਦੀ ਪ੍ਰਬੰਧ ਬਿਹਤਰ ਹੋਣਾ ਚਾਹੀਦਾ ਹੈ।”

"ਇਹ ਬਿਹਤਰ ਬਣਾਇਆ ਨਹੀਂ ਜਾ ਸਕਦਾ। ਚੰਗੇਰੇ ਕੈਦਖ਼ਾਨਿਆਂ ਉੱਤੇ ਉਸ ਸਾਰੇ ਧਨ ਨਾਲੋਂ ਜੋ ਹੁਣ ਲੋਕਾਂ ਨੂੰ ਵਿਦਿਆ ਦੇਣ ਉੱਤੇ ਲਗਾਇਆ ਜਾਂਦਾ ਹੈ, ਵਧੇਰੇ ਖਰਚ ਹੋਵੇਗਾ, ਤੇ ਲੋਕਾਂ ਉੱਤੇ ਹੋਰ ਵਧੇਰੇ ਭਾਰ ਪਾਵੇਗਾ।"

"ਪਰ ਦੰਡ ਪ੍ਰਬੰਧ ਦੀਆਂ ਇਹ ਤਰੁੱਟੀਆਂ ਕਾਨੂੰਨ ਨੂੰ ਨਿਰਧਨ ਤਾਂ ਕਿਸੇ ਤਰ੍ਹਾਂ ਵੀ ਨਹੀਂ ਕਰਦੀਆ" ਰਾਗੋਯਿਨਸਕੀ, ਆਪਣੇ ਸਾਲੇ ਦੀ ਗੱਲ ਸੁਣਨ ਤੋਂ ਬਿਨਾਂ ਆਖੀ ਗਿਆ।

"ਇਨ੍ਹਾਂ ਤਰੁੱਟੀਆਂ ਦਾ ਕੋਈ ਇਲਾਜ ਨਹੀਂ" ਨਖ਼ਲਿਊਦੌਫ਼ ਨੇ ਆਵਾਜ਼ ਉੱਚੀ ਕਰ ਕੇ ਆਖਿਆ।

"ਫਿਰ ਕੀ ? ਅਸੀਂ ਉਨ੍ਹਾਂ ਨੂੰ ਮਾਰ ਮੁਕਾ ਦੇਈਏ ? ਜਾਂ ਜਿਵੇਂ ਇਕ ਰਾਜਨੇਤਾ ਦਾ ਪ੍ਰਸਤਾਵ ਸੀ, ਲੋਕਾਂ ਦੀਆ ਅੱਖਾਂ ਕੱਢਣ ਲੱਗ ਜਾਈਏ ?" ਰਾਗੋਯਿਨਸਕੀ ਨੇ ਟੋਕ ਲਾਈ।

"ਹਾਂ, ਇਹ ਨਿਰਦਈ ਹੋਵੇਗਾ ਪਰ ਅਸਰ ਕਰੇਗਾ। ਜੋ ਕੁਝ ਹੁਣ ਕੀਤਾ ਜਾਂਦਾ ਹੈ ਨਿਰਦਈ ਹੈ, ਤੇ ਕੇਵਲ ਬੇਅਸਰ ਨਹੀਂ ਸਗੋਂ ਇਤਨਾ ਵਿਲੱਲਾ ਹੈ ਕਿ ਸਮਝ ਨਹੀਂ ਆਉਂਦੀ ਕਿ ਹੋਸ਼ ਹਵਾਸ ਵਾਲੇ ਲੋਕ ਕਿਵੇਂ ਫ਼ੌਜਦਾਰੀ ਕਾਨੂੰਨ ਜਿਹੇ ਵਾਹਿਆਤ ਤੇ ਨਿਰਦਈ ਕੰਮ ਵਿਚ ਭਾਗ ਲੈ ਸਕਦੇ ਹਨ।”

"ਪਰ ਮੈਂ ਇਸ ਵਿਚ ਭਾਗ ਲੈਂਦਾ ਹਾਂ" ਰਾਗੋਯਿਨਸਕੀ ਨੇ ਗਰਮ ਹੋ ਕੇ ਕਿਹਾ।

"ਇਹ ਤੁਹਾਡਾ ਕੰਮ ਹੈ। ਪਰ ਮੇਰੀ ਇਹ ਸਮਝ ਤੋਂ ਬਾਹਰ ਹੈ।”

"ਮੇਰਾ ਖਿਆਲ ਹੈ ਬਹੁਤ ਗੱਲਾਂ ਤੁਹਾਡੀ ਸਮਝ ਤੋਂ ਬਾਹਰ ਹਨ।" ਰਾਗੋਯਿਨਸਕੀ ਨੇ ਥਰਕਦੀ ਆਵਾਜ਼ ਵਿਚ ਆਖਿਆ।

"ਮੈਂ ਵੇਖਿਆ ਹੈ ਕਿ ਕਿਵੇਂ ਇਹ ਲੋਕ-ਅਭਿਯੋਜਕ ਇਕ ਦੁਰਭਾਗੇ ਮੁੰਡੇ ਨੂੰ ਸਜ਼ਾ ਕਰਵਾਣ ਲਈ ਸਾਰਾ ਜ਼ੋਰ ਲਗਾ ਰਿਹਾ ਸੀ, ਜਿਸ ਉੱਤੇ ਕਿਸੇ ਸਿੱਧੀ ਮੱਤ ਵਾਲੇ ਆਦਮੀ ਨੂੰ ਅਵਸ਼ ਤਰਸ ਆਉਂਦਾ ਹੈ। ਮੈਨੂੰ ਪਤਾ ਹੈ ਕਿਵੇਂ ਇਕ ਹੋਰ ਨੇ ਇਕ ਸੰਪ੍ਰਦਾਈ ਉੱਤੇ ਜਿਰਹਾ ਕਰਕੇ ਉਸ ਦੇ ਬਾਈਬਲ ਪੜ੍ਹਨ ਨੂੰ ਇਕ ਫ਼ੌਜਦਾਰੀ ਜੁਰਮ ਬਣਾ ਦਿੱਤਾ ਸੀ। ਸੱਚ ਮੁੱਚ ਅਦਾਲਤਾਂ ਦਾ ਸਾਰਾ ਕੰਮ ਅਜੇਹੇ ਅਨਰਥ ਤੇ ਨਿਰਦਈ ਕੰਮ ਕਰਨਾ ਹੈ।"

"ਜੇ ਮੈਂ ਇਉਂ ਸੋਚਾਂ, ਤਾਂ ਨੌਕਰੀ ਨਾ ਕਰ ਸਕਾਂ।" ਰਾਗੋਯਿਨਸਕੀ ਇਹ ਆਖਦੇ ਹੋਏ ਉਠ ਖੜਾ ਹੋਇਆ।

ਨਖ਼ਲਿਊਦੌਫ਼ ਨੇ ਆਪਣੇ ਭਣੋਈਏ ਦੀਆਂ ਐਨਕਾਂ ਵਿਚ ਇਕ ਅਨੋਖੀ ਚਮਕ ਪ੍ਰਤੀਤ ਕੀਤੀ। "ਕੀ ਇਹ ਹੰਝੂ ਹਨ ?" ਉਸ ਨੇ ਸੋਚਿਆ। ਤੇ ਇਹ ਸੱਚ ਮੁੱਚ ਪੀੜਿਤ ਅਭਿਮਾਨ ਦੇ ਹੰਝੂ ਸਨ। ਬਾਰੀ ਕੋਲ ਜਾ ਕੇ ਰਾਗੋਯਿਨਸਕੀ ਨੇ ਰੁਮਾਲ ਕੱਢਿਆ ਤੇ ਖੰਘਦਾ ਹੋਇਆ ਆਪਣੀਆਂ ਐਨਕਾਂ ਪੂੰਝਣ ਲੱਗਾ ਤੇ ਫਿਰ ਐਨਕਾਂ ਲਾਹ ਕੇ ਉਸ ਨੇ ਆਪਣੀਆਂ ਅੱਖਾਂ ਵੀ ਪੂੰਝੀਆਂ।

ਸੋਫੇ ਉਤੇ ਮੁੜ ਕੇ ਬੈਠ ਕੇ ਉਸ ਨੇ ਸਿਗਾਰ ਲਗਾ ਗਿਆ ਤੇ ਹੋਰ ਕੁਝ ਨਾ ਬੋਲਿਆ।

ਨਖ਼ਲਿਊਦੋਂਫ਼ ਨੂੰ ਬੜਾ ਦੁੱਖ ਤੇ ਲੱਜਾ ਹੋਈ ਆਪਣੇ ਭਣੋਈਏ ਤੇ ਭੈਣ ਨੂੰ ਇਸ ਹੱਦ ਤਕ ਨਰਾਂਜ਼ ਕਰਨ ਤੋਂ, ਖ਼ਾਸ ਕਰ ਕੇ ਜਦੋਂ ਉਸ ਨੇ ਅਗਲੇ ਦਿਨ ਚਲਾ ਜਾਣਾ ਸੀ ਤੇ ਉਨ੍ਹਾਂ ਨੂੰ ਫਿਰ ਨਹੀਂ ਮਿਲਣਾ ਸੀ।

ਉਹ ਘਬਰਾਹਟ ਵਿਚ ਉਨ੍ਹਾਂ ਨਾਲੋਂ ਜੁਦਾ ਹੋਇਆ ਤੇ ਬੱਘੀ ਲੈ ਕੇ ਘਰ ਆ ਗਿਆ। "ਮੈਂ ਜੋ ਆਖਿਆ ਸਾਰਾ ਸੱਚ ਹੋਵੇ....... ਤੇ ਉਸ ਨੇ, ਨਿਰਸੰਦੇਹ ਇਸ ਦਾ ਉੱਤਰ ਨਹੀਂ ਦਿੱਤਾ ਪਰ ਇਹ ਠੀਕ ਢੰਗ ਨਾਲ ਨਹੀਂ ਆਖਿਆ ਗਿਆ। ਮੈਂ ਕਿਤਨਾ ਘੱਟ ਬਦਲਿਆ ਹਾਂ ਜੇ ਮੈਂ ਮੰਦ ਭਾਵਨਾ ਦੇ ਇਸ ਤਰ੍ਹਾਂ ਅਧੀਨ ਹੋ ਸਕਦਾ ਹਾਂ ਕਿ ਉਸ ਨੂੰ ਨਰਾਜ਼ ਕਰ ਲਵਾਂ ਤੇ ਵਿਚਾਰੀ ਨਤਾਲੀ ਨੂੰ ਇਸ ਤਰ੍ਹਾਂ ਪੀੜਿਤ ਤੇ ਘਾਇਲ ਕਰਾਂ।" ਉਹ ਸੋਚਣ ਲੱਗਾ।

-0-

34

ਕੈਦੀਆਂ ਦੇ ਜਿਸ ਜੱਥੇ ਵਿਚ ਮਸਲੋਫ਼ਾ ਸੀ ਉਸ ਨੇ ਰੇਲ ਉੱਤੇ ਤਿੰਨ ਵਜੇ ਬਾਅਦ ਦੁਪਹਿਰ ਮਾਸਕੋ ਤੋਂ ਚਲਣਾ ਸੀ। ਇਸ ਲਈ ਜੱਥੇ ਨੂੰ ਚਲਣ ਸਮੇਂ ਮਿਲਣ ਤੇ ਕੈਦੀਆਂ ਨਾਲ ਸਟੇਸ਼ਨ ਤਕ ਜਾਣ ਲਈ ਨਖ਼ਲਿਊਦੋਫ਼ ਦਾ ਇਰਾਦਾ ਬਾਰਾਂ ਵਜੇ ਤੋਂ ਪਹਿਲਾਂ ਕੈਦਖ਼ਾਨੇ ਪਹੁੰਚ ਜਾਣ ਦਾ ਸੀ।

ਪਿਛਲੀ ਰਾਤ ਜਦੋਂ ਉਹ ਆਪਣੇ ਕਾਗਜ਼ ਛਾਂਟ ਤੇ ਬੰਨ੍ਹ ਰਿਹਾ ਸੀ, ਉਸ ਦੇ ਹੱਥ ਉਸ ਦੀ ਡਾਇਰੀ ਲੱਗੀ ਜਿਸ ਵਿਚੋਂ ਉਸ ਨੇ ਕੁਝ ਟੁਕੜੀਆਂ ਇਥੋਂ ਉਥੋਂ ਪੜ੍ਹੀਆਂ। ਪੀਟਰਜ਼ਬਰਗ ਜਾਣ ਤੋਂ ਪਹਿਲਾਂ ਅੰਤਮ ਟੁਕੜੀ ਇਸ ਤਰ੍ਹਾਂ ਸੀ : "ਕਤੂਸ਼ਾਂ ਮੇਰੀ ਕੁਰਬਾਨੀ ਸਵੀਕਾਰ ਨਹੀਂ ਕਰਨਾ ਚਹੁੰਦੀ, ਉਹ ਆਪ ਕੁਰਬਾਨੀ ਦੇਣਾ ਚਾਹੁੰਦੀ ਹੈ। ਉਸ ਨੇ ਜਿੱਤ ਪ੍ਰਾਪਤ ਕਰ ਲਈ ਹੈ, ਤੇ ਮੈਂ ਵੀ, ਮੈਨੂੰ ਉਸ ਤਬਦੀਲੀ ਤੋਂ ਖ਼ੁਸ਼ੀ ਹੁੰਦੀ ਹੈ ਜੋ ਮੈਨੂੰ ਉਸ ਦੇ ਅੰਦਰ ਹੋ ਰਹੀ ਪ੍ਰਤੀਤ ਹੁੰਦੀ ਹੈ, ਭਾਵੇਂ ਇਹ ਵਿਸ਼ਵਾਸ ਕਰਨ ਤੋਂ ਮੈਨੂੰ ਡਰ ਆਉਂਦਾ ਹੈ। ਮੈਂ ਵਿਸ਼ਵਾਸ ਕਰਨ ਤੋਂ ਡਰਦਾ ਹਾਂ, ਫਿਰ ਵੀ ਉਹ ਜੀਵਨ ਵਲ ਨੂੰ ਮੁੜ ਰਹੀ ਪ੍ਰਤੀਤ ਹੁੰਦੀ ਹੈ।"

ਫਿਰ ਹੋਰ ਅੱਗੇ ਉਸ ਨੇ ਪੜ੍ਹਿਆ : "ਮੈਂ ਕਿਸੇ ਬੜੀ ਸਖਤ ਪਰ ਬੜੀ ਆਨੰਦਮਈ ਘਟਨਾ ਵਿਚੋਂ ਲੰਘਿਆ ਹਾਂ। ਮੈਨੂੰ ਪਤਾ ਲੱਗਾ ਕਿ ਉਸ ਨੇ ਹਸਪਤਾਲ ਵਿਚ ਬਹੁਤ ਭੈੜੀ ਗੱਲ ਕੀਤੀ, ਤੇ ਮੈਨੂੰ ਅਚਾਨਕ ਬਹੁਤ ਪੀੜ ਅਨੁਭਵ ਹੋਈ। ਮੈਂ ਕਦੀ ਨਹੀਂ ਸੀ ਸੋਚਿਆ ਕਿ ਇਹ ਗੱਲ ਇਤਨੀ ਪੀੜਦਾਇਕ ਹੋ ਸਕਦੀ ਸੀ। ਮੈਂ ਉਸ ਨਾਲ ਘ੍ਰਿਣਾ ਤੇ ਨਫ਼ਰਤ ਨਾਲ ਬੋਲਿਆ। ਫਿਰ ਇਕ ਦਮ ਮੇਰੇ ਮਨ ਵਿਚ ਆਈ ਕਿੰਨੀ ਵਾਰੀ ਮੈਂ ਉਸੇ ਗੱਲ ਦਾ ਅਪਰਾਧੀ ਹੋਇਆ ਹਾਂ ਤੇ ਹੁਣ ਵੀ ਹੁੰਦਾ ਹਾਂ, ਭਾਵੇਂ ਖ਼ਿਆਲਾਂ ਵਿਚ ਹੀ, ਜਿਸ ਤੋਂ ਮੈਂ ਉਸ ਨੂੰ ਨਫਰਤ ਕੀਤੀ, ਤੇ ਇਸ ਤੋਂ ਪਿੱਛੋਂ ਇਕ ਦਮ ਮੈਨੂੰ ਆਪਣਾ ਆਪ ਘਿਣੌਣਾ ਲੱਗਾ, ਤੇ ਮੈਨੂੰ ਉਸ ਉੱਤੇ ਤਰਸ ਆਇਆ ਤੇ ਫਿਰ ਖੁਸ਼ੀ ਹੋਈ। ਜੇ ਕੇਵਲ ਅਸੀਂ ਆਪਣੀ ਅੱਖ ਦਾ ਸ਼ਤੀਰ ਵੇਲੇ ਸਿਰ ਵੇਖ ਲਈਏ, ਤਾਂ ਅਸੀਂ ਕਿਤਨੇ ਦਇਆਵਾਨ ਹੋ ਸਕਦੇ ਹਾਂ।"

ਇਹ ਪੜ੍ਹ ਕੇ ਉਸ ਨੇ ਲਿਖਿਆ "ਮੈਂ ਨਤਾਲੀ ਨੂੰ ਮਿਲ ਕੇ ਆਇਆ ਹਾਂ ਤੇ ਆਤਮ-ਵਿਸ਼ਵਾਸ ਨੇ ਮੈਨੂੰ ਫਿਰ ਨਿਰਦਈ ਤੇ ਦਵੇਖੀ ਬਣਾ ਦਿੱਤਾ, ਤੇ ਹੁਣ ਮੇਰੇ ਮਨ ਉੱਤੇ ਇਕ ਬੋਝ ਹੈ। ਅੱਛਾ, ਕੋਈ ਚਾਰਾ ਨਹੀ। ਕੱਲ੍ਹ ਤੋਂ ਇਕ ਨਵਾਂ ਜੀਵਨ ਆਰੰਭ ਹੁੰਦਾ ਹੈ। ਪਿਛਲੇ ਨੂੰ ਅੰਤਿਮ ਵਿਦਾ ! ਕਈ ਨਵੇਂ ਪ੍ਰਭਾਵ ਇਕੱਠੇ ਹੋ ਗਏ ਹਨ ਪਰ ਮੈਂ ਹਾਲੀ ਉਨ੍ਹਾਂ ਨੂੰ ਇਕਾਗਰ ਨਹੀਂ ਕਰ ਸਕਦਾ।"

ਅਗਲੀ ਸਵੇਰ ਜਦੋਂ ਉਹ ਜਾਗਿਆ, ਤਾਂ ਉਸ ਨੂੰ ਪਹਿਲੀ ਗੱਲ ਆਪਣੇ ਤੇ ਆਪਣੇ ਭਣੋਈਏ ਵਿਚਕਾਰ ਹੋਈ ਘਟਨਾ ਦਾ ਅਫ਼ਸੋਸ ਹੋਇਆ।

"ਮੈਂ ਇਸ ਤਰ੍ਹਾਂ ਨਹੀਂ ਵਿਦਾ ਹੋ ਸਕਦਾ," ਉਸ ਨੇ ਸੋਚਿਆ। ' ਮੈਨੂੰ ਜਾ ਕੇ ਉਨ੍ਹਾਂ ਨਾਲ ਮਨ-ਮਨੌਤੀ ਕਰਨੀ ਯੋਗ ਹੈ।" ਪਰ ਜਦੋਂ ਉਸ ਨੇ ਘੜੀ ਵੇਖੀ ਤਾਂ ਪਤਾ ਲੱਗਾ ਕਿ ਉਸ ਪਾਸ ਜਾਣ ਲਈ ਸਮਾਂ ਨਹੀਂ ਸੀ। ਜੱਥੇ ਦੇ ਚੱਲਣ ਵੇਲੇ ਪਹੁੰਚਣ ਤੋਂ ਨਾ ਖੁੰਜਣ ਲਈ ਉਸ ਨੂੰ ਕਾਹਲੀ ਜ਼ਰੂਰੀ ਸੀ। ਉਸ ਨੇ ਛੇਤੀ ਛੇਤੀ ਸਭ ਕੁਝ ਤਿਆਰ ਕੀਤਾ, ਨੌਕਰ ਨੂੰ ਤੇ ਥਿਓਦੋਸੀਆਂ ਦੇ ਪਤੀ, ਤਾਰਾਸ਼ ਨੂੰ ਜਿਸ ਨੇ ਆਪ ਵੀ ਜਾਣਾ ਸੀ, ਉਸ ਨੇ ਪਹਿਲੀ ਬੱਘੀ ਜਿਹੜੀ ਮਿਲੀ ਪਕੜ ਲਈ ਤੇ ਜੇਲ ਵੱਲ ਚੱਲ ਪਿਆ।

ਕੈਦੀਆਂ ਦੀ ਗੱਡੀ ਨੇ ਉਸ ਗੱਡੀ ਨਾਲੋਂ, ਜਿਸ ਵਿਚ ਨਖ਼ਲਿਊਦੋਫ਼ ਨੇ ਜਾਣਾ ਸੀ, ਕੇਵਲ ਦੋ ਘੰਟੇ ਪਹਿਲਾਂ ਚਲਦੀ ਸੀ। ਇਸ ਲਈ ਉਹ ਮਕਾਨ ਦਾ ਸਾਰਾ ਬਿੱਲ ਚੁਕਾ ਕੇ ਇਹ ਥਾਂ ਸਦਾ ਲਈ ਛੱਡ ਤੁਰਿਆ।

ਜੁਲਾਈ ਦਾ ਮਹੀਨਾ ਸੀ ਤੇ ਮੌਸਮ ਅਸਹਿ ਜੇਹਾ ਗਰਮ ਸੀ। ਪੱਥਰਾਂ, ਕੰਧਾਂ ਤੇ ਛੱਤਾਂ ਦੇ ਲੋਹੇ ਤੋਂ, ਜਿਨ੍ਹਾਂ ਨੂੰ ਹੁਮਸ ਭਰੀ ਰਾਤ ਠੰਡਾ ਨਹੀਂ ਕਰ ਸਕਦੀ ਗਰਮੀ ਖਲੋਤੀ ਹਵਾ ਵਿਚ ਧਾਰ ਵਾਕਰ ਵਗ ਰਹੀ ਸੀ। ਜਦੋਂ ਕਦੀ ਕਦੀ ਥੋੜੀ ਦੇਰ ਬਾਅਦ ਇਕ ਮਾੜਾ ਜੇਹਾ ਬੁਲ੍ਹਾ ਉੱਠਦਾ, ਤੇ ਗੰਦੀ ਗਰਮ ਹਵਾ, ਮਿੱਟੀ ਦੇ ਤੇਲ ਦੇ ਮੁਸ਼ਕ ਨਾਲ ਭਰੀ ਹੋਈ ਦਾ ਝੋਕਾ ਹੀ ਹੁੰਦਾ।

ਬਜ਼ਾਰਾਂ ਵਿਚ ਬਹੁਤ ਥੋੜ੍ਹੇ ਲੋਕ ਸਨ, ਤੇ ਜਿਹੜੇ ਸਨ, ਉਹ ਛਾਂ ਵਾਲੇ ਪਾਸੇ ਰਹਿਣ ਦੀ ਕੋਸ਼ਿਸ਼ ਕਰਦੇ ਸਨ। ਕੇਵਲ ਧੁੱਪ ਦੇ ਜਲੇ ਹੋਏ ਕਾਂਸੀ ਵੰਨੇ ਚੇਹਰਿਆਂ ਵਾਲੇ ਕਿਰਸਾਨ, ਪੈਰਾਂ ਵਿਚ ਲੱਕੜੀ ਦੀਆਂ ਜੁੱਤੀਆਂ ਪਾਈ, ਜੋ ਸੜਕ ਦੀ ਮੁਰੰਮਤ ਉੱਤੇ ਲੱਗੇ

ਹੋਏ ਸਨ, ਧੁੱਪ ਵਿਚ ਬੈਠੇ ਪੱਥਰਾਂ ਨੂੰ ਤਪਦੀ ਰੇਤ ਉੱਤੇ ਕੁੱਟ ਰਹੇ ਸਨ ਤੇ ਖਿਝੇ ਹੋਏ ਪੁਲਿਸ ਦੇ ਸਿਪਾਹੀ, ਹਾਲੈਂਡ-ਕੁੜਤੀਆਂ ਪਾਈ, ਜਿਨ੍ਹਾਂ ਉੱਤੇ ਨਾਰੰਗੀ ਰੰਗੀ ਸੂਤਲੀ ਨਾਲ ਰਿਵਾਲਵਰ ਬੱਧੇ ਹੋਏ ਸਨ, ਸੜਕ ਦੇ ਮੱਧ ਵਿਚ ਉਦਾਸ ਤੇ ਦਿਲਗੀਰ ਜਿਹੇ, ਇਕ ਪੈਰ ਤੋਂ ਦੂਜਾ ਬਦਲਦੇ, ਖੜੇ ਸਨ। ਤੇ ਖੜਕਦੀਆਂ ਘੰਟੀਆਂ ਨਾਲ ਟ੍ਰੈਮ ਗੱਡੀਆਂ ਧੁੱਪ ਵਿਚ ਚਮਕਦੀ ਸੜਕ ਵਿਚ ਇਧਰ ਉਧਰ ਜਾ ਰਹੀਆਂ ਸਨ, ਤੇ ਘੋੜਿਆਂ ਦੇ ਸਿਰਾਂ ਉੱਤੇ ਹਾਲੈਂਡ ਦੇ ਪੇਸ਼ ਸਨ ਜਿਨ੍ਹਾਂ ਵਿਚ ਕੰਨਾਂ ਲਈ ਮੋਰੀਆਂ ਸਨ।

ਜਦੋਂ ਨਖਲਿਊਦੋਫ ਕੈਦਖਾਨੇ ਪਹੁੰਚਿਆ ਤਾਂ ਕੈਦੀਆਂ ਦਾ ਜਥਾ ਹਾਲੀ ਵਿਹੜੇ ਵਿਚ ਹੀ ਸੀ। ਕੈਦੀਆਂ ਨੂੰ ਹਵਾਲੇ ਕਰਨ ਦਾ ਸ਼ਖ਼ਤ ਕੰਮ ਜੋ ਸਵੇਰੇ ਚਾਰ ਵਜੇ ਸ਼ੁਰੂ ਹੋਇਆ ਸੀ, ਹਾਲੀ ਜਾਰੀ ਸੀ। ਜੱਥੇ ਵਿਚ ਛੇ ਸੌ ਤੇਈ ਪੁਰਸ਼ਾਂ ਤੇ ਚੌਠ ਤੀਵੀਆਂ ਨੇ ਜਾਣਾ ਸੀ। ਉਨ੍ਹਾਂ ਸਾਰਿਆਂ ਨੂੰ ਗਿਣਨਾ ਸੀ, ਰਜਿਸਟਰ ਦੀ ਸੂਚੀ ਅਨੁਸਾਰ ਸਪੁਰਦਗੀ ਵਿਚ ਲੈਣਾ ਸੀ, ਬੀਮਾਰ ਤੇ ਨਿਰਬਲ ਵੱਖਰੇ ਛਾਂਟੇ ਜਾਣੇ ਸਨ ਤੇ ਸਾਰਿਆਂ ਦਾ ਕਾਫਲਾ ਬਣਾਇਆ ਜਾਣਾ ਸੀ। ਨਵਾਂ ਇਨਸਪੈਕਟਰ, ਉਸ ਦੇ ਦੋ ਸਹਾਇਕ, ਡਾਕਟਰ ਤੇ ਉਸ ਦਾ ਸਹਾਇਕ, ਕਾਫਲੇ ਦਾ ਅਫਸਰ ਤੇ ਕਲਰਕ ਜੇਲ੍ਹ ਦੇ ਪਸਾਰ ਇਕ ਕੰਧ ਦੀ ਛਾਂਵੇਂ ਮੇਜ਼ ਲਗਾਈ ਬੈਠੇ ਸਨ ਜੋ ਲਿਖਣ ਵਾਲੇ ਕਾਗਜ਼ਾਂ ਆਦਿ ਨਾਲ ਢੱਕਿਆ ਹੋਇਆ ਜੀ। ਉਹ ਕੈਦੀਆਂ ਨੂੰ ਇਕ ਇਕ ਕਰ ਕੇ ਪੁੱਛ-ਗਿੱਛ ਕਰਦੇ ਤੇ ਨੋਟ ਲੈ ਰਹੇ ਸਨ।

ਧੁੱਪ ਹੌਲੀ ਹੌਲੀ ਮੇਜ਼ ਉਤੇ ਆ ਗਈ ਸੀ ਤੇ ਹਵਾ ਦੇ ਨਾ ਵਗਣ ਤੇ ਨੇੜੇ ਖਲੋਤੇ ਕੈਦੀਆਂ ਦੇ ਇਕੱਠ ਦੇ ਸਾਹ ਨਾਲ ਗਰਮੀ ਤੇ ਹੁਮਸ ਵੱਧ ਰਿਹਾ ਸੀ।

"ਓ ਰੱਬਾ, ਇਹ ਕਦੀ ਖ਼ਤਮ ਵੀ ਹੋਵੇਗਾ !" ਕਾਫ਼ਲੇ ਦੇ ਅਫ਼ਸਰ ਨੇ ਪੁਕਾਰਿਆ। ਉਹ ਇਕ ਲੰਮਾ, ਮੋਟਾ, ਉੱਚੇ ਮੌਰਾਂ ਤੇ ਛੋਟੀਆਂ ਬਾਹਾਂ ਵਾਲਾ ਲਾਲ-ਮੂੰਹਾ ਆਦਮੀ ਸੀ ਤੇ ਆਪਣੀ ਸਿਗਰਟ ਦਾ ਧੂੰਆਂ ਆਪਣੀਆਂ ਸੰਘਣੀਆਂ ਮੁੱਛਾਂ ਵਿਚ ਛੱਡ ਰਿਹਾ ਸੀ। ਉਸ ਨੇ ਧੂੰਏਂ ਦਾ ਇਕ ਵੱਡਾ ਸੂਟਾ ਲਿਆ। "ਤੁਸੀਂ ਮੈਨੂੰ ਮਾਰ ਦੇਣਾ ਹੈ। ਇਹ ਸਾਰੇ ਤੁਸਾਂ ਕਿਥੋਂ ਲੈ ਆਂਦੇ ? ਹਾਲੇ ਹੋਰ ਕਿੰਨੇ ਕੁ ਹਨ ?'

ਕਲਰਕ ਨੇ ਸੂਚੀ 'ਤੇ ਨਜ਼ਰ ਮਾਰੀ। "ਤੀਵੀਆਂ ਤੋਂ ਛੁਟ ਚੌਵੀਂ ਆਦਮੀ ਕੈਦੀ ਹੋਰ ਹਨ।”

"ਤੁਸੀਂ ਇਥੇ ਖਲੋ ਕਿਉਂ ਰਹੇ ਹੋ ? ਅੱਗੇ ਆਓ।" ਕਾਫ਼ਲੇ ਦੇ ਅਫ਼ਸਰ ਨੇ ਉਨ੍ਹਾਂ ਕੈਦੀਆਂ ਨੂੰ ਪੁਕਾਰਿਆ ਜਿਨ੍ਹਾਂ ਦਾ ਹਾਲੇ ਮੁਆਇਨਾ ਨਹੀਂ ਹੋਇਆ ਸੀ। ਇਹ ਜੋ ਇਕ ਦੂਜੇ ਦੇ ਪਿੱਛੇ ਭੀੜ ਕਰੀ ਖਲੋਤੇ ਸਨ। ਕਤਾਰਾਂ ਵਿਚ ਬੱਨੇ ਕੈਦੀ ਉਥੇ ਤਿੰਨ ਘੰਟੇ ਤੋਂ ਵੱਧ ਤਪਦੀ ਧੁੱਪ ਵਿਚ, ਆਪਣੀ ਵਾਰੀ ਨੂੰ ਉਡੀਕਦੇ ਖਲੋਤੇ ਸਨ।

ਜਦੋਂ ਇਹ ਕੁਝ ਕੈਦਖਾਨੇ ਦੇ ਪਸਾਰ ਵਿਚ ਹੋ ਰਿਹਾ ਸੀ ਤਾਂ ਫਾਟਕ ਤੋਂ ਬਾਹਰ (ਸਦਾ ਵਾਂਗ ਰਫਲ ਲਈ ਖੜੇ ਸੰਤਰੀ ਤੋਂ ਬਿਨਾਂ) ਕੋਈ ਵੀਹ ਗੱਡੇ ਜੁੜੇ ਖੜੇ ਸਨ ਜਿਨ੍ਹਾਂ ਉੱਤੇ ਕੈਦੀਆਂ ਦਾ ਅਸਬਾਬ ਤੇ ਉਹ ਜਿਹੜੇ ਕਮਜ਼ੋਰੀ ਕਾਰਨ ਤੁਰ ਨਹੀਂ ਸਕਦੇ ਸਨ, ਜਾਣੇ ਸਨ। ਤੇ ਇਕ ਨੁੱਕਰ ਵਿਚ ਸੰਬੰਧੀਆਂ ਤੇ ਮਿੱਤਰਾਂ ਦਾ ਇਕੱਠ ਹੋਇਆ ਹੋਇਆ ਸੀ ਜੋ ਬਾਹਰ ਆਉਂਦੇ ਕੈਦੀਆਂ ਨੂੰ ਮਿਲਣ ਲਈ ਖਲੋਤੇ ਸਨ ਤਾਂ ਜੇ ਮੌਕਾ ਲੱਗੇ ਤਾਂ ਦੋ ਗਲਾਂ ਕਰ ਸਕਣ ਤੇ ਕੋਈ ਚੀਜ਼ਾਂ ਉਨ੍ਹਾਂ ਨੂੰ ਦੇ ਸਕਣ।

ਨਖ਼ਲਿਊਦੋਂਫ਼ ਇਕੱਠ ਵਿਚ ਖਲੋਤਾ ਸੀ। ਉਸ ਨੂੰ ਉਥੇ ਖੜੇ ਘੰਟਾ ਕੁ ਹੋ ਗਿਆ ਸੀ ਜਦੋਂ ਜੰਜੀਰਾਂ ਦੀ ਛਣਕਾਰ, ਪੈਰਾਂ ਦੀ ਚਾਪ, ਹੁਕਮ ਦੇਂਦੀਆ ਆਵਾਜ਼ਾਂ, ਖੰਘਣ ਦੀ ਆਵਾਜ਼ ਤੇ ਇਕ ਵੱਡੀ ਭੀੜ ਦਾ ਮੱਧਮ ਬੋਲ-ਬੁਲਾਰਾ ਸੁਣਾਈ ਦਿੱਤਾ।

ਪੰਜ ਕੁ ਮਿੰਟ ਇਉਂ ਹੁੰਦਾ ਰਿਹਾ ਤੇ ਕਈ ਵਾਰਡਰ ਫਾਟਕ ਵਿਚੋਂ ਅੰਦਰ ਲੰਘੇ। ਅੰਤ ਹੁਕਮ ਦੀ ਆਵਾਜ਼ ਆਈ, ਕੜਾਕੇ ਦੇ ਰੌਲੇ ਨਾਲ ਫਾਟਕ ਖੁੱਲ੍ਹੇ ਜੰਜੀਰਾਂ ਦੀ ਛਣਕਾਰ ਹੋਰ ਉੱਚੀ ਹੋਈ ਤੇ ਕਾਫ਼ਲੇ ਦੇ ਸਿਪਾਹੀ, ਚਿੱਟੀਆਂ ਕੁਰਤੀਆਂ ਪਹਿਨੀ ਤੇ ਰਫਲਾਂ ਚੁੱਕੀ ਬਾਹਰ ਸੜਕ ਵਿਚ ਆ ਗਏ ਤੇ ਫਾਟਕ ਦੇ ਅੱਗੇ ਇਕ ਵੱਡਾ ਠੀਕ ਚੱਕਰ ਬਣਾ ਕੇ ਖੜੇ ਹੋ ਗਏ। ਇਹ ਸਪੱਸ਼ਟ ਹੀ ਇਕ ਸਾਧਾਰਣ, ਚੋਖ ਅਭਿਆਸ ਰੂਪੀ ਪੈਂਤੜਾ ਸੀ। ਫਿਰ ਇਕ ਹੋਰ ਹੁਕਮ ਹੋਇਆ ਤੇ ਕੈਦੀ ਦੋ ਦੋ ਕਰਕੇ ਬਾਹਰ ਆਉਣ ਲੱਗੇ। ਉਨ੍ਹਾਂ ਦੇ ਮੁੰਨੇ ਹੋਏ ਸਿਰਾਂ ਉੱਤੇ ਚਪਟੀਆਂ ਰੋਟੀ ਦੀ ਸ਼ਕਲ ਦੀਆਂ ਟੋਪੀਆਂ ਤੇ ਮੋਢਿਆਂ ਉੱਤੇ ਬੋਰੀਆਂ ਉਨ੍ਹਾਂ ਦੀਆਂ ਲੱਤਾਂ ਨੂੰ ਬੇੜੀਆਂ ਲੱਗੀਆਂ ਹੋਈਆਂ ਸਨ ਤੇ ਉਹ ਇਕ ਬਾਂਹ ਮਾਰਦੇ ਤੇ ਦੂਜੀ ਨਾਲ ਬੋਰੀ ਨੂੰ ਸਹਾਰਾ ਦਿੰਦੇ, ਆਪਣੇ ਪੈਰ ਘਸੀਟ ਰਹੇ ਸਨ।

ਪਹਿਲਾਂ ਉਹ ਆਦਮੀ ਆਏ ਜਿਨ੍ਹਾਂ ਨੂੰ ਕਰੜੀ ਮੁਸ਼ੱਕਤ ਦੀ ਸਜ਼ਾ ਮਿਲੀ ਹੋਈ ਸੀ। ਉਨ੍ਹਾਂ ਸਾਰਿਆਂ ਨੇ ਇਕੋ ਜਿਹੀਆਂ ਖ਼ਾਕੀ ਪਤਲੂਣਾਂ ਤੇ ਪਿੱਠ ਉੱਤੇ ਨਿਸ਼ਾਨਾਂ ਵਾਲੇ ਕੋਟ ਪਾਏ ਹੋਏ ਸਨ। ਉਹ ਸਾਰੇ ਜੁਆਨ ਤੇ ਬੁੱਢੇ ਰੂਸੀ, ਤਾਤਾਰੀ, ਯਹੂਦੀ ਆਪਣੀਆਂ

ਜ਼ੰਜੀਰਾਂ ਛਣਕਾਂਦੇ ਤੇ ਕਾਹਲੀ ਕਾਹਲੀ ਬਾਹਾਂ ਮਾਰਦੇ ਬਾਹਰ ਨਿਕਲੇ ਜਿਵੇਂ ਇਕ ਲੰਮੀ ਵਾਟ ਉੱਤੇ ਜਾਣ ਦੀ ਤਿਆਰੀ ਵਿਚ ਹੋਣ, ਪਰ ਦਸ ਕਦਮ ਭਰਕੇ ਰੁਕ ਗਏ ਤੇ ਆਗਿਆਕਾਰੀ ਨਾਲ ਇਕ ਦੂਜੇ ਦੇ ਪਿੱਛੇ ਚਾਰ ਕਤਾਰਾਂ ਵਿਚ ਖੜੇ ਹੋ ਗਏ। ਝੱਟ ਹੀ ਪਿਛੋਂ ਹੋਰ ਮੁੰਨੇ ਹੋਏ ਆਦਮੀ ਉਸੇ ਤਰ੍ਹਾਂ ਦੇ ਪਹਿਰਾਵੇ ਵਿਚ ਬਾਹਰ ਨਿਕਲੇ। ਉਨ੍ਹਾਂ ਦੇ ਪੈਰਾਂ ਵਿਚ ਬੇੜੀਆਂ ਸਨ ਪਰ ਉਹ ਹੱਥਕੜੀਆਂ ਵਿਚ ਇਕ ਦੂਜੇ ਨਾਲ ਬੱਝੇ ਹੋਏ ਸਨ। ਇਨ੍ਹਾਂ ਨੂੰ ਜਤਾਵਤਨੀ ਦੀ ਸਜ਼ਾ ਸੀ। ਉਹ ਪਹਿਲਿਆਂ ਵਾਕਰ ਹੀ ਕਾਹਲੀ ਕਾਹਲੀ ਬਾਹਰ ਆਏ ਤੇ ਉਸੇ ਤਰ੍ਹਾਂ ਇਕ ਦਮ ਚਾਰ ਚਾਰ ਦੀਆਂ ਕਤਾਰਾਂ ਵਿਚ ਖੜੇ ਹੋ ਗਏ। ਉਨ੍ਹਾਂ ਤੋਂ ਪਿੱਛੋਂ ਉਹ ਜਿਨ੍ਹਾਂ ਨੂੰ ਉਨ੍ਹਾਂ ਦੀਆਂ ਪੰਚਾਇਤਾਂ ਨੇ ਦੇਸ਼-ਨਿਕਾਲਾ ਦਿੱਤਾ ਸੀ।

ਫਿਰ ਇਸੇ ਤਰਤੀਬ ਵਿਚ ਇਸਤਰੀਆਂ ਆਈਆਂ। ਪਹਿਲਾਂ ਉਹ ਜਿਨ੍ਹਾਂ ਨੂੰ ਕਰੜੀ ਮੁਸ਼ੱਕਤ ਦੀ ਸਜ਼ਾ ਸੀ, ਖਾਕੀ ਕੋਟ ਤੇ ਦੁਪੱਟੇ ਪਹਿਨੀ, ਫਿਰ ਜਲਾਵਤਨ ਹੋਈਆਂ ਤੇ ਉਹ ਜੋ ਆਪਣੇ ਪਤੀਆਂ ਨਾਲ ਆਪਣੀ ਮਰਜ਼ੀ ਨਾਲ ਜਾ ਰਹੀਆਂ ਸਨ। ਉਨ੍ਹਾਂ ਨੇ ਆਪਣੇ ਸ਼ਹਿਰ ਜਾਂ ਪਿੰਡ ਵਾਲੇ ਕੱਪੜੇ ਪਾਏ ਹੋਏ ਸਨ। ਕਈ ਇਸਤਰੀਆਂ ਨੇ ਆਪਣੇ ਭੂਰੇ ਕੋਟਾਂ ਦੇ ਪਲਿਆਂ ਵਿਚ ਲਪੇਟ ਕੇ ਬੱਚੇ ਚੁੱਕੇ ਹੋਏ ਸਨ।

ਇਸਤਰੀਆਂ ਨਾਲ ਬੱਚੇ ਵੀ ਆਏ, ਮੁੰਡੇ ਤੇ ਕੁੜੀਆਂ ਜਿਹੜੇ ਘੋੜਿਆਂ ਦੇ ਝੁੰਡ ਵਿਚ ਵਛੇਰਿਆਂ ਵਾਕਰ ਕੈਦੀਆਂ ਵਿਚ ਉਨ੍ਹਾਂ ਦੇ ਨਾਲ ਲੱਗੇ ਖੜੇ ਸਨ।

ਪੁਰਸ਼ ਆਪਣੇ ਆਪਣੇ ਥਾਂ ਚੁੱਪ-ਚਾਪ ਖੜੇ ਜਨ, ਕੇਵਲ ਕਦੀ ਕਦੀ ਕੋਈ ਖੰਘਦਾ ਜਾਂ ਥੋੜੀ ਜੇਹੀ ਗੱਲ ਕਰਦਾ ਸੀ।

ਇਸਤਰੀਆਂ ਲਗਾਤਾਰ ਬੋਲੀ ਜਾ ਰਹੀਆਂ ਸਨ। ਨਖਲਿਊਦੋਫ਼ ਦੇ ਖ਼ਿਆਲ ਵਿਚ ਉਸ ਨੇ ਜਦੋਂ, ਉਹ ਬਾਹਰ ਆ ਰਹੇ ਸਨ ਉਨ੍ਹਾਂ ਵਿਚਕਾਰ ਮਸਲੌਫ਼ਾ ਵੇਖੀ, ਪਰ ਉਹ ਇਕ ਦਮ ਇਕ ਵੱਡੀ ਭੀੜ ਵਿਚ ਗੁੰਮ ਹੋ ਗਈ, ਤੇ ਉਸ ਨੂੰ ਕੇਵਲ ਖਾਕੀ ਜੀਵ ਦਿਸਦੇ ਸਨ... ਜਿਨ੍ਹਾਂ ਵਿਚ ਕੋਈ ਮਨੁੱਖੀ ਗੱਲ ਜਾਂ ਘੱਟੋ ਘੱਟ ਇਸਤਰੀਆਂ ਵਾਲੀ ਗੱਲ ਦਿਖਾਈ ਨਹੀਂ ਦੇਂਦੀ ਸੀ।

ਪਿੱਠ ਉੱਤੇ ਬੋਰੀਆਂ ਚੁੱਕੀ ਤੇ ਬੱਚਿਆਂ ਨੂੰ ਨਾਲ ਲਈ ਉਹ ਪੁਰਸ਼ਾਂ ਦੇ ਪਿੱਛੇ ਖੜੀਆਂ ਹੋ ਰਹੀਆਂ ਹਨ।

ਭਾਵੇਂ ਸਾਰੇ ਕੈਦੀ ਕੈਦਖਾਨੇ ਦੇ ਅੰਦਰ ਦੀ ਚਾਰ-ਦੀਵਾਰੀ ਦੇ ਅੰਦਰ ਗਿਣੇ ਜਾ ਚੁੱਕੇ ਸਨ, ਕਾਫ਼ਲੇ ਵਾਲੇ ਅਫਸਰਾਂ ਨੇ ਉਨ੍ਹਾਂ ਨੂੰ ਫੇਰ ਗਿਣਿਆ ਤੇ ਸੂਚੀ ਨਾਲ ਮੇਲਿਆ।

ਇਸ ਉੱਤੇ ਬਹੁਤ ਚਿਰ ਲੱਗਾ, ਖ਼ਾਸ ਕਰਕੇ ਇਸ ਲਈ ਕਿ ਕੁਝ ਕੈਦੀਆਂ ਨੇ ਹਿਲ ਕੇ ਥਾਵਾਂ ਬਦਲ ਲਈਆਂ ਸਨ ਜਿਸ ਨਾਲ ਕਾਫ਼ਲੇ ਦੀ ਗਿਣਤੀ ਵਿਚ ਗੜਬੜ ਹੋ ਜਾਂਦੀ ਸੀ।

ਕਾਫ਼ਲੇ ਦੇ ਸਿਪਾਹੀ ਉੱਚੀ ਉੱਚੀ ਪੁਕਾਰਦੇ ਕੈਦੀਆਂ ਨੂੰ ਧੱਕਦੇ (ਜਿਹੜੇ ਭਾਵੇਂ ਗੁੱਸੇ ਨਾਲ ਜਿਵੇਂ ਉਹ ਆਖਦੇ ਕਰਦੇ ਸਨ), ਉਨ੍ਹਾਂ ਨੂੰ ਮੁੜ ਮੁੜ ਗਿਣਦੇ ਸਨ। ਜਦੋਂ ਸਾਰੇ ਗਿਣੇ ਜਾ ਚੁੱਕੇ, ਕਾਫ਼ਲੇ ਦੇ ਅਫਸਰ ਨੇ ਹੁਕਮ ਦਿੱਤਾ, ਤੇ ਭੀੜ ਵਿਚ ਹਿਲ ਜੁਲ ਹੋਈ। ਨਿਰਬਲ ਪੁਰਸ਼, ਇਸਤਰੀਆਂ ਤੇ ਬੱਚੇ ਇਕ ਦੂਜੇ ਤੋਂ ਅੱਗੇ ਨੱਸ ਕੇ ਗੱਡਿਆਂ ਵੱਲ ਨੂੰ ਹੋਏ ਤੇ ਉਨ੍ਹਾਂ ਉੱਤੇ ਆਪਣੇ ਬੋਝੇ ਰੱਖਣ ਤੇ ਚੜ੍ਹਨ ਲੱਗੇ। ਰੋਂਦੇ ਬੱਚਿਆਂ ਵਾਲੀਆਂ ਤੀਵੀਆਂ, ਖ਼ੁਸ਼ ਖੁਸ਼ ਥਾਵਾਂ ਲੱਭਦੇ ਬੱਚੇ ਤੇ ਉਦਾਸ, ਚਿੰਤਾ ਦੇ ਦੱਬੇ ਕੈਦੀ ਗੱਡਿਆਂ ਵਿਚ ਬੈਠ ਗਏ।

ਕਈ ਕੈਦੀ ਟੋਪੀਆਂ ਲਾਹ ਕੇ ਕਾਫ਼ਲੇ ਦੇ ਅਫ਼ਸਰ ਕੋਲ ਕੋਈ ਅਰਜ਼ ਲੈ ਕੇ ਆਏ। ਨਖਲਿਊਦੋਫ਼ ਨੂੰ ਪਿੱਛੋਂ ਪਤਾ ਲੱਗਾ ਉਹ ਗੱਡਿਆਂ ਵਿਚ ਥਾਂ ਮੰਗਦੇ ਸਨ। ਨਖਲਿਊਦੋਫ਼ ਨੇ ਵੇਖਿਆ ਕਿਵੇਂ ਅਫ਼ਸਰ, ਕੈਦੀਆਂ ਵੱਲ ਵੇਖੇ ਬਿਨਾਂ ਆਪਣੀ ਸਿਗਰਟ ਦੇ ਸੂਟੇ ਲਾ ਰਿਹਾ ਸੀ, ਤੇ ਫਿਰ ਉਸ ਨੇ ਇਕ ਦਮ ਆਪਣੀ ਛੋਟੀ ਜੇਹੀ ਬਾਂਹ ਇਕ ਕੈਦੀ ਦੇ ਅੱਗੇ ਕਰਕੇ ਹਿਲਾਈ। ਕੈਦੀ ਝੱਟ ਆਪਣਾ ਮੁੰਨਿਆ ਸਿਰ ਪਿੱਛੇ ਮੋਢਿਆਂ ਵਿਚ ਸੁਕੇੜ ਕੇ ਜਿਵੇਂ ਉਹ ਚਪੇੜ ਵਜਣ ਤੋਂ ਡਰਦਾ ਹੋਵੇ, ਟੱਪ ਕੇ ਪਿਛੇ ਹੋ ਗਿਆ !

"ਮੈਂ ਤੁਹਾਨੂੰ ਐਸੀ ਝਾਟੀ ਦਿਆਂਗਾ ਜੋ ਤੁਸੀਂ ਯਾਦ ਰਖੋਗੇ। ਤੁਸੀਂ ਚੰਗੇ ਭਲੇ ਪੈਦਲ ਉਥੇ ਪਹੁੰਚ ਜਾਉਗੇ।" ਅਫ਼ਸਰ ਨੇ ਉੱਚੀ ਬੋਲ ਕੇ ਆਖਿਆ। ਕੇਵਲ ਇਕ ਆਦਮੀ ਦੀ ਅਰਜ਼ ਮੰਨੀ ਗਈ... ਲੱਤਾਂ ਵਿਚ ਬੇੜੀਆਂ ਵਾਲੇ ਬੁੱਢੇ ਦੀ...... ਤੇ ਨਖ਼ਲਿਊਦੋਫ਼ ਨੇ ਵੇਖਿਆ ਉਹ ਆਪਣੀ ਰੋਟੀ ਦੀ ਸ਼ਕਲ ਵਾਲੀ ਟੋਪੀ ਉਤਾਰ ਕੇ ਆਪਣੇ ਉੱਤੇ ਸੂਲੀ ਦਾ ਨਿਸ਼ਾਨ ਬਣਾਂਦਾ ਗੱਡੇ ਵੱਲ ਗਿਆ। ਉਹ ਗੱਡੇ ਉੱਤੇ ਚੜ੍ਹ ਨਹੀਂ ਸਕਦਾ ਸੀ ਕਿਉਂਕਿ ਉਸ ਦੀਆਂ ਕਮਜ਼ੋਰ ਬੁੱਢੀਆਂ ਲੱਤਾਂ ਬੇੜੀਆਂ ਦੇ ਭਾਰ ਨਾਲ ਉਠ ਨਹੀਂ ਸਕਦੀਆਂ ਸਨ, ਪਰ ਇਕ ਇਸਤਰੀ ਨੇ ਜੋ ਗੱਡੇ ਵਿਚ ਬੈਠੀ ਸੀ ਉਸ ਦੀ ਮਦਦ ਕੀਤੀ ਤੇ ਹੱਥ ਫੜ ਕੇ ਉਪਰ ਖਿੱਚ ਲਿਆ।

ਜਦੋਂ ਸਾਰੀਆਂ ਬੋਰੀਆਂ ਗੱਡਿਆਂ ਵਿਚ ਆ ਗਈਆਂ ਤੇ ਜਿਨ੍ਹਾਂ ਨੂੰ ਆਗਿਆ ਸੀ ਗੱਡਿਆਂ ਵਿਚ ਬੈਠ ਗਏ, ਤਾਂ ਅਫ਼ਸਰ ਨੇ ਟੋਪੀ ਲਾਹ ਕੇ ਆਪਣਾ ਮੱਥਾ, ਗੰਜਾ ਸਿਰ ਤੇ ਮੋਟੀ ਲਾਲ ਗਰਦਨ ਪੂੰਝੀ ਤੇ ਆਪਣੇ ਉੱਤੇ ਸੂਲੀ ਦਾ ਨਿਸ਼ਾਨ ਬਣਾਇਆ।

"ਚਲੋ !" ਉਸ ਨੇ ਹੁਕਮ ਦਿੱਤਾ। ਸਿਪਾਹੀਆਂ ਦੀਆਂ ਰਾਈਫਲਾਂ ਖੜਕੀਆਂ, ਕੈਦੀਆਂ ਨੇ ਟੋਪੀਆਂ ਲਾਹੀਆਂ ਤੇ ਸੂਲੀ ਦੇ ਨਿਸ਼ਾਨ ਬਣਾਏ, ਉਨ੍ਹਾਂ ਨੂੰ ਛੱਡਣ ਆਇਆ ਨੇ ਕੁਝ ਪੁਕਾਰਿਆ ਤੇ ਜਵਾਬ ਵਿਚ ਕੈਦੀਆਂ ਨੇ ਕੁਝ ਪੁਕਾਰਿਆ, ਤੇ ਇਸਤਰੀਆਂ ਵਿਚ ਬੜੀ ਹਿਲਜੁਲ ਮੱਚ ਗਈ। ਤੇ ਕੁੜਤੀਆਂ ਵਾਲੇ ਸਿਪਾਹੀਆਂ ਦੇ ਘੇਰੇ ਵਿਚ ਜੱਥਾ ਬੇੜੀਆਂ ਵਾਲੇ ਪੈਰਾਂ ਨਾਲ ਮਿੱਟੀ ਉਡਾਂਦਾ ਚਲ ਪਿਆ, ਅੱਗੇ ਅੱਗੇ ਸਿਪਾਹੀ ਜਾ ਰਹੇ ਸਨ, ਉਨ੍ਹਾਂ ਦੇ ਪਿੱਛੇ ਕਰੜੀ ਮੁਸ਼ੱਕਤ ਦੀ ਸਜ਼ਾ ਵਾਲੇ ਆਧਣੀਆਂ ਜੰਜ਼ੀਰਾਂ ਛਣਕਾਂਦੇ ਕੈਦੀ, ਉਨ੍ਹਾਂ ਦੇ ਪਿੱਛੇ ਜਲਾਵਤਨ ਤੇ ਪੰਚਾਇਤਾਂ ਦੇ ਕੱਢੇ ਹੋਏ ਦੋ ਦੋ ਕਰਕੇ ਹੱਥਕੜੀਆਂ ਨਾਲ ਬੰਨ੍ਹੇ ਹੋਏ, ਉਨ੍ਹਾਂ ਦੇ ਪਿੱਛੇ ਇਸਤਰੀਆਂ। ਇਨ੍ਹਾਂ ਸਾਰਿਆਂ ਦੇ ਪਿੱਛੇ, ਬੋਰੀਆਂ ਨਾਲ ਲੱਦੇ ਗੱਡਿਆਂ ਉੱਤੇ ਨਿਰਬਲ ਕੈਦੀ ਸਨ ! ਇਕ ਗੱਡੇ ਉੱਤੇ ਉੱਚੇ ਥਾਂ ਕੱਪੜਿਆਂ ਵਿਚ ਲਿਪਟੀ ਹੋਈ ਇਕ ਇਸਤਰੀ ਬੈਠੀ ਚੀਕਾਂ ਮਾਰਦੀ ਹਉਕੇ ਭਰ ਰਹੀ ਸੀ।

-0-

35

ਕਾਫ਼ਲਾ ਇਤਨਾ ਲੰਮਾ ਸੀ ਕਿ ਅਸਬਾਬ ਤੇ ਨਿਰਬਲ ਕੈਦੀਆਂ ਵਾਲੇ ਗੱਡਿਆਂ ਦੇ ਚੱਲਣ ਵੇਲੇ ਤਕ ਮੂਹਰਲੇ ਲੋਕ ਅੱਖਾਂ ਤੋਂ ਉਹਲੇ ਹੋ ਚੁੱਕੇ ਸਨ। ਜਦੋਂ ਛੇਕੜਲਾ ਗੱਡਾ ਤੁਰ ਪਿਆ ਤਾਂ ਨਖ਼ਲਿਊਦੌਫ਼ ਨੇ ਉਸ ਦੀ ਇੰਤਜ਼ਾਰ ਵਿਚ ਖੜੀ ਬੱਘੀ ਵਿਚ ਚੜ੍ਹ ਕੇ ਬੱਘੀ ਵਾਲੇ ਨੂੰ ਮੂਹਰਲੇ ਕੈਦੀਆਂ ਨਾਲ ਜਾ ਰਲਣ ਲਈ ਆਖਿਆ। ਉਹ ਜਾਣਨਾ ਚਾਹੁੰਦਾ ਸੀ ਉਨ੍ਹਾਂ ਵਿਚ ਉਹ ਕਿਤਨੀਆਂ ਕੁ ਨੂੰ ਜਾਣਦਾ ਸੀ, ਨਾਲੇ ਇਸਤਰੀਆਂ ਵਿਚ ਮਸਲੋਫ਼ਾ ਨੂੰ ਲੱਭ ਕੇ ਉਸ ਨੂੰ ਪੁੱਛਣਾ ਕਿ ਉਸ ਦੀਆਂ ਭੇਜੀਆਂ ਚੀਜ਼ਾਂ ਉਸ ਨੂੰ ਮਿਲ ਗਈਆਂ ਸਨ।

ਗਰਮੀ ਬਹੁਤ ਸੀ। ਹਵਾ ਬੰਦ ਸੀ ਤੇ ਹਜ਼ਾਰਾਂ ਕੁ ਪੈਰਾਂ ਦੀ ਉਡਾਈ ਹੋਈ ਧੂੜ ਦਾ ਬੱਦਲ ਲਗਾਤਾਰ ਸੜਕ ਦੇ ਵਿਚਕਾਰ ਚੱਲ ਰਹੇ ਜੱਥੇ ਉੱਤੇ ਛਾਇਆ ਹੋਇਆ ਸੀ, ਕੈਦੀ ਤੇਜ਼ੀ ਨਾਲ ਚੱਲ ਰਹੇ ਸਨ, ਤੇ ਹੌਲੀ ਹੌਲੀ ਚੱਲ ਰਹੀ ਬੱਘੀ ਨੂੰ ਉਨ੍ਹਾਂ ਤਕ ਪਹੁੰਚਣ ਲਈ ਕੁਝ ਵਕਤ ਲੱਗਿਆ। ਉਨ੍ਹਾਂ ਨੂੰ ਕਤਾਰਾਂ ਦੀਆਂ ਕਤਾਰਾਂ ਉਨ੍ਹਾਂ ਓਪਰੇ ਤੇ ਭੈ-ਭੀਤ ਕਰ ਦੇਣ ਵਾਲੇ ਬੰਦਿਆਂ ਦੀਆਂ ਲੰਘਣੀਆਂ ਪਈਆਂ ਜਿਨ੍ਹਾਂ ਵਿਚ ਕਿਸੇ ਨੂੰ ਵੀ ਨਖ਼ਲਿਊਦੋਫ਼ ਨਹੀਂ ਜਾਣਦਾ ਸੀ।

ਉਹ ਚਲੇ ਜਾ ਰਹੇ ਸਨ, ਸਾਰੇ ਇਕੋ ਜੇਹੇ ਪਹਿਰਾਵੇ ਵਿਚ, ਹਜ਼ਾਰ ਕੁ ਇਕੋ ਜੇਹੀਆਂ ਜੁੱਤੀਆਂ ਵਾਲੇ ਪੈਰ ਤੇ ਜਿਵੇਂ ਆਪਣੇ ਹੌਂਸਲੇ ਕਾਇਮ ਰੱਖਣ ਲਈ ਆਪਣੀਆਂ ਅਣ-ਬੱਝੀਆਂ ਬਾਹਾਂ ਹਿਲਾਂਦੇ ਉਹ ਬਹੁਤ ਸਾਰੇ ਲੱਗਦੇ ਸਨ ਤੇ ਸਾਰੇ ਅਜਿਹੀ ਅਨੋਖੀ ਤੇ ਅਸਾਧਾਰਣ ਦਸ਼ਾ ਵਿਚ, ਕਿ ਉਹ ਨਖ਼ਲਿਊਦੌਫ਼ ਨੂੰ ਸਾਧਰਣ ਮਨੁੱਖ ਨਹੀਂ ਕੋਈ ਖ਼ਾਸ ਕਿਸਮ ਦੇ ਅਨੋਖੇ ਤੇ ਡਰਾਉਣੇ ਬੰਦੇ ਪ੍ਰਤੀਤ ਹੁੰਦੇ ਸਨ। ਇਹ ਪ੍ਰਭਾਵ ਉਦੋਂ ਹੀ ਹਟਿਆ ਜਦੋਂ ਉਸ ਨੇ ਦੰਡ ਪ੍ਰਾਪਤ ਕੈਦੀਆਂ ਦੀ ਭੀੜ ਵਿਚ ਕਤਲ ਦਾ ਦੋਸ਼ੀ ਫੀਦੋਰੋਫ਼ ਤੇ ਜਲਾਵਤਨ ਓਖਾਤਿਨ ਜੋ ਬੜਾ ਮਖੌਲੀਆ ਸੀ, ਤੇ ਇਕ ਹੋਰ ਆਵਾਰਾ ਆਦਮੀ ਜਿਸ ਨੇ ਉਸ ਪਾਸੋਂ ਸਹਾਇਤਾ ਮੰਗੀ ਸੀ, ਪਛਾਣ ਲਏ। ਤਕਰੀਬਨ ਸਾਰੇ ਕੈਦੀ ਮੁੜ ਮੁੜ ਕੇ ਕੋਲੋਂ ਦੀ ਲੰਘ ਰਹੀ ਬੱਘੀ ਤੇ ਇਸ ਵਿਚ ਬੈਠੇ ਭੱਦਰ ਵੱਲ ਵੇਖ ਰਹੇ ਸਨ। ਫੀਦੋਰੋਫ ਨੇ, ਇਹ

ਦੱਸਣ ਲਈ ਕਿ ਉਸ ਨੇ ਨਖ਼ਲਿਊਦੋਫ਼ ਨੂੰ ਪਛਾਣ ਲਿਆ ਸੀ, ਸਿਰ ਪਿੱਛੇ ਨੂੰ ਸੁਟਿਆ, ਓਖਾਤਿਨ ਨੇ ਅੱਖ ਦੱਬੀ ਪਰ ਉਨ੍ਹਾਂ ਵਿਚੋਂ ਕਿਸੇ ਨੇ ਨਮਸਕਾਰ ਨਾ ਕੀਤੀ ਇਹ ਸਮਝ ਕੇ ਕਿ ਇਸ ਦੀ ਆਗਿਆ ਨਹੀਂ ਸੀ।

ਇਸਤਰੀਆਂ ਨਾਲ ਰਲ ਕੇ ਨਖ਼ਲਿਊਦੋਫ ਨੇ ਝੱਟ ਮਸਲੋਂਫ਼ਾ ਨੂੰ ਪਛਾਣ ਲਿਆ। ਉਹ ਦੂਜੀ ਕਤਾਰ ਵਿਚ ਸੀ। ਇਸ ਕਤਾਰ ਵਿਚ ਪਹਿਲੇ ਇਕ ਛੋਟੀਆਂ ਲੱਤਾਂ ਤੇ ਕਾਲੀਆਂ ਅੱਖਾਂ ਵਾਲੀ ਡਰਾਉਣੀ ਸ਼ਕਲ ਵਾਲੀ ਇਸਤਰੀ ਸੀ ਜਿਸ ਨੇ ਆਪਣਾ ਕੋਟ ਆਪਣੀ ਪੇਟੀ ਵਿਚ ਟੁੰਗਿਆ ਹੋਇਆ ਸੀ, ਇਹ ਰਹੋਸ਼ਾਵਲਾ ਸੀ। ਅਗਲੀ ਇਕ ਗਰਭਵਤੀ ਇਸਤਰੀ ਸੀ ਜੋ ਮੁਸ਼ਕਿਲ ਨਾਲ ਆਪਣਾ ਆਪ ਘਸੀਟੀ ਜਾ ਰਹੀ ਸੀ। ਤੀਜੀ ਮਸਲੋਂਫ਼ਾ ਸੀ, ਉਸ ਨੇ ਆਪਣੀ ਬੋਰੀ ਮੋਢੇ ਉੱਤੇ ਚੁੱਕੀ ਹੋਈ ਸੀ ਤੇ ਸਿੱਧੀ ਸਾਮ੍ਹਣੇ ਵੇਖ ਰਹੀ ਸੀ। ਉਸ ਦਾ ਮੁਖਾਂਤਰ ਸ਼ਾਂਤ ਤੇ ਦ੍ਰਿੜ ਦਿੱਸਦਾ ਸੀ। ਕਤਾਰ ਵਿਚ ਚੌਥੀ ਇਕ ਸੁੰਦਰ ਜਵਾਨ ਇਸਤਰੀ ਸੀ ਜੋ ਛੁਹਲੀ ਛੁਹਲੀ ਤੁਰ ਰਹੀ ਸੀ। ਉਸ ਨੇ ਇਕ ਛੋਟਾ ਕੋਟ ਪਹਿਨਿਆ ਹੋਇਆ ਸੀ, ਤੇ ਕਿਰਸਾਨਾਂ ਵਾਕਰ ਦੁਪੱਟਾ ਸਿਰ ਉੱਤੇ ਬੰਨ੍ਹਿਆ ਹੋਇਆ ਸੀ। ਇਹ ਥਿਓਦੋਸੀਆ ਸੀ।

ਨਖ਼ਲਿਊਦੌਫ਼ ਬੱਘੀ ਵਿਚੋਂ ਉੱਤਰ ਕੇ ਇਸਤਰੀਆਂ ਕੋਲ ਗਿਆ। ਮਸਲੋਂਫ਼ਾ ਤੋਂ ਪੁੱਛਣ ਲਈ ਜੇ ਉਸ ਦੀਆਂ ਭੇਜੀਆਂ ਚੀਜ਼ਾਂ ਉਸ ਨੂੰ ਮਿਲ ਗਈਆਂ ਹੋਣ, ਤੇ ਉਹ ਕਿਸ ਤਰ੍ਹਾਂ ਮਹਿਸੂਸ ਕਰ ਰਹੀ ਸੀ। ਪਰ ਕਾਫ਼ਲੇ ਦਾ ਸਾਰਜੰਟ ਜੋ ਉਸੇ ਪਾਸੇ ਤੁਰ ਰਿਹਾ ਸੀ ਉਸ ਨੂੰ ਵੇਖ ਕੇ ਇਕ ਦਮ ਉਸ ਵੱਲ ਨੱਸਿਆ ਆਇਆ।

"ਐਸਾ ਨਾ ਕਰੋ, ਜਨਾਬ। ਜੱਥੇ ਦੇ ਪਾਸ ਆਉਣਾ ਨਿਯਮਾਂ ਦੇ ਵਿਰੁੱਧ ਹੈ।" ਉਸ ਨੇ ਕੋਲ ਆ ਕੇ ਉੱਚੀ ਆਵਾਜ਼ ਨਾਲ ਆਖਿਆ।

ਪਰ ਨਖਲਿਊਦੋਫ਼ ਨੂੰ ਪਛਾਣ ਕੇ (ਜਿਸ ਨੂੰ ਕੈਦਖਾਨੇ ਵਿਚ ਹਰ ਕੋਈ ਜਾਣਦਾ ਸੀ) ਸਾਰਜੰਟ ਨੇ ਉਂਗਲਾਂ ਟੋਪੀ ਤਕ ਉਠਾ ਕੇ, ਤੇ ਉਸ ਅੱਗੇ ਖੜਾ ਹੋਕੇ, ਆਖਿਆ, "ਹੁਣ ਨਹੀਂ, ਜਨਾਬ, ਸਾਨੂੰ ਰੇਲਵੇ ਸਟੇਸ਼ਨ ਤਕ ਜਾ ਲੈਣ ਦਿਓ। ਇਥੇ ਇਸ ਦੀ ਆਗਿਆ ਨਹੀਂ. ...। ਪਿੱਛੇ ਨਾ ਰਹੋ। ਚਲੋ। ਉਸ ਨੇ ਕੈਦੀਆਂ ਨੂੰ ਲਲਕਾਰਿਆ, ਤੇ ਫੁਰਤੀ ਵਿਖਾਂਦਾ ਉਹ ਦੁੜਕੀ ਚਾਲ ਨੱਸ ਕੇ ਆਪਣੀ ਥਾਂ ਉੱਤੇ ਮੁੜ ਆਇਆ, ਭਾਵੇਂ ਇਤਨੀ ਗਰਮੀ ਸੀ ਤੇ ਉਸ ਦੇ ਸੁਹਣੇ ਬੂਟ ਹਾਲੀ ਨਵੇਂ ਹੀ ਸਨ।

ਨਖਲਿਊਦੋਫ਼ ਵਾਪਸ ਪੱਕੀ ਸੜਕ ਉੱਤੇ ਆ ਗਿਆ ਤੇ ਬੱਘੀ ਵਾਲੇ ਨੂੰ ਬੱਘੀ ਪਿੱਛੇ ਪਿੱਛੇ ਲਈ ਆਉਣ ਲਈ ਆਖ ਕੇ ਤੁਰ ਪਿਆ ਤਾਂ ਜੋ ਇਹ ਪਾਰਟੀ ਉਸ ਨੂੰ ਦਿੱਸਦੀ ਰਹੇ। ਜਿਥੋਂ ਵੀ ਇਹ ਜੱਥਾ ਲੰਘਦਾ ਲੋਕ ਇਸ ਵੱਲ ਭੈ ਤੇ ਤਰਸ ਦੇ ਰਲੇ ਮਿਲੇ ਭਾਵਾਂ ਨਾਲ ਵੇਖਦੇ। ਬੱਘੀਆਂ ਵਿਚ ਇਸ ਦੇ ਕੋਲ ਦੀ ਲੰਘਣ ਵਾਲੇ ਬਾਹਰ ਮੂੰਹ ਕੱਢ ਕੇ ਦੇਰ ਤਕ ਕੈਦੀਆਂ ਵੱਲ ਪਿੱਛੇ ਵੇਖਦੇ ਰਹਿੰਦੇ। ਪੈਦਲ ਜਾ ਰਹੇ ਰੁਕ ਜਾਂਦੇ ਤੇ ਡਰ ਤੇ ਹੈਰਾਨੀ ਨਾਲ ਇਸ ਡਰਾਉਣੇ ਦ੍ਰਿਸ਼ ਨੂੰ ਤੱਕਦੇ। ਕਈ ਆਉਂਦੇ ਤੇ ਕੈਦੀਆਂ ਨੂੰ ਖੈਰਾਤ ਦੇਂਦੇ ਜੋ ਕਾਫ਼ਲੇ ਵਾਲੇ ਸਿਪਾਹੀ ਲੈ ਲੈਂਦੇ। ਕਈ ਜੱਥੇ ਦੇ ਪਿੱਛੇ ਤੁਰ ਜਾਂਦੇ ਜਿਵੇਂ ਕੀਲੇ ਗਏ ਹੋਣ; ਫਿਰ ਰੁਕ ਜਾਂਦੇ ਤੇ ਕੇਵਲ ਆਪਣੀਆਂ ਨਜ਼ਰਾਂ ਕੈਦੀਆਂ ਉੱਤੇ ਲਗਾਈ ਰੱਖਦੇ। ਹਰ ਥਾਂ ਲੋਕ ਦਰਾਂ ਦਰਵਾਜ਼ਿਆਂ ਵਿਚੋਂ ਨਿਕਲ ਆਉਂਦੇ ਤੇ ਦੂਜਿਆਂ ਨੂੰ ਬਾਹਰ ਆਉਣ ਲਈ ਆਵਾਜ਼ਾਂ ਮਾਰਦੇ, ਜਾਂ ਬਾਰੀਆਂ ਵਿਚੋਂ ਮੂੰਹ ਕੱਢ ਕੇ, ਚੁੱਪ ਤੇ ਅਹਿਲ, ਇਸ ਭਿਆਨਕ ਜਲੂਸ ਵੱਲ ਵੇਖਦੇ ਰਹਿੰਦੇ। ਇਕ ਚੌਂਕ ਉਤੇ ਜਲੂਸ ਨੇ ਇਕ ਸੁੰਦਰ ਬੱਘੀ ਨੂੰ ਰੋਕ ਲਿਆ। ਇਕ ਮੋਟਾ, ਲਿਸ਼ਕਦੇ ਮੂੰਹ ਵਾਲਾ ਕੋਚਵਾਨ, ਪਿੱਛੇ ਬਟਨਾਂ ਦੀਆਂ ਦੋ ਲਾਰਾਂ ਵਾਲੀ ਝੱਗੀ ਵਾਲਾ ਬਕਸੇ ਉੱਤੇ ਬੈਠਾ ਸੀ। ਇਕ ਵਿਆਹੁਤਾ ਜੋੜਾ, ਘੋੜਿਆਂ ਵੱਲ ਮੂੰਹ ਕਰੀ ਬੈਠਾ ਸੀ... ਪਤਨੀ ਇਕ ਪੀਲੀ ਪਤਲੀ ਜੇਹੀ ਇਸਤਰੀ ਜਿਸ ਨੇ ਇਕ ਹਲਕੇ ਰੰਗ ਦੀ ਟੋਪੀ ਪਹਿਨੀ ਤੇ ਇਕ ਚਮਕੀਲੀ ਛੱਤਰੀ ਹੱਥ ਵਿਚ ਪਕੜੀ ਹੋਈ ਸੀ, ਤੇ ਪਤੀ, ਜਿਸ ਨੇ ਇਕ ਉੱਚੀ ਟੋਪੀ ਤੇ ਚੰਗੀ ਕਾਟ ਵਾਲਾ ਹਲਕੇ ਰੰਗ ਦਾ ਧੂੜ ਰੋਕਣ ਵਾਲਾ ਉਪਰਲਾ ਕੋਟ ਪਾਇਆ ਹੋਇਆ ਸੀ। ਅਗਲੀ ਸੀਟ ਉੱਤੇ ਉਨ੍ਹਾਂ ਦੇ ਬੱਚੇ ਬੈਠੇ ਸਨ। ਇਕ ਸੁਹਣੀ ਪੁਸ਼ਾਕ ਤੇ ਖੁਲ੍ਹੇ ਭੂਰੇ ਵਾਲਾਂ ਵਾਲੀ ਨਿੱਕੀ ਕੁੜੀ ਜੋ ਫੁੱਲ ਵਰਗੀ ਤਾਜ਼ੀ ਸੀ, ਉਸ ਨੇ ਵੀ ਇਕ ਚਮਕਦਾਰ ਛੱਤਰੀ ਪਕੜੀ ਹੋਈ ਸੀ, ਤੇ ਦੂਜਾ ਇਕ ਅੱਠ ਸਾਲ ਦਾ ਲੰਮੀ ਪਤਲੀ ਗਰਦਨ ਤੇ ਤਿੱਖੀਆਂ ਹੰਸਲੀਆਂ ਵਾਲਾ ਮੁੰਡਾ ਜਿਸ ਨੇ ਲੰਮੇ ਫੀਤਿਆਂ ਵਾਲੀ ਨਾਵਕ ਟੋਪੀ ਪਹਿਨੀ ਹੋਈ ਸੀ।

ਪਿਤਾ ਨੇ ਕੋਚਵਾਨ ਨੂੰ ਵੇਲੇ ਸਿਰ ਜੱਥੇ ਅੱਗੋਂ ਨਾ ਲੰਘਣ ਉੱਤੇ ਗੁੱਸੇ ਨਾਲ ਝਾੜ ਝੰਬ ਕੀਤੀ ਤੇ ਮਾਤਾ ਨੇ ਤਿਉੜੀ ਪਾ ਕੇ ਘ੍ਰਿਣਾ ਵਿਚ ਭਰ ਕੇ ਅੱਖਾਂ ਅੱਧੀਆਂ ਬੰਦ ਕਰ ਲਈਆਂ, ਤੇ ਧੂੜ ਤੇ ਧੁੱਪ ਤੋਂ ਬਚਾਓ ਲਈ ਛੱਤਰੀ ਮੂੰਹ ਉੱਤੇ ਕਰ ਲਈ।

ਮੋਟੇ ਕੋਚਵਾਨ ਨੇ ਮਾਲਕ ਦੀ ਅਜਾਈ ਝਿੜਕੀਆਂ ਉੱਤੇ ਗੁੱਸਾ ਕਰਕੇ ਤਿਉੜੀ ਪਾ ਲਈ......ਉਸ ਨੇ ਆਪ ਹੀ ਇਸ ਬਾਜ਼ਾਰ ਵਿਚੋਂ ਦੀ ਲੰਘਣ ਨੂੰ ਆਖਿਆ ਸੀ...... ਤੇ ਬੜੀ ਮੁਸ਼ਕਲ ਨਾਲ ਲਿਸ਼ਕੇ ਪੁਸਕੇ ਕਾਲੇ ਘੋੜਿਆਂ ਨੂੰ ਜੋ ਆਪਣੇ ਸਾਜ ਹੇਠਾਂ ਝੱਗੋਂ ਝੱਗ ਹੋਏ ਚਲਣ ਲਈ ਕੰਡਿਆਲੇ ਚੱਬ ਰਹੇ ਸਨ, ਰੋਕਿਆ ਹੋਇਆ ਸੀ।

ਪੁਲਿਸ ਦਾ ਸਿਪਾਹੀ ਮਨੋ ਤਨੋ ਇਸ ਸੁੰਦਰ ਗੱਡੀ ਦੇ ਮਾਲਕ ਨੂੰ ਖ਼ੁਸ਼ ਕਰਨ ਲਈ ਜੱਥੇ ਦੀ ਲਾਰ ਨੂੰ ਰੋਕਣਾ ਚਾਹੁੰਦਾ ਸੀ, ਪਰ ਫਿਰ ਵੀ ਸਮਝਦਾ ਸੀ ਕਿ ਇਕ ਅਜਿਹੇ ਧਨੀ ਪੁਰਸ਼ ਦੀ ਖ਼ਾਤਰ ਵੀ ਜਲੂਸ ਦੀ ਸੋਗਵਾਰ ਗੰਭੀਰਤਾ ਨੂੰ ਤੋੜਨਾ ਯੋਗ ਨਹੀਂ ਸੀ। ਉਸ ਨੇ ਕੇਵਲ ਆਪਣੀਆਂ ਉਂਗਲਾਂ ਧਨ, ਦੋਲਤ ਪ੍ਰਤਿ ਆਦਰ ਭਾਵ ਵਿਚ ਆਪਣੀ ਟੋਪੀ ਨੂੰ ਲਗਾਈਆਂ ਤੇ ਕੈਦੀਆਂ ਵੱਲ ਕੌੜੀ ਨਜ਼ਰ ਨਾਲ ਵੇਖਿਆ ਜਿਵੇਂ ਹਰ ਹਾਲਤ ਵਿਚ ਉਹ ਗੱਡੀ ਦੇ ਮਾਲਕਾਂ ਨੂੰ ਉਨ੍ਹਾਂ ਪਾਸੋਂ ਬਚਾਣ ਦਾ ਇਕਰਾਰ ਕਰਦਾ ਹੋਵੇ। ਇਸ ਤਰ੍ਹਾਂ ਗੱਡੀ ਨੂੰ ਜਿੰਨਾ ਚਿਰ ਸਾਰਾ ਜਲੂਸ ਲੰਘ ਨਾ ਗਿਆ, ਉਡੀਕਣਾ ਪਿਆ ਤੇ ਇਹ ਉਦੋਂ ਹੀ ਚਲ ਸਕੀ ਜਦੋਂ ਛੇਕੜਲਾ ਬੋਰੀਆਂ ਤੇ ਕੈਦੀਆਂ ਨਾਲ ਲੱਦਿਆ ਗੱਡਾ ਖੜਕਦਾ ਜੜਕਦਾ ਲੰਘ ਗਿਆ। ਉਹ ਰੌਲਾ ਪਾ ਰਹੀ ਇਸਤਰੀ ਜੋ ਇਕ ਜੋ ਇਕ ਗੱਡੇ ਵਿਚ ਬੈਠੀ ਸੀ ਤੇ ਹੁਣ ਚੁੱਪ ਕਰ ਚੁੱਕੀ ਸੀ, ਫਿਰ ਉਸ ਸੁੰਦਰ ਬੱਘੀ ਨੂੰ ਵੇਖ ਕੇ ਚੀਕਾਂ ਚੀਕਾਂ ਮਾਰਨ ਤੇ ਹਟਕੋਰੇ ਭਰਨ ਲੱਗ ਪਈ। ਕੋਚਵਾਨ ਨੇ ਹੌਲੀ ਜੇਹੀ ਵਾਗਾਂ ਛੱਡੀਆਂ ਤੇ ਕਾਲੇ ਦੁੜਕੀ ਘੋੜੇ ਸੁਮ ਪੱਥਰਾਂ ਉਤੇ ਖੜਕਾਂਦੇ ਹਲਕੀ ਜੇਹੀ ਝੂਲ ਰਹੀ ਗੱਡੀ ਨੂੰ ਇਸ ਦੇ ਰਬੜ ਟਾਇਰ ਪਹੀਆਂ ਉੱਤੇ ਉਸ ਪਿੰਡੋਰੀ ਵੱਲ ਖਿੱਚ ਲੈ ਗਏ ਜਿਧਰ ਪਤੀ, ਪਤਨੀ, ਕੁੜੀ ਤੇ ਤਿੱਖੀ ਹੰਸਲੀ ਵਾਲਾ ਮੁੰਡਾ ਮਨ-ਪਰਚਾਵੇ ਲਈ ਜਾ ਰਹੇ ਸਨ।

ਨਾ ਮਾਂ ਨੇ ਤੇ ਨਾ ਪਿਉ ਨੇ ਕੁੜੀ ਤੇ ਮੁੰਡੇ ਨੂੰ ਜੋ ਕੁਝ ਉਨ੍ਹਾਂ ਵੇਖਿਆ ਸੀ ਉਸ ਬਾਰੇ ਕੁਝ ਦੱਸਿਆ ਜਿਸ ਕਰਕੇ ਬੱਚਿਆਂ ਨੂੰ ਆਪ ਇਸ ਅਨੋਖੇ ਦ੍ਰਿਸ਼ ਦੇ ਅਰਥ ਲੱਭਣੇ ਪਏ।

ਕੁੜੀ ਨੇ, ਆਪਣੇ ਪਿਤਾ ਤੇ ਮਾਤਾ ਦੇ ਮੁਖਾਂਤਰਾਂ ਦਾ ਧਿਆਨ ਕਰਕੇ ਇਸ ਪ੍ਰਸ਼ਨ ਦੇ ਉੱਤਰ ਵਿਚ ਇਹ ਸਮਝ ਲਿਆ ਕਿ ਇਹ ਲੋਕ ਉਸ ਦੇ ਮਾਤਾ ਪਿਤਾ ਤੇ ਜਾਣ-ਪਛਾਣ ਵਾਲਿਆਂ ਤੋਂ ਕਿਸੇ ਬਿਲਕੁਲ ਵਖਰੀ ਕਿਸਮ ਦੇ ਬੰਦੇ ਸਨ, ਤੇ ਉਹ ਬੁਰੇ ਲੋਕ ਸਨ ਜਿਨ੍ਹਾਂ ਨਾਲ ਅਜੇਹਾ ਵਰਤਾਰਾ ਹੀ ਯੋਗ ਸੀ। ਇਸ ਲਈ ਲੜਕੀ ਨੂੰ ਉਨ੍ਹਾਂ ਤੋਂ ਡਰ ਹੀ ਲੱਗਾ ਸੀ, ਤੇ ਜਦੋਂ ਉਹ ਦਿੱਸਣੋਂ ਹਟ ਗਏ ਤਾਂ ਉਸ ਨੂੰ ਖੁਸ਼ੀ ਹੋਈ।

ਪਰ ਲੰਮੀ, ਪਤਲੀ ਗਰਦਨ ਵਾਲੇ ਮੁੰਡੇ ਨੇ ਜੋ ਕੈਦੀਆਂ ਦੇ ਲਾਰੇ ਵੱਲ ਵੇਖਣ ਤੋਂ ਆਪਣੀਆਂ ਅੱਖਾਂ ਹਟਾ ਨਹੀਂ ਸਕਿਆ ਸੀ, ਇਸ ਸਵਾਲ ਦਾ ਇਕ ਵਖਰਾ ਹੱਲ ਬਣਾਇਆ। ਕਿਉਂਕਿ ਉਸ ਨੂੰ ਕਿਸੇ ਸ਼ੱਕ ਸੰਦੇਹ ਤੋਂ ਬਿਨਾਂ, ਸਿੱਧਾ ਈਸ਼ਵਰ ਵੱਲੋਂ, ਪਤਾ ਸੀ ਕਿ ਇਹ ਲੋਕ ਉਸ ਤਰ੍ਹਾਂ ਦੇ ਲੋਕ ਹੀ ਸਨ ਜਿਸ ਤਰ੍ਹਾਂ ਦਾ ਉਹ ਆਪ ਸੀ, ਤੇ ਹੋਰ ਸਾਰੇ ਲੋਕਾਂ ਵਰਗੇ, ਤੇ ਇਸ ਲਈ, ਕਿਸੇ ਨੇ ਜ਼ਰੂਰ ਇਨ੍ਹਾਂ ਨਾਲ ਧੱਕਾ ਕੀਤਾ ਸੀ, ਉਹ ਕੁਝ ਜੋ ਨਹੀਂ ਕਰਨਾ ਚਾਹੀਦਾ ਸੀ। ਤੇ ਇਸ ਲਈ ਉਸ ਨੂੰ ਉਨ੍ਹਾਂ ਬਾਰੇ ਅਫ਼ਸੋਸ ਹੋ ਰਿਹਾ ਸੀ, ਤੇ ਉਨ੍ਹਾਂ ਤੋਂ ਜੋ ਮੁੰਨੇ ਸਿਰ ਜ਼ੰਜੀਰਾਂ ਵਿਚ ਜਕੜੇ ਹੋਏ ਸਨ ਤੇ ਉਨ੍ਹਾਂ ਤੋਂ ਜਿਨ੍ਹਾਂ ਨੇ ਉਨ੍ਹਾਂ ਨੂੰ ਮੁੰਨਿਆ ਤੇ ਜੰਜੀਰਾਂ ਵਿਚ ਬੰਨ੍ਹਿਆ ਸੀ, ਤੇ ਉਹ ਸਹਮਿਆ ਬੈਠਾ ਸੀ। ਇਸ ਲਈ ਉਸ ਦੇ ਬੁਲ੍ਹ ਢਿਲਕੇ ਜਾ ਰਹੇ ਸਨ ਤੇ ਉਸ ਨੂੰ ਆਪਣਾ ਰੋਣ ਰੋਕਣ ਲਈ ਵੱਧ ਤੋਂ ਵਧ ਜ਼ੋਰ ਲਗਾਣਾ ਪੈ ਰਿਹਾ ਸੀ, ਕਿਉਂਕਿ ਅਜੇਹੀ ਗੱਲ ਉੱਤੇ ਰੋਣ ਤੋਂ ਉਸ ਨੂੰ ਸ਼ਰਮ ਆ ਰਹੀ ਸੀ।

-0-

36

ਨਖ਼ਲਿਊਦੌਫ਼ ਕੈਦੀਆਂ ਦੇ ਤੇਜ਼ ਕਦਮਾਂ ਨਾਲ ਕਦਮ ਮਿਲਾਈ ਜਾ ਰਿਹਾ ਸੀ। ਭਾਵੇਂ ਉਸ ਦੀ ਪੁਸ਼ਾਕ ਹਲਕੀ ਸੀ ਉਹ ਲੋਹੜੇ ਦੀ ਗਰਮੀ ਮਹਿਸੂਸ ਕਰ ਰਿਹਾ ਸੀ, ਤੇ ਉਸ ਨੂੰ ਧੂੜ ਨਾਲ ਭਰੀ ਸਾਹ-ਘੁਟਵੀਂ ਅਹਿਲ, ਝੁਲਸਵੀਂ ਹਵਾ ਵਿਚ ਸਾਹ ਲੈਣਾ ਔਖਾ ਹੋ ਰਿਹਾ ਸੀ।

ਚਾਰ ਕੁ ਮੀਲ ਚਲ ਕੇ ਉਹ ਫਿਰ ਬੱਘੀ ਵਿਚ ਬੈਠ ਗਿਆ ਪਰ ਸੜਕ ਦੇ ਮੱਧ ਵਿਚ ਗਰਮੀ ਹੋਰ ਵੀ ਵਧੇਰੇ ਲਗਦੀ ਸੀ। ਉਸ ਨੇ ਭਣੋਈਏ ਨਾਲ ਹੋਈ ਪਿਛਲੀ ਰਾਤ ਦੀ ਗੱਲਬਾਤ ਨੂੰ ਮਨ ਵਿਚ ਦੁਹਰਾਇਆ, ਪਰ ਇਹ ਦੁਹਰਾਣ ਹੁਣ ਉਸ ਨੂੰ ਉਤਨੀ ਭੜਕਵੀਂ ਨਹੀਂ ਲਗਦੀ ਸੀ ਜਿਤਨੀ ਸਵੇਰ ਵੇਲੇ ਲੱਗੀ ਸੀ। ਇਸ ਨੂੰ ਉਨ੍ਹਾ ਪ੍ਰਭਾਵਾਂ ਨੇ ਮੇਟ ਦਿੱਤਾ ਸੀ ਜੋ ਜੱਥੇ ਦੀ ਰਵਾਨਗੀ ਤੇ ਰਫ਼ਤਾਰ, ਤੇ ਖਾਸ ਕਰਕੇ ਅਸਹਿ ਗਰਮੀ ਨੇ ਉਤਪੰਨ ਕੀਤੇ ਸਨ।

ਪੱਕੀ ਸੜਕ ਉੱਤੇ, ਇਕ ਜੰਗਲ ਉੱਤੋਂ ਝੁਕੇ ਹੋਏ ਰੁੱਖਾਂ ਦੀ ਛਾਵੇਂ ਉਸ ਨੂੰ ਦੋ ਮੁੰਡੇ ਦਿੱਸੇ ਜੋ ਗੋਡੇ ਟੇਕੀ ਬੈਠੇ ਇਕ ਬਰਫ-ਮਲਾਈ ਵੇਚਣ ਵਾਲੇ ਉਦਾਲੇ ਖੜੇ ਸਨ। ਇਕ ਮੁੰਡਾ ਇਕ ਕੁਲਫੀ ਮੂੰਹ ਵਿਚ ਪਾ ਕੇ ਚੂਸਦਾ ਬਰਫ-ਮਲਾਈ ਦਾ ਸੁਆਦ ਲੈ ਰਿਹਾ ਸੀ, ਤੇ ਦੂਜਾ ਇਕ ਗਲਾਸ ਨੂੰ ਉਡੀਕਦਾ ਸੀ ਜਿਸ ਵਿਚ ਕੁਝ ਪੀਲਾ ਜੇਹਾ ਪਾਇਆ ਜਾ ਰਿਹਾ ਸੀ।

"ਇਥੋਂ ਪੀਣ ਨੂੰ ਮੈਨੂੰ ਕੁਝ ਕਿਥੋਂ ਮਿਲੇਗਾ?" ਨਖ਼ਲਿਊਦੋਫ਼ ਨੇ ਆਪਣੇ ਬੱਘੀ ਵਾਲੇ ਨੂੰ ਪੁੱਛਿਆ। ਉਸ ਨੂੰ ਕੁਝ ਖਾਣ ਪੀਣ ਦੀ ਪ੍ਰਬਲ ਇੱਛਾ ਹੋ ਰਹੀ ਸੀ।

"ਨੇੜੇ ਹੀ ਇਕ ਸੁੱਹਣੀ ਥਾਂ ਹੈ," ਬੱਘੀ ਵਾਲੇ ਨੇ ਦਿੱਤਾ ਜਵਾਬ ਦਿਤਾ, ਤੇ ਇਕ ਨੁੱਕਰ ਕੱਟਕੇ ਬੱਘੀ ਇਕ ਵੱਡੇ ਸਾਈਨ-ਬੋਰਡ ਵਾਲੇ ਦਰਵਾਜ਼ੇ ਉੱਤੇ ਖੜੀ ਕੀਤੀ। ਮੋਟਾ ਦੁਕਾਨਦਾਰ, ਜੋ ਰੂਸੀ ਕਮੀਜ਼ ਪਾਈ ਕਾਊਂਟਰ ਦੇ ਪਿੱਛੇ ਖੜਾ ਸੀ ਤੇ ਬੈਰੇ ਜਿਹੜੇ ਕਿਸੇ ਸਮੇਂ ਦੀ ਚਿੱਟੀ ਪੁਸ਼ਾਕ ਵਿਚ ਮੇਜ਼ਾਂ ਉਦਾਲੇ ਬੈਠੇ ਸਨ (ਹਾਲੀ ਗਾਹਕ ਕੋਈ ਟਾਵਾਂ ਹੀ ਸੀ), ਇਸ ਅਸਾਧਾਰਣ ਆਉਣ ਵਾਲੇ ਵੱਲ ਉਤਸੁਕਤਾ ਨਾਲ ਵੇਖ ਕੇ ਉਸ ਦੀ ਸੇਵਾ ਲਈ

ਉਠ ਕੇ ਖੜੇ ਹੋ ਗਏ। ਨਖ਼ਲਿਊਦੋਫ਼ ਨੇ ਸੋਡੇ ਪਾਣੀ ਦੀ ਇਕ ਬੋਤਲ ਮੰਗੀ ਤੇ ਬਾਰੀ ਤੋਂ ਕੁਝ ਹਟਵੇਂ ਇਕ ਮੇਜ਼ ਕੋਲ ਬੈਠ ਗਿਆ ਜਿਸ ਦਾ ਉਤਲਾ ਕਪੜਾ ਬਹੁਤ ਮੈਲਾ ਹੋਇਆ ਹੋਇਆ ਸੀ। ਇਕ ਹੋਰ ਮੇਜ਼ ਉਦਾਲੇ ਦੋ ਆਦਮੀ ਚਾਹ ਦੇ ਬਰਤਨ ਤੇ ਚਿੱਟੀ ਬੋਤਲ ਸਾਮ੍ਹਣੇ ਰਖੀ ਬੈਠੇ, ਆਪਣੇ ਮੱਥੇ ਪੂੰਝ ਰਹੇ ਤੇ ਮਿਤਰਾਨਾ ਢੰਗ ਨਾਲ ਕੁਝ ਹਿਸਾਬ-ਕਿਤਾਬ ਕਰ ਰਹੇ ਸਨ। ਉਨ੍ਹਾਂ ਵਿਚੋਂ ਇਕ ਸਾਂਵਲਾ ਤੇ ਗੰਜਾ ਸੀ, ਉਸ ਦੇ ਸਿਰ ਦੇ ਪਿੱਛੇ ਰਾਗੋਯਿਨਸਕੀ ਵਾਕਰ ਇਕ ਵਾਲਾਂ ਦੀ ਕੰਨੀ ਜੇਹੀ ਹੀ ਸੀ। ਇਸ ਦ੍ਰਿਸ਼ ਨੇ ਫਿਰ ਨਖ਼ਲਿਊਦੋਂਫ਼ ਨੂੰ ਭਣੋਈਏ ਨਾਲ ਹੋਈ ਕਲ ਦੀ ਗੱਲ-ਬਾਤ ਤੇ ਉਸ ਦੀ ਉਸ ਨੂੰ ਤੇ ਨਤਾਲੀ ਨੂੰ ਮਿਲਨ ਦੀ ਇੱਛਾ ਤਾਜ਼ੀ ਕਰ ਦਿੱਤੀ।

"ਗੱਡੀ ਦੇ ਚਲਣ ਤਕ ਉਨ੍ਹਾਂ ਨੂੰ ਮਿਲਣਾ ਔਖਾ ਹੀ ਹੈ," ਉਸ ਨੇ ਸੋਚਿਆ। "ਮੈਂ ਉਨ੍ਹਾਂ ਨੂੰ ਲਿੱਖ ਹੀ ਭੇਜਾਂ।" ਉਸ ਨੇ ਕਾਗ਼ਜ਼ ਲਫ਼ਾਫ਼ਾ ਤੇ ਟਿਕਟ ਮੰਗੇ, ਤੇ ਠੰਡਾ ਝੱਗ ਛਡਦੇ ਪਾਣੀ ਦੀਆਂ ਘੁੱਟਾਂ ਭਰਦਾ ਉਹ ਸੋਚਣ ਲੱਗਾ ਕਿ ਕੀ ਲਿਖੇ। ਪਰ ਉਸ ਦੇ ਖ਼ਿਆਲ ਟਿਕਦੇ ਨਹੀਂ ਸਨ ਤੇ ਉਹ ਚਿੱਠੀ ਨਾ ਲਿਖ ਸਕਿਆ।

"ਮੇਰੀ ਪਿਆਰੀ ਨਤਾਲੀ......... ਮੈਂ ਆਪਣੇ ਮਨ ਉੱਤੇ ਉਹ ਭਾਰ ਰੱਖ ਕੇ ਜਾ ਨਹੀਂ ਸਕਦਾ ਜੋ ਤੇਰੇ ਪਤੀ ਨਾਲ ਕਲ੍ਹ ਦੀ ਗੱਲ-ਬਾਤ ਦਾ ਮੇਰੇ ਉੱਤੇ ਪਿਆ ਹੋਇਆ ਹੈ," ਉਸ ਨੇ ਸ਼ੁਰੂ ਕੀਤਾ ...."ਅੱਗੋਂ ਕੀ ਲਿਖਾਂ ? ਉਸ ਤੋਂ ਜੋ ਕੁਝ ਕੱਲ ਮੈਥੋਂ ਆਖਿਆ ਗਿਆ ਉਸ ਦੀ ਮਾਫ਼ੀ ਮੰਗਾਂ? ਪਰ ਮੈਂ ਤਾਂ ਉਹ ਹੀ ਕਿਹਾ ਸੀ ਜੋ ਮੈਂ ਮਹਿਸੂਸ ਕਰ ਰਿਹਾ ਸਾਂ। ਉਹ ਸਮਝੇਗਾ ਮੈਂ ਉਸ ਨੂੰ ਵਾਪਸ ਲੈ ਰਿਹਾ ਹਾਂ। ਨਾਲੇ, ਮੇਰੇ ਨਿੱਜੀ ਮਾਮਲਿਆਂ ਵਿਚ ਉਸ ਦਾ ਦਖਲ ਦੇਣਾ....... ਨਹੀਂ, ਮੈਂ ਨਹੀਂ ਕਰ ਸਕਦਾ " ਤੇ ਫਿਰ ਉਸ ਨੇ ਆਪਣੇ ਮਨ ਵਿਚ ਉਸ ਪੁਰਸ਼ ਵੱਲ ਜੋ ਉਸ ਲਈ ਇਤਨਾ ਬਿਗਾਨਾ ਸੀ, ਘ੍ਰਿਣਾ ਉਠਦੀ ਅਨੁਭਵ ਕੀਤੀ। ਉਸ ਨੇ ਅਣਮੁਕੀ ਚਿੱਠੀ ਬੰਦ ਕੀਤੀ ਤੇ ਜੇਬ ਵਿਚ ਪਾ ਲਈ, ਪੈਸੇ ਦਿੱਤੇ, ਬਾਹਰ ਚਲਾ ਗਿਆ, ਤੇ ਮੁੜ ਬੱਘੀ ਵਿਚ ਜੱਥੇ ਨਾਲ ਜਾ ਰਲਣ ਲਈ ਬੈਠ ਗਿਆ।

ਗਰਮੀ ਹੋਰ ਵੀ ਵਧੇਰੇ ਹੋ ਗਈ ਸੀ। ਪੱਥਰਾਂ ਤੇ ਕੰਧਾਂ ਵਿਚੋਂ ਗਰਮੀ ਦੀਆਂ ਹਵਾੜਾ ਨਿਕਲਦੀਆਂ ਪ੍ਰਤੀਤ ਹੁੰਦੀਆਂ ਸਨ, ਸੜਕ ਪੈਰਾਂ ਨੂੰ ਲੂੰਹਦੀ ਸੀ, ਤੇ

ਨਖਲਿਊਦੋਫ਼ ਨੇ ਜਦੋਂ ਬੱਘੀ ਦੇ ਲਾਖ ਵਾਲੇ ਮਡਗਾਰਡ ਨੂੰ ਹੱਥ ਲਾਇਆ ਤਾਂ ਇਸ ਵਿਚ ਇਕ ਜਲਣ ਜੇਹੀ ਮਹਿਸੂਸ ਕੀਤੀ।

ਘੋੜਾ ਥੱਕੇ ਹੋਏ ਕਦਮਾਂ ਨਾਲ ਦੁੜਕੀ ਦੁੜਕੀ ਜਾ ਰਿਹਾ ਸੀ, ਤੇ ਇਸ ਦੇ ਸੁਮ ਅਣ-ਪੱਧਰੀ, ਮਿੱਟੀ ਵਾਲੀ ਸੜਕ ਉੱਤੇ ਇਕਸਾਰ ਟਕਰਾ ਰਹੇ ਸਨ, ਬੱਘੀ ਵਾਲਾ ਊਂਘ ਨਾਲ ਡਿੱਗਦਾ ਜਾਂਦਾ ਸੀ। ਨਖ਼ਲਿਊਦੌਫ਼ ਕੁਝ ਸੋਚਣ ਤੋਂ ਬਿਨਾਂ ਬੇਖ਼ਿਆਲ ਜੇਹਾ ਅੱਗੇ ਵੇਖ ਰਿਹਾ ਸੀ।

ਇਕ ਵੱਡੇ ਘਰ ਦੇ ਫਾਟਕ ਦੇ ਅੱਗੇ, ਜਿਥੇ ਸੜਕ ਨਾਲੀ ਵੱਲ ਢਲਦੀ ਸੀ, ਲੋਕਾਂ ਦਾ ਇਕੱਠ ਸੀ ਤੇ ਕਾਫਲੇ ਦਾ ਇਕ ਸਿਪਾਹੀ ਵੀ ਕੋਲ ਖੜਾ ਸੀ। ਨਖ਼ਲਿਊਦੌਫ਼ ਨੇ ਬੱਘੀ ਨੂੰ ਖੜਵਾ ਲਿਆ। "ਕੀ ਹੋਇਆ ?" ਉਸ ਨੇ ਦਰਬਾਨ ਨੂੰ ਪੁੱਛਿਆ।

"ਕਿਸੇ ਕੈਦੀ ਨੂੰ ਕੁਝ ਹੋ ਗਿਆ ਹੈ।"

ਨਖ਼ਲਿਊਦੋਫ਼ ਬੱਘੀ ਤੋਂ ਉੱਤਰ ਕੇ ਉਸ ਇਕੱਠ ਕੋਲ ਆ ਗਿਆ। ਨਾਲੀ ਦੇ ਖਰਵੇਂ ਪੱਥਰਾਂ ਉੱਤੇ ਇਕ ਚੌੜੇ ਮੌਰਾਂ ਵਾਲਾ, ਵਡੇਰੀ ਉੱਮਰ ਦਾ ਕੈਦੀ, ਲਾਲ ਦਾੜ੍ਹੀ ਦੇ ਚਪਟੇ ਨੱਕ ਵਾਲਾ, ਪਿਆ ਸੀ, ਮੂੰਹ ਉਸ ਦਾ ਲਾਲ-ਸੂਹਾ ਸੀ। ਉਸ ਉੱਤੇ ਇਕ ਖਾਕੀ ਕੋਟ ਤੇ ਖਾਕੀ ਪਤਲੂਨ ਸੀ, ਉਹ ਆਪਣੇ ਥਿਮਾਂ ਵਾਲੇ ਹੱਥਾਂ ਦੀਆਂ ਹਥੇਲੀਆਂ ਹੇਠਾਂ ਵੱਲ ਕਰੀ ਪਿੱਠ ਭਾਰ ਪਿਆ ਸੀ। ਉਸ ਦੀਆਂ ਲਾਲ ਰੱਤੀਆਂ ਅੱਖਾਂ ਆਕਾਸ਼ ਉੱਤੇ ਲੱਗੀਆਂ ਹੋਈਆਂ ਸਨ। ਬੜੇ ਬੜੇ ਚਿਰ ਪਿੱਛੋਂ ਉਸ ਦੀ ਚੌੜੀ, ਉੱਚੀ ਛਾਤੀ ਸਾਹ ਨਾਲ ਹਿਲਦੀ ਤੇ ਇਸ ਵਿਚੋਂ ਇਕ ਕਰਾਹਟ ਨਿਕਲਦੀ ਉਸ ਦੇ ਪਾਸ ਇਕ ਖਿਝਿਆ ਜੇਹਾ ਝਾਕਦਾ ਪੁਲਿਸ ਦਾ ਸਿਪਾਹੀ, ਇਕ ਡੱਗੀ ਵਾਲਾ ਡਾਕੀਆ, ਇਕ ਕਲਰਕ, ਇਕ ਛੱਤਰੀ ਵਾਲੀ ਬੁੱਢੀ, ਤੇ ਇਕ ਛੋਟੇ ਛੋਟੇ ਵਾਲਾ ਵਾਲਾ ਮੁੰਡਾ, ਇਕ ਖ਼ਾਲੀ ਟੋਕਰੀ ਚੁੱਕੀ ਹੋਈ, ਖੜੇ ਸਨ।

"ਇਹ ਨਿਰਬਲ ਹਨ। ਕੈਦ ਵਿਚ ਬੰਦ ਬੈਠੇ ਇਹ ਮਾੜੇ ਹੋ ਜਾਂਦੇ ਹਨ, ਤੇ ਉਤੋਂ ਇਨ੍ਹਾਂ ਨੂੰ ਇਸ ਤਰ੍ਹਾਂ ਦੀ ਸਾੜਵੀਂ ਧੁੱਪ ਵਿਚ ਬਾਹਰ ਲੈ ਆਉਂਦੇ ਹਨ।" ਕਲਰਕ ਨਖ਼ਲਿਊਦੋਫ਼ ਨੂੰ ਸੰਬੋਧਨ ਕਰਕੇ, ਜੋ ਹੁਣੇ ਆਇਆ ਸੀ, ਕਹਿਣ ਲੱਗਾ।

"ਵੀਹ ਵਿਸਵੇ ਇਹ ਮਰ ਜਾਏਂਗਾ।" ਛੱਤਰੀ ਵਾਲੀ ਬੁੱਢੀ ਨੇ ਇਕ ਸੋਗਵਾਰ ਬੋਲ ਵਿਚ ਆਖਿਆ।

"ਇਸ ਦਾ ਕਾਲਰ ਖੋਲ੍ਹ ਦਿਓ।" ਡਾਕੀਆ ਬੋਲਿਆ।

ਪੁਲਿਸ ਵਾਲਾ ਆਪਣੀਆਂ ਮੋਟੀਆਂ, ਕੰਬਦੀਆਂ ਉਂਗਲਾਂ ਨਾਲ ਭੱਦੇ ਢੰਗ ਨਾਲ ਫੀਤਾ ਖੋਲਣ ਲੱਗਾ ਜਿਸ ਨੇ ਕਮੀਜ਼ ਨੂੰ ਲਾਲ ਮੋਟੀ ਗਰਦਨ ਉਦਾਲੇ ਬੰਨ੍ਹਿਆ ਹੋਇਆ ਸੀ। ਉਹ ਪ੍ਰਤੱਖ ਘਬਰਾਇਆ ਹੋਇਆ ਤੇ ਪਰੇਸ਼ਾਨ ਦਿੱਸਦਾ ਸੀ। ਪਰ ਫਿਰ ਵੀ ਉਸ ਨੇ ਭੀੜ ਨੂੰ ਕੁਝ ਆਖਣਾ ਜ਼ਰੂਰੀ ਸਮਝਿਆ।

"ਤੁਸੀਂ ਇਥੇ ਭੀੜ ਕਿਉਂ ਕੀਤੀ ਹੈ ? ਅੱਗੇ ਹੀ ਬਥੇਰੀ ਗਰਮੀ ਹੈ ਤੇ ਉੱਤੋਂ ਤੁਸੀਂ ਹਵਾ ਰੋਕੀ ਖੜੇ ਹੋ।”

"ਇਨ੍ਹਾਂ ਨੂੰ ਡਾਕਟਰ ਨੂੰ ਵਿਖਾਕੇ ਮਾੜਿਆ ਦੁਬਲਿਆਂ ਨੂੰ ਪਿੱਛੇ ਰਹਿਣ ਦੇਣਾ ਚਾਹੀਦਾ ਸੀ। ਇਸ ਨੂੰ ਜਿਉਂਦੇ ਨਾਲੋਂ ਵਧੇਰੇ ਮੁਰਦਾ ਹਾਲਤ ਵਿਚ ਬਾਹਰ ਲਿਆਂਦਾ ਗਿਆ ਹੈ।" ਕਲਰਕ ਨੇ, ਆਪਣੀ ਕਾਨੂੰਨ ਦੀ ਵਾਕਫੀ ਦਾ ਵਿਖਾਵਾ ਕਰਦੇ ਆਖਿਆ!

ਪੁਲਸੀਏ ਨੇ ਕਮੀਜ਼ ਦੇ ਫੀਤੇ ਢਿੱਲੇ ਕਰ ਦਿੱਤੇ ਸਨ। ਉਹ ਉੱਠ ਕੇ ਉਦਾਲੇ ਵੇਖਣ ਲੱਗਾ।

"ਚਲੋ, ਚਲੋ, ਮੈਂ ਆਖਦਾ ਹਾਂ। ਇੱਥੇ ਤੁਹਾਡਾ ਕੋਈ ਕੰਮ ਨਹੀਂ, ਕਿ ਹੈ ? ਇਥੇ ਕੀ ਹੈ ਅੱਖਾਂ ਕੱਢ ਕੇ ਵੇਖਣ ਨੂੰ?" ਉਹ ਬੋਲਿਆ, ਤੇ ਨਖ਼ਲਿਊਦੋਫ਼ ਵੱਲ ਜਾਣੋ ਹਮਦਰਦੀ ਲਈ ਵੇਖਣ ਲੱਗਾਂ ਪਰ ਜਦੋਂ ਉਸ ਨੂੰ ਕੋਈ ਹਮਦਰਦੀ ਨਾ ਦਿੱਸੀ, ਤਾਂ ਉਹ ਕਾਫ਼ਲੇ ਦੇ ਸਿਪਾਹੀ ਵੱਲ ਵੇਖਣ ਲੱਗਾ।

ਪਰ ਸਿਪਾਹੀ ਇਕ ਪਾਸੇ ਖੜਾ ਆਪਣੇ ਬੂਟ ਦੀ ਫਿੱਡੀ ਹੋਈ ਅੱਡੀ ਨੂੰ ਜਾਂਚ ਰਿਹਾ ਸੀ, ਉਸ ਨੇ ਪੁਲਸੀਏ ਦੀ ਘਬਰਾਹਟ ਦੀ ਕੋਈ ਪਰਵਾਹ ਨਹੀਂ ਸੀ।

"ਜਿਨ੍ਹਾਂ ਦਾ ਕੰਮ ਹੈ ਉਨ੍ਹਾਂ ਨੂੰ ਕੋਈ ਪਰਵਾਹ ਨਹੀਂ... ਇਹ ਠੀਕ ਹੈ ਇਸ ਤਰ੍ਹਾਂ ਬੰਦਿਆਂ ਨੂੰ ਮੌਤ ਦੇ ਘਾਟ ਉਤਾਰਨਾ ? ਦੋਸ਼ੀ ਦੋਸ਼ੀ ਸਹੀ, ਪਰ ਫਿਰ ਵੀ ਉਹ ਆਦਮੀ ਹੈ।" ਭੀੜ ਵਿਚੋਂ ਆਵਾਜ਼ਾਂ ਸੁਣਾਈ ਦਿੱਤੀਆਂ।

"ਇਸ ਦਾ ਸਿਰ ਉੱਚਾ ਕਰੋ ਤੇ ਇਸ ਨੂੰ ਪਾਣੀ ਪਿਲਾਓ" ਨਖ਼ਲਿਊਦੋਫ਼ ਨੇ ਕਿਹਾ।

"ਪਾਣੀ ਆ ਰਿਹਾ ਹੈ," ਪੁਲਸੀਆ ਬੋਲਿਆ, ਤੇ ਕੈਦੀ ਨੂੰ ਬਾਹਾਂ ਵਿਚ ਲੈ ਕੇ ਉਸ ਨੇ ਮੁਸ਼ਕਲ ਨਾਲ ਉਸ ਦੇ ਸਿਰ ਨੂੰ ਕੁਝ ਉਤਾਂਹ ਕੀਤਾ।

"ਹੁਣ ਫਿਰ ਇਹ ਭੀੜ ਇਥੇ ਕਾਹਦੇ ਲਈ ਹੈ?" ਇਕ ਦ੍ਰਿੜ੍ਹ ਹਾਕਮਾਨਾ ਆਵਾਜ਼ ਆਈ ਤੇ ਇਕ ਪੁਲਿਸ ਅਫਸਰ, ਇਕ ਹੈਰਾਨ ਕਰ ਦੇਣ ਵਾਲੀ ਸਾਫ਼ ਤੇ

ਲਿਸ਼ਕਦੀ ਵਰਦੀ ਤੇ ਹੋਰ ਵੀ ਲਿਸ਼ਕਦੇ ਉੱਚੇ ਬੂਟ ਪਾਈ ਇਕੱਠੇ ਹੋਏ ਲੋਕਾਂ ਕੋਲ ਨੂੰ ਆਇਆ।

"ਚਲੋ, ਹਿਲੋ। ਇਥੇ ਕੋਈ ਨਾ ਖੜਾ ਹੋਵੇ" ਉਸ ਨੇ ਭੀੜ ਨੂੰ ਲਲਕਾਰਿਆ, ਇਹ ਜਣਨਾ ਤੋਂ ਪਹਿਲਾਂ ਕਿ ਉਹ ਇਥੇ ਕਿਉਂ ਇਕੱਠੀ ਹੋਈ ਸੀ।

ਜਦੋਂ ਨੇੜੇ ਆ ਕੇ ਉਸ ਨੇ ਮਰ ਰਹੇ ਕੈਦੀਆਂ ਨੂੰ ਵੇਖਿਆ ਤਾਂ ਉਸ ਨੇ ਜਾਣੇ ਸਵੀਕ੍ਰਿਤੀ ਵਿਚ ਸਿਰ ਹਿਲਾਇਆ, ਜਿਵੇਂ, ਉਸ ਨੂੰ ਇਸ ਦੀ ਤਵੱਕੋ ਹੀ ਸੀ ਤੇ ਪੁਲਸੀਏ ਵੱਲ ਮੁੜ ਕੇ ਬੋਲਿਆ।

"ਕਿਉਂ, ਕੀ ਗੱਲ ਹੋਈ ?"

ਪੁਲਸੀਏ ਨੇ ਦੱਸਿਆ ਕਿ ਕੈਦੀਆਂ ਦਾ ਕਾਫ਼ਲਾ ਲੰਘ ਰਿਹਾ ਸੀ ਤੇ ਇਕ ਕੈਦੀ ਡਿੱਗ ਪਿਆ ਸੀ, ਤੇ ਕਾਫ਼ਲੇ ਦੇ ਅਫ਼ਸਰ ਨੇ ਉਸ ਨੂੰ ਪਿੱਛ ਛੱਡ ਦੇਣ ਦਾ ਹੁਕਮ ਕੀਤਾ ਸੀ।

"ਅੱਛਾ, ਠੀਕ ਹੈ, ਇਸ ਨੂੰ ਥਾਣੇ ਲੈ ਚਲੋ। ਇਕ ਬੱਘੀ ਬੁਲਾਓ।"

"ਇਕ ਪਾਂਡੀ ਬੁਲਾਣ ਭੇਜਿਆ ਹੈ।" ਪੁਲਸੀਏ ਨੇ ਟੋਪੀ ਨੂੰ ਉਂਗਲਾਂ ਨਾਲ ਛੂਹਕੇ ਆਖਿਆ।

ਦੁਕਾਨਦਾਰ ਕੁਝ ਗਰਮੀ ਬਾਰੇ ਕਹਿਣ ਲੱਗਾ।

"ਇਹ ਤੁਹਾਡਾ ਕੰਮ ਹੈ, ਏ ? ਚਲੋ ਚਲੋ," ਪੁਲਿਸ ਅਫ਼ਸਰ ਨੇ ਆਖਿਆ ਤੇ ਇਸ ਤਰ੍ਹਾਂ ਕੌੜੀ ਅੱਖ ਨਾਲ ਉਸ ਵੱਲ ਵੇਖਿਆ ਕਿ ਕਲਰਕ ਚੁੱਪ ਹੋ ਗਿਆ।

"ਇਸ ਨੂੰ ਥੋੜਾ ਪਾਣੀ ਦਿਓ," ਨਖ਼ਲਿਊਦੌਫ਼ ਬੋਲਿਆ। ਪੁਲਿਸ ਅਫ਼ਸਰ ਨੇ ਨਖ਼ਲਿਊਦੌਫ਼ ਵੱਲ ਵੀ ਕੌੜੀ ਅੱਖ ਨਾਲ ਵੇਖਿਆ, ਪਰ ਕਿਹਾ ਕੁਝ ਨਾ। ਜਦੋਂ ਦਰਬਾਨ ਪਾਣੀ ਦਾ ਗੜਵਾ ਲੈ ਆਇਆ, ਪੁਲਿਸ ਅਫ਼ਸਰ ਨੇ ਸਿਪਾਹੀ ਨੂੰ ਕੈਦੀ ਦੇ ਮੂੰਹ ਵਿਚ ਪਾਣੀ ਪਾਣ ਲਈ ਆਖਿਆ। ਪੁਲਸੀਏ ਨੇ ਕੈਦੀ ਦਾ ਢਿਲਕਿਆ ਹੋਇਆ ਸਿਰ ਚੁੱਕਿਆ ਤੇ ਉਸ ਦੇ ਮੂੰਹ ਵਿਚ ਪਾਣੀ ਪਾਣ ਦੀ ਕੋਸ਼ਿਸ਼ ਕੀਤੀ ਪਰ ਪਾਣੀ ਕੈਦੀ ਦੇ ਗੱਲ ਵਿਚ ਨਾ ਲੰਘਿਆ, ਉਸ ਦੀ ਦਾੜ੍ਹੀ ਵਿਚ ਨੂੰ ਵੱਗ ਤੁਰਿਆ ਜਿਸ ਨਾਲ ਕੈਦੀ ਦੀ ਜਾਕਟ ਤੇ ਉਸ ਦੀ ਮੰਟੀ, ਮੈਲੀ ਲਿਨਨ ਦੀ ਕਮੀਜ਼ ਗਿੱਲੀ ਹੋ ਗਈ।

"ਇਸ ਦੇ ਸਿਰ ਵਿਚ ਪਾਣੀ ਪਾਓ," ਅਫ਼ਸਰ ਨੇ ਹੁਕਮ ਦਿੱਤਾ, ਤੇ ਪੁਲਸੀਏ ਨੇ ਕੈਦੀ ਦੀ ਰੋਟੀ ਦੀ ਸ਼ਕਲ ਵਾਲੀ ਟੋਪੀ ਲਾਹ ਕੇ ਉਸ ਦੀਆਂ ਲਾਲ ਲਿਟਾਂ ਤੇ ਸਿਰ ਦੇ ਗੰਜ ਉੱਤੇ ਪਾਣੀ ਵਗਾਇਆ, ਪਰ ਇਸ ਦੀ ਦਸ਼ਾ ਉਹੋ ਹੀ ਰਹੀ।

ਉਸ ਦੇ ਮਿੱਟੀ ਨਾਲ ਭਰੇ ਚਿਹਰੇ ਉਤੇ ਮੈਲ ਦੀਆਂ ਧਾਰਾਂ ਵੱਗਣ ਲੱਗੀਆਂ, ਪਰ ਉਸ ਦਾ ਮੂੰਹ ਉਸੇ ਤਰ੍ਹਾਂ ਸਾਹ ਲਈ ਹਿਚਕੀਆਂ ਲੈਂਦਾ ਤੇ ਉਸ ਦਾ ਸਾਰਾ ਸਰੀਰ ਕੰਬਦਾ ਸੀ।

"ਵੇਖੋ, ਇਹ ਬੱਘੀ ਲੈ ਲਵੋ," ਪੁਲਿਸ ਅਫ਼ਸਰ ਨੇ ਨਖਲਿਊਦੌਫ਼ ਦੀ ਬੱਘੀ ਵੱਲ ਇਸ਼ਾਰਾ ਕਰਕੇ ਆਖਿਆ, "ਓਏ, ਲੈ ਆ ਬੱਘੀ ਨੂੰ ਉਰਾਂ।"

"ਮੈਂ ਲੰਗਾ ਹੋਇਆ ਹਾਂ," ਬੱਘੀ ਵਾਲੇ ਸੋਗਵਾਰ ਜੇਹੇ ਹੋ ਕੇ ਆਖਿਆ ਤੇ ਸਿਰ ਉੱਪਰ ਨਾ ਚੁੱਕਿਆ।

ਪਰ ਇਸ ਨੂੰ ਲੈ ਜਾਓ, ਮੈਂ ਤੈਨੂੰ ਪੈਸੇ ਦੇਵਾਂਗਾ," ਨਖ਼ਲਿਊਦੌਫ਼ "ਇਹ ਮੇਰੀ ਬੱਘੀ ਹੈ, ਨੇ ਬੱਘੀ ਵਾਲੇ ਵਲ ਮੁੜ ਕੇ ਆਖਿਆ।

"ਸੋ, ਤੂੰ ਕਾਹਦੇ ਲਈ ਉਡੀਕ ਰਿਹਾ ਹੈਂ ?" ਪੁਲਿਸ ਅਫ਼ਸਰ ਨੇ ਲਲਕਾਰਿਆ। "ਪਕੜੋ।"

ਪੁਲਸੀਏ, ਬੋਝੇ ਵਾਲੇ ਤੇ ਕਾਫ਼ਲੇ ਦੇ ਸਿਪਾਹੀ ਨੇ ਮਰ ਰਹੇ ਆਦਮੀ ਨੂੰ ਚੁੱਕ ਕੇ ਬੱਘੀ ਵਿਚ ਲਿਜਾ ਕੇ ਸੀਟ ਉੱਤੇ ਰੱਖ ਦਿਤਾ, ਪਰ ਉਹ ਬੈਠ ਨਹੀਂ ਸਕਦਾ ਸੀ, ਉਸ ਦਾ ਸਿਰ ਪਿੱਛੇ ਡਿੱਗ ਪਿਆ ਤੇ ਉਸ ਦਾ ਸਾਰਾ ਧੜ ਸੀਟ ਉੱਤੋਂ ਹੇਠਾਂ ਤਿਲਕ ਗਿਆ।

"ਇਸ ਨੂੰ ਭੁਵੇ ਲਿਟਾ ਦਿਓ" ਅਫ਼ਸਰ ਨੇ ਹੁਕਮ ਦਿੱਤਾ।

"ਕੋਈ ਨਹੀਂ, ਜਨਾਬ, ਮੈਂ ਇਸ ਨੂੰ ਇਸੇ ਤਰ੍ਹਾਂ ਥਾਣੇ ਪੁਚਾ ਦਿਆਂਗਾ।" ਪੁਲਸੀਏ ਨੇ ਮਰ ਰਹੇ ਆਦਮੀ ਨੂੰ ਆਪਣੀ ਤੱਕੜੀ ਨਰੋਈ ਬਾਂਹ ਉਸ ਦੇ ਸਰੀਰ ਉਦਾਲੇ ਕੱਛਾਂ ਵਿਚ ਦੀ ਵਲ ਕੇ ਸੀਟ ਉੱਤੇ ਆਪਣੇ ਕੋਲ ਲੈ ਕੇ ਆਖਿਆ, ਕਾਫ਼ਲੇ ਦੇ ਸਿਪਾਹੀ ਨੇ ਕੈਦਖਾਨੇ ਦੇ ਬੂਟਾ ਵਿਚ ਪਏ ਉਸ ਦੇ ਜੁਰਾਬਾਂ ਬਿਨਾਂ ਨੰਗੇ ਪੈਰਾਂ ਨੂੰ ਚੁੱਕ ਕੇ ਬੱਘੀ ਵਿਚ ਰੱਖ ਦਿੱਤਾ।

ਪੁਲਿਸ ਅਫ਼ਸਰ ਨੇ ਇਧਰ ਉਧਰ ਝਾਕ ਕੇ, ਕੈਦੀ ਦੀ ਰੋਟੀ ਦੀ ਸ਼ਕਲ ਵਾਲੀ ਟੋਪੀ ਪਈ ਵੇਖ ਕੇ ਚੁੱਕੀ ਤੇ ਗਿੱਲੇ, ਡਿੱਗੇ ਹੋਏ ਸਿਰ ਉੱਤੇ ਰਖ ਦਿੱਤੀ।

"ਚਲੋ ! " ਉਸ ਨੇ ਹੁਕਮ ਦਿੱਤਾ।

ਬੱਘੀ ਵਾਲੇ ਨੇ ਗੁੱਸੇ ਵਿਚ ਇਧਰ ਉਧਰ ਤੱਕਿਆ, ਆਪਣਾ ਸਿਰ ਹਿਲਾਇਆ, ਤੇ ਕਾਫ਼ਲੇ ਦੇ ਸਿਪਾਹੀ ਨਾਲ ਉਹ ਹੌਲੀ ਹੌਲੀ ਪਿੱਛੇ ਥਾਣੇ ਵੱਲ ਨੂੰ ਮੁੜ ਪਿਆ। ਪੁਲਸੀਆ, ਕੈਦੀ ਦੇ ਪਿੱਛੇ ਬੈਠਾ, ਉਸ ਦੇ ਧੜ ਨੂੰ ਜੋ ਸੀਟ ਤੋਂ ਤਿਲਕ ਰਿਹਾ ਸੀ, ਉੱਪਰ ਖਿਚਵਾ ਰਿਹਾ, ਤੇ ਕੈਦੀ ਦਾ ਸਿਰ ਇਧਰ ਉਧਰ ਦੋਵੇਂ ਪਾਸੇ ਵਜਦਾ ਰਿਹਾ।

ਕਾਫ਼ਲੇ ਦਾ ਸਿਪਾਹੀ, ਜੋ ਬੱਘੀ ਦੇ ਨਾਲ ਨਾਲ ਤੁਰ ਰਿਹਾ ਸੀ, ਕੈਦੀਆਂ ਦੀ ਲੱਤਾਂ ਨੂੰ ਥਾਂ ਸਿਰ ਕਰਦਾ ਰਿਹਾ, ਨਖ਼ਲਿਊਦੌਫ਼ ਬੱਘੀ ਦੇ ਪਿੱਛੇ ਪਿੱਛੇ ਚਲਾ ਗਿਆ।

-0-

37

ਬੱਘੀ ਅੱਗ ਬੁਝਾਣ ਵਾਲੇ ਕੋਲੋਂ ਦੀ ਜੋ ਫਾਟਕ ਉੱਤੇ ਪਹਿਰਾ ਦੇ ਰਿਹਾ ਸੀ, ਲੰਘ ਕੇ ਥਾਣੇ ਦੇ ਪਸਾਰ ਵਿਚ ਚਲੀ ਗਈ ਤੇ ਇਕ ਦਰਵਾਜ਼ੇ ਅੱਗੇ ਜਾ ਖੜੀ ਹੋਈ।

ਪਸਾਰ ਵਿਚ ਕਈ ਅੱਗ ਬੁਝਾਣ ਵਾਲੇ ਆਪਣੀਆਂ ਬਾਹਾਂ ਚੜ੍ਹਾਈ ਇਕ ਕਿਸਮ ਦੇ ਗੱਡੇ ਨੂੰ ਧੋ ਰਹੇ ਤੇ ਉੱਚੀ ਉੱਚੀ ਗੱਲਾਂ ਕਰ ਰਹੇ ਸਨ। ਜਦੋਂ ਬੱਘੀ ਖਲੋ ਗਈ, ਕਈ ਪੁਲਸੀਏ ਇਸ ਦੇ ਉਦਾਲੇ ਹੋ ਗਏ ਤੇ ਕੈਦੀ ਦੇ ਨਿਰਜਿੰਦ ਸ਼ਰੀਰ ਨੂੰ ਬਾਹਾਂ ਹੇਠਾਂ ਦੀ ਚੁੱਕ ਕੇ ਭਾਰ ਹੇਠਾਂ ਜੜਕਦੀ ਬੱਘੀ ਵਿਚੋਂ ਲੈ ਗਏ।

ਉਹ ਪੁਲਸੀਆ ਜਿਹੜਾ ਲਾਸ਼ ਦੇ ਨਾਲ ਆਇਆ ਸੀ, ਬੱਘੀ ਵਿਚੋਂ ਉਤਰਿਆ। ਆਪਣੀ ਸੁੰਨ ਹੋਈ ਬਾਂਹ ਨੂੰ ਹਿਲਾ ਕੇ ਉਸ ਨੇ ਆਪਣੀ ਟੋਪੀ ਉਤਾਰੀ ਤੇ ਆਪਣੇ ਉੱਤੇ ਸੂਲੀ ਦਾ ਨਿਸ਼ਾਨ ਬਣਾਇਆ। ਲਾਸ਼ ਨੂੰ ਦਰਵਾਜ਼ੇ ਥਾਣੀ ਤੇ ਪੌੜੀਆਂ ਉੱਪਰ ਦੀ ਇਕ ਛੋਟੇ ਜਿਹੇ ਗੰਦੇ ਕਮਰੇ ਵਿਚ ਲੈ ਗਏ, ਜਿਸ ਵਿਚ ਚਾਰ ਮੰਜੀਆਂ ਪਈਆਂ ਸਨ। ਦੋਹਾਂ ਉੱਤੇ ਦੋ ਬੀਮਾਰ, ਡਰੈਸਿੰਗ ਗਾਊਨ ਪਾਈ ਬੈਠੇ ਸਨ। ਇਕ ਦਾ ਮੂੰਹ ਵਿੰਗਾ ਤੇ ਗਰਦਨ ਉੱਤੇ ਪੱਟੀ ਬੰਨ੍ਹੀ ਹੋਈ ਸੀ, ਤੇ ਦੂਜਾ ਤਪਦਿਕ ਦਾ ਰੋਗੀ ਸੀ। ਦੋ ਮੰਜੀਆਂ ਖ਼ਾਲੀ ਸਨ। ਕੈਦੀ ਨੂੰ ਉਨ੍ਹਾਂ ਵਿਚੋਂ ਇਕ ਉੱਤੇ ਲਿਟਾ ਦਿੱਤਾ ਗਿਆ। ਇਕ ਛੋਟਾ ਜੇਹਾ, ਚਮਕਦੀਆਂ ਅੱਖੀਆਂ ਤੇ ਨਿਰੰਤਰ ਫਰਕ ਰਹੇ ਭਰਵੱਟਿਆਂ ਵਾਲਾ ਆਦਮੀ, ਕੇਵਲ ਬੁਨਿਆਣ ਤੇ ਜੁਰਾਬਾਂ ਪਾਈ, ਤਿੱਖੇ, ਪੋਲੇ ਕਦਮਾਂ ਨਾਲ ਆਇਆ, ਤੇ ਪਹਿਲਾਂ ਕੈਦੀ ਵੱਲ ਤੇ ਫਿਰ ਨਖ਼ਲਿਊਦੌਫ਼ ਵੱਲ ਵੇਖ ਕੇ ਉੱਚੀ ਉੱਚੀ ਹੱਸਣ ਲੱਗ ਪਿਆ। ਇਹ ਇਕ ਪਾਗਲ ਸੀ ਜਿਸ ਨੂੰ ਪੁਲੀਸ ਨੇ ਹਸਪਤਾਲ ਵਿਚ ਡੱਕਿਆ ਹੋਇਆ ਸੀ।

"ਇਹ ਮੈਨੂੰ ਡਰਾਣਾ ਚਾਹੁੰਦੇ ਹਨ, ਪਰ ਨਹੀਂ, ਇਹ ਨਹੀਂ ਡਰਾ ਸਕਣਗੇ।" ਉਹ ਬੋਲਿਆ।

ਲਾਸ਼ ਨੂੰ ਚੁਕ ਕੇ ਲਿਆਣ ਵਾਲੇ ਸਿਪਾਹੀਆਂ ਦੇ ਪਿੱਛੇ ਪੁਲਿਸ ਅਫ਼ਸਰ ਤੇ ਚਿਕਿਤਸਕ ਸਹਾਇਕ ਅੰਦਰ ਆਏ।

ਚਿਕਿਤਸਕ ਸਹਾਇਕ ਨੇ ਲਾਸ਼ ਕੋਲ ਆ ਕੇ ਇਸ ਦਾ ਥਿੰਮ੍ਹਾਂ ਵਾਲਾ ਹੱਥ ਚੁੱਕ ਲਿਆ। ਜਿਹੜਾ ਭਾਵੇਂ ਹਾਲੀ ਨਰਮ ਸੀ, ਪਰ ਮੁਰਦੇ ਜੇਹਾ ਪੀਲਾ ਤੇ ਠੰਢਾ ਹੋਇਆ ਪਿਆ ਸੀ ਉਸ ਨੇ ਇਹ ਹੱਥ ਪੱਲ ਕੁ ਆਪਣੇ ਹੱਥ ਵਿਚ ਰੱਖ ਕੇ ਛੱਡ ਦਿਤਾ, ਤੇ ਇਹ ਨਿਰਜਿੰਦ ਮੁਰਦੇ ਦੇ ਪੇਟ ਉੱਤੇ ਡਿੱਗ ਪਿਆ।

"ਇਹ ਖ਼ਤਮ ਹੈ," ਚਿਕਿਤਸਕ ਸਹਾਇਕ ਨੇ ਆਖਿਆ ਪਰ, ਸਪੱਸ਼ਟ ਹੈ, ਜ਼ਾਬਤਾ ਪੂਰਾ ਕਰਨ ਲਈ ਉਸ ਨੇ ਮੁਰਦੇ ਦੀ ਗਿੱਲੀ ਕੋਰੀ ਕਮੀਜ਼ ਖੋਲ੍ਹ ਕੇ ਤੇ ਆਪਣੇ ਘੁੰਗਰਾਲੇ ਵਾਲ ਪਿੱਛੇ ਛੱਡ ਕੇ ਕੈਦੀ ਦੀ ਚੌੜੀ, ਅਹਿਲ ਤੇ ਪੀਲੀ ਜੇਹੀ ਛਾਤੀ ਉੱਤੇ ਕੰਨ ਲਗਾਇਆ, ਸਾਰੇ ਚੁੱਪ ਸਨ। ਚਿਕਿਤਸਕ ਸਹਾਇਕ ਨੇ ਸਿੱਧਾ ਖੜਾ ਹੋ ਕੇ ਆਪਣਾ ਸਿਰ ਹਿਲਾਇਆ ਤੇ ਉਂਗਲਾਂ ਨਾਲ ਪਹਿਲਾਂ ਮੁਰਦੇ ਦੀਆਂ ਖੁਲ੍ਹੀਆਂ, ਜੰਮੀਆਂ ਹੋਈਆਂ, ਨੀਲੀਆਂ ਅੱਖਾਂ ਦੀ ਇਕ ਪਲਕ ਤੇ ਫਿਰ ਦੂਜੀ ਨੂੰ ਛੁਹਿਆ।

"ਮੈਂ ਡਰਿਆ ਨਹੀਂ, ਮੈਂ ਡਰਿਆ ਨਹੀਂ," ਪਾਗਲ ਦੁਹਰਾਈ ਗਿਆ ਤੇ ਚਿਕਿਤਸਕ ਸਹਾਇਕ ਵੱਲ ਥੁਕਾਂ ਸੁੱਟੀ ਗਿਆ।

"ਹਾਂ ?" ਪੁਲਿਸ ਅਫ਼ਸਰ ਨੇ ਪੁੱਛਿਆ।

"ਹਾਂ ਕੀ ?" ਚਿਕਿਤਸਕ ਸਹਾਇਕ ਉੱਤਰ ਵਿਚ ਬੋਲਿਆ, "ਇਸ ਨੂੰ ਮੁਰਦੇਖਾਨੇ ਵਿਚ ਲੈ ਜਾਣਾ ਚਾਹੀਦਾ ਹੈ।"

"ਧਿਆਨ ਕਰਨਾ; ਤੁਹਨੂੰ ਪੱਕਾ ਹੈ ? ਪੁਲਿਸ ਅਫਸਰ ਨੇ ਆਖਿਆ।

"ਮੈਂ ਇਤਨਾ ਕੁਝ ਜਾਨਣ ਜੋਗਾ ਹਾਂ," ਚਿਕਿਤਸਕ ਸਹਾਇਕ ਨੇ ਕਮੀਜ਼ ਲਾਰ ਦੀ ਛਾਤੀ ਉੱਤੇ ਕਰ ਕੇ ਆਖਿਆ, "ਤਾਂ ਵੀ ਮੈਂ ਮੈਥਿਊ ਈਵਾਨਿਰ ਨੂੰ ਸੱਦਦਾ ਹਾਂ, ਉਹ ਆ ਕੇ ਵੇਖ ਲਵੇ। ਪੀਤਰੋ, ਓਨ੍ਹਾਂ ਨੂੰ ਬੁਲਾਓ" ਤੇ ਚਿਕਿਤਸਕ ਸਹਾਇਕ ਲਾਸ਼ ਤੋਂ ਪਰ੍ਹੇ ਹੋ ਕੇ ਖਲੋ ਗਿਆ।

"ਇਸ ਨੂੰ ਮੁਰਦੇਖਾਨੇ ਲੈ ਚਲੋ," ਪੁਲਿਸ ਅਫ਼ਸਰ ਕਹਿਣ ਲੱਗਾ, "ਤੇ ਫਿਰ ਤੁਸੀਂ ਦਫ਼ਤਰ ਵਿਚ ਆਣਾ ਦੇ ਦਸਖਤ ਕਰ ਦੇਣਾ," ਉਸ ਨੇ ਕਾਫ਼ਲੇ ਦੇ ਸਿਪਾਹੀ ਨੂੰ ਜੋ ਬੰਦੀ ਕੋਲੋਂ ਇਕ ਪਲ ਵੀ ਦੂਰ ਨਹੀਂ ਹੋਇਆ ਸੀ, ਆਖਿਆ।

"ਅੱਛਾ, ਜਨਾਬ" ਸਿਪਾਹੀ ਬੋਲਿਆ।

"ਪੁਲਸੀਆਂ ਨੇ ਲਾਸ਼ ਨੂੰ ਉਠਾਇਆ ਤੇ ਫਿਰ ਹੇਠਾਂ ਲੈ ਆਂਦਾ। ਨਖ਼ਲਿਊਦੌਫ਼ ਉਨ੍ਹਾਂ ਦੇ ਪਿੱਛੇ ਜਾਣ ਲੱਗਾ ਪਰ, ਪਾਗਲ ਨੇ ਰੋਕ ਲਿਆ।

"ਤੁਸੀਂ ਤਾਂ ਸਾਜਿਸ਼ ਵਿਚ ਸ਼ਾਮਿਲ ਨਹੀਂ, ਸੋ ਮੈਨੂੰ ਇਕ ਸਿਗਰਟ ਦਿਓ ਉਹ ਕਹਿਣ ਲੱਗਾ। ਨਖ਼ਲਿਊਦੌਫ਼ ਨੇ ਸਿਗਰਟਾਂ ਦਾ ਡੱਬਾ ਕੱਢ ਕੇ ਉਸ ਨੂੰ ਇਕ ਸਿਗਰਟ ਦੇ ਦਿੱਤਾ।

ਪਾਗਲ, ਲਗਾਤਾਰ ਆਪਣੇ ਭਰਵੱਟੇ ਛੇਤੀ ਛੇਤੀ ਫਰਕਾਂਦਾ ਦੱਸਣ ਲੱਗਾ ਕਿ ਕਿਵੇਂ ਉਸ ਨੂੰ ਵਿਚਾਰ ਪ੍ਰੇਰਣਾ ਰਾਹੀਂ ਤੰਗ ਕੀਤਾ ਜਾ ਰਿਹਾ ਸੀ।

"ਹਾਂ, ਇਹ ਸਾਰੇ ਮੇਰੇ ਵਿਰੁੱਧ ਹਨ, ਤੇ ਆਪਣੇ ਵਿਚਲਿਆਂ ਰਾਹੀਂ ਮੈਨੂੰ ਤੰਗ ਤੇ ਦੁਖੀ ਕਰਦੇ ਹਨ।"

"ਮੈਨੂੰ ਮਾਫ਼ ਕਰਨਾ," ਨਖ਼ਲਿਊਦੌਫ਼ ਬੋਲਿਆ ਤੇ ਹੋਰ ਕੁਝ ਸੁਣਨ ਤੋਂ ਪਹਿਲਾਂ ਕਮਰੇ ਵਿਚੋਂ ਨਿਕਲ ਕੇ ਬਾਹਰ ਵਿਹੜੇ ਵਿਚ ਆ ਗਿਆ, ਇਹ ਵੇਖਣ ਲਈ ਕਿ ਲਾਸ਼ ਕਿੱਥੇ ਰੱਖੀ ਜਾ ਰਹੀ ਸੀ।

ਪੁਲਸੀਏ ਆਪਣੇ ਬੋਝ ਸਮੇਤ ਅੰਦਰ ਲੰਘ ਚੁੱਕੇ ਸਨ ਤੇ ਇਕ ਤਹਿਖਾਨੇ ਦਾ ਦਰਵਾਜ਼ਾ ਖੋਲ੍ਹ ਰਹੇ ਸਨ। ਨਖ਼ਲਿਊਦੌਫ਼ ਨੇ ਉਨ੍ਹਾਂ ਕੋਲ ਜਾਣਾ ਚਾਹਿਆ, ਪਰ ਪੁਲਿਸ ਅਫ਼ਸਰ ਨੇ ਰੋਕ ਦਿੱਤਾ।

"ਤੁਸੀਂ ਵੀ ਚਾਹੁੰਦੇ ਹੋ ?"

"ਕੁਝ ਨਹੀਂ,"

"ਕੁਝ ਨਹੀਂ ? ਤਾਂ ਜਾਓ,"

ਨਖਲਿਊਦੌਫ਼ ਉਨ੍ਹਾਂ ਦਾ ਕਿਹਾ ਮੰਨ ਕੇ ਆਪਣੇ ਬੱਘੀ ਵਾਲੇ ਕੋਲ ਵਾਪਸ ਆ ਗਿਆ ਜੋ ਬੈਠਾ ਉਂਘ ਰਿਹਾ ਸੀ। ਉਸ ਨੇ ਉਸ ਨੂੰ ਜਗਾਇਆ, ਤੇ ਉਹ ਵਾਪਸ ਰੇਲਵੇ ਸਟੇਸ਼ਨ ਵੱਲ ਨੂੰ ਚੱਲ ਪਏ।

ਉਹ ਹਾਲੀ ਸੌ ਗਜ਼ ਨਹੀਂ ਗਏ ਸਨ ਕਿ ਉਨ੍ਹਾਂ ਨੂੰ ਇਕ ਗੱਡੀ ਟਕਰੀ ਜਿਸ ਦੇ ਨਾਲ ਇਕ ਰਫ਼ਲ ਵਾਲਾ ਕਾਫ਼ਲੇ ਦਾ ਸਿਪਾਹੀ ਸੀ। ਗੱਡੀ ਉੱਤੇ ਇਕ ਹੋਰ ਕੈਦੀ ਪਿਆ ਸੀ ਜੋ ਸਾਫ਼ ਦਿੱਸਦਾ ਸੀ ਮਰ ਚੁੱਕਾ ਸੀ। ਕੈਦੀ ਪਿੱਠ ਭਾਰ ਗੱਡੀ ਵਿਚ ਪਿਆ ਸੀ, ਤੇ ਉਸਦਾ ਮੁੰਨਿਆ ਸਿਰ, ਜਿਸ ਉਤੋਂ ਰੋਟੀ ਦੀ ਸ਼ਕਲ ਵਾਲੀ ਟੱਪੀ ਉਸ ਦੀ ਕਾਲੀ ਦਾੜੀ

ਉੱਤੇ ਨੱਕ ਤੱਕ ਤਿਲਕ ਆਈ ਸੀ, ਹਰ ਹੁਝਕੇ ਨਾਲ ਹਿੱਲਦਾ ਤੇ ਟਕਰਾਂਦਾ ਸੀ। ਗੱਡੀ ਵਾਲਾ, ਭਾਰੇ ਬੂਟ ਪਾਈ, ਵਾਗਾਂ ਪਕੜ ਕੇ ਗੱਡੀ ਦੇ ਬਰਾਬਰ ਤੁਰਿਆ ਜਾ ਰਿਹਾ ਸੀ। ਇਕ ਪੁਲਸੀਆ ਪੈਦਲ ਪਿੱਛੇ ਆ ਰਿਹਾ ਸੀ। ਨਖ਼ਲਿਊਦੌਫ਼ ਨੇ ਬੱਘੀ ਵਾਲੇ ਦੇ ਮੋਢੇ ਨੂੰ ਹਿਲੂਣਿਆ।

"ਵੇਖੋ ਕੀ ਕਰ ਰਹੇ ਹਨ ?" ਬੱਘੀ ਵਾਲੇ ਨੇ ਘੋੜੇ ਨੂੰ ਰੋਕ ਕੇ ਆਖਿਆ।

ਨਖ਼ਲਿਊਦੌਫ਼ ਹੇਠਾਂ ਉੱਤਰ ਆਇਆ। ਤੇ ਗੱਡੀ ਦੇ ਪਿੱਛੇ ਪਿੱਛੇ, ਸੰਤਰੀ ਕੋਲੋਂ ਲੰਘ ਕੇ ਉਹ ਫਿਰ ਥਾਣੇ ਦੇ ਦਰਵਾਜ਼ੇ ਅੰਦਰ ਚਲਾ ਗਿਆ। ਇਸ ਦੌਰਾਨ ਅੱਗ ਬੁਝਾਣ ਵਾਲੇ ਗੱਡੀ ਧੋ ਚੁੱਕੇ ਸਨ, ਤੇ ਉਨ੍ਹਾਂ ਦੀ ਥਾਂ ਇਕ ਲੰਮਾ ਹੱਡਲ ਆਦਮੀ, ਟੋਪੀ ਉਦਾਲੇ ਇਕ ਨੀਲੇ ਫੀਤੇ ਵਾਲਾ, ਜੋ ਅੱਗ-ਬੁਝਾਉ ਬਰਗੇਡ ਦਾ ਕਪਤਾਨ ਸੀ ਜੇਬਾਂ ਵਿਚ ਹੱਥ ਪਾਈ ਖੜਾ, ਇਕ ਮੋਟੀ ਗਰਦਨ ਵਾਲੇ, ਚੰਗੇ ਪੱਲੇ ਹੋਏ, ਕੁਮੈਤ ਸਾਹਨ ਘੋੜੇ ਵੱਲ ਕਠੋਰ ਨਜ਼ਰ ਨਾਲ ਵੇਖ ਰਿਹਾ ਸੀ। ਘੋੜ ਨੂੰ ਅੱਗ ਬਝਾਣ ਵਾਲਾ ਇਧਰ ਉਧਰ ਫਿਰਾ ਰਿਹਾ ਸੀ। ਘੋੜਾ ਅਗਲੇ ਪੈਰ ਤੋਂ ਲੰਙ ਮਾਰਦਾ ਸੀ, ਤੇ ਫਾਇਰ ਬਰਗੇਡ ਦਾ ਕਪਤਾਨ ਪਾਸ ਖੜੇ ਸਲੋਤਰੀ ਸਰਜਨ ਨੂੰ ਗੁੱਸੇ ਨਾਲ ਕੁਝ ਆਖ ਰਿਹਾ ਸੀ।

ਪੁਲਿਸ ਅਫ਼ਸਰ ਵੀ ਉੱਥੇ ਖੜਾ ਸੀ, ਇਕ ਹੋਰ ਲਾਸ਼ ਵੇਖਕੇ ਉਹ ਕਾਫ਼ਲੇ ਦੇ ਸਿਪਾਹੀ ਕੋਲ ਗਿਆ ਤੇ ਨਿਖੇਧੀ ਭਾਵ ਨਾਲ ਸਿਰ ਹਿਲਾ ਕੇ ਬੋਲਿਆ, "ਇਸ ਨੂੰ ਕਿੱਥੋਂ ਚੁੱਕ ਲਿਆਏ ਹੋ ?"

"ਗੁਰਬਾਤਾਵ ਸਕਾਇਆ ਤੋਂ।" ਪੁਲਸੀਏ ਨੇ ਜਵਾਬ ਦਿੱਤਾ।

"ਕੋਈ ਕੈਦੀ ?" ਫ਼ਾਰਿਰ ਬਰਗੇਡ ਕਪਤਾਨ ਨੇ ਪੁੱਛਿਆ।

"ਹਾਂ, ਇਹ ਅੱਜ ਦੂਜਾ ਹੈ।”

"ਅੱਛਾ, ਮੈਂ ਕਹਾਂਗਾ ਉਨ੍ਹਾਂ ਦਾ ਕੋਈ ਅਨੋਖਾ ਪ੍ਰਬੰਧ ਹੈ। ਨਿਰਸੰਦੇਹ ਇਹ ਇਕ ਬੜਾ ਤਪਦਾ ਦਿਨ ਹੈ।" ਫਾਇਰ-ਬਰਗੇਡ ਦਾ ਕਪਤਾਨ ਆਖਣ ਲੱਗਾ, ਫਿਰ ਲੰਙ ਮਾਰਦੇ ਘੋੜੇ ਨੂੰ ਫੇਰ ਰਹੇ ਆਦਮੀ ਵੱਲ ਵੇਖ ਕੇ ਉੱਚੀ ਨਾਲ ਬੋਲਿਆ, "ਇਸ ਨੂੰ ਨੁੱਕਰ ਵਾਲੇ ਚਰਨੇ ਉੱਤੇ ਖੜਾ ਕਰ ਦੇ। ਤੇ ਤੈਨੂੰ ਕੁੱਤਿਆ, ਮੈਂ ਤੈਨੂੰ ਦੱਸਾਂਗਾ ਕਿਵੇਂ ਘੋੜਿਆਂ ਨੂੰ ਲੰਙੇ ਕਰੀਦਾ ਹੈ, ਇਸ ਦੀ ਕੀਮਤ ਤੇਰੇ ਨਾਲੋਂ ਵੱਧ ਹੈ, ਬਦਮਾਸ਼ਾ।"

ਪੁਲਸੀਆਂ ਨੇ ਪਹਿਲੇ ਵਾਕਰ ਹੀ ਮੁਰਦੇ ਨੂੰ ਗੱਡੀ ਵਿਚੋਂ ਚੁੱਕਿਆ ਤੇ ਪੌੜੀਆਂ ਉੱਪਰੋਂ ਹਸਪਤਾਲ ਪਹੁੰਚਾ ਦਿੱਤਾ। ਨਖ਼ਲਿਊਦੌਫ਼, ਜਿਵੇਂ ਕੋਈ ਕੀਲਿਆ ਹੋਇਆ ਹੋਵੇ, ਉਨ੍ਹਾਂ ਦੇ ਪਿੱਛੇ ਲੱਗਾ ਰਿਹਾ।

"ਤੁਹਾਨੂੰ ਕੀ ਕੰਮ ਹੈ ?" ਇਕ ਪੁਲਸੀਏ ਨੇ ਪੁੱਛਿਆ, ਪਰ ਨਖ਼ਲਿਊਦੌਫ਼ ਨੇ ਉੱਤਰ ਕੋਈ ਨਾ ਦਿੱਤਾ ਤੇ ਜਿੱਧਰ ਲਾਸ਼ ਨੂੰ ਲੈ ਜਾ ਰਹੇ ਸਨ, ਪਿੱਛੇ ਪਿੱਛੇ ਚਲਾ ਗਿਆ। ਪਾਗਲ ਇਕ ਮੰਜੀ ਉੱਤੇ ਬੈਠਾ, ਸੁਆਦ ਲੈ ਲੈ ਸਿਗਰਟ ਪੀ ਰਿਹਾ ਸੀ ਜੋ ਉਸ ਨੂੰ ਨਖ਼ਲਿਊਦੌਫ਼ ਤੋਂ ਮਿਲੀ ਸੀ।

"ਆਹ, ਤੁਸੀਂ ਮੁੜ ਆਏ ਹੋ," ਉਹ ਬੋਲਿਆ, ਤੇ ਹੱਸਿਆ ਜਦੋਂ ਉਸ ਨੇ ਲਾਸ਼ ਵੇਖੀ ਤਾਂ ਮੂੰਹ ਵੱਟ ਲਿਆ, ਤੇ ਆਖਿਆ, "ਫਿਰ, ? ਮੈਂ ਤੰਗ ਆ ਗਿਆ ਹਾਂ, ਇਨ੍ਹਾਂ ਤੋਂ। ਮੈਂ ਕੋਈ ਛੋਕਰਾ ਨਹੀਂ, ਕਿਉਂ ਜੀ ?" ਤੇ ਉਹ ਇਕ ਪ੍ਰਸ਼ਨ-ਭਾਵਕ ਮੁਸਕਰਾਹਟ ਨਾਲ ਨਖ਼ਲਿਊਦੌਫ਼ ਵੱਲ ਵੇਖਣ ਲੱਗਾ।

ਨਖ਼ਲਿਊਦੌਫ਼ ਮੁਰਦੇ ਵੱਲ ਤੱਕ ਰਿਹਾ ਸੀ, ਜਿਸ ਦਾ ਚੇਹਰਾ ਜੋ ਪਹਿਲਾਂ ਉਸ ਦੀ ਟੋਪੀ ਥੱਲੇ ਲੁਕਿਆ ਹੋਇਆ ਸੀ, ਹੁਣ ਦਿੱਸਦਾ ਸੀ।

ਇਹ ਕੈਦੀ ਮੂੰਹ ਮੱਥੇ ਤੇ ਸਟੀਰ ਦਾ ਉੱਨਾ ਹੀ ਕੋਝਾ ਸੀ ਜਿੰਨਾ ਪਹਿਲਾ ਸੀ। ਉਹ ਸਿਖਰ ਜਵਾਨੀ ਵਾਲੀ ਉਮਰ ਦਾ ਸੀ। ਉਸ ਦੇ ਸਿਰ ਦੇ ਅੱਧੇ ਮੁੰਨੇ ਹੋਣ ਦੇ ਕੁਹਜ ਦੇ ਹੁੰਦੇ ਵੀ, ਉਸ ਦਾ ਸਿੱਧ-ਪੱਧਰ ਮੱਥਾ, ਕਾਲੀਆਂ, ਨਿਰਜਿੰਦ ਅੱਖਾਂ ਉੱਤੇ ਜ਼ਰਾ ਤਿਰਛਾ, ਬਹੁਤ ਸੁਹਣਾ ਸੀ। ਤੇ ਇਸ ਤਰ੍ਹਾਂ ਦਾ ਹੀ ਉਸ ਦਾ, ਪਤਲੀਆਂ ਕਾਲੀਆਂ ਮੁੱਛਾਂ ਤੇ ਉੱਤੇ ਨੱਕ ਸੀ। ਬੁੱਲ੍ਹਾਂ ਉੱਤੇ ਜੋ ਨੀਲੇ ਹੋਣ ਲੱਗ ਪਏ ਸਨ, ਇਕ ਮੁਸਕਣੀ ਸੀ, ਛੋਟੀ ਛੋਟੀ ਦਾਹੜੀ ਚੇਹਰੇ ਦੇ ਹੇਠਲੇ ਪਾਸੇ ਨੂੰ ਉਲਕੀਦੀ ਸੀ, ਤੇ ਸਿਰ ਦੇ ਮੁੰਨੇ ਪਾਸੇ ਇਕ ਕਰੜਾ, ਸੁੱਘੜਿਆ ਕੰਨ ਦਿਖਾਈ ਦੇਂਦਾ ਸੀ। ਉਸ ਦਾ ਮੁਖਾਂਤਰ ਸ਼ਾਂਤ, ਗੰਭੀਰ ਤੇ ਭਾਵਕ ਸੀ।

ਪਤਾ ਲਗਦਾ ਸੀ ਕਿ ਇਸ ਪੁਰਸ਼ ਵਿਚ ਇਕ ਉਚੇਚੇ ਜੀਵਨ ਦੀਆਂ ਸੰਭਾਵਨਾਵਾਂ ਨਸ਼ਟ ਹੋ ਗਈਆਂ ਸਨ, ਤੇ ਉਸ ਦੇ ਹੱਥਾਂ ਤੇ ਬੇੜੀਆਂ ਵਾਲੇ ਪੈਰਾਂ ਦੀਆਂ ਪਤਲੀਆਂ ਹੱਡੀਆਂ ਉਸ ਦੇ ਸਾਰੇ ਅੰਗਾਂ ਦੇ ਚੰਗੇ ਬਣੇ ਹੋਏ ਪੱਠੇ ਦਰਸਾਂਦੇ ਸਨ, ਉਹ ਕਿਸ ਪ੍ਰਕਾਰ ਦਾ ਇਕ ਸੁਹਣਾ, ਤਕੜਾ ਤੇ ਫ਼ੁਰਤੀਲਾ ਮਨੁੱਖ ਜੀਵ ਹੁੰਦਾ ਹੋਵੇਗਾ, ਇਕ ਜੀਵਨ ਦੇ ਰੂਪ ਵਿਚ ਉਹ ਆਪਣੀ ਜਾਤੀ ਦਾ ਉਸ ਘੋੜੇ ਨਾਲੋਂ ਬਹੁਤ ਉੱਤਮ ਪ੍ਰਾਣੀ ਸੀ, ਜਿਸ ਨੂੰ

ਲੰਙਾ ਕਰਨ ਤੋਂ ਫ਼ਾਇਰ ਬਰਗੇਡ ਦਾ ਕਪਤਾਨ ਇਤਨਾ ਖਫਾ ਸੀ। ਤੇ ਉਸ ਨੂੰ ਮਾਰ ਦਿੱਤਾ ਗਿਆ ਸੀ। ਤੇ ਉਸ ਮਨੁੱਖ ਦਾ ਸੋਗ ਕੋਈ ਨਹੀਂ ਸੀ ਕਰ ਰਿਹਾ। ਕਿਸੇ ਨੂੰ ਇਸ ਗੱਲ ਦਾ ਵੀ ਖੇਦ ਨਹੀਂ ਸੀ ਕਿ ਇਤਨਾ ਸੁੰਦਰ ਕਰਮ ਸ਼ੀਲ ਜੀਵ ਮਰ ਗਿਆ ਸੀ। ਇਕੋ ਦ੍ਰਿਸ਼ਟਮਾਨ ਭਾਵ ਉਸ ਕਲੇਸ਼ ਉੱਤੇ ਖਿਝਦਾ ਸੀ ਜੋ ਲਾਸ਼ ਨੂੰ, ਜਿਸ ਦਾ ਸੜਨ ਗਲਣ ਦਾ ਖ਼ਤਰਾ ਸੀ, ਬਿਲੇ ਲਗਾਣ ਬਾਰੇ ਹੋ ਰਿਹਾ ਸੀ। ਡਾਕਟਰ ਤੇ ਉਸ ਦਾ ਸਹਾਇਕ ਹਸਪਤਾਲ ਵਿਚ ਆਏ, ਨਾਲ ਉਨ੍ਹਾਂ ਦੇ ਥਾਣੇ ਦਾ ਇਨਸਪੈਕਟਰ ਸੀ। ਡਾਕਟਰ ਇਕ ਭਾਰਾ ਜੇਹਾ, ਗੱਠੇ ਹੋਏ ਸਰੀਰ ਵਾਲਾ ਆਦਮੀ ਸੀ। ਉਸ ਨੇ ਪਾਂਜੀ ਸਿਲਕ ਦਾ ਕੋਟ ਤੇ ਉਸ ਕਪੜੇ ਦੀ ਉਸ ਦੇ ਗੱਠੇ ਹੋਏ ਪੇਟਾ ਨਾਲ ਕੱਸਵੇਂ ਮੇਚ ਵਾਲੀ ਪਤਲੂਣ ਪਾਈ ਹੋਈ ਸੀ। ਇਨਸਪੈਕਟਰ ਇਕ ਮੱਧਰਾ, ਮੋਟਾ ਜਿਹਾ ਆਦਮੀ ਸੀ। ਉਸ ਦਾ ਚੇਹਰਾ ਖਿੱਦੂ ਜੇਹਾ ਗੋਲ ਸੀ ਤੇ ਉਸ ਨੂੰ ਉਸ ਦੀ ਹਵਾ ਨਾਲ ਗੱਲ੍ਹਾਂ ਨੂੰ ਫੁਲਾ ਲੈਣ ਤੇ ਫਿਰ ਹੌਲੀ ਹੌਲੀ ਫੂਕ ਬਾਹਰ ਕੱਢਣ ਦੀ ਆਦਤ ਹੋਰ ਵੀ ਲਾਲ ਤੇ ਗੋਲ ਬਣਾਂਦੀ ਸੀ। ਡਾਕਟਰ ਮੁਰਦੇ ਕੋਲ ਮੰਜੀ ਉੱਤੇ ਬੈਠ ਗਿਆ ਉਸ ਨੇ ਮੁਰਦੇ ਦਾ ਹੱਥ ਉਸੇ ਤਰ੍ਹਾਂ ਚੁੱਕਿਆ ਜਿਵੇਂ ਉਸ ਦੇ ਸਹਾਇਕ ਨੇ ਕੀਤਾ ਸੀ, ਉਸ ਦੇ ਦਿਲ ਉੱਤੇ ਆਪਣਾ ਕੰਨ ਰੱਖਿਆ ਤੇ ਉੱਠ ਕੇ ਆਪਣੀ ਪਤਲੂਣ ਖਿੱਚ ਕੇ ਸਿੱਧੀ ਕੀਤੀ।

"ਹੋਰ ਏਦੂੰ ਵੱਧ ਕੀ ਮਰਿਆ ਹੁੰਦਾ ?" ਉਸਨੇ ਆਖਿਆ।

ਇਨਸਪੈਕਟਰ ਨੇ ਮੂੰਹ ਹਵਾ ਨਾਲ ਭਰ ਲਿਆ ਤੇ ਹੌਲੀ ਹੌਲੀ ਇਸ ਨੂੰ ਬਾਹਰ ਕੱਢਣ ਲੱਗਾ।

"ਇਹ ਕਿਹੜੇ ਕੈਦਖ਼ਾਨੇ ਵਿਚੋਂ ਹੈ" ਉਸ ਨੇ ਕਾਫ਼ਲੇ ਦੇ ਸਿਪਾਹੀ ਨੂੰ ਪੁੱਛਿਆ।

ਸੈਨਿਕ ਨੇ ਉਸ ਨੂੰ ਦੱਸਿਆ, ਤੇ ਮੁਰਦੇ ਦੇ ਪੈਰਾਂ ਵਿਚ ਬੇੜੀਆਂ ਵੱਲ ਉਸ ਦਾ ਧਿਆਨ ਕਰਵਾਇਆ।

"ਮੈਂ ਇਹ ਉਤਰਵਾ ਦਿਆਂਗਾ, ਸ਼ੁਕਰ ਹੈ ਇਥੇ ਸਾਡੇ ਨੇੜੇ ਇਕ ਲੁਹਾਰ ਹੈ।"

ਇਨਸਪੈਕਟਰ ਬੋਲਿਆ, ਤੇ ਇਕ ਵਾਰੀ ਫਿਰ ਗੱਲਾਂ ਹਵਾ ਨਾਲ ਭਰ ਕੇ ਹੌਲੀ ਹੌਲੀ ਹਵਾ ਕੱਢਦਾ ਦਰਵਾਜ਼ੇ ਵੱਲ ਨੇ ਚਲਾ ਗਿਆ।

"ਇਹ ਕਿਉਂ ਹੋਇਆ ?" ਨਖ਼ਲਿਊਦੌਫ਼ ਨੇ ਡਾਕਟਰ ਨੂੰ ਪੁੱਛਿਆ।

ਡਾਕਟਰ ਨੇ ਐਨਕਾਂ ਵਿਚੋਂ ਉਸ ਵੱਲ ਵੇਖਿਆ, "ਕੀ ਕਿਉਂ ਹੋਇਆ? ਉਹ ਧੁੱਪ ਵਿਚ ਫਟਕ ਕੇ ਕਿਉਂ ਮਰਦੇ ਹਨ, ਤੁਹਾਡਾ ਭਾਵ ਹੈ ? ਉਹ ਇਉਂ ਹੈ ਸਾਰਾ ਸਿਆਲ ਉਹ ਕਸਰਤ ਤੇ ਚਾਨਣ ਤੋਂ ਬਗ਼ੈਰ ਬੈਠੇ ਰਹਿੰਦੇ ਹਨ, ਤੇ ਫਿਰ ਇਕ ਦਮ ਉਨ੍ਹਾਂ ਨੂੰ ਅੱਜ ਜੇਹੇ ਦਿਨ ਧੁੱਪ ਵਿਚ ਕੱਢ ਲਿਆਉਂਦੇ ਹਨ, ਤੇ ਅਜੇਹੀ ਭੀੜ ਵਿਚ ਤੋਰਦੇ ਹਨ ਜਿੱਥੇ ਹਵਾ ਵੀ ਨਹੀਂ ਉਨ੍ਹਾਂ ਨੂੰ ਮਿਲਦੀ ਤੇ ਉਹ ਧੁੱਪ ਦੇ ਫਟਕੇ ਨਾਲ ਮਰ ਜਾਂਦੇ ਹਨ।"

"ਫਿਰ ਉਨ੍ਹਾਂ ਨੂੰ ਬਾਹਰ ਕਿਉਂ ਲਿਆਉਂਦੇ ਹਨ ?'

"ਓ, ਇਸ ਬਾਰੇ, ਜਾਓ, ਉਨ੍ਹਾਂ ਨੂੰ ਪੁੱਛੋ ਜੋ ਉਨ੍ਹਾਂ ਨੂੰ ਭੇਜਦੇ ਹਨ। ਪਰ ਮੈਂ ਪੁੱਛ ਸਕਦਾ ਹਾਂ ਤੁਸੀਂ ਕੌਣ ਹੋ ?"

"ਮੈਂ ਇਕ ਪਰਦੇਸੀ ਹਾਂ।"

"ਓ, ਅੱਛਾ, ਨਿਮਸਕਾਰ, ਮੇਰੇ ਪਾਸ ਵਿਹਲ ਨਹੀਂ।" ਡਾਕਟਰ ਖਿੱਝ ਗਿਆ ਸੀ। ਉਸ ਨੇ ਪਤਲੂਣ ਨੂੰ ਹੇਠਾਂ ਵੱਲ ਖਿੱਚਿਆ, ਤੇ ਉਹ ਬੀਮਾਰਾਂ ਦੇ ਮੰਜਿਆਂ ਵੱਲ ਚਲਾ ਗਿਆ।

"ਹਾਂ, ਕੀ ਹਾਲ ਹੈ ਤੇਰਾ ?" ਉਸ ਨੇ ਵਿੰਗੇ ਮੂੰਹ ਤੇ ਪੱਟੀ ਕੀਤੀ ਹੋਈ ਗਰਦਨ ਵਾਲੇ ਪੀਲੇ ਜਿਹੇ ਪੁਰਸ਼ ਨੂੰ ਪੁੱਛਿਆ।

ਇਸ ਸਮੇਂ ਪਾਗਲ ਮੰਜੀ ਉੱਤੇ ਬੈਠਾ, ਡਾਕਟਰ ਵੱਲ ਬੁੱਕਾਂ ਸੁੱਟੀ ਜਾਂਦਾ ਸੀ। ਉਸ ਦੀ ਸਿਗਰਟ ਖ਼ਤਮ ਹੋ ਚੁੱਕੀ ਸੀ।

ਨਖ਼ਲਿਊਦੌਫ਼ ਹੇਠਾਂ ਵਿਹੜੇ ਵਿਚ ਆ ਕੇ ਤੇ ਅੱਗ ਬੁਝਾਣ ਵਾਲਿਆਂ ਦੇ ਘੋੜਿਆਂ ਤੇ ਕੁਝ ਕੁੱਕੜੀਆਂ ਤੇ ਪਿੱਤਲ ਦੇ ਟੋਪ ਵਾਲੇ ਮੰਤਰੀ ਪਾਸੋਂ ਦੀ ਲੰਘ ਕੇ ਫਾਟਕ ਤੋਂ ਬਾਹਰ ਆ ਗਿਆ। ਤੇ ਬੱਘੀ ਵਿਚ ਬੈਠ ਗਿਆ, ਜਿਸ ਦਾ ਡਰਾਈਵਰ (ਚਾਲਕ) ਸੌਂ ਗਿਆ ਸੀ।

-0-

38

ਜਦ ਨਖ਼ਲਿਊਦੌਫ਼ ਸਟੇਸ਼ਨ ਉੱਤੇ ਪਹੁੰਚਿਆ ਤਾਂ ਸਾਰੇ ਕੈਦੀ ਸੀਖਾਂ ਲੱਗੀਆਂ ਬਾਰੀਆਂ ਵਾਲੇ ਡੱਬਿਆਂ ਵਿਚ ਬੈਠ ਚੁੱਕੇ ਸਨ। ਕੁਝ ਲੋਕ ਜੋ ਉਨ੍ਹਾਂ ਨੂੰ ਵਿਦਾ ਕਰਨ ਆਏ ਸਨ, ਪਲੇਟਫਾਰਮ ਉੱਤੇ ਖੜੇ ਸਨ, ਪਰ ਉਨ੍ਹਾਂ ਨੂੰ ਡੱਬਿਆਂ ਕੋਲ ਜਾਣ ਦੀ ਆਗਿਆ ਨਹੀਂ ਸੀ।

ਕਾਫ਼ਲਾ ਉਸ ਦਿਨ ਬਹੁਤ ਔਖਾ ਹੋਇਆ ਸੀ, ਕੈਦਖਾਨੇ ਤੋਂ ਸਟੇਸ਼ਨ ਤਕ ਰਾਹ ਵਿਚ ਉਨ੍ਹਾਂ ਦੋ ਤੋਂ ਬਿਨਾਂ, ਜਿਨ੍ਹਾਂ ਨੂੰ ਨਖ਼ਲਿਊਦੌਫ਼ ਨੇ ਵੇਖਿਆ ਸੀ, ਤਿੰਨ ਹੋਰ ਕੈਦੀ ਧੁੱਪ ਦੇ ਫਟਕੇ ਨਾਲ ਡਿੱਗ ਕੇ ਮਰ ਗਏ ਸਨ। ਇਕ ਨੂੰ ਦੂਜੇ ਦੇ ਵਾਕਰ ਪੁਲੀਸ ਦੇ ਥਾਣੇ ਲੈ ਗਏ ਸਨ, ਤੇ ਦੂਜੇ ਰੇਲ ਦੇ ਸਟੇਸ਼ਨ ਉੱਤੇ ਆ ਕੇ ਮਰੇ ਸਨ। ਕਾਫ਼ਲੇ ਵਾਲਿਆਂ ਨੂੰ ਦੁੱਖ ਇਸ ਗੱਲ ਦਾ ਨਹੀਂ ਸੀ ਕਿ ਪੰਜ ਆਦਮੀ, ਜਿਹੜੇ ਜੀ ਸਕਦੇ ਸਨ, ਉਨ੍ਹਾਂ ਦੀ ਸਪੁਰਦਗੀ ਵਿਚ ਮਰ ਗਏ ਸਨ। ਉਨ੍ਹਾਂ ਨੂੰ ਇਸ ਗੱਲ ਦਾ ਦੁੱਖ ਨਹੀਂ ਸੀ, ਉਨ੍ਹਾਂ ਨੂੰ ਚਿੰਤਾ ਇਸ ਦੀ ਸੀ ਕਿ ਕੋਈ ਗੱਲ ਜੋ ਕਾਨੂੰਨ ਵੱਲੋਂ ਕਰਨ ਦੀ ਲੋੜ ਹੈ, ਰਹਿ ਨਾ ਗਈ ਹੋਵੇ। ਲਾਸ਼ਾਂ ਨੂੰ ਦੱਸੀਆਂ ਗਈਆਂ ਥਾਵਾਂ ਉੱਤੇ ਲੈ ਜਾਣਾ, ਉਨ੍ਹਾਂ ਦੇ ਕਾਗਜ਼ਾਂ ਤੇ ਅਸਬਾਬ ਨੂੰ ਕਿਸੇ ਦੇ ਹਵਾਲੇ ਕਰਨਾ, ਉਨ੍ਹਾਂ ਨੂੰ ਉਨ੍ਹਾਂ ਦੀ ਸੂਚੀ ਵਿਚੋਂ ਕੱਢਣਾ ਜਿਨ੍ਹਾਂ ਨੂੰ ਨਿਯਮੀ ਪਹੁੰਚਾਣਾ ਸੀ-ਇਹ ਸਭ ਕੁਝ, ਖ਼ਾਸ ਕਰ ਕੇ ਅੱਜ ਵਰਗੇ ਤਪੇ ਹੋਏ ਦਿਨ, ਵੱਡਾ ਕਲੇਸ਼ ਸੀ।

ਕਾਫ਼ਲੇ ਵਾਲਿਆਂ ਦਾ ਵੱਡਾ ਰੁਝੇਵਾਂ ਇਹ ਸੀ, ਤੇ ਜਿਤਨਾ ਚਿਰ ਇਹ ਸਭ ਕੁਝ ਨਜਿੱਠਿਆ ਨਾ ਗਿਆ, ਨਖਲਿਊਦੌਫ਼ ਤੇ ਹੋਰਨਾਂ ਨੂੰ ਜੋ ਆਗਿਆ ਮੰਗਦੇ ਸਨ, ਡੱਬਿਆਂ ਤਕ ਜਾਣ ਨਾ ਦਿੱਤਾ ਗਿਆ। ਪਰੰਤੂ ਨਖ਼ਲਿਊਦੌਫ਼ ਨੂੰ, ਜਿਸ ਨੇ ਕਾਫ਼ਲੇ ਦੇ ਸਾਰਜੰਟ ਨੂੰ ਕੁਝ ਚੜ੍ਹਾਵਾ ਦੇ ਦਿੱਤਾ ਸੀ, ਛੇਤੀ ਹੀ ਆਗਿਆ ਮਿਲ ਗਈ। ਸਾਰਜੰਟ ਨੇ ਨਖ਼ਲਿਊਦੌਫ਼ ਨੂੰ ਲੰਘ ਜਾਣ ਦਿੱਤਾ, ਪਰ ਉਸ ਨੂੰ ਛੇਤੀ ਕਰਨ ਤੇ ਕਿਸੇ ਕਰਮਚਾਰੀ ਦੇ ਵੇਖਣ ਤੋਂ

ਪਹਿਲਾਂ ਗੱਲ-ਬਾਤ ਖਤਮ ਕਰਨ ਦੀ ਤਾਦੀਕ ਕਰ ਦਿੱਤੀ। ਕੁਲ ਪੰਦਰਾਂ ਡੱਬੇ ਸਨ, ਤੇ ਇਕ ਕਰਮਚਾਰੀਆਂ ਵਾਲੇ ਡੱਬੇ ਤੋਂ ਛੁੱਟ ਸਾਰੇ ਕੈਦੀਆਂ ਨਾਲ ਭਰੇ ਪਏ ਸਨ। ਡੱਬਿਆਂ ਪਾਸੋਂ ਲੰਘਦੇ ਨਖਲਿਊਦੌਫ਼ ਜੋ ਕੁਝ ਉਨ੍ਹਾਂ ਦੇ ਅੰਦਰ ਹੋ ਰਿਹਾ ਸੀ, ਸੁਣਿਆ। ਸਾਰੇ ਡੱਬਿਆਂ ਵਿਚ ਜ਼ੰਜੀਰਾਂ ਦਾ ਛਣਕਣਾ ਤੇ ਉੱਚੀ ਤੇ ਵਿਅਰਥ ਬੋਲੀ ਨਾਲ ਰਲਿਆ ਹੋਇਆ ਬੋਲ ਬੁਲਾਰਾ ਸੁਣਾਈ ਦੇਂਦਾ ਸੀ, ਪਰ ਮਰ ਗਏ ਸਾਥੀਆਂ ਬਾਰੇ ਇਕ ਸ਼ਬਦ ਤੱਕ ਨਹੀਂ ਸੀ ਕਿਹਾ ਜਾ ਰਿਹਾ। ਗੱਲ ਬਾਤ ਸਾਰੀ ਬੋਰੀਆਂ, ਪੀਣ ਦੇ ਪਾਣੀ, ਤੇ ਸੀਟਾਂ ਮੱਲਣ ਦੀ ਹੋ ਰਹੀ ਸੀ।

ਇਕ ਡੱਬੇ ਵਿਚ ਨਜ਼ਰ ਮਾਰ ਕੇ ਨਖ਼ਲਿਊਦੌਫ਼ ਨੇ ਵੇਖਿਆ ਦੇ ਕਾਫ਼ਲੇ ਦੇ ਸੈਨਿਕ ਕੈਦੀਆਂ ਦੇ ਹੱਥਾਂ ਤੋਂ ਹੱਥਕੜੀਆਂ ਲਾਹ ਰਹੇ ਸਨ। ਕੈਦੀ ਬਾਹਾਂ ਅੱਗੇ ਕਰ ਦਿੰਦੇ ਸਨ, ਤੇ ਇਕ ਸੈਨਿਕ ਚਾਬੀ ਨਾਲ ਹੱਥਕੜੀ ਖੋਲ੍ਹਦਾ ਉਤਾਰਦਾ ਸੀ ਤੇ ਦੂਜਾ ਇਨ੍ਹਾਂ ਨੂੰ ਇਕੱਠੀਆਂ ਕਰੀ ਜਾਂਦਾ ਸੀ।

ਪੁਰਸ਼ਾਂ ਵਾਲੇ ਸਾਰੇ ਡੱਬੇ ਲੰਘ ਕੇ ਨਖ਼ਲਿਊਦੌਫ਼ ਇਸਤਰੀਆਂ ਵਾਲੇ ਡੱਬਿਆਂ ਕੋਲ ਆ ਗਿਆ। ਇਨ੍ਹਾਂ ਵਿਚੋਂ ਦੂਜੇ ਵਿਚੋਂ ਉਸ ਨੇ ਇਕ ਇਸਤਰੀ ਦੇ ਕਰਾਹਣ, "ਹਾਇ, ਹਾਇ, ਉਫ਼, ਉਹ ਰੱਬਾ, ਉਫ, ਉਫ, ਰੱਬਾ !" ਦੀ ਆਵਾਜ਼ ਸੁਣੀ।

ਨਖ਼ਲਿਊਦੌਫ਼ ਇਸ ਡੱਬੇ ਨੂੰ ਲੰਘ ਕੇ ਤੀਜੇ ਦੀ ਬਾਰੀ ਸਾਮ੍ਹਣੇ ਜਾ ਖਲੋਤਾ, ਜਿਸ ਵੱਲੋਂ ਉਸ ਨੂੰ ਇਕ ਸੈਨਿਕ ਨੇ ਇਸ਼ਾਰਾ ਕੀਤਾ ਸੀ। ਜਦੋਂ ਉਸ ਨੇ ਬਾਰੀ ਕੋਲ ਮੂੰਹ ਕੀਤਾ, ਮਨੁੱਖੀ ਪਸੀਨੇ ਦੀ ਗੰਧ ਨਾਲ ਭਰੀ ਗਰਮ ਹਵਾ ਉਸ ਦੀਆਂ ਨਾਸਾਂ ਵਿਚ ਵੜੀ, ਤੇ ਉਸ ਨੂੰ ਇਸਤਰੀਆਂ ਦੇ ਬੋਲਣ ਦੀ ਤਿੱਖੀ ਆਵਾਜ਼ ਸਾਫ ਸਾਫ ਸੁਣਨ ਲੱਗੀ।

ਸਾਰੀਆਂ ਸੀਟਾਂ, ਲਾਲ, ਪਸੀਨਾ ਪਸੀਨਾ ਹੋਈਆਂ ਉੱਚੀ ਉੱਚੀ ਬੋਲ ਰਹੀਆਂ, ਇਸਤਰੀਆਂ ਨਾਲ ਭਰੀਆਂ ਹੋਈਆਂ ਸਨ, ਜਿਨ੍ਹਾਂ ਨੇ ਕੈਦਖਾਨੇ ਦੇ ਕੋਟ ਤੇ ਚਿੱਟੀਆਂ ਜਾਕਟਾਂ ਪਾਈਆਂ ਹੋਈਆਂ ਸਨ। ਬਾਰੀ ਅੱਗੇ ਨਖ਼ਲਿਊਦੌਫ਼ ਦਾ ਚੇਹਰਾ ਉਨ੍ਹਾਂ ਦੀ ਨਜ਼ਰੀਂ ਪਿਆ, ਨੇੜੇ ਬੈਠੀਆਂ ਚੁੱਪ ਕਰ ਗਈਆਂ ਤੇ ਉਸ ਵੱਲ ਨੂੰ ਹੋਈਆਂ। ਮਸਲੌਫ਼ਾ, ਚਿੱਟੀ ਜਾਕਟ ਪਾਈ ਤੇ ਨੰਗੇ ਸਿਰ, ਦੂਜੇ ਪਾਸੇ ਦੀ ਬਾਰੀ ਵਿਚ ਬੈਠੀ ਸੀ। ਗੋਰੀ ਮੁਸਕ੍ਰਾਂਦੀ ਬਿਉਦੋਸੀਆਂ ਉਸ ਦੇ ਜ਼ਰਾ ਨੇੜੇ ਹੋ ਕੇ ਬੈਠੀ ਹੋਈ ਸੀ। ਨਖ਼ਲਿਊਦੌਫ਼ ਨੂੰ ਪਛਾਣ ਕੇ ਉਸ ਨੇ ਮਸਲੌਫ਼ਾ ਨੂੰ ਕੂਹਣੀ ਮਾਰੀ ਤੇ ਬਾਰੀ ਵਲ ਇਸ਼ਾਰਾ ਕੀਤਾ।

ਮਸਲੌਫ਼ਾ ਕਾਹਲੀ ਨਾਲ ਉੱਠੀ ਤੇ ਆਪਣੇ ਕਾਲੇ ਵਾਲਾਂ ਉੱਤੇ ਦੁਪੱਟਾ ਸੁੱਟ ਕੇ ਤੇ ਆਪਣੇ ਲਾਲ ਚੇਹਰੇ ਉੱਤੇ ਮੁਸਕਾਣ ਲਿਆ ਕੇ ਬਾਰੀ ਕੋਲ ਆਈ ਤੇ ਉਸ ਨੇ ਇਕ ਸੀਖ ਨੂੰ ਪਕੜ ਲਿਆ।

"ਗਰਮੀ ਹੈ" ਉਹ ਮੰਦ ਮੁਸਕਾਣ ਨਾਲ ਬੋਲੀ।

"ਚੀਜ਼ਾਂ ਮਿਲ ਗਈਆਂ ਸਨ ?"

"ਹਾਂ, ਧੰਨਵਾਦ।"

“ਹੋਰ ਕੁਝ ਚਾਹੀਦਾ ਹੋਵੇ ਤੁਹਾਨੂੰ?" ਨਖਲਿਊਦੌਫ਼ ਨੇ ਪੁੱਛਿਆ। ਗਰਮ ਡੱਬੇ ਵਿਚੋਂ ਤਪੇ ਤੰਦੂਰ ਵਰਗੀ ਹਵਾ ਆ ਰਹੀ ਸੀ।

"ਮੈਨੂੰ ਕੁਝ ਨਹੀਂ ਚਾਹੀਦਾ, ਧੰਨਵਾਦ।"

"ਜੇ ਸਾਨੂੰ ਕੁਝ ਪਾਣੀ ਪੀਣ ਨੂੰ ਮਿਲ ਜਾਵੇ", ਬਿਉਦੋਸੀਆ ਨੇ ਆਖਿਆ।

"ਹਾਂ, ਜੇ ਕੁਝ ਪੀਣ ਨੂੰ ਮਿਲ ਜਾਵੇ।" ਮਸਲੋਫਾ ਨੇ ਦੁਹਰਾਇਆ।

"ਕਿਉਂ ਤੁਹਾਡੇ ਕੋਲ ਪਾਣੀ ਕੋਈ ਨਹੀਂ ?"

"ਉਨ੍ਹਾਂ ਨੇ ਕੁਝ ਪਾਇਆ ਸੀ, ਪਰ ਸਾਰਾ ਮੁੱਕ ਗਿਆ।"

"ਮੈਂ ਹੁਣੇ ਕਿਸੇ ਕਾਫ਼ਲੇ ਵਾਲੇ ਨੂੰ ਆਖਦਾ ਹਾਂ। ਅਸੀਂ ਹੁਣ ਨਿਯਨੀ ਪਹੁੰਚਣ ਤਕ ਮਿਲ ਨਹੀਂ ਸਕਾਂਗੇ।"

"ਕਿਉਂ, ਤੁਸੀਂ ਆ ਰਹੇ ਹੋ ?" ਮਸਲੌਫ਼ਾ ਬੋਲੀ, ਜਿਵੇਂ ਉਸ ਨੂੰ ਪਤਾ ਨਾ ਹੋਵੇ, ਤੇ ਖ਼ੁਸ਼ੀ ਨਾਲ ਭਰ ਕੇ ਨਖਲਿਊਦੌਫ਼ ਵੱਲ ਵੇਖਣ ਲੱਗੀ।

'ਮੈਂ ਅਗਲੀ ਗੱਡੀ ਆ ਰਿਹਾ ਹਾਂ।"

ਮਸਲੌਫ਼ਾ ਨੇ ਕੁਝ ਨਾ ਆਖਿਆ, ਪਰ ਇਕ ਲੰਮਾ ਹਉਕਾ ਭਰਿਆ।

"ਕਿਉਂ ਜੀ, ਇਹ ਸੱਚ ਹੈ ਕਿ ਬਾਰਾਂ ਕੈਦੀ ਮਾਰ ਦਿੱਤੇ ਗਏ ਹਨ ?" ਇਕ ਕਠੋਰ ਝਾਕਣੀ ਵਾਲੀ ਬੁੱਢੀ ਕੈਦਣ ਨੇ ਇਕ ਪੁਰਸ਼ ਜੇਹੀ ਭਾਰੀ ਆਵਾਜ਼ ਵਿਚ ਪੁੱਛਿਆ।

ਇਹ ਕੋਰਾ ਬਲੇਫ਼ਾ ਸੀ।

"ਮੈਂ ਬਾਰਾਂ ਦਾ ਤਾਂ ਨਹੀਂ ਸੁਣਿਆ ਦੋ ਵੇਖੇ ਹਨ।" ਨਖ਼ਲਿਊਦੌਫ਼ ਨੇ ਆਖਿਆ।

"ਕਹਿੰਦੇ ਹਨ ਇਨ੍ਹਾਂ ਨੇ ਬਾਰਾਂ ਮਾਰ ਦਿੱਤੇ ਹਨ। ਤੇ ਇਨ੍ਹਾ ਨੂੰ ਕੁਝ ਨਹੀਂ ਹੋਵੇਗਾ? ਸੋਚੋ ! ਇਹ ਬਦਮਾਸ਼।"

"ਤੇ ਇਸਤਰੀ ਨਹੀਂ ਕੋਈ ਬੀਮਾਰ ਪਈ ?" ਨਖਲਿਊਦੌਫ਼ ਨੇ ਪੁੱਛਿਆ।

"ਇਸਤਰੀਆਂ ਤੱਕੜੀਆਂ ਹੁੰਦੀਆਂ ਹਨ।" ਇਕ ਹੋਰ ਕੈਦਣ-ਇਕ ਮੱਧਰੀ ਨਿੱਕੀ ਜੇਹੀ ਇਸਤਰੀ ਬੋਲੀ ਤੇ ਹੱਸ ਪਈ। ਕੇਵਲ ਇਕ ਜਿਸ ਨੂੰ ਜਣੇਪੇ ਦਾ ਖ਼ਿਆਲ ਆ ਗਿਆ ਹੈ। ਉਥੇ ਹੈ ਉਹ ਉਸ ਨੇ ਅਗਲੇ ਡੱਬੇ ਵੱਲ ਇਸ਼ਾਰਾ ਕਰ ਕੇ ਆਖਿਆ, ਜਿਥੋਂ ਕਰਾਹਣ " ਦੀ ਆਵਾਜ਼ ਆ ਰਹੀ ਸੀ।

'ਤੁਸੀਂ ਪੁੱਛਦੇ ਹੋ ਸਾਨੂੰ ਕੁਝ ਚਾਹੀਦਾ ਹੈ," ਮਸਲੌਫ਼ਾ, ਆਪਣੇ ਹੇਠਾਂ ਉੱਤੇ ਖ਼ੁਸ਼ੀ ਦੀ ਮੁਸਕੜੀ ਨੂੰ ਹਟਾਣ ਦਾ ਯਤਨ ਕਰਦੀ ਹੋਈ, ਬੋਲੀ। "ਇਸ ਤੀਵੀਂ ਨੂੰ ਪਿੱਛੇ ਨਹੀਂ ਛੱਡਿਆ ਜਾ ਸਕਦਾ, ਇਸ ਦੁੱਖ ਵਿਚ ? ਇਹ ਹੈ, ਜੇ ਤੁਸੀਂ ਅਧਿਕਾਰੀਆਂ ਨੂੰ ਕਹੋ...."

"ਹਾਂ ਮੈਂ ਕਹਾਂਗਾ।"

"ਤੇ ਇਕ ਗੱਲ ਹੋਰ। ਇਸ ਨੂੰ ਇਸ ਦਾ ਪਤੀ, ਤਰਾਸ, ਨਹੀਂ ਮਿਲਾਇਆ ਜਾ ਸਕਦਾ ?" ਉਸ ਨੇ ਮੁਸਕਰਾ ਰਹੀ ਬਿਉਦੇਸੀਆਂ ਵੱਲ ਅੱਖਾਂ ਨਾਲ ਇਸ਼ਾਰਾ ਕਰ ਕੇ ਆਖਿਆ। “ਉਹ ਤੁਹਾਡੇ ਨਾਲ ਆ ਰਿਹਾ ਹੈ, ਨਹੀਂ ?"

"ਜਨਾਬ, ਗੱਲਾਂ ਨਾ ਕਰੋ।" ਕਾਫ਼ਲੇ ਦੇ ਇਕ ਸਾਰਜੰਟ ਨੇ ਆ ਕੇ ਆਖਿਆ।

ਇਹ ਉਹ ਨਹੀਂ ਸੀ ਜਿਸ ਨੇ ਨਖ਼ਲਿਊਦੌਫ਼ ਨੂੰ ਲੰਘਾਇਆ ਸੀ। ਨਖ਼ਲਿਊਦੌਫ਼ ਡੱਬਾ ਛੱਡ ਕੇ ਕਿਸੇ ਕਰਮਚਾਰੀ ਦੀ ਤਲਾਸ਼ ਵਿਚ ਹੋ ਤੁਰਿਆ ਜਿਸ ਨੂੰ ਉਹ ਜਣੇਪੇ ਵਾਲੀ ਤੀਵੀਂ ਤੇ ਤਰਾਸ ਬਾਰੇ ਕੁਝ ਦਸ ਸਕੇ। ਪਰ ਨਾ ਉਸ ਨੂੰ ਅਜੇਹਾ ਕਰਮਚਾਰੀ ਕੋਈ ਮਿਲਿਆ, ਤੇ ਉਹ ਕਿਸੇ ਕਾਫ਼ਲੇ ਵਾਲੇ ਕੋਲੋਂ ਤੱਕੜਾ ਚਿਰ ਕੋਈ ਪਤਾ ਲੈ ਸਕਿਆ। ਉਹ ਸਾਰੇ ਕਾਹਲੀ ਵਿਚ ਸਨ, ਕੋਈ ਕਿਸੇ ਕੈਦੀ ਨੂੰ ਕਿਧਰੇ ਲੈ ਜਾ ਰਹੇ ਸਨ, ਕਈ ਆਪਣੇ ਲਈ ਰਸਦ ਪਾਣੀ ਲੈਣ ਲਈ ਨੱਸ ਦੌੜ ਕਰ ਰਹੇ ਸਨ, ਕਈ ਆਪਣਾ ਅਸਬਾਬ ਡੱਬਿਆਂ ਵਿਚ ਰੱਖ ਰਹੇ ਸਨ, ਜਾਂ ਇਕ ਇਸਤਰੀ ਦੀ ਸੇਵਾ ਵਿਚ ਸਨ ਜੋ ਕਾਫ਼ਲੇ ਦੇ ਅਫ਼ਸਰ ਨਾਲ ਜਾ ਰਹੀ ਸੀ। ਉਹ ਨਖ਼ਲਿਊਦੌਫ਼ ਦੇ ਸਵਾਲਾਂ ਦੇ ਜਵਾਬ ਬੜੇ ਔਖੇ ਹੋ ਕੇ ਦੇਂਦੇ ਸਨ।

ਨਖ਼ਲਿਊਦੌਫ਼ ਨੂੰ ਕਾਫ਼ਲੇ ਦਾ ਅਫ਼ਸਰ ਦਿਸਿਆ ਜੋ ਆਪਣੇ ਟੁੰਡ ਜੇਹੇ ਹੱਥ ਨਾਲ ਮੁੱਛਾਂ ਪੂੰਝ ਰਿਹਾ ਸੀ ਜੋ ਉਸ ਦੇ ਮੂੰਹ ਉੱਤੇ ਡਿਗਦੀਆਂ ਸਨ, ਤੇ ਮੋਢੇ ਚੁੱਕ ਚੁੱਕ ਕੇ ਇਕ ਸਿਪਾਹੀ ਨੂੰ ਕਿਸੇ ਗੱਲ ਤੋਂ ਝਾੜ ਝੰਬ ਕਰ ਰਿਹਾ ਸੀ।

"ਤੁਸੀਂ ਕੀ ਚਾਹੁੰਦੇ ਹੋ ?" ਉਸ ਨੇ ਨਖ਼ਲਿਊਦੌਫ਼ ਨੂੰ ਪੁੱਛਿਆ।

"ਇਥੇ ਤੁਹਾਡੇ ਨਾਲ ਇਕ ਇਸਤਰੀ ਹੈ ਜੋ ਜਣੇਪੇ ਵਿਚ ਹੈ, ਇਸ ਲਈ ਮੈਂ ਸੋਚਿਆ ਇਹ......"

"ਅੱਛਾ, ਕਰਨ ਦਿਓ ਉਸ ਨੂੰ ਜਣੇਪਾ, ਅਸੀਂ ਪਿੱਛੋਂ ਵੇਖ ਲਵਾਂਗੇ।" ਤੇ ਆਪਣੀਆਂ ਛੋਟੀਆਂ ਛੋਟੀਆਂ ਬਾਹਾਂ ਤੇਜ਼ੀ ਨਾਲ ਮਾਰਦਾ ਉਹ ਆਪਣੇ ਡੱਬੇ ਵੱਲ ਨੱਸ ਗਿਆ।

ਇਸ ਪਲ ਗਾਰਡ ਹੱਥ ਵਿਚ ਸੀਟੀ ਲਈ ਲੰਘਿਆ, ਤੇ ਪਲੇਟਫਾਰਮ ਉੱਪਰਲੇ ਲੋਕਾਂ ਤੇ ਇਸਤਰੀਆਂ ਦੇ ਡੱਬਿਆਂ ਵਿਚੋਂ ਰੋਣ ਤੇ ਅਰਦਾਸਾਂ ਬੇਨਤੀਆਂ ਦੀ ਆਵਾਜ਼ ਉੱਠੀ।

ਨਖ਼ਲਿਊਦੌਫ਼ ਤਰਾਸ ਦੇ ਕੋਲ ਪਲੇਟਫਾਰਮ ਉੱਤੇ ਖੜਾ ਡੱਬਿਆਂ ਨੂੰ, ਜਿਨ੍ਹਾਂ ਦੀਆਂ ਸੀਖਾਂ ਵਾਲੀਆਂ ਬਾਰੀਆਂ ਵਿਚੋਂ ਪੁਰਸ਼ਾਂ ਦੇ ਮੁੰਨੇ ਹੋਏ ਸਿਰ ਦਿੱਸਦੇ ਸਨ, ਇਕ ਦੂਜੇ ਪਿੱਛੋਂ ਆਪਣੇ ਕੋਲ ਦੀ ਤੇਜ਼ੀ ਨਾਲ ਲੰਘਦੇ ਵੇਖਦਾ ਰਿਹਾ ਫਿਰ ਇਸਤਰੀਆਂ ਵਾਲਾ ਪਹਿਲਾ ਡੱਬਾ ਆਇਆ, ਜਿਸ ਦੀਆਂ ਬਾਰੀਆਂ ਵਿਚ ਇਸਤਰੀਆਂ ਦੇ ਸਿਰ ਦਿੱਸਦੇ ਸਨ, ਕੁੱਝ ਦੁਪੱਟਿਆਂ ਨਾਲ ਢਕੇ ਹੋਏ ਤੇ ਕੁਝ ਨੰਗੇ, ਫਿਰ ਦੂਜਾ ਜਿਸ ਵਿਚ ਹਉਕੇ ਤੇ ਭੁੱਬਾਂ ਹੁਣ ਵੀ ਸੁਣ ਰਹੀਆਂ ਸਨ, ਫਿਰ ਉਹ ਡੱਬਾ ਜਿਸ ਵਿਚ ਮਸਲੌਫ਼ਾ ਸੀ, ਉਹ ਦੂਜੀਆਂ ਨਾਲ ਬਾਰੀ ਵਿਚ ਖੜੀ ਨਖ਼ਲਿਊਦੌਫ਼ ਵੱਲ ਪੀੜਤ ਮੁਸਕਣੀ ਨਾਲ ਵੇਖ ਰਹੀ ਸੀ।

-0-

39

ਜਿਸ ਮੁਸਾਫ਼ਰ ਗੱਡੀ ਵਿਚ ਨਖ਼ਲਿਊਦੋਫ਼ ਨੇ ਜਾਣਾ ਸੀ, ਉਸ ਦੇ ਚੱਲਣ ਵਿਚ ਹਾਲੀ ਦੋ ਘੰਟੇ ਪਏ ਸਨ। ਉਸ ਦਾ ਇਸ ਸਮੇਂ ਵਿਚ ਆਪਣੀ ਭੈਣ ਨੂੰ ਮਿਲ ਲੈਣ ਦਾ ਵਿਚਾਰ ਹੋਇਆ ਸੀ, ਪਰ ਸਵੇਰ ਦੇ ਪ੍ਰਭਾਵਾਂ ਤੋਂ ਪਿੱਛੋਂ ਉਹ ਇੰਨਾ ਭੜਕਿਆ ਤੇ ਥੱਕਿਆ ਹੋਇਆ ਸੀ ਕਿ ਪਹਿਲੇ ਦਰਜੇ ਦੇ ਖਾਣ-ਪੀਣ ਵਾਲੇ ਕਮਰੇ ਵਿਚ ਬੈਠ ਕੇ ਉਸ ਨੂੰ ਸਹਸਾ ਹੀ ਇੰਨੀ ਊਂਘ ਆਈ ਕਿ ਉਹ ਪਾਸੇ ਪਰਨੇ ਲੇਟ ਗਿਆ ਤੇ ਇਕ ਦਮ ਸਿਰ ਉੱਤੇ ਹੱਥ ਰੱਖ ਕੇ ਸੌਂ ਗਿਆ।

ਵਰਦੀ ਪਹਿਨੀ ਤੇ ਹੱਥ ਵਿਚ ਰੁਮਾਲ ਵਾਲੇ ਇਕ ਬੈਰੇ ਨੇ ਉਸ ਨੂੰ ਜਗਾਇਆ।

"ਹਜ਼ੂਰ, ਆਪ ਕੰਵਰ ਨਖ਼ਲਿਊਦੌਫ਼ ਨਹੀਂ ? ਇਕ ਭੱਦਰ ਇਸਤਰੀ ਆਪ ਨੂੰ ਲੱਭਦੀ ਹੈ।"

ਨਖ਼ਲਿਊਦੌਫ਼ ਤ੍ਰਭਕ ਕੇ ਉੱਠਿਆ, ਤੇ ਅੱਖਾਂ ਮੱਲ ਕੇ ਉਸ ਨੂੰ ਕੋਈ ਸੋਝੀ ਆਈ ਕਿ ਉਹ ਕਿੱਥੇ ਸੀ ਤੇ ਸਭ ਕੁਝ ਦੀ ਜੋ ਸਵੇਰੇ ਵਰਤਿਆ ਸੀ।

ਉਸ ਨੇ ਕਲਪਨਾ ਵਿਚ ਵੇਖਿਆ ਕੈਦੀਆਂ ਦਾ ਲਾਰਾ, ਮੁਰਦਾ ਲਾਸ਼ਾਂ, ਸੀਖਾਂ ਵਾਲੀਆਂ ਬਾਰੀਆਂ ਵਾਲੇ ਰੇਲ ਦੇ ਡੱਬੇ ਜਿਨ੍ਹਾਂ ਵਿਚ ਇਸਤਰੀਆਂ ਬੰਦ ਸਨ, ਉਨ੍ਹਾਂ ਇਸਤਰੀਆਂ ਵਿਚ ਉਹ ਜਿਸ ਦੀ ਜਣੇਪੇ ਦੀ ਪੀੜ ਵਿਚ ਕੋਈ ਸਹਾਇਤਾ ਨਹੀਂ ਹੋ ਰਹੀ ਸੀ। ਤੇ ਇਕ ਪੀੜ ਭਰੀ ਮੁਸਕਣੀ ਨਾਲ ਸੀਖਾਂ ਵਿਚ ਉਹ ਉਸ ਵੱਲ ਵੇਖ ਰਹੀ ਸੀ।

ਉਸ ਦੀਆਂ ਅੱਖਾਂ ਅਗਲਾ ਵਾਸਤਵ ਇਸ ਤੋਂ ਵਖਰੀ ਕਿਸਮ ਦਾ ਸੀ : ਫੁੱਲਦਾਨਾਂ ਵਾਲਾ ਮੇਜ਼, ਬੱਤੀਦਾਨੀਆਂ ਤੇ ਚੀਨੀ ਦੇ ਭਾਂਡੇ ਤੇ ਇਸ ਦੇ ਉਦਾਲੇ ਘੁੰਮਦੇ ਫੁਰਤੀਲੇ ਬੈਰੇ ਤੇ ਕਮਰੇ ਦੇ ਦੂਜੇ ਸਿਰੇ ਇਕ ਅਲਮਾਰੀ, ਬੋਤਲਾਂ ਦੀ ਪੀਂਜ ਤੇ ਫਲਾਂ ਦੇ ਥਾਲ, ਇਕ ਸ਼ਰਾਬਖਾਨੇ ਦਾ ਬੈਰਾ ਤੇ ਸ਼ਰਾਬਖ਼ਾਨੇ ਦੇ ਕਾਊਂਟਰ ਅੱਗੇ ਖੜੇ ਮੁਸਾਫ਼ਰਾਂ ਦੀਆਂ ਪਿੱਠਾਂ।

ਜਦੋਂ ਜਾਗ ਕੇ ਉਸ ਨੇ ਹੌਲੀ ਹੌਲੀ ਆਪਣੀ ਸੁਰਤ ਇਕਾਗਰ ਕੀਤੀ ਤਾਂ ਨਖ਼ਲਿਊਦੌਫ਼ ਨੇ ਵੇਖਿਆ ਕਮਰੇ ਵਿਚ ਸਾਰੇ ਉਤਸੁਕਤਾ ਨਾਲ ਦਰਵਾਜ਼ੇ ਵਿਚ ਹੋ ਰਹੀ

ਕਿਸੇ ਘਟਨਾ ਵੱਲ ਵੇਖ ਰਹੇ ਸਨ। ਉਸ ਨੇ ਵੀ ਉਧਰ ਨਜ਼ਰ ਕੀਤੀ ਤਾਂ ਲੋਕਾਂ ਦਾ ਇਕ ਜਲੂਸ ਇਕ ਕਰਸੀ ਚੱਕੀ ਆਉਂਦਾ ਵੇਖਿਆ ਜਿਸ ਵਿਚ ਇਕ ਭੱਦਰ ਇਸਤਰੀ, ਕਿਸੇ ਭਾਂਤ ਦੇ ਪਤਲੇ ਜੇਹੇ ਲੀੜੇ ਵਿਚ ਸਿਰ ਲਪੇਟੀ ਬੈਠੀ ਸੀ। ਨਖ਼ਲਿਊਦੌਫ਼ ਨੂੰ ਜਾਪਿਆ ਉਹ ਉਸ ਪਿਆਦੇ ਨੂੰ, ਜਿਸ ਨੇ ਅੱਗਲੇ ਪਾਸਿਓਂ ਕੁਰਸੀ ਨੂੰ ਟੇਕ ਦਿੱਤੀ ਹੋਈ ਸੀ, ਜਾਣਦਾ ਸੀ ਤੇ ਪਿੱਛੇ ਵਾਲਾ ਆਦਮੀ, ਜਿਸ ਦੀ ਟੋਪੀ ਉੱਤੇ ਸੁਨਹਿਰੀ ਸੂਤਲੀ ਲੱਗੀ ਹੋਈ ਸੀ, ਇਕ ਜਾਤਾ ਪਛਾਤਾ ਦਰਬਾਨ ਸੀ। ਇਕ ਛਬੀਲੀ ਨੌਕਰਾਣੀ ਜਿਸ ਨੇ ਇਕ ਝਾਲਰ ਤੇ ਇਕ ਐਪਰਨ ਪਹਿਨਿਆ ਹੋਇਆ ਸੀ, ਇਕ ਪਾਰਸਲ, ਛੱਤਰੀ, ਤੇ ਚਮੜੇ ਦੇ ਗੋਲ ਕੇਸ ਵਿਚ ਕੁਝ ਚੁੱਕੀ ਕੁਰਸੀ ਦੇ ਪਿੱਛੇ ਪਿੱਛੇ ਆ ਰਹੀ ਸੀ। ਇਸ ਤੋਂ ਪਿੱਛੇ ਕੰਵਰ ਕਾਰਚਗਿਨ ਆ ਰਿਹਾ ਸੀ, ਮੋਟੇ ਬੁਲ੍ਹ, ਅਧਰੰਗ ਮਾਰੀ ਗਰਦਨ, ਤੇ ਸਿਰ ਉੱਤੇ ਇਕ ਮੁਸਾਫਰੀ ਟੋਪੀ। ਉਸ ਦੇ ਪਿੱਛੇ ਮਿਸੀ, ਉਸ ਦਾ ਮਸੇਰ ਮੀਸ਼ਾ ਤੇ ਇਕ ਹੋਰ ਨਖ਼ਲਿਊਦੋਫ਼ ਦਾ ਸਿਆਣੂ-ਲੰਮੀ ਗਰਦਨ ਵਾਲਾ ਰਾਜਨਾਇਕ, ਆਸਤਨ, ਵੱਧੀ ਹੋਈ ਘੰਢੀ ਵਾਲਾ, ਤੇ ਨਿਰੰਤਰ ਹਸੂੰ ਹਸੂੰ ਕਰਦਾ ਸੁਭਾਵ ਤੇ ਚੇਹਰਾ। ਉਹ ਮੁਸਕਰਾ ਰਹੀ ਮਿਸੀ ਨੂੰ ਬੜੇ ਜ਼ੋਰ ਨਾਲ ਭਾਵੇਂ ਮਖੌਲ ਵਿਚ, ਕੁਝ ਦੱਸ ਰਿਹਾ ਸੀ। ਪਿੱਛੇ ਡਾਕਟਰ, ਗੁੱਸੇ ਜਿਹੇ ਨਾਲ ਸਿਗਰਟ ਦੇ ਸੂਟੇ ਲਗਾਂਦਾ ਆ ਰਿਹਾ ਸੀ। ਕਾਰਚਗਿਨ ਪਰਿਵਾਰ ਸ਼ਹਿਰ ਦੇ ਨੇੜਲੀ ਆਪਣੀ ਜਾਗੀਰ ਤੋਂ ਕੰਵਰਾਣੀ ਦੀ ਭੈਣ ਦੀ ਜਾਗੀਰ ਨੂੰ ਜਾ ਰਿਹਾ ਸੀ, ਜੋ ਨਿਯਨੀ ਦੀ ਰੇਲ ਦੀ ਲੀਹ ਉੱਤੇ ਸੀ।

ਜਲੂਸ, ਕੁਰਸੀ ਚੁੱਕਣ ਵਾਲੇ ਆਦਮੀ, ਨੌਕਰਾਣੀ ਤੇ ਡਾਕਟਰ ਇਸਤਰੀਆਂ ਦੇ ਬੈਠਣ ਵਾਲੇ ਕਮਰੇ ਵਿਚ ਚਲੇ ਗਏ, ਜਿਸ ਤੋਂ ਦਰਸ਼ਕਾਂ ਵਿਚ ਉਤਸੁਕਤਾ ਤੇ ਆਦਰ ਭਾਵ ਉਤਪੰਨ ਹੋ ਰਿਹਾ ਸੀ। ਪਰ ਬੁੱਢਾ ਕੰਵਰ ਇਸ ਖਾਣ ਪਾਣ ਵਾਲੇ ਕਮਰੇ ਵਿਚ ਰਹਿ ਗਿਆ ਤੇ ਇਕ ਮੇਜ਼ ਪਾਸ ਬੈਠ ਕੇ ਉਸ ਨੇ ਬੈਰੇ ਨੂੰ ਬੁਲਾਇਆ ਤੇ ਖਾਣ ਪੀਣ ਦਾ ਆਰਡਰ ਦਿੱਤਾ। ਮਿਸੀ ਤੇ ਆਸਤਨ ਵੀ ਇਸ ਕਮਰੇ ਵਿਚ ਆ ਗਏ ਤੇ ਬੈਠਣ ਹੀ ਲੱਗੇ ਸਨ, ਜਦੋਂ ਉਨ੍ਹਾਂ ਨੇ ਇਕ ਵਾਕਿਫ਼ ਇਸਤਰੀ ਦਰਵਾਜੇ ਵਿਚ ਖੜੀ ਤੱਕੀ ਤੇ ਉਹ ਉਸ ਵੱਲ ਨੂੰ ਹੋਏ। ਇਹ ਨਤਾਲੀ ਰਾਗੋਬਿੰਸਕਾਇਆ ਸੀ।

ਨਤਾਲੀ, ਅਗਰਾਫ਼ਨਾ ਪੀਤਰੋਫਨਾ ਦੇ ਨਾਲ, ਖਾਣ-ਪੀਣ ਦੇ ਕਮਰੇ ਵਿਚ ਆਈ ਤੇ ਦੋਵੇਂ ਕਮਰੇ ਵਿਚ ਇਧਰ ਉਧਰ ਵੇਖਣ ਲੱਗੀਆਂ। ਨਤਾਲੀ ਦੀ ਨਜ਼ਰ, ਇਕੋ ਵਕਤ,

ਆਪਣੇ ਭਰਾ ਤੇ ਮਿੱਸੀ ਉੱਤੇ ਪਈ। ਭਰਾ ਵੱਲ ਕੇਵਲ ਸਿਰ ਹਿਲਾ ਕੇ ਉਹ ਪਹਿਲਾਂ ਮਿਸੀ ਵੱਲ ਗਈ, ਜਿਸ ਨੂੰ ਚੁੰਮਣ ਦੇ ਕੇ ਉਹ ਇਕ ਦਮ ਭਰਾ ਵੱਲ ਮੁੜ ਆਈ।

"ਓੜਕ ਲੱਭ ਹੀ ਲਿਆ ਤੁਹਾਨੂੰ !" ਉਹ ਬੋਲੀ, ਨਖ਼ਲਿਊਦੌਫ਼ ਮਿਸੀ, ਮੀਸ਼ਾ ਤੇ ਆਸਤਨ ਦੇ ਆਦਰ ਵਿਚ ਤੇ ਉਨ੍ਹਾਂ ਨਾਲ ਗੱਲ ਕਰਨ ਲਈ ਖੜਾ ਹੋ ਗਿਆ। ਮਿਸੀ ਨੇ ਉਸ ਨੂੰ ਆਪਣੀ ਪਿੰਡੋਰੀ ਵਿਚ ਅੱਗ ਲੱਗਣ ਦਾ ਦੱਸਿਆ, ਜਿਸ ਕਾਰਣ ਉਨ੍ਹਾਂ ਨੂੰ ਉਸ ਦੀ ਮਾਸੀ ਪਾਸ ਜਾਣ ਦੀ ਲੋੜ ਪਈ ਸੀ, ਆਸਤਨ ਅੱਗ ਦੀ ਇਕ ਹਸਾਉਣੀ ਕਹਾਣੀ ਸੁਣਾਉਣ ਲੱਗਾ।

ਨਖ਼ਲਿਊਦੌਫ਼ ਨੇ ਇਸ ਵੱਲ ਕੋਈ ਧਿਆਨ ਨਾ ਦਿੱਤਾ ਤੇ ਆਪਣੀ ਭੈਣ ਵੱਲ ਮੁੜ ਕੇ ਆਖਿਆ, "ਮੈਂ ਕਿੰਨਾ ਖੁਸ਼ ਹਾਂ ਤੁਸੀਂ ਆ ਗਏ ਹੋ।"

"ਮੈਂ ਇੱਥੇ ਚਿਰ ਦੀ ਉਡੀਕ ਰਹੀ ਹਾਂ," ਨਤਾਲੀ ਨੇ ਆਖਿਆ। "ਅਗਰਾਫ਼ਨਾ ਪੀਤਰੋਫ਼ਨਾ-ਮੇਰੇ ਨਾਲ ਹੈ।" ਤੇ ਉਸ ਨੇ ਅਗਰਾਫ਼ਨਾ ਪੀਤਰੋਫਨਾ ਵੱਲ ਇਸ਼ਾਰਾ ਕੀਤਾ ਜੋ ਇਕ ਬਰਸਾਤੀ ਤੇ ਸਿਰ ਉੱਤੇ ਟੋਪੀ ਪਹਿਨੀ, ਕੁਝ ਹੱਟ ਕੇ ਖੜੀ ਹੋਈ ਸੀ। ਉਸਨੇ ਨਖ਼ਲਿਊਦੌਫ਼ ਨੂੰ ਨਿੱਘੇ ਮਾਣ ਤੇ ਕੁਝ ਸੰਗ ਨਾਲ ਨਮਸਕਾਰ ਕੀਤੀ, ਜਿਵੇਂ ਉਹ ਕੋਈ ਵਿਘਨ ਨਾ ਪਾਣਾ ਚਾਹੁੰਦੀ ਹੋਵੇ।

"ਅਸਾਂ ਤੁਹਾਨੂੰ ਸਾਰੇ ਲੱਭਿਆ।"

"ਤੇ ਮੈਂ ਇਥੇ ਸੌਂ ਗਿਆ ਸਾਂ। ਮੈਨੂੰ ਕਿੰਨੀ ਖੁਸ਼ੀ ਹੈ ਤੁਸੀਂ ਆ ਗਏ ਹੋ।" ਨਖ਼ਲਿਊਦੌਫ਼ ਨੇ ਦੁਹਰਾਇਆ। "ਮੈ ਤੁਹਾਨੂੰ ਚਿੱਠੀ ਲਿਖਣੀ ਵੀ ਆਰੰਭੀ ਸੀ।"

"ਸੱਚੀ ?" ਉਹ ਬੋਲੀ, ਜਿਵੇਂ ਡਰ ਗਈ ਹੋਵੇ। "ਕਾਹਦੀ ?"

ਮਿੱਸੀ ਤੇ ਦੂਜੇ ਭੱਦਰ ਪੁਰਸ਼, ਇਹ ਜਾਣ ਕੇ ਕਿ ਭੈਣ ਭਰਾ ਨਿੱਘੀਆਂ ਗੱਲਾਂ ਕਰਨਾ ਚਾਹਦੇ ਹੋਣਗੇ, ਪਰ੍ਹੇ ਹੋ ਗਏ। ਨਖ਼ਲਿਊਦੌਫ਼ ਤੇ ਉਸ ਦੀ ਭੈਣ ਬਾਰੀ ਕੋਲ ਇਕ ਮਖਮਲੀ ਸੋਫੇ ਉੱਤੇ ਬੈਠ ਗਏ, ਜਿਸ ਉੱਤੇ ਇਕ ਕੰਬਲ, ਇਕ ਬੱਕਸ, ਤੇ ਕੁਝ ਹੋਰ ਚੀਜ਼ਾਂ ਪਈਆਂ ਸਨ।

"ਕੱਲ੍ਹ ਤੁਹਾਡੇ ਕੋਲੋਂ ਜਾਣ ਪਿੱਛੋਂ ਮੇਰਾ ਜੀ ਕੀਤਾ ਮੈਂ ਤੁਹਾਡੇ ਪਾਸ ਜਾਵਾਂ ਤੇ ਖਿਮਾ ਯਾਚਨ ਕਰਾਂ, ਪਰ ਮੈਨੂੰ ਪਤਾ ਨਹੀਂ ਸੀ ਰਾਗੋਯਿਸਕੀ ਇਸ ਨੂੰ ਕਿਵੇਂ ਲਵੇਗਾ," ਬਾਰੀ ਕੋਲ

ਇਕ ਮਖਮਲੀ ਕਹਿਣ ਲੱਗਾ, "ਮੈਂ ਉਸ ਨਾਲ ਕਾਹਲਾ ਬੋਲਿਆ ਸਾਂ, ਤੇ ਮੈਨੂੰ ਇਸ ਤੋਂ ਦੁੱਖ ਹੋ ਰਿਹਾ ਸੀ।"

'ਮੈਨੂੰ ਪਤਾ ਸੀ, ਪੱਕਾ ਵਿਸ਼ਵਾਸ ਸੀ, ਤੇਰਾ ਇਹ ਭਾਵ ਨਹੀਂ ਸੀ" ਉਸ ਦੀ ਭੈਣ ਬੋਲੀ, "ਓ ! ਤੁਸੀਂ ਜਾਣਦੇ ਹੋ !" ਉਸ ਦੀਆਂ ਅੱਖਾਂ ਵਿਚ ਹੰਝੂ ਆ ਗਏ ਤੇ ਉਸ ਨੇ ਭਰਾ ਦੇ ਹੱਥ ਨੂੰ ਛੂਹਿਆ।

ਵਾਕ ਸਪਸ਼ਟ ਨਹੀਂ ਸੀ, ਪਰ ਉਸ ਨੇ ਪੂਰਾ ਭਾਵ ਸਮਝ ਲਿਆ ਸੀ, ਤੇ ਜੋ ਇਸ ਨੇ ਆਖਿਆ ਸੀ ਉਸ ਨੂੰ ਪ੍ਰਭਾਵਤ ਕਰ ਰਿਹਾ ਸੀ। ਉਸ ਦੇ ਸ਼ਬਦਾਂ ਦਾ ਭਾਵ ਸੀ ਕਿ ਪਤੀ ਦੇ ਪ੍ਰੇਮ ਤੋਂ ਉਪਰੰਤ, ਜਿਸ ਦੇ ਉਹ ਵਸ ਵਿਚ ਸੀ, ਉਹ ਆਪਣੇ ਭਰਾ ਵੱਲ ਪ੍ਰੇਮ ਨੂੰ ਬਹੁਤ ਵੱਡਮੁੱਲਾ ਸਮਝਦੀ ਸੀ, ਇਸ ਦੀ ਬੜੀ ਕਦਰ ਕਰਦੀ ਸੀ, ਤੇ ਉਨ੍ਹਾਂ ਦੋਹਾਂ ਵਿਚ ਕਿਸੇ ਵੀ ਗ਼ਲਤ-ਫਹਿਮੀ ਤੋਂ ਉਸ ਨੂੰ ਵੱਡਾ ਕਲੇਸ਼ ਹੁੰਦਾ ਸੀ।

"ਸ਼ੁਕਰੀਆ, ਸ਼ੁਕਰੀਆ। ਉਫ਼, ਮੈ ਅੱਜ ਕੀ ਕੁਝ ਵੇਖਿਆ ਹੈ।" ਨਖ਼ਲਿਊਦੌਫ਼ ਨੇ ਸਹਸਾ ਦੂਜੇ ਮੋਏ ਕੈਦੀ ਦਾ ਖ਼ਿਆਲ ਕਰ ਕੇ ਕਿਹਾ। "ਦੋ ਕੈਦੀ ਮਾਰ ਦਿੱਤੇ ਗਏ ਹਨ।"

"ਮਾਰ ਦਿੱਤੇ ? ਕਿਵੇਂ ?"

"ਹਾਂ, ਮਾਰ ਦਿੱਤੇ, ਉਨ੍ਹਾਂ ਨੂੰ ਇਸ ਗਰਮੀ ਵਿਚ ਬਾਹਰ ਲੈ ਆਏ ਤੇ ਦੋ ਧੁੱਪ ਦੇ ਫੁੱਟਕੇ ਨਾਲ ਮਰ ਗਏ।"

"ਅਸੰਭਵ ! ਕੀ, ਅੱਜ ? ਹੁਣੇ ?"

"ਹਾਂ, ਹੁਣੇ ਮੈਂ ਉਨ੍ਹਾਂ ਦੀਆਂ ਲਾਸ਼ਾਂ ਵੇਖੀਆਂ ਹਨ।"

"ਪਰ ਮਾਰ ਕਿਉਂ ਦਿੱਤੇ ? ਕਿਸ ਨੇ ਮਾਰ ਦਿੱਤੇ ?" ਨਤਾਲੀ ਨੇ ਪੁੱਛਿਆ।

"ਜਿਨ੍ਹਾਂ ਨੇ ਉਨ੍ਹਾਂ ਨੂੰ ਜ਼ੋਰੀ ਬਾਹਰ ਲੈ ਆਂਦਾ, ਉਨ੍ਹਾਂ ਮਾਰ ਦਿੱਤੇ।" ਨਖ਼ਲਿਊਦੌਫ਼ ਨੇ ਖਿੱਝ ਕੇ ਜਵਾਬ ਦਿੱਤਾ, ਇਹ ਜਾਣ ਕੇ ਕਿ ਉਹ ਵੀ ਇਸ ਗੱਲ ਨੂੰ ਆਪਣੇ ਪਤੀ ਦੀਆਂ ਅੱਖਾਂ ਨਾਲ ਵੇਖ ਰਹੀ ਸੀ।

"ਓ ਰੱਬਾ !" ਅਗਰਾਫ਼ਨਾ ਪੀਤਰੋਫੋਨਾ ਬੋਲੀ, ਜੋ ਉਨ੍ਹਾਂ ਕੋਲ ਆ ਖਲੌਤੀ ਸੀ।

"ਹਾਂ, ਸਾਨੂੰ ਕੁਝ ਵੀ ਪਤਾ ਨਹੀਂ ਇਨ੍ਹਾਂ ਅਭਾਗਿਆਂ ਨਾਲ ਕੀ ਹੋ ਰਿਹਾ ਹੈ। ਪਰ ਇਸ ਦਾ ਪਤਾ ਹੋਣਾ ਚਾਹੀਦਾ।" ਨਖ਼ਲਿਊਦੌਫ਼ ਨੇ ਹੋਰ ਆਖਿਆ ਤੇ ਬੁੱਢੇ ਕਾਰਚਗਿਨ

ਵੱਲ ਵੇਖਿਆ, ਜੋ ਗੱਲ ਉਦਾਲੇ ਇਕ ਰੁਮਾਲ ਬੰਨ੍ਹੀ ਅਤੇ ਆਪਣੇ ਅੱਗੇ ਬੋਤਲ ਰੱਖੀ ਬੈਠਾ ਹੁਣੇ ਨਖ਼ਲਿਊਦੌਫ਼ ਵੱਲ ਮੁੜ ਕੇ ਵੇਖਣ ਲੱਗਾ ਸੀ।

" ਨਖ਼ਲਿਊਦੌਫ਼ " ਉਸ ਨੇ ਸੱਦਿਆ, "ਮੇਰੇ ਕੋਲ ਆ ਕੇ ਇਹ ਕੁਝ ਖਾਣ ਪਾਣ ਨਹੀਂ ਕਰਨਾ ? ਲੰਮੇ ਸਫ਼ਰ ਤੋਂ ਪਹਿਲਾਂ ਚੰਗਾ ਹੁੰਦਾ ਹੈ।"

ਨਖ਼ਲਿਊਦੌਫ਼ ਨੇ ਨਾਂਹ ਕਰ ਦਿੱਤੀ ਤੇ ਮੂੰਹ ਦੂਜੇ ਪਾਸੇ ਕਰ ਲਿਆ।

"ਪਰ ਤੁਸੀਂ ਕੀ ਕਰਨਾ ਚਾਹੁੰਦੇ ਹੋ ?" ਨਤਾਲੀ ਨੇ ਅੱਗੋਂ ਪੁੱਛਿਆ

"ਜੋ ਕੁਝ ਮੈਂ ਕਰ ਸਕਾਂ। ਮੈਨੂੰ ਪਤਾ ਨਹੀਂ, ਪਰ ਮੈਂ ਸਮਝਦਾ ਹਾਂ ਮੈਨੂੰ ਜ਼ਰੂਰ ਕੁਝ ਕਰਨਾ ਚਾਹੀਦਾ ਹੈ। ਤੇ ਮੈਂ ਕਰਾਂਗਾ ਜੋ ਕੁਝ ਕਰ ਸਕਿਆ।"

"ਹਾਂ, ਮੈਂ ਸਮਝ ਗਈ। ਤੇ ਉਨ੍ਹਾਂ ਬਾਰੇ ਕੀ ਗੱਲ ਹੈ ?" ਉਸ ਨੇ ਕਾਰਚਗਿਨ ਵੱਲ ਵੇਖ ਕੇ ਤੇ ਮੁਸਕਰਾ ਕੇ ਆਖਿਆ।

"ਇਹ ਸੰਭਵ ਹੈ ਕਿ ਸਭ ਕੁਝ ਖਤਮ ਹੈ।"

"ਬਿਲਕੁਲ, ਤੇ ਮੇਰਾ ਖ਼ਿਆਲ ਹੈ ਦੋਹਾਂ ਧਿਰਾਂ ਵਿਚੋਂ ਕਿਸੇ ਨੂੰ ਕੋਈ ਖੇਦ ਨਹੀਂ ਇਸ ਦਾ।"

"ਮਾੜੀ ਗੱਲ ਹੈ, ਤੇ ਮੈਨੂੰ ਖੇਦ ਹੁੰਦਾ ਹੈ। ਮੈਨੂੰ ਉਹ ਬਹੁਤ ਚੰਗੀ ਲੱਗਦੀ ਹੈ। ਪਰ, ਜੇ ਇਉਂ ਵੀ ਹੋਵੇ ਤਾਂ ਤੂੰ ਕਿਉਂ ਬੰਨ੍ਹਣਾ...... ਚਾਹੁੰਦਾ ਹੈ ਆਪਣੇ ਆਪ ਨੂੰ ?" ਉਸ ਨੇ ਸੰਕੋਚ ਨਾਲ ਆਖਿਆ। "ਤੂੰ ਕਿਉਂ ਜਾ ਰਿਹਾ ਹੈਂ ?"

"ਕਿਉਂਕਿ ਮੇਰਾ ਜਾਣਾ ਜ਼ਰੂਰੀ ਹੈ।" ਨਖ਼ਲਿਊਦੌਫ਼ ਨੇ ਗੰਭੀਰ ਤੇ ਖ਼ੁਸ਼ਕ ਜਵਾਬ ਦਿੱਤਾ, ਜਿਵੇਂ ਉਹ ਇਸ ਗੱਲ ਨੂੰ ਖਤਮ ਕਰਨਾ ਚਾਹੁੰਦਾ ਹੋਵੇ, ਪਰ ਚੱਟ ਹੀ ਉਸ ਨੂੰ ਆਪਣੇ ਕਰੋ-ਪਣ ਉੱਤੇ ਸ਼ਰਮ ਆ ਗਈ। ਕਿਉਂ ਨਾ ਸਭ ਕੁਝ ਇਸ ਨੂੰ ਦੱਸ ਦੇਵਾਂ ਜੋ ਮੈਂ ਸੋਚ ਰਿਹਾ ਹਾਂ, ਤੇ ਅਗਰਾਫ਼ਨਾ ਪੀਤਰੋਕਨਾ ਵੀ ਸੁਣ ਲਵੇ ? ਉਸ ਨੇ ਸੋਚਿਆ, ਤੇ ਬੁੱਢੀ ਨੌਕਰਾਣੀ ਵੱਲ ਵੇਖਿਆ ਜਿਸ ਦਾ ਉਥੇ ਹੋਣਾ ਉਸ ਦੇ ਆਪਣੀ ਭੈਣ ਕੋਲ ਆਪਣਾ ਫ਼ੈਸਲਾ ਦੁਹਰਾਣ ਦੀ ਇੱਛਾ ਨੂੰ ਹੋਰ ਤੱਕੜਾ ਕਰ ਰਿਹਾ ਸੀ।

"ਤੁਹਾਡਾ ਮਤਲੱਬ ਹੈ ਮੇਰਾ ਕਤੂਸਾਂ ਨੂੰ ਵਿਆਹ ਲੈਣ ਦਾ ਇਰਾਦਾ ਹੈ ? ਹਾਂ, ਗੱਲ ਇਹ ਹੈ, ਮੈਂ ਇਹ ਕਰਨ ਦਾ ਮਨ ਬਣਾ ਲਿਆ ਹੈ, ਪਰ ਉਹ ਦ੍ਰਿੜਤਾ ਨਾਲ ਤੇ ਸਾਫ਼

ਸਾਫ਼ ਇਨਕਾਰ ਕਰ ਰਹੀ ਹੈ।" ਉਸ ਨੇ ਆਖਿਆ, ਤੇ ਉਸ ਦੀ ਅਵਾਜ਼ ਕੰਬੀ, ਜਿਵੇਂ ਜਦੋਂ ਵੀ ਉਹ ਇਹ ਗੱਲ ਕਰਦਾ ਸੀ, ਕੰਬਦਾ ਸੀ। "ਉਹ ਮੇਰੀ ਕੁਰਬਾਨੀ ਨੂੰ ਪਰਵਾਨ ਨਹੀਂ ਕਰਨਾ ਚਾਹੁੰਦੀ, ਪਰ ਆਪਾ ਕੁਰਬਾਨ ਕਰ ਰਹੀ ਹੈ ਜਿਸ ਦਾ ਉਸ ਦੀ ਦਸ਼ਾ ਵਿਚ ਵੱਡਾ ਮੁੱਲ ਹੋਣਾ ਚਾਹੀਦਾ ਹੈ। ਤੇ ਇਹ ਇਕ ਝੱਟਪਟੀ ਪ੍ਰਤਿਕਰਮ ਹੈ। ਮੈਂ ਵੀ ਇਸ ਨੂੰ ਸਵੀਕਾਰ ਨਹੀਂ ਕਰ ਸਕਦਾ। ਇਸ ਲਈ ਮੈਂ ਉਸ ਦੇ ਨਾਲ ਜਾ ਰਿਹਾ ਹਾਂ ਤੇ ਜਿਥੇ ਉਹ ਰਹੇਗੀ, ਉਥੇ ਰਹਾਂਗਾ ਤੇ ਉਸ ਦੇ ਭਾਗ ਨੂੰ ਜਿੰਨਾ ਹੋ ਸਕੇ ਸੌਖਾ ਕਰ ਦਾ ਯਤਨ ਕਰਾਂਗਾ।

ਨਤਾਲੀ ਕੁਝ ਨਾ ਬੋਲੀ। ਅਗਰਾਫ਼ਨਾ ਪੀਤਰੋਫ਼ਨਾ ਨੇ ਪੁੱਛਦੀ ਨਜ਼ਰ ਨਾਲ ਉਸ ਵਲ ਵੇਖਿਆ ਤੇ ਸਿਰ ਹਿਲਾ ਦਿੱਤਾ। ਇਸ ਮੌਕੇ ਉਹ ਹੀ ਪਹਿਲਾਂ ਜਲੂਸ ਇਸਤਰੀਆਂ ਵਾਲੇ ਕਮਰੇ ਵਿਚੋਂ ਫਿਰ ਬਾਹਰ ਆਇਆ। ਉਹ ਹੀ ਸੁਨੱਖਾ ਪਿਆਦਾ (ਫਿਲਿਪ) ਤੇ ਦਰਬਾਨ ਕੰਵਰਾਣੀ ਕਾਰਚਗਿਨਾ ਨੂੰ ਚੁੱਕੀ ਆ ਰਹੇ ਸਨ। ਉਸ ਨੇ ਚੁੱਕਣ ਵਾਲਿਆਂ ਨੂੰ ਰੋਕ ਲਿਆ ਉਹ ਹੀ ਤੇ ਨਖ਼ਲਿਊਦੌਫ਼ ਨੂੰ ਸੈਨਤ ਨਾਲ ਕੋਲ ਸੱਦਿਆ ਤੇ ਉਸ ਦੇ ਹੱਥ ਦੇ ਕਰੜੇ ਦਬਾਉ ਤੋਂ ਡਰ ਜਿਹੇ ਨਾਲ ਤੇ ਤਰਸਯੋਗ, ਢਹਿੰਦੀ ਜੇਹੀ ਦਸ਼ਾ ਵਿਚ ਆਪਣਾ ਚਿੱਟਾ, ਮੁੰਦਰੀਆਂ ਵਾਲਾ ਹੱਥ ਅੱਗੇ ਕੀਤਾ।

"ਕਹਿਰਾਂ।" ਉਸ ਨੇ ਫਰਾਂਸੀਸੀ ਵਿਚ ਗਰਮੀ ਬਾਰੇ ਆਖਿਆ। "ਮੇਰੇ ਕੋਲੋਂ ਨਹੀਂ ਇਹ ਸਹੀ ਜਾਂਦੀ। (ਫਿਰ ਫਰਾਂਸੀਸੀ ਵਿਚ) "ਇਹ ਮੌਸਮ ਮੈਨੂੰ ਮਾਰ ਦੇਵੇਗਾ।" ਤੇ ਰੂਸੀ ਮੌਸਮ ਦੇ ਕਹਿਰਾਂ ਬਾਰੇ ਥੋੜਾ ਕੁਝ ਕਹਿ ਕੇ ਤੇ ਨਖ਼ਲਿਊਦੌਫ਼ ਨੂੰ ਉਨ੍ਹਾਂ ਦੇ ਘਰ ਆਉਣ ਦਾ ਨਿਮੰਤ੍ਰਣ ਦੇ ਕੇ, ਉਸ ਨੇ ਚੁੱਕਣ ਵਾਲਿਆਂ ਨੂੰ ਚਲ ਪੈਣ ਦਾ ਇਸ਼ਾਰਾ ਕੀਤਾ।

"ਜ਼ਰੂਰ ਸਾਨੂੰ ਮਿਲਣ ਆਉਣਾ।" ਜਦੋਂ ਉਹ ਤੁਰ ਪਏ, ਉਸ ਨੇ ਆਪਣਾ ਲੰਮਾ ਮੁਖਾਂਤਰ ਨਖ਼ਲਿਊਦੌਫ਼ ਵੱਲ ਕਰ ਕੇ ਫਿਰ ਆਖਿਆ।

ਕੰਵਰਾਣੀ ਦਾ ਜਲੂਸ ਸੱਜੇ ਮੁੜ ਗਿਆ, ਪਹਿਲੇ ਦਰਜੇ ਦੇ ਡੱਬਿਆਂ ਵੱਲ ਨਖ਼ਲਿਊਦੌਫ਼ ਕੁੱਲੀ ਨਾਲ, ਜਿਸ ਨੇ ਉਸ ਦਾ ਅਸਬਾਬ ਚੁੱਕਿਆ ਹੋਇਆ ਸੀ ਤੇ ਤਰਾਸ ਆਪਣੀ ਬੋਰੀ ਚੁੱਕੀ, ਖੱਬੇ ਪਾਸੇ ਮੁੜ ਪਏ।

"ਇਹ ਮੇਰਾ ਸਾਥੀ ਹੈ।" ਨਖ਼ਲਿਊਦੌਫ਼ ਨੇ ਤਰਾਸ ਵੱਲ ਇਸ਼ਾਰਾ ਕਰ ਕੇ ਆਪਣੀ ਭੈਣ ਨੂੰ ਦੱਸਿਆ। ਤਰਾਸ ਦੀ ਕਹਾਣੀ ਉਹ ਉਸ ਨੂੰ ਪਹਿਲਾ ਦੱਸ ਚੁੱਕਾ ਸੀ।

"ਤੁਸੀਂ ਤੀਜੇ ਦਰਜੇ ਵਿਚ ਨਹੀਂ ਰਹੇ ?" ਨਤਾਲੀ ਕਹਿਣ ਲੱਗੀ, ਜਦੋਂ ਨਖ਼ਲਿਊਦੌਫ਼ ਤੀਜੇ ਦਰਜੇ ਦੇ ਡੱਬੇ ਕੋਲ ਆ ਕੇ ਖਲੋ ਗਿਆ ਤੇ ਤਰਾਸ ਤੇ ਕੁੱਲੀ ਅਸਬਾਬ ਲੈ ਕੇ ਅੰਦਰ ਚਲੇ ਗਏ।

"ਹਾਂ, ਮੈਨੂੰ ਇਹ ਬਿਹਤਰ ਲੱਗਦਾ ਹੈ। ਤਰਾਸ ਦੇ ਸਾਥ ਵਿਚ ਹਾਂ।" ਉਹ ਬੋਲਿਆ। "ਇਕ ਗੱਲ ਹੋਰ। ਹੁਣ ਤਕ ਮੈਂ ਕੁਸਮਿੰਸਕੀ ਵਾਲੀ ਭੂਮੀ ਕਿਰਸਾਨਾਂ ਨੂੰ ਨਹੀਂ ਦਿੱਤੀ, ਇਸ ਲਈ ਜੇ ਮੈਂ ਮਰ ਗਿਆ ਤਾਂ ਤੇਰੇ ਬੱਚੇ ਇਸ ਦੇ ਵਾਰਿਸ ਹਨ।"

"ਦਮਿੱਤਰੀ, ਨਾ!" ਨਤਾਲੀ ਨੇ ਤਰਲਾ ਕੀਤਾ।

"ਜੇ ਮੈਂ ਇਹ ਦੇ ਦਿੱਤੀ, ਤਾਂ ਜੋ ਮੈਂ ਕਰ ਸਕਦਾ ਹਾਂ ਇਹ ਹੈ ਕਿ ਬਾਕੀ ਸਭ ਕੁਝ ਉਨ੍ਹਾਂ ਦਾ ਹੋਵੇਗਾ, ਕਿਉਂਕਿ ਮੇਰੇ ਵਿਆਹ ਕਰਨ ਦੀ ਬਹੁਤੀ ਆਸ ਨਹੀਂ, ਤੇ ਜੇ ਮੈਂ ਵਿਆਹ ਕਰ ਲਿਆ, ਮੇਰੇ ਕੋਲ ਸੰਤਾਨ ਨਹੀਂ ਹੋਵੇਗੀ ਸੋ....

"ਦਮਿੱਤਰੀ, ਇਸ ਤਰ੍ਹਾਂ ਦੀਆਂ ਗੱਲਾਂ ਨਾ ਕਰੋ।" ਨਤਾਲੀ ਕਹਿਣ ਲੱਗੀ। ਪਰ ਨਖ਼ਲਿਊਦੌਫ਼ ਨੇ ਤਾੜ ਲਿਆ ਉਹ ਉਸ ਨੂੰ ਇਹ ਕਹਿੰਦਾ ਸੁਣ ਕੇ ਖ਼ੁਸ਼ ਸੀ।

ਹੋਰ ਅੱਗੇ, ਪਹਿਲੇ ਦਰਜੇ ਦੇ ਇਕ ਡੱਬੇ ਕੋਲ, ਲੋਕਾਂ ਦਾ ਇਕ ਇਕੱਠ ਸੀ ਜੋ ਉਸ ਡੱਬੇ ਵੱਲ ਵੇਖ ਰਹੇ ਸਨ ਜਿਸ ਵਿਚ ਕੰਵਰਾਣੀ ਕਾਰਚਗਿਨਾ ਨੂੰ ਲੈ ਗਏ ਸਨ। ਬਹੁਤੇ ਮਸਾਫ਼ਰ ਬੈਠ ਚੁੱਕੇ ਸਨ। ਕੁਝ ਦੇਰ ਨਾਲ ਆਉਣ ਵਾਲੇ ਕਾਹਲੀ ਕਾਹਲੀ ਪਲੇਟਫ਼ਾਰਮ ਦੇ ਫੱਟਿਆਂ ਦਾ ਖੜਾਕ ਕਰਦੇ ਪਹੁੰਚ ਰਹੇ ਸਨ; ਗਾਰਡ ਦਰਵਾਜ਼ੇ ਬੰਦ ਕਰ ਰਿਹਾ ਤੇ ਮੁਸਾਫਰਾਂ ਨੂੰ ਅੰਦਰ ਹੋ ਜਾਣ ਤੇ ਦੂਜਿਆਂ ਨੂੰ ਬਾਹਰ ਨਿਕਲ ਆਉਣ ਲਈ ਆਖ ਰਿਹਾ ਸੀ। ਨਖ਼ਲਿਊਦੌਫ ਗਰਮੀ ਦੇ ਮੁਸ਼ਕ ਨਾਲ ਭਰੇ ਡੱਬੇ ਵਿਚ ਵੱੜ ਗਿਆ, ਪਰ ਝੱਟ ਡੱਬੇ ਦੇ ਇਕ ਪਾਸੇ ਦੇ ਵਧਾਰੇ ਉੱਤੇ ਬਾਹਰ ਨਿਕਲ ਕੇ ਖੜਾ ਹੋ ਗਿਆ।

ਨਤਾਲੀ ਆਪਣੀ ਫ਼ੈਸ਼ਨਦਾਰ ਟੋਪੀ ਤੇ ਸਿਰਪੋਸ਼ ਵਿਚ, ਡੱਬੇ ਦੇ ਕੋਲ ਅਗਰਾਫ਼ਨਾ ਪੀਤਰੋਵਨਾ ਦੇ ਨਾਲ ਖੜੀ ਸੀ, ਤੇ ਜਾਪਦਾ ਹੈ ਕੁਝ ਕਹਿਣ ਦਾ ਯਤਨ ਕਰ ਰਹੀ ਸੀ।

ਉਹ ਫ਼ਰਾਂਸੀਸੀ ਵਿਚ "ਮੈਨੂੰ ਲਿਖੀਂ" ਵੀ ਨਾ ਆਖ ਸਕੀ, ਕਿਉਂਕਿ ਉਹ ਸਦਾ ਇਨ੍ਹਾਂ ਸ਼ਬਦਾਂ ਉੱਤੇ ਜੋ ਜੁਦਾ ਹੋਣ ਲੱਗੇ ਲੋਕ ਰਿਵਾਜਨ ਆਖਦੇ ਸਨ, ਹੱਸਿਆ ਕਰਦੇ

ਸਨ। ਦ੍ਵਿ ਬਾਰੇ-ਗੱਲ ਬਾਤ ਨੇ ਇਕ ਦਮ ਉਹ ਕੋਮਲ ਭੈਣਾਂ-ਭਰਾਵਾਂ ਵਾਲੇ ਭਾਵ ਮਾਰ ਦਿੱਤੇ ਸਨ। ਜਿਨ੍ਹਾਂ ਨਾਲ ਉਨ੍ਹਾਂ ਦੇ ਦਿਲ ਭਰੇ ਹੋਏ ਸਨ। ਉਹ ਹੁਣ ਓਪਰੇ ਲੱਗਦੇ ਹਨ, ਇਸ ਲਈ ਨਤਾਲੀ ਖ਼ੁਸ਼ ਸੀ ਕਿ ਗੱਡੀ ਚਲ ਪਈ ਸੀ। ਆਪਣਾ ਸਿਰ ਇਕ ਉਦਾਸ ਤੇ ਕੋਮਲ ਝਾਕਣੀ ਨਾਲ ਹਿਲਾਂਦੀ ਉਹ ਕੇਵਲ ਇਤਨਾ ਕਹਿ ਸਕੀ, ਸੁਖੀ ਰਹੋ, ਸੁਖੀ ਰਹੋ, ਦਿਮਿੱਤਰੀ।"

ਪਰ ਜਿਉਂ ਹੀ ਭਰਾ ਵਾਲਾ ਡੱਬਾ ਉਸ ਕੋਲੋਂ ਲੰਘ ਗਿਆ ਉਹ ਸੋਚਣ ਲੱਗੀ ਕਿ ਆਪਣੀ ਭਰਾ ਨਾਲ ਹੋਈ ਗੱਲਬਾਤ ਉਹ ਆਪਣੇ ਪਤੀ ਕੋਲ ਕਿਸ ਤਰ੍ਹਾਂ ਦੁਹਰਾਵੇ ਤੇ ਉਸ ਦਾ ਮੁਖਾਂਤਰ ਗੰਭੀਰ ਤੇ ਪਰੇਸ਼ਾਨ ਹੋ ਗਿਆ।

ਨਖ਼ਲਿਊਦੌਫ਼ ਵੀ ਭੈਣ ਕੋਲੋਂ ਜੁਦਾ ਹੋ ਕੇ ਖ਼ੁਸ਼ ਸੀ। ਭਾਵੇਂ ਉਸ ਦੇ ਪਾਸ ਉਸ ਲਈ ਨਿੱਘੀ ਸਦਵਾਭਨਾ ਤੋਂ ਬਿਨਾਂ ਹੋਰ ਕੁਝ ਨਹੀਂ ਨਹੀਂ ਸੀ, ਤੇ ਉਸ ਨੇ ਉਸ ਪਾਸੋਂ ਕੁਝ ਲੁਕਾ ਨਹੀਂ ਰੱਖਿਆ ਸੀ, ਉਹ ਹੁਣ ਭੈਣ ਵੱਲੋਂ ਉਦਾਸ ਤੇ ਔਖਾ ਔਖਾ ਮਹਿਸੂਸ ਕਰਨ ਲੱਗ ਪਿਆ ਸੀ। ਉਸ ਨੂੰ ਪ੍ਰਤੀਤ ਹੁੰਦਾ ਸੀ ਕਿ ਉਹ ਨਤਾਲੀ ਜੋ ਕਦੀ ਉਸ ਨੂੰ ਇਤਨੀ ਪਿਆਰੀ ਹੁੰਦੀ ਸੀ, ਹੁਣ ਨਹੀਂ ਸੀ ਰਹੀ ਤੇ ਉਸ ਦੀ ਥਾਂ ਹੁਣ ਇਕ ਜੱਤਲ, ਸਾਵਲੇ, ਅਣਸੁਖਾਵੇਂ ਤੇ ਓਪਰੇ ਪੁਰਸ਼ ਦੀ ਕੇਵਲ ਇਕ ਦਾਸ ਸੀ। ਉਸ ਨੂੰ ਇਹ ਸਾਫ਼ ਸਾਫ਼ ਦਿਸ ਪਿਆ ਸੀ ਜਦੋਂ ਉਸ ਦੇ ਉਹ ਗੱਲਾਂ ਕਰਨ ਉੱਤੇ ਜੋ ਉਸ ਦੇ ਪਤੀ ਦੇ ਵਿਸ਼ੇਸ਼ ਹਿੱਤ ਦੀਆਂ ਸਨ...... ਕਿਰਸਾਨਾਂ ਨੂੰ ਭੂਮੀ ਦੇ ਦੇਣਾ ਤੇ ਵਰਾਸਤ....... ਨਤਾਲੀ ਦਾ ਚੇਹਰਾ ਚਮਕ ਪਿਆ ਸੀ।

ਤੇ ਇਸ ਨੇ ਉਸ ਨੂੰ ਉਦਾਸ ਕਰ ਦਿੱਤਾ।

-0-

40

ਵੱਡੇ ਤੀਜੇ ਦਰਜੇ ਦੇ ਡੱਬੇ ਵਿਚ, ਜੋ ਸਾਰਾ ਦਿਨ ਤੱਪਦੀ ਧੁੱਪ ਵਿਚ ਖੜਾ ਰਿਹਾ ਸੀ, ਗਰਮੀ ਇੰਨੀ ਜ਼ਿਆਦਾ ਸੀ ਕਿ ਨਖ਼ਲਿਊਦੌਫ਼ ਅੰਦਰ ਨਾ ਵੜਿਆ, ਇਸ ਦੇ ਪਿੱਛੇ ਛੋਟੇ ਜਿਹੇ ਵਧਾਰੇ ਉੱਤੇ ਖਲੋ ਗਿਆ। ਪਰ ਉੱਥੇ ਹਵਾ ਸਾਹ ਲੈਣ ਨੂੰ ਵੀ ਤਿਆਰ ਨਹੀਂ ਸੀ। ਨਖ਼ਲਿਊਦੌਫ਼ ਨੇ ਖੁਲ੍ਹਾ ਸਾਹ ਉਦੋਂ ਲਿਆ ਜਦੋਂ ਗੱਡੀ ਇਮਾਰਤਾਂ ਨੂੰ ਲੰਘ ਚੁੱਕੀ ਸੀ, ਤੇ ਹਵਾ ਉਸ ਵਧਾਰੇ ਉੱਤੋਂ-ਲੰਘਣ ਲੱਗ ਪਈ।

"ਹਾਂ, ਮਾਰ ਦਿੱਤੇ।"" ਉਸ ਨੇ ਉਹ ਸ਼ਬਦ ਦੁਹਰਾਂਦੇ ਆਖਿਆ ਜੋ ਉਸ ਨੇ ਆਪਣੀ ਭੈਣ ਪਾਸ ਕਹੇ ਸਨ, ਤੇ ਉਸ ਦੀ ਕਲਪਨਾ ਵਿਚ ਹੋਰ ਸਾਰੇ ਪ੍ਰਭਾਵਾਂ ਵਿਚਕਾਰ ਦੂਜੇ ਮੋਏ ਹੋਏ ਕੈਦੀ ਦਾ ਸੁਹਣਾ ਚੇਹਰਾ ਇਕ ਅਸਚਰਜ ਸਪਸ਼ਟਤਾ ਨਾਲ ਉਠ ਖੜਾ ਹੋਇਆ। ਉਸ ਦੇ ਬੁਲ੍ਹਾਂ ਉੱਤੇ ਇਕ ਮੁਸਕਾਣ ਸੀ, ਭਰਵੱਟੇ ਤਣੇ ਹੋਏ ਸਨ ਤੇ ਨੀਲੀ ਮੁੰਨੀ ਹੋਈ ਖੋਪਰੀ ਹੇਠਾਂ ਇਕ ਛੋਟਾ ਤੇ ਕਰੜਾ ਕੰਨ ਦਿੱਸ ਰਿਹਾ ਸੀ।

ਸਿਤਮ ਤਾਂ ਇਹ ਹੈ ! ਉਸ ਨੇ ਸੋਚਿਆ, ਕਿ ਉਹ ਕਤਲ ਹੋ ਗਿਆ ਤੇ ਕਿਸੇ ਨੂੰ ਪਤਾ ਨਹੀਂ, ਕਤਲ ਕਰਨ ਵਾਲਾ ਕੌਣ ਹੈ। ਹਾਂ ਉਸ ਨੂੰ ਕਤਲ ਕੀਤਾ ਗਿਆ ਹੈ। ਮਸਲਨੀਕੋਫ਼ ਦੇ ਹੁਕਮ ਨਾਲ ਉਸ ਨੂੰ ਬਾਕੀ ਦੇ ਕੈਦੀਆਂ ਨਾਲ ਬਾਹਰ ਲਿਆਂਦਾ ਗਿਆ। ਵੀਹ ਵਿਸਵੇ ਮਸਲਨੀਕੋਫ਼ ਨੇ ਆਮ ਵਾਕਰ ਹੁਕਮ ਦੇ ਦਿੱਤਾ ਤੇ ਮੁੜ ਦਿਖਾਵੇ ਨਾਲ ਇਕ ਛੱਪੇ ਸਿਰਲੇਖ ਵਾਲੇ ਕਾਗਜ ਉਤੇ ਦੁਸਖਤ ਕਰ ਦਿੱਤੇ। ਨਿਸ਼ਚੇ ਹੀ ਉਹ ਆਪਣੇ ਆਪ ਨੂੰ ਦੋਸ਼ੀ ਨਹੀਂ ਸਮਝਦਾ ਹੋਣਾ। ਉਹ ਦੇ ਸੰਗੀ ਡਾਕਟਰ ਉਸ ਤੋਂ ਵੀ ਘਟ ਕੈਦੀਆਂ ਦਾ ਮੁਲਾਹਜ਼ਾ ਕੀਤਾ ਸੀ। ਉਸ ਨੇ ਆਪਣਾ ਕਰਤੱਵ ਠੀਕ ਨਿਭਾਇਆ ਤੇ ਕਮਜ਼ੋਰਾਂ ਨੂੰ ਵੱਖਰੇ ਕਰ ਦਿੱਤਾ। ਉਸ ਨੂੰ ਇਸ ਭਿਆਨਕ ਗਰਮੀ ਬਾਰੇ ਕੀ ਪਤਾ ਹੋ ਸਕਦਾ ਸੀ, ਜਾਂ ਇਸ ਗੱਲ ਦਾ ਕਿ ਏਡੇ ਦਿਨ ਗਏ ਚਲਣਗੇ ਤੇ ਇਤਨੀ ਭੀੜ ਹੋਵੇਗੀ ? ਕੈਦਖਾਨੇ ਦਾ ਇਨਸਪੈਕਟਰ? ਪਰ ਇਨਸਪੈਕਟਰ ਨੇ ਤਾਂ ਇਸ ਆਗਿਆ ਦਾ ਪਾਲਣ ਹੀ ਕੀਤਾ ਹੈ ਕਿ ਇਕ ਮਿੱਥੇ ਹੋਏ ਦਿਨ ਜਲਾਵਤਨ ਤੇ ਕੈਦੀਆਂ ਦੀ ਇਕ ਖ਼ਾਸ ਗਿਣਤੀ ਪੁਰਖ ਤੇ

ਇਸਤਰੀਆ ਭੇਜੇ ਜਾਣ ਵਾਲੇ ਕਾਫ਼ਲੇ ਦਾ ਅਫ਼ਸਰ ਵੀ ਦੋਸ਼ੀ ਨਹੀਂ ਹੋ ਸਕਦਾ। ਉਸ ਦਾ ਕੰਮ ਸੀ ਕੈਦੀਆਂ ਦੀ ਇਕ ਖ਼ਾਸ ਗਿਣਤੀ ਨੂੰ ਇਕ ਖ਼ਾਸ ਥਾਉਂ ਉੱਤੇ ਆਪਣੀ ਸਪੁੱਰਦਗੀ ਵਿਚ ਲਵੇ ਤੇ ਓਹੀ ਗਿਣਤੀ ਦੇ ਅੱਗੇ ਦੇਵੇ। ਉਸ ਨੇ ਸਾਧਾਰਨ ਭਾਂਤ ਉਨਾਂ ਨੂੰ ਸੰਭਾਲਿਆ। ਉਸ ਨੇ ਕੀ ਪਤਾ ਹੋ ਸਕਦਾ ਸੀ ਕਿ ਦੋ ਇਤਨੇ ਨਰੋਏ ਆਦਮੀ ਜਿਹੜੇ ਮੈਂ ਵੇਖੇ, ਇਸ ਧੁੱਪ ਨੂੰ ਸਹਾਰ ਨਹੀਂ ਸਕਣਗੇ ਤੇ ਮਰ ਜਾਣਗੇ। ਦੋਸ਼ੀ ਕੋਈ ਵੀ ਨਹੀਂ ਫਿਰ ਵੀ ਇਨਾਂ ਆਦਮੀਆਂ ਨੂੰ ਇਨਾਂ ਲੋਕਾ ਨੇ ਕਤਲ ਕੀਤਾ ਹੈ ਜੇ ਉਨ੍ਹਾਂ ਦੀ ਮੌਤ ਦੇ ਦੋਸ਼ੀ ਨਹੀਂ।

"ਇਹ ਸਭ ਕੁਝ ਦਾ ਕਾਰਨ ਇਹ ਹੈ।" ਨਖ਼ਲਿਊਦੌਫ਼ ਨੇ ਸੋਚਿਆ।" ਇਹ ਸਾਰੇ ਲੋਕ ਗਵਰਨਰ, ਇਨਸਪੈਕਟਰ, ਪੁਲਿਸ ਅਫ਼ਸਰ ਤੇ ਸਿਪਾਹੀ ਸੋਚਦੇ ਹਨ ਕਿ ਕੁਝ ਅਜੇਹੇ ਸਮਾਚਾਰ ਵੀ ਹੁੰਦੇ ਹਨ ਜਿਨਾਂ ਵਿਚ ਮਨੁੱਖਾਂ ਵਿਚਕਾਰ ਮਨੁੱਖੀ ਸੰਬੰਧ ਜ਼ਰੂਰੀ ਨਹੀਂ ਹੁੰਦੇ। ਇਹ ਸਾਰੇ ਆਦਮੀ, ਮਸਲਨੀਕੋਫ਼ ਤੇ ਇਨਸਪੈਕਟਰ, ਕਾਫ਼ਲੇ ਦਾ ਅਫਸਰ, ਜੇ ਇਹ ਗਵਰਨਰ ਇਨਸਪੈਕਟਰ ਅਫ਼ਸਰ ਨਾ ਹੁੰਦੇ ਤਾਂ ਇਨ੍ਹਾਂ ਲੋਕਾਂ ਦੇ ਅਜੇਹੇ ਸਮੂਹ ਨੂੰ ਇਸ ਗਰਮੀ ਵਿਚ ਭੇਜਣ ਤੋਂ ਪਹਿਲਾਂ ਵੀਹ ਵਾਰੀ ਸੋਚਣਾ ਸੀ। ਇਹ ਰਾਹ ਵਿਚ ਵੀਹ ਵਾਰੀ ਖੜੇ ਹੁੰਦੇ ਤੇ ਕਿਸੇ ਨੂੰ ਕਮਜ਼ੋਰ ਪੈਂਦਾ, ਔਖੇ ਸਾਹ ਲੈਂਦਾ ਵੇਖ ਕੇ ਉਸ ਨੂੰ ਛਾਂ ਵਿਚ ਲੈ ਜਾਂਦੇ, ਪਾਣੀ ਦਿੰਦੇ ਤੇ ਆਰਾਮ ਕਰਵਾਂਦੇ ਤੇ ਜੇ ਕੋਈ ਦੁਰਘਟਨਾ ਫਿਰ ਵੀ ਵਾਪਰ ਜਾਂਦੀ ਤਾਂ ਇਹ ਕਰੁਣਾ ਦਰਸਾਂਦੇ। ਹੁਣ ਇਨ੍ਹਾਂ ਨੇ ਨਾ ਕੇਵਲ ਇਹ ਕੀਤੀ ਨਹੀਂ, ਸਗੋਂ ਦੂਜਿਆਂ ਨੂੰ ਵੀ ਕਰਨ ਤੋਂ ਰੋਕਿਆ ਹੈ, ਕਿਉਂਕਿ ਇਨ੍ਹਾਂ ਮਨੁੱਖਾਂ ਤੇ ਉਨ੍ਹਾਂ ਵੱਲ ਆਪਣੇ ਫ਼ਰਜ਼ ਦੀ ਨਹੀਂ ਸੋਚੀ, ਕੇਵਲ ਉਸ ਪੱਦਵੀ ਦੀ ਸੋਚੀ ਹੈ ਜਿਸ ਉਤੇ ਇਹ ਬਿਰਾਜਮਾਨ ਹਨ ਤੇ ਉਸ ਪਦ ਦੇ ਉਭਾਰਾਂ ਨੂੰ ਮਨੁੱਖੀ ਸੰਬੰਧਾ ਤੋਂ ਉਪਰ ਸਮਝਿਆ ਹੈ।" ਸਾਰੀ ਗੱਲ ਇਹ ਹੈ ਨਖ਼ਲਿਊਦੌਫ਼ ਸੋਚਦਾ ਰਿਹਾ। "ਜੇ ਇਕ ਵਾਰ ਅਸੀਂ ਮੰਨ ਲਈਏ.. ਭਾਵੇਂ ਇਕ ਘੰਟੇ ਲਈ ਤੇ ਕਿਸੇ ਅਸਾਧਾਰਨ ਸਥਿਤੀ ਵਿਚ ਕਿ ਕੋਈ ਚੀਜ਼ ਸਾਡੇ ਸਾਥੀਆ ਵੱਲ ਪ੍ਰੇਮ ਭਾਵ ਤੋਂ ਵਧੇਰੇ ਮਹੱਤਵਪੂਰਨ ਹੋ ਸਕਦੀ ਹੈ, ਤਾਂ ਕੋਈ ਅਧਰਾਧ ਨਹੀਂ ਜਿਸ ਨੂੰ ਅਸੀਂ ਸੋਖੇ ਮਨ ਨਾਲ, ਦੋਸ਼ ਭਾਵ ਤੋਂ ਮੁਕਤ ਹੋ ਕੇ ਕਰ ਨਾ ਸਕੀਏ। ”

ਨਖ਼ਲਿਊਦੌਫ਼ ਆਪਣੇ ਖਿਆਲਾਂ ਵਿਚ ਇਤਨਾ ਡੁੱਬਿਆ ਹੋਇਆ ਸੀ ਕਿ ਉਸ ਨੇ ਮੌਸਮ ਵਿਚ ਤਬਦੀਲੀ ਦਾ ਧਿਆਨ ਨਾ ਦਿੱਤਾ। ਇਕ ਨੀਵਾਂ ਲਟਕਦਾ, ਟੁੱਟਾ ਫੁੱਟਾ ਬੱਦਲ ਸੂਰਜ ਨੂੰ ਢੱਕ ਰਿਹਾ ਸੀ। ਇਹ ਗੱਠਿਆ ਹੋਇਆ ਹਲਕਾ ਖ਼ਾਕੀ ਬੱਦਲ ਪੱਛਮ

ਵੱਲੋਂ ਤੇਜ਼ੀ ਨਾਲ ਆ ਰਿਹਾ ਸੀ। ਤੇ ਦੂਰ ਕੁਝ ਪੰਧ ਉੱਤੇ ਬੜੀ ਤੇਜ਼ੀ ਨਾਲ ਵਰ੍ਹ ਰਹਾ ਮੀਂਹ ਖੇਤੀਆਂ ਤੇ ਵਣਾਂ ਵਿਚ ਵਰ੍ਹ ਰਿਹਾ ਸੀ। ਕਦੇ ਕਦੇ ਬਿਜਲੀ ਦੇ ਲਿਸ਼ਕਾਰੇ ਬੱਦਲ ਫਟ ਜਾਂਦਾ ਤੇ ਇਸ ਦੀ ਕਣਕ ਗੱਡੀ ਦੇ ਖੜਾਕ ਨਾਲ ਇਸ ਤੋਂ ਭੀ ਵਧੇਰੇ ਰਲ ਮਿਲ ਜਾਂਦੀ। ਬੱਦਲ ਨੇੜੇ ਆਉਂਦਾ ਗਿਆ ਤੇ ਹਵਾ ਦੇ ਜ਼ੋਰ ਨਾਲ ਤਿਰਛੀਆਂ ਹੋਈਆਂ ਮੀਂਹ ਦੀਆਂ ਕਣੀਆਂ ਵਧਾਰੇ ਤੇ ਨਖ਼ਲਿਊਦੌਫ਼ ਦੇ ਕੋਟ ਉੱਤੇ ਡਿਗਣ ਲੱਗੀਆਂ, ਗੱਡੀ ਦੇ ਵਧਾਰੇ ਦੇ ਦੂਜੇ ਪਾਸੇ ਜਾ ਕੇ ਤੇ ਕਣਕ ਤੇ ਗਿੱਲੀ ਧਰਤੀ ਦੀ ਸੁਗੰਧ ਨਾਲ ਬਹੁਤ ਚਿਰ ਤੋਂ ਮੀਂਹ ਦੀ ਉਡੀਕ ਵਿਚ ਸੀ, ਨਾਲ ਸਿੰਜ ਭਰੀ ਹੋਈ ਤਾਜ਼ੀ ਸਿੱਧੀ ਹਵਾ ਖਾ ਰਿਹਾ, ਉਹ ਉਪਵਨ ਵੱਣ, ਪੀਲੇ ਬਾਜਰੇ ਦੇ ਖੇਤਾਂ, ਹਰੇ ਓਟ ਦੇ ਖੇਤਾਂ ਤੇ ਫੁਲਾਂ ਉੱਤੇ ਆਏ ਆਲੂਆਂ ਦੇ ਗੂੜੀਆਂ ਹਰੀਆਂ ਧਾਰੀਆਂ ਜੋ ਤੇਜ਼ੀ ਨਾਲ ਲੰਘਦੀਆਂ ਜਾ ਰਹੀਆਂ ਸਨ, ਵੇਖਦਾ ਖੜਾ ਰਿਹਾ। ਸਭ ਕੁੱਝ ਚਮਕਾਇਆ ਜਾਪਦਾ ਸੀ, ਹਰਾ ਵਧੇਰੇ ਹਰਾ ਹੋਇਆ ਹੋਇਆ ਸੀ, ਪੀਲਾ ਵਧੇਰੇ ਪੀਲਾ, ਤੇ ਕਾਲਾ ਹੋਰ ਕਾਲਾ।

"ਹੋਰ ! ਹੋਰ !" ਨਖ਼ਲਿਊਦੌਫ਼ ਨੇ ਦਿਆਲੂ ਛਰਾਟੇ ਦੇ ਸੁਰਜੀਤ ਕੀਤੇ ਬਾਗਾਂ ਤੇ ਖੇਤਾਂ ਦੇ ਦ੍ਰਿਸ਼ ਉੱਤੇ ਖ਼ੁਸ਼ ਹੋ ਕੇ ਆਖਿਆ। ਇਹ ਭਾਰੀ ਫਰਾਟਾ ਬਹੁਤ ਚਿਰ ਨਾ ਵਰ੍ਹਿਆ। ਬੱਦਲ ਦਾ ਕੁਝ ਭਾਗ ਵਰਖਾ ਬਣ ਕੇ ਡਿੱਗਿਆ, ਪਰ ਕੁਝ ਉੱਪਰੋਂ ਦੀ ਲੰਘ ਗਿਆ ਤੇ ਛੇਤੀ ਹੀ ਅੰਤਮ ਨਿੱਕੀਆਂ ਨਿੱਕੀਆਂ ਕਣੀਆਂ ਸਿੱਧੀਆਂ ਗਿੱਲੀ ਧਰਤੀ ਉਤੇ ਡਿੱਗਣ ਲੱਗੀਆਂ। ਸੂਰਜ ਫਿਰ ਦਿੱਸਣ ਲੱਗਾ, ਹਰ ਚੀਜ਼ ਚਮਕਣ ਲੱਗ ਪਈ, ਤੇ ਪੂਰਬ ਵਿਚ, ਸੀਮਾਂਤ ਤੋਂ ਬਹੁਤ ਉੱਚੀ ਨਹੀਂ.... ਇਕ ਚਮਕਦਾਰ ਇੰਦਰ ਧਨੁਸ਼, ਜੋ ਇਕ ਸਿਰੇ ਉਤੇ ਟੁੱਟੀ ਹੋਈ ਸੀ, ਨਿਕਲ ਆਈ, ਜਿਸ ਦਾ ਜਾਮਨੀ ਰੰਗ ਬਹੁਤ ਸਪਸ਼ਟ ਸੀ।

"ਹਾਂ, ਮੈਂ ਕਾਹਦੇ ਬਾਰੇ ਸੋਚ ਰਿਹਾ ਸੀ ?" ਨਖ਼ਲਿਊਦੌਫ਼ ਨੇ ਆਪਣੇ ਆਪ ਨੂੰ ਪੁੱਛਿਆ, ਜਦੋਂ ਪ੍ਰਕਿਰਤੀ ਵਿਚ ਇਹ ਸਾਰੇ ਪਰਿਵਰਤਨ ਹੋ ਚੁਕੇ ਤੇ ਗੱਡੀ ਇਕ ਨੀਵੇਂ ਟੁੱਟੇ ਹੋਏ ਥਾਉਂ, ਉੱਚੀਆਂ ਢਲਵੀਆਂ ਵਿਚੋਂ ਲੰਘਣ ਲੱਗੀ।

"ਉਫ਼ ! ਮੈਂ ਸੋਚ ਰਿਹਾ ਸਾਂ ਕਿ ਇਹ ਸਾਰੇ ਲੋਕ, ਇਨਸਪੈਕਟਰ, ਕਾਫ਼ਲੇ, ਦੇ ਆਦਮੀ..... ਸਾਰੇ ਜੋ ਨੌਕਰੀ ਵਿਚ ਹਨ..... ਵਧੇਰੇ ਕਰਕੇ ਦਇਆਵਾਨ ਲੋਕ ਹਨ, ਜੋ ਕਠੋਰ ਇਸ ਲਈ ਹਨ ਕਿ ਉਹ ਨੌਕਰੀ ਕਰਦੇ ਹਨ।" ਉਸ ਨੂੰ ਮਸਲਨੀਕੋਫ਼ ਦੀ

ਬੇਪਰਵਾਹੀ ਯਾਦ ਆਈ ਜਦੋਂ ਉਸ ਨੂੰ ਦੱਸਿਆ ਸੀ ਕਿ ਕੈਦਖਾਨੇ ਵਿਚ ਕੀ ਹੋ ਰਿਹਾ ਸੀ, ਇਨਸਪੈਕਟਰ ਦੀ ਸਖ਼ਤੀ ਤੇ ਕਾਫ਼ਲੇ ਦੇ ਅਫ਼ਸਰ ਦੀ ਕਠੋਰਤਾ, ਜਿਸ ਨੇ ਇੱਛਕਾਂ ਨੂੰ ਗੱਡੀਆਂ ਵਿਚ ਬਿਠਾਉਣ ਤੋਂ ਨਾਂਹ ਕਰ ਦਿੱਤੀ ਸੀ, ਤੇ ਇਸ ਗੱਲ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ ਕਿ ਗੱਡੀ ਵਿਚ ਇਕ ਵਿਆਮ ਵਿਚ ਪਈ ਇਸਤਰੀ ਸੀ। ਇਹ ਸਾਰੇ ਲੋਕ, ਸਪੱਸ਼ਟ ਹੈ, ਸਹਾਨਭੂਤੀ ਦੀ ਅਤਿ-ਸਾਧਾਰਣ ਭਾਵਨਾ ਅੱਗੇ ਅਜਿੱਤ ਅਣਵਿੱਧ ਕੇਵਲ ਇਸ ਲਈ ਸਨ ਕਿ ਉਹ ਕਰਮਚਾਰੀ ਸਨ। "ਕਰਮਚਾਰੀ ਹੁੰਦੇ ਹੋਏ ਇਹ ਮਨੁੱਖੀ ਭਾਵਨਾ ਅੱਗੇ ਅਜੇਹੇ ਅਣਵਿਧ ਹਨ ਜਿਵੇਂ ਇਹ ਪੱਕੀ ਕੀਤੀ ਹੋਈ ਧਰਤੀ ਮੀਂਹ ਅੱਗੇ ਹੈ।" ਨਖ਼ਲਿਊਦੌਫ਼ ਨੇ, ਪੂੱਜਣ ਦੀਆਂ ਕੰਘੀਆਂ ਉੱਤੇ ਜੋ ਵੱਖ ਵੱਖ ਪੱਥਰਾ ਦੇ ਰੰਗਾਂ ਨਾਲ ਪੱਕੀਆਂ ਕੀਤੀਆਂ ਹੋਈਆਂ ਸਨ ਤੇ ਜਿਨ੍ਹਾਂ ਉੱਤੋਂ ਦੀ ਪਾਣੀ ਹੇਠਾਂ ਮਿੱਟੀ ਵਿਚ ਰਚਣ ਦੀ ਥਾਉਂ ਪਰਨਾਲੇ ਬਣਕੇ ਡਿੱਗ ਰਿਹਾ ਸੀ, ਵੇਖ ਕੇ ਸੋਚਿਆ। ਸ਼ਾਇਦ ਢਲਵਾਨਾਂ ਨੂੰ ਪੱਥਰਾਂ ਨਾਲ ਪੱਕੇ ਕਰਨਾ ਜ਼ਰੂਰੀ ਹੈ ਪਰ ਧਰਤੀ ਨੂੰ ਹਰਿਆਵਲ ਤੋਂ ਵਾਂਝੀ ਹੋਈ ਵੇਖ ਕੇ ਉਦਾਸੀ ਹੁੰਦੀ ਹੈ। ਜਿਥੇ ਅਨਾਜ, ਘਾਹ, ਝਾੜੀਆਂ ਜਾਂ ਰੁੱਖ ਜਿਵੇਂ ਇਸ ਪੁੱਟਣ ਦੀ ਚੋਟੀ ਉੱਪਰ ਹਨ, ਹੋ ਸਕਦੇ ਹਨ।

"ਇਹੀ ਗੱਲ ਆਦਮੀਆਂ ਦੀ ਹੈ," ਨਖ਼ਲਿਊਦੌਫ਼ ਨੇ ਸੋਚਿਆ "ਸ਼ਾਇਦ ਇਹ ਗਵਰਨਰ, ਇਨਸਪੈਕਟਰ, ਪੁਲਸੀਏ, ਲੋੜੀਂਦੇ ਹਨ ਪਰ ਮਨੁੱਖ ਨੂੰ ਮਨੁੱਖੀ ਗੁਣ ਤੋਂ ਵਾਝਾਂ ਦੇਖਕੇ ਇਕ ਦੂਜੇ ਲਈ ਪ੍ਰੇਮ ਤੇ ਹਮਦਰਦੀ ਦੇਖ ਕੇ ਭੈ ਆਉਂਦਾ ਹੈ। ਗੱਲ ਇਹ ਹੈ.....''

ਉਹ ਸੋਚਦਾ ਗਿਆ, "ਕਿ ਇਹ ਲੋਕ ਉਸ ਨੂੰ ਕਾਨੂੰਨ ਮੰਨਦੇ ਹਨ ਜੋ ਕਾਨੂੰਨ ਨਹੀਂ, ਤੇ ਈਸ਼ਵਰ ਦੁਆਰਾ ਮਨੁੱਖ ਦੇ ਹਿਰਦਿਆਂ ਵਿਚ ਲਿਖੇ ਅਟੱਲ ਤੇ ਸਦੀਵੀ ਕਾਨੂੰਨ ਨੂੰ ਬਿਲਕੁਲ ਨਹੀਂ ਮੰਨਦੇ। ਇਹੋ ਕਾਰਨ ਹੈ ਮੈਂ ਇਨ੍ਹਾਂ ਲੋਕਾਂ ਦੀ ਸੰਗਤ ਵਿਚ ਉਦਾਸ ਹੋ ਜਾਂਦਾ ਹਾਂ। ਮੈਂ ਸਿੱਧਾ ਉਨ੍ਹਾਂ ਤੋਂ ਡਰਦਾ ਹਾਂ ਤੇ ਸੱਚ ਹੀ ਉਹ ਡਰਾਉਣੇ ਹਨ, ਡਾਕੂਆਂ ਨਾਲੋਂ ਵੀ ਡਰਾਉਣੇ ਹਨ। ਡਾਕੂ ਨੂੰ ਛੇਕੜ ਤਰਸ ਆ ਜਾਂਦਾ ਹੈ, ਪਰ ਇਨ੍ਹਾਂ ਲੋਕਾਂ ਨੂੰ ਤਰਸ ਨਹੀਂ ਆਉਂਦਾ ਇਹ ਤਰਸ ਦੇ ਵਿਰੁੱਧ ਇਸ ਤਰ੍ਹਾਂ ਪੱਕੇ ਹੋਏ ਹਨ ਜਿਵੇਂ ਵਨਸਪਤੀ ਦੇ ਵਿਰੁੱਧ ਇਹ ਪੱਥਰ। ਏਹੀ ਗੱਲ ਹੈ ਜੋ ਉਨ੍ਹਾਂ ਨੂੰ ਇਤਨੇ ਡਰਾਉਣੇ ਬਣਾਉਂਦੀ ਹੈ। ਕਿਹਾ ਜਾਂਦਾ ਹੈ, ਪੁਰਾਤਚੈਫ਼ ਤੇ ਰਾਜ਼ਿਨ ਜੇਹੇ ਲੋਕ ਜ਼ਾਲਮ ਹਨ। ਇਹ ਲੋਕ ਹਜ਼ਾਰ ਗੁਣਾਂ ਵੱਧ ਜ਼ਾਲਮ ਹਨ।" ਉਸ ਦੀ ਵਿਚਾਰ ਲੜੀ ਚਲਦੀ ਰਹੀ।

'ਜੇ ਇਕ ਮਨੋਵਿਗਿਆਨਕ ਸਮੱਸਿਆ ਰੱਖੀ ਜਾਵੇ ਸਾਡੇ ਸਮੇਂ ਦੇ ਆਦਮੀਆਂ... ਈਸਾਈ, ਦਇਆਵਾਨ, ਸਰਲ ਤੇ ਨਰਮ ਦਿਲ ਲੋਕਾਂ ਤੋਂ ਦੋਸ਼ੀ ਹੋਣ ਦੇ ਅਨੁਭਵ ਤੋਂ ਬਿਨਾਂ ਅਤਿ ਘਿਣਾਵਣੇ ਅਪਰਾਧ ਕਰਵਾਣ ਦਾ ਤਰੀਕਾ ਲੱਭਣ ਲਈ, ਤਾਂ ਕੇਵਲ ਇਕੋ ਢੰਗ ਬਣਾਇਆ ਜਾ ਸਕਦਾ ਹੈ, ਕੇਵਲ ਉਹੀ ਕਰਦੇ ਜਾਣਾ ਜੋ ਹੁਣ ਕੀਤਾ ਜਾ ਰਿਹਾ ਹੈ। ਲੋੜੀਂਦਾ ਕੇਵਲ ਏਹੀ ਹੈ ਕਿ ਇਹ ਲੋਕ ਗਵਰਨਰ ਹੋਣ ਇਨਸਪੈਕਟਰ, ਜਾਂ ਪੁਲਸੀਏ, ਇਨ੍ਹਾਂ ਨੂੰ ਪੱਕਾ ਵਿਸ਼ਵਾਸ ਹੋਵੇ ਕਿ ਇਕ ਪ੍ਰਕਾਰ ਦਾ ਵਿਵਹਾਰ ਹੈ, ਜਿਸ ਨੂੰ ਰਾਜ-ਸੇਵਾ ਕਹੀਦਾ ਹੈ, ਜਿਸ ਦੇ ਅਧੀਨ ਮਨੁੱਖ ਦੂਜੇ ਮਨੁੱਖਾਂ ਨੂੰ ਉਨ੍ਹਾਂ ਨਾਲ ਮਨੁੱਖੀ ਭਰਾਤਰੀ ਸੰਬੰਧ ਨਾ ਬਣਾ ਕੇ ਵਸਤਾਂ ਵਾਕਰ ਵਰਤ ਸਕਦੇ ਹਨ। ਅਤੇ ਉਹ ਇਸ ਰਾਜ-ਸੇਵਾ ਦੁਆਰਾ ਇਸ ਤਰ੍ਹਾਂ ਇਕੱਠੇ ਜੁੜੇ ਹੋਏ ਹੋਣ ਕਿ ਉਨ੍ਹਾਂ ਦੇ ਕੰਮਾ ਦੇ ਫਲਾਂ ਦੀ ਜ਼ਿੰਮੇਦਾਰੀ ਉਨ੍ਹਾਂ ਵਿਚੋਂ ਕਿਸੇ ਇਕ ਇਕੱਲੇ ਉਤੇ ਨਾ ਪਵੇ। ਇਨ੍ਹਾਂ ਹਾਲਤਾਂ ਤੋਂ ਬਿਨਾਂ ਜੋ ਮੈਂ ਭਿਆਨਕ ਕਾਰੇ ਅੱਜ ਵੇਖੇ ਹਨ, ਸਾਡੇ ਸਮੇਂ ਵਿਚ ਅਸੰਭਵ ਹੋਣੇ ਸਨ। ਕਾਰਣ ਸਾਰਾ ਇਹ ਹੈ ਕਿ ਆਦਮੀ ਸੋਚਦੇ ਹਨ, ਕਿ ਕੁਝ ਹਾਲਤਾਂ ਵਿਚ ਆਦਮੀ ਦੂਜੇ ਆਦਮੀਆਂ ਨਾਲ ਪ੍ਰੇਮ ਤੋਂ ਸਖਣਾ ਵਰਤਾਰਾ ਕਰ ਸਕਦਾ ਹੈ ਪਰ ਅਜੇਹੀਆਂ ਹਾਲਤਾਂ ਹਨ ਕੋਈ ਨਹੀਂ, ਅਸੀਂ ਵਸਤਾਂ ਨਾਲ ਪ੍ਰੇਮ-ਰਹਿਤ ਵਰਤਾਰਾ ਕਰ ਸਕਦੇ ਹਾਂ......... ਅਸੀਂ ਰੁੱਖਾਂ ਨੂੰ ਕੱਟ ਦਿੰਦੇ ਹਾਂ, ਇੱਟਾਂ ਪੱਥਦੇ ਹਾਂ ਤੇ ਲੋਹਾ ਕੁਟਦੇ ਹਾਂ, ਪ੍ਰੇਮ ਤੋਂ ਬਿਨਾਂ..... ਪਰ ਮਨੁੱਖਾਂ ਨਾਲ ਇਸੇ ਤਰ੍ਹਾਂ ਨਹੀਂ ਵਰਤ ਸਕਦੇ, ਜਿਵੇਂ ਕੋਈ ਸ਼ਹਿਦ ਦੀਆਂ ਮੱਖੀਆਂ ਨਾਲ ਸਾਵਧਾਨੀ ਤੋਂ ਬਿਨਾਂ ਨਹੀਂ ਵਰਤ ਸਕਦਾ। ਜੇ ਕੋਈ ਇਨ੍ਹਾਂ ਮੱਖੀਆਂ ਨਾਲ ਬੇਧਿਆਨ ਹੋ ਕੇ ਵਰਤੇ ਤਾਂ ਉਨ੍ਹਾਂ ਨੂੰ ਨੁਕਸਾਨ ਪੁਚਾ ਸਕਦਾ ਹੈ। ਇਹ ਠੀਕ ਹੈ ਕਿ ਕੋਈ ਆਦਮੀ ਦੂਜੇ ਤੋਂ ਜ਼ੋਰੀ ਪ੍ਰੇਮ ਪ੍ਰਾਪਤ ਨਹੀਂ ਕਰ ਸਕਦਾ, ਜਿਵੇਂ ਉਹ ਕੰਮ ਕਰਵਾ ਸਕਦਾ ਹੈ। ਪਰ ਇਸ ਦਾ ਭਾਵ ਇਹ ਨਹੀਂ ਕਿ ਕੋਈ ਪ੍ਰੇਮ ਤੋਂ ਬਿਨਾਂ ਮਨੁੱਖਾਂ ਨਾਲ ਵਰਤ ਸਕਦਾ ਹੈ, ਖ਼ਾਸ ਕਰਕੇ ਉਹ ਉਨ੍ਹਾਂ ਪਾਸੋਂ ਕਿਸੇ ਚੀਜ਼ ਦੀ ਮੰਗ ਜਾਂ ਝਾਕ ਕਰੇ। ਜੇ ਤੁਹਾਡੇ ਵਿਚ ਪ੍ਰੇਮ ਨਹੀਂ ਜੇ ਤਾਂ ਟਿਕ ਕੇ ਬੈਠੇ ਰਹੋ," ਨਖ਼ਲਿਊਦੌਫ਼ ਨੇ ਸੋਚਿਆ, "ਵਸਤਾਂ ਨਾਲ ਆਪਣੇ ਆਪ ਨਾਲ, ਜਿਸ ਚੀਜ਼ ਨਾਲ ਤੁਹਾਡਾ ਜੀਅ ਕਰੇ, ਵਰਤੋਂ, ਕੇਵਲ ਮਨੁੱਖਾਂ ਨਾਲ ਨਾ ਵਰਤੋਂ। ਜਿਵੇਂ ਤੁਸੀਂ ਆਪਣਾ ਹਰਜ ਕੀਤੇ ਬਿਨਾਂ ਕੇਵਲ ਉਦੋਂ ਖਾ ਸਕਦੇ ਹੋ ਜਦੋਂ ਭੁੱਖ ਲੱਗੀ ਹੋਵੇ, ਇਸੇ ਤਰ੍ਹਾਂ ਤੁਸੀਂ ਮਨੁੱਖਾਂ ਨਾਲ ਲਾਭਵੰਦ ਢੰਗ ਨਾਲ ਤੇ ਨੁਕਸਾਨ ਕੀਤੇ ਬਿਨਾਂ ਤਾਂ ਹੀ ਵਰਤ ਸਕਦੇ ਹੋ ਜੇ ਤੁਹਾਡੇ ਵਿਚ ਪ੍ਰੇਮ ਹੋਵੇ। ਇਕ

ਵਾਰ ਕਿਸੇ ਮਨੁੱਖ ਨਾਲ ਪ੍ਰੇਮ ਤੋਂ ਸਖਣੇ ਹੋ ਕੇ ਵਰਤੋ, ਜਿਵੇਂ ਮੈਂ ਕੱਲ੍ਹ ਆਪਣੇ ਭਣੋਈਏ ਨਾਲ ਵਰਤਿਆ ਹੈ, ਤੇ ਉਸ ਦੁੱਖ ਦੀ ਕੋਈ ਸੀਮਾ ਨਹੀਂ ਰਹੇਗੀ ਜੋ ਤੁਸੀਂ ਆਪਣੇ ਆਪ ਲਈ ਖਟੋਗੇ। ਮੇਰਾ ਸਾਰਾ ਜੀਵਨ ਇਹ ਦੱਸਦਾ ਹੈ। ਹਾਂ, ਹਾਂ ਏਵੇਂ ਹੀ," ਨਖ਼ਲਿਊਦੋਂਫ਼ ਨੇ ਸੋਚਿਆ, "ਇਹ ਸੱਚ ਹੈ, ਹਾਂ, ਇਹ ਸੱਚ ਹੈ।'' ਉਸ ਨੇ ਜ਼ਾਲਮ ਗਰਮੀ ਤੋਂ ਪਿੱਛੋਂ ਤਾਜ਼ਗੀ ਮਹਿਸੂਸ ਕਰਕੇ ਅਤੇ ਇਕ ਪ੍ਰਸ਼ਨ ਬਾਰੇ ਜਿਸ ਵਿਚ ਉਸ ਦਾ ਮਨ ਬੜੇ ਚਿਰ ਦਾ ਰੁਝਾ ਹੋਇਆ ਸੀ, ਪੂਰੀ ਸਪਸ਼ਟਤਾ ਪ੍ਰਾਪਤ ਕਰ ਲੈਣ ਦੀ ਚੇਤਨਾ ਨਾਲ ਦੁਹਰਾਇਆ।

-0-

41

ਜਿਸ ਗੱਡੀ ਵਿਚ ਨਖ਼ਲਿਊਦੌਫ਼ ਬੈਠਾ ਸੀ ਲੋਕਾਂ ਨਾਲ ਅੱਧੀ ਭਰੀ ਹੋਈ ਸੀ, ਨੌਕਰ ਸਨ, ਕਾਮੇ, ਕਾਰਖ਼ਾਨੇ ਦੇ ਮਜ਼ਦੂਰ, ਕਸਾਈ, ਯਹੂਦੀ, ਦੁਕਾਨਦਾਰ, ਮਜ਼ਦੂਰਾਂ ਦੀਆਂ ਇਸਤਰੀਆਂ, ਇਕ ਸਿਪਾਹੀ, ਦੋ ਭੱਦਰ ਇਸਤਰੀਆਂ (ਇਕ ਜਵਾਨ ਤੇ ਨੰਗੀਆਂ ਬਾਹਾਂ ਉਤੇ ਕੰਗਣਾਂ ਵਾਲੀ) ਤੇ ਇਕ ਕਠੋਰ ਝਾਕਣੀ ਵਾਲਾ ਭਦਰ ਪੁਰਸ਼, ਜਿਸ ਦੀ ਕਾਲੀ ਟੋਪੀ ਵਿਚ ਕਲਗ਼ੀ ਲੱਗੀ ਹੋਈ ਸੀ। ਥਾਵਾਂ ਮੱਲਣ ਦਾ ਰੌਲਾ ਗੋਲਾ ਕਦੋਂ ਦਾ ਮੁੱਕ ਚੁੱਕਾ ਸੀ, ਤੇ ਕਈ ਲੋਕ ਸ਼ਾਂਤੀ ਨਾਲ ਬੈਠੇ ਸਨ, ਕੁਝ ਸੂਰਜਮੁਖੀ ਦੇ ਬੀ ਤੋੜ ਤੋੜ ਖਾ ਰਹੇ ਸਨ, ਕੁਝ ਤਮਾਕੂ ਪੀ ਰਹੇ ਤੇ ਕੁਝ ਗੱਲਾਂ ਕਰ ਰਹੇ ਸਨ।

ਤਰਾਸ ਲਾਂਘੇ ਦੇ ਸੱਜੇ ਪਾਸੇ ਬੈਠਾ ਨਖ਼ਲਿਊਦੌਫ਼ ਲਈ ਥਾਂ ਰੱਖੀ, ਬੜਾ ਖ਼ੁਸ਼ ਦਿਸ ਰਿਹਾ ਸੀ, ਤੇ ਆਪਣੇ ਸਾਹਮਣੇ ਬੈਠੇ ਇਕ ਚੰਗੇ ਗੱਠੇ ਹੋਏ ਸਰੀਰ ਵਾਲੇ ਆਦਮੀ ਨਾਲ ਜੋਸ਼ ਨਾਲ ਗੱਲਾਂ ਕਰ ਰਿਹਾ ਸੀ। ਉਸ ਆਦਮੀ ਨੇ ਸੂਤੀ ਕੋਟ ਪਾਇਆ ਹੋਇਆ ਸੀ ਤੇ ਜਿਵੇਂ ਨਖ਼ਲਿਊਦੋਫ਼ ਨੂੰ ਪਿੱਛੋਂ ਪਤਾ ਲੱਗਾ ਉਹ ਇਕ ਮਾਲੀ ਸੀ ਜੋ ਕਿਸੇ ਨਵੇਂ ਥਾਉਂ ਜਾ ਰਿਹਾ ਸੀ। ਤਰਾਸ ਦੇ ਕੋਲ ਪਹੁੰਚਣ ਤੋਂ ਪਹਿਲਾਂ ਨਖ਼ਲਿਊਦੌਫ਼ ਲਾਂਘੇ ਵਿਚ ਚਿੱਟੀ ਦਾੜ੍ਹੀ ਵਾਲੇ ਤੇ ਨਾਨਕੀਕ ਦੇ ਕੋਟ ਵਾਲੇ ਇਕ ਬਜ਼ੁਰਗ ਜੇਹੇ ਬੁੱਢੇ ਕੋਲ ਅਟਕ ਗਿਆ। ਇਹ ਆਦਮੀ ਕਿਰਸਾਨੀ ਪਹਿਰਾਵੇ ਵਾਲੀ ਇਕ ਜਵਾਨ ਇਸਤਰੀ ਨਾਲ ਗੱਲਾਂ ਕਰ ਰਿਹਾ ਸੀ, ਇਸਤਰੀ ਦੇ ਕੋਲ, ਜੋ ਲਗਾਤਾਰ ਸੂਰਜਮੱਖੀ ਦੇ ਬੀ ਤੋੜੀ ਜਾ ਰਿਹਾ ਸੀ, ਇਕ ਛੋਟੀ ਜੇਹੀ ਸੱਤ ਵਰ੍ਹੇ ਦੀ ਕੁੜੀ ਬੈਠੀ ਸੀ। ਉਸ ਨੇ ਵੀ ਨਵਾਂ ਕਿਰਸਾਨੀ ਪਹਿਰਾਵਾ ਪਹਿਨਿਆ ਹੋਇਆ ਸੀ ਤੇ ਆਪਣੇ ਭੂਰੇ ਵਾਲਾਂ ਉੱਤੇ ਇਕ ਦੁਪੱਟਾ ਲਿਆ ਹੋਇਆ ਸੀ।

ਬੁੱਢੇ ਨੇ ਮੁੜਕੇ ਵੇਖਿਆ, ਤੇ ਨਖ਼ਲਿਊਦੌਫ਼ ਵੱਲ ਤੱਕ ਕੇ ਆਪਣੇ ਕੋਟ ਦੇ ਪੱਲੇ ਇਕੱਠੇ ਕਰਕੇ ਚਮਕਦੇ ਬੈਂਚ ਉਤੇ ਉਸ ਲਈ ਜਗ੍ਹਾ ਬਣਾਕੇ ਮਿੱਤਰ-ਭਾਵ ਨਾਲ ਆਖਿਆ, "ਲਓ, ਇਥੇ ਇਕ ਥਾਉਂ ਹੈ।"

ਨਖ਼ਲਿਊਦੌਫ਼ ਧੰਨਵਾਦ ਕਰਕੇ ਬੈਠ ਗਿਆ। ਇਸ ਤੋਂ ਪਿੱਛੋਂ ਝੱਟ ਹੀ ਉਸ ਇਸਤਰੀ ਨੇ ਆਪਣੀ ਰੁਕੀ ਹੋਈ ਗੱਲ-ਬਾਤ ਸ਼ੁਰੂ ਕਰ ਦਿੱਤੀ।

ਉਹ ਆਪਣੇ ਪਿੰਡ ਨੂੰ ਵਾਪਸ ਜਾ ਰਹੀ ਸੀ। ਉਸ ਨੇ ਦੱਸਿਆ ਕਿ ਉਸ ਦੇ ਪਤੀ ਨੇ ਜਿਸ ਨੇ ਮਿਰਣ ਉਹ ਸ਼ਹਿਰ ਵਿਚ ਆਈ ਸੀ। ਸਆਾਗਤ ਕੀਤਾ ਸੀ।

ਅਕਾਰਨੀਵਾਲਸਨ ਦੇ ਮੈਂ ਇਥੇ ਆਈ ਸਾਂ, ਤੇ ਹੁਣ, ਈਸ਼ਵਰ ਦੀ ਦਇਆ ਨਾਲ ਫਿਰ ਆਈ ਸਾਂ" ਉਸ ਨੇ ਦੱਸਿਆ "ਤੇ ਹੁਣ, ਈਸ਼ਵਰ ਕਰੇ ਮੈਂ ਫਿਰ ਕਰਿਸਮਿਸ ਵਿਚ ਆਵਾਂਗੀ।"

"ਠੀਕ ਹੈ," ਬੁੱਢੇ ਨੇ ਨਖ਼ਲਿਊਦੌਫ਼ ਵੱਲ ਝਾਕ ਕੇ ਆਖਿਆ, ਉਸ ਕੋਲ ਜਾਣਾ ਤੇ ਮਿਲਣਾ ਬਹੁਤ ਚੰਗੀ ਗੱਲ ਹੈ, ਨਹੀਂ ਤਾਂ ਸ਼ਹਿਰ ਵਿਚ ਰਹਿ ਕੇ ਇਕ ਜਵਾਨ ਆਦਮੀ ਸਹਿਜੇ ਹੀ ਭੈੜਾਂ ਵਿਚ ਪੈ ਜਾਂਦਾ ਹੈ।

"ਨਹੀਂ ਜੀ, ਮੇਰਾ ਆਦਮੀ ਏਹੋ ਜਿਹਾ ਨਹੀਂ। ਉਸ ਵਿਚ ਕੋਈ ਭੈੜ ਨਹੀਂ। ਉਸ ਦਾ ਜੀਵਨ ਕੁਆਰੀ ਕੁੜੀ ਜੇਹਾ ਹੈ। ਉਹ ਜੋ ਕਮਾਂਦਾ ਹੈ ਕੋਪਰ ਕੋਪਰ ਘਰ ਭੇਜ ਦਿੰਦਾ ਹੈ। ਤੇ ਸਾਡੀ ਇਹ ਬੇਟੀ, ਇਸ ਨੂੰ ਦੇਖ ਕੇ ਉਹ ਇਤਨਾ ਖ਼ੁਸ਼ ਹੋਇਆ ਕਿ ਮੈਂ ਦਸ ਨਹੀਂ ਸਕਦੀ।" ਇਸਤਰੀ ਨੇ ਕਿਹਾ ਤੇ ਮੁਸਕਰਾਈ।

ਛੋਟੀ ਕੁੜੀ ਨੇ, ਜੋ ਆਪਣੇ ਬੀ ਚੱਬਦੀ ਤੇ ਛਿੱਲੜ ਥੁੱਕ ਕੇ ਸੁੱਟ ਰਹੀ ਸੀ, ਆਪਣੀ ਮਾਂ ਦੀ ਗੱਲ ਸੁਣੀ ਤੇ ਜਾਣੋ ਉਸ ਦੀ ਪੁੱਸ਼ਟੀ ਕਰਨ ਲਈ ਸ਼ਾਂਤ ਪ੍ਰਬੁਧ ਅੱਖਾਂ ਚੁੱਕ ਕੇ ਨਖ਼ਲਿਊਦੌਫ਼ ਤੇ ਬੁੱਢੇ ਦੇ ਚੇਹਰਿਆਂ ਵੱਲ ਵੇਖਿਆ।

"ਅੱਛਾ, ਜੇ ਉਹ ਇਤਨਾ ਸਿਆਣਾ ਹੈ ਤਾਂ ਹੋਰ ਵੀ ਚੰਗਾ ਹੈ।" ਬੱਢੇ ਨੇ ਆਖਿਆ। "ਉਸ ਤਰ੍ਹਾਂ ਦੀ ਤਾਂ ਕੋਈ ਗੱਲ ਨਹੀਂ ?" ਉਸ ਗੱਡੀ ਤੇ ਦੂਜੇ ਪਾਸੇ ਬੈਠੇ ਇਕ ਜੋੜੇ ਵੱਲ, ਜੋ ਸਾਫ਼ ਹੀ ਕਾਰਖਾਨੇ ਦੇ ਮਜ਼ਦੂਰ ਜਾਪਦੇ ਸਨ, ਵੇਖ ਕੇ ਆਖਿਆ। ਆਦਮੀ ਸਿਰ ਪਿੱਛੇ ਸੁੱਟਕੇ ਇਕ ਬੋਤਲ ਵਿਚੋਂ ਵੋਦਕਾ ਗੱਟ ਗੱਟ ਕਰਕੇ ਪੀ ਰਿਹਾ ਸੀ, ਤੇ ਇਸਤਰੀ ਬੈਗ ਫੜੀ, ਜਿਸ ਵਿਚੋਂ ਉਨ੍ਹਾਂ ਨੇ ਇਹ ਬੋਤਲ ਕੱਢੀ ਸੀ, ਬੈਠੀ ਉਸ ਵੱਲ ਇਕ ਅੱਖ ਝਾਕ ਰਹੀ ਸੀ।

"ਨਹੀਂ, ਮੇਰਾ ਤਾਂ ਨਾ ਸ਼ਰਾਬ ਪੀਂਦਾ ਹੈ ਨਾ ਤਮਾਕੂ" ਬੁੱਢੇ ਨਾਲ ਗੱਲਾਂ ਕਰਦੀ ਇਸਤਰੀ ਨੇ ਆਖਿਆ। ਉਹ ਇਕ ਵਾਰ ਫਿਰ ਆਪਣੇ ਪਤੀ ਦੀ ਸ਼ਲਾਘਾ ਕਰਨ ਦੇ

ਅਵਸਰ ਉੱਤੇ ਖ਼ੁਸ਼ ਸੀ। "ਨਹੀਂ ਜੀ, ਇਸ ਧਰਤੀ ਉੱਤੇ ਉਸ ਜੇਹੇ ਬਹੁਤ ਘੱਟ ਹਨ।" ਤੇ ਨਖਲਿਊਦੋਫ਼ ਵੱਲ ਮੁੜਕੇ ਫਿਰ ਆਖਿਆ, "ਉਹ ਏਹੋ ਜੇਹਾ ਆਦਮੀ ਹੈ।"

"ਏਦੂੰ ਹੋਰ ਕੀ ਹੋ ਸਕਦਾ ਸੀ ?" ਬੁੱਢੇ ਨੇ ਕਿਹਾ ਤੇ ਉਹ ਕਾਰਖ਼ਾਨੇ ਦੇ ਮਜ਼ਦੂਰ ਵੱਲ ਵੇਖਣ ਲੱਗਾ। ਉਸ ਮਜ਼ਦੂਰ ਨੇ ਆਪ ਪੀ ਕੇ ਬੋਤਲ ਆਪਣੀ ਵਹੁਟੀ ਵੱਲ ਕਰ ਦਿੱਤੀ। ਉਸ ਨੇ ਹੱਸ ਕੇ ਸਿਰ ਹਿਲਾਇਆ ਤੇ ਬੋਤਲ ਆਪਣੇ ਬੁਲ੍ਹਾਂ ਤੱਕ ਉਠਾਈ। ਨਖ਼ਲਿਊਦੋਫ਼ ਤੇ ਬੁੱਢੇ ਨੂੰ ਆਪਣੇ ਵੱਲ ਤੱਕਦੇ ਵੇਖਕੇ ਉਸ ਮਜ਼ਦੂਰ ਨੇ ਨਖ਼ਲਿਊਦੋਫ਼ ਨੂੰ ਸੰਬੋਧਨ ਕੀਤਾ;

"ਇਹ ਕੀ ਹੈ, ਜਨਾਬ ? ਇਸ ਲਈ ਕਿ ਅਸੀਂ ਪੀ ਰਹੇ ਹਾਂ ? ਆਹੋ ਜਿਵੇਂ ਅਸੀਂ ਕੰਮ ਕਰਦੇ ਹਾਂ ਉਹ ਕੋਈ ਨਹੀਂ ਵੇਖਦਾ ਪਰ ਸਾਨੂੰ ਪੀਂਦਿਆਂ ਨੂੰ ਸਭ ਕੋਈ ਵੇਖਦਾ ਹੈ। ਮੈਂ ਕਮਾਇਆ ਹੈ ਤੇ ਮੈਂ ਪੀ ਰਿਹਾ ਹਾਂ ਤੇ ਆਪਣੀ ਵਹੁਟੀ ਨੂੰ ਪਿਲਾ ਰਿਹਾ ਹਾਂ, ਹੋਰ ਕਿਸੇ ਨੂੰ ਨਹੀਂ।”

"ਹਾਂ, ਹਾਂ।" ਨਖ਼ਲਿਊਦੋਫ਼ ਨੇ ਆਖਿਆ। ਉਸ ਨੂੰ ਪਤਾ ਨਹੀਂ ਸੀ ਹੋਰ ਕੀ ਕਹੇ।

"ਸੱਚ, ਜੀ, ਮੇਰੀ ਵਹੁੱਟੀ ਇਕ ਹਠੀਲੀ ਤੀਵੀਂ ਹੈ। ਮੈਂ ਇਸ ਨਾਲ ਸੰਤੁਸ਼ਟ ਹਾਂ ਕਿਉਂਕਿ ਇਸ ਨੂੰ ਮੇਰਾ ਦਰਦ ਹੈ। ਠੀਕ ਹੈ ਨਾ, ਮਾਵਰਾ, ਜੋ ਕੁਝ ਮੈਂ ਕਹਿ ਰਿਹਾ ਹਾਂ ?"

"ਲੈ ਫੜ, ਪਕੜ, ਮੈਨੂੰ ਹੋਰ ਨਹੀਂ ਚਾਹੀਦੀ।" ਵਹੁਟੀ ਨੇ ਬੋਤਲ ਉਸ ਨੂੰ ਮੋੜ ਕੇ ਆਖਿਆ। "ਤੇ ਇਹ ਤੂੰ ਕੀ ਜਾਬਾਂ ਮਾਰ ਰਿਹਾ ?" ਉਸ ਨੇ ਪੁਛਿਆ।

"ਲਓ, ਵੇਖੋ; ਇਹ ਚੰਗੀ ਹੈ, ਇਤਨੀ ਚੰਗੀ, ਪਰ ਕਦੇ ਕਦੇ ਇਕ ਦਮ ਇਹ ਬਾਰਾਂ ਲੋਡ ਦੇ ਪਹੀਏ ਵਾਕਰ ਚੀਕਣ ਲੱਗ ਜਾਂਦੀ ਹੈ। ਮਾਵਰਾ, ਠੀਕ ਹੈ ਨਾ ਜੋ ਮੈਂ ਆਖ ਰਿਹਾ ਹਾਂ ?"

ਮਾਵਰਾ ਨੇ ਹੱਸ ਦਿੱਤਾ ਤੇ ਇਕ ਨਸ਼ਈ ਅੰਦਾਜ਼ ਨਾਲ ਆਪਣੀ ਬਾਂਹ ਮਾਰੀ, "ਉਹ ਮੈਂ, ਫਿਰ ਉਹੀ ਗੱਲਾਂ ਕਰਨ ਲੱਗ ਪਿਆ ਹਾਂ।"

"ਲਓ ਵੇਖੋ ! ਇਹ ਇੰਨੀ ਚੰਗੀ, ਇੰਨੀ ਚੰਗੀ, ਪਰ ਇਕ ਵਾਰੀ ਇਸ ਨੂੰ ਪੂਛ ਬਾਗਾਂ ਉੱਤੇ ਦੀ ਕਰ ਲੈਣ ਦਿਓ ਫਿਰ ਤੁਸੀਂ ਨਹੀਂ ਕਹਿ ਸਕਦੇ ਇਹ ਕੀ ਕਰੇਗੀ।.. ਠੀਕ ਹੈ ਨਾ ਜੋ ਮੈਂ ਕਹਿ ਰਿਹਾ ਹਾਂ ? ਮੈਨੂੰ ਮੁਆਫ਼ ਕਰਨਾ, ਜਨਾਬ, ਮੈਂ ਘੁਟ ਕੁ ਪੀਤੀ ਹੋਈ ਹੈ।

ਕੀ ਕਰੀਏ ?" ਮਜ਼ਦੂਰ ਨੇ ਆਖਿਆ ਤੇ ਨਿੰਦਰਾਲਾ ਜਿਹਾ ਹੋ ਆਪਣਾ ਸਿਰ ਆਪਣੀ ਮੁਸਕਰਾਂਦੀ ਪਤਨੀ ਦੀ ਝੋਲੀ ਵਿਚ ਰੱਖ ਕੇ ਟੇਢਾ ਹੋ ਗਿਆ।

ਨਖ਼ਲਿਊਦੌਫ਼ ਕੁਝ ਚਿਰ ਬੁੱਢੇ ਕੋਲ ਬੈਠਾ ਰਿਹਾ ਜਿਸ ਨੇ ਆਪਣੇ ਬਾਰੇ ਸਭ ਕੁਝ ਉਸ ਨੂੰ ਦੱਸਿਆ। ਬੁੱਢਾ ਤੰਦੂਰ ਬਣਾਉਣ ਵਾਲਾ ਸੀ ਤੇ 53 ਵਰ੍ਹੇ ਕੰਮ ਕਰ ਚੁੱਕਾ ਸੀ। ਉਸ ਨੇ ਇੰਨੇ ਤੰਦੂਰ ਬਣਾਏ ਸਨ ਕਿ ਉਹ ਉਹ ਗਿਣ ਨਹੀਂ ਸਕਦਾ। ਹੁਣ ਆਰਾਮ ਕਰਨਾ ਚਾਹੁੰਦਾ ਸੀ ਪਰ ਵਿਹਲ ਨਹੀਂ ਲਭ ਸਕਦਾ ਸੀ। ਉਸ ਨੇ ਸ਼ਹਿਰ ਆ ਕੇ ਆਪਣੇ ਧੀਆਂ ਪੱਤਰਾਂ ਲਈ ਕੰਮ ਲੱਭਿਆ ਸੀ ਤੇ ਹੁਣ ਘਰ ਦਿਆਂ ਨੂੰ ਮਿਲਣ ਪਿੰਡ ਜਾ ਰਿਹਾ ਸੀ, ਬੁੱਢੇ ਦੀ ਕਹਾਣੀ ਸੁਣਕੇ ਨਖ਼ਲਿਊਦੌਫ਼ ਉਸ ਦੀ ਥਾਂ ਚਲਾ ਗਿਆ ਜੋ ਤਰਾਸ ਨੇ ਉਸ ਲਈ ਰੱਖੀ ਹੋਈ ਸੀ।

"ਸਭ ਠੀਕ ਹੈ, ਜਨਾਬ, ਬੈਠ ਜਾਓ, ਅਸੀਂ ਇਥੇ ਬੋਰੀ ਚੁੱਕ ਲੈਂਦੇ ਹਾਂ।" ਤਰਾਸ ਦੇ ਸਾਹਮਣੇ ਬੈਠੇ ਮਾਲੀ ਨੇ, ਨਖ਼ਲਿਊਦੌਫ਼ ਦੇ ਚੇਹਰੇ ਵੱਲ ਤੱਕ ਕੇ ਮਿੱਤਰ ਭਾਵ ਨਾਲ ਆਖਿਆ:

"ਜ਼ਰਾ ਸੌੜੀ ਹੋਵੇਗੀ, ਪਰ ਕੋਈ ਨਹੀਂ, ਅਸੀਂ ਸਾਰੇ ਮਿੱਤਰ ਹਾਂ," ਤਰਾਸ ਨੇ ਮਸਕਰਾਂਦੇ ਕਿਹਾ, ਤੇ ਦੋ ਮਣ ਦੀ ਬੋਰੀ ਨੂੰ ਇਉਂ ਚੁੱਕ ਕੇ ਜਿਵੇਂ ਇਹ ਇਕ ਪੰਖ ਹੁੰਦੀ ਹੈ, ਦੂਜੇ ਪਾਸੇ ਬੋਰੀ ਕੋਲ ਲੈ ਗਿਆ।

"ਬੜੀ ਥਾਉਂ ਹੈ, ਨਾਲੇ ਥੋੜ੍ਹਾ ਚਿਰ ਖਲੋ ਵੀ ਸਕੀਦਾ ਹੈ, ਜਾਂ ਬੈਂਚ ਦੇ ਹੇਠਾਂ ਵੀ ਵੜ ਸਕੀਦਾ ਹੈ। ਅਸੀਂ ਬਿਲਕੁਲ ਆਰਾਮ ਵਿਚ ਹਾਂ। ਕਿਉਂ, ਹੈ ਕਿ ਮਿੱਤਰਤਾ ਨਾਂ ?" ਉਸ ਨੇ ਤੇ ਦਇਆ ਭਾਵ ਨਾਲ ਚਮਕ ਕੇ ਆਖਿਆ।

ਤਰਾਸ ਦਾ ਆਪਣੇ ਬਾਰੇ ਕਹਿਣਾ ਸੀ ਕਿ ਉਹ ਗੱਲ ਨਹੀਂ ਸੀ ਕਰ ਸਕਦਾ ਜਿਤਨਾ ਚਿਰ ਪੀ ਨਾ ਲਵੇ। ਸ਼ਰਾਬ, ਉਹ ਕਹਿੰਦਾ ਸੀ ਉਸ ਨੂੰ ਠੀਕ ਸ਼ਬਦ ਲੱਭਣ ਵਿਚ ਮਦਦ ਦਿੰਦੀ ਸੀ, ਤੇ ਫਿਰ ਉਹ ਸਭ ਕੁਝ ਆਖ ਸਕਦਾ ਸੀ, ਤੇ ਸੱਚ ਹੀ ਜਦੋਂ ਉਹ ਸੂਫੀ ਹੋਵੇ ਤਾਂ ਤਰਾਸ ਚੁੱਪ ਰਹਿੰਦਾ ਸੀ, ਪਰ ਜਦੋਂ ਉਸ ਨੇ ਪੀਤੀ ਹੁੰਦੀ, ਜੋ ਕਦੇ ਕਦਾਈਂ ਹੀ ਖ਼ਾਸ ਮੌਕਿਆਂ ਉਤੇ ਹੁੰਦਾ, ਉਹ ਬੜਾ ਸੁਖਾਵਾਂ ਗਾਲੜੂ ਬਣ ਜਾਂਦਾ। ਉਦੋਂ ਉਹ ਬਹੁਤ ਬੋਲਦਾ, ਚੰਗਾ ਸੱਚ ਸੱਚ ਤੇ ਸਰਲ ਬੋਲੀ ਤੇ ਖਾਸ ਕਰਕੇ ਬੜੀ ਸੁਹਿਰਦਤਾ ਨਾਲ, ਜੋ ਉਸ

ਦੀਆਂ ਕੋਮਲ ਨੀਲੀਆਂ ਅੱਖਾਂ ਤੇ ਹੋਰਾਂ ਉੱਤੇ ਵੱਸ ਰਹੀ ਮਿੱਤਰਤਾ ਭਰੀ ਮੁਸਕਾਣ ਵਿਚ ਦਿਸ ਰਹੀ ਹੁੰਦੀ।

ਅੱਜ ਉਹ ਅਜੇਹੀ ਅਵਸਥਾ ਵਿਚ ਸੀ। ਨਖ਼ਲਿਊਦੌਫ਼ ਦੇ ਆਉਣ ਨਾਲ ਗੱਲ ਬਾਤ ਟੁੱਟ ਗਈ, ਪਰ ਜਦੋਂ ਉਸ ਨੇ ਟਿਕਾ ਕੇ ਰੱਖ ਦਿੱਤਾ ਤਾਂ ਤਰਾਸ ਮੁੜਕੇ ਆ ਕੇ ਬੈਠ ਗਿਆ, ਤੇ ਮਾਲੀ ਦੇ ਚੇਹਰੇ ਵੱਲ ਸਿੱਧਾ ਝਾਕਦਾ ਆਪਣੀ ਕਹਾਣੀ ਫਿਰ ਦੱਸਣ ਲੱਗਾ। ਉਹ ਆਪਣੇ ਨਵੇਂ ਵਾਕਫ਼ ਨੂੰ ਆਪਣੀ ਘਰ ਵਾਲੀ ਬਾਰੇ, ਪੂਰੇ ਵਿਸਤਾਰ ਨਾਲ ਦੱਸ ਰਿਹਾ ਸੀ, ਉਸ ਨੂੰ ਸਾਇਬੇਰੀਆ ਜਿਸ ਕਾਰਨ ਭੇਜਿਆ ਜਾ ਰਿਹਾ ਸੀ ਤੇ ਉਹ ਉਸ ਦੇ ਪਿੱਛੇ ਕਿਉਂ ਜਾ ਰਿਹਾ ਸੀ।

ਨਖ਼ਲਿਊਦੌਫ਼ ਨੇ ਇਸ ਮਾਮਲੇ ਦਾ ਪੂਰਾ ਵਿਸਤਾਰ ਕਦੀ ਨਹੀਂ ਸੁਣਿਆ ਸੀ। ਹੁਣ ਉਹ ਗਹੁ ਨਾਲ ਸੁਣਨ ਲੱਗਾ। ਜਦੋਂ ਉਹ ਉਨ੍ਹਾਂ ਕੋਲ ਆਇਆ ਤਾਂ ਕਹਾਣੀ ਉਸ ਨੁਕਤੇ ਤੋਂ ਪਹੁੰਚ ਚੁੱਕੀ ਸੀ ਜਦੋਂ ਜ਼ਹਿਰ ਦੇਣ ਦਾ ਯਤਨ ਕੀਤਾ ਜਾ ਚੁੱਕਾ ਸੀ ਤੇ ਪਰਿਵਾਰ ਨੂੰ ਪਤਾ ਲੱਗ ਗਿਆ ਸੀ, ਇਹ ਕਿ ਬੀਓਦੋਸੀਆਂ ਦਾ ਕਾਰਾ ਸੀ।

"ਮੈਂ ਆਪਣੇ ਦੁੱਖਾਂ ਦੀ ਕਹਾਣੀ ਦੱਸ ਰਿਹਾ ਸਾਂ," ਤਰਾਸ ਨੇ ਨਖ਼ਲਿਊਦੌਫ਼ ਨੂੰ ਸੁਹਿਰਦ ਮਿੱਤਰ ਭਾਵ ਨਾਲ ਸੰਬੋਧਨ ਕਰਕੇ ਆਖਿਆ, "ਮੈਨੂੰ ਅਜੇਹੇ ਦਿਲ ਵਾਲੇ ਆਦਮੀ ਦਾ ਸੰਯੋਗ ਹੋਇਆ ਹੈ ਤੇ ਅਸੀਂ ਗੱਲੀਂ ਪੈ ਗਏ ਹਾਂ। ਤੇ ਮੈਂ ਇਸ ਨੂੰ ਸਭ ਕੁਝ ਦੱਸ ਚੁੱਕਿਆ ਹਾਂ।"

"ਅੱਛਾ" ਨਖ਼ਲਿਊਦੌਫ਼ ਨੇ ਆਖਿਆ।

"ਅੱਛਾ ਫਿਰ, ਇਸ ਤਰ੍ਹਾਂ, ਮੇਰੇ ਦੋਸਤ, ਸਾਰੀ ਗੱਲ ਦਾ ਪਤਾ ਲੱਗ ਜਾਂਦਾ ਹੈ। ਮਾਂ ਕੇਕ ਚੁੱਕ ਲੈਂਦੀ ਹੈ। ਉਹ ਕਹਿੰਦੀ ਹੈ, ਮੈਂ ਪੁਲਿਸ ਅਫ਼ਸਰ ਕੋਲ ਜਾਂਦੀ ਹਾਂ। ਮੇਰਾ ਪਿਤਾ ਇਕ ਇਨਸਾਫ਼-ਪਸੰਦ ਬਿਰਧ ਪੁਰਖ ਹੈ। ਠਹਿਰ, ਭਾਗਵਾਨੇ, ਉਹ ਆਖਦਾ ਹੈ, ਇਹ ਕੁੜੀ ਅੰਞਾਣੀ ਹੀ ਤਾਂ ਹੈ, ਇਸ ਨੂੰ ਆਪ ਪਤਾ ਨਹੀਂ ਸੀ ਇਹ ਕੀ ਕਰ ਰਹੀ ਸੀ। ਸਾਨੂੰ ਦਾਇਆ ਕਰਨੀ ਚਾਹੀਦੀ ਹੈ, ਇਸ ਨੂੰ ਹੁਣ ਹੋਸ਼ ਆ ਜਾਵੇਗੀ, ਪਰ ਮੇਰੀ ਜਾਨ, ਮਾਂ ਨੇ ਇਕ ਨਾ ਸੁਣੀ। ਜੇ ਅਸੀਂ ਇਸ ਨੂੰ ਇਥੇ ਰਾਖਾਂਗੇ, ਉਹ ਕਹਿੰਦੀ ਸੀ ਇਹ ਸਾਨੂੰ ਸਾਰਿਆਂ

ਨੂੰ ਭੂੰਡਾਂ ਵਾਕਰ ਖ਼ਤਮ ਕਰ ਦੇਵੇਗੀ। ਸੋ ਦੋਸਤ, ਉਹ ਪੁਸਿਲ ਅਫ਼ਸਰ ਕੋਲ ਚਲੀ ਜਾਂਦੀ ਹੈ। ਉਹ ਇਕ ਦਮ ਸਾਡੇ ਉੱਤੇ ਆ ਧਮਕਦਾ ਹੈ, ਗਵਾਹਾਂ ਨੂੰ ਬੁਲਾ ਲੈਂਦਾ ਹੈ।"

"ਅੱਛਾ, ਤੇ ਤੂੰ ?" ਮਾਲੀ ਨੇ ਪੁੱਛਿਆ।

"ਮੈਂ ? ਮੈਂ, ਤੂੰ ਜਾਣਦਾ ਹੈਂ, ਦੋਸਤ ਢਿੱਡ ਪੀੜ ਨਾਲ ਦੂਹਰਾ ਤੀਹਰਾ ਹੋ ਰਿਹਾ ਹਾਂ ਤੇ ਉਲਟੀਆਂ ਕਰੀ ਜਾਂਦਾ ਹਾਂ। ਮੇਰੀਆਂ ਆਂਦਰਾਂ ਇਤਨੀਆਂ ਸਿੱਧੀਆਂ ਪੁੱਠੀਆਂ ਹੋਈਆਂ ਹਨ ਕਿ ਮੈਂ ਬੋਲ ਵੀ ਨਹੀਂ ਸਕਦਾ। ਸੋ ਬਾਪੂ ਜਾ ਕੇ ਘੋੜੀ ਜੋਅ ਲੈਂਦਾ ਹੈ ਤੇ ਥੀਓਦੱਸੀਆਂ ਨੂੰ ਗੱਡ ਵਿਚ ਬਿਠਾ ਕੇ ਪਹਿਲਾਂ ਥਾਣੇ ਤੇ ਫਿਰ ਮੈਜਿਸਟਰੇਟ ਕੋਲ ਲੈ ਜਾਂਦਾ ਹੈ। ਤੇ ਉਹ, ਤੁਸੀਂ ਜਾਣਦੇ ਹੋ, ਪਹਿਲਾਂ ਵਾਕਰ ਹੀ ਉਥੇ ਵੀ ਮੈਜਿਸਟਰੇਟ ਕੋਲ ਸਭ ਕੁਝ ਮੰਨ ਜਾਂਦੀ ਹੈ.. ਕਿਥੋਂ ਉਸ ਨੇ ਸੰਖੀਆ ਲਿਆ ਤੇ ਕਿਵੇਂ ਇਸ ਨੂੰ ਕੇਕ ਵਿਚ ਗੁੰਨ੍ਹਿਆ। ਤੂੰ ਇਹ ਕਿਉਂ ਕੀਤਾ ? ਉਹ ਪੁੱਛਦਾ ਹੈ। ਕਿਉਂ ? ਉਹ ਕਹਿੰਦੀ ਹੈ। ਉਹ ਮੈਨੂੰ ਬੁਰਾ ਲਗਦਾ ਹੈ। ਉਸ ਦੇ ਨਾਲ ਜੀਵਨ ਬਿਤਾਉਣ ਨਾਲੋਂ ਮੈਂ ਸਾਇਬੇਰੀਆ ਚਲੀ ਜਾਵਾਂਗੀ। ਤੇ ਉਹ ਮੈਂ ਹਾਂ", ਤੇ ਤਰਾਸ ਮੁਸਕਰਾਇਆ।

'ਅੱਛਾ, ਇਸ ਤਰ੍ਹਾਂ ਉਹ ਸਭ ਕੁਝ ਮੰਨ ਗਈ। ਫੇਰ ਸਾਫ਼ ਹੀ ਹੈ..... ਕੈਦਖ਼ਾਨਾ, ਤੇ ਬਾਪੂ ਘਰ ਇਕੱਲਾ ਮੁੜ ਆਉਂਦਾ ਹੈ। ਫਿਰ ਵਾਢੀ ਦੀ ਰੁੱਤ ਆਉਣੀ ਹੈ ਤੇ ਘਰ ਵਿਚ ਮਾਂ ਹੀ ਇਕੱਲੀ ਇਸਤਰੀ ਹੈ, ਤੇ ਉਹ ਵੀ ਹੁਣ ਤਕੜੀ ਨਹੀਂ। ਅਸੀਂ ਸੋਚਦੇ ਹਾਂ ਕੀ ਕਰੀਏ, ਉਸ ਨੂੰ ਜ਼ਮਾਨਤ ਉੱਤੇ ਬਾਹਰ ਕਢਾ ਲਈਏ। ਸੋ ਬਾਪੂ ਜਾਂਦਾ ਹੈ ਤੇ ਇਕ ਕਰਮਚਾਰੀ ਨੂੰ ਮਿਲਦਾ ਹੈ। ਕੁਝ ਨਹੀਂ ਬਣਦਾ। ਫਿਰ ਦੂਜੇ ਕੋਲ। ਮੇਰਾ ਖਿਆਲ ਹੈ ਉਹ ਪੰਜਾਂ ਕੋਲ ਗਿਆ ਤੇ ਅਸੀਂ ਸੋਚਿਆ ਖਹਿੜਾ ਛੱਡ ਦੇਈਏ। ਫਿਰ ਸਾਡੀ ਇਕ ਕਲਰਕ ਨਾਲ ਮੁਲਾਕਤ ਹੋ ਗਈ...... ਇਤਨਾ ਚਲਾਕ ਕੋਈ ਤੁਹਾਨੂੰ ਘੱਟ ਹੀ ਮਿਲੇਗਾ। ਤੁਸੀਂ ਮੈਨੂੰ ਪੰਜ ਰੂਬਲ ਦਿਓ ਤੇ ਮੈਂ ਉਸ ਨੂੰ ਬਾਹਰ ਕਢਾ ਦਿੰਦਾ ਹਾਂ, ਉਸ ਨੇ ਕਿਹਾ। ਉਹ ਤਿੰਨਾ ਉਪਰ ਮੰਨ ਗਿਆ, ਅੱਛਾ ਤੂੰ ਸੋਚ ਸਕਦਾ ਹੈਂ ਕੀ ਹੋਇਆ, ਦੋਸਤ ? ਮੈਂ ਗਿਆ, ਤੇ ਉਹ ਲਿਨਨ ਜੇਹੜੀ ਉਸ ਨੇ ਬੁਣੀ ਸੀ ਗਹਿਣੇ ਰੱਖੀ, ਤੇ ਰਕਮ ਉਸ ਕਲਰਕ ਨੂੰ ਦਿੱਤੀ। ਜਿਉਂ ਹੀ ਉਸ ਨੇ ਇਹ ਕਾਗਜ਼ ਲਿਖਿਆ, ਇਹ ਗੱਲ ਇਕ ਦਮ ਹੋ ਗਈ", ਤਰਾਸ ਨੇ ਲਮਕਾਕੇ ਕਿਹਾ ਜਿਵੇਂ ਉਹ ਕਿਸੇ ਬੰਦੂਕ ਦੀ ਗੋਲੀ ਦੀ ਗੱਲ ਕਰ ਰਿਹਾ ਹੋਵੇ। "ਉਦੋਂ ਤਕ ਮੈਂ ਠੀਕ ਹੋ ਗਿਆ ਸਾਂ ਤੇ ਆਪ ਉਸ ਨੂੰ ਲੈਣ ਗਿਆ।"

"ਅੱਛਾ ਦੋਸਤ, ਸੋ ਮੈਂ ਸ਼ਹਿਰ ਗਿਆ, ਘੋੜੀ ਇਕ ਥਾਂ ਖੜ੍ਹੀ ਕੀਤੀ ਤੇ ਕਾਗਜ਼ ਲੈ ਕੇ ਕੈਦਖਾਨੇ ਪਹੁੰਚਿਆ। ਕੀ ਚਾਹੁੰਦਾ ਹੈ ? ਮੈਂ ਇਹ ਚਾਹੁੰਦਾ ਹਾਂ, ਮੈਂ ਆਖਿਆ ਇਥੇ ਤੁਹਾਡੇ ਪਾਸ ਮੇਰੀ ਘਰ ਵਾਲੀ ਕੈਦ ਹੈ। ਤੇਰੇ ਕੋਲ ਲਿਖਤ ਹੈ ? ਮੈਂ ਉਸ ਨੂੰ ਇਹ ਕਾਗਜ਼ ਦਿੱਤਾ ਤੇ ਉਸ ਨੇ ਇਸ ਉੱਤੇ ਨਜ਼ਰ ਮਾਰੀ ਤੇ ਮੈਨੂੰ ਆਖਿਆ, ਠਹਿਰ। ਸੋ ਮੈਂ ਇਕ ਬੈਂਚ ਉੱਤੇ ਬੈਠ ਗਿਆ। ਸੂਰਜ ਦੁਪਹਿਰ ਤੋਂ ਲੰਘ ਚੁੱਕਾ ਸੀ। ਇਕ ਅਫ਼ਸਰ ਆਇਆ। ਤੂੰ ਬੀਰੂ ਕੋਫ਼ ਹੈਂ ? ਹਾਂ, ਚੰਗਾ ਲੈ ਜਾ ਇਹਨੂੰ। ਦਰਵਾਜ਼ੇ ਖੁਲ੍ਹ ਗਏ ਤੇ ਉਨ੍ਹਾਂ ਨੇ ਉਸ ਨੂੰ ਉਸ ਦੇ ਆਪਣੇ ਕੱਪੜਿਆਂ ਵਿਚ, ਐਨ ਚੰਗੀ ਭਲੀ, ਬਾਹਰ ਲੈ ਆਂਦਾ। ਅੱਛਾ, ਚਲੀ ਆ। ਤੂੰ ਪੈਦਲ ਤਾਂ ਨਹੀਂ ਆਇਆ, ਨਹੀਂ, ਮੈਂ ਘੋੜੀ ਲਿਆਇਆਂ ਹਾਂ। ਸੋ ਮੈਂ ਗਿਆ, ਸਰਾਂ ਵਾਲੇ ਨੂੰ ਉਸ ਦਾ ਬਣਦਾ ਦਿੱਤਾ ਤੇ ਘੋੜੀ ਜੋੜੀ, ਬਚਦਾ ਘਾਹ ਰਾਡ ਵਿਚ ਸੁਟਿਆ ਤੇ ਇਸ ਉਤੇ ਉਸ ਦੇ ਬੈਠਣ ਲਈ ਬੋਰੀ ਵਿਛਾ ਦਿੱਤੀ। ਉਹ ਗੱਡੇ ਵਿਚ ਚੜ੍ਹ ਗਈ, ਤੇ ਆਪਣਾ ਸਾਲ ਉਦਾਲੇ ਲਪੇਟ ਲਿਆ, ਤੇ ਅਸੀਂ ਚਲ ਪਏ। ਨਾ ਉਹ ਕੁਝ ਬੋਲੀ, ਨਾ ਮੈਂ ਕੁਝ ਬੋਲਿਆ। ਜਦੋਂ ਅਸੀਂ ਘਰ ਕੋਲ ਆਏ, ਉਹ ਪੁੱਛਦੀ ਹੈ, ਮਾਂ ਦਾ ਕੀ ਹਾਲ ਹੈ, ਉਹ ਜੀਉਂਦੀ ਹੈ। ਹਾਂ ਉਹ ਜੀਉਂਦੀ ਹੈ। ਤੇ ਬਾਪੂ ਉਹ ਜੀਉਂਦਾ ਹੈ ? ਹਾਂ, ਜੀਉਂਦਾ ਹੈ। ਮਾਫ਼ ਕਰ ਦੇ, ਤਰਾਸ ਮੈਂ ਮੂਰਖਤਾ ਕੀਤੀ। ਮੈਨੂੰ ਆਪ ਨੂੰ ਪਤਾ ਨਹੀਂ ਸੀ ਮੈਂ ਕੀ ਕਰ ਰਹੀ ਸਾਂ। ਤੇ ਮੈਂ ਆਖਿਆ ਗੱਲਾਂ ਨਾਲ ਕੁਝ ਨਹੀਂ ਹੁੰਦਾ। ਮੈਂ ਤੈਨੂੰ ਕਦੋਂ ਦਾ ਮਾਫ਼ ਕਰ ਚੁੱਕਾ ਹਾਂ। ਉਹ ਹੋਰ ਨਾ ਬੋਲੀ। ਅਸੀਂ ਘਰ ਪਹੁੰਚੇ ਤਾਂ ਉਹ ਮਾਂ ਦੇ ਪੈਰੀਂ ਢਹਿ ਪਈ। ਮਾਂ ਨੇ ਆਖਿਆ, ਈਸ਼ਵਰ ਤੈਨੂੰ ਖਿਮਾ ਕਰੇਗਾ। ਤੇ ਬਾਪੂ ਨੇ ਆਖਿਆ, ਕੀ ਹਾਲ ਹੈ, ਤੇਰਾ ? ਬੀਤ ਗਈ ਜੋ ਬੀਤ ਗਈ। ਹੁਣ ਗੁਜ਼ਰਾਨ ਕਰੋ ਜਿਵੇਂ ਹੋ ਸਕਦੀ ਹੈ। ਇਨ੍ਹਾਂ ਗੱਲਾਂ ਦਾ ਸਮਾਂ ਨਹੀਂ। ਸੁਕੋਰੋਦੀਨੇ ਵਿਚ ਫ਼ਸਲ ਕੱਟਣ ਤੇ ਇਕੱਠੀ ਕਰਨ ਵਾਲੀ ਹੈ। ਬੁਰਾ ਹੋਵੇ ਇਸ ਖਾਦ ਦਾ, ਈਸ਼ਵਰ ਦੀ ਕਿਰਪਾ ਨਾਲ ਖੇਤ ਵਿਚ ਬਾਜਰਾ ਇੰਨਾ ਹੋਇਆ ਹੈ ਕਿ ਦਾਤਰੀ ਨਾਲ ਵੱਢਿਆ ਨਹੀਂ ਜਾ ਸਕਦਾ। ਸਾਰਾ ਅਲਝ ਕੇ ਭਾਰਾ ਹੋਇਆ ਪਿਆ ਹੈ ਤੇ ਆਪਣੇ ਭਾਰ ਹੇਠ ਹੀ ਦੱਬ ਗਿਆ ਹੈ। ਪਰ ਇਹ ਵੱਢਣਾ ਜ਼ਰੂਰ ਹੈ। ਬਿਹਤਰ ਹੈ ਤੂੰ ਤੇ ਤਰਾਸ ਜਾਓ ਤੇ ਕਲ੍ਹ ਇਸ ਨੂੰ ਦੇਖੋ। ਸੋ, ਦੋਸਤ, ਉਸ ਘੜੀ ਤੋਂ ਉਹ ਕੰਮ ਨੂੰ ਪੈ ਗਈ ਤੇ ਇਸ ਤਰ੍ਹਾਂ ਪਈ ਕਿ ਸਭ ਹੈਰਾਨ ਹੋ ਗਏ। ਉਸ ਸਮੇਂ ਅਸੀਂ ਤਿੰਨ ਦੇਸਿਆਤਨ ਠੇਕੇ ਉੱਤੇ ਲਏ ਹੋਏ ਸਨ ਤੇ ਈਸ਼ਵਰ ਦੀ ਕਿਰਪਾ ਨਾਲ ਬਾਜਰਾ ਤੇ ਉਟ ਖੂਬ ਖੜੇ ਸਨ। ਮੈਂ ਵਢਾਂ ਤੇ ਉਹ ਥੱਬੇ ਬੰਨ੍ਹੇ। ਕਦੇ-ਕਦੇ ਅਸੀਂ ਦੋਵੇਂ

ਵਢੀਏ। ਮੈ ਕੰਮ ਨੂੰ ਤੱਕੜਾ ਹਾਂ ਤੇ ਇਸ ਤੋਂ ਡਰਦਾ ਨਹੀਂ ਪਰ ਉਹ ਜਿਸ ਕਾਸੇ ਨੂੰ ਲੱਗ ਜਾਵੇ ਮੇਰੇ ਕੋਲੋਂ ਵੀ ਵੱਧ ਹੈ। ਉਹ ਇਕ ਫੁਰਤੀਲੀ ਤੀਵੀਂ ਹੈ, ਜਵਾਨ, ਤੇ ਜਿੰਦ ਵਾਲੀ। ਤੇ ਕੰਮ ਬਾਰੇ ਦੋਸਤ ਉਹ ਇਤਨੀ ਉਤਾਵਲੀ ਸੀ ਕਿ ਉਸਨੂੰ ਮੈਂ ਹੀ ਹਟਾਂਦਾ ਸੀ। ਅਸੀਂ ਘਰ ਆਏ ਤਾਂ ਸਾਡੀਆਂ ਉਂਗਲਾਂ ਸੁਜੀਆਂ ਹੋਈਆਂ ਤੇ ਬਾਹਾਂ ਦੁਖਦੀਆਂ ਸਨ, ਪਰ ਉਹ ਅਰਾਮ ਕਰਨ ਦੀ ਥਾਉਂ ਇਕ ਦਮ ਢਾਰੇ ਨੂੰ ਨੱਸੀ ਅਗਲੇ ਦਿਨ ਦੀਆਂ ਭਰੀਆਂ ਲਈ ਵੇੜ ਵੱਟਣ। ਉਸ ਵਿਚ ਇੰਨੀ ਤਬਦੀਲੀ ਆ ਗਈ ਸੀ।"

"ਅੱਛਾ, ਤੇ ਤੇਰੇ ਵੱਲ ਹੁਣ ਉਹ ਕੁਝ ਚੰਗੀ ਹੋ ਗਈ ਸੀ ?"

"ਇਹ ਤਾਂ ਪੱਕੀ ਗੱਲ ਹੈ, ਉਹ ਮੈਨੂੰ ਇਉਂ ਚੰਬੜੀ ਜਿਵੇਂ ਅਸੀਂ ਇਕੋ ਆਤਮਾ ਹੁੰਦੇ ਹਾਂ। ਮੇਰੇ ਮਨ ਵਿਚ ਜੋ ਹੁੰਦੀ ਉਹ ਸਮਝ ਜਾਂਦੀ ਹੈ। ਮਾਂ ਭੀ ਭਾਵੇਂ ਉਹ ਬੜੀ ਨਿਰਾਸ਼ ਸੀ ਇਹ ਕਹਿਣੋ ਰਹਿ ਨਾ ਸਕੀ, ਇਉਂ ਜਾਪਦਾ ਹੈ ਜਿਵੇਂ ਥੀਓਦੋਸੀਆਂ ਦਾ ਨਵਾਂ ਜਨਮ ਹੋ ਗਿਆ ਹੈ ਉਹ ਹੁਣ ਬਿਲਕੁਲ ਹੋਰ ਬਣ ਗਈ ਹੈ। ਇਕ ਵਾਰੀ ਅਸੀਂ ਦੋ ਗੱਡੇ ਲੈ ਭਰੀਆਂ ਢੋਣ ਜਾ ਰਹੇ ਸਾਂ। ਉਹ ਤੇ ਮੈਂ ਪਹਿਲੀ ਵਾਰ ਗੱਡੇ ਵਿਚ ਸਾਂ, ਤੇ ਮੈਂ ਪੁੱਛਦਾ ਹਾਂ, ਥੀਓਦੋਸੀਆਂ ਤੈਨੂੰ ਇਹ ਕਰਨ ਦਾ ਖ਼ਿਆਲ ਕਿਵੇਂ ਆਇਆ। ਉਹ ਕਹਿੰਦੀ ਹੈ। ਉਹ ਕਿਸ ਤਰ੍ਹਾਂ ਮੈਂ ਤੇਰੇ ਨਾਲ ਰਹਿਣਾ ਨਹੀਂ ਚਾਹੁੰਦੀ ਸਾਂ। ਮੈਂ ਸੋਚਿਆ ਤੇਰੇ ਨਾਲ ਰਹਿਣ ਤੋਂ ਮਰਨਾ ਚੰਗਾ। ਤੇ ਹੁਣ ? ਮੈਂ ਆਖਿਆ ਤੇ ਉਹ ਕਹਿੰਦੀ ਹੈ ਹੁਣ ਤੂੰ ਮੇਰੇ ਦਿਲ ਵਿਚ ਵੱਸਦਾ ਏਂ।" ਤਰਾਸ ਰੁੱਕ ਗਿਆ ਤੇ ਖ਼ੁਸ਼ੀ ਨਾਲ ਮੁਸਕਰਾ ਕੇ, ਜਿਵੇਂ ਵਿਸਮਾਦ ਵਿਚ ਆ ਕੇ ਸਿਰ ਹਿਲਾਉਣ ਲੱਗਾ। "ਅਸੀਂ ਹਾਲੇ ਘਰ ਫ਼ਸਲ ਲਿਆਂਦੀ ਹੀ ਸੀ ਤੇ ਮੈਂ ਸਣ ਪਾਣੀ ਵਿਚ ਦੱਬਣ ਗਿਆ। ਤੇ ਜਦੋਂ ਘਰ ਮੁੜਿਆ..... ਉਹ ਇਕ ਪਲ ਲਈ ਰੁਕ ਕੇ ਚੁੱਪ ਹੋ ਗਿਆ। ਸੰਮਣ ਆਏ ਪਏ ਸਨ ਉਸ ਨੂੰ ਅਦਾਲਤ ਵਿਚ ਪੇਸ਼ ਕਰਨ ਲਈ ਬੁਲਾਇਆ ਗਿਆ ਸੀ। ਤੇ ਅਸੀਂ ਉਸ ਗੱਲ ਨੂੰ ਜਿਸ ਬਾਰੇ ਉਸ ਨੇ ਅਦਾਲਤ ਵਿਚ ਪੇਸ਼ ਹੋਣਾ ਸੀ, ਬਿਲਕੁਲ ਭੁੱਲ ਚੁੱਕੇ ਸਾਂ।

"ਇਹ ਸ਼ੈਤਾਨ ਦਾ ਕਾਰਾ ਹੀ ਹੋ ਸਕਦਾ ਹੈ।" ਪਾਲੀ ਨੇ ਕਿਹਾ। ਕਦੀ ਕੋਈ ਬੰਦਾ ਇਕ ਜੀਉਂਦੀ ਆਤਮਾ ਨੂੰ ਨਸ਼ਟ ਕਰਨ ਦੀ ਆਪ ਸੋਚ ਸਕਦਾ ਹੈ ? ਇਕ ਵਾਰੀ ਸਾਡੇ ਕੋਲ ਇਕ ਆਦਮੀ"…. ਤੇ ਮਾਲੀ ਇਕ ਕਹਾਣੀ ਸ਼ੁਰੂ ਕਰਨ ਲੱਗਾ ਸੀ ਕਿ ਗੱਡੀ ਹੌਲੀ ਹੋ ਗਈ।

"ਜਾਪਦਾ ਹੈ ਕੋਈ ਸਟੇਸ਼ਨ ਆ ਗਿਆ ਹੈ।" ਉਸ ਨੇ ਆਖਿਆ। "ਮੈਂ" ਜਾ ਕੇ ਕੁਝ ਪੀ ਕੇ ਆਵਾਂਗਾ।"

ਗੱਲ ਖ਼ਤਮ ਹੋ ਗਈ ਤੇ ਨਖ਼ਲਿਊਦੌਫ਼ ਮਾਲੀ ਦੇ ਪਿੱਛੇ ਪਿਛੇ ਗੱਡੀ ਵਿਚੋਂ ਸਟੇਸ਼ਨ ਦੇ ਗਿੱਲੇ ਪਲੇਟਫ਼ਾਰਮ ਉੱਤੇ ਉੱਤਰ ਪਿਆ।

-0-

42

ਬਾਹਰ ਆਉਣ ਤੋਂ ਪਹਿਲੋਂ ਨਖ਼ਲਿਊਦੌਫ਼ ਨੇ ਸਟੇਸ਼ਨ ਦੇ ਬਾਹਰ ਕਈ ਸੱਜ ਧੱਜ ਵਾਲੀਆਂ ਬੱਘੀਆਂ, ਵੇਖੀਆਂ, ਕੋਈ ਤਿੰਨ, ਕੋਈ ਚਾਰ ਚੰਗੇ ਪਲੇ ਹੋਏ ਘੋੜਿਆਂ ਦੀ ਜਿਨ੍ਹਾਂ ਦੇ ਸਾਜ਼ ਸਾਮਾਨ ਦੀਆਂ ਟੱਲੀਆਂ ਟਣਕ ਰਹੀਆਂ ਸਨ। ਜਦੋਂ ਉਸ ਨੇ ਪਲੇਟਫ਼ਾਰਮ ਦੇ ਕਾਲੇ ਗਿੱਲੇ ਤੱਖਤਿਆਂ ਉੱਤੇ ਕਦਮ ਰੱਖਿਆ, ਤਾਂ ਉਸ ਨੇ ਪਹਿਲੇ ਦਰਜੇ ਦੇ ਡੱਬੇ ਦੇ ਸਾਹਮਣੇ ਲੋਕਾਂ ਦਾ ਇਕ ਇਕੱਠ ਦੇਖਿਆ ਜਿਨ੍ਹਾਂ ਵਿਚ ਇਕ ਮੋਟੀ ਇਸਤਰੀ ਤੇ ਇਕ ਪਤਲੀਆਂ ਲੱਤਾਂ ਵਾਲਾ ਲੰਮਾਂ ਜੁਆਨ ਆਦਮੀ ਸਭ ਤੋਂ ਪਹਿਲਾਂ ਨਜ਼ਰ ਪੈਂਦੇ ਸਨ। ਇਸਤਰੀ ਨੇ ਇਕ ਬਰਸਾਤੀ ਪਹਿਨੀ ਹੋਈ ਸੀ ਤੇ ਉਸ ਦੀ ਟੋਪੀ ਵਿਚ ਮਹਿੰਗੇ ਮਹਿੰਗੇ ਪੰਖ ਲੱਗੇ ਹੋਏ ਸਨ। ਆਦਮੀ ਸਾਈਕਲਿੰਗ ਸੂਟ ਵਿਚ ਸੀ ਤੇ ਉਸ ਨਾਲ ਇਕ ਵੱਡਾ ਸਾਰਾ ਮਹਿੰਗੇ ਪਟੇ ਵਾਲਾ ਪਲਿਆ ਹੋਇਆ ਕੁੱਤਾ ਸੀ। ਉਨ੍ਹਾਂ ਦੇ ਪਿੱਛੇ ਪਿਆਦੇ ਓੜਨ ਤੇ ਛੱਤਰੀਆਂ ਲਈ ਖਲੋਤੇ ਸਨ ਤੇ ਇਕ ਕੋਚਵਾਨ। ਇਹ ਵੀ ਗੱਡੀ ਉੱਤੇ ਮਿਲਣ ਆਏ ਸਨ।

ਇਸ ਸਾਰੇ ਗ੍ਰੋਹ ਉੱਤੇ, ਮੋਟੀ ਇਸਤਰੀ ਤੋਂ ਲੈ ਕੇ ਕੋਚਵਾਨ ਤੱਕ, ਜੋ ਆਪਣਾ ਲੰਮਾ ਕੋਟ ਪਕੜੀ ਖੜ੍ਹਾ ਸੀ, ਦੌਲਤ ਤੇ ਚੁੱਪ ਚਾਪ ਆਤਮ-ਵਿਸ਼ਵਾਸ ਦੀ ਛਾਪ ਸੀ। ਇਕ ਉਤਸੁਕ ਤੇ ਖ਼ੁਸ਼ਾਮਦੀ ਭੀੜ ਤੇਜ਼ੀ ਨਾਲ ਇਸ ਗ੍ਰੋਹ ਉਦਾਲੇ ਇਕੱਠੀ ਹੋ ਗਈ......ਲਾਲ ਟੋਪੀ ਵਾਲਾ ਸਟੇਸ਼ਨ ਮਾਸਟਰ, ਇਕ ਸਿਪਾਹੀ, ਰੂਸੀ ਲਿਬਾਸ ਵਿਚ ਇਕ ਪਤਲੀ ਜਿਹੀ ਜੁਆਨ ਇਸਤਰੀ, ਇਕ ਤਾਰ ਬਾਬੂ, ਤੇ ਮੁਸਾਫ਼ਰ, ਇਸਤਰੀਆਂ ਪੁਰਖ ਦੋਵੇਂ। ਉਸ ਇਸਤਰੀ ਦੇ ਗਲ ਵਿਚ ਮਣਕਿਆਂ ਦੀ ਮਾਲਾ ਸੀ ਜੋ ਉਹ ਸਾਰੀਆਂ ਗਰਮੀਆਂ ਮੋਹਦਾ ਨਾਲ ਗੱਡੀਆਂ ਦੇਖਣ ਆਉਂਦੀ ਰਹੀ ਸੀ। ਕੁੱਤੇ ਵਾਲੇ ਨੌਜਵਾਨ ਨੂੰ ਨਖ਼ਲਿਊਦੌਫ਼ ਨੇ ਪਛਾਣ ਲਿਆ, ਉਹ ਕਾਰਚਗਿਨ ਦਾ ਪੁੱਤਰ ਸੀ ਜੋ ਸਕੂਲ ਵਿਚ ਪੜ੍ਹਦਾ ਸੀ। ਮੋਟੀ ਇਸਤਰੀ ਕੰਵਰਰਾਣੀ ਦੀ ਭੈਣ ਸੀ ਜਿਸ ਦੀ ਜਾਗੀਰ ਉੱਤੇ ਨੂੰ ਕੋਚਗਿਨ ਪਰਿਵਾਰ ਜਾ ਰਿਹਾ ਸੀ। ਤਿੱਲੇ ਦੀ ਡੋਰੀ ਤੇ ਚਮਕਦਾਰ ਵੱਡੇ ਬੂਟਾਂ ਵਾਲੇ ਗਾਰਡ ਨੇ ਰੇਲ ਦੇ ਡੱਬੇ ਦਾ ਦਰਵਾਜ਼ਾ ਖੋਲ੍ਹਿਆ ਤੇ ਸਨਮਾਨ ਵਜੋਂ ਉਸ ਨੂੰ ਪਕੜ ਕੇ ਖਲੋਤਾ ਰਿਹਾ, ਇੰਨੇ ਚਿਰ ਵਿਚ ਫਿਲਪ ਤੇ ਚਿੱਟੇ ਪਲੇ ਵਾਲਾ ਇਕ ਕੁਲੀ ਇਹਤਿਆਤ ਨਾਲ ਲੰਮੇ ਮੂੰਹ ਵਾਲੀ ਕੁਰਸੀ

ਵਿਚ ਚੁੱਕ ਕੇ ਬਾਹਰ ਲੈ ਗਏ। ਭੈਣਾਂ ਆਪਸ ਵਿਚ ਮਿਲੀਆਂ ਤੇ ਫ਼ਰਾਂਸੀਸੀ ਬੋਲੀ ਦੇ ਵਾਕ ਇਧਰ ਉਧਰ ਉੱਡਣ ਲੱਗੇ। ਕੰਵਰਰਾਣੀ ਬੰਦ ਜਾਂ ਖੁਲ੍ਹੀ ਬੱਘੀ ਵਿਚ ਜਾਣਾ ਪਸੰਦ ਕਰੇਗੀ? ਅਖੀਰ ਜਲੂਸ ਬਾਹਰ ਜਾਣ ਵਾਲੇ ਰਸਤੇ ਵੱਲ ਚਲ ਪਿਆ ਜਿਸ ਦੇ ਪਿੱਛੇ ਬਾਂਦੀ ਉਸ ਦੀ ਝਾਲਰ ਕਿਨਾਰੀ, ਛੱਤਾਂ ਤੇ ਚਮੜੇ ਦਾ ਕੇਸ ਸੰਭਾਲੀ ਜਾ ਰਹੀ ਸੀ।

ਨਖਲਿਊਦੌਫ਼ ਉਨ੍ਹਾਂ ਨੂੰ ਮਿਲਣ ਤੇ ਦੂਜੀ ਵਾਰ ਛੁੱਟੀ ਲੈਣ ਤੋਂ ਬਚਣ ਲਈ ਦਰਵਾਜ਼ੇ ਤਕ ਜਾਣ ਤੋਂ ਪਹਿਲਾਂ ਰੁਕ ਗਿਆ ਤਾਂ ਜੋ ਸਾਰਾ ਜਲੂਸ ਲੰਘ ਜਾਵੇ।

ਕੰਵਰਰਾਣੀ, ਉਸ ਦਾ ਪੱਤਰ, ਮਿਸੀ, ਡਾਕਟਰ ਤੇ ਬਾਂਦੀ ਪਹਿਲੋਂ ਬਾਹਰ ਨਿਕਲ ਗਏ, ਤੇ ਬੁੱਢਾ ਕੰਵਰ ਤੇ ਉਸ ਦੀ ਸਾਲੀ ਪਿੱਛੇ ਰਹਿ ਗਏ। ਨਖ਼ਲਿਊਦੌਫ਼ ਉਨ੍ਹਾਂ ਤੋਂ ਇਤਨਾ ਦੂਰ ਸੀ ਕਿ ਉਨ੍ਹਾਂ ਦੀਆਂ ਗੱਲਾਂ ਵਿਚੋਂ ਸਿਵਾਇ ਕੁਝ ਅਨਜੋੜ ਫਰਾਂਸੀਸੀ ਵਾਕਾਂ ਦੇ ਕੁਝ ਨਹੀਂ ਸੁਣ ਸਕਦਾ ਸੀ। ਜਿਵੇਂ ਕਈ ਵਾਰੀ ਹੁੰਦਾ ਹੈ ਇਕ ਵਾਕ, ਕੰਵਰ ਦਾ ਆਖਿਆ ਹੋਇਆ, ਕਿਸੇ ਅਨਜਾਣੇ ਕਾਰਣ ਆਪਣੇ ਸਾਰੇ ਸੁਰ ਅਲਾਪ ਸਮੇਤ ਤੇ ਕੰਵਰ ਦੇ ਬੋਲ ਦੀ ਧੁਨੀ ਉਸ ਨੂੰ ਯਾਦ ਰਹੇ।

"ਉਹ, ਉਹ ਉੱਚਤਮ ਬਰਾਦਰੀ ਵਿਚੋਂ ਹੈ, ਉੱਚਤਮ ਬਰਾਦਰੀ, ਵਿਚੋਂ।" ਕੰਵਰ ਨੇ ਫ਼ਰਾਂਸੀਸੀ ਵਿਚ ਆਪਣੇ ਉੱਚੇ ਦ੍ਰਿੜ੍ਹ ਬੋਲ ਵਿਚ ਕਿਸੇ ਬਾਰੇ ਕਿਹਾ, ਜਦੋਂ ਉਹ ਆਪਣੀ ਸਾਲੀ ਨਾਲ, ਆਦਰ-ਭਾਵੀ ਬਾਬੂਆਂ ਤੇ ਕੁਲੀਆਂ ਵਿਚਕਾਰ ਸਟੇਸ਼ਨ ਤੋਂ ਬਾਹਰ ਨਿਕਲਿਆ।

ਇਸ ਮੌਕੇ ਸਟੇਸ਼ਨ ਦੀ ਇਕ ਨੁੱਕਰ ਦੇ ਪਿੱਛਿਓਂ ਮਜ਼ਦੂਰਾਂ ਦਾ ਇਕ ਗ੍ਰੋਹ ਅਚਾਨਕ ਨਿਕਲਿਆ। ਉਨ੍ਹਾਂ ਨੇ ਸੱਕ ਦੀਆਂ ਜੁੱਤੀਆਂ ਪਾਈਆਂ ਹੋਇਆਂ ਸਨ ਤੇ ਮੋਢਿਆਂ ਉੱਤੇ ਭੇਡ ਦੀ ਖੱਲ ਦੇ ਕੋਟ ਤੇ ਬੋਰੀਆਂ ਚੁੱਕੀਆਂ ਹੋਈਆਂ ਸਨ। ਮਜ਼ਦੂਰ ਪੋਲੇ ਪਰ ਦ੍ਰਿੜ੍ਹ ਕਦਮਾਂ ਨਾਲ ਨੇੜੇ ਦੇ ਡੱਬੇ ਵੱਲ ਨੂੰ ਗਏ ਤੇ ਇਸ ਵਿਚ ਸਵਾਰ ਹੋਣ ਲੱਗੇ ਸਨ ਕਿ ਇਕ ਬਾਬੂ ਨੇ ਇਕ ਦਮ ਉਨ੍ਹਾਂ ਨੂੰ ਉਥੋਂ ਕੱਢ ਦਿੱਤਾ। ਮਜ਼ਦੂਰ ਖਲੋਤੇ ਨਹੀਂ, ਕਾਹਲੀ ਕਾਹਲੀ ਤੇ ਇਕ ਦੂਜੇ ਨੂੰ ਧੱਕਦੇ ਅਗਲੇ ਡੱਬੇ ਤਕ ਗਏ ਤੇ ਇਸ ਵਿਚ ਚੜ੍ਹਨ ਲੱਗੇ। ਉਨ੍ਹਾਂ ਦੀਆਂ ਬੋਰੀਆਂ ਡੱਬੇ ਦੀਆਂ ਨੁੱਕਰਾਂ ਦੇ ਦਰਵਾਜ਼ੇ ਨਾਲ ਅੜੀਆਂ, ਪਰ ਇਕ ਹੋਰ ਗਾਰਡ ਨੇ ਸਟੇਸ਼ਨ ਦੇ ਦਰਵਾਜ਼ੇ ਤੋਂ ਉਨ੍ਹਾਂ ਨੂੰ ਦੇਖ ਲਿਆ ਤੇ ਬੜੀ ਸਖ਼ਤੀ ਨਾਲ ਉਨ੍ਹਾਂ ਨੂੰ ਲਲਕਾਰਿਆ। ਮਜ਼ਦੂਰ ਜੇਹੜੇ ਡੱਬੇ ਵਿਚ ਚੜ੍ਹ ਚੁੱਕੇ ਸਨ ਫੇਰ ਛੇਤੀ ਨਾਲ ਬਾਹਰ ਨਿਕਲ ਆਏ ਤੇ ਉਨ੍ਹਾਂ ਹੀ ਪੋਲੇ ਪਰ ਦ੍ਰਿੜ੍ਹ ਕਦਮਾਂ ਨਾਲ ਹੋਰ ਅੱਗੇ ਅਗਲੇ ਡੱਬੇ ਵੱਲ ਚੱਲ ਗਏ

ਉਸ ਡੱਬੇ ਵੱਲ ਜਿਸ ਵਿਚ ਨਖ਼ਲਿਊਦੋਂਫ਼ ਬੈਠਾ ਸੀ। ਇਕ ਗਾਰਡ ਉਨ੍ਹਾਂ ਨੂੰ ਇਥੋਂ ਵੀ ਰੋਕਣ ਲੱਗਾ ਸੀ ਤੇ ਨਖ਼ਲਿਊਦੋਂਫ਼ ਨੇ ਆਖਿਆ ਅੰਦਰ ਬਥੇਰੀ ਥਾਂ ਸੀ ਤੇ ਬੇਹਤਰ ਸੀ ਉਹ ਇਸ ਵਿਚ ਚੜ੍ਹ ਜਾਣ। ਉਹ ਉਸ ਦੀ ਗੱਲ ਮੰਨ ਕੇ ਅੰਦਰ ਚਲੇ ਗਏ। ਨਖ਼ਲਿਊਦੋਂਫ਼ ਵੀ ਉਨ੍ਹਾਂ ਦੇ ਨਾਲ ਹੀ ਚੜ੍ਹ ਗਿਆ। ਮਜ਼ਦੂਰ ਆਪਣੀਆਂ ਥਾਵਾਂ ਬਣਾ ਰਹੇ ਸਨ ਜਦੋਂ ਕਲਗੀ ਵਾਲੇ ਭੱਦਰ ਪੁਰਸ਼ ਤੇ ਦੋ ਸੁਆਣੀਆਂ ਨੇ, ਉਨ੍ਹਾਂ ਦੇ ਇਸ ਡੱਬੇ ਵਿਚ ਬੈਠਣ ਦੇ ਯਤਨ ਨੂੰ ਆਪਣਾ ਨਿਜੀ ਅਪਮਾਨ ਸਮਝਕੇ ਗੁੱਸੇ ਨਾਲ ਅਨੁਰੋਧ ਕੀਤਾ ਤੇ ਉਨ੍ਹਾਂ ਨੂੰ ਬਾਹਰ ਕੱਢਣਾ ਚਾਹਿਆ। ਮਜ਼ਦੂਰ ਵੀਹ ਜਣੇ, ਬੁੱਢੇ ਤੇ ਜਵਾਨ ਦੋਵੇਂ, ਸਾਰੇ ਥੱਕੇ ਹੋਏ, ਧੁੱਪ ਨਾਲ ਲੂਹੇ, ਮੁਰਝਾਏ ਹੋਏ ਚੇਹਰਿਆਂ ਵਾਲੇ.....ਇਕ ਦਮ ਡੱਬੇ ਦੇ ਅੰਦਰ ਅੱਗੇ ਨੂੰ ਹਿੱਲਣ ਲੱਗੇ। ਉਨ੍ਹਾਂ ਦੀਆਂ ਬੋਰੀਆਂ ਸੀਟਾਂ, ਕੰਧਾਂ ਦੇ ਦਰਵਾਜ਼ਿਆਂ ਵਿਚ ਅੜ ਅੜ ਜਾਂਦੀਆਂ ਸਨ। ਸਪੱਸ਼ਟ ਹੀ ਉਹ ਸਮਝਦੇ ਸਨ ਕਿ ਉਨ੍ਹਾਂ ਦਾ ਕਸੂਰ ਸੀ ਤੇ ਦੁਨੀਆਂ ਦੇ ਦੂਜੇ ਸਿਰੇ ਤਕ ਜਾਣ ਨੂੰ ਤਿਆਰ ਜਾਪਦੇ ਸਨ ਤੇ ਜਿਥੇ ਕੋਈ ਬਿਠਾਵੇ ਬੈਠਣ ਨੂੰ ਤਿਆਰ ਸਨ ਭਾਵੇਂ ਸੀਖਾਂ ਉੱਤੇ ਹੀ ਹੋਵੇ।

"ਕਿਧਰ ਨੂੰ ਧੁੱਸ ਦੇਈ ਜਾਂਦੇ ਹੋ, ਤੁਸੀਂ, ਭੂਤਨਿਓ ? ਬੈਠ ਜਾਓ।" ਇਕ ਹੋਰ ਗਾਰਡ ਨੇ ਅੱਗੋਂ ਲਲਕਾਰਿਆ।

"ਇਹ ਨਵੀਂ ਗੱਲ ਹੈ।" ਉਨ੍ਹਾਂ ਦੇ ਵਿਚੋਂ ਛੋਟੀ ਨੇ ਖਿਝਕੇ ਫਰਾਂਸੀਸੀ ਬੋਲੀ ਵਿਚ ਆਖਿਆ, ਉਸ ਨੂੰ ਯਕੀਨ ਸੀ ਕਿ ਉਹ ਆਪਣੀ ਚੰਗੀ ਫ਼ਰਾਂਸੀਸੀ ਬੋਲੀ ਨਾਲ ਨਖ਼ਲਿਊਦੋਂਫ਼ ਦਾ ਧਿਆਨ ਖਿੱਚ ਲਵੇਗੀ।

ਕੰਗਣਾਂ ਵਾਲੀ ਸੁਆਣੀ ਨੱਕ ਚਾੜ੍ਹਦੀ ਤੇ ਮੂੰਹ ਬਣਾਂਦੀ ਰਹੀ, ਤੇ ਬੋ-ਦਾਰ ਕਿਰਸਾਨਾਂ ਨਾਲ ਬੈਠਣ ਦੇ ਆਨੰਦ ਬਾਰੇ ਕੁਝ ਟੀਕਾ ਟਿੱਪਣੀ ਕਰਨ ਲੱਗੀ।

ਮਜ਼ਦੂਰਾਂ ਨੇ ਉਨ੍ਹਾਂ ਲੋਕਾਂ ਵਾਲੀ ਖ਼ੁਸ਼ੀ ਤੇ ਸ਼ਾਂਤੀ ਅਨੁਭਵ ਕਰਕੇ ਜੋ ਕਿਸੇ ਖ਼ਤਰੇ ਵਿਚੋਂ ਬਚੇ ਹੋਣ ਆਪਣੀਆਂ ਭਾਰੀਆਂ ਬੋਰੀਆਂ ਆਪਣੇ ਮੋਢਿਆਂ ਉੱਤੋਂ ਲਾਹੀਆਂ ਤੇ ਸੀਟਾਂ ਹੇਠ ਨੂੰ ਧੱਕ ਦਿੱਤੀਆਂ।

ਮਾਲੀ ਜੋ ਆਪਣੀ ਥਾਂ ਛੱਡ ਕੇ ਤਰਾਸ ਨਾਲ ਗੱਲਾਂ ਕਰਨ ਆ ਲੱਗਾ ਸੀ ਹੁਣ ਵਾਪਸ ਚਲਾ ਗਿਆ ਤੇ ਤਰਾਸ ਦੇ ਸਾਹਮਣੇ, ਉਸ ਦੇ ਬਰਾਬਰ ਇਕ ਖ਼ਾਲੀ ਥਾਂ ਬਣ ਗਈ। ਤਿੰਨ ਮਜ਼ਦੂਰ ਇਨ੍ਹਾਂ ਥਾਵਾਂ ਉੱਤੇ ਬੈਠ ਗਏ ਪਰ ਜਦੋਂ ਨਖ਼ਲਿਊਦੋਂਫ਼ ਭੱਦਰ ਲੋਕਾਂ ਵਾਲੇ ਪਹਿਰਾਵੇ ਵਿਚ ਉਨ੍ਹਾਂ ਕੋਲ ਆਇਆ, ਉਹ ਇੰਨੇ ਘਬਰਾ ਗਏ ਕਿ ਜਾਣ ਲਈ ਉਠ

ਖੜੇ ਹੋਏ। ਪਰ ਨਖ਼ਲਿਊਦੋਂਫ਼ ਨੇ ਉਨ੍ਹਾਂ ਨੂੰ ਬੈਠੇ ਰਹਿਣ ਲਈ ਆਖਿਆ ਤੇ ਆਪ ਡੱਬੇ ਦੇ ਮੱਧ ਵਿਚ ਲਾਂਘੇ ਦੇ ਨਾਲ ਦੀ ਸੀਟ ਦੀ ਬਾਂਹ ਉੱਤੇ ਬੈਠ ਗਿਆ।

ਮਜ਼ਦੂਰਾਂ ਵਿਚੋਂ ਇਕ, ਪੰਜਾਹ ਸਾਲ ਦੇ ਆਦਮੀ ਨੇ ਇਕ ਛੁਟੇਰੀ ਉਮਰ ਦੇ ਮਜ਼ਦੂਰ ਵੱਲ ਹੈਰਾਨੀ ਤੇ ਕੁਝ ਭੈਅ ਨਾਲ ਨਜ਼ਰ ਮਿਲਾਈ। ਉਨ੍ਹਾਂ ਨੂੰ ਹੈਰਾਨੀ ਇਸ ਗੱਲ ਦੀ ਸੀ ਕਿ ਨਖ਼ਲਿਊਦੋਂਫ਼ ਨੇ ਭੱਦਰ ਲੋਕਾਂ ਦੇ ਸੁਭਾਅ ਅਨੁਸਾਰ ਉਨ੍ਹਾਂ ਨੂੰ ਤਾੜਨ ਤੇ ਬਾਹਰ ਕੱਢ ਦੇਣ ਦੀ ਥਾਉਂ, ਆਪਣੀ ਜਗ੍ਹਾ ਦੇ ਦਿੱਤੀ ਸੀ। ਉਹ ਡਰਦੇ ਵੀ ਸਨ ਕਿ ਇਸ ਦੇ ਕੋਈ ਭੈੜੇ ਨਤੀਜੇ ਨਾ ਹੋਣ।

ਪਰੰਤੂ ਉਨ੍ਹਾਂ ਨੂੰ ਛੇਤੀ ਹੀ ਪਤਾ ਲੱਗ ਗਿਆ ਕਿ ਇਸ ਵਿਚ ਕੋਈ ਲੁਕੀ ਹੋਈ ਗੋਂਦ ਨਹੀਂ ਸੀ, ਜਦੋਂ ਨਖ਼ਲਿਊਦੋਂਫ਼ ਬੜੀ ਸਹਿਜ ਨਾਲ ਤਰਾਸ ਨਾਲ ਗੱਲਾਂ ਕਰਨ ਲੱਗਾ, ਉਨ੍ਹਾਂ ਨੇ ਸੁਖਾਲੇ ਜਿਹੇ ਮਹਿਸੂਸ ਕਰਕੇ ਇਕ ਮੁੰਡੇ ਨੂੰ ਬੋਰੀ ਉੱਤੇ ਬੈਠਣ ਲਈ ਆਖਿਆ ਤੇ ਨਖ਼ਲਿਊਦੋਂਫ਼ ਉੱਤੇ ਆਪਣੀ ਜਗ੍ਹਾ ਬੈਠੇ ਰਹਿਣ ਦਾ ਜ਼ੋਰ ਦਿਤਾ। ਪਹਿਲਾਂ ਇਕ ਵੱਡੀ ਉਮਰ ਦਾ ਮਜ਼ਦੂਰ, ਜੋ ਨਖ਼ਲਿਊਦੋਂਫ਼ ਦੇ ਸਾਹਮਣੇ ਬੈਠਾ ਸੀ, ਇਸ ਭੱਦਰ ਪੁਰਸ਼ ਨਾਲ ਛੋਹ ਜਾਣ ਦੇ ਡਰ ਨਾਲ ਸੁੰਗੜਿਆ ਤੇ ਲੱਤਾਂ ਪਿੱਛੇ ਖਿਚੀ ਬੈਠਾ ਸੀ ਪਰ ਥੋੜੇ ਚਿਰ ਵਿਚ ਹੀ ਉਹ ਮਿੱਤਰ ਜੇਹਾ ਬਣ ਗਿਆ ਤੇ ਉਸ ਨਾਲ ਤੇ ਤਰਾਸ ਨਾਲ ਗੱਲਾਂ ਕਰਦਾ ਬੜੀ ਸੱਜਣਤਾ ਨਾਲ ਨਖ਼ਲਿਊਦੋਂਫ਼ ਦੇ ਗੋਡੇ ਨੂੰ, ਜਦੋਂ ਉਹ ਆਪਣੀ ਗੱਲ ਵੱਲ ਵਿਸ਼ੇਸ਼ ਧਿਆਨ ਦਿਵਾਣਾ ਚਾਹੁੰਦਾ ਹੋਵੇ, ਥਪਕਣ ਲੱਗ ਪਿਆ।

ਉਸ ਨੇ ਉਨ੍ਹਾਂ ਨੂੰ ਆਪਣੇ ਸਮਾਚਾਰ ਸਾਰੇ ਦੱਸੇ, ਆਪਣੇ ਕੱਚੇ ਕੋਲੇ ਦੇ ਟੋਟਿਆਂ ਵਿਚ ਕੰਮ ਬਾਰੇ, ਜਿਥੋਂ ਉਹ ਹੁਣ ਘਰ ਵਾਪਸ ਆ ਰਿਹਾ ਸੀ। ਉਸ ਨੇ ਉਥੇ ਢਾਈ ਮਹੀਨੇ ਕੰਮ ਕੀਤਾ ਸੀ ਤੇ ਆਪਣੀ ਮਜ਼ਦੂਰੀ ਘਰ ਲਿਜਾ ਰਿਹਾ ਸੀ ਜੋ ਕੇਵਲ ਦਸ ਰੂਬਲ ਬਣੀ ਕਿਉਂਕਿ ਕੁਝ ਉਸ ਨੂੰ ਕੰਮ ਤੇ ਲੱਗਣ ਸਮੇਂ ਪੇਸ਼ਗੀ ਦਿੱਤੀ ਜਾ ਚੁੱਕੀ ਸੀ। ਉਸ ਨੇ ਦੱਸਿਆ ਉਹ ਕਿਵੇਂ ਕੰਮ ਕਰਦੇ ਸਨ, ਸੂਰਜ ਚੜਨ ਤੋਂ ਛਿੱਪਣ ਤੱਕ ਗੋਡੇ ਗੋਡੇ ਪਾਣੀ ਵਿਚ ਖੜੇ, ਤੇ ਕੇਵਲ ਦੁਪਹਿਰ ਦੀ ਰੋਟੀ ਲਈ ਦੋ ਘੰਟੇ ਦੀ ਛੁੱਟੀ ਮਿਲਦੀ ਸੀ।

"ਜੇਹੜੇ ਗਿਝੇ ਹੋਏ ਨਹੀਂ ਹੁੰਦੇ, ਉਨ੍ਹਾਂ ਲਈ ਬੇਸ਼ਕ, ਇਹ ਬਹੁਤ ਔਖਾ ਕੰਮ ਹੈ," ਉਸ ਨੇ ਕਿਹਾ। "ਪਰ ਜਦੋਂ ਬੰਦਾ ਸੀਝ ਜਾਂਦਾ ਹੈ ਤਾਂ ਫਿਰ ਕੋਈ ਏਡੀ ਗੱਲ ਨਹੀਂ, ਜੇ ਖਾਣ

ਨੂੰ ਠੀਕ ਮਿਲੇ। ਪਹਿਲਾਂ ਖਾਣ ਨੂੰ ਚੰਗਾ ਨਹੀਂ ਮਿਲਦਾ ਸੀ। ਫਿਰ ਲੋਕਾਂ ਦੇ ਸ਼ਿਕਾਇਤਾਂ ਕਰਨ ਉੱਤੇ ਚੰਗਾ ਖਾਣਾ ਮਿਲਣ ਲੱਗ ਗਿਆ, ਤੇ ਫਿਰ ਕੰਮ ਕਰਨਾ ਸੌਖਾ ਹੋ ਗਿਆ।"

ਉਪਰੰਤ ਉਸ ਨੇ ਦੱਸਿਆ ਕਿ ਕਿਵੇਂ ਉਸ ਨੇ ਅਠਾਈ ਸਾਲ ਕੰਮ ਕੀਤਾ ਸੀ ਤੇ ਆਪਣੀ ਸਾਰੀ ਕਮਾਈ ਘਰ ਭੇਜ ਦਿੰਦਾ ਰਿਹਾ ਸੀ, ਪਹਿਲਾਂ ਆਪਣੇ ਪਿਤਾ ਨੂੰ, ਫੇਰ ਵੱਡੇ ਭਰਾ ਨੂੰ, ਤੇ ਹੁਣ ਭਤੀਜੇ ਨੂੰ ਜੋ ਘਰ ਦਾ ਮੁਖੀ ਸੀ। ਉਹ ਆਪਣੀ ਸਾਲ ਦੀ ਕਮਾਈ, ਪੰਜਾਹ ਜਾਂ ਸੱਠ ਰੂਬਲਾਂ ਵਿਚੋਂ ਕੇਵਲ ਦੋ ਜਾਂ ਤਿੰਨ ਆਪਣੇ ਉੱਤੇ ਖਰਚ ਕਰਦਾ ਸੀ, ਵਿਲਾਸ ਵਸਤਾਂ, ਤਮਾਕੂ ਤੇ ਦੀਅ-ਸਲਾਈ ਉੱਤੇ।

"ਪਰ ਮੈਂ ਗੁਨਾਹਗਾਰ ਹਾਂ, ਤੇ ਜਦੋਂ ਥੱਕਿਆ ਹੋਵਾਂ ਕਦੇ ਕਦੇ ਥੋੜ੍ਹੀ ਜੇਹੀ ਵੋਦਕਾ ਵੀ ਪੀ ਲੈਂਦਾ ਹਾਂ।" ਉਸ ਨੇ ਇਕ ਦੋਸ਼ੀ ਮੁਸਕਾਣ ਨਾਲ ਅੱਗੋਂ ਆਖਿਆ।

ਫਿਰ ਉਸ ਨੇ ਦੱਸਿਆ ਕਿਵੇਂ ਘਰ ਵਿਚ ਉੱਥੇ ਤੀਵੀਆਂ ਕੰਮ ਕਰਦੀਆਂ ਸਨ, ਕਿਵੇਂ ਅੱਜ ਰਵਾਨਾ ਹੋਣ ਤੋਂ ਪਹਿਲਾਂ ਠੇਕੇਦਾਰ ਨੇ ਉਨ੍ਹਾਂ (ਪੁਰਖਾਂ) ਨੂੰ ਵੋਦਕਾ ਦੀ ਅੱਧੀ ਬਾਲਟੀ ਪੀਣ ਨੂੰ ਦਿੱਤੀ ਸੀ, ਤੇ ਕਿਵੇਂ ਉਨ੍ਹਾਂ ਵਿਚੋਂ ਇਕ ਮਰ ਗਿਆ ਸੀ ਤੇ ਇਕ ਹੋਰ ਬੀਮਾਰ ਹੋ ਕੇ ਘਰ ਜਾ ਰਿਹਾ ਸੀ। ਬੀਮਾਰ ਮਜ਼ਦੂਰ, ਜਿਸਦੀ ਉਹ ਗੱਲ ਕਰਦਾ ਸੀ, ਉਸੇ ਡੱਬੇ ਦੀ ਇਕ ਨੁੱਕਰ ਵਿਚ ਬੈਠਾ ਸੀ। ਉਹ ਇਕ ਜੁਆਨ ਮੁੰਡਾ ਸੀ, ਪੀਲੇ ਮੈਲੇ ਜਿਹੇ ਰੰਗ ਦੇ ਚੇਹਰੇ ਤੇ ਨੀਲੇ ਜਿਹੇ ਬੁਲ੍ਹਾਂ ਵਾਲਾ। ਉਹ ਸਪਸ਼ਟ ਤੌਰ ਤੇ ਪੀੜ ਦਾ ਝੰਬਿਆ ਹੋਇਆ ਦਿੱਸਦਾ ਸੀ। ਨਖ਼ਲਿਊਦੌਫ਼ ਉਸ ਕੋਲ ਗਿਆ, ਪਰ ਮੁੰਡੇ ਨੇ ਅਜੇਹੇ ਕਰੜੇ ਤੇ ਦੁਖੀ ਮੁਖਾਂਤਰ ਨਾਲ ਉੱਪਰ ਵੇਖਿਆ ਕਿ ਨਖ਼ਲਿਊਦੋਫ਼ ਨੇ ਉਸ ਨੂੰ ਕੁਝ ਪੁੱਛਕੇ ਹੋਰ ਦੁੱਖੀ ਕਰਨਾ ਯੋਗ ਨਾ ਸਮਝਿਆ, ਪਰੰਤੂ ਵਡੇਰੇ ਆਦਮੀ ਨੂੰ ਉਸ ਲਈ ਕੁਨੀਨ ਖਰੀਦਣ ਲਈ ਸਲਾਹ ਦਿੱਤੀ ਇਹ ਸ਼ਬਦ ਉਸ ਨੂੰ ਕਾਗਜ਼, ਪਰ ਲਿਖ ਦਿੱਤਾ। ਉਹ ਉਸ ਨੂੰ ਇਸ ਲਈ ਕੁਝ ਮੁੱਦਰਾ ਦੇਣੀ ਚਾਹੁੰਦਾ ਸੀ, ਪਰ ਬੁੱਢੇ ਮਜ਼ਦੂਰ ਨੇ ਆਖਿਆ ਕਿ ਉਹ ਆਪ ਉਸ ਨੂੰ ਇਹ ਲੈ ਦੇਵੇਗਾ।

"ਮੈਂ ਬਹੁਤ ਦੁਨੀਆ ਦੇਖੀ ਹੈ, ਪਰ ਅਜੇਹਾ ਭਲਾ ਪੁਰਸ਼ ਪਹਿਲਾਂ ਕਦੇ ਨਹੀ ਮਿਲਿਆ, ਤੁਹਾਡੇ ਸਿਰ ਭੰਨਣ ਦੀ ਥਾਉਂ, ਇਹ ਤੁਹਾਨੂੰ ਆਪਣੀ ਜਗ੍ਹਾ ਤੱਕ ਛੱਡ ਦਿੰਦਾ ਹੈ।" ਬੁੱਢੇ ਨੇ ਤਰਾਸ ਨੂੰ ਆਖਿਆ। "ਜਾਪਦਾ ਹੈ, ਸਭ ਕਿਸਮ ਦੇ ਭਲੇ ਪੁਰਸ਼ ਹੁੰਦੇ ਹਨ।

"ਹਾਂ, ਇਹ ਇਕ ਬਿਲਕੁਲ ਨਵੀਂ ਤੇ ਵੱਖਰੀ ਦੁਨੀਆਂ ਹੈ" ਨਖ਼ਲਿਊਦੌਫ਼ ਨੇ ਇਨ੍ਹਾਂ ਸੂਤਵੇਂ ਗੱਠੇ ਹੋਏ ਅੰਗਾਂ, ਮੋਟੇ ਘਰ ਦੇ ਬਣੇ ਕੱਪੜਿਆਂ ਤੇ ਧੁੱਪ ਲੂਹੇ ਸੱਜਣ, ਭਾਵੇਂ ਥੱਕੇ ਮਾਂਦੇ ਚੇਹਰਿਆਂ ਵੱਲ ਵੇਖ ਕੇ ਸੋਚਿਆ। ਉਹ ਆਪਣੇ ਉਦਾਲੇ ਸਭਨੀ ਪਾਸੀਂ ਨਵੇਂ ਲੋਕ ਤੇ ਮਜ਼ਦੂਰ ਜੀਵਨ ਦੇ ਗੰਭੀਰ ਹਿੱਤ, ਖ਼ੁਸ਼ੀਆਂ, ਤੇ ਕਸ਼ਟ ਪਸਰੇ ਹੋਏ ਅਨੁਭਵ ਕਰ ਰਿਹਾ ਸੀ।

"ਇਥੇ ਹੈ ਬੜਾ ਵਰਗ," ਨਖ਼ਲਿਊਦੋਫ ਨੇ ਕੰਵਰ ਕੋਰਚਗਿਨ ਦੇ ਸ਼ਬਦ ਯਾਦ ਕਰਕੇ ਸੋਚਿਆ ਅਤੇ ਉਸ ਵਿਹਲੜ ਐਸ਼ ਭਰੀ ਦੁਨੀਆਂ ਨੂੰ ਜਿਸ ਵਿਚ ਕੋਰਚਗਿਨ ਪਰਿਵਾਰ, ਆਪਣੇ ਛੋਟੇ ਤੁੱਛ ਹਿਤਾਂ ਸਮੇਤ ਸ਼ਾਮਲ ਸੀ, ਯਾਦ ਕੀਤਾ ਸੀ। ਅਤੇ ਉਸ ਨੇ ਇਕ ਨਵੀਂ ਅਣਜਾਤੀ ਤੇ ਸੁੰਦਰ ਦੁਨੀਆਂ ਦੇ ਮੁਸਾਫ਼ਰ ਵਾਲਾ ਆਨੰਦ ਅਨੁਭਵ ਕੀਤਾ।

-0-

ਦੂਜਾ ਭਾਗ

1

ਕੈਦੀਆਂ ਦਾ ਉਹ ਜੱਥਾ ਜਿਸ ਵਿਚ ਮਸਲੌਫ਼ਾ ਸ਼ਾਮਲ ਸੀ ਕੋਈ ਤਿੰਨ ਹਜ਼ਾਰ ਮੀਲ ਤੈਅ ਕਰ ਚੁੱਕਾ ਸੀ। ਉਹ ਤੇ ਹੋਰ ਕੈਦੀ, ਜੋ ਫੌਜਦਾਰੀ ਜੁਰਮਾਂ ਦੀ ਸਜ਼ਾ ਭੁਗਤ ਰਹੇ ਸਨ, ਰੇਲ ਜਾਂ ਭਾਪ ਦੀ ਕਿਸ਼ਤੀ ਰਾਹੀਂ ਪਰਮਨ ਦੇ ਸ਼ਹਿਰ ਤੱਕ ਆਏ ਸਨ। ਇਥੇ ਆ ਕੇ ਹੀ ਨਖ਼ਲਿਊਦੋਫ਼ ਮਸਲੌਫ਼ਾ ਲਈ ਰਾਜਸੀ ਕੈਦੀਆਂ ਨਾਲ ਸਫ਼ਰ ਕਰਨ ਦੀ ਆਗਿਆ ਪ੍ਰਾਪਤ ਕਰ ਸਕਿਆ ਸੀ, ਜਿਸ ਦੀ ਵੇਗ ਦੁਖ਼ੌਫ਼ਾ ਨੇ, ਜੋ ਇਨ੍ਹਾਂ ਕੈਦੀਆਂ ਵਿਚ ਸ਼ਾਮਲ ਸੀ, ਉਸ ਨੂੰ ਸਲਾਹ ਦਿੱਤੀ ਸੀ।

ਪਰਮ ਤੱਕ ਸਫ਼ਰ ਵਿਚ ਮਸਲੌਫ਼ਾ ਨੇ ਸਰੀਰਕ ਤੇ ਮਾਨਸਿਕ ਦੋਵੇਂ ਪ੍ਰਕਾਰ ਦਾ ਬੜਾ ਕਲੇਸ਼ ਅਨੁਭਵ ਕੀਤਾ ਸੀ। ਸਰੀਰਕ ਭੀੜ ਗੰਦਗੀ ਤੇ ਘਿਣਾਉਣੀਆਂ ਜੂੰਆਂ ਦੇ ਕਾਰਣ ਜੋ ਉਸ ਨੂੰ ਚੈਨ ਨਹੀਂ ਲੈਣ ਦੇਂਦੀਆਂ ਸਨ, ਮਾਨਸਿਕ ਇਤਨੇ ਹੀ ਘਿਣਾਉਣੇ ਪੁਰਸ਼ਾਂ ਦੇ ਕਾਰਨ। ਜੂੰਆਂ ਵਾਕਰ ਪੁਰਸ਼ ਵੀ, ਭਾਵੇਂ ਉਹ ਹਰ ਇਕ ਠਹਿਰਣ ਵਾਲੀ ਥਾਂ ਆ ਕੇ ਬਦਲ ਜਾਂਦੇ ਸਨ, ਹਰ ਥਾਂ ਇਕੋ ਪ੍ਰਕਾਰ ਮਗਰ ਪਏ ਰਹਿੰਦੇ ਸਨ। ਉਹ ਉਸ ਦੇ ਉਦਾਲੇ ਹੋਏ ਰਹਿੰਦੇ, ਤੇ ਉਸ ਨੂੰ ਚੈਨ ਨਾ ਲੈਣ ਦਿੰਦੇ। ਇਸਤਰੀ ਕੈਦੀਆਂ ਤੇ ਪੁਰਸ਼ ਕੈਦੀਆਂ, ਕੈਦਖਾਨੇ ਦੇ ਦਰੋਗਿਆਂ ਤੇ ਕਾਫ਼ਲੇ ਦੇ ਸਿਪਾਹੀਆਂ ਵਿਚ ਇਕ ਪ੍ਰਕਾਰ ਦੇ ਸੁਆਨ ਭਾਵੀ ਵਿਭਚਾਰ ਦੀ ਵਾਦੀ ਇਤਨੀ ਪੱਕੀ ਹੋਈ ਸੀ ਕਿ ਜੇ ਕੋਈ ਇਸਤਰੀ ਕੈਦੀ ਆਪਣੇ ਇਸਤਰੀਤਵ ਨੂੰ ਵਰਤਣ ਲਈ ਰਜ਼ਾਮੰਦ ਨਾ ਹੋਵੇ ਤਾਂ ਉਸ ਨੂੰ ਹਰ ਵਕਤ ਚੌਕਸ ਰਹਿਣਾ ਪੈਂਦਾ ਸੀ। ਨਿਰੰਤਰ ਭੈ ਤੇ ਕਲੇਸ਼ ਦੀ ਅਵਸਥਾ ਵਿਚ ਰਹਿਣਾ ਬੜਾ ਕਸ਼ਟਕਾਰੀ ਸੀ ਤੇ ਮਸਲੌਫ਼ਾ ਖ਼ਾਸ ਕਰਕੇ ਵਧੀਕੀਆਂ ਦਾ ਸ਼ਿਕਾਰ ਹੁੰਦੀ ਸੀ ਕਿਉਂਕਿ ਉਸ ਦੀ ਸ਼ਕਲ ਮੋਹਣੀ ਸੀ ਤੇ ਉਸ ਦੇ ਪਿਛਲੇ ਜੀਵਨ ਦਾ ਸਭਨਾਂ ਨੂੰ ਗਿਆਨ ਸੀ। ਉਹ ਪੁਰਸ਼ਾਂ ਦੇ ਖਹਿੜੇ ਪੈਣ ਦਾ ਦ੍ਰਿੜਤਾ ਨਾਲ ਪ੍ਰਤਿਰੋਧ ਕਰਦੀ ਸੀ, ਜੋ ਉਨ੍ਹਾਂ ਨੂੰ ਬਹੁਤ ਕੌੜਾ ਲਗਦਾ ਸੀ ਤੇ ਉਨ੍ਹਾਂ ਵਿਚ ਉਸ ਨਾਲ ਵੈਰ ਭਾਵ ਜਗਾਂਦਾ ਸੀ। ਪਰ ਥੀਓਦੋਸੀਆਂ ਤੇ ਤਰਾਸ ਨਾਲ ਉਸ ਦੇ ਨੇੜ ਨੇ ਉਸ ਦੀ ਸਥਿਤੀ ਕੁਝ ਸੋਖੀ ਬਣਾਈ ਹੋਈ ਸੀ। ਤਰਾਸ ਆਪਣੀ ਪਤਨੀ ਨਾਲ ਹੁੰਦੀਆਂ ਵਧੀਕੀਆਂ ਬਾਰੇ ਸੁਣ ਕੇ ਆਪਣੀ ਮਰਜ਼ੀ ਨਾਲ ਨਿਯਨੀਗੋਰੋਦ ਦੇ ਸਥਾਨ ਉੱਤੇ

ਗ੍ਰਿਫ਼ਤਾਰ ਹੋ ਗਿਆ ਸੀ, ਤਾਂ ਜੋ ਉਹ ਆਪਣੀ ਪਤਨੀ ਦੀ ਰਖਵਾਲੀ ਕਰ ਸਕੇ ਤੇ ਹੁਣ ਉਸ ਜੱਥੇ ਨਾਲ ਕੈਦੀ ਬਣ ਕੇ ਸਫਰ ਕਰ ਰਿਹਾ ਸੀ।

'ਜਦੋਂ ਮਸਲੌਫ਼ਾ ਨੂੰ ਰਾਜਸੀ ਕੈਦੀਆਂ ਵਿਚ ਸ਼ਾਮਲ ਹੋ ਜਾਣ ਦੀ ਆਗਿਆ ਮਿਲ ਗਈ ਤਾਂ ਉਸ ਦੀ ਸਥਿਤੀ ਹਰ ਤਰ੍ਹਾਂ ਨਾਲ ਵਧੇਰੇ ਸਹਿਣਯੋਗ ਹੋ ਗਈ। ਇਸ ਤੋਂ ਛੁੱਟ ਕਿ ਰਾਜਸੀ ਕੈਦੀਆਂ ਨੂੰ ਬਿਹਤਰ ਰਿਹਾਇਸ਼ ਤੇ ਬਿਹਤਰ ਖ਼ੁਰਾਕ ਮਿਲਦੀ ਸੀ ਤੇ ਉਨ੍ਹਾਂ ਨਾਲ ਇੰਨਾ ਬੁਰਾ ਸਲੂਕ ਨਹੀਂ ਹੁੰਦਾ ਸੀ, ਮਸਲੌਫ਼ਾ ਨੂੰ ਇਕ ਸੁਖ ਇਹ ਵੀ ਹੋ ਗਿਆ ਸੀ ਕਿ ਹੁਣ ਉਸ ਨੂੰ ਪੁਰਸ਼ਾਂ ਦੀਆਂ ਵਧੀਕੀਆਂ ਨਹੀਂ ਸਹਿਣੀਆਂ ਪੈਂਦੀਆਂ ਸਨ ਤੇ ਉਹ ਆਪਣੇ ਉਸ ਬੀਤੇ ਜੀਵਨ ਨੂੰ ਯਾਦ ਕਰਵਾਏ ਬਿਨਾਂ ਰਹਿ ਸਕਦੀ ਸੀ, ਜਿਸ ਨੂੰ ਉਹ ਭੁਲਣਾ ਚਾਹੁੰਦੀ ਸੀ। ਪਰ ਇਸ ਤਬਦੀਲੀ ਦਾ ਸਭ ਤੋਂ ਵੱਡਾ ਲਾਭ ਇਹ ਹੋਇਆ ਕਿ ਉਹ ਕਈ ਅਜੇਹੇ ਬੰਦਿਆਂ ਦੀ ਜਾਣੂ ਹੋ ਗਈ ਜਿਨ੍ਹਾਂ ਦਾ ਉਸ ਦੇ ਆਚਾਰ ਉੱਤੇ ਬੜਾ ਨਿਸ਼ਚਤ ਤੇ ਗੁਣਕਾਰੀ ਪ੍ਰਭਾਵ ਹੋ ਰਿਹਾ ਸੀ।

ਮਸਲੌਫ਼ਾ ਨੂੰ ਠਹਿਰਣ ਵਾਲੇ ਸਾਰੇ ਪੜਾਵਾਂ ਵਿਚ ਰਾਜਸੀ ਕੈਦੀਆਂ ਨਾਲ ਰਹਿਣ ਦੀ ਆਗਿਆ ਸੀ। ਪਰ ਤਕੜੀ ਤੇ ਨਰੋਈ ਹੋਣ ਦੇ ਕਾਰਣ ਤੁਰਨ ਵੇਲੇ ਉਸ ਨੂੰ ਫੌਜਦਾਰੀ ਕੈਦੀਆਂ ਨਾਲ ਜਾਣਾ ਪੈਂਦਾ ਸੀ। ਇਸ ਪ੍ਰਕਾਰ ਉਹ ਤੋਮਸਕ ਤੋਂ ਸਾਰਾ ਰਾਹ ਤੁਰਕੇ ਆਈ ਸੀ। ਦੋ ਰਾਜਸੀ ਕੈਦੀ ਵੀ ਇਸ ਜੱਥੇ ਨਾਲ ਤੁਰਦੇ ਸਨ, ਇਕ ਭੂਰੀਆਂ ਅੱਖਾਂ ਵਾਲੀ ਸੁੰਦਰ ਲੜਕੀ ਮੇਰੀ ਪਾਉਲੋਵਨਾ ਸਚੇਤਿਨੀਨਾ, ਜਿਸ ਨੇ ਨਖ਼ਲਿਊਦੌਫ਼ ਦਾ ਧਿਆਨ ਖਿਚਿਆ ਸੀ, ਜਦੋਂ ਉਹ ਦੁਖੋਫ਼ਾ ਨੂੰ ਕੈਦਖਾਨੇ ਵਿਚ ਮਿਲਣ ਗਿਆ ਸੀ, ਤੇ ਦੂਜਾ ਸਿਮਨਸਨ, ਡੂੰਘੀਆਂ ਅੱਖਾਂ ਤੇ ਖਿਲਰੇ ਵਾਲਾਂ ਵਾਲਾ ਸਾਂਵਲਾ ਜਵਾਨ, ਇਸ ਨੂੰ ਵੀ ਨਖ਼ਲਿਊਦੌਫ਼ ਨੇ ਉਸ ਸਮੇਂ ਕੈਦਖਾਨੇ ਵਿਚ ਤੱਕਿਆ ਸੀ, ਤੇ ਹੁਣ ਪਰਵਾਸ ਵਿਚ ਯਕੂਤਸਕ ਦੇ ਜ਼ਿਲੇ ਨੂੰ ਜਾ ਰਿਹਾ ਸੀ। ਮੇਰੀ ਪਾਉਲਫ਼ਨਾ ਇਸ ਲਈ ਤੁਰ ਰਹੀ ਸੀ ਕਿ ਉਸ ਨੇ ਛਕੜੇ ਵਿਚ ਆਪਣੀ ਥਾਂ ਇਕ ਗਰਭਵਤੀ ਇਸਤਰੀ ਕੈਦੀ ਨੂੰ ਦੇ ਦਿੱਤੀ ਸੀ, ਤੇ ਸਿਮਨਸਨ ਇਸ ਲਈ ਕਿ ਉਹ ਸ੍ਰੇਣੀ ਵਿਸ਼ੇਸ਼ਤਾ ਦਾ ਲਾਭ ਉਠਾਣਾ ਯੋਗ ਨਹੀਂ ਸਮਝਦਾ ਸੀ। ਇਹ ਤਿੰਨੇ ਫ਼ੌਜਦਾਰੀ ਕੈਦੀਆਂ ਨਾਲ ਸਵੇਰੇ ਤੜਕੇ ਰਵਾਨਾ ਹੋ ਪੈਂਦੇ, ਦੂਜੇ ਰਾਜਸੀ ਕੈਦੀਆਂ ਤੋਂ ਪਹਿਲਾਂ ਜੋ ਪਿੱਛੋਂ ਛੱਕੜਿਆਂ ਵਿਚ ਆਉਂਦੇ ਸਨ, ਤੇ ਇਕ ਵੱਡੇ ਸ਼ਹਿਰ ਪਹੁੰਚਣ ਤੋਂ ਪਹਿਲਾਂ ਛੇਕੜਲੀ

ਮੰਜ਼ਿਲ ਵਿਚ ਇਹ ਪ੍ਰਬੰਧ ਕੀਤਾ ਗਿਆ ਸੀ, ਜਿਥੋਂ ਇਕ ਨਵੇਂ ਅਫ਼ਸਰ ਨੇ ਕਾਫ਼ਲੇ ਨੂੰ ਆਪਣੀ ਸੰਭਾਲ ਵਿਚ ਲੈ ਲਿਆ ਸੀ।

ਸਤੰਬਰ ਦੇ ਇਕ ਮੀਂਹ ਵਾਲੇ ਦਿਨ ਤੜਕੇ ਦਾ ਸਮਾਂ ਸੀ। ਠੰਡੀ ਹਵਾ ਬੁਲਿਆਂ ਵਿਚ ਚਲ ਰਹੀ ਸੀ, ਤੇ ਮੀਂਹ ਤੇ ਬਰਫ਼ ਵਾਰੀ ਵਾਰੀ ਪੈ ਰਹੇ ਸਨ। ਕੈਦੀਆਂ ਦਾ ਸਾਰਾ ਜੱਥਾ, ਕੋਈ ਚਾਰ ਸੌ ਪੁਰਸ਼ ਤੇ ਪੰਜਾਹ ਇਸਤਰੀਆਂ, ਠਹਿਰਣ ਵਾਲੀ ਥਾਂ, ਵੇਹੜੇ ਵਿਚ ਇਕੱਠੇ ਹੋਏ ਹੋਏ ਸਨ। ਉਨ੍ਹਾਂ ਵਿਚੋਂ ਕੁਝ ਕਾਫ਼ਲੇ ਦੇ ਅਫ਼ਸਰ ਉਦਾਲੇ ਭੀੜ ਕਰੀ ਖਲੋਤੇ ਸਨ, ਜੋ ਵਿਸ਼ੇਸ਼ ਨਿਯਤ ਕੀਤੇ ਕੈਦੀਆ ਨੂੰ ਦੋ ਦਿਨਾਂ ਦੀ ਖੁਰਾਕ ਲਈ ਪੈਸੇ ਦੇ ਰਿਹਾ ਸੀ। ਜੋ ਉਨ੍ਹਾਂ ਨੇ ਹੋਰਨਾਂ ਵਿਚ ਵੰਡਣੇ ਸਨ। ਦੂਜੇ ਛਾਬੜੀ ਵਾਲੀਆਂ ਇਸਤਰੀਆਂ ਪਾਸੋਂ, ਜਿਨ੍ਹਾਂ ਨੂੰ ਵੇਹੜੇ ਵਿਚ ਆਉਣ ਦਿੱਤਾ ਗਿਆ ਸੀ, ਖਾਣ ਦੀਆਂ ਵਸਤਾਂ ਖ਼ਰੀਦ ਰਹੇ ਸਨ। ਕੈਦੀਆਂ ਦੀਆਂ ਖ਼ਰੀਦ ਕਰਦਿਆਂ ਤੇ ਪੈਸੇ ਗਿਣਦਿਆਂ ਦੀਆਂ ਆਵਾਜ਼ਾਂ ਤੇ ਵੇਚਣ ਵਾਲੀਆਂ ਇਸਤਰੀਆਂ ਦੇ ਤਿੱਖੇ ਬੋਲ ਸੁਣਦੇ ਸਨ। ਕਤੂਸ਼ਾਂ ਤੇ ਮੇਰੀ ਪਉਲੋਫ਼ਨਾ, ਦੋਵੇਂ ਵੱਡੇ ਬੂਟ ਤੇ ਫਰ ਦੇ ਛੋਟੇ ਕੱਟ ਪਹਿਨੀ ਤੇ ਸਿਰਾਂ ਉਦਾਲੇ ਸ਼ਾਲ ਬੰਨ੍ਹੀ ਅੰਦਰ ਵੇਹੜੇ ਵਿਚ ਆਈਆਂ, ਜਿਥੇ ਵੇਚਣ ਵਾਲੀਆਂ ਇਸਤਰੀਆਂ ਪੱਛਮ ਵੱਲ ਦੀ ਕੰਧ ਦਾ ਹਵਾ ਤੋਂ ਉਹਲਾ ਲਈ ਬੈਠੀਆਂ ਸਨ ਤੇ ਆਪਣੀਆਂ ਚੀਜ਼ਾਂ ਵੇਚਣ ਵਿਚ ਇਕ ਦੂਜੀ ਤੋਂ ਵੱਧ ਵੱਧ ਯਤਨ ਕਰ ਰਹੀਆਂ ਸਨ। ਉਨ੍ਹਾਂ ਪਾਸ ਮਾਸ ਦੇ ਕੀਮੇ, ਮੱਛੀ, ਸੇਵੀਆਂ, ਬੜ ਕਣਕ ਦਾ ਦਲੀਆ, ਕਲੇਜੀ, ਗਊਮਾਸ, ਅੰਡੇ ਤੇ ਦੁੱਧ ਆਦਿ ਵਸਤਾਂ ਸਨ। ਇਕ ਪਾਸ ਵੇਚਣ ਨੂੰ ਭੁੰਨਿਆ ਹੋਇਆ ਸੂਰ ਵੀ ਸੀ।

ਸਿਮਨਸਨ ਵੀ ਵੇਹੜੇ ਵਿਚ ਜੱਥੇ ਦੇ ਤੁਰਨ ਦੀ ਉਡੀਕ ਵਿਚ ਖੜਾ ਸੀ। ਉਸ ਨੇ ਰਬੜ ਦਾ ਛੋਟਾ ਕੋਟ ਤੇ ਆਪਣੀਆਂ ਉਨੀਂ ਲੰਮੀਆਂ ਜ਼ੁਰਾਬਾਂ ਉੱਤੇ ਰੱਸੀ ਨਾਲ ਕੱਸ ਕੇ ਰਬੜ ਦੇ ਉਪਰਲੇ ਬੂਟ ਪਾਏ ਹੋਏ ਸਨ, ਉਹ ਵਨਸਪਤ ਆਹਾਰੀ ਹੋਣ ਕਾਰਣ ਮਰੇ ਹੋਏ ਪਸ਼ੂਆਂ ਦੀ ਖੱਲ ਵੀ ਨਹੀਂ ਵਰਤਦਾ ਸੀ। ਉਹ ਡਿਉਢੀ ਕੋਲ ਖੜਾ ਆਪਣੀ ਨੋਟ ਬੁੱਕ ਵਿਚ ਦਾ ਇਕ ਵਿਚਾਰ, ਜੋ ਉਸ ਨੂੰ ਫੁਰਿਆ ਸੀ, ਲਿਖ ਰਿਹਾ ਸੀ। ਜੋ ਉਸ ਨੇ ਲਿਖਿਆ ਇਹ ਸੀ : 'ਜੇ ਇਕ ਕਿਰਮਾਣੂ ਮਨੁੱਖੀ ਨਹੁੰ ਨੂੰ ਦੇਖੇ ਤੇ ਜਾਂਚੇ ਤਾਂ ਉਹ ਇਸ ਨੂੰ ਨਿਰਜੀਵ ਦ੍ਰਵ ਆਖੇਗਾ, ਇਸ ਤਰ੍ਹਾਂ ਅਸੀ ਧਰਤੀ ਨੂੰ ਇਸ ਦੀ ਉਪਰਲੀ ਤਹਿ ਤੋਂ ਦੇਖ ਕੇ ਨਿਰਜੀਵ ਆਖ ਦਿੰਦੇ ਹਾਂ। ਇਹ ਠੀਕ ਨਹੀਂ।"

ਅੰਡੇ, ਰੋਟੀ, ਮੱਛੀ ਤੇ ਰਸਕ ਖਰੀਦ ਕੇ ਮਸਲੌਫ਼ਾ ਆਪਣੇ ਥੈਲੇ ਵਿਚ ਪਾ ਰਹੀ ਸੀ ਤੇ ਮੇਰੀ ਪਾਉਲੋਫ਼ਨਾ ਵੇਚਣ ਵਾਲੀਆਂ ਨੂੰ ਪੈਸੇ ਦੇ ਰਹੀ ਸੀ, ਜਦੋਂ ਕੈਦੀਆਂ ਵਿਚ ਹਿਲ-ਜੁਲ ਹੋਈ, ਸਾਰੇ ਚੁੱਪ ਕਰ ਗਏ ਤੇ ਆਪਣੇ ਆਪਣੇ ਥਾਂਈਂ ਜਾਣ ਲੱਗੇ। ਅਫ਼ਸਰ ਨੇ ਬਾਹਰ ਆ ਕੇ ਤੁਰਨ ਤੋਂ ਪਹਿਲਾਂ ਅੰਤਮ ਆਦੇਸ਼ ਦਿੱਤੇ।

ਸਭ ਕੁਝ ਨਿੱਤ ਵਾਕਰ ਕੀਤਾ ਗਿਆ, ਕੈਦੀਆਂ ਦੀ ਗਿਣਤੀ ਹੋਈ, ਉਨ੍ਹਾ ਦੇ ਪੈਰਾਂ ਦੀਆਂ ਬੇੜੀਆਂ ਜਾਂਚੀਆਂ ਪੜਤਾਲੀਆਂ ਗਈਆਂ, ਤੇ ਜਿਨ੍ਹਾਂ ਨੇ ਜੋੜੀਆਂ ਬਣਕੇ ਤੁਰਨਾ ਸੀ ਉਨ੍ਹਾਂ ਨੂੰ ਇਕੱਠੇ ਹੱਥਕੜੀਆਂ ਲਗਾਈਆਂ ਗਈਆਂ। ਪਰ ਇਕ ਦਮ ਅਫ਼ਸਰ ਦੀ ਕ੍ਰੋਧ ਭਰੀ ਤੇ ਹਾਕਮਾਂ ਵਾਲੀ ਉੱਚੀ ਆਵਾਜ਼ ਸੁਣਾਈ ਦਿੱਤੀ, ਤੇ ਇਕ ਚਪੇੜ ਤੇ ਬੱਚੇ ਦੇ ਰੋਣ ਦੀ ਆਵਾਜ਼ ਵੀ। ਇਕ ਪਲ ਲਈ ਸਾਰੇ ਚੁੱਪ ਹੋ ਗਏ, ਤੇ ਫਿਰ ਇਕੱਤਰ ਹੋਈ ਭੀੜ ਵਿਚੋਂ ਇਕ ਸੱਖਣੀ ਜੇਹੀ ਭਿਣ ਭਿਣ ਉਠੀ। ਮਸਲੌਫ਼ਾ ਤੇ ਮੇਰੀ ਪਾਉਲੋਫ਼ਨਾ ਉਸ ਥਾਂ ਵੱਲ ਨੂੰ ਹੋਈਆਂ ਜਿਧਰੋਂ ਰੋਲੇ ਦੀ ਆਵਾਜ਼ ਆਈ ਸੀ।

-0-

2

ਮੌਕੇ ਉੱਤੇ ਪਹੁੰਚ ਕੇ ਮੇਰੀ ਪਾਉਲੋਫ਼ਨਾ ਤੇ ਕਤੂਸ਼ਾਂ ਨੇ ਜੋ ਦੇਖਿਆ, ਇਹ ਸੀ ਭੂਰੀਆਂ ਮੁੱਛਾਂ ਵਾਲਾ ਇਕ ਨਰੋਆ ਜਵਾਨ ਅਫ਼ਸਰ ਤਿਉੜੀ ਪਾਈ, ਗੰਦੀਆਂ ਗਾਲ੍ਹਾਂ ਕੱਢਦਾ, ਸੱਜੇ ਹੱਥ ਦੀ ਤਲੀ ਨੂੰ ਮਲਦਾ, ਜੋ ਕੈਦੀ ਦੇ ਮੂੰਹ ਤੇ ਚਪੇੜ ਮਾਰਨ ਨਾਲ ਦੁਖਣ ਲੱਗ ਪਈ ਸੀ, ਖੜਾ ਸੀ। ਉਸ ਦੇ ਅੱਗੇ ਅੱਧੇ ਮੁੰਨੇ ਸਿਰ ਵਾਲਾ ਇਕ ਲੰਮਾ ਪਤਲਾ ਕੈਦੀ ਖੜਾ ਸੀ। ਉਸ ਦਾ ਕੋਟ ਉਸ ਦੇ ਮੇਚ ਤੋਂ ਛੋਟਾ ਸੀ ਤੇ ਪਤਲੂਨ ਉਸ ਤੋਂ ਵੀ ਛੋਟੀ ਸੀ। ਉਹ ਇਕ ਹੱਥ ਨਾਲ ਆਪਣੇ ਚੇਹਰੇ ਤੋਂ ਵਗ ਰਿਹਾ ਲਹੂ ਪੂੰਝ ਰਿਹਾ ਸੀ ਤੇ ਦੂਜੇ ਹੱਥ ਨਾਲ ਇਕ ਛੋਟੀ ਜੇਹੀ ਚੀਖਾਂ ਮਾਰਦੀ, ਸ਼ਾਲ ਵਿਚ ਲਪੇਟੀ ਕੁੜੀ ਪਕੜੀ ਹੋਈ ਸੀ।

"ਮੈਂ ਤੈਨੂੰ ਦੇਵਾਂਗਾ (ਗੰਦੀ ਗਾਲ) ਮੈਂ ਤੈਨੂੰ ਦੱਸਾਂਗਾ ਕਿਵੇ ਜਵਾਬ ਦੇਈਦਾ ਹੈ। (ਹੋਰ ਗਾਲ) ਇਸ ਨੂੰ ਤੀਵੀਆਂ ਨੂੰ ਪਕੜਾ ਦੇਹ।" ਅਫ਼ਸਰ ਕੜਕ ਕੇ ਬੋਲਿਆ। "ਹੁਣ ਫਿਰ ਚਲ ਉਨ੍ਹਾਂ ਨਾਲ।"

ਕੈਦੀ (ਜਿਸ ਨੂੰ ਉਸ ਦੇ ਪਿੰਡ ਦੀ ਪੰਚਾਇਤ ਨੇ ਦੇਸ਼ੋਂ ਕੱਢ ਦਿੱਤਾ ਸੀ) ਤੋਮਸਕ ਤੋਂ ਸਾਰਾ ਰਾਹ ਆਪਣੀ ਨਿੱਕੀ ਧੀ ਨੂੰ ਚੁੱਕੀ ਆਇਆ ਸੀ। ਉਸ ਦੀ ਪਤਨੀ ਉਸ ਸ਼ਹਿਰ ਵਿਚ ਮਿਆਦੀ ਤਾਪ ਨਾਲ ਮਰ ਗਈ ਸੀ। ਅਫ਼ਸਰ ਨੇ ਹੁਣ ਉਸ ਦੇ ਹੱਥਕੜੀ ਲਗਾਣ ਦਾ ਹੁਕਮ ਦਿੱਤਾ ਸੀ। ਕੈਦੀ ਦੇ ਕਹਿਣ ਨਾਲ ਕਿ ਹੱਥਕੜੀ ਲੱਗੀ ਉਹ ਬੱਚੀ ਨੂੰ ਨਹੀਂ ਚੁੱਕ ਸਕੇਗਾ, ਅਫ਼ਸਰ ਖਿੱਝ ਗਿਆ ਸੀ,ਉਹ ਉਸ ਵੇਲੇ ਕਿਸੇ ਗੱਲੋਂ ਖ਼ਫ਼ਾ ਹੋਇਆ ਹੋਇਆ ਸੀ। ਤੇ ਉਸ ਨੇ ਇਸ ਤੰਗ ਕਰਨ ਵਾਲੇ ਕੈਦੀ ਨੂੰ ਝੱਟਪੱਟ ਉਸ ਦਾ ਹੁਕਮ ਨਾ ਮੰਨਣ ਤੋਂ ਮਾਰਿਆ ਸੀ।

ਕਾਫ਼ਲੇ ਦਾ ਇਕ ਸਿਪਾਹੀ ਇਸ ਮਾਰਕੁਟਾਈ ਕੀਤੇ ਕੈਦੀ ਦੇ ਕੋਲ ਖੜਾ ਸੀ। ਉਸ ਨੇ ਇਕ ਕਾਲੀ ਦਾੜ੍ਹੀ ਵਾਲੇ ਕੈਦੀ ਦੇ ਇਕ ਹੱਥ ਨਾਲ ਲੱਗੀ ਹੱਥਕੜੀ ਪਕੜੀ ਹੋਈ ਸੀ। ਕੈਦੀ ਆਪਣੀਆਂ ਭਵਾਂ ਹੇਠੋਂ ਉਦਾਸ ਨਜ਼ਰਾਂ ਨਾਲ ਵੇਖ ਰਿਹਾ ਸੀ, ਕਦੀ ਅਫਸਰ ਵੱਲ ਤੇ ਕਦੀ ਉਸ ਨਿੱਕੀ ਕੁੜੀ ਵਾਲੇ ਮਾਰੇ ਕੁਟੇ ਕੈਦੀ ਵੱਲ। ਅਫ਼ਸਰ ਨੇ ਸਿਪਾਹੀ ਨੂੰ

ਦੁਹਰਾ ਕੇ ਹੁਕਮ ਦਿੱਤਾ ਕਿ ਕੁੜੀ ਨੂੰ ਉਸ ਤੋਂ ਲੈ ਲਵੇ। ਕੈਦੀਆਂ ਦੀ ਭਿਣ ਭਿਣ ਹੋਰ ਉੱਚੀ ਹੋ ਗਈ।

"ਤੋਮਸਕ ਤੋਂ ਸਾਰਾ ਰਾਹ ਹੱਥਕੜੀਆਂ ਨਹੀਂ ਲਗਾਈਆਂ ਗਈਆਂ," ਕਿਸੇ ਨੇ ਪਿੱਛੋਂ ਇਕ ਭਾਰੀ ਆਵਾਜ਼ ਵਿਚ ਆਖਿਆ। "ਇਹ ਬੱਚਾ ਹੈ, ਕਤੂਰਾ ਨਹੀਂ।"

"ਕੁੜੀ ਦਾ ਇਹ ਕੀ ਕਰੇ? ਇਹ ਕੋਈ ਕਾਨੂੰਨ ਨਹੀਂ।" ਇਕ ਹੋਰ ਬੋਲਿਆ।
"ਇਹ ਕੌਣ ਹੈ ? ਅਫ਼ਸਰ ਕੜਕਿਆ, ਜਿਵੇਂ ਉਸ ਨੂੰ ਕੁਝ ਲੜ ਗਿਆ ਹੋਵੇ। ਉਹ ਖਲੋਤੇ ਕੈਦੀਆਂ ਵੱਲ ਨੂੰ ਅਹੁੜਿਆ।

ਮੈਂ ਤੁਹਾਨੂੰ ਦੱਸਾਂਗਾ ਕਾਨੂੰਨ ਕੀ ਹੈ। ਕੌਣ ਬੋਲਿਆ ਸੀ ? ਤੂੰ ? ਤੂੰ ?"

"ਸਭ ਇਹੋ ਆਖਦੇ ਹਨ, ਇਸ ਲਈ ਕਿ....... " ਇਕ ਮੱਧਰੇ ਚੌੜੇ ਚੇਹਰੇ ਵਾਲੇ ਕੈਦੀ ਨੇ ਕਿਹਾ।

ਉਸ ਨੇ ਹਾਲੇ ਗੱਲ ਖਤਮ ਨਹੀਂ ਸੀ ਕੀਤੀ ਕਿ ਅਫਸਰ ਨੇ ਦੋਹਾਂ ਹੱਥਾਂ ਨਾਲ ਉਸ ਨੂੰ ਦੋ ਚਪੇੜਾਂ ਕੱਢ ਮਾਰੀਆਂ।

"ਵਿਦ੍ਰੋਹ ਹੈ ਇਹ ? ਮੈਂ ਤੁਹਾਨੂੰ ਦੱਸਾਂਗਾ ਵਿਦ੍ਰੋਹ ਦੇ ਕੀ ਅਰਥ ਹਨ। ਮੈਂ ਤੁਹਾਨੂੰ ਸਾਰਿਆਂ ਨੂੰ ਕੁੱਤਿਆਂ ਵਾਂਗ ਗੋਲੀ ਨਾਲ ਮਰਵਾ ਦਿਆਂਗਾ, ਸਰਕਾਰ ਸਗੋਂ ਖੁਸ਼ ਹੋਵੇਗੀ। ਪਕੜ ਲੈ ਕੁੜੀ ਨੂੰ।"

ਕੈਦੀ ਚੁੱਪ ਸਨ। ਕਾਫ਼ਲੇ ਦੇ ਇਕ ਸਿਪਾਹੀ ਨੇ ਕੁੜੀ ਨੂੰ ਰੋਂਦੀ ਕੁਰਲਾਂਦੀ ਨੂੰ ਖਿਚ ਲਿਆ ਤੇ ਦੂਜੇ ਨੇ ਕੈਦੀ ਨੂੰ ਹੱਥਕੜੀ ਲਗਾ ਦਿਤੀ। ਉਸ ਨੇ ਹੁਣ ਅਧੀਨਗੀ ਨਾਲ ਆਪਣਾ ਹੱਥ ਅੱਗੇ ਕਰ ਦਿੱਤਾ ਸੀ।

"ਇਸ ਨੂੰ ਤੀਵੀਆਂ ਕੋਲ ਲੈ ਜਾ।" ਅਫ਼ਸਰ ਨੇ ਆਪਣੀ ਤਲਵਾਰ ਦੀ ਪੇਟੀ ਸਵਾਰਦੇ ਹੋਏ ਕੜਕ ਕੇ ਆਖਿਆ।

ਨਿੱਕੀ ਕੁੜੀ ਜਿਸ ਦਾ ਮੂੰਹ ਲਾਲ ਸੂਹਾ ਹੋ ਗਿਆ ਸੀ, ਸ਼ਾਲ ਵਿਚੋਂ ਆਪਣੀਆਂ ਬਾਹਾਂ ਕੱਢਣ ਲਈ ਜ਼ੋਰ ਲਗਾਂਦੀ ਲਗਾਤਾਰ ਚੀਕਾਂ ਮਾਰ ਰਹੀ ਸੀ। ਮੇਰੀ ਪਉਲੋਫਨਾ ਖਲੋਤਿਆਂ ਵਿਚੋਂ ਅੱਗੇ ਵੱਧਕੇ ਅਫ਼ਸਰ ਕੋਲ ਆਈ।

"ਮੈਨੂੰ ਆਗਿਆ ਹੈ ਇਸ ਨਿੱਕੀ ਬੱਚੀ ਨੂੰ ਚੁੱਕ ਲੈ ਚੱਲਣ ਦੀ ?" ਉਸ ਨੇ ਕਿਹਾ।

"ਤੂੰ ਕੌਣ ਹੈਂ ?" ਅਫਸਰ ਨੇ ਪੁੱਛਿਆ।

"ਇਕ ਰਾਜਸੀ ਕੈਦੀ।"

ਮੇਰੀ ਪਉਲੋਫ਼ਨਾ ਦੇ ਮੋਟੀਆਂ ਮੋਟੀਆਂ ਖ਼ੂਬਸੂਰਤ ਅੱਖਾਂ ਵਾਲੇ ਸੁੰਦਰ ਮੁੱਖੜੇ ਦਾ ਅਫ਼ਸਰ ਉੱਤੇ ਪ੍ਰਤੱਖ ਪ੍ਰਭਾਵ ਹੋਇਆ। ਉਸ ਨੇ ਉਸ ਨੂੰ ਪਹਿਲਾਂ ਵੀ ਜਦੋਂ ਕੈਦੀ ਉਸ ਦੇ ਸਪੁਰਦ ਕੀਤੇ ਗਏ ਸਨ, ਤੱਕਿਆ ਸੀ। ਉਸ ਨੇ ਚੁੱਪ ਚਾਪ ਉਸ ਵੱਲ ਵੇਖਿਆ ਜਿਵੇਂ ਸੋਚ ਰਿਹਾ ਹੋਵੇ, ਤੇ ਫਿਰ ਆਖਿਆ, "ਮੈਨੂੰ ਕੋਈ ਉਜਰ ਨਹੀਂ, ਚੁੱਕ ਲੈ ਜੇ ਤੇਰੀ ਮਰਜ਼ੀ ਹੈ। ਤੇਰੇ ਲਈ ਇਸ ਉੱਪਰ ਦਇਆ ਕਰਨੀ ਸੌਖੀ ਹੈ। ਪਰ ਜੇ ਇਹ ਨੱਸ ਜਾਵੇ ਤਾਂ ਇਸ ਦਾ ਜ਼ਿੰਮੇਦਾਰ ਕੌਣ ਹੋਵੇਗਾ ?"

"ਇਹ ਕੁੱਛੜ ਵਿਚ ਬੱਚੀ ਨੂੰ ਚੁੱਕੀ ਕਿਵੇਂ ਨੱਸ ਜਾਂਦਾ ?" ਮੇਰੀ ਪਾਉਲੋਫ਼ਨਾ ਨੇ ਆਖਿਆ।

"ਮੇਰੇ ਪਾਸ ਗੱਲਾਂ ਲਈ ਵਕਤ ਨਹੀਂ। ਜੇ ਮਰਜ਼ੀ ਹੈ ਤਾਂ ਕੁੜੀ ਨੂੰ ਚੁੱਕ ਲੈ।"

"ਮੈਂ ਇਸ ਨੂੰ ਦੇ ਦਿਆਂ ?" ਸਿਪਾਹੀ ਨੇ ਪੁੱਛਿਆ।

"ਹਾਂ, ਦੇ ਦੇਹ।"

"ਆ ਮੇਰੇ ਕੋਲ।" ਮੇਰੀ ਪਾਉਲੋਫ਼ਨਾ, ਬੱਚੀ ਨੂੰ ਆਪਣੇ ਕੋਲ ਆਉਣ ਨੂੰ ਮਨਾਣ ਦਾ ਯਤਨ ਕਰਦੀ, ਬੋਲੀ।

ਪਰ ਬੱਚੀ ਸਿਪਾਹੀ ਦੀਆਂ ਬਾਹਵਾਂ ਵਿਚੋਂ ਆਪਣੇ ਬਾਪ ਵੱਲ ਨਿਕਲ ਨਿਕਲ ਪੈਂਦੀ, ਚੀਕਾਂ ਮਾਰਕੇ ਰੋਈ ਜਾ ਰਹੀ ਸੀ। ਇਹ ਮੇਰੀ ਪਾਉਲੋਫ਼ਨਾ ਕੋਲ ਨਹੀਂ ਜਾਂਦੀ ਸੀ।

"ਜ਼ਰਾ ਠਹਿਰ, ਮੇਰੀ ਪਾਉਲੋਫਨਾ," ਮਸਲੈਂਫ਼ਾ ਨੇ ਆਪਣੇ ਥੈਲੇ ਵਿਚੋਂ ਇਕ ਰਸਕ ਕੱਢ ਕੇ ਆਖਿਆ। "ਇਹ ਮੇਰੇ ਕੋਲ ਆ ਜਾਵੇਗੀ।"

ਛੋਟੀ ਬੱਚੀ ਮਸਲੈਂਫ਼ਾ ਨੂੰ ਜਾਣਦੀ ਸੀ। ਜਦੋਂ ਉਸ ਨੇ ਮਸਲੈਂਫ਼ਾ ਦਾ ਮੂੰਹ ਦੇਖਿਆ, ਤੇ ਰਸਕ ਵੀ, ਉਹ ਮਸਲੈਂਫ਼ਾ ਕੋਲ ਚਲੀ ਗਈ।

ਸਾਰੇ ਚੁੱਪ ਕਰ ਗਏ। ਫਾਟਕ ਖੋਲ੍ਹ ਦਿੱਤਾ ਗਿਆ ਤੇ ਕੈਦੀ ਬਾਹਰ ਜਾ ਕੇ ਕਤਾਰਾਂ ਵਿਚ ਖੜੇ ਹੋ ਗਏ। ਉਨ੍ਹਾਂ ਦੀ ਦੂਜੀ ਵਾਰੀ ਫਿਰ ਗਿਣਤੀ ਕੀਤੀ ਗਈ। ਬੋਰੀਆਂ ਛਕੜਿਆਂ ਉੱਤੇ ਲੱਦੀਆਂ ਗਈਆਂ ਤੇ ਨਿਰਬਲ ਕੈਦੀਆਂ ਨੂੰ ਉਨ੍ਹਾਂ ਉੱਤੇ ਬਿਠਾ ਦਿੱਤਾ ਗਿਆ। ਮਸਲੈਂਫ਼ਾ, ਬੱਚੀ ਨੂੰ ਗੋਦ ਵਿਚ ਲਈ ਤੀਵੀਆਂ ਵਿਚ ਥੀਓਦੋਸੀਆਂ ਦੇ ਕੋਲ ਹੋ ਕੇ ਬੈਠ ਗਈ। ਸਿਮਨਸਨ ਜੋ ਸਾਰਾ ਵਕਤ ਜੋ ਕੁਝ ਹੋ ਰਿਹਾ ਸੀ ਤੱਕਦਾ ਰਿਹਾ ਸੀ, ਲੰਮੇ ਦ੍ਰਿੜ੍ਹ

ਉਲਾਂਘ ਭਰਕੇ ਅਫ਼ਸਰ ਕੋਲ ਆਇਆ। ਅਫ਼ਸਰ ਹੁਕਮ ਦੇ ਕੇ ਬੱਘੀ ਵਿਚ ਚੜ੍ਹ ਹੀ ਰਿਹਾ ਸੀ।

ਸਿਮਨਸਨ ਨੇ ਆਖਿਆ, "ਤੁਸਾਂ ਬਹੁਤ ਬੁਰਾ ਕੀਤਾ ਹੈ।" "ਆਪਣੀ ਥਾਂ ਜਾਓ, ਇਹ ਤੇਰਾ ਕੰਮ ਨਹੀਂ।"

"ਇਹ ਮੇਰਾ ਕੰਮ ਹੈ ਤੁਹਾਨੂੰ ਦੱਸਾਂ ਕਿ ਤੁਸਾਂ ਬੁਰਾ ਕੀਤਾ ਹੈ, ਤੇ ਮੈਨੂੰ ਤੁਹਾਨੂੰ ਦੱਸ ਦਿੱਤਾ ਹੈ।" ਸਿਮਨਸਨ ਨੇ ਆਪਣੀਆਂ ਸੰਘਣੀਆਂ ਭੱਣਾਂ ਹੇਠੋਂ ਅਫ਼ਸਰ ਦੇ ਮੂੰਹ ਵੱਲ ਧਿਆਨ ਲਾ ਕੇ ਵੇਖਿਆ, ਤੇ ਆਖਿਆ।

"ਤਿਆਰ ਹੋ ? ਚਲੋ !" ਅਫ਼ਸਰ ਨੇ, ਸਿਮਨਸਨ ਵੱਲ ਧਿਆਨ ਨਾ ਦੇ ਕੇ ਪੁਕਾਰਿਆ, ਤੇ ਆਪਣੇ ਕੋਚਵਾਨ ਦਾ ਮੋਢਾ ਪਕੜ ਕੇ, ਉਹ ਬੱਘੀ ਵਿਚ ਬੈਠ ਗਿਆ। ਜਥਾ ਤੁਰ ਪਿਆ ਤੇ ਸੰਘਣੇ ਜੰਗਲਾਂ ਵਿਚੋਂ ਲੰਘਦੇ, ਚਿੱਕੜ ਦੇ ਭਰੇ, ਦੋਹੀਂ ਪਾਸੀਂ ਖਾਈਆਂ ਵਾਲੇ ਉਚੇਰੇ ਰਾਹ ਉੱਤੇ ਆ ਕੇ ਇਹ ਫੈਲ ਗਿਆ।

-0-

3

ਇਸ ਕਠੋਰ ਦਸ਼ਾ ਦੇ ਬਾਵਜੂਦ, ਕਤੂਸ਼ਾਂ ਨੂੰ ਰਾਜਸੀ ਕੈਦੀਆਂ ਵਿਚ ਰਹਿਣਾਂ ਬੜਾ ਚੰਗਾ ਲਗਦਾ ਸੀ, ਛੇ ਸਾਲਾਂ ਦੇ ਦੁਰਾਚਾਰੀ ਵਿਲਾਸਮਈ ਤੇ ਜਨਾਨੜੇ ਜੀਵਨ ਤੋਂ ਪਿੱਛੋਂ, ਜੋ ਉਸ ਦਾ ਸ਼ਹਿਰ ਵਿਚ ਰਿਹਾ ਸੀ, ਤੇ ਉਨ੍ਹਾਂ ਕਈ ਮਹੀਨਿਆਂ ਦੀ ਕੈਦ ਪਿੱਛੋਂ ਜੋ ਉਸ ਨੇ ਫੌਜਦਾਰੀ ਕੈਦੀਆਂ ਨਾਲ ਕੱਟੀ ਸੀ। ਹਰ ਰੋਜ਼ ਦੇ ਪੰਦਰਾਂ ਤੋਂ ਵੀਹ ਮੀਲ ਦੇ ਸਫ਼ਰ ਨੇ ਜਿਸ ਵਿਚ ਖਾਣ ਨੂੰ ਚੰਗਾ ਮਿਲਦਾ ਸੀ ਤੇ ਦੋ ਦਿਨ ਚੱਲਣ ਤੋਂ ਪਿੱਛੋਂ ਇਕ ਦਿਨ ਦਾ ਆਰਾਮ ਹੁੰਦਾ ਸੀ, ਉਸ ਨੂੰ ਸਰੀਰਕ ਪੱਖ ਤੋਂ ਤਕੜੀ ਕਰ ਦਿੱਤਾ ਸੀ ਤੇ ਆਪਣੇ ਨਵੇਂ ਸਾਥੀਆਂ ਦੀ ਸੰਗਤ ਨੇ ਉਸ ਅੱਗੇ ਅਜਿਹਾ ਹਿਤ ਭਰਿਆ ਜੀਵਨ ਖੋਲ੍ਹ ਦਿੱਤਾ ਸੀ, ਜਿਸ ਦਾ ਉਸ ਨੂੰ ਕਦੀ ਸੁਪਨਾ ਵੀ ਨਹੀਂ ਆਇਆ ਸੀ। ਅਜਿਹੇ ਅਦਭੁਤ ਲੋਕ (ਉਹ ਆਖਦੀ ਸੀ) ਜਿਨ੍ਹਾਂ ਦੀ ਸੰਗਤ ਉਸ ਨੂੰ ਹੁਣ ਮਿਲੀ ਹੋਈ ਸੀ, ਨਾ ਕੇਵਲ ਉਸ ਨੇ ਕਦੇ ਦੇਖੇ ਹੀ ਨਹੀਂ ਸਨ, ਸਗੋਂ ਕਦੀ ਉਸ ਦੀ ਕਲਪਨਾ ਵਿਚ ਵੀ ਨਹੀਂ ਆਏ ਸਨ।

"ਹੁਣ ਦੇਖੋ ! ਤੇ ਜਦੋਂ ਮੈਨੂੰ ਕੈਦ ਹੋਈ ਮੈਂ ਰੋਂਦੀ ਸੀ," ਉਹ ਆਖਦੀ ਸੀ। "ਮੈਂ ਤਾਂ ਜੀਵਨ ਦੇ ਬਾਕੀ ਸਾਰੇ ਦਿਨ ਈਸ਼ਵਰ ਦੀ ਧੰਨਵਾਦੀ ਰਹਾਂਗੀ। ਮੈਨੂੰ ਉਨ੍ਹਾਂ ਗੱਲਾਂ ਦਾ ਗਿਆਨ ਹੋ ਗਿਆ ਹੈ ਜੋ ਮੈਨੂੰ ਇਸ ਤੋਂ ਬਿਨਾਂ ਕਦੀ ਵੀ ਪ੍ਰਾਪਤ ਨਹੀਂ ਹੋਣਾ ਸੀ।"

ਉਹ ਸੌਖਾ ਤੇ ਨਿਰਯਤਨ ਹੀ ਉਨ੍ਹਾਂ ਸੰਕਲਪਾਂ ਨੂੰ ਸਮਝ ਗਈ ਸੀ, ਜੋ ਇਨ੍ਹਾਂ ਲੋਕਾਂ ਨੂੰ ਪ੍ਰੇਰਣਾ ਦਿੰਦੇ ਸਨ, ਤੇ ਆਪ ਜਨਤਾ ਦਾ ਭਾਗ ਹੁੰਦੀ ਹੋਈ ਇਨ੍ਹਾਂ ਨਾਲ ਪੂਰਣ ਭਾਂਤ ਸਹਾਨਭੂਤ ਸੀ। ਉਹ ਸਮਝਦੀ ਸੀ ਕਿ ਉਹ ਜਨਤਾ ਦੇ ਹਮਾਇਤੀ ਤੇ ਉਪਰਲੀਆਂ ਸ਼੍ਰੇਣੀਆਂ ਵਿਚੋਂ ਹੀ ਆਏ ਸਨ, ਉਨ੍ਹਾਂ ਨੇ ਆਪਣੇ ਵਿਸ਼ੇਸ਼ ਅਧਿਕਾਰ, ਆਪਣੀ ਸੁਤੰਤਰਤਾ ਤੇ ਆਪਣੇ ਜੀਵਨ ਜਨਤਾ ਉੱਤੋਂ ਵਾਰੇ ਹੋਏ ਸਨ। ਇਸ ਗੱਲੋਂ ਉਹ ਖਾਸ ਕਰਕੇ ਉਨ੍ਹਾਂ ਦੀ ਕਦਰ ਤੇ ਸ਼ਲਾਘਾ ਕਰਦੀ ਸੀ।

ਉਹ ਆਪਣੇ ਨਵੇਂ ਸਾਥੀਆਂ ਨਾਲ ਸਾਰਿਆਂ ਨਾਲ ਹੀ ਖੁਸ਼ ਸੀ, ਪਰ ਮੇਰੀ ਪਾਉਲੋਫ਼ਨਾਂ ਉੱਤੇ ਖ਼ਾਸ ਕਰਕੇ, ਜਿਸ ਦੇ ਨਾਲ ਹੀ ਉਹ ਖ਼ੁਸ਼ ਹੀ ਨਹੀਂ ਸੀ ਰਹਿੰਦੀ ਸਗੋਂ

ਉਸ ਦਾ ਵਿਸ਼ੇਸ਼ ਆਦਰ ਕਰਦੀ ਤੇ ਭਗਤੀ ਭਾਵ ਨਾਲ ਉਸ ਨੂੰ ਪ੍ਰੇਮ ਕਰਦੀ ਸੀ। ਉਸ ਨੂੰ ਇਸ ਗੱਲ ਨੇ ਕੀਲ ਲਿਆ ਸੀ ਕਿ ਇਹ ਸੁੰਦਰ ਲੜਕੀ ਜੋ ਤਿੰਨ ਭਾਸ਼ਾ ਬੋਲ ਸਕਦੀ ਸੀ, ਇਕ ਅਮੀਰ ਜਰਨੈਲ ਦੀ ਧੀ ਜੋ ਕੁਝ ਉਸ ਦਾ ਅਮੀਰ ਭਾਈ ਉਸ ਨੂੰ ਭੇਜਦਾ, ਹੋਰਨਾਂ ਵਿਚ ਵੰਡ ਦਿੰਦੀ ਸੀ, ਤੇ ਆਪ ਇਕ ਅੱਧ ਸਾਧਾਰਣ ਕਿਰਤੀ ਕੁੜੀ ਵਾਕਰ ਰਹਿੰਦੀ ਸੀ। ਉਸ ਦਾ ਪਹਿਰਾਵਾ ਕੇਵਲ ਸਾਦਾ ਹੀ ਨਹੀਂ ਗਰੀਬਾਂ ਵਾਲਾ ਸੀ, ਤੇ ਉਹ ਉਪਰਲੀ ਦੇਖ ਪੇਖ ਵੱਲ ਕੋਈ ਧਿਆਨ ਨਹੀਂ ਦੇਂਦੀ ਸੀ। ਇਹ ਗੁਣ, ਇਸਤਰੀਆਂ ਵਾਲੇ ਨਖ਼ਰੇ ਦਾ ਪੂਰਣ ਅਭਾਵ, ਮਸਲੌਫ਼ਾ ਨੂੰ ਖ਼ਾਸ਼ ਕਰਕੇ ਅਸਚਰਜਮਈ ਤੇ ਇਸ ਲਈ ਮੋਹਕ ਪ੍ਰਤੀਤ ਹੁੰਦਾ ਸੀ।

ਮਸਲੌਫ਼ਾ ਸਮਝਦੀ ਸੀ ਕਿ ਮੇਰੀ ਪਾਉਲੋਫ਼ਨਾ ਨੂੰ ਆਪਣੀ ਸੁੰਦਰਤਾ ਦਾ ਪਤਾ ਸੀ ਤੇ ਇਹ ਗੱਲ ਉਸ ਨੂੰ ਖ਼ੁਸ਼ੀ ਦੇਂਦੀ ਸੀ। ਪਰ ਫਿਰ ਵੀ ਉਸ ਦੀ ਸ਼ਕਲ ਦਾ ਜੋ ਪ੍ਰਭਾਵ ਪੁਰਸ਼ਾਂ ਉੱਤੇ ਹੁੰਦਾ ਸੀ, ਉਸ ਨੂੰ ਬਿਲਕੁਲ ਚੰਗਾ ਨਹੀਂ ਲਗਦਾ ਸੀ। ਉਸ ਨੂੰ ਸਗੋਂ ਇਸ ਤੋਂ ਡਰ ਲਗਦਾ ਸੀ ਤੇ ਉਹ ਸਭ ਪ੍ਰਕਾਰ ਦੇ ਮੋਹ ਤੋਂ ਦੁਖੀ ਤੇ ਭੈ ਭੀਤ ਸੀ। ਉਸ ਦੇ ਪੁਰਸ਼ ਸਾਥੀ ਇਹ ਜਾਣਦੇ ਸਨ ਤੇ ਇਸ ਲਈ ਉਸ ਉੱਤੇ ਕਦੀ ਲੋਭਿਤ ਨਹੀਂ ਹੁੰਦੇ ਸਨ... ਤੇ ਜਾਂ ਘੱਟੋ ਘੱਟ ਜੇ ਹੁੰਦੇ ਸਨ ਤਾਂ ਜਤਾਂਦੇ ਨਹੀਂ ਸਨ ਤੇ ਉਸ ਨਾਲ ਓਸੇ ਤਰ੍ਹਾਂ ਵਰਤਦੇ ਸਨ ਜਿਵੇਂ ਕਿਸੇ ਪੁਰਸ਼ ਨਾਲ। ਪਰ ਅਣੋਭੜਾ ਤੋਂ, ਜੋ ਬਹੁਤੀ ਵਾਰੀ ਉਸ ਨੂੰ ਤੰਗ ਕਰਦੇ, ਉਸ ਨੂੰ ਉਸ ਦਾ ਤਕੜਾ ਸਰੀਰਕ ਬਲ ਬਚਾਂਦਾ ਸੀ, ਤੇ ਇਸ ਦਾ ਉਸ ਨੂੰ ਮਾਣ ਸੀ।

"ਇਕ ਵਾਰੀ ਇਉਂ ਹੋਈ," ਉਸ ਨੇ ਹੱਸਦਿਆਂ ਕਤੂਸ਼ਾਂ ਨੂੰ ਦੱਸਿਆ ਸੀ, "ਕਿ ਇਕ ਆਦਮੀ ਬਾਜ਼ਾਰ ਵਿਚ ਮੇਰੇ ਮਗਰ ਲੱਗ ਗਿਆ ਤੇ ਕਿਸੇ ਤਰ੍ਹਾਂ ਵੀ ਮੇਰਾ ਪਿੱਛਾ ਨਾ ਛੱਡੇ। ਅਖੀਰ ਮੈਂ ਉਸ ਨੂੰ ਪਕੜ ਕੇ ਅਜੇਹਾ ਛੰਡਿਆ ਕਿ ਉਹ ਡਰ ਕੇ ਨੱਸ ਗਿਆ।"

ਉਹ ਇਕ ਕ੍ਰਾਂਤੀਵਾਦੀ ਇਸ ਲਈ ਬਣੀ ਸੀ, ਉਹ ਆਖਦੀ ਸੀ ਕਿ ਬਚਪਨ ਤੋਂ ਹੀ ਉਸ ਨੂੰ ਰੱਜੇ ਪੁੱਜੇ ਲੋਕਾਂ ਦੇ ਜੀਵਨ ਵੱਲ ਘ੍ਰਿਣਾ ਤੇ ਜਨ ਸਾਧਾਰਣ ਦੇ ਜੀਵਨ ਨਾਲ ਪ੍ਰੇਮ ਸੀ। ਉਸ ਨੂੰ ਸਦਾ ਇਸ ਗੱਲੋਂ ਝਿੜਕਾਂ ਮਿਲਦੀਆਂ ਸਨ ਕਿ ਉਹ ਬੈਠਣ ਵਾਲੇ ਕਮਰੇ

ਦੀ ਥਾਂ ਨੌਕਰਾਂ ਦੇ ਕਮਰੇ ਵਿਚ, ਰਸੋਈ ਵਿਚ ਜਾ ਤਬੇਲਿਆਂ ਵਿਚ ਆਪਣਾ ਸਮਾਂ ਕਿਉਂ ਬਿਤਾਂਦੀ ਸੀ।

"ਪਰ ਮੈਨੂੰ ਰਸੋਈਆਂ ਤੇ ਕੋਚਵਾਨਾਂ ਕੋਲ ਬੈਠਣਾ ਚੰਗਾ ਲੱਗਦਾ ਤੇ ਭੱਦਰ ਪੁਰਸ਼ਾਂ ਤੇ ਬੀਬੀਆਂ ਕੋਲ ਬੈਠਣਾ ਬਸੁਆਦਾ," ਉਹ ਦੱਸਦੀ ਸੀ। "ਫਿਰ ਜਦੋਂ ਮੈਨੂੰ ਸਮਝ ਆ ਗਈ, ਤਾਂ ਮੈਂ ਵੇਖ ਲਿਆ ਕਿ ਸਾਡਾ ਸਾਰਾ ਜੀਵਨ ਹੀ ਅਨੈਤਿਕ ਹੈ। ਮੈਂ ਮਾਂ ਮਹਿਟਰ ਸੀ ਤੇ ਪਿਤਾ ਨਾਲ ਮੈਨੂੰ ਮੋਹ ਨਹੀਂ ਸੀ। ਇਸ ਲਈ ਉੱਨੀ ਸਾਲ ਦੀ ਉਮਰ ਵਿਚ ਮੈਂ ਘਰ ਛੱਡ ਆਈ ਤੇ ਇਕ ਸਹੇਲੀ ਨਾਲ ਇਕ ਕਾਰਖਾਨੇ ਵਿਚ ਕੰਮ ਉੱਤੇ ਲੱਗ ਗਈ।'

ਕਾਰਖਾਨਾ ਛੱਡ ਕੇ ਉਹ ਇਕ ਪਿੰਡ ਜਾ ਰਹੀ, ਫਿਰ ਮੁੜਕੇ ਸ਼ਹਿਰ ਵਿਚ ਆ ਗਈ ਤੇ ਇਕ ਨਿਵਾਸ ਵਿਚ ਰਹਿਣ ਲੱਗੀ। ਜਿਥੇ ਇਕ ਗੁਪਤ ਛਾਪਾਖਾਨਾ ਸੀ। ਉਥੋਂ ਉਹ ਪਕੜੀ ਗਈ ਤੇ ਉਸ ਨੂੰ ਸਖ਼ਤ ਕੈਦ ਦੀ ਸਜ਼ਾ ਹੋਈ। ਇਸ ਬਾਰੇ ਉਸ ਨੇ ਕੁਝ ਨਹੀਂ ਦੱਸਿਆ ਸੀ, ਪਰ ਕਤੂਸ਼ਾਂ ਨੇ ਹੋਰਨਾਂ ਪਾਸੋਂ ਸੁਣਿਆ ਸੀ ਕਿ ਮੇਰੀ ਪਾਉਲੋਫ਼ਨਾ ਨੂੰ ਸਜ਼ਾ ਇਸ ਕਾਰਣ ਹੋਈ ਸੀ ਕਿ ਜਦੋਂ ਪੁਲਿਸ ਨਿਵਾਸ ਦੀ ਤਲਾਸ਼ੀ ਲੈ ਰਹੀ ਸੀ ਤਾਂ ਇਕ ਕ੍ਰਾਂਤੀਵਾਦ ਨੇ ਅਨ੍ਹੇਰੇ ਵਿਚ ਇਕ ਗੋਲੀ ਚਲਾ ਦਿੱਤੀ ਸੀ, ਤੇ ਮੇਰੀ ਨੇ ਇਹ ਦੋਸ਼ ਆਪਣੇ ਉੱਤੇ ਲੈ ਲਿਆ ਸੀ।

ਜਦੋਂ ਤੋਂ ਕਤੂਸ਼ਾਂ ਮੇਰੀ ਪਾਉਲੋਫ਼ਨਾ ਨੂੰ ਜਾਨਣ ਲੱਗੀ ਸੀ, ਉਹ ਵੇਖਦੀ ਸੀ ਕਿ ਜਿਸ ਅਵਸਥਾ ਵਿਚ ਵੀ ਉਹ ਹੋਵੇ, ਮੇਰੀ ਪਾਉਲੋਫ਼ਨਾ ਨੂੰ ਆਪਣਾ ਕੋਈ ਖਿਆਲ ਨਹੀਂ ਸੀ, ਉਹ ਸਦਾ ਦੂਜਿਆਂ ਦੀ ਸੇਵਾ ਕਰਨ ਨੂੰ ਲੋਚਦੀ ਸੀ, ਹਰ ਨਿੱਕੀ ਜਾਂ ਵੱਡੀ ਗੱਲ ਵਿਚ ਕਿਸੇ ਦੀ ਸਹਾਇਤਾ ਕਰਨ ਨੂੰ। ਉਸ ਦੇ ਹੁਣ ਵਾਲੇ ਸਾਥੀਆਂ ਵਿਚੋਂ ਇਕ ਨਾਵੋਦਵੋਕੋ ਦਾ ਕਹਿਣਾ ਸੀ ਕਿ ਉਹ ਜਨ ਸੇਵਾ ਦੀ ਖੇਡ ਦੀ ਪਿਆਰੀ ਸੀ। ਤੇ ਇਹ ਸੱਚ ਸੀ। ਉਸ ਦੇ ਜੀਵਨ ਦੀ ਰੁਚੀ ਸਾਰੀ ਦੂਜਿਆਂ ਦੀ ਸੇਵਾ ਦੇ ਅਵਸਰ ਲੱਭਣ ਵੱਲ ਸੀ ਜਿਵੇਂ ਇਕ ਖਿਡਾਰੀ ਦੀ ਖੇਡ ਦੀ ਜਾਂ ਸ਼ਿਕਾਰੀ ਦੀ ਸ਼ਿਕਾਰ ਦੇ ਅਵਸਰ ਲੱਭਣ ਵੱਲ ਹੁੰਦੀ ਹੈ। ਤੇ ਇਹ ਕੀੜਾ ਉਸ ਦੇ ਜੀਵਨ ਦਾ ਸੁਭਾਵ, ਵਿਵਹਾਰ ਬਣ ਚੁੱਕਾ ਸੀ, ਤੇ ਇਹ ਉਹ ਇਸ ਸਹਿਜ ਭਾਵ ਨਾਲ ਕਰਦੀ ਸੀ ਕਿ ਜੋ ਉਸ ਨੂੰ ਜਾਣਦੇ ਸਨ, ਇਸ ਲਈ ਧੰਨਵਾਦੀ ਨਹੀਂ ਸਨ, ਸਗੋਂ ਸੁਤੇ ਸਿੱਧ ਉਸ ਤੋਂ ਇਸ ਦੀ ਜਾਚਨਾ ਕਰਦੇ ਸਨ।

ਜਦੋਂ ਮਸਲੌਫ਼ਾ ਉਨ੍ਹਾਂ ਵਿਚ ਪਹਿਲਾਂ ਪਹਿਲ ਆਈ, ਤਾਂ ਮੇਰੀ ਪਾਉਲੋਫ਼ਨਾ ਨੂੰ ਉਸ ਵੱਲ ਅਰੁੱਚੀ ਤੇ ਘ੍ਰਿਣਾ ਪ੍ਰਤੀਤ ਹੋਈ। ਕਤੂਸ਼ਾਂ ਇਹ ਤਾੜ ਗਈ, ਪਰ ਉਸ ਨੇ ਇਹ ਵੀ ਜਾਂਚ ਲਿਆ ਕਿ ਇਨ੍ਹਾਂ ਭਾਵਾਂ ਨੂੰ ਦਬਾਣ ਦਾ ਯਤਨ ਕਰਦੀ ਮੇਰੀ ਪਾਉਲੋਫ਼ਨਾ ਉਸ ਵੱਲ ਸਗੋਂ ਕੋਮਲ ਚਿੱਤ ਤੇ ਦਇਆਵਾਨ ਸੀ। ਅਜਿਹੇ ਅਨਸਾਧਾਰਣ ਜੀਵ ਦੀ ਮ੍ਰਿਦੁਲਤਾ ਤੇ ਦਇਆ-ਭਾਵ ਮਸਲੌਫ਼ਾ ਨੂੰ ਇਸ ਤਰ੍ਹਾਂ ਮੋਹ ਗਏ ਕਿ ਉਹ ਮਨੋਚਿਤੋਂ ਉਸ ਦੀ ਹੋ ਗਈ ਤੇ ਅਚੇਤ ਹੀ ਉਸ ਦੇ ਵਿਚਾਰਾਂ ਨੂੰ ਗ੍ਰਹਿਣ ਕਰਦੀ, ਉਹ ਉਸ ਦੀ ਹਰ ਗੱਲ ਵਿਚ ਰੀਸ ਕਰਦੀ। ਲਿੰਗ-ਪ੍ਰੇਮ ਵੱਲ ਦੋਹਾਂ ਦੀ ਘ੍ਰਿਣਾ ਵੀ ਉਨ੍ਹਾਂ ਨੂੰ ਜੋੜਦੀ ਸੀ। ਇਕ ਨੂੰ ਇਸ ਪ੍ਰੇਮ ਤੋਂ ਨਫ਼ਰਤ ਸੀ ਕਿਉਂਕਿ ਉਸ ਨੇ ਇਸ ਦੇ ਸਾਰੇ ਵਿਕਰਾਲ ਰੂਪ ਵੇਖੇ ਸਨ, ਦੂਜੀ ਜਿਸ ਨੂੰ ਇਸ ਦਾ ਕੋਈ ਅਨੁਭਵ ਨਹੀਂ ਸੀ, ਇਸ ਨੂੰ ਆਪਣੀ ਸਮਝ ਤੋਂ ਬਾਹਰੀ ਕੋਈ ਗੱਲ ਸਮਝਦੀ ਸੀ ਤੇ ਨਾਲ ਹੀ ਕੁਝ ਘ੍ਰਿਣਾਮਈ ਤੇ ਮਨੁੱਖੀ ਸਨਮਾਨ ਦੀ ਬਾਧਕ ਕੋਈ ਗੱਲ।

-0-

4

ਮੇਰੀਪਾਉਲੋਫ਼ਨਾ ਦਾ ਪ੍ਰਭਾਵ ਉਨ੍ਹਾਂ ਪ੍ਰਭਾਵਾਂ ਵਿਚੋਂ ਇਕ ਸੀ ਜੈ ਮਸਲੇ ਨੇ ਗ੍ਰਹਿਣ ਕੀਤੇ। ਇਸ ਦਾ ਕਾਰਣ ਇਹ ਸੀ ਕਿ ਮਸਲੌਫ਼ਾ ਨੂੰ ਮੇਰੀ ਪਾਉਲੋਫ਼ਨਾ ਨਾਲ ਪ੍ਰੇਮ ਸੀ। ਇਕ ਹੋਰ ਪ੍ਰਭਾਵ ਸਿਮਨਸਨ ਦਾ ਸੀ। ਇਸ ਪ੍ਰਭਾਵ ਦਾ ਕਾਰਣ ਸੀ ਸਿਮਨਸਨ ਦਾ ਮਸਲੌਫ਼ਾ ਨਾਲ ਪ੍ਰੇਮ।

ਸਾਰੇ ਲੋਕ ਆਪਣੇ ਜੀਵਨ ਤੇ ਕਾਰ ਵਿਵਹਾਰ ਵਿਚ ਕੁਝ ਆਪਣੇ ਤੇ ਕੁਝ ਹੋਰ ਲੋਕਾਂ ਦੇ ਵਿਚਾਰਾਂ ਅਨੁਸਾਰ ਚਲਦੇ ਸਨ। ਕਿਸ ਹੱਦ ਤੱਦ ਇਕ ਜਾਂ ਦੂਜੇ ਦੀ ਅਨੁਸਰਤਾ ਵਧੇਰੇ ਹੁੰਦੀ ਹੈ, ਇਹ ਉਨ੍ਹਾਂ ਨੂੰ ਵਖਰਿਆਣ ਵਾਲੀ ਇਕ ਵੱਡੀ ਗੱਲ ਹੁੰਦੀ ਹੈ। ਕੁਝ ਲੋਕਾਂ ਲਈ ਸੋਚਣਾ ਇਕ ਪ੍ਰਕਾਰ ਦੀ ਮਾਨਸਿਕ ਕ੍ਰੀੜਾ ਹੈ। ਉਹ ਆਪਣੇ ਵਿਵੇਕ ਨੂੰ ਬਹੁਤ ਹਾਲਤਾਂ ਵਿਚ ਇਸ ਤਰ੍ਹਾਂ ਵਰਤਦੇ ਹਨ ਜਿਵੇਂ ਇਹ ਪਟੇ ਤੋਂ ਬਿਨਾਂ ਇਕ ਪਹੀਆ ਹੁੰਦਾ ਹੈ ਤੇ ਉਹ ਆਪਣੇ ਕੰਮਾਂ ਵਿਚ ਦੂਜੇ ਲੋਕਾਂ ਦੇ ਵਿਚਾਰਾਂ, ਰਸਮ ਰਿਵਾਜ, ਪਰੰਪਰਾ, ਜਾਂ ਕਾਨੂੰਨ ਤੋਂ ਸੇਧ ਲੈਂਦੇ ਹਨ। ਕੁਝ ਆਪਣੇ ਨਿੱਜੀ ਵਿਚਾਰਾਂ ਨੂੰ ਆਪਣੇ ਕੰਮਾਂ ਦੀ ਮੁੱਖ-ਸੰਚਾਲਕ ਸ਼ਕਤੀ ਸਮਝਦੇ ਆਪਣੇ ਵਿਵੇਕ ਦੇ ਆਦੇਸ਼ ਵੱਲ ਧਿਆਨ ਦੇਂਦੇ ਤੇ ਇਸ ਦੇ ਅਧੀਨ ਚਲਦੇ ਹਨ। ਹੋਰ ਲੋਕਾਂ ਦੇ ਵਿਚਾਰਾਂ ਨੂੰ ਉਹ ਕਦੀ ਕਦਾਈਂ ਹੀ ਜਾਂਚ ਤੋਲ ਕੇ ਗ੍ਰਹਿਣ ਕਰਦੇ ਹਨ। ਸਿਮਨਸਨ ਇਕ ਅਜੇਹਾ ਪੁਰਸ਼ ਸੀ। ਉਹ ਹਰ ਗੱਲ ਦਾ ਨਿਰਣਾ ਤੇ ਨਿਸਤਾਰਾ ਆਪਣੇ ਵਿਵੇਕ ਅਨੁਸਾਰ ਕਰਦਾ ਸੀ ਤੇ ਇਸ ਤਰ੍ਹਾਂ ਕੀਤੇ ਨਿਰਣਿਆਂ ਉੱਤੇ ਚਲਦਾ ਸੀ।

ਉਹ ਸਕੂਲ ਵਿਚ ਪੜ੍ਹਦਾ ਸੀ, ਜਦੋਂ ਉਸ ਨੇ ਇਹ ਨਿਰਣਾ ਕਰ ਲਿਆ ਕਿ ਉਸ ਦੇ ਪਿਤਾ ਦੀ, ਇਕ ਸਰਕਾਰੀ ਦਫ਼ਤਰ ਦੇ ਭੰਡਾਰੀ ਰੂਪ ਵਿਚ ਆਮਦਨੀ ਭ੍ਰਿਸ਼ਟ ਕਮਾਈ ਸੀ। ਉਸ ਨੇ ਆਪਣੇ ਪਿਤਾ ਨੂੰ ਕਹਿ ਦਿੱਤਾ ਕਿ ਇਹ ਲੋਕਾਂ ਨੂੰ ਦੇ ਦੇਣੀ ਚਾਹੀਦੀ ਹੈ। ਉਸ ਦੇ ਪਿਤਾ ਨੇ ਉਸ ਦੀ ਗੱਲ ਸੁਣਨ ਦੀ ਥਾਂ ਉਸ ਨੂੰ ਝਿੜਕਾਂ ਦਿਤੀਆਂ। ਉਹ ਘਰੋਂ ਨਿਕਲ ਗਿਆ ਤੇ ਆਪਣੇ ਪਿਤਾ ਦੇ ਧਨ ਨੂੰ ਵਰਤਣ ਤੋਂ ਨਾਂਹ ਕਰ ਦਿਤੀ। ਇਹ ਨਿਰਣਾ ਕਰਕੇ ਕਿ ਸਾਰੇ ਸਥਿਤ ਅਨੈਤਿਕ ਕਾਰਜ ਜਨਤਾ ਦੇ ਅਗਿਆਨ ਤੋਂ ਉਪਜਦੇ ਹਨ, ਉਹ

ਯੂਨੀਵਰਸਿਟੀ ਵਿਚੋਂ ਨਿਕਲਦੇ ਹੀ ਜਨਵਾਦੀ ਦਲ ਵਿਚ ਸ਼ਾਮਲ ਹੋ ਗਿਆ, ਇਕ ਪਿੰਡ ਇਕ ਅਧਿਆਪਕ ਦੀ ਪਦਵੀ ਲੈ ਲਈ ਤੇ ਨਿਧੜਕ ਆਪਣੇ ਸ਼ਿਸ਼ਾਂ ਨੂੰ ਤੇ ਕਿਰਸਾਨਾਂ ਨੂੰ ਪੜ੍ਹਾਂਦਾ ਤੇ ਦੱਸਦਾ ਜੋ ਉਸ ਨੂੰ ਨਿਆਇਕਾਰੀ ਜਾਪਦਾ ਸੀ, ਤੇ ਜਿਸ ਨੂੰ ਉਹ ਅਨਿਆਇ ਸਮਝਦਾ ਸੀ ਉਸ ਦੇ ਖੁਲ੍ਹਮ ਖੁਲ੍ਹਾ ਇਨਕਾਰ ਕਰਦਾ। ਉਸ ਨੂੰ ਗ੍ਰਿਫਤਾਰ ਕਰਕੇ ਉਸ ਉੱਤੇ ਮੁਕੱਦਮਾ ਚਲਾਇਆ ਗਿਆ।

ਮੁਕੱਦਮੇ ਦੇ ਦੌਰਾਨ ਉਸ ਨੇ ਨਿਰਣਾ ਕਰ ਲਿਆ ਕਿ ਜੱਜਾਂ ਨੂੰ ਉਸ ਦਾ ਨਿਆਏ ਕਰਨ ਦਾ ਕੋਈ ਅਧਿਕਾਰ ਨਹੀਂ ਸੀ ਤੇ ਉਸ ਨੇ ਉਨ੍ਹਾਂ ਨੂੰ ਇਹ ਕਹਿ ਦਿੱਤਾ। ਜਦੋਂ ਜੱਜਾ ਨੇ ਉਸ ਦੇ ਕਹਿਣ ਵੱਲ ਕੋਈ ਧਿਆਨ ਨਾ ਦਿੱਤਾ ਤੇ ਮੁਕੱਦਮਾ ਸੁਣਦੇ ਰਹੇ, ਤਾਂ ਉਸ ਨੇ ਉਨ੍ਹਾਂ ਦਾ ਕੋਈ ਉੱਤਰ ਨਾ ਦੇਣ ਦਾ ਫੈਸਲਾ ਕਰ ਲਿਆ, ਤੇ ਉਹ ਜੋ ਵੀ ਪ੍ਰਸ਼ਨ ਕਰਦੇ ਉਹ ਦ੍ਰਿੜਤਾ ਨਾਲ ਕੋਈ ਉੱਤਰ ਨਾ ਦੇਂਦਾ।

ਉਸ ਨੂੰ ਆਰਕੈਂਜਲ ਦੇ ਸੂਬੇ ਵਿਚ ਪ੍ਰਵਾਸ ਦਿੱਤਾ ਗਿਆ। ਉੱਥੇ ਉਸ ਨੇ ਇਕ ਧਾਰਮਿਕ ਸਿੱਖਿਆ ਸਿੱਧ ਕਰ ਲਈ, ਜੋ ਉਸ ਦੇ ਸਾਰੇ ਕਾਰ ਵਿਵਹਾਰ ਦਾ ਨਿਯੰਤਣ ਕਰਦੀ ਸੀ। ਇਸ ਸਿੱਖਿਆ ਦਾ ਆਧਾਰ ਇਹ ਸਿਧਾਂਤ ਸੀ ਕਿ ਬ੍ਰਹਿਮੰਡ ਵਿਚ ਹਰ ਇਕ ਵਸਤ ਜੀਉਂਦੀ ਹੈ, ਮ੍ਰਿਤ ਕੁਝ ਵੀ ਨਹੀਂ, ਤੇ ਉਹ ਸਾਰੀਆਂ ਚੀਜਾਂ ਜਿਨ੍ਹਾਂ ਨੂੰ ਅਸੀਂ ਨਿਰਜੀਵ ਸਮਝਦੇ ਹਾਂ, ਇਕ ਵਿਰਾਟ-ਸੰਜੀ ਸਰੀਰ ਦੇ ਭਾਗ ਹਨ ਜਿਸ ਦਾ ਅਸੀਂ ਕੋਈ ਪਾਰ ਨਹੀਂ ਪਾ ਸਕਦੇ, ਤੇ ਮਨੁੱਖ ਦਾ ਕੰਮ, ਇਸ ਵਿਰਾਟ ਸਰੀਰ ਦਾ ਭਾਗ ਹੁੰਦੇ ਹੋਏ ਜੀਵਨ ਤੇ ਮਿਲਦੇ ਸਾਰੇ ਜੀਵਿਤ ਭਾਗਾਂ ਨੂੰ ਆਧਾਰ ਦੇਣਾ ਹੈ। ਇਸ ਲਈ ਉਹ ਜੀਵਨ ਨਾਸ਼ ਕਰਨ ਨੂੰ ਇਕ ਅਪਰਾਧ ਸਮਝਦਾ ਸੀ, ਤੇ ਯੁੱਧ, ਮੌਤ ਦੀ ਸਜ਼ਾ ਤੇ ਹਰ ਪ੍ਰਕਾਰ ਦੇ ਜੀਵਨ ਘਾਤ, ਨਾ ਕੇਵਲ ਮਨੁੱਖੀ ਜੀਵਾ ਸਗੋਂ ਪਸ਼ੂ ਜੀਵਨ ਦੇ ਘਾਤ ਦੇ ਵਿਰੁੱਧ ਸੀ। ਵਿਆਹ ਬਾਰੇ ਵੀ ਉਸ ਦਾ ਆਪਣਾ ਸਿਧਾਂਤ ਸੀ। ਉਸ ਦਾ ਵਿਚਾਰ ਸੀ ਕਿ ਸੰਤਾਨ ਉੱਤਪਤੀ ਮਨੁੱਖ ਦੀ ਇਕ ਨੀਵੀਂ ਕਿਰਿਆ ਸੀ, ਉਚੇਰੀ ਕਿਰਿਆ ਵਿਦਮਾਨ ਜੀਵਾਂ ਦੀ ਸੇਵਾ ਕਰਨਾ ਸੀ। ਇਸ ਸਿਧਾਂਤ ਦੀ ਪੁਸ਼ਟੀ ਉਸ ਨੂੰ ਇਸ ਤੋਂ ਮਿਲਦੀ ਸੀ ਕਿ ਲਹੂ ਵਿਚ Phagocytes ਹੁੰਦੇ ਹਨ। ਉਸ ਦੇ ਮੱਤ ਅਨੁਸਾਰ ਬ੍ਰਹਮਚਾਰੀ ਇਨ੍ਹਾਂ ਵਾਕਰ ਸਨ ਜਿਨ੍ਹਾਂ ਦਾ ਕਰਮ ਸਰੀਰ ਦੇ ਨਿਰਬਲ ਤੇ ਰੋਗੀ ਅੰਗਾਂ ਦੀ ਸਹਾਇਤਾ ਕਰਨਾ ਸੀ। ਜਿਸ ਘੜੀ ਉਸ ਨੇ ਇਹ ਨਿਰਣਾ ਕਰ ਲਿਆ, ਉਦੋਂ ਤੋਂ ਉਸ ਨੇ ਆਪਣਾ ਜੀਵਨ ਇਸ ਅਨੁਸਾਰ

ਬਣਾ ਲਿਆ ਭਾਵੇਂ ਉਹ ਆਪਣੀ ਜਵਾਨੀ ਵਿਚ ਬੜਾ ਵਿਲਾਸੀ ਰਿਹਾ ਸੀ। ਉਹ ਆਪਣੇ ਆਪ ਨੂੰ ਤੇ ਮੇਰੀ ਪਾਓਲੋਫ਼ਨਾ ਨੂੰ ਵੀ ਮਨੁੱਖੀ Phagocytes ਸਮਝਦਾ ਸੀ।

ਉਸ ਦਾ ਕਤੂਸ਼ਾਂ ਲਈ ਪ੍ਰੇਮ ਇਸ ਸੰਕਲਪ ਨੂੰ ਭੰਗ ਨਹੀਂ ਕਰਦਾ ਸੀ, ਕਿਉਂਕਿ ਉਹ ਉਸ ਨੂੰ ਅਫਲਾਤੂਨੀ ਭਾਵ ਨਾਲ ਪ੍ਰੇਮ ਕਰਦਾ ਸੀ। ਤੇ ਉਹ ਸਮਝਦਾ ਸੀ ਕਿ ਅਜੇਹਾ ਪਿਆਰ ਉਸ ਦੇ Phagocytes ਰੂਪੀ ਕਰਮ ਵਿਚ ਰੋਕ ਨਹੀਂ ਪਾਂਦਾ ਸੀ, ਸਗੋਂ ਇਸ ਦੇ ਉਲਟ ਉਸ ਦੀ ਪ੍ਰੇਰਣਾ ਬਣਿਆ ਹੋਇਆ ਸੀ।

ਉਹ ਕੇਵਲ ਆਚਾਰ ਨੀਤੀ ਦੀਆਂ ਸਮੱਸਿਆਵਾਂ ਨੂੰ ਹੀ ਆਪਣੇ ਵਿਸ਼ੇਸ਼ ਢੰਗ ਨਾਲ ਨਹੀਂ ਸੁਲਝਾਂਦਾ ਸੀ, ਸਗੋਂ ਅੱਤ ਵਿਵਹਾਰਕ ਸਮੱਸਿਆਵਾਂ ਅਤੇ ਸਾਰੇ ਵਿਵਹਾਰ-ਕਾਰ ਬਾਰੇ ਵੀ ਉਸ ਦਾ ਇਕ ਆਪਣਾ ਹੀ ਸਿਧਾਂਤ ਸੀ। ਉਸ ਨੇ ਨਿਯਮ ਬਣਾ ਰੱਖੇ ਸਨ, ਕਿੰਨੇ ਘੰਟੇ ਕੰਮ ਕਰਨਾ ਹੈ, ਕਿੰਨੇ ਘੰਟੇ ਆਰਾਮ, ਕਿਸ ਪ੍ਰਕਾਰ ਦੀ ਖੁਰਾਕ ਖਾਣੀ ਹੈ, ਕਿਸ ਪ੍ਰਕਾਰ ਦਾ ਪਹਿਰਾਵਾ ਰੱਖਣਾ ਹੈ, ਤੇ ਕਿਵੇਂ ਘਰਾਂ ਵਿਚ ਗਰਮੀ ਤੇ ਚਾਨਣ ਉਤਪੰਨ ਕਰਨਾ ਹੈ।

ਇਸ ਸਭ ਕੁਝ ਨਾਲ ਵੀ ਸਿਮਨਸਨ ਸੰਗਾਊ ਤੇ ਸਨਿਮਰ ਸੀ ਪਰ ਜਦੋਂ ਉਹ ਇਕ ਵਾਰੀ ਆਪਣਾ ਮਨ ਬਣਾ ਲੈਂਦਾ ਸੀ, ਫਿਰ ਉਸ ਨੂੰ ਕੋਈ ਚੀਜ਼ ਹਿਲਾ ਨਹੀਂ ਸਕਦੀ ਸੀ।

ਉਸ ਦੇ ਮਸਲੌਫ਼ਾ ਨਾਲ ਪ੍ਰੇਮ ਕਾਰਣ ਇਸ ਪੁਰਸ਼ ਦਾ ਮਸਲੌਫ਼ਾ ਉੱਤੇ ਇਕ ਨਿਸ਼ਚਿਤ ਪ੍ਰਭਾਵ ਸੀ। ਤੇ ਇਕ ਇਸਤਰੀ ਦੀ ਅੰਤਰ ਸੂਝ ਨਾਲ ਮਸਲੌਫ਼ਾ ਛੇਤੀ ਹੀ ਜਾਣ ਗਈ ਸੀ ਕਿ ਉਹ ਉਸ ਨੂੰ ਪ੍ਰੇਮ ਕਰਦਾ ਸੀ, ਇਹ ਗੱਲ, ਕਿ ਉਹ ਅਜੇਹੇ ਪੁਰਸ਼ ਵਿਚ ਪ੍ਰੇਮ ਭਾਗ ਜਗਾ ਸਕਦੀ ਸੀ ਉਸ ਨੂੰ ਆਪ ਆਪਣੀਆਂ ਨਜ਼ਰਾਂ ਵਿਚ ਉੱਚਾ ਕਰਦੀ ਸੀ। ਨਖ਼ਲਿਊਦੌਫ਼ ਉਸ ਨੂੰ ਵਿਆਹੁਣਾ ਚਾਹੁੰਦਾ ਸੀ। ਆਪਣੀ ਦਰਿਆ ਦਿਲੀ ਕਾਰਣ ਤੇ ਜੋ ਕੁਝ ਬੀਤੇ ਸਮੇਂ ਵਰਤਿਆ ਸੀ ਉਸ ਕਾਰਣ। ਪਰ ਸਿਮਨਸਨ ਉਸ ਨੂੰ ਪ੍ਰੇਮ ਕਰਦਾ ਸੀ ਜਿਸ ਰੂਪ ਵਿਚ ਉਹ ਹੁਣ ਸੀ, ਤੇ ਕੇਵਲ ਇਸ ਲਈ ਕਿ ਉਹ ਉਸ ਨੂੰ ਪ੍ਰੇਮ ਕਰਦਾ ਸੀ। ਉਹ ਅਨੁਭਵ ਕਰਦੀ ਸੀ ਕਿ ਸਿਮਨਸਨ ਉਸ ਨੂੰ ਇਕ ਅਨੋਖੀ ਇਸਤਰੀ ਸਮਝ ਦਾ ਸੀ, ਵਿਸ਼ੇਸ਼ ਉੱਚੇ ਆਚਾਰ ਗੁਣ ਭਾਵ ਵਾਲੀ। ਉਸ ਨੂੰ ਪੱਕ ਨਾਲ ਗਿਆਨ ਨਹੀਂ ਸੀ ਕਿ ਉਹ ਉਸ ਵਿਚ ਕੀ ਗੁਣ ਵੇਖਦਾ ਸੀ। ਪਰ ਕਿਸੇ ਭੁਲੇਖੇ ਤੋਂ ਬਚਣ ਲਈ ਤੇ ਉਸ ਨੂੰ ਆਪਣੇ ਵੱਲੋਂ ਨਿਰਾਸ਼ ਨਾ ਕਰਨ ਦੇ ਭਾਵ ਨਾਲ ਉਹ ਆਪਣੀ ਸਾਰੀ ਸ਼ਕਤੀ ਨਾਲ ਆਪਣੇ ਵਿਚ

ਉਹ ਸਾਰੇ ਉੱਤਮ ਗੁਣ ਜਿਨ੍ਹਾਂ ਨੂੰ ਉਹ ਗ੍ਰਹਿਣ ਕਰ ਸਕਦੀ ਸੀ, ਆਪਣੇ ਵਿਚ ਜਗਾਣ ਦਾ ਯਤਨ ਕਰਦੀ ਸੀ। ਜਿੰਨਾ ਸੰਭਵ ਹੋਵੇ ਉੱਨਾ ਚੰਗਾ ਹੋਣ ਦਾ ਸੰਭਵ। ਇਸ ਦਾ ਆਰੰਭ ਜਦੋਂ ਉਹ ਕੈਦਖਾਨੇ ਵਿਚ ਸਨ ਉਦੋਂ ਹੀ ਹੋ ਗਿਆ ਸੀ। ਇਕ ਦਿਨ, ਆਮ ਮੁਲਾਕਾਤਾਂ ਵਾਲੇ ਦਿਨ, ਉਸ ਨੇ ਸਿਮਨਸਨ ਦੀਆਂ ਕੋਮਲ ਗੁੜ੍ਹੀਆਂ ਨੀਲੀਆਂ ਅੱਖਾਂ ਉਸ ਦੇ ਵਧੇ ਹੋਏ ਭਰਵੱਟਿਆਂ ਹੇਠੋਂ ਤੱਕ ਲਗਾਕੇ ਆਪਣੇ ਵੱਲ ਵੇਖਦੀਆਂ ਜਾਂਚੀਆਂ ਸਨ। ਉਸ ਨੇ ਉਦੋਂ ਹੀ ਜਾਂਚ ਲਿਆ ਸੀ ਕਿ ਇਹ ਇਕ ਅਨੋਖਾ ਪੁਰਸ਼ ਸੀ ਤੇ ਉਸ ਵੱਲ ਇਕ ਅਨੋਖੇ ਢੰਗ ਨਾਲ ਤੱਕ ਰਿਹਾ ਸੀ। ਉਸ ਨੇ ਉਸ ਦੇ ਬਿਖਰੇ ਹੋਏ ਵਾਲਾਂ ਤੇ ਤਿਉੜੀਆਂ ਭਰੇ ਮੱਥੇ ਤੋਂ ਉਸ ਦੀ ਸ਼ਕਲ ਵਿਚ ਕਠੋਰਤਾ ਦਾ, ਉਸ ਦੀ ਤੱਕਣੀ ਦੀ ਪਵਿੱਤਰਤਾ ਤੇ ਬੱਚਿਆਂ ਵਾਲੀ ਕੋਮਲਤਾ ਨਾਲ ਅਨੌਖਾ ਮੇਲ ਜਾਂਚ ਲਿਆ ਸੀ। ਤੋਮਸਕ ਆ ਕੇ ਉਸ ਦਾ ਫਿਰ ਉਸ ਨਾਲ ਮੇਲ ਹੋਇਆ ਸੀ, ਜਦੋਂ ਉਹ ਰਾਜਸੀ ਕੈਦੀਆਂ ਵਿਚ ਆ ਮਿਲੀ ਸੀ। ਤੇ ਭਾਵੇਂ ਉਨ੍ਹਾਂ ਨੇ ਇਕ ਦੂਜੇ ਨਾਲ ਇਕ ਸ਼ਬਦ ਵੀ ਨਹੀਂ ਬੋਲਿਆ ਸੀ, ਉਨ੍ਹਾਂ ਦੀਆਂ ਨਜ਼ਰਾਂ ਨੇ ਇਕ ਦੂਜੇ ਦੀ ਯਾਦ ਤੇ ਪਰਸਪਰ ਆਵਕਸ਼ਤਾ ਦਾ ਇਕਬਾਲ ਕੀਤਾ ਸੀ। ਉਸ ਤੋਂ ਪਿੱਛੋਂ ਵੀ ਉਨ੍ਹਾਂ ਨੇ ਇਕ ਦੂਜੇ ਨਾਲ ਕੋਈ ਲੰਮੀ ਗੱਲ ਬਾਤ ਨਹੀਂ ਕੀਤੀ ਸੀ, ਪਰ ਮਸਲੌਫ਼ਾ ਨੂੰ ਪ੍ਰਤੀਤ ਹੁੰਦਾ ਕਿ ਉਹ ਜਦੋਂ ਉਸ ਦੀ ਹਾਜ਼ਰੀ ਵਿਚ ਕੋਈ ਗੱਲ ਕਰਦਾ ਤਾਂ ਸੰਬੋਧਨ ਮਸਲੌਫ਼ਾ ਨੂੰ ਕਰਦਾ। ਉਸ ਨੂੰ ਇਉਂ ਜਾਪਦਾ ਜਿਵੇਂ ਉਹ ਉਸ ਦੀ ਖ਼ਾਤਰ ਹੀ ਬੋਲਦਾ ਹੁੰਦਾ ਤੇ ਆਪਣੇ ਆਪ ਨੂੰ ਜਿਤਨਾ ਸੰਭਵ ਹੋਵੇ, ਸਪੱਸ਼ਟ ਕਰਨ ਦਾ ਯਤਨ ਕਰਦਾ ਸੀ। ਪਰ ਉਹ ਇਕ ਦੂਜੇ ਦੇ ਵਿਸ਼ੇਸ਼ ਨਿਕਟੀ ਉਦੋਂ ਹੋਏ ਜਦੋਂ ਸਿਮਨਸਨ ਫ਼ੌਜਦਾਰੀ ਕੈਦੀਆਂ ਨਾਲ ਮਿਲਕੇ ਤੁਰਨ ਲੱਗਾ ਸੀ।

-0-

5

ਪਰਮ ਤੋਂ ਚਲਣ ਤਕ ਨਖ਼ਲਿਊਦੌਫ਼ ਕਤੂਸ਼ਾਂ ਨੂੰ ਕੇਵਲ ਦੋ ਵਾਰ ਮਿਲ ਸਕਿਆ ਸੀ ਇਕ ਵਾਰ ਨਿਯਨੀਨੋਵਗੋ ਰੋਦ ਕੈਦੀਆਂ ਦੇ ਉਸ ਡੱਬੇ ਵਿਚ ਚੜ੍ਹਨ ਤੋਂ ਪਹਿਲਾਂ ਜਿਸ ਵਿਚ ਉਹ ਤਾਰ ਦੀ ਜਾਲੀ ਪਿੱਛੇ ਪੰਛੀਆਂ ਵਾਕਰ ਬੰਦ ਕੀਤੇ ਗਏ ਸਨ, ਤੇ ਫਿਰ ਪਰਮ ਵਿਚ ਕੈਦਖਾਨੇ ਦੇ ਦਫ਼ਤਰ ਵਿਚ। ਇਨ੍ਹਾਂ ਦੋਹਾਂ ਮੁਲਾਕਾਤਾਂ ਵਿਚ ਉਸ ਨੇ ਮਸਲੋਫ਼ਾ ਨੂੰ ਘੁਟੀ ਘੁਟੀ ਤੇ ਨਿਰਦਈ ਪ੍ਰਤੀਤ ਕੀਤਾ। ਉਸ ਦੀਆਂ ਪੁੱਛਾਂ ਦਾ ਕਿ ਉਸ ਨੂੰ ਕੋਈ ਚੀਜ਼ ਚਾਹੀਦੀ ਹੋਵੇ ਤੇ ਉਹ ਔਖੀ ਤਾਂ ਨਹੀਂ ਸੀ, ਉਹ ਸ਼ਰਮਾ ਕੇ ਤੇ ਟਾਲਵਾਂ ਜਿਹਾ ਉੱਤਰ ਦੇਂਦੀ, ਤੇ ਉਸ ਨੂੰ ਲੱਗਦਾ ਉਸੇ ਵਿਰੋਧੀ ਤਾੜਨਾ ਦੇ ਭਾਵ ਨਾਲ ਜੋ ਉਸ ਨੇ ਪਹਿਲਾਂ ਵੀ ਕਈ ਵਾਰ ਪ੍ਰਗਟ ਕੀਤਾ ਸੀ। ਉਸ ਦੇ ਮਨ ਦੀ ਢਹਿੰਦੀ ਕਲਾ ਜੋ ਉਸ ਸਮੇਂ ਪੁਰਸ਼ਾਂ ਵੱਲੋਂ ਉਸ ਨਾਲ ਹੋ ਰਹੀਆਂ ਛੇੜਖਾਨੀਆਂ ਦਾ ਪਰਿਣਾਮ ਸੀ-ਨਖ਼ਲਿਊਦੌਫ਼ ਨੂੰ ਬਹੁਤ ਦੁੱਖੀ ਕਰਦੀ ਸੀ। ਉਸ ਨੂੰ ਡਰ ਸੀ ਉਹ ਆਪਣੇ ਇਸ ਸਫ਼ਰ ਦੇ ਕਠੋਰ ਤੇ ਪਤਨਕਾਰੀ ਸਮਾਚਾਰ ਦੇ ਪ੍ਰਭਾਵ ਅਧੀਨ ਫਿਰ ਉਸੇ ਨਿਰਾਸ਼ਾ ਤੇ ਆਤਮ-ਵਿਰੋਧ ਦੀ ਦਸ਼ਾ ਵਿਚ ਨਾ ਚਲੀ ਜਾਵੇ, ਜਿਸ ਕਰ ਕੇ ਉਹ ਪਹਿਲਾਂ ਉਸ ਨਾਲ ਖਿਝੀ ਖਿਝੀ ਰਹਿੰਦੀ ਸੀ, ਤੇ ਜਿਸ ਨੇ ਉਸ ਨੂੰ ਵਿਲਿਮਰਤੀ ਪ੍ਰਾਪਤ ਕਰਨ ਲਈ ਸ਼ਰਾਬ ਤੇ ਤੰਮਾਕੂ ਪੀਣ ਲਗਾ ਦਿੱਤਾ ਸੀ। ਪਰ ਸਫ਼ਰ ਦੇ ਇਸ ਭਾਗ ਵਿਚ ਉਹ ਉਸ ਦੀ ਕੋਈ ਮਦਦ ਨਹੀਂ ਸੀ ਕਰ ਸਕਿਆ। ਕਿਉਂਕਿ ਉਹ ਉਸ ਨੂੰ ਮਿਲ ਨਹੀਂ ਸਕਦਾ ਸੀ। ਉਸ ਨੂੰ ਇਸ ਗੱਲ ਦਾ ਕਿ ਉਸ ਦੇ ਭੈ ਭਰਮ ਕਿਤਨੇ ਨਿਰਾਧਾਰ ਸਨ, ਗਿਆਨ ਉਦੋਂ ਹੋਇਆ ਜਦੋਂ ਉਹ ਰਾਜਸੀ ਕੈਦੀਆਂ ਨਾਲ ਆ ਮਿਲੀ ਸੀ, ਤੇ ਹਰ ਮੁਲਾਕਾਤ ਸਮੇਂ ਉਹ ਉਸ ਵਿਚ ਉਹ ਹੀ ਅੰਦਰਲੀ ਤਬਦੀਲੀ ਦੇਖਦਾ, ਜੋ ਉਹ ਉਸ ਵਿਚ ਵੱਧ ਤੋਂ ਵੱਧ ਪੱਕੀ ਹੁੰਦੀ, ਵੇਖਣ ਨੂੰ ਲੋਚਦਾ ਸੀ। ਪਹਿਲੀ ਵਾਰ ਜਦੋਂ ਉਹ ਤੋਮਸਕ ਵਿਚ ਮਿਲੇ ਸਨ ਉਹ ਫਿਰ ਉਸੇ ਜੇਹੀ ਸੀ ਜਿਵੇਂ ਮਾਸਕੋ ਤੋਂ ਚਲਣ ਸਮੇਂ ਉਸ ਨੇ ਨਖ਼ਲਿਊਦੌਫ਼ ਨੂੰ ਦੇਖ ਕੇ ਤਿਉੜੀ ਨਹੀਂ ਪਾਈ ਸੀ ਤੇ ਨਾ ਘਬਰਾਹਟ ਦਿਖਾਈ ਸੀ, ਸਗੋਂ ਸਹਿਜਸੁਭਾ ਖੁਸ਼ੀ

ਨਾਲ ਉਸ ਨੂੰ ਮਿਲੀ ਸੀ ਤੇ ਉਸ ਦਾ ਉਸ ਸਭ ਕੁਝ ਲਈ ਧੰਨਵਾਦ ਕੀਤਾ ਸੀ ਜੋ ਉਹ ਉਸ ਲਈ ਕਰ ਰਿਹਾ ਸੀ। ਖ਼ਾਸ ਕਰ ਕੇ ਉਸ ਨੂੰ ਉਨ੍ਹਾਂ ਲੋਕਾਂ ਵਿਚ ਰਲਾਣ ਲਈ ਜਿਨ੍ਹਾਂ ਵਿਚ ਉਹ ਹੁਣ ਸੀ।

ਜੱਥੇ ਨਾਲ ਦੋ ਮਹੀਨੇ ਦੇ ਸਫ਼ਰ ਤੋਂ ਬਾਅਦ ਮਸਲੋਵਾ ਦੇ ਅੰਦਰ ਹੋ ਰਹੀ ਤਬਦੀਲੀ ਉਸ ਦੇ ਚੇਹਰੇ ਉੱਤੇ ਵੀ ਦਿੱਸਣ ਲੱਗ ਪਈ। ਉਸ ਦਾ ਰੰਗ ਧੁੱਪ ਨਾਲ ਲੋਹਿਆ ਗਿਆ ਤੇ ਸਰੀਰ ਪਤਲਾ ਹੋ ਗਿਆ, ਉਹ ਵਡੇਰੀ ਹੋ ਗਈ ਦਿਸਦੀ ਸੀ, ਉਸ ਦੀਆਂ ਪੁੜ-ਪੁੜੀਆਂ ਤੇ ਮੂੰਹ ਉਦਾਲੇ ਵੱਟ ਪੈ ਗਏ ਸਨ। ਹੁਣ ਉਸ ਦੇ ਮੱਥੇ ਉੱਤੇ ਵਾਲਾਂ ਦੀਆਂ ਘੁੰਗਰਾਲੀਆਂ ਨਹੀਂ ਪੈਂਦੀਆਂ ਸਨ। ਉਸ ਨੇ ਵਾਲ ਇਕ ਦੁਪੱਟੇ ਨਾਲ ਢੱਕੇ ਹੋਏ ਸਨ। ਵਾਲਾ ਦੇ ਬਨਾਣ ਵਿਚ, ਉਸ ਦੇ ਪਹਿਰਾਵੇ ਤੇ ਚਾਲ ਢਾਲ ਵਾਕਰ, ਹੁਣ ਨਖ਼ਰੇ ਤੇ ਸੁੱਖੀ ਦਾ ਨਿਸ਼ਾਨ ਤੱਕ ਨਹੀਂ ਸੀ। ਤੇ ਇਹ ਪਰਿਵਰਤਨ ਜੋ ਹੋ ਚੁੱਕਾ ਸੀ ਤੇ ਹਾਲੀ ਵੀ ਨਿਰੰਤਰ ਹੋ ਰਿਹਾ ਸੀ ਨਖ਼ਲਿਊਦੌਫ ਨੂੰ ਰਾਹਤ ਦੇਂਦਾ ਸੀ।

ਹੁਣ ਉਹ ਉਸ ਵੱਲ ਕੁੱਝ ਇਸ ਤਰ੍ਹਾਂ ਮਹਿਸੂਸ ਕਰਦਾ ਸੀ ਜਿਵੇਂ ਪਹਿਲਾਂ ਕਦੀ ਨਹੀਂ ਕੀਤਾ ਸੀ। ਇਸ ਅਨੁਭੂਤੀ ਤੇ ਆਪਣੇ ਉਸ ਲਈ ਪਹਿਲੇ ਕਾਵਿਮਈ ਪ੍ਰੇਮ ਵਿਚ ਤੇ ਇਸ ਤੋਂ ਵੀ ਘੱਟ ਪਿੱਛੋਂ ਆਉਣ ਵਾਲੇ ਕਾਮੀ ਸੰਬੰਧ ਵਿਚ ਸਾਂਝੀ ਗੱਲ ਕੋਈ ਨਹੀਂ ਸੀ, ਨਾ ਹੀ ਕਰਤੱਵ ਪਾਲਣਾ ਦੇ ਉਸ ਸੰਤੁਸ਼ਟੀ ਭਾਵ ਨਾਲ, ਜੋ ਆਤਮਾ ਪ੍ਰਸੰਸਾ ਤੋਂ ਸੁੱਚਾ ਨਹੀਂ ਸੀ, ਤੇ ਜਿਸ ਨਾਲ ਉਸ ਨੇ ਉਸ ਨੂੰ ਵਿਆਹ ਲੈਣ ਦਾ ਫੈਸਲਾ ਕੀਤਾ ਸੀ। ਵਰਤਮਾਨ ਅਨੁਭੂਤੀ ਨਿਰੋਲ, ਕਰੁਣਾ ਤੇ ਕੋਮਲਤਾ ਦੀ ਸੀ। ਉਸ ਨੂੰ ਇਹ ਪ੍ਰਤੀਤੀ ਪਹਿਲੀ ਵਾਰ ਉਸ ਨਾਲ ਕੈਦਖਾਨੇ ਵੇਲੇ ਮੁਲਾਕਾਤ ਦੇ ਸਮੇਂ ਹੋਈ ਸੀ, ਤੇ ਫਿਰ ਜਦੋਂ ਉਸ ਨੇ ਆਪਣੀ ਘ੍ਰਿਣਾ ਨੂੰ ਜਿੱਤ ਕੇ, ਜੋ ਉਸ ਨੂੰ ਮਸਲੌਫ਼ਾ ਦੇ ਹਸਪਤਾਲ ਵਿਚ ਚਿਕਿਤਸਿਕ ਸਹਾਇਕ ਨਾਲ ਫਰਜ਼ੀ ਕਾਮੀ ਮੇਲ ਉੱਤੇ ਹੋਈ ਸੀ। (ਮਸਲੌਫ਼ਾ ਨਾਲ ਹੋਏ ਇਸ ਅਨਿਆਇ ਦਾ ਪਤਾ ਨਖ਼ਲਿਊਦੌਫ਼ ਨੂੰ ਹੁਣ ਲੱਗ ਚੁੱਕਾ ਸੀ।) ਉਸ ਦੀ ਵਰਤਮਾਨ ਅਨੁਭੂਤੀ ਵਿਚ ਫਰਕ ਕੇਵਲ ਇਹ ਸੀ ਕਿ ਜਿਥੇ ਪਹਿਲੀ ਕੇਵਲ ਪਲ ਭਰ ਦੀ ਸੀ, ਹੁਣ ਵਾਲੀ ਸਥਾਈ ਬਣ ਗਈ ਸੀ। ਹੁਣ ਉਹ ਜੋ ਕੁਝ ਵੀ ਕਰਦਾ, ਕਰੁਣਾ ਤੇ ਕੋਮਲਤਾ ਦੀ ਇਹ ਅਨੁਭੂਤੀ ਉਸ ਵਿਚ ਵਧੀ ਹੁੰਦੀ। ਉਸ ਦੀ ਇਹ ਕਰੁਣਾ ਤੇ ਕੋਮਲਤਾ ਕੇਵਲ ਮਸਲੌਫ਼ਾ ਲਈ ਨਹੀਂ, ਹਰ ਕਿਸੇ ਲਈ ਸੀ। ਇਸ ਨੇ ਪ੍ਰੇਮ ਦੇ ਉਹ ਮੁਹਾਣ ਖੋਲ੍ਹ ਦਿੱਤੇ ਜਾਪਦੇ ਸਨ ਜੋ ਨਖ਼ਲਿਊਦੌਫ਼ ਦੀ ਆਤਮਾ

ਵਿਚ ਬੰਦ ਪਏ ਸਨ ਤੇ ਹੁਣ ਉਸ ਦਾ ਪ੍ਰੇਮ ਜਿਸ ਨੂੰ ਵੀ ਉਹ ਮਿਲਦਾ ਉਸ ਵੱਲ ਵੱਗ ਤੁਰਦਾ ਸੀ।

ਸਫ਼ਰ ਵਿਚ ਨਖ਼ਲਿਊਦੌਫ਼ ਦੇ ਅਹਿਸਾਸ ਇਤਨੇ ਜਾਗ ਪਏ ਸਨ ਕਿ ਕੋਚਵਾਨ ਤੇ ਕਾਫ਼ਲੇ ਦੇ ਸਿਪਾਹੀਆਂ ਤੋਂ ਲੈ ਕੇ ਕੈਦਖ਼ਾਨੇ ਦੇ ਨਿਰੀਖਕਾਂ ਤੇ ਪ੍ਰਬੰਧਕਾਂ ਤਕ ਜਿਸ ਨਾਲ ਵੀ ਉਸ ਦਾ ਵਾਹ ਪੈਂਦਾ ਉਹ ਉਸ ਨਾਲ ਬੜੇ ਪਿਆਰ ਤੇ ਸਹਾਨਭੂਤੀ ਨਾਲ ਵਰਤਦਾ।

ਹੁਣ ਜਦੋਂ ਮਸਲੌਫ਼ਾ ਰਾਜਸੀ ਕੈਦੀਆਂ ਵਿਚ ਸੀ, ਨਖ਼ਲਿਊਦੌਫ਼ ਸੁਭਾਵਕ ਹੀ ਉਨ੍ਹਾਂ ਵਿਚੋਂ ਕਈਆਂ ਦਾ ਜਾਣੂ ਹੋ ਗਿਆ ਸੀ, ਪਹਿਲਾਂ ਏਕਾ-ਤਰਿਨ ਬੁਰਗ ਵਿਚ, ਜਿੱਥੇ ਉਨ੍ਹਾਂ ਨੂੰ ਚੋਖੀ ਖੁਲ੍ਹ ਮਿਲ ਗਈ ਸੀ, ਤੋਂ ਉਹ ਸਾਰੇ ਇੱਕ ਵੱਡੇ ਕਮਰੇ ਵਿਚ ਇਕੱਠੇ ਰੱਖੇ ਗਏ ਸਨ, ਤੇ ਫਿਰ ਰਾਹ ਵਿਚ ਉਨ੍ਹਾਂ ਪੰਜ ਪੁਰਸ਼ਾਂ ਤੇ ਚਾਰ ਇਸਤ੍ਰੀਆਂ ਨਾਲ ਜਿਨ੍ਹਾਂ ਦੇ ਸਾਥ ਵਿਚ ਮਸਲੌਫ਼ਾ ਨੂੰ ਰੱਖ ਦਿਤਾ ਗਿਆ ਸੀ। ਰਾਜਸੀ ਪਰਵਾਸੀਆਂ ਨਾਲ ਇਸ ਤਰ੍ਹਾਂ ਦੇ ਸੰਪਰਕ ਨੇ ਨਖ਼ਲਿਊਦੌਫ਼ ਦੇ ਉਨ੍ਹਾਂ ਬਾਰੇ ਵਿਚਾਰ ਪੂਰਣ ਰੂਪ ਵਿਚ ਬਦਲ ਦਿੱਤੇ ਸਨ।

ਰੂਸ ਵਿਚ ਕ੍ਰਾਂਤੀਕਾਰੀ ਅੰਦੋਲਨ ਦੇ ਮੁੱਢ ਤੋਂ ਹੀ, ਪਰ ਖ਼ਾਸ ਕਰਕੇ (ਪੁਰਾਣੇ ਪੰਚਾਂਗ ਦੀ) ਪਹਿਲੀ ਮਾਰਚ ਤੋਂ ਜਦੋਂ ਸਿਕੰਦਰ ਦੂਜਾ ਕਤਲ ਕਰ ਦਿੱਤਾ ਗਿਆ ਸੀ ਨਖ਼ਲਿਊਦੌਫ਼ ਕ੍ਰਾਂਤੀਵਾਦੀਆਂ ਨੂੰ ਤ੍ਰਿਸਕਾਰ ਤੇ ਘ੍ਰਿਣਾ ਨਾਲ ਵੇਖਦਾ ਰਿਹਾ ਸੀ। ਰਾਜ ਵਿਰੁੱਧ ਆਪਣੇ ਸੰਘਰਸ਼ਾਂ ਵਿਚ ਜਿਹੜੇ ਤਰੀਕੇ ਉਹ ਵਰਤਦੇ ਸਨ ਉਨ੍ਹਾਂ ਦੀ ਕਠੋਰਤਾ ਤੇ ਚੋਰੀ ਤੋਂ ਉਸ ਨੂੰ ਨਫ਼ਰਤ ਹੁੰਦੀ ਸੀ, ਖ਼ਾਸ ਕਰ ਕਰ ਕੇ ਉਨ੍ਹਾਂ ਦੇ ਕੀਤੇ ਕਤਲਾਂ ਦੀ ਨਿਰਦਇਤਾ ਤੋਂ। ਉਹ ਉਸ ਆਤਮ-ਮਹੱਤਤਾ ਦੇ ਭਾਵ ਨੂੰ ਵੀ ਪਸੰਦ ਨਹੀਂ ਸੀ ਕਰਦਾ, ਜੋ ਕ੍ਰਾਂਤੀ ਵਾਦੀਆਂ ਦਾ ਇਕ ਉਘੜਵਾਂ ਲੱਛਣ ਸੀ। ਪਰ ਹੁਣ ਉਨ੍ਹਾਂ ਨੂੰ ਨੇੜੇ ਤੋਂ ਜਾਣ ਕੇ ਤੇ ਜੋ ਅਤਿਆਚਾਰ ਉਨ੍ਹਾਂ ਉੱਤੇ ਰਾਜ ਵਲੋਂ ਹੋਇਆ ਜੀ, ਉਸ ਨੂੰ ਦੇਖ ਕੇ, ਉਹ ਸਮਝ ਗਿਆ ਸੀ ਕਿ ਉਹ ਜੋ ਕੁਝ ਸਨ ਉਸ ਤੋਂ ਹੋਰ ਨਹੀਂ ਹੋ ਸਕਦੇ ਸਨ।

ਅਖੌਤੀ ਅਖ਼ਲਾਕੀ ਕੈਦੀਆਂ ਉੱਤੇ ਜੋ ਸਖ਼ਤੀਆਂ ਕੀਤੀਆਂ ਜਾਂਦੀਆਂ ਸਨ, ਉਹ ਭਿਆਨਕ ਤੇ ਭਾਵ-ਰਹਿਤ ਸਨ, ਪਰ ਉਨ੍ਹਾਂ ਨੂੰ ਨਾਲ ਕੈਦ ਕਰਨ ਤੋਂ ਪਹਿਲਾਂ ਤੇ ਪਿੱਛੋਂ ਘੱਟ ਘੱਟ ਦੇਖਣ ਮਾਤਰ ਕੁਝ ਨਿਆਇ ਕੀਤਾ ਜਾਂਦਾ ਸੀ। ਰਾਜਸੀ ਕੈਦੀਆਂ ਦੀ ਹਾਲਤ ਵਿਚ ਇਹ ਦਿਖਾਵਾ ਵੀ ਨਹੀਂ ਸੀ ਕੀਤਾ ਜਾਂਦਾ, ਜਿਵੇਂ ਨਖ਼ਲਿਊਦੌਫ਼ ਨੇ ਮਸਲੌਫ਼ਾ ਦੇ ਮਾਮਲੇ ਵਿਚ ਤੇ ਆਪਣੇ ਨਵੇਂ ਵਾਕਫ਼ਾਂ ਵਿਚ ਕਈਆਂ ਦੇ ਮਾਮਲੇ ਵਿਚ ਵੇਖਿਆ। ਇਨ੍ਹਾਂ ਲੋਕਾਂ

ਨਾਲ ਜਾਲ ਵਿਚ ਪਕੜੀਆਂ ਮੱਛੀਆਂ ਜੇਹਾ ਸਲੂਕ ਕੀਤਾ ਜਾਂਦਾ, ਸਭ ਕੁਝ ਜੋ ਜਾਲ ਵਿਚ ਫੱਸ ਜਾਂਦਾ ਹੈ ਖਿੱਚ ਕੇ ਕੰਢੇ ਉੱਤੇ ਲਿਆਇਆ ਜਾਂਦਾ ਹੈ, ਤੇ ਫਿਰ ਲੋੜੀਂਦੀਆਂ ਵੱਡੀਆਂ ਮੱਛੀਆਂ ਵੱਖ ਕਰ ਲਈਆਂ ਜਾਂਦੀਆਂ ਹਨ ਤੇ ਛੋਟੀਆਂ ਨੂੰ ਕੰਢੇ ਉੱਤੇ ਹੀ ਬੇਧਿਆਨੇ ਤੜਪ ਤੜਪ ਕੇ ਮਰ ਜਾਣ ਦਿੱਤਾ ਜਾਂਦਾ ਹੈ। ਸੈਂਕੜਿਆਂ ਨੂੰ ਪਕੜ ਕੇ ਜੋ ਸਪਸ਼ਟ ਹੀ ਨਿਰਦੋਸ਼ ਸਨ ਤੇ ਖ਼ਤਰਨਾਕ ਨਹੀਂ ਹੋ ਸਕਦੇ ਸਨ, ਸਰਕਾਰ ਸਾਲਾਂ ਬੱਧੀ ਕੈਦ ਰੱਖਦੀ, ਜਿੱਥੇ ਉਹ ਤਪਦਿਕ ਦਾ ਸ਼ਿਕਾਰ ਹੋ ਜਾਂਦੇ, ਪਾਗਲ ਹੋ ਜਾਂਦੇ ਜਾਂ ਆਤਮਘਾਤ ਕਰ ਲੈਂਦੇ। ਉਨ੍ਹਾਂ ਨੂੰ ਕੈਦ ਕੇਵਲ ਇਸ ਲਈ ਰੱਖਿਆ ਜਾਂਦਾ ਕਿ ਅਧਿਕਾਰੀਆਂ ਨੂੰ ਉਨ੍ਹਾਂ ਨੂੰ ਛੱਡ ਦੇਣ ਦੀ ਕੋਈ ਪ੍ਰੇਰਣਾ ਨਹੀਂ ਹੁੰਦੀ ਸੀ, ਸਗੋਂ ਉਹ ਸੋਚਦੇ ਸਨ ਕਿ ਕੈਦ ਵਿਚ ਰੱਖੇ ਹੋਏ ਕਿਸੇ ਮੁਕੱਦਮੇ ਵਿਚ ਕਿਸੇ ਪ੍ਰਸ਼ਨ ਨੂੰ ਸਪਸ਼ਟ ਕਰਨ ਵਿਚ, ਕਿਸੇ ਸਮੇਂ ਕੰਮ ਆ ਸਕਦੇ ਸਨ। ਇਨ੍ਹਾਂ ਲੋਕਾਂ ਦੀ ਕਿਸਮਤ, ਜੋ ਸਰਕਾਰ ਦੇ ਦ੍ਰਿਸ਼ਟੀਕੋਣ ਤੋਂ ਵੀ ਬਹੁਤ ਵਾਰੀ ਨਿਰਦੋਸ਼ ਹੁੰਦੇ ਸਨ, ਕਿਸੇ ਪੁਲਿਸ ਅਫ਼ਸਰ, ਜਾਂ ਖੁਫ਼ੀਏ, ਜਾਂ ਜਨ ਅਭਿਯੋਗਕ, ਜਾਂ ਮੈਜਿਸਟਰੇਟ, ਜਾਂ ਪ੍ਰਬੰਧਕ ਜਾਂ ਮੰਤ੍ਰੀ ਦੇ ਅਧੀਨ ਹੁੰਦੀ ਸੀ। ਇਨ੍ਹਾਂ ਵਿਚੋਂ ਕੋਈ ਅਧਿਕਾਰੀ ਆਪਣੀ ਦਿਲਚਸਪੀ ਲਈ, ਜਾਂ ਆਪਣੇ ਆਪ ਨੂੰ ਉੱਘਾ ਕਰਨ ਦੀ ਲਾਲਸਾ ਨਾਲ ਕਈ ਗ੍ਰਿਫਤਾਰੀਆਂ ਦਾ ਹੁਕਮ ਦੇ ਦਿੰਦਾ ਹੈ, ਤੇ ਆਪਣੀ ਇੱਛਾ ਜਾਂ ਉਚੇਰੇ ਅਧਿਕਾਰੀਆਂ ਦੀ ਇੱਛਾ ਅਨੁਸਾਰ ਉਨ੍ਹਾਂ ਨੂੰ ਕੈਦ ਕਰ ਜਾਂ ਛੱਡ ਦਿੰਦਾ ਹੈ ਤੇ ਅਜੇਹੇ ਮਨੋਰਥਾਂ ਅਧੀਨ ਉਚੇਰੇ ਅਧਿਕਾਰੀ ਜਾਂ ਕਿਸੇ ਮੰਤ੍ਰੀ ਨਾਲ ਆਪਣੇ ਸਬੰਧਾਂ ਦੇ ਪ੍ਰਭਾਵ ਅਧੀਨ ਲੋਕਾਂ ਨੂੰ ਦੁਨੀਆਂ ਦੇ ਦੂਜੇ ਪਾਸੇ ਪ੍ਰਵਾਸ ਵਿਚ ਭੇਜ ਦੇਂਦਾ ਹੈ ਜਾਂ ਤਨਹਾਈ ਦੀ ਕੈਦ ਵਿਚ ਰੱਖਦਾ ਹੈ, ਜਾਂ ਸਾਇਬੇਰੀਆ ਦੇ ਬਨਵਾਸ ਵਿਚ ਭੇਜ ਦੇਂਦਾ ਹੈ, ਜਾਂ ਸਖ਼ਤ ਕੈਦ ਕਰ ਦੇਂਦਾ ਹੈ, ਮੌਤ ਦੀ ਸਜ਼ਾ ਦੇ ਦੇਂਦਾ ਹੈ ਜਾਂ ਕਿਸੇ ਵੱਡੀ ਸੁਆਣੀ ਦੇ ਕਹਿਣ ਉੱਤੇ ਰਿਹਾ ਕਰ ਦੇਂਦਾ ਹੈ।

ਉਨ੍ਹਾਂ ਨਾਲ ਇਸ ਤਰ੍ਹਾਂ ਵਰਤਿਆ ਜਾਂਦਾ ਸੀ ਜਿਵੇਂ ਯੁੱਧ ਵਿਚ, ਤੇ ਸੁਭਾਵਕ ਹੀ ਉਹ ਉਹੀ ਤਰੀਕੇ ਵਰਤਦੇ ਸਨ ਜੋ ਉਨ੍ਹਾਂ ਵਿਰੁੱਧ ਵਰਤੇ ਜਾਂਦੇ ਸਨ। ਤੇ ਜਿਵੇਂ ਫ਼ੌਜੀ ਲੋਕ ਮੌਤ ਦੇ ਇਕ ਅਜੇਹੇ ਵਾਤਾਵਰਣ ਵਿਚ ਰਹਿੰਦੇ ਹਨ ਜੋ ਨਾ ਕੇਵਲ ਉਨ੍ਹਾਂ ਦੇ ਕਰਮਾਂ ਦੇ ਦੋਸ਼ ਨੂੰ ਛੁਪਾਈ ਰੱਖਦਾ ਹੈ, ਸਗੋਂ ਉਨ੍ਹਾਂ ਕਰਮਾਂ ਨੂੰ ਸੂਰਮਤਾਈ ਦੇ ਕਰਤੱਵ ਬਣਾ ਕੇ ਦੱਸਦਾ ਹੈ, ਇਸੇ ਤਰ੍ਹਾਂ ਇਨ੍ਹਾਂ ਰਾਜਸੀ ਦੋਸ਼ੀਆਂ ਉਦਾਲੇ ਵੀ ਲੋਕ ਮੱਤ ਦਾ ਇਕ

ਵਾਤਾਵਰਣ ਨਿਰੰਤਰ ਬਣਿਆ ਰਹਿੰਦਾ ਸੀ, ਜੋ ਉਨ੍ਹਾਂ ਕਠੋਰ ਕਰਮਾਂ ਨੂੰ ਜੋ ਉਹ ਖ਼ਤਰੇ ਦਾ ਸਾਹਮਣਾ ਕਰਕੇ ਆਪਣੀ ਆਜ਼ਾਦੀ ਤੇ ਜਾਨ ਤੇ ਸਭ ਕੁਝ ਨੂੰ ਜੋ ਮਨੁੱਖ ਨੂੰ ਪਿਆਰਾ ਹੈ, ਖਤਰੇ ਵਿਚ ਪਾ ਕੇ ਕਰਦੇ ਸਨ, ਪਾਪ ਹੋਣ ਦੀ ਥਾਂ ਸੋਭਾਮਈ ਬਣਾ ਕੇ ਦੱਸਦਾ ਸੀ। ਨਖ਼ਲਿਊਦੌਫ਼ ਨੂੰ ਇਸ ਵਿਚ ਉਸ ਅਸਚਰਜਮਈ ਪ੍ਰਪੰਚ ਦੀ ਵਿਆਖਿਆ ਮਿਲਦੀ ਦਿੱਸੀ ਕਿ ਅਤਿ ਕੋਮਲ ਸੁਭਾਵ ਦੇ ਆਦਮੀ, ਜੋ ਕਿਸੇ ਜੀਵਿਤ ਪ੍ਰਾਣੀ ਦੇ ਕਸ਼ਟ ਨੂੰ ਵੇਖਣ ਦੀ ਸ਼ਕਤੀ ਨਹੀਂ ਰੱਖਦੇ ਹੁੰਦੇ, ਕਿਸੇ ਨੂੰ ਕਸ਼ਟ ਦੇਣਾ ਤਾਂ ਕਿਤੇ ਰਿਹਾ ਗੰਭੀਰ ਹੋ ਕੇ ਮਨੁੱਖਾਂ ਨੂੰ ਕਤਲ ਕਰਨ ਲਈ ਤਿਆਰ ਹੋ ਜਾਂਦੇ ਹਨ, ਤਕਰੀਬਨ ਸਾਰੇ ਵਿਸ਼ੇਸ਼ ਸਮਿਆਂ ਉੱਤੇ ਕਤਲ ਨੂੰ ਜਾਇਜ਼ ਤੇ ਨਿਆਇਯੁਕਤ ਸਮਝ ਕੇ ਆਤਮ ਰੱਖਿਆ ਦੇ ਸਾਧਨ ਰੂਪ ਉੱਚ ਮਨੋਰਥਾਂ ਦੀ ਪ੍ਰਾਪਤੀ ਲਈ, ਜਾਂ ਸਮਸਤ ਕਲਿਆਣ ਹਿੱਤ। ਕ੍ਰਾਂਤੀਵਾਦੀ ਆਪਣੇ ਮਨੋਰਥ ਨੂੰ ਜਿਹੜੀ ਮਹੱਤਾ ਦੇਂਦੇ ਹਨ, ਤੇ ਇਸ ਦਾ ਫਲ ਰੂਪ ਆਪਣੇ ਆਪ ਨੂੰ, ਸੁਭਾਵਕ ਹੀ ਉਨ੍ਹਾਂ ਮਹੱਤਾਂ ਤੋਂ ਉਪਜਦੀ ਸੀ ਜੋ ਸਰਕਾਰ ਉਨ੍ਹਾਂ ਦੇ ਕਰਮ ਨੂੰ ਦੇਂਦੀ ਸੀ, ਤੇ ਉਨ੍ਹਾਂ ਦੰਡਾਂ ਦੀ ਕਠੋਰਤਾ ਤੋਂ ਜੋ ਇਹ ਉਨ੍ਹਾਂ ਉੱਤੇ ਲਗਾਂਦੇ ਸਨ। ਜੋ ਅੱਤਿਆਚਾਰ ਝਲਦੇ ਸਨ, ਉਸ ਨੂੰ ਝੱਲਣ ਦੀ ਸ਼ਕਤੀ ਤਦੇ ਹੀ ਰੱਖ ਸਕਦੇ ਸਨ ਜੋ ਉਹ ਆਪਣੇ ਆਪ ਨੂੰ ਬਹੁਤੇ ਉੱਚੇ ਸਮਝਣ।

ਜਦੋਂ ਨਖ਼ਲਿਊਦੌਫ਼ ਉਨ੍ਹਾਂ ਦਾ ਵਧੇਰੇ ਚੰਗੀ ਤਰ੍ਹਾਂ ਜਾਣੂ ਹੋ ਗਿਆ ਤਾਂ ਉਸ ਨੂੰ ਵਿਸ਼ਵਾਸ ਹੋ ਗਿਆ ਕਿ ਉਹ ਨਾ ਨਿਰੇ ਕੋਰੇ ਬਦਮਾਸ਼ ਸਨ, ਜਿਵੇਂ ਕੁਝ ਲੋਕ ਉਨ੍ਹਾਂ ਨੂੰ ਸਮਝਦੇ ਸਨ, ਤੇ ਨਾ ਪੂਰੇ ਸੂਰਵੀਰ, ਜੋ ਕੁਝ ਹੋਰਾਂ ਦਾ ਵਿਚਾਰ ਸੀ। ਉਹ ਬਿਲਕੁਲ ਸਾਧਾਰਣ ਲੋਕ ਸਨ, ਜਿਨ੍ਹਾਂ ਵਿਚ ਹਰ ਥਾਂ ਵਾਕਰ, ਕੁਝ ਚੰਗੇ, ਕੁਝ ਮੰਦੇ, ਤੇ ਕੁਝ ਮੱਧਵਰਤੀ ਸਨ।

ਉਨ੍ਹਾਂ ਵਿਚੋਂ ਕੁਝ ਕ੍ਰਾਂਤੀਵਾਦੀ ਇਸ ਲਈ ਬਣੇ ਸਨ ਕਿ ਉਹ ਸੱਚੇ ਦਿਲ ਨਾਲ ਆਪਣਾ ਫਰਜ਼ ਸਮਝਦੇ ਸਨ। ਸਥਿਤ ਅਨਾਚਾਰ ਵਿਰੁੱਧ ਲੜਨ ਨੂੰ, ਪਰ ਕੁਝ ਅਜਿਹੇ ਵੀ ਸਨ ਜਿਨ੍ਹਾਂ ਨੇ ਇਹ ਕਰਮ ਸੁਆਰਥੀ ਤੇ ਸਾਹਸੀ ਮਨੋਰਥਾਂ ਨਾਲ ਚੁਣਿਆ ਸੀ। ਪਰੰਤੂ ਬਹੁਤ ਕ੍ਰਾਂਤੀਵਾਦ ਵਿਚਾਰਾਂ ਵੱਲ ਸੰਸੇ ਤੇ ਖ਼ਤਰੇ ਦੀ ਭੁੱਖ ਕਾਰਣ ਤੇ ਆਪਣੀ ਜਾਨ ਨਾਲ ਖੇਡਣ ਦੇ ਸੁਆਦ ਲਈ ਖਿੱਚੇ ਗਏ ਸਨ। ਨਖ਼ਲਿਊਦੌਫ਼ ਆਪਣੇ ਨਿੱਜੀ ਸੈਨਿਕ ਅਨੁਭਵ ਤੋਂ

ਜਾਣਦਾ ਸੀ ਕਿ ਇਹ ਸੰਕਲਪ ਅਤਿ ਸਾਧਾਰਣ ਲੋਕਾਂ ਵਿਚ ਵੀ, ਜਦੋਂ ਜਵਾਨ ਤੇ ਉਤਸ਼ਾਹ ਭਰਪੂਰ ਹੁੰਦੇ ਹਨ। ਪਰ ਇਹ ਕ੍ਰਾਂਤੀਵਾਦੀ ਹੋਰ ਲੋਕਾਂ ਨਾਲੋਂ ਇਸ ਗੱਲ ਵਿਚ ਵਿਸ਼ੇਸ਼ ਸਨ ਕਿ ਉਨ੍ਹਾਂ ਦਾ ਆਚਾਰ ਦਾ ਸੰਕਲਪ ਉਚੇਰਾ ਸੀ। ਉਹ ਕੇਵਲ ਆਤਮ-ਸੰਜਮ, ਕਠੋਰ ਜੀਵਨ, ਸੱਚਵਾਦ ਤੇ ਨਿਰਸਆਰਥ ਨੂੰ ਹੀ ਨਹੀਂ, ਸਮਸਤ ਦੇ ਲਾਭ ਹਿੱਤ ਸਭ ਕੁਝ, ਆਪਣੀ ਜਾਨ ਤਕ, ਵਾਰ ਦੇਣ ਨੂੰ ਵੀ ਆਪਣਾ ਫਰਜ਼ ਸਮਝਦੇ ਸਨ। ਇਸ ਲਈ ਉਨ੍ਹਾਂ ਵਿਚੋਂ ਉੱਚਤਮ ਵਿਅਕਤੀ ਆਚਾਰ ਦੇ ਉਸ ਉੱਚੇ ਪੱਧਰ ਉੱਤੇ ਖੜੇ ਸਨ ਜਿਸ ਤਕ ਬਹੁਤੇ ਨਹੀਂ ਪਹੁੰਚ ਸਕਦੇ, ਪਰ ਨੀਚਤਮ ਸਾਧਾਰਣ ਪੱਧਰ ਤੋਂ ਬਹੁਤ ਨੀਵੇਂ ਸਨ, ਜਿਨ੍ਹਾਂ ਵਿਚ ਬਹੁਤੇ ਅਤਿ ਝੂਠੇ ਤੇ ਪਾਖੰਡੀ ਹੋਣ ਦੇ ਨਾਲ ਨਾਲ ਆਤਮ-ਵਿਸ਼ਵਾਸੀ ਤੇ ਅਭਿਮਾਨੀ ਵੀ ਸਨ। ਇਸ ਕਾਰਣ ਨਖ਼ਲਿਊਦੌਫ਼ ਆਪਣੇ ਨਵੇਂ ਜਾਣੂਆਂ ਦਾ ਆਦਰ ਕਰਨਾ ਸਿੱਖ ਗਿਆ ਸੀ। ਉਨ੍ਹਾਂ ਨੂੰ ਤਨੋ ਮਨੋ ਪ੍ਰੇਮ ਕਰਨਾ ਵੀ, ਜਦੋਂ ਕਿ ਹੋਰਨਾਂ ਵੱਲ ਉਹ ਬੇਧਿਆਨਾ ਹੀ ਨਹੀਂ ਸਗੋਂ ਵਿਰੋਧ-ਭਾਵੀ ਵੀ ਸੀ।

-0-

6

ਨਖ਼ਲਿਊਦੌਫ਼ ਨੂੰ ਕ੍ਰਿਲਤਸੋਫ ਨਾਲ ਵਿਸ਼ੇਸ਼ ਹੀ ਲਗਾਉ ਹੋ ਗਿਆ ਸੀ। ਉਹ ਇਕ ਤਪਦਿਕ ਦਾ ਮਰੀਜ਼ ਜਵਾਨ ਪੁਰਸ਼ ਸੀ, ਜਿਸ ਨੂੰ ਸਖ਼ਤ ਕੈਦ ਦੀ ਸਜ਼ਾ ਮਿਲੀ ਹੋਈ ਸੀ। ਉਹ ਕਤੂਸਾਂ ਵਾਲੀ ਮੰਡਲੀ ਵਿਚ ਹੀ ਸੀ। ਨਖ਼ਲਿਊਦੌਫ਼ ਦੀ ਜਾਣ ਪਛਾਣ ਉਸ ਨਾਲ ਏਕਾਤ੍ਰਿਨ-ਬੁਰਗ ਵਿਚ ਹੋਈ ਸੀ,

ਜਿਸ ਤੋਂ ਪਿਛੋਂ ਉਸ ਨੇ ਰਾਹ ਵਿਚ ਕਈ ਵਾਰੀ ਉਸ ਨਾਲ ਗੱਲਾਂ ਕੀਤੀਆਂ ਸਨ। ਇਕ ਵਾਰੀ ਗਰਮੀ ਦੀ ਰੁੱਤ ਵਿਚ ਨਖ਼ਲਿਊਦੌਫ਼ ਨੇ ਇਕ ਠਹਿਰਾਉ ਉੱਤੇ ਤਕਰੀਬਨ ਇਕ ਸਾਰਾ ਦਿਨ ਗੁਜ਼ਾਰਿਆ, ਤੇ ਕ੍ਰਿਲਤਸੋਫ਼ ਨੇ ਇਕ ਵਾਰ ਸ਼ੁਰੂ ਹੋ ਕੇ ਆਪਣੀ ਸਾਰੀ ਕਹਾਣੀ ਉਸ ਨੂੰ ਸੁਣਾਈ ਤੇ ਦੱਸਿਆ ਉਹ ਕਿਵੇਂ ਕ੍ਰਾਂਤੀਵਾਦੀ ਬਣਿਆ ਸੀ। ਇਹ ਕਹਾਣੀ, ਉਸ ਦੇ ਕੈਦ ਹੋਣ ਤਕ, ਬਹੁਤੀ ਲੰਮੀ ਨਹੀਂ ਸੀ। ਉਹ ਹਾਲੀ ਬੱਚਾ ਹੀ ਸੀ। ਜਦੋਂ ਉਸ ਦਾ ਪਿਤਾ, ਰੂਸ ਦੇ ਦੱਖਣੀ ਭਾਗ ਵਿਚ ਇਕ ਅਮੀਰ ਜ਼ਿਮੀਦਾਰ, ਮਰ ਗਿਆ ਸੀ ਉਹ ਇਕੱਲਾ ਪੁੱਤਰ ਸੀ, ਤੇ ਉਸ ਦੀ ਪਾਲਣਾ ਉਸ ਦੀ ਮਾਂ ਨੇ ਕੀਤੀ। ਉਹ ਸਕੂਲ ਤੇ ਯੂਨੀਵਰਸਿਟੀ ਦੋਹੀਂ ਥਾਈਂ ਪੜ੍ਹਨ ਵਿਚ ਚੰਗਾ ਸੀ, ਤੇ ਆਪਣੇ ਸਾਲ ਦੀ ਗਣਿਤ ਦੇ ਸ਼੍ਰੇਣੀ ਵਿਚ ਪਹਿਲੇ ਨੰਬਰ ਉੱਤੇ ਆਇਆ ਸੀ। ਯੂਨੀਵਰਸਟੀ ਵੱਲੋਂ ਉਸ ਨੂੰ ਇਕ ਵਜ਼ੀਫਾ ਦੇਣਾ ਕੀਤਾ ਗਿਆ ਤਾਂ ਜੋ ਓਹ ਬਾਹਰ ਜਾ ਕੇ ਪੜ੍ਹੇ। ਪਰ ਉਸ ਨੇ ਕੋਈ ਫ਼ੈਸਲਾ ਕਰਨ ਵਿਚ ਦੇਰ ਕਰ ਦਿੱਤੀ। ਉਹ ਪ੍ਰੇਮ ਗ੍ਰਸਿਤ ਸੀ ਤੇ ਵਿਆਹ ਕਰ ਲੈਣ ਤੇ ਪਿੰਡਾਂ ਦੇ ਪ੍ਰਬੰਧ ਵਿਚ ਭਾਗ ਲੈਣ ਦੀ ਸੋਚ ਰਿਹਾ ਸੀ, ਕਰਨਾ ਉਹ ਸਭ ਕੁਝ ਚਾਹੁੰਦਾ ਸੀ, ਤੇ ਫੈਸਲਾ ਨਹੀਂ ਸੀ ਕਰ ਸਕਦਾ ਕਿ ਕਿਸ ਪਾਸੇ ਜਾਵੇ। ਇਸ ਸਮੇਂ ਯੂਨੀਵਰਸਟੀ ਵਿਚ ਉਸ ਦੇ ਕੁਝ ਸਹ-ਪਾਠੀਆਂ ਨੇ ਕਿਸੇ ਲੋਕ ਮਨੋਰਥ ਹਿਤ ਉਸ ਪਾਸੋਂ ਕੁਝ ਧਨ ਦੀ ਸਹਾਇਤਾ ਮੰਗੀ। ਉਸ ਨੂੰ ਪਤਾ ਸੀ ਇਹ ਕ੍ਰਾਂਤੀਵਾਦੀ ਮਨੋਰਥ ਸੀ, ਜਿਸ ਵਿਚ ਉਸ ਨੂੰ ਹਾਲੀ ਕੋਈ ਦਿਲਚਸਪੀ ਨਹੀਂ ਸੀ, ਪਰ ਉਸ ਨੇ ਸਾਥੀਪਣੇ ਤੇ ਆਤਮ ਗੌਰਵ ਦੇ ਭਾਵ ਨਾਲ ਤੇ ਸੋਚ ਕੇ ਕਿ ਉਸ ਨੂੰ ਡਰਪੋਕ

ਨਾ ਸਮਝਿਆ ਜਾਵੇ, ਸਹਾਇਤਾ ਦੇ ਦਿੱਤੀ। ਜਿਨ੍ਹਾਂ ਨੇ ਇਹ ਸਹਾਇਤਾ ਲਈ ਸੀ, ਉਹ ਪਕੜੇ ਗਏ। ਇਕ ਲਿਖਤ ਵੀ ਮਿਲ ਗਈ ਜਿਸ ਤੋਂ ਸਿੱਧ ਹੋ ਗਿਆ ਕਿ ਕੁੱਝ ਧਨ ਕ੍ਰਿਲਤਸੌਫ਼ ਨੇ ਵੀ ਦਿੱਤਾ ਸੀ। ਉਹ ਗ੍ਰਿਫ਼ਤਾਰ ਹੋ ਗਿਆ, ਪਹਿਲਾਂ ਥਾਣੇ ਲੈ ਜਾਇਆ ਗਿਆ ਤੇ ਫਿਰ ਕੈਦ ਕਰ ਦਿੱਤਾ ਗਿਆ।

"ਉਸ ਕੈਦਖਾਨੇ ਵਿਚ ਉਹ ਬਹੁਤੇ ਸਖ਼ਤ ਨਹੀਂ ਸਨ ਕ੍ਰਿਲਤਸੋਫ਼ ਨੇ ਦੱਸਿਆ। ਉਹ ਆਪਣੇ ਇਕ ਉੱਚੇ ਸੌਣ ਵਾਲੇ ਫੱਟੇ ਉੱਤੇ ਬੈਠਾ ਸੀ, ਕੂਹਣੀਆ ਗੋਡਿਆਂ ਉੱਤੇ ਰੱਖੀਆਂ, ਛਾਤੀ ਅੰਦਰ ਨੂੰ ਧੱਸੀ ਹੋਈ, ਤੇ ਉਸ ਦੀਆਂ ਸੁੰਦਰ ਅੱਖਾਂ ਜਿਨ੍ਹਾਂ ਨਾਲ ਉਹ ਨਖ਼ਲਿਊਦੌਫ਼ ਵੱਲ ਵੇਖ ਰਿਹਾ ਸੀ, ਤਾਪ ਨਾਲ ਚਮਕਦੀਆਂ ਸਨ। "ਅਸੀਂ ਗੱਲ ਬਾਤ ਕਰਨ ਦਾ ਢੰਗ ਲੱਭ ਲੈਂਦੇ ਸਾਂ, ਤਖਤਿਆਂ ਨੂੰ ਠਕੋਰਣ ਤੋਂ ਛੁੱਟ ਤੇ ਵਰਾਂਡਿਆਂ ਵਿਚ ਵੀ ਚੱਲ ਫਿਰ ਸਕਦੇ ਸਾਂ, ਰਸਦ ਤੇ ਤੰਮਾਕੂ ਇਕ ਦੂਜੇ ਨਾਲ ਵੰਡਾ ਸਕਦੇ ਸਾਂ, ਤੇ ਸ਼ਾਮ ਨੂੰ ਅਸੀਂ ਇਕੱਠੇ ਗਾ ਵੀ ਸਕਦੇ ਸਾਂ। ਮੇਰੀ ਆਵਾਜ ਸੁਹਣੀ ਸੀ। ਹਾਂ, ਜੇ ਮੇਰੀ ਮਾਂ ਦੁਖੀ ਨਾ ਹੁੰਦੀ—ਉਹ ਬਹੁਤ ਦੁੱਖੀ ਸੀ ਤਾਂ ਸਭ ਕੁੱਝ ਠੀਕ ਰਹਿਣਾ ਸੀ, ਬੜਾ ਸੁਆਦਲਾ ਤੇ ਸੁਹਾਣਾ। ਉੱਥੇ ਪ੍ਰਸਿੱਧ ਪੋਤਰੋਫ਼ ਨਾਲ ਮੇਰੀ ਜਾਣ-ਪਛਾਣ ਹੋ ਗਈ, ਜਿਸ ਨੇ ਪਿੱਛੋਂ ਜਾ ਕੇ ਕਿਲ੍ਹੇ ਵਿਚ ਇਕ ਸੀਸੇ ਦੇ ਟੁਕੜੇ ਨਾਲ ਆਤਮ ਘਾਤ ਕਰ ਲਿਆ ਸੀ, ਪਰ ਮੈਂ ਹਾਲੀ ਹੋਰਨਾਂ ਵਾਂਗ ਕ੍ਰਾਂਤੀਵਾਦੀ ਨਹੀਂ ਬਣਿਆ ਸੀ। ਮੈਂ ਨਾਲ ਦੀਆਂ ਕੋਠੜੀਆਂ ਵਿਚ ਦੇ ਹੋਰ ਗਵਾਂਢੀਆਂ ਦਾ ਵੀ ਜਾਣੂ ਹੋ ਗਿਆ। ਉਹ ਦੋਵੇਂ ਇਕੋ ਕੰਮ ਵਿਚ ਪਕੜੇ ਗਏ ਸਨ, ਉਨ੍ਹਾਂ ਪਾਸੋਂ ਪੋਲ ਆਜ਼ਾਦੀ ਦੇ ਇਸ਼ਤਿਹਾਰ ਨਿਕਲੇ ਸਨ, ਤੇ ਰੇਲਵੇ ਸਟੇਸ਼ਨ ਵੱਲ ਜਾਂਦੇ ਹੋਏ ਕਾਫ਼ਲੇ ਵਿਚੋਂ ਨੱਸ ਜਾਣ ਦੇ ਦੋਸ਼ ਵਿਚ ਉਨ੍ਹਾਂ ਉੱਤੇ ਮੁਕੱਦਮਾ ਚਲਾਇਆ ਗਿਆ ਸੀ। ਇਕ ਲੋਜਿਜਕੀ ਪੌਲ ਦੇਸ਼ ਦਾ ਵਾਸੀ, ਤੇ ਦੂਜਾ, ਰੋਜੋਵਸਕੀ, ਯਹੂਦੀ ਸੀ। ਹਾਂ, ਤੇ ਇਹ ਰੋਜ਼ੋਵਸਕੀ ਹਾਲੀ ਮੁੰਡਾ ਹੀ ਸੀ। ਉਹ ਆਪਣੇ ਆਪ ਨੂੰ ਸਤਾਰਾਂ ਵਰ੍ਹਿਆਂ ਦਾ ਦਸਦਾ ਸੀ, ਪਰ ਜਾਪਦਾ ਪੰਦਰਾਂ ਵਰਿਆਂ ਦਾ ਹੀ ਸੀ, ਪਤਲਾ, ਮੱਧਰਾ, ਦਸਤ, ਚਮਕਦੀਆਂ ਕਾਲੀਆਂ ਅੱਖਾਂ ਵਾਲਾ, ਤੇ ਬਹੁਤੇ ਯਹੂਦੀਆਂ ਵਾਕਰ, ਬੜਾ ਸੰਗੀਤਕ। ਉਸ ਦੀ ਆਵਾਜ ਹੁਣ ਫੱਟ ਰਹੀ ਸੀ। ਪਰ ਤਾਂ ਵੀ ਉਹ ਬਹੁਤ ਸੁਹਣਾ ਗਾਂਦਾ ਸੀ। ਹਾਂ, ਮੈਂ ਉਨ੍ਹਾਂ ਦੋਹਾਂ ਨੂੰ

ਮੁਕੱਦਮੇ ਦੀ ਸੁਣਵਾਈ ਲਈ ਜਾਂਦੇ ਵੇਖਿਆ ਸੀ। ਉਨ੍ਹਾਂ ਨੂੰ ਸਵੇਰੇ ਲੈ ਗਏ ਸਨ। ਸ਼ਾਮ ਨੂੰ ਵਾਪਸ ਆਏ ਤਾਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਮੌਤ ਦੀ ਸਜ਼ਾ ਹੋ ਸੀ। ਇਸ ਦਾ ਕਿਸੇ ਨੂੰ ਖਿਆਲ ਵੀ ਨਹੀਂ ਸੀ। ਉਨ੍ਹਾਂ ਦਾ ਮੁਕੱਦਮਾ ਕੋਈ ਇੰਨਾ ਗੰਭੀਰ ਨਹੀਂ ਸਮਝਿਆ ਜਾਂਦਾ ਸੀ। ਉਨ੍ਹਾਂ ਨੇ ਕੇਵਲ ਕਾਫਲੇ ਵਿਚੋਂ ਨੱਸਣ ਦੀ ਕੋਸ਼ਿਸ਼ ਕੀਤੀ ਸੀ, ਤੇ ਕਿਸੇ ਨੂੰ ਕੋਈ ਸੱਟ-ਫੇਟ ਨਹੀਂ ਮਾਰੀ ਸੀ। ਤੇ ਫਿਰ ਰੋਜ਼ੋਵਸਕੀ ਜੇਹੇ ਬੱਚੇ ਨੂੰ ਮੌਤ ਦੀ ਸਜ਼ਾ ਦੇਣਾ ਕਿੱਡਾ ਅਨਾਚਾਰ ਸੀ। ਕੈਦਖਾਨੇ ਵਿਚ ਅਸਾਂ ਸਾਰਿਆਂ ਨੇ ਸੋਚਿਆ ਕਿ ਇਹ ਮੌਤ ਦੀ ਸਜਾ ਉਨ੍ਹਾਂ ਨੂੰ ਡਰਾਣ ਲਈ ਹੀ ਦਿੱਤੀ ਗਈ ਸੀ। ਪੱਕੀ ਨਹੀਂ ਕੀਤੀ ਜਾਵੇਗੀ। ਪਹਿਲਾਂ ਅਸੀਂ ਘਬਰਾਏ ਤੇ ਫਿਰ ਅਸਾਂ ਆਪਣੇ ਆਪ ਨੂੰ ਧਰਵਾਸ ਦਿੱਤਾ, ਤੇ ਪਹਿਲਾਂ ਵਾਕਰ ਦਿਨ ਲੰਘਦੇ ਗਏ। ਹਾਂ ਤੇ ਇਕ ਸ਼ਾਮ ਪਹਿਰੇਦਾਰ ਮੇਰੇ ਪਾਸ ਆਇਆ ਤੇ ਗੁੱਝੇ ਜੇਹੇ ਬੋਲ ਨਾਲ ਮੈਨੂੰ ਦੱਸਣ ਲੱਗਾ ਕਿ ਤਰਖਾਣ ਆ ਗਏ ਸਨ ਤੇ ਫਾਂਸੀ ਦੀ ਘੋੜੀ ਖੜੀ ਕਰ ਰਹੇ ਸਨ। ਪਹਿਲਾਂ ਤਾਂ ਮੈਂ ਸਮਝਿਆ ਨਾ। ਇਹ ਕੀ ? ਕਿਹੜੀ ਫਾਂਸੀ ਦੀ ਘੋੜੀ ? ਪਰ ਬੁੱਢਾ ਪਹਿਰੇਦਾਰ ਇਤਨਾ ਘਬਰਾਇਆ ਹੋਇਆ ਸੀ ਕਿ ਮੈਂ ਇਕ ਦਮ ਸਮਝ ਗਿਆ ਕਿ ਇਹ ਇਨ੍ਹਾਂ ਦੋਹਾਂ ਲਈ ਸੀ। ਮੈਂ ਤਖ਼ਤੇ ਟਕੋਰ ਕੇ ਆਪਣੇ ਸਾਥੀਆਂ ਨੂੰ ਦੱਸਣਾ ਚਾਹੁੰਦਾ ਸਾਂ, ਪਰ ਡਰਦਾ ਸਾਂ ਉਨ੍ਹਾਂ ਦੋਨਾਂ ਨੂੰ ਪਤਾ ਲੱਗ ਜਾਵੇਗਾ। ਸਾਥੀ ਚੁੱਪ ਸਨ। ਸਪਸ਼ਟ ਸੀ ਕਿ ਸਭ ਨੂੰ ਪਤਾ ਸੀ। ਵਰਾਂਡੇ ਵਿਚ ਤੇ ਕੋਠੜੀਆਂ ਵਿਚ ਉਸ ਸ਼ਾਮ ਮੌਤ ਵਰਗੀ ਚੁੱਪ ਛਾਈ ਹੋਈ ਸੀ। ਅਸਾਂ ਨਾ ਕੰਧਾਂ ਠਕੋਰੀਆਂ, ਨਾ ਗਾਇਆ। ਦਸ ਵਜੇ ਪਹਿਰੇਦਾਰ ਫਿਰ ਆਇਆ ਤੇ ਦੱਸਿਆ ਕਿ ਮਾਸਕੋ ਤੋਂ ਫਾਂਸੀ ਦੇਣ ਵਾਲਾ ਆ ਗਿਆ ਸੀ। ਉਹ ਇਹ ਦੱਸ ਕੇ ਚਲਾ ਗਿਆ। ਮੈਂ ਉਸ ਨੂੰ ਪਿੱਛੋਂ ਵਾਜ ਮਾਰੀ। ਉਸੇ ਪਲ ਮੈਂ ਵਰਾਂਡੇ ਦੇ ਦੂਜੇ ਬੰਨਿਓਂ ਰੋਜ਼ੋਵਸਕੀ ਨੂੰ ਵੇਖਿਆ ਜੋ ਮੈਨੂੰ ਵਾਜ ਦੇ ਰਿਹਾ ਸੀ। ਕੀ ਗੱਲ ਹੈ ? ਤੂੰ ਉਸ ਨੂੰ ਕਿਉਂ ਬੁਲਾਂਦਾ ਹੈ ?" ਮੈਂ ਬਹਾਨਾ ਜੇਹਾ ਕੀਤਾ ਕਿ ਮੈਂ ਉਸ ਨੂੰ ਤਮਾਕੂ ਲਿਆਣ ਲਈ ਆਖਿਆ ਸੀ, ਪਰ ਰੋਜੋਵਸਕੀ ਸਮਝ ਗਿਆ ਜਾਪਦਾ ਸੀ, ਤੇ ਮੈਨੂੰ ਪੁੱਛਣ ਲੱਗਾ, "ਅਸਾਂ ਅੱਜ ਰਾਤ ਗਾਇਆ ਕਿਉਂ ਨਹੀਂ, ਅਸਾਂ ਕੰਧਾਂ ਕਿਉਂ ਨਹੀਂ ਠਕੋਰੀਆਂ ?" ਮੈਨੂੰ ਯਾਦ ਨਹੀਂ ਮੈਂ ਕੀ ਆਖਿਆ, ਪਰ ਮੈਂ ਆਪਣੀ ਕੋਠੜੀ ਵਿਚ ਨੂੰ ਪਿੱਛੇ ਕਦਮ ਪੁਟਿਆ, ਤਾਂ ਜੋ ਉਸ ਨਾਲ ਗੱਲ ਨਾ ਕਰਾਂ। ਹਾਂ, ਇਹ ਇਕ ਭਿਆਨਕ ਰਾਤ ਸੀ। ਮੈਂ ਸਾਰੀ ਰਾਤ ਵਾਜਾਂ ਸੁਣਦਾ ਰਿਹਾ। ਇਕ ਦਮ, ਸਵੇਰੇ ਜੇਹੇ, ਮੈਂ ਦਰਵਾਜ਼ੇ ਖੁਲ੍ਹਦੇ ਤੇ ਕਿਸੇ ਨੂੰ ਤੁਰੇ ਆਉਂਦੇ — ਕਈ ਲੋਕਾਂ ਨੂੰ—ਸੁਣਿਆ, ਮੈਂ ਆਪਣੇ

ਦਰਵਾਜ਼ੇ ਦੀ ਮੋਰੀ ਕੋਲ ਗਿਆ। ਵਰਾਂਡੇ ਵਿਰ ਇਕ ਲੈਂਪ ਜਗ ਰਿਹਾ ਸੀ। ਪਹਿਲਾਂ ਨਿਰੀਖਕ ਲੰਘਿਆ, ਉਹ ਇਕ ਮੋਟਾ ਆਦਮੀ ਸੀ ਤੇ ਆਮ ਕਰਕੇ ਦ੍ਰਿੜ ਤੇ ਆਤਮ-ਵਿਸ਼ਵਾਸੀ ਦਿੱਸਦਾ ਸੀ, ਪਰ ਹੁਣ ਉਹ ਮੁਰਦੇ ਜੇਹਾ ਪੀਲਾ। ਉਦਾਸ ਤੇ ਡਰਿਆ ਹੋਇਆ ਦਿੱਸਦਾ ਸੀ। ਤੇ, ਸਭਨਾਂ ਦੇ ਪਿੱਛੇ, ਪਹਿਰੇਦਾਰ। ਉਹ ਮੇਰੇ ਦਰਵਾਜ਼ੇ ਅੱਗੋਂ ਲੰਘ ਕੇ ਅਗਲੇ ਦਰਵਾਜ਼ੇ ਕੋਲ ਠਹਿਰ ਗਏ, ਤੇ ਮੈਂ ਸਹਾਇਕ ਨੂੰ ਇਕ ਅਜੀਬ ਅਵਾਜ਼ ਵਿਚ ਬੁਲਾਂਦੇ ਸੁਣਿਆ, 'ਲੋਜ਼ਿਸਕੀ, ਉਠੋ, ਤੇ ਚਿੱਟੀ ਲਿਲਨ ਪਾ ਲਵੋ।" 'ਹਾਂ, ਫਿਰ ਮੈਂ ਦਰਵਾਜ਼ਿਆਂ ਦਾ ਚੀਕਣਾ ਸੁਣਿਆ। ਉਹ ਉਸ ਦੀ ਕੋਠੜੀ ਵਿਚ ਚਲੇ ਗਏ। ਫਿਰ ਮੈਂ ਵਰਾਂਡੇ ਦੇ ਦੂਜੇ ਬੰਨੇ ਲੋਜ਼ਿਸਕੀ ਦੇ ਕਦਮਾਂ ਦੀ ਆਹਟ ਸੁਣੀ। ਮੈਂ ਕੇਵਲ ਨਿਰੀਖਕ ਨੂੰ ਹੀ ਵੇਖ ਸਕਦਾ ਸਾਂ। ਉਹ ਪੀਲਾ ਭੁਕ ਖੜਾ ਸੀ, ਤੇ ਮੋਢੇ ਫਰਕਾਂਦਾ ਆਪਣੇ ਕੋਟ ਦੇ ਬਟਨ ਖੋਲ੍ਹਦਾ ਤੇ ਫਿਰ ਲਗਾਂਦਾ ਸੀ, ਹਾਂ। ਤੇ ਫਿਰ ਜਿਵੇਂ ਕਿਸੇ ਚੀਜ਼ ਤੋਂ ਡਰ ਕੇ ਉਹ ਰਸਤੇ ਵਿਚੋਂ ਹਟ ਗਿਆ। ਇਹ ਲੋਜ਼ਿਸਕੀ ਸੀ ਜੋ ਉਸ ਪਾਸੋਂ ਲੰਘ ਕੇ ਮੇਰੇ ਦਰਵਾਜ਼ੇ ਤਕ ਆ ਗਿਆ ਸੀ। ਉਹ ਇਕ ਸੁਹਣਾ ਨੌਜਵਾਨ ਸੀ, ਤੁਸੀਂ ਜਾਣਦੇ ਹੋ, ਸੁਹਣੇ ਪੋਲ ਨਮੂਨੇ ਦਾ, ਚੌੜੇ ਮੋਢੇ, ਸਿਰ ਉੱਤੇ ਭੂਰੇ ਘੁੰਗਰਾਲੇ ਵਾਲ, ਟੋਪੀ ਵਰਗੇ ਤੇ ਸੁੰਦਰ, ਨੀਲੀਆਂ ਅੱਖਾਂ, ਫੁੱਲ ਵਰਗਾ ਖਿੜਿਆ ਹੋਇਆ, ਇੰਨਾ ਨਵਾਂ ਨਵੇਲਾ, ਇੰਨਾ ਅਰੋਗ। ਉਹ ਮੇਰ ਦਰਵਾਜ਼ੇ ਦੀ ਮੋਰੀ ਪਾਸ ਆ ਕੇ ਠਹਿਰ ਗਿਆ ਜਿਸ ਨਾਲ ਮੈਂ ਉਸ ਦਾ ਸਾਰਾ ਮੂੰਹ ਵੇਖ ਸਕਦਾ ਸਾਂ। ਡਰਾਉਣਾ, ਸਖਣਾ, ਪੀਲਾ ਚੇਹਰਾ। "ਕ੍ਰਿਲਤਸੋਫ, ਤੇਰੇ ਪਾਸ ਕੁਝ ਸਿਗਰਟ ਹਨ ?" ਮੈਂ ਕੁਝ ਸਿਗਰਟ ਉਸ ਨੂੰ ਦੇਣਾ ਚਾਹੁੰਦਾ ਸਾਂ, ਪਰ ਸਹਾਇਕ ਨੇ ਕਾਹਲੀ ਨਾਲ ਆਪਣਾ ਸਿਗਰਟ ਦਾ ਡੱਬਾ ਕੱਢ ਕੇ ਉਸ ਵੱਲ ਕਰ ਦਿੱਤਾ। ਉਸ ਨੇ ਇਕ ਸਿਗਰਟ ਲੈ ਲਿਆ, ਸਹਾਇਕ ਨੇ ਤੀਲੀ ਬਾਲੀ, ਉਸ ਨੇ ਸਿਗਰਟ ਲਗਾਈ ਤੇ ਪੀਣ ਲੱਗ ਪਿਆ ਤੇ ਕੁਝ ਸੋਚਦਾ ਜੇਹਾ ਜਾਪਿਆ। ਫਿਰ, ਜਿਵੇਂ ਉਸ ਨੂੰ ਕੁਝ ਯਾਦ ਆ ਗਿਆ ਹੋਵੇ, ਉਹ ਬੋਲਣ ਲੱਗਾ, "ਇਹ ਜ਼ੁਲਮ ਹੈ ਨਿਰਦੈਤਾ ਹੈ। ਮੈਂ ਕੋਈ ਅਪਰਾਧ ਨਹੀਂ ਕੀਤਾ। ਮੈਂ....." ਮੈਨੂੰ ਉਸ ਦੇ ਚਿੱਟੇ ਨੌਜਵਾਨ ਗਲੇ ਵਿਚ ਕੁਝ ਕੰਬਦਾ ਦਿੱਸਿਆ, ਜਿਸ ਤੋਂ ਮੈਂ ਆਪਣੀਆਂ ਅੱਖਾਂ ਚੁੱਕ ਨਾ ਸਕਿਆ। ਤੇ ਫਿਰ ਉਹ ਠਹਿਰ ਗਿਆ। ਹਾਂ, ਉਸੇ ਘੜੀ ਮੈਂ ਰੋਜ਼ੋਵਸਕੀ ਨੂੰ ਆਪਣੀ ਉੱਚੀ ਯਹੂਦੀ ਵਾਜ ਵਿਚ ਪੁਕਾਰਦੇ

ਸੁਣਿਆ। ਲਜ਼ਿਸਕੀ ਨੇ ਸਿਗਰਟ ਸੁੱਟ ਦਿੱਤਾ। ਤੇ ਦਰਵਾਜ਼ੇ ਤੋਂ ਕਦਮ ਪੁੱਟ ਕੇ ਅੱਗੇ ਹੋਇਆ, ਹੁਣ ਰੋਜਵਸਕੀ ਮੇਰੇ ਦਰਵਾਜ਼ੇ ਦੀ ਮੋਰੀ ਅੱਗੇ ਆ ਗਿਆ। ਉਸ ਦਾ ਬੱਚਿਆਂ ਜਿਹਾ ਚੇਹਰਾ, ਪੰਘਰੀਆਂ ਜੇਹੀਆਂ ਕਾਲੀਆਂ ਅੱਖਾਂ ਵਾਲਾ, ਲਾਲ ਤੇ ਗਿੱਲਾ ਸੀ। ਉਸ ਨੇ ਵੀ ਚਿੱਟੀ ਲਿਲਨ ਪਾਈ ਹੋਈ ਸੀ। ਉਸ ਦੀ ਪਤਲੂਣ ਬਹੁਤੀ ਚੌੜੀ ਸੀ, ਤੇ ਉਹ ਉਸਨੂੰ ਮੁੜ ਮੁੜ ਉੱਪਰ ਖਿੱਚਦਾ ਸੀ, ਤੇ ਸਾਰਾ ਕੰਬ ਰਿਹਾ ਸੀ। ਉਸ ਨੇ ਮੇਰੀ ਮੋਰੀ ਅੱਗੇ ਤਰਸਯੋਗ ਮੂੰਹ ਕੀਤਾ। “ਫ਼ਿਲਤਸੋਫ਼ ! ਇਹ ਸੱਚ ਹੈ ਡਾਕਟਰ ਨੇ ਮੈਨੂੰ ਕਫ਼ ਮਿਕਚਰ ਲੈਣ ਲਈ ਆਖਿਆ ਹੈ, ਨਹੀਂ ? ਮੈਂ ਤੱਕੜਾ ਨਹੀਂ। ਮੈਂ ਇਹ ਮਿਕਸਚਰ ਕੁਝ ਹੋਰ ਲਵਾਂਗਾ। ਕਿਸੇ ਨੇ ਕੋਈ ਉੱਤਰ ਨਾ ਦਿੱਤਾ, ਉਸ ਨੇ ਪੁੱਛਦੀਆਂ ਅੱਖਾਂ ਨਾਲ ਤੱਕਿਆ, ਪਹਿਲਾਂ ਮੇਰੇ ਵੱਲ ਤੇ ਫਿਰ ਨਿਰੀਖਕ ਵੱਲ। ਉਹ ਕੀ ਆਖਣਾ ਚਾਹੁੰਦਾ ਸੀ, ਮੈਨੂੰ ਪਤਾ ਨਹੀਂ ਲੱਗਾ। ਹਾਂ, ਇਕ ਦਮ ਸਹਾਇਕ ਦਾ ਚੇਹਰਾ ਕਠੋਰ ਹੋ ਗਿਆ, ਤੇ ਫਿਰ ਇਕ ਚੀਕਵੀਂ ਜੇਹੀ ਆਵਾਜ਼ ਵਿਚ ਪੁਕਾਰ ਕੇ ਆਖਿਆ, "ਹੁਣ ਫਿਰ, ਇਹ ਕੀ ਮਖ਼ੌਲ ਹੋ ਰਹੇ ਹਨ ? ਚਲੋ ਚਲੀਏ।" ਰੋਜ਼ੋਵਸਕੀ ਜੋ ਭਾਣਾ ਉਸ ਉੱਤੇ ਵਰਤਣ ਵਾਲਾ ਸੀ, ਉਸ ਨੂੰ ਸਮਝ ਨਾ ਸਕਦਾ, ਪ੍ਰਤੀਤ ਹੁੰਦਾ ਸੀ, ਤੇ ਅੱਗੇ ਅੱਗੇ ਵਰਾਂਡੇ ਵਿਚ ਅਹੁਲਿਆ, ਜਾਣੋ ਦੌੜਿਆ ਜਾ ਰਿਹਾ ਸੀ। ਪਰ ਫਿਰ ਉਹ ਪਿਛਾਂਹ ਨੂੰ ਪਰਤਿਆ, ਤੇ ਮੈਂ ਉਸ ਦੀ ਤਿੱਖੀ ਆਵਾਜ਼ ਤੇ ਚੀਕਾਂ ਸੁਣੀਆਂ। ਫਿਰ ਪੈਰਾਂ ਦੀ ਚਾਪ ਤੇ ਹਲਕੀ ਜਿਹੀ ਭਿੰਣ ਭਿੰਣ। ਉਹ ਚੀਕਾਂ ਮਾਰਦਾ ਤੇ ਹਉਕੇ ਭਰ ਰਿਹਾ ਸੀ। ਆਵਾਜ਼ਾਂ ਮੱਧਮ ਤੇ ਹੋਰ ਮੱਧਮ ਹੁੰਦੀਆਂ ਗਈਆਂ, ਤੇ ਅਖ਼ੀਰ ਦਰਵਾਜਾ ਖੜਕਿਆ, ਤੇ ਸਾਰੇ ਚੁੱਪ ਵਰਤ ਗਈ..... ਹਾਂ। ਉਨ੍ਹਾਂ ਨੂੰ ਫਾਂਸੀ ਲਟਕਾ ਦਿੱਤਾ ਗਿਆ। ਦੋਹਾਂ ਦਾ ਗੱਲ ਘੁੱਟ ਦਿੱਤਾ ਗਿਆ ਰੱਸੇ ਨਾਲ। ਇਕ ਪਹਿਰੇਦਾਰ, ਫਿਰ ਦੂਜੇ ਨੇ ਇਹ ਹੁੰਦਾ ਵੇਖਿਆ, ਤੇ ਮੈਨੂੰ ਦੱਸਿਆ ਕਿ ਲੋਜ਼ਿਸਕੀ ਨੇ ਕੋਈ ਅੜੀ ਨਾ ਕੀਤੀ, ਪਰ ਰੋਜ਼ੋਵਸਕੀ ਬੜਾ ਚਿਰ ਘੁਲਦਾ ਰਿਹਾ ਹੈ ਤੇ ਉਹ ਉਸ ਨੂੰ ਫ਼ਾਸੀ ਦੇ ਤਖਤੇ ਉੱਤੇ ਧੂਹ ਕੇ ਲੈ ਗਏ ਤੇ ਜ਼ਰੋਜ਼ੋਰੀ ਉਸ ਦਾ ਸਿਰ ਘੁੰਡੀ ਵਿਚ ਪਾ ਦਿੱਤਾ। ਹਾਂ, ਇਹ ਪਹਿਰੇਦਾਰ ਮੂਰਖ ਜਿਹਾ ਆਦਮੀ ਸੀ। ਉਸ ਨੇ ਦੱਸਿਆ, "ਉਹ ਮੈਨੂੰ ਆਖਦੇ ਸਨ, ਜਨਾਬ, ਇਹ ਡਰਾਉਣੀ ਬਿਲਕੁਲ ਨਹੀਂ। ਜਦੋਂ ਉਹ ਲਟਕ ਰਹੇ ਸਨ, ਤਾਂ ਉਨ੍ਹਾਂ ਨੇ ਦੋ ਵਾਰੀ ਮੋਢੇ ਫਰਕਾਏ--ਇਸ ਤਰ੍ਹਾਂ—ਉਸ ਨੇ ਮੈਨੂੰ

ਜਿਵੇਂ ਉਨ੍ਹਾਂ ਦੇ ਮੋਢੇ ਵੱਟ ਖਾਂਦੇ ਉਭਰੇ ਤੇ ਡਿੱਗ, ਦੱਸਿਆ, ਫਿਰ ਜੱਲਾਦ ਨੇ ਜ਼ਰਾ ਕੁ ਝੱਟਕਾ ਦਿੱਤਾ, ਘੁੰਡੀ ਨੂੰ ਕੱਸਣ ਲਈ, ਤੇ ਸਭ ਖ਼ਤਮ ਹੋ ਗਿਆ ਤੇ ਉਹ ਹਿਲੇ ਤਕ ਨਾ, ਤੇ ਕ੍ਰਿਲਤੋਸਫ਼ ਨੇ ਪਹਿਰੇਦਾਰ ਦੇ ਸ਼ਬਦ ਦੁਹਰਾਏ। "ਬਿਲਕੁਲ ਡਰਾਉਣਾ ਨਹੀਂ ਸੀ," ਤੇ ਮੁਸਕਰਾਣ ਦੀ ਕੋਸ਼ਿਸ਼ ਕੀਤੀ, ਪਰ ਇਸ ਦੀ ਥਾਂ ਉਸ ਦੇ ਹਉਕੇ ਫੁੱਟ ਪਏ।

ਤਕੜਾ ਚਿਰ, ਇਸ ਤੋਂ ਪਿੱਛੋਂ, ਉਹ ਚੁੱਪ ਰਿਹਾ, ਲੰਮੇ ਸਾਹ ਭਰਦਾ, ਤੇ ਹਉਕਿਆਂ ਨੂੰ ਰੋਕਦਾ ਜੋ ਉਸ ਦਾ ਸਾਹ ਘੁੱਟ ਰਹੇ ਸਨ।

ਉਸ ਸਮੇਂ ਤੋਂ ਮੈਂ ਕ੍ਰਾਂਤੀਵਾਦੀ ਬਣ ਗਿਆ, ਹਾਂ, ਉਸ ਨੇ ਕੁਝ ਸ਼ਾਂਤ ਹੋ ਜਾਣ ਉਪਰੰਤ ਆਖਿਆ, ਤੇ ਆਪਣੀ ਕਹਾਣੀ ਥੋੜ੍ਹੇ ਜਿਹੇ ਸ਼ਬਦਾਂ ਵਿਚ ਖਤਮ ਕਰ ਦਿੱਤੀ।

ਉਹ ਲੋਕ ਦਲ ਵਿਚ ਸ਼ਾਮਲ ਸੀ, ਤੇ ਵਿਗੱਠਨ ਮੰਡਲੀ ਦਾ ਮੁਖੀ ਵੀ ਸੀ, ਜਿਸ ਦਾ ਮੰਤਵ ਸਰਕਾਰ ਉੱਤੇ ਤਰਾਸ ਵਰਤਾਣਾ ਸੀ ਤਾਂ ਜੋ ਆਪਣੇ ਆਪ ਅਧਿਕਾਰ ਤਿਆਗ ਦੇਵੇ। ਇਸ ਮੰਤਵ ਦੇ ਸੰਬੰਧ ਵਿਚ ਉਹ ਪੀਟਰਜ਼ਬਰਗ, ਕੀਏਫ, ਉਦਿਏਸਾ ਤੇ ਪ੍ਰਵਿਦੇਸ ਵੀ ਗਿਆ, ਤੇ ਹਰ ਥਾਂ ਸਫਲ ਹੋਇਆ। ਇਕ ਆਦਮੀ ਨੇ, ਜਿਸ ਉੱਤੇ ਉਸ ਨੂੰ ਪੂਰਾ ਭਰੋਸਾ ਸੀ, ਛੇਕੜ ਦਗਾ ਦਿੱਤਾ। ਉਸ ਨੂੰ ਗ੍ਰਿਫਤਾਰ ਕੀਤਾ ਗਿਆ। ਮੁਕੱਦਮਾ ਚਲਾ ਕੇ ਤੇ ਦੋ ਵਰ੍ਹੇ ਹਵਾਲਾਤ ਵਿਚ ਰੱਖ ਕੇ ਛੇਕੜ ਮੌਤ ਦੀ ਸਜਾ ਸੁਣਾਈ ਗਈ। ਪਰ ਇਹ ਸਜ਼ਾ ਘਟਾ ਕੇ ਉਮਰ ਕੈਦ ਸਖ਼ਤ ਕਰ ਦਿੱਤੀ ਗਈ।

ਕੈਦਖਾਨੇ ਵਿਚ ਉਸ ਨੂੰ ਕੋਈ ਰੋਗ ਚੰਬੜ ਗਿਆ ਤੇ ਜਿਸ ਅਵਸਥਾ ਵਿਚ ਉਹ ਹੁਣ ਸੀ, ਉਸ ਦੇ ਕੁਝ ਮਹੀਨਿਆਂ ਤੋਂ ਵਧੇਰੇ ਜੀਉਂਦਾ ਰਹਿਣ ਦੀ ਆਸ ਨਹੀਂ ਸੀ। ਇਹ ਉਹ ਜਾਣਦਾ ਸੀ, ਪਰ ਉਸ ਨੂੰ ਪਛਤਾਵਾ ਨਹੀਂ ਸੀ। ਉਹ ਆਖਦਾ ਸੀ ਜੇ ਉਸ ਨੂੰ ਇਕ ਹੋਰ ਜੀਵਨ ਮਿਲ ਜਾਵੇ ਉਸ ਨੂੰ ਵੀ ਉਹ ਇਸੇ ਕੰਮ ਲਗਾਵੇ, ਉਨ੍ਹਾਂ ਸਥਿਤੀਆਂ ਦਾ ਅੰਤ ਕਰਨ ਲਈ ਜਿਨ੍ਹਾਂ ਵਿਚ ਉਹ ਗੱਲਾਂ ਜੋ ਉਸ ਨੇ ਵੇਖੀਆਂ ਸਨ, ਸੰਭਵ ਸਨ।

ਇਸ ਪੁਰਸ਼ ਦੀ ਕਹਾਣੀ, ਤੇ ਉਸ ਦੀ ਨੇੜਤਾ ਨੇ ਨਖ਼ਲਿਊਦੌਫ਼ ਨੂੰ ਬਹੁਤ ਕੁਝ ਦੱਸ ਦਿੱਤਾ ਜੋ ਉਹ ਪਹਿਲੋਂ ਨਹੀਂ ਜਾਣਦਾ ਸੀ।

7

ਜਿਸ ਦਿਨ ਕਾਫ਼ਲੇ ਦੇ ਅਫ਼ਸਰ ਦਾ ਉਸ ਬੱਚੀ ਬਾਰੇ ਕੈਦੀਆਂ ਨਾਲ ਪੜਾਊ ਉੱਤੇ ਝੱਗੜਾ ਹੋਇਆ, ਉਹ ਰਾਤ ਨਖ਼ਲਿਊਦੌਫ਼ ਨੇ ਪਿੰਡ ਦੀ ਸਰਾਂ ਵਿਚ ਕੱਟੀ। ਉਸ ਨੂੰ ਜਾਗ ਚਿਰਕੀ ਆਈ ਤੇ ਕੁਝ ਚਿਰ ਚਿੱਠੀਆਂ ਲਿਖਣ ਵਿਚ ਲੱਗ ਗਿਆ ਜੋ ਉਸ ਨੇ ਅਗਲੇ ਸਰਕਾਰੀ ਧਾਮ ਡਾਕ ਵਿਚ ਪਾਣੀਆਂ ਸਨ। ਇਸ ਕਾਰਣ ਉਹ ਸਰਾਂ ਤੋਂ ਨਿੱਤ ਨਾਲੋਂ ਚਿਰਕਾ ਚੱਲਿਆ ਤੇ ਪਹਿਲਾਂ ਵਾਕਰ ਜੱਥੇ ਨੂੰ ਹਾਹ ਵਿਚ ਜਾ ਕੇ ਰਲ ਨਾ ਸਕਿਆ। ਉਹ ਅਗਲੇ ਪੜਾਉ ਵਾਲੇ ਪਿੰਡ ਚੰਗੇ ਅਨ੍ਹੇਰੇ ਹੋਏ ਪਹੁੰਚਿਆ।

ਸਰਾਂ ਵਿਚ ਉਸ ਨੇ ਪਸੀਨਾ ਸੁਕਾਇਆ ਤੇ ਇਕ ਸਾਫ਼ ਕਮਰੇ ਵਿਚ ਚਾਹ ਪੀਤੀ। ਇਸ ਸਰਾਂ ਦੀ ਮਾਲਕ ਬਹੁਤ ਮੋਟੀ ਚਿੱਟੀ ਗਰਦਨ ਵਾਲੀ ਇਕ ਬੁੱਢੀ ਇਸਤ੍ਰੀ ਸੀ, ਜਿਸ ਨੇ ਇਸ ਨੂੰ ਅਨੇਕ ਮੂਰਤੀਆਂ ਤੇ ਚਿੱਤਰਾਂ ਨਾਲ ਸਜਾਇਆ ਹੋਇਆ ਸੀ, ਇਥੋਂ ਉਹ ਝੱਬ ਕਰਕੇ ਕਤੂਸ਼ਾਂ ਨਾਲ ਮੁਲਾਕਾਤ ਲੈਣ ਦੀ ਆਗਿਆ ਲੈਣ ਲਈ ਅਫਸਰ ਕੋਲ ਪਹੁੰਚਿਆ ਪਿਛਲੇ ਛੇਆਂ ਪੜਾਂਵਾਂ ਉੱਤੇ ਕਿਸੇ ਅਫ਼ਸਰ ਤੋਂ ਉਸਨੂੰ ਆਗਿਆ ਨਹੀਂ ਮਿਲੀ ਸੀ। ਭਾਵੇਂ ਇਹ ਅਫ਼ਸਰ ਕਈ ਵਾਰੀ ਬਦਲੇ ਸਨ, ਪਰ ਕਿਸੇ ਨੇ ਵੀ ਨਖ਼ਲਿਊਦੌਫ਼ ਨੂੰ ਪੜਾਊ ਦੇ ਅੰਦਰ ਨਹੀਂ ਜਾਣ ਦਿੱਤਾ ਸੀ। ਇਸ ਤਰ੍ਹਾਂ ਉਹ ਕਤੂਸ਼ਾਂ ਨੂੰ ਹਫਤੇ ਤੋਂ ਵੀ ਵਧੇਰੇ ਚਿਰ ਤੋਂ ਮਿਲ ਨਹੀਂ ਸਕਿਆ ਸੀ। ਇਸ ਕਰੜਾਈ ਦਾ ਕਾਰਣ ਇਹ ਸੀ ਕਿ ਕੈਦਖ਼ਾਨਿਆਂ ਦੇ ਇਕ ਵੱਡੇ ਅਫ਼ਸਰ ਦੇ ਉਸ ਰਾਹ ਤੋਂ ਲੰਘਣ ਦੀ ਉਡੀਕ ਸੀ। ਹੁਣ ਜਦੋਂ ਇਹ ਅਧਿਰਾਰੀ ਇਜ ਜੱਥੇ ਨੂੰ ਦੇਖਣ ਤੋਂ ਬਿਨ ਹੀ ਲੰਘ ਗਿਆ ਸੀ, ਨਖ਼ਲਿਊਦੌਫ਼ ਨੂੰ ਆਸ ਸੀ ਕਿ ਜਿਸ ਅਫ਼ਸਰ ਨੇ ਉਸ ਸਵੇਰੇ ਜੱਥੇ ਨੂੰ ਸਪੁਰਦਗੀ ਵਿਚ ਲਿਆ ਸੀ, ਉਸ ਨੂੰ ਕੈਦੀਆਂ ਨਾਲ ਮਿਲ ਲੈਣ ਦੇਵੇਗਾ, ਜਿਵੇਂ ਪਹਿਲ ਅਫ਼ਸਰਾਂ ਨੇ ਕੀਤਾ ਸੀ।

ਸਰਾਂ ਦੀ ਮਾਲਕਣ ਨੇ ਨਖ਼ਲਿਊਦੌਫ਼ ਨੂੰ ਪੜਾਓ ਤੱਕ ਜਾਣ ਲਈ ਆਪਣੀ ਬੱਘੀ ਲੈ ਜਾਣ ਲਈ ਆਖਿਆ। ਪੜਾਓ ਪਿੰਡ ਦੇ ਦੂਜੇ ਸਿਰੇ ਉੱਤੇ ਸੀ, ਪਰ ਨਖ਼ਲਿਊਦੌਫ਼ ਨੇ ਤੁਰਕੇ ਜਾਣਾ ਬਿਹਤਰ ਸਮਝਿਆ। ਇਕ ਚੌੜੇ ਮੌਦਿਆਂ ਵਾਲੇ ਜਵਾਨ ਰੁਸਤਮ-ਰੂਪ

ਮਜ਼ਦੂਰ ਨੇ, ਜਿਸ ਦੇ ਲੰਮੇ ਬੂਟ ਬੜੀ ਤਿੱਖੀ ਮੁਸ਼ਕ ਦੀ ਲੁੱਕ ਨਾਲ ਤਾਜ਼ੇ ਤਾਜ਼ੇ ਚਮਕਾਏ ਸਨ; ਉਸ ਨੂੰ ਰਾਹ ਵਿਖਾਣ ਲਈ ਨਾਲ ਹੋ ਗਿਆ।

ਆਕਾਸ਼ ਨੂੰ ਇਕ ਸੰਘਣੀ ਧੁੰਧ ਨੇ ਢਕਿਆ ਹੋਇਆ ਸੀ। ਅਨ੍ਹੇਰਾ ਇੰਨਾ ਸੀ ਕਿ ਜਦੋਂ ਉਹ ਮਜ਼ਦੂਰ ਨਖ਼ਲਿਊਦੌਫ਼ ਤੋਂ ਤਿੰਨ ਕਦਮਾਂ ਅੱਗੇ ਹੁੰਦਾ, ਜੇ ਕਿਸੇ ਬਾਰੀ ਵਿਚੋਂ ਚਾਨਣ ਉਸ ਤੇ ਨਾ ਪੈਂਦਾ ਹੋਵੇ ਤਾਂ ਉਹ ਦਿੱਸਦਾ ਨਹੀਂ ਸੀ। ਪਰ ਨਖ਼ਲਿਊਦੌਫ਼ ਉਸ ਦੇ ਭਾਰੇ ਬੂਟਾਂ ਦੇ ਡੂੰਘੇ ਤੇ ਜੁੜ ਜਾਣ ਵਾਲੇ ਚਿੱਕੜ ਵਿਚ ਖੁੱਭਣ ਦੀ ਆਵਾਜ਼ ਨੂੰ ਸੁਣ ਸਕਦਾ ਸੀ। ਗਿਰਜੇ ਅਗਲੇ ਖੁਲ੍ਹੇ ਮੈਦਾਨ ਨੂੰ ਲੰਘ ਤੇ ਅਨ੍ਹੇਰੇ ਵਿਚ ਚਮਕ ਰਹੀਆਂ ਬਾਰੀਆਂ ਦੀਆਂ ਕਤਾਰਾਂ ਵਾਲੇ ਲੰਮੇ ਬਜ਼ਾਰ ਵਿਚੋਂ ਲੰਘਕੇ, ਨਖ਼ਲਿਊਦੌਫ਼ ਆਪਣੇ ਮੋਹਰੀ ਦੇ ਪਿੱਛੇ ਪਿੱਛੇ ਪਿੰਡ ਦੇ ਦੂਜੇ ਸਿਰੇ ਪਹੁੰਚ ਗਿਆ ਜਿਥੇ ਅਨ੍ਹੇਰਾ ਲੁੱਕ ਵਰਗਾ ਸੰਘਣਾ ਸੀ। ਪਰ ਇਥੇ ਵੀ ਪੜਾਉ ਦੇ ਸਾਹਮਣੇ ਲੈਂਪਾਂ ਵਿਚੋਂ ਚਾਨਣ ਦੀਆਂ ਕਿਰਣਾਂ, ਧੁੰਧ ਨੂੰ ਚੀਰ ਕੇ ਛੇਤੀ ਹੀ ਅਨ੍ਹੇਰੇ ਵਿਚ ਦਿੱਸਣ ਲੱਗ ਪਈਆਂ। ਚਾਨਣ ਦੇ ਲਾਲ ਜਿਹੇ ਟਿਮਕਣੇ ਵੱਡੇ ਤੇ ਹੋਰ ਵੱਡੇ ਹੁੰਦੇ ਗਏ। ਅਖੀਰ ਜੰਗਲ ਦੇ ਡੰਡੇ, ਚਲ ਰਿਹਾ ਮੰਤਰੀ, ਚਿੱਟੀਆਂ ਤੇ ਕਾਲੀਆਂ ਧਾਰੀਆਂ ਨਾਲ ਰੰਗਿਆ ਇਕ ਖੰਭਾ ਤੇ ਸੰਤਰੀ ਦਾ ਡੱਬਾ ਦਿੱਸਣ ਲੱਗੇ।

ਸੰਤਰੀ ਨੇ, ਜਦੋਂ ਉਹ ਨੇੜੇ ਪਹੁੰਚੇ ਤਾਂ ਲਲਕਾਰਿਆ "ਕੌਣ ਆ ਰਿਹਾ ਹੈ ?" ਤੇ ਇਹ ਵੇਖਕੇ ਕਿ ਇਹ ਅਜਨਬੀ ਸਨ ਇਤਨਾ ਕਰੜਾ ਹੋ ਗਿਆ ਕਿ ਉਨ੍ਹਾਂ ਨੂੰ ਜੰਗਲੇ ਦੇ ਕੋਲ ਵੀ ਖਲੋਣ ਨਾ ਦੇਵੇ। ਪਰ ਨਖ਼ਲਿਊਦੌਫ਼ ਦਾ ਮੋਹਰੀ ਇਸ ਕਰੜਾਈ ਤੋਂ ਝਿਜਕਣ ਵਾਲਾ ਨਹੀਂ ਸੀ।

'ਹੈਲੋ, ਨੌਜਵਾਨ ਇੰਨਾ ਤੰਦੀ ਵਿਚ ਕਿਉਂ ਆਉਂਦਾ ਹੈ ? ਜਾਹ ਤੇ ਆਪਣੇ ਅਫ਼ਸਰ ਨੂੰ ਜਗਾ ਦੇਹ, ਉੱਨਾ ਚਿਰ ਅਸੀਂ ਇਥੇ ਉਡੀਕਦੇ ਹਾਂ।"

ਮੰਤਰੀ ਨੇ ਉੱਤਰ ਕੋਈ ਨਾ ਦਿੱਤਾ, ਪਰ ਦਰਵਾਜ਼ੇ ਤੋਂ ਅੰਦਰ ਵਲ ਨੂੰ ਉੱਚੀ ਆਵਾਜ਼ ਵਿਚ ਕੁਝ ਆਖ ਕੇ ਉਹ ਚੌੜੇ ਮੋਢਿਆਂ ਵਾਲੇ ਜਵਾਨ ਮਜ਼ਦੂਰ ਵੱਲ, ਜੋ ਲੈਂਪ ਦੇ ਚਾਨਣ ਵਿਚ ਲੱਕੜੀ ਦੇ ਇਕ ਟੁਕੜੇ ਨਾਲ ਨਖ਼ਲਿਊਦੌਫ਼ ਦੇ ਬੂਟਾਂ ਤੋਂ ਚਿੱਕੜ ਲਾਹ ਰਿਹਾ ਸੀ, ਤੱਕਦਾ ਖੜਾ ਰਿਹਾ। ਜੰਗਲੇ ਦੇ ਪਿਛਵਾੜਿਓਂ ਪੁਰਸ਼ ਤੇ ਇਸਤ੍ਰੀ ਆਵਾਜ਼ਾਂ ਦੀ ਭਿੰਣ ਭਿੰਣ ਹੋਈ। ਕੋਈ ਤਿੰਨ ਕੁ ਮਿੰਟਾਂ ਵਿਚ ਕੁਝ ਖੜਾਕ ਹੋਇਆ, ਫਾਟਕ ਖੁਲ੍ਹਿਆ, ਤੇ ਇਕ

ਸਾਰਜੈਂਟ ਆਪਣਾ ਕੋਟ ਮੋਢਿਆਂ ਉੱਤੇ ਪਾਈ ਅਨ੍ਹੇਰੇ ਵਿਚੋਂ ਕਦਮ ਪੁੱਟ ਕੇ ਚਾਨਣ ਵਿਚ ਆਇਆ।

ਸਾਰਜੰਟ ਮੰਤਰੀ ਜਿਹਾ ਕਰੜਾ ਨਹੀਂ ਸੀ, ਪਰ ਉਤਸੁਕ ਉਹ ਅੱਤ ਦਾ ਸੀ। ਉਸ ਨੇ ਇਹ ਜਾਨਣ ਉੱਤੇ ਹੱਠ ਕੀਤਾ ਕਿ ਨਖ਼ਲਿਊਦੋਂਫ਼ ਨੂੰ ਅਫ਼ਸਰ ਨਾਲ ਕੀ ਕੰਮ ਸੀ, ਤੇ ਉਹ ਕੌਣ ਸੀ। ਸਪੱਸ਼ਟ ਹੀ ਉਸ ਨੂੰ ਬਖਸ਼ੀਸ਼ ਦੀ ਝਾਕ ਸੀ, ਤੇ ਉਹ ਇਹ ਮੌਕਾ ਖੁੰਝਾਣਾ ਨਹੀਂ ਚਾਹੁੰਦਾ ਸੀ। ਨਖ਼ਲਿਊਦੋਂਫ਼ ਨੇ ਆਖਿਆ ਕਿ ਉਹ ਇਕ ਖ਼ਾਸ ਕੰਮ ਆਇਆ ਸੀ, ਤੇ ਬੜਾ ਧੰਨਵਾਦੀ ਹੋਵੇਗਾ, ਜੇ ਸਾਰਜੈਂਟ ਉਸ ਦੀ ਚਿੱਠੀ ਅਫ਼ਸਰ ਨੂੰ ਦੇ ਦੇਵੇ। ਸਾਰਜੈਂਟ ਨੇ ਚਿੱਠੀ ਲੈ ਲਈ, ਹਾਂ ਵਿਚ ਸਿਰ ਹਿਲਾਇਆ ਤੇ ਅੰਦਰ ਚਲਾ ਗਿਆ।

ਕੁਝ ਚਿਰ ਪਿੱਛੋਂ ਫ਼ਾਟਕ ਫਿਰ ਖੁਲ੍ਹਿਆ, ਤੇ ਟੋਕਰੀਆਂ, ਡੱਬੇ, ਜੱਗ, ਤੇ ਬੋਰੇ ਚੁੱਕੀ ਇਸਤ੍ਰੀਆਂ ਆਪਣੀ ਵਿਸ਼ੇਸ਼ ਸਾਇਬੇਰੀਅਨ ਉਪ-ਭਾਖਾ ਵਿਚ ਰੌਲਾ ਪਾਂਦੀਆਂ ਦਹਿਲੀਜ਼, ਤੋਂ ਬਾਹਰ ਲੰਘੀਆਂ। ਉਨ੍ਹਾਂ ਵਿਚੋਂ ਕਿਸੇ ਦਾ ਪਹਿਰਾਵਾ ਕਿਰਸਾਨੀ ਨਹੀਂ ਸੀ, ਸਭ ਨੇ ਸ਼ਹਿਰੀ ਫੈਸ਼ਨ ਵਿਚ ਜਾਕਟਾਂ ਤੇ ਫਰਦਾਰ ਕੋਟ ਪਹਿਨੇ ਹੋਏ ਸਨ। ਘਗਰੀਆਂ ਉਨ੍ਹਾਂ ਨੇ ਟੰਗ ਕੇ ਉੱਚੀਆਂ ਕੀਤੀਆਂ ਹੋਈਆਂ ਸਨ ਤੇ ਸਿਰ ਸਾਲਾਂ ਨਾਲ ਢੱਕੇ ਹੋਏ ਸਨ। ਉਨ੍ਹਾਂ ਲੈਂਪ ਦੇ ਚਾਨਣ ਵਿਚ ਨਖ਼ਲਿਊਦੋਂਫ਼ ਤੇ ਉਸਦੇ ਮੋਹਰੀ ਨੂੰ ਬੜੀ ਘੋਖ ਨਾਲ ਤੱਕਿਆ ਜਾਂਚਿਆ। ਇਕ ਨੇ ਚੌੜੇ ਮੋਢਿਆਂ ਵਾਲੇ ਮਜ਼ਦੂਰ ਨੂੰ ਵੇਖਕੇ ਸਾਫ਼ ਖੁਸ਼ੀ ਪ੍ਰਗਟ ਕੀਤੀ ਤੇ ਪਿਆਰ ਨਾਲ ਸਾਇਬੇਰੀ ਗਾਲ੍ਹਾਂ ਦਾ ਇਕ ਛਾਂਦਾ ਉਸ ਨੂੰ ਛਕਾਇਆ।

"ਤੂੰ ਭੂਤਨਿਆਂ, ਉੱਥੇ ਕੀ ਕਰਦਾ ਏਂ ? ਤੈਨੂੰ ਸ਼ੈਤਾਨ ਲਵੇ ਉਸ ਨੇ ਉਸਨੂੰ ਸੰਬੋਧਨ ਕਰਕੇ ਆਖਿਆ।

"ਮੈਂ ਇਸ ਮੁਸਾਫ਼ਰ ਨੂੰ ਇਥੇ ਲਿਆਇਆ ਹਾਂ।" ਨੌਜਵਾਨ ਨੇ ਉੱਤਰ ਦਿੱਤਾ। "ਤੇ ਤੂੰ ਇਥੇ ਕੀ ਲਿਆਉਂਦੀ ਰਹੀ ਹੈਂ ?"

"ਦੁੱਧ ਮੱਖਣ, ਤੇ ਸਵੇਰੇ ਹੋਰ ਲਿਆਵਾਂਗੀ।"

"ਤੈਨੂੰ ਇਨ੍ਹਾਂ ਨੇ ਰਾਤ ਨਹੀਂ ਰੱਖਣਾ ਚਾਹਿਆ ?" ਨੌਜਵਾਨ ਨੇ ਪੁੱਛਿਆ।

"ਫਿੱਟੇ ਮੂੰਹ, ਤੇਰਾ ਝੂਠੇ ਦਾ।" ਉਸ ਨੇ ਹੱਸ ਕੇ ਉੱਚੀ ਆਖਿਆ। "ਹੂੰ, ਪਰ ਚਲ ਸਾਡੇ ਨਾਲ ਪਿੰਡ ਤਕ।"

ਮੋਹਰੀ ਨੇ ਉੱਤਰ ਵਿਚ ਕੁਝ ਕਿਹਾ, ਜਿਸ ਉੱਤੇ ਇਸਤ੍ਰੀਆਂ ਹੀ ਨਹੀਂ ਸੰਤਰੀ ਵੀ ਹੱਸਿਆ। ਫਿਰ ਨਖ਼ਲਿਊਦੌਫ਼ ਵੱਲ ਮੁੜਕੇ ਉਹ ਕਹਿਣ ਲੱਗਾ, "ਤੁਸੀਂ ਇਕੱਲੇ ਰਾਹ ਲੱਭ ਲਵੋਗੇ। ਭੁਲ ਤਾਂ ਨਹੀਂ ਜਾਓਗੇ, ਅੱਛਾ।"

"ਹਾਂ ਲੱਭ ਲਵਾਂਗਾ।"

"ਗਿਰਜੇ ਨੂੰ ਲੰਘਕੇ ਚੁਬਾਰੇ ਵਾਲੇ ਘਰ ਤੋਂ ਦੂਜਾ ਥਾਂ ਹੈ। ਤੇ ਇਹ ਲਓ ਮੇਰੀ ਸੋਟੀ।" ਉਸ ਨੇ ਆਖਿਆ ਤੇ ਉਹ ਲਾਠੀ, ਆਪਣੇ ਨਾਲੋਂ ਲੰਮੀ, ਜਿਹੜੀ ਉਸ ਦੇ ਹੱਥ ਵਿਚ ਸ਼ੀ, ਨਖ਼ਲਿਊਦੌਫ਼ ਨੂੰ ਪਕੜਾਈ, ਤੇ ਆਪਣੇ ਵੱਡੇ ਸਾਰੇ ਬੂਟਾਂ ਨਾਲ ਚਿੱਕੜ ਉਛਾਲਦਾ ਉਹ ਇਸਤ੍ਰੀਆਂ ਦੇ ਨਾਲ ਅਨ੍ਹੇਰੇ ਵਿਚ ਲੋਪ ਹੋ ਗਿਆ।

ਉਸ ਦੀ ਆਵਾਜ਼ ਇਸਤਰੀਆਂ ਦੀਆਂ ਆਵਾਜ਼ਾਂ ਵਿਚ ਮਿਲੀ ਹੋਈ, ਹਾਲੀ ਧੁੰਧ ਵਿਚੋਂ ਸੁਣਦੀ ਸੀ। ਜਦੋਂ ਫਾਟਕ ਫੇਰ ਖੜਕਿਆ ਤਾਂ ਸਾਰਜੈਂਟ ਨੇ ਆ ਕੇ ਨਖ਼ਲਿਊਦੌਫ਼ ਨੂੰ ਉਸ ਦੇ ਪਿੱਛੇ ਪਿੱਛੇ ਅਫ਼ਸਰ ਕੋਲ ਜਾਣ ਲਈ ਆਖਿਆ।

-0-

8

ਇਹ ਪੜਾਊ, ਸਾਇਬੇਰੀਆ ਦੇ ਰਾਹ ਉੱਤੇ ਹੋਰ ਸਾਰੇ ਪੜਾਵਾਂ ਵਾਕਰ ਇਕ ਵਿਹੜੇ ਵਿਚ ਘਿਰਿਆ ਹੋਇਆ ਸੀ। ਉਦਾਲੇ ਇਕ ਤਿੱਖੀਆਂ ਨੋਕਾਂ ਵਾਲੇ ਡੰਡਿਆਂ ਦਾ ਜੰਗਲਾ ਸੀ, ਜਿਸ ਵਿਚ ਤਿੰਨ ਇਕ-ਮੰਜ਼ਲੇ ਮਕਾਨ ਸਨ। ਉਨ੍ਹਾਂ ਵਿਚੋਂ ਇਕ, ਸਾਰਿਆਂ ਤੋਂ ਵੱਡਾ, ਸੀਖਾਂ ਵਾਲੀਆਂ ਬਾਰੀਆਂ ਵਾਲਾ, ਕੈਦੀਆਂ ਲਈ ਸੀ। ਦੂਜਾ ਕਾਫ਼ਲੇ ਦੇ ਸਿਪਾਹੀਆਂ ਲਈ, ਤੇ ਤੀਜਾ ਜਿਸ ਵਿਚ ਦਫ਼ਤਰ ਸੀ, ਅਫ਼ਸਰ ਲਈ। ਤਿੰਨਾਂ ਘਰਾਂ ਦੀਆਂ ਬਾਰੀਆਂ ਵਿਚ ਚਾਨਣ ਸੀ, ਤੇ ਅਜੇਹੇ ਸਾਰੇ ਚਾਨਣਾਂ ਵਾਕਰ ਉਨ੍ਹਾਂ ਤੋਂ (ਇਥੇ ਇਕ ਵਿਸ਼ੇਸ਼ ਭੁਲਾਵੇਂ ਢੰਗ ਨਾਲ) ਅੰਦਰ ਨਿੱਘ ਦੀ ਪ੍ਰਤੀਤੀ ਹੁੰਦੀ ਸੀ। ਘਰਾਂ ਦੀਆਂ ਡਿਉਢੀਆਂ ਅੱਗੇ ਲੈਂਪ ਬਲ ਰਹੇ ਸਨ, ਤੇ ਕਧਾਂ ਨਾਲ ਪੰਜ ਹੋਰ ਲੈਂਪ ਵਿਹੜੇ ਵਿਚ ਚਾਨਣ ਕਰਦੇ ਸਨ। ਵਿਹੜੇ ਵਿਚ ਸਾਰ ਪਾਰ ਇਕ ਫਟੇ ਉੱਤੋਂ ਦੀ ਨਖ਼ਲਿਊਦੌਫ਼ ਨੂੰ ਪਿੱਛੇ ਲਈ ਸਾਰਜੈਂਟ ਸਭ ਤੋਂ ਛੋਟੇ ਘਰ ਦੀ ਡਿਉਢੀ ਵਿਚ ਜਾ ਵੜਿਆ। ਇਸ ਡਿਉਢੀ ਦੀਆਂ ਪੌੜੀਆਂ ਦੇ ਤਿੰਨ ਟੱਪੇ ਚੜ ਕੇ, ਉਸ ਨੇ ਨਖ਼ਲਿਊਦੌਫ਼ ਨੂੰ ਅੱਗੇ ਕਰਕੇ ਮੋਹਰਲੇ ਕਮਰੇ ਵਿਚ ਜਾਣ ਦਿੱਤਾ, ਜਿਸ ਵਿਚ ਇਕ ਛੋਟਾ ਲੈਂਪ ਜਗ ਰਿਹਾ ਸੀ, ਤੇ ਇਹ ਬੜਾ ਧੂੰਆਂ ਛੱਡ ਰਿਹਾ ਸੀ। ਸਟੋਵ ਕੋਲ ਇਕ ਸਿਪਾਹੀ, ਮੋਟਾ ਕਮੀਜ਼, ਨੱਕਟਾਈ, ਤੇ ਕਾਲੀ ਪਤਲੂਣ ਪਾਈ, ਉੱਚਾ ਸਮੋਵਰ ਵਿਚ ਕੋਲੇ ਧੁਖਾਂਦਾ ਖੜਾ ਸੀ। ਉਸ ਦੇ ਇਕ ਪੈਰ ਵਿਚ ਉੱਚਾ ਬੂਟ ਸੀ ਤੇ ਦੂਜੇ ਲਾਹੇ ਹੋਏ ਬੂਟ ਨਾਲ ਉਹ ਧੌਖਣੀ ਵਾਕਰ ਫੂਕ ਲਗਾ ਰਿਹਾ ਸੀ। ਜਦੋਂ ਉਸ ਨੇ ਨਖ਼ਲਿਊਦੌਫ਼ ਨੂੰ ਦੇਖਿਆ, ਤਾਂ ਉਸ ਨੇ ਸਮੋਵਰ ਨੂੰ ਛੱਡ ਕੇ ਨਖ਼ਲਿਊਦੌਫ਼ ਦਾ ਚਮੜੇ ਦਾ ਕੋਟ ਉਤਰਵਾਇਆ, ਤੇ ਫਿਰ ਇਕ ਅੰਦਰਲੇ ਕਮਰੇ ਵਿਚ ਚਲਾ ਗਿਆ।

"ਉਹ ਆ ਗਿਆ ਹੈ, ਸਰਕਾਰ।"

"ਅੱਛਾ ਉਸ ਨੂੰ ਅੰਦਰ ਬੁਲਾ ਲਓ।" ਇਕ ਕਰੋਧੀ ਆਵਾਜ਼ ਬੋਲੀ।

"ਅੰਦਰ ਲੰਘ ਜਾਓ।" ਆਖ ਕੇ ਸਿਪਾਹੀ ਫਿਰ ਸਮੋਵਰ ਨਾਲ ਰੁੱਝ ਗਿਆ।

ਨੋਟ : ਸਮੋਵਰ ਰੂਸ ਵਿਚ ਇਕ ਬਰਤਨ ਜਿਹਾ ਹੁੰਦਾ ਜਿਸ ਵਿਚ ਪਾਣੀ ਉਬਾਲ ਕੇ ਹੋਰ ਅੱਗ ਬਾਲੇ ਬਿਨਾ ਗਰਮ ਰੱਖਿਆ ਜਾ ਸਕਦਾ ਹੈ।

ਨਾਲ ਦੇ ਕਮਰੇ ਵਿਚ, ਜਿਸ ਵਿਚ ਛੱਤ ਤੋਂ ਲਟਕਦਾ ਲੈਂਪ ਜਲ ਰਿਹਾ ਸੀ, ਅਫਸਰ, ਭੂਰੀਆਂ ਮੁੱਛਾਂ ਤੇ ਲਾਲ ਚੇਹਰਾ, ਇਕ ਅਸਤਰੀਨ ਜਾਕਟ ਪਾਈ, ਜੋ ਉਸ ਦੀ ਚੌੜੀ ਛਾਤੀ ਤੇ ਮੋਢਿਆਂ ਉੱਤੇ ਕਸੀ ਹੋਈ ਸੀ, ਇਕ ਢੱਕੇ ਹੋਏ ਮੇਜ਼ ਉੱਤੇ ਬੈਠਾ ਸੀ। ਇਸ ਉੱਤੇ ਉਸ ਦੀ ਰਾਤ ਦੀ ਰੋਟੀ, ਬਚੀ ਹੋਈ ਜੂਠ ਤੇ ਦੋ ਬੋਤਲਾਂ ਪਈਆਂ ਸਨ। ਨਿੱਘੇ ਕਮਰੇ ਵਿਚ ਤਮਾਕੂ ਤੇ ਕਿਸੇ ਤਿੱਖੀ ਪਰ ਸਸਤੀ ਸੁਗੰਧੀ ਦੀ ਮੁਸ਼ਕ ਫੈਲੀ ਹੋਈ ਸੀ। ਨਖ਼ਲਿਊਦੌਫ਼ ਨੂੰ ਦੇਖਕੇ ਅਫ਼ਸਰ ਉੱਠਿਆ ਤੇ, ਜਿਵੇਂ ਪ੍ਰਤੀਤ ਹੁੰਦਾ ਸੀ, ਆਉਣ ਵਾਲੇ ਵੱਲ ਵਿਅੰਗ ਨਾਲ ਵੇਖਣ ਲੱਗਾ।

"ਤੁਹਾਡਾ ਕੀ ਕੰਮ ਹੈ ?" ਉਸ ਨੇ ਪੁੱਛਿਆ, ਤੇ ਉੱਤਰ ਦੀ ਉਡੀਕ ਨਾ ਕਰਦੇ ਹੋਏ ਖੁਲ੍ਹੇ ਦਰਵਾਜ਼ੇ ਥਾਣੀ ਆਵਾਜ਼ ਦਿੱਤੀ, "ਬਿਅਰਨੋਫ, ਸਮੋਵਰ ! ਤੂੰ ਕੀ ਕਰ ਰਿਹਾ ?"

"ਆਈਆ ਜੀ, ਇਕ ਦਮ।"

"ਤੈਨੂੰ ਅਜੇਹੀ ਇਕ ਦਮ ਕਰਵਾਵਾਂਗਾ ਕਿ ਯਾਦ ਰਖੇਂਗਾ।" ਅਫ਼ਸਰ ਨੇ ਕੜਕ ਕੇ ਆਖਿਆ ਤੇ ਬਿਜਲੀ ਵਾਕਰ ਅੱਖਾਂ ਲਿਸ਼ਕਾਈਆਂ।

"ਮੈਂ ਆ ਗਿਆ।" ਸਿਪਾਹੀ ਨੇ ਉੱਚੀ ਸਾਰੀ ਆਖਿਆ, ਤੇ ਸਮੋਵਰ ਅੰਦਰ ਲੈ ਆਇਆ। ਜਦੋਂ ਸਿਪਾਹੀ ਸਮੋਵਰ ਨੂੰ ਮੇਜ਼ ਉੱਤੇ ਰੱਖ ਰਿਹਾ ਸੀ ਨਖ਼ਲਿਊਦੋਫ ਖਲੋਤਾ ਰਿਹਾ ਅਫ਼ਸਰ ਦੀਆਂ ਕਠੋਰ ਨਿੱਕੀਆ ਅੱਖਾਂ..... ਕਮਰੇ ਵਿਚੋਂ ਨਿਕਲ ਰਹੇ ਸਿਪਾਹੀ ਦੀ ਪਿੱਠ ਵੱਲ ਤੱਕ ਰਹੀਆਂ ਸਨ ਜਿਵੇਂ ਉਸ ਨੂੰ ਮਾਰਨ ਲਈ ਠੀਕ ਸੇਧ ਬਣਾ ਰਹੀਆਂ ਹੋਣ। ਸਿਪਾਹੀ ਬਾਹਰ ਚਲਾ ਗਿਆ ਤਾਂ ਅਫ਼ਸਰ ਨੇ ਚਾਹ ਬਣਾਈ ਤੇ ਆਪਣੇ ਸਫ਼ਰੀ ਕੇਸ ਵਿਚੋਂ ਇਕ ਚੌਰਸ ਨਿਤਾਰ ਬਰਤਨ ਤੇ ਕੁਝ ਐਲਬਟ ਬਿਸਕੁੱਟ ਕੱਢੇ। ਇਸ ਸਭ ਕੁੱਝ ਨੂੰ ਮੇਜ਼ਪੋਸ਼ ਉੱਤੇ ਰੱਖ ਕੇ ਫਿਰ ਨਖ਼ਲਿਊਦੌਫ਼ ਵੱਲ ਪਰਤਿਆ।

"ਹਾਂ, ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ ?"

"ਮੈਂ ਇਕ ਕੈਦੀ ਨਾਲ ਮੁਲਾਕਾਤ ਦੀ ਆਗਿਆ ਚਾਹੁੰਦਾ ਹਾਂ।" ਨਖ਼ਲਿਊਦੌਫ਼ ਨੇ, ਬੈਠਣ ਤੋਂ ਬਿਨਾਂ ਹੀ ਆਖਿਆ।

"ਰਾਜਸੀ ਕੈਦੀ? ਇਹ ਕਾਨੂੰਨ ਵੱਲੋਂ ਮਨ੍ਹਾ ਹੈ।" ਅਫ਼ਸਰ ਬੋਲਿਆ

"ਜਿਸ ਇਸਤਰੀ ਨੂੰ ਮੈਂ ਮਿਲਣਾ ਹੈ, ਉਹ ਰਾਜਸੀ ਕੈਦੀ ਨਹੀਂ।" ਨਖ਼ਲਿਊਦੌਫ਼ ਨੇ ਕਿਹਾ।

ਨਖ਼ਲਿਊਦੌਫ਼ ਬੈਠ ਗਿਆ।

"ਉਹ ਰਾਜਸੀ ਕੈਦੀ ਨਹੀਂ, ਪਰ ਮੇਰੀ ਬੇਨਤੀ ਉੱਤੇ ਉੱਚ ਅਧਿਕਾਰੀਆਂ ਨੇ ਉਸ ਨੂੰ ਰਾਜਸੀ ਕੈਦੀਆਂ ਵਿਚ ਰਹਿਣ ਦੀ ਆਗਿਆ ਦਿੱਤੀ ਹੋਈ ਹੈ।"

"ਹਾਂ, ਹਾਂ, ਮੈਂ ਜਾਣਦਾ ਹਾਂ।" ਅਫ਼ਸਰ ਨੇ ਗੱਲ ਕਟਕੇ ਆਖਿਆ। "ਛੋਟੀ ਜੇਹੀ, ਸਾਂਵਲੀ ਜੇਹੀ। ਹਾਂ, ਹਾਂ ਇਹ ਹੋ ਸਕਦਾ ਹੈ। ਸਿਗਰਟ ਨਹੀਂ ਲਵੋਗੇ ?"

ਉਸ ਨੇ ਸਿਗਰਟਾਂ ਦਾ ਡੱਬਾ ਨਖ਼ਲਿਊਦੌਫ਼ ਵੱਲ ਕੀਤਾ ਤੇ ਚੌਕਸੀ ਨਾਲ ਦੋ ਗਲਾਸਾਂ ਵਿਚ ਚਾਹ ਪਾ ਕੇ ਇਕ ਨਖ਼ਲਿਊਦੌਫ਼ ਵੱਲ ਕੀਤਾ ਤੇ ਆਖਿਆ : 'ਜੇ ਆਗਿਆ ਹੋਵੇ।"

"ਧੰਨਵਾਦ। ਮੈਂ ਚਾਹੁੰਦਾ ਹਾਂ........।"

"ਰਾਤ ਲੰਮੀ ਹੈ। ਤੁਹਾਡੇ ਕੋਲ ਬਹੁਤ ਸਮਾਂ ਹੈ, ਮੈਂ ਉਸ ਨੂੰ ਤੁਹਾਡੇ ਕੋਲ ਭਿਜਵਾ ਦਿਆਂਗਾ।"

"ਪਰ ਮੈਂ ਉਸ ਨੂੰ ਜਿਥੇ ਉਹ ਹੈ, ਨਹੀਂ ਮਿਲ ਸਕਦਾ? ਉਸ ਨੂੰ ਦੱਸਣ ਦੀ ਕੀ ਲੋੜ ਹੈ ?" ਨਖ਼ਲਿਊਦੌਫ਼ ਨੇ ਆਖਿਆ।

"ਅੰਦਰ ਰਾਜਸੀ ਕੈਦੀਆਂ ਕੋਲ? ਇਹ ਕਾਨੂੰਨ ਦੇ ਵਿਰੁੱਧ ਹੈ।"

ਮੈਨੂੰ ਕਈ ਵਾਰੀ ਉਨ੍ਹਾਂ ਕੋਲ ਚਲਾ ਜਾਣ ਦਿੱਤਾ ਗਿਆ ਹੈ। ਜੇ ਮੇਰੇ ਉਨ੍ਹਾਂ ਤੱਕ ਕੁਝ ਪੁਚਾ ਦੇਣ ਦਾ ਖ਼ਤਰਾ ਹੋਵੇ, ਉਹ ਮੈਂ ਉਸ ਦੇ ਰਾਹੀਂ ਵੀ ਪਹੁੰਚਾ ਸਕਦਾ ਹਾਂ।"

"ਨਹੀਂ, ਉਸ ਦੀ ਤਲਾਸ਼ੀ ਲਈ ਜਾਵੇਗੀ।" ਕਹਿ ਕੇ ਅਫਸਰ ਬੜੇ ਕਠੋਰ ਜੇਹੇ ਢੰਗ ਨਾਲ ਹੱਸਿਆ।

"ਅੱਛਾ, ਫਿਰ ਮੇਰੀ ਤਲਾਸ਼ੀ ਲੈ ਲਵੋ।"

"ਅੱਛਾ, ਠੀਕ ਹੈ, ਅਸੀਂ ਸਾਰ ਲਵਾਂਗੇ ਇਸ ਤੋਂ ਬਿਨਾਂ ਹੀ।" ਅਫ਼ਸਰ ਨੇ ਆਖਿਆ ਤੇ ਸੁਰਾਹੀ ਖੋਲ੍ਹ ਕੇ ਨਖ਼ਲਿਊਦੌਫ਼ ਦੇ ਚਾਹ ਦੇ ਗਲਾਸ ਵਲ ਵਧਾਈ। "ਤੁਹਾਨੂੰ ਥੋੜੀ ਜਿਹੀ ਪਾ ਦੇਵਾ? ਨਹੀਂ ? ਅੱਛਾ, ਜਿਵੇਂ ਤੁਹਾਡੀ ਇੱਛਾ। ਇਥੇ ਸਾਇਬੇਰੀਆ ਵਿਚ ਰਹਿ ਕੇ, ਆਦਮੀ ਨੂੰ ਕਿਸੇ ਪੜੇ-ਲਿਖੇ ਨਾਲ ਮਿਲਕੇ ਬੜੀ ਖੁਸ਼ੀ ਹੁੰਦੀ ਹੈ। ਸਾਡਾ ਕੰਮ ਬੜਾ ਖੁਸ਼ਕ ਹੈ, ਤੁਸੀਂ ਜਾਣਦੇ ਹੋ, ਤੇ ਜਦੋਂ ਬੰਦੇ ਨੇ ਚੰਗੇਰੀਆਂ ਚੀਜ਼ਾਂ ਦੇਖੀਆਂ ਹੋਣ ਤਾਂ

ਇਹ ਬਹੁਤ ਔਖਾ ਹੈ। ਸਾਡੇ ਬਾਰੇ ਲੋਕਾਂ ਦਾ ਖ਼ਿਆਲ ਹੈ ਕਿ ਕਾਫ਼ਲੇ ਦੇ ਅਫ਼ਸਰ ਰੁੱਖੇ, ਅਨਪੜ੍ਹ ਆਦਮੀ ਹੁੰਦੇ ਹਨ, ਕੋਈ ਨਹੀਂ ਸੋਚਦਾ ਜਾਪਦਾ ਕਿ ਅਸੀਂ ਕਿਸੇ ਬਿਲਕੁਲ ਵੱਖਰੀ ਸਥਿਤੀ ਲਈ ਜੰਮੇ ਹੋ ਸਕਦੇ ਹਾਂ।"

ਅਫ਼ਸਰ ਦਾ ਲਾਲ ਚੇਹਰਾ, ਉਸ ਦੀ ਸੁਗੰਧੀ, ਉਸ ਦੀਆਂ ਛਾਪਾਂ, ਤੇ ਖਾਸ ਕਰਕੇ ਉਸ ਦਾ ਕਠੋਰ ਹਾਸਾ ਨਖ਼ਲਿਊਦੌਫ਼ ਨੂੰ ਬਹੁਤ ਬੁਰਾ ਲੱਗਾ। ਪਰ ਅੱਜ ਇਸ ਸਫ਼ਰ ਦੇ ਦੌਰਾਨ ਸਦਾ ਵਾਕਰ, ਉਹ ਉਸ ਗੰਭੀਰ ਤੇ ਚੌਕਸ ਦਸ਼ਾ ਵਿਚ ਸੀ ਜੋ ਉਸ ਨੂੰ ਕਿਸੇ ਵਿਅਕਤੀ ਵੱਲ ਹੱਤਕ ਤੇ ਨਫ਼ਰਤ ਦਾ ਵਰਤਾਰਾ ਨਹੀਂ ਕਰਨ ਦੇਂਦੀ ਸੀ, ਉਹ ਹਰ ਇਕ ਨਾਲ ਸਾਰਾ ਹੀ ਖੁਲ ਕੇ, ਜਿਵੇਂ ਉਹ ਹੋਰਨਾਂ ਵੱਲ ਇਸ ਵਰਤਾਰੇ ਬਾਰੇ ਆਪਣੇ ਆਪ ਨੂੰ ਆਖਦਾ ਸੀ, ਬੋਲਣ ਦੀ ਲੋੜ ਮਹਿਸੂਸ ਕਰ ਰਿਹਾ ਸੀ। ਜਦੋਂ ਉਸ ਨੇ ਅਫ਼ਸਰ ਦੀ ਗੱਲ ਸੁਣ ਲਈ ਤੇ ਉਸ ਦੇ ਮਨ ਦੀ ਦਸ਼ਾ ਸਮਝ ਲਈ, ਤਾਂ ਗੰਭੀਰ ਹੋ ਕੇ ਆਖਿਆ, "ਮੇਰਾ ਵਿਚਾਰ ਹੈ ਤੁਹਾਡੀ ਸਥਿਤੀ ਵਿਚ ਵੀ ਦੁਖੀ ਲੋਕਾਂ ਦੀ ਸਹਾਇਤਾ ਕਰਨ ਵਿਚੋਂ ਕੁਝ ਸੁਖ ਹੋ ਸਕਦਾ ਹੈ।"

"ਉਨ੍ਹਾਂ ਦੇ ਦੁੱਖ ਕੀ ਹਨ ? ਤੁਸੀਂ ਨਹੀਂ ਜਾਣਦੇ ਇਹ ਲੋਕ ਕਿਹੋ ਜਿਹੇ ਹਨ।"

"ਇਹ ਹੋਰ ਲੋਕਾਂ ਜੇਹੇ ਹੀ ਲੋਕ ਹਨ, ਤੇ ਇਨ੍ਹਾਂ ਵਿਚੋਂ ਕੁਝ ਮੂਲੋਂ ਨਿਰਦੋਸ਼ ਹਨ।"

"ਬੇਸ਼ਕ, ਇਨ੍ਹਾਂ ਵਿਚ ਹਰ ਕਿਸਮ ਦੇ ਲੋਕ ਹਨ, ਤੇ ਸੁਭਾਵਕ ਹੀ ਆਦਮੀ ਨੂੰ ਇਨ੍ਹਾਂ ਉੱਤੇ ਤਰਸ ਆਉਂਦਾ ਹੈ। ਸਾਡੇ ਵਿਚੋਂ ਕੁਝ ਜ਼ਰਾ ਵੀ ਨਰਮੀ ਨਹੀਂ ਵਰਤਦੇ, ਪਰ ਮੈਂ ਇਨ੍ਹਾਂ ਦੀ ਹਾਲਤ ਨੂੰ ਸੌਖਾ ਕਰਨ ਦੀ ਬਹੁਤ ਕੋਸ਼ਿਸ਼ ਕਰਦਾ ਹਾਂ। ਉਨ੍ਹਾਂ ਨੂੰ ਦੁੱਖ ਦੇਣ ਦੀ ਥਾਂ ਮੈਂ ਆਪ ਦੁੱਖ ਸਹਿਣਾ ਚੰਗਾ ਸਮਝਦਾ ਹਾਂ। ਦੂਜੇ ਨਿੱਕੀ ਨਿੱਕੀ ਗੱਲ ਵਿਚ ਕਾਨੂੰਨ ਵਰਤਦੇ ਹਨ, ਗੋਲੀ ਮਾਰ ਦੇਣ ਤੱਕ, ਪਰ ਮੈਂ ਤਰਸ ਕਰਦਾ ਹਾਂ......ਆਗਿਆ ਹੋਵੇ ਇਕ ਹੋਰ ਲਵੋ।" ਉਸ ਨੇ ਆਖਿਆ ਤੇ ਨਖ਼ਲਿਊਦੌਫ਼ ਲਈ ਚਾਹ ਦਾ ਇਕ ਹੋਰ ਗਲਾਸ ਭਰ ਦਿੱਤਾ। 'ਤੇ ਉਹ ਕੌਣ ਹੈ, ਇਹ ਇਸਤਰੀ, ਜਿਸ ਨੂੰ ਤੁਸੀਂ ਮਿਲਣਾ ਚਾਹੁੰਦੇ ਹੋ ?" ਉਸ ਨੇ ਪੁੱਛਿਆ।

"ਉਹ ਇਕ ਅਭਾਗੀ ਇਸਤਰੀ ਹੈ ਜੋ ਇਕ ਕੋਠੀ ਵਿਚ ਫੱਸ ਗਈ ਤੇ ਉੱਥੇ ਕਿਸੇ ਨੂੰ ਜ਼ਹਿਰ ਦੇਣ ਦਾ ਝੂਠਾ ਇਲਜ਼ਾਮ ਉਸ ਤੇ ਲੱਗ ਪਿਆ। ਪਰ ਉਹ ਬਹੁਤ ਸੁਸ਼ੀਲ ਇਸਤਰੀ ਹੈ।" ਨਖ਼ਲਿਊਦੌਫ਼ ਨੇ ਉੱਤਰ ਦਿੱਤਾ।

ਅਫ਼ਸਰ ਨੇ ਸਿਰ ਹਿਲਾਇਆ।

"ਹਾਂ, ਇਹ ਹੋ ਜਾਂਦਾ ਹੈ। ਮੈਂ ਤੁਹਾਨੂੰ ਇਕ ਇਸਤਰੀ, ਐਮਾ, ਬਾਰੇ ਦੱਸਦਾ ਹਾਂ ਜੋ ਕਾਜ਼ਾਨ ਵਿਚ ਰਹਿੰਦੀ ਹੁੰਦੀ ਸੀ। ਜਨਮ ਉਸ ਦਾ ਹੰਗਰੀ ਦਾ ਸੀ, ਪਰ ਉਸ ਦੀਆਂ ਅੱਖਾਂ ਬਿਲਕੁਲ ਈਰਾਨੀ ਸਨ।" ਉਹ ਕਹਿੰਦਾ ਗਿਆ ਤੇ ਇਸ ਯਾਦ ਉੱਤੇ ਉਸ ਦੀ ਮੁਸਕਾਣ ਰੁੱਕ ਨਾ ਸਕੀ। "ਉਹ ਇਤਨੀ ਨਫ਼ੀਸ ਸੀ ਕਿ ਉਹ ਇਕ ਬੇਗਮ ਹੋ ਸਕਦੀ……"

ਨਖ਼ਲਿਊਦੌਫ਼ ਨੇ ਉਸ ਦੀ ਗੱਲ ਕੱਟ ਦਿੱਤੀ ਤੇ ਆਪਣੀ ਗੱਲ ਵੱਲ ਪਰਤ ਕੇ ਆਖਿਆ, "ਮੇਰਾ ਖ਼ਿਆਲ ਹੈ ਤੁਸੀਂ ਆਪਣੀ ਸਪੁਰਦਗੀ ਵਿਚ ਇਨ੍ਹਾਂ ਲੋਕਾਂ ਦੀ ਹਾਲਤ ਸੌਖੀ ਕਰ ਸਕਦੇ ਹੋ। ਤੇ ਮੈਨੂੰ ਨਿਸ਼ਚਾ ਹੈ ਇਸ ਤਰ੍ਹਾਂ ਕਰਨ ਨਾਲ ਤੁਹਾਨੂੰ ਬਹੁਤ ਆਨੰਦ ਅਨੁਭਵ ਹੋਵੇਗਾ।" ਨਖ਼ਲਿਊਦੌਫ਼ ਨੇ ਜਿਤਨਾ ਸੰਭਵ ਹੋ ਸਕੇ ਆਪਣੇ ਸ਼ਬਦਾਂ ਨੂੰ ਸਪੱਸ਼ਟ ਉਚਾਰ ਕੇ ਆਖਿਆ, ਜਿਵੇਂ ਉਹ ਕਿਸੇ ਪਰਦੇਸੀ ਜਾਂ ਬੱਚੇ ਨਾਲ ਗੱਲ ਕਰ ਰਿਹਾ ਹੋਵੇ।

ਅਫ਼ਸਰ ਨੇ ਚਮਕਦੀਆਂ ਅੱਖਾਂ ਨਾਲ ਨਖ਼ਲਿਊਦੌਫ਼ ਵੱਲ ਤੱਕਿਆ। ਉਹ ਬੇਸਬਰੀ ਨਾਲ ਉਡੀਕ ਰਿਹਾ ਸੀ ਕਿ ਕਦੋਂ ਨਖ਼ਲਿਊਦੌਫ਼ ਆਪਣੀ ਗੱਲ ਖ਼ਤਮ ਕਰੇ ਤੇ ਉਹ ਆਪਣੀ ਉਸ ਈਰਾਨੀ ਅੱਖਾਂ ਵਾਲੀ ਹੰਗਰੀ ਇਸਤਰੀ ਦੀ ਕਹਾਣੀ ਫਿਰ ਸ਼ੁਰੂ ਕਰੇ। ਸਪੱਸ਼ਟ ਸੀ ਕਿ ਉਹ ਇਸਤਰੀ ਹੁਣ ਉਸ ਦੀ ਕਲਪਨਾ ਅੱਗੇ ਬਹੁਤ ਜਿਉਂਦੇ ਜਾਗਦੇ ਰੂਪ ਵਿਚ ਆਈ ਹੋਈ ਸੀ ਤੇ ਉਸ ਦੇ ਸਾਰੇ ਗਿਆਨ ਨੂੰ ਖਿੱਚ ਰਹੀ ਸੀ।

"ਹਾਂ, ਬੇਸ਼ਕ, ਇਹ ਸਭ ਸੱਚ ਹੈ।" ਉਹ ਬੋਲਿਆ, "ਤੇ ਮੈਨੂੰ ਇਨ੍ਹਾਂ ਉੱਤੇ ਤਰਸ ਆਉਂਦਾ ਹੈ, ਪਰ ਮੈਂ ਤੁਹਾਨੂੰ ਇਸ ਐਮਾਂ ਬਾਰੇ ਦੱਸਣਾ ਚਾਹੁੰਦਾ ਹਾਂ। ਸੋਚ ਸਕਦੇ ਹੋ ਉਸ ਨੇ ਕੀ ਕੀਤਾ…….।"

"ਮੈਨੂੰ ਇਸ ਵਿਚ ਕੋਈ ਦਿਲਚਸਪੀ ਨਹੀਂ।" ਨਖ਼ਲਿਊਦੌਫ਼ ਬੋਲਿਆ, ਤੇ ਮੈਂ ਤੁਹਾਨੂੰ ਸਾਫ਼ ਦੱਸ ਦੇਵਾਂ ਕਿ ਭਾਵੇਂ ਮੈਂ ਆਪ ਇਕ ਸਮੇਂ ਹੁਣ ਨਾਲੋਂ ਬਹੁਤ ਵੱਖਰਾ ਸਾਂ, ਹੁਣ ਇਸਤਰੀਆਂ ਵੱਲ ਇਸ ਕਿਸਮ ਦੇ ਸਬੰਧ ਤੋਂ ਮੈਨੂੰ ਨਫ਼ਰਤ ਹੈ।"

ਅਫ਼ਸਰ ਨੇ ਨਖ਼ਲਿਊਦੋਂਫ਼ ਵੱਲ ਡਰੀ ਜੇਹੀ ਝਾਕੀ ਨਾਲ ਵੇਖਿਆ।

"ਤੁਸੀਂ ਹੋਰ ਚਾਹ ਨਹੀਂ ਲਓਗੇ ?" ਉਹ ਕਹਿਣ ਲੱਗਾ।

"ਨਹੀਂ, ਧੰਨਵਾਦ।"

"ਬਿਅਰਨੋਫ਼ !" ਅਫ਼ਸਰ ਨੇ ਅਵਾਜ਼ ਮਾਰੀ, "ਇਨ੍ਹਾਂ ਨੂੰ ਵਾਕੂਲੋਫ ਕੋਲ ਲੈ ਜਾਓ। ਉਸ ਨੂੰ ਕਹਿਣਾ, ਇਨ੍ਹਾਂ ਨੂੰ ਵੱਖਰੇ ਰਾਜਸੀ ਕਮਰੇ ਵਿਚ ਲੈ ਜਾਵੇ ਤੇ ਇਹ ਉੱਥੇ ਨਿਰੀਖਣ ਦੇ ਸਮੇਂ ਤੱਕ ਰਹਿਣ।"

-0-

9

ਅਰਦਲੀ ਦੇ ਨਾਲ ਨਾਲ ਨਖ਼ਲਿਊਦੌਫ਼ ਬਾਹਰ ਵਿਹੜੇ ਵਿਚ ਆ ਗਿਆ ਜਿਥੇ ਲੈਂਪ ਦੀ ਲਾਲ ਬੱਤੀ ਦਾ ਮੱਧਮ ਜਿਹਾ ਚਾਨਣ ਸੀ।

"ਕਿਧਰ ਨੂੰ ?" ਇਕ ਸਿਪਾਹੀ ਨੇ ਅਰਦਲੀ ਨੂੰ ਸੰਬੋਧਨ ਕਰਦੇ ਪੁੱਛਿਆ।

"ਵੱਖਰੇ ਕਮਰੇ ਨੰਬਰ 5 ਵਿਚ।"

"ਤੁਸੀਂ ਇਧਰੋਂ ਨਹੀਂ ਲੰਘ ਸਕੋਗੇ, ਜੰਦਰਾ ਲੱਗਾ ਹੋਇਆ ਹੈ। ਤੁਹਾਨੂੰ ਦੂਜੇ ਪਾਸੇ ਤੋਂ ਉੱਪਰ ਦੀ ਆਉਣਾ ਪਵੇਗਾ।"

"ਇਹ ਕਿਉਂ ?"

"ਅਫ਼ਸਰ ਪਿੰਡ ਨੂੰ ਗਿਆ ਹੋਇਆ ਹੈ ਤੇ ਚਾਬੀ ਆਪਣੇ ਨਾਲ ਲੈ ਗਿਆ ਹੈ।"

"ਚੰਗਾ ਫਿਰ ਇਧਰ ਦੀ ਆਓ।"

ਸਿਪਾਹੀ ਨਖ਼ਲਿਊਦੌਫ਼ ਨੂੰ ਕੁੱਝ ਫੱਟਿਆਂ ਉੱਤੋਂ ਦੀ ਇਕ ਹੋਰ ਦਰਵਾਜ਼ੇ ਤਕ ਲੈ ਗਿਆ। ਹਾਲੇ ਉਹ ਵਿਹੜੇ ਵਿਚ ਹੀ ਸਨ ਕਿ ਨਖ਼ਲਿਊਦੌਫ਼ ਨੂੰ ਅੰਦਰ ਕੁਝ ਆਵਾਜ਼ਾਂ ਤੇ ਸਮੂਹਕ ਹਿਲਜੁਲ ਦਾ ਰੋਲਾ ਸੁਣਿਆ, ਜਿਵੇਂ ਸ਼ਹਿਦ ਦੇ ਛੱਤੇ ਉਦਾਲੇ ਜਦੋਂ ਮੱਖੀਆਂ ਉੱਡਣ ਲਗਦੀਆਂ ਹਨ। ਪਰ ਜਦੋਂ ਉਹ ਨੇੜੇ ਆਇਆ ਤੇ ਦਰਵਾਜ਼ਾ ਖੁਲ੍ਹਿਆ, ਤਾਂ ਰੌਲਾ ਹੋਰ ਉੱਚਾ ਹੋ ਗਿਆ ਤੇ ਲਲਕਾਰਾਂ, ਗਾਲ੍ਹਾਂ ਤੇ ਹਾਸੇ ਦੀਆਂ ਆਵਾਜ਼ਾਂ ਸਪੱਸ਼ਟ ਹੋ ਗਈਆ। ਉਸ ਨੇ ਜ਼ੰਜੀਰਾਂ ਦੀ ਛਣਕਾਰ ਸੁਣੀ ਤੇ ਉਸ ਗੰਦੀ ਹਵਾ ਦੀ, ਜੋ ਸਭ ਜਾਣਦੇ ਹਨ, ਦੁਰਗੰਧ ਵੀ ਉਸ ਦੇ ਨੱਕ ਵਿਚ ਪਈ।

ਸਦਾ ਵਾਕਰ ਇਹ ਆਵਾਜ਼ਾਂ ਦਾ ਰੌਲਾ, ਜ਼ੰਜੀਰਾਂ ਦੀ ਛਣਕਾਰ ਤੇ ਬੰਦ ਥਾਂ ਦੀ ਦੁਰਗੰਧ ਨੇ ਮਿਲ ਕੇ ਇਕ ਦੁਖਾਵਾਂ ਪ੍ਰਭਾਵ ਉਤਪੰਨ ਕੀਤਾ ਹੋਇਆ ਸੀ, ਤੇ ਨਖ਼ਲਿਊਦੌਫ਼ ਨੂੰ ਇਕ ਅਖ਼ਲਾਕੀ ਕਚਿਆਣ ਆਈ ਜੋ ਸਰੀਰਕ ਕਚਿਆਣ ਵਿਚ ਬਦਲ ਗਈ, ਜੋ ਦੋਵੇਂ ਮਿਲ ਕੇ ਇਕ ਦੂਜੇ ਨੂੰ ਵਧਾ ਰਹੀਆਂ ਸਨ।

ਅੰਦਰ ਜਾ ਕੇ ਪਹਿਲੀ ਚੀਜ਼ ਜੋ ਨਖ਼ਲਿਊਦੌਫ਼ ਦੀ ਨਜ਼ਰ ਪਈ, ਇਹ ਸੜਿਹਾਂਦ ਮਾਰਦਾ ਵੱਡਾ ਟੱਬ ਸੀ, ਜਿਸ ਦੇ ਕੰਢੇ ਉੱਤੇ ਇਕ ਇਸਤਰੀ ਬੈਠੀ ਸੀ। ਉਸ ਦੇ ਸਾਹਮਣੇ ਇਕ ਆਦਮੀ ਆਪਣੇ ਮੰਨੇ ਹੋਏ ਸਿਰ ਉੱਤੇ ਇਕ ਪਾਸੇ ਰੋਟੀ ਦੀ ਸ਼ਕਲ ਵਾਲੀ ਟੋਪੀ ਰੱਖੀ ਖੜਾ ਸੀ। ਉਹ ਕੋਈ ਗੱਲ ਕਰ ਰਹੇ ਸਨ। ਨਖ਼ਲਿਊਦੌਫ਼ ਨੂੰ ਦੇਖਕੇ ਉਸ ਪੁਰਸ਼ ਨੇ ਅੱਖ ਦੱਬੀ ਤੇ ਆਖਿਆ, "ਜ਼ਾਰ ਵੀ ਪਾਣੀ ਨੂੰ ਰੋਕ ਨਹੀਂ ਸਕਦਾ।"

ਪਰ ਇਸਤਰੀ ਨੇ ਆਪਣੇ ਕੰਟ ਦੀ ਘੱਗਰੀ ਹੇਠਾਂ ਖਿਚ ਲਈ ਤੇ ਸੰਗ ਜੇਹੀ ਪ੍ਰਗਟ ਕੀਤੀ।

ਲਾਂਘੇ ਵੱਲੋਂ ਇਕ ਵਰਾਂਡਾ ਆ ਰਿਹਾ ਸੀ ਜਿਸ ਵਿਚ ਕਈ ਦਰਵਾਜ਼ੇ ਖੁਲ੍ਹਦੇ ਸਨ। ਪਹਿਲਾਂ ਪਰਿਵਾਰਾਂ ਵਾਲਾ ਕਮਰਾ ਸੀ, ਦੂਜਾ ਛੜਿਆਂ ਦਾ ਕਮਰਾ, ਤੇ ਠੀਕ ਸਿਰੇ ਉੱਤੇ ਦੋ ਕਮਰੇ ਸਨ ਜੋ ਰਾਜਸੀ ਕੈਦੀਆਂ ਲਈ ਵੱਖਰੇ ਕੀਤੇ ਹੋਏ ਸਨ।

ਮਕਾਨ, ਜਿਸ ਵਿਚ ਡੇਢ ਸੌ ਕੈਦੀਆਂ ਦੇ ਰਹਿਣ ਦਾ ਪ੍ਰਬੰਧ ਕੀਤਾ ਗਿਆ ਸੀ, ਹੁਣ ਜਦੋਂ ਇਸ ਵਿਚ ਸਾਢੇ ਚਾਰ ਸੌ ਸਨ, ਖਚਾ-ਖਚ ਭਰਿਆ ਹੋਇਆ ਸੀ। ਸਾਰੇ ਕੈਦੀ ਇਨ੍ਹਾਂ ਕਮਰਿਆਂ ਵਿਚ ਨਹੀਂ ਸਮਾਂਦੇ ਸਨ, ਤੇ ਬਰਾਂਡਾ ਵੀ ਭਰੀ ਬੈਠੇ ਸਨ। ਕੁੱਝ ਫ਼ਰਸ਼ ਉੱਡੇ ਬੈਠੇ ਜਾਪਦੇ ਸਨ, ਕੁਝ ਖਾਲੀ ਚਾਹਦਾਨੀਆਂ ਲੈ ਕੇ ਬਾਹਰ ਜਾ ਰਹੇ ਸਨ। ਇਨ੍ਹਾਂ ਪਿਛਲਿਆਂ ਵਿਚ ਤਰਾਸ ਵੀ ਸੀ। ਉਸ ਨੇ ਨਖ਼ਲਿਊਦੌਫ਼ ਕੋਲ ਆ ਕੇ ਬੜੇ ਪਿਆਰ ਨਾਲ ਨਮਸ਼ਕਾਰ ਕੀਤੀ। ਤਰਾਸ ਦਾ ਦਇਆਮਈ ਚੇਹਰਾ ਨੱਕ ਉੱਤੇ ਤੇ ਇਕ ਅੱਖ ਹੇਠਾਂ ਬੁਰੀ ਤਰ੍ਹਾਂ ਵਿਲੂੰਧਰਿਆ ਹੋਇਆ ਸੀ।

"ਕੀ ਹੋਇਆ ਤੈਨੂੰ ?" ਨਖ਼ਲਿਊਦੌਫ਼ ਨੇ ਪੁੱਛਿਆ।

"ਕੁਝ ਹੋਇਆ ਹੀ ਹੈ।" ਤਰਾਸ ਨੇ ਮੁਸਕਰਾ ਕੇ ਆਖਿਆ।

"ਹਾਂ, ਇਹ ਹਮੇਸ਼ਾ ਲੜਦੇ ਰਹਿੰਦੇ ਹਨ।" ਕਾਫ਼ਲੇ ਦਾ ਸਿਪਾਹੀ ਕਹਿਣ ਲੱਗਾ।

"ਤੇ ਸਾਰਾ ਉਸ ਇਸਤਰੀ ਦਾ ਝਗੜਾ ਹੈ।" ਇਕ ਕੈਦੀ ਬੋਲਿਆ ਜੋ ਤਰਾਸ ਦੇ ਪਿੱਛੇ ਆਇਆ ਸੀ। "ਇਸ ਨੇ ਅੰਨੇਫ਼ੇਦਲਾ ਨਾਲ ਲੜਾਈ ਕੀਤੀ ਹੈ।"

'ਤੇ ਥਿਉਦੇਸੀਆਂ ਦਾ ਕੀ ਹਾਲ ਹੈ ?"

"ਉਹ ਠੀਕ ਹੈ। ਮੈਂ ਉਸ ਦੀ ਚਾਹ ਲਈ ਹੁਣ ਪਾਣੀ ਲਿਆ ਰਿਹਾ ਹਾਂ," ਤਰਾਸ ਨੇ ਉੱਤਰ ਦਿੱਤਾ, ਤੇ ਉਹ ਪਰਵਾਰਾਂ ਵਾਲੇ ਕਮਰੇ ਵਿਚ ਚਲਿਆ ਗਿਆ।

ਨਖ਼ਲਿਊਦੌਫ਼ ਨੇ ਦਰਵਾਜ਼ੇ ਵਿਚੋਂ ਅੰਦਰ ਝਾਤ ਮਾਰੀ ਕਮਰਾ, ਇਸਤਰੀਆਂ ਪੁਰਸ਼ਾਂ ਨਾਲ ਭਰਿਆ ਹੋਇਆ ਸੀ, ਕੁਝ ਸੌਣ ਵਾਲੇ ਤਖਤਿਆਂ ਦੇ ਉੱਪਰ ਤੇ ਕੁੱਝ ਹੇਠਾਂ। ਇਹ ਸੁਕਣੇ ਪਾਏ ਕੱਪੜਿਆਂ ਵਿਚੋਂ ਉੱਡਦੀ ਭਾਪ ਨਾਲ ਭਰਿਆ ਪਿਆ ਸੀ ਤੇ ਇਸਤਰੀਆਂ ਦੇ ਬੋਲਾਂ ਦਾ ਰੌਲਾ ਖਤਮ ਨਹੀਂ ਹੁੰਦਾ ਸੀ। ਅਗਲਾ ਦਰਵਾਜ਼ਾ ਛੜਿਆਂ ਦੇ ਕਮਰੇ ਦਾ ਸੀ। ਇਹ ਹੋਰ ਵੀ ਖਚਾ-ਖਚ ਸੀ, ਇਸ ਦੇ ਸਾਹਮਣੇ ਦਾ ਦਰਵਾਜ਼ਾ ਤੇ ਵਰਾਂਡੇ ਗਿੱਲੇ ਕੱਪੜੇ ਪਹਿਨੇ ਪੁਰਸ਼ਾਂ ਦੀ ਇਕ ਰੌਲੇ ਗੋਲੇ ਵਾਲੀ ਭੀੜ ਦਾ ਰੋਕਿਆ ਹੋਇਆ ਸੀ, ਜੋ ਇਕ ਦੂਜੇ ਕੰਮ ਵਿਚ ਰੁਝੇ ਹੋਏ ਸਨ। ਕਾਫ਼ਲੇ ਦੇ ਸਿਪਾਹੀ ਨੇ ਦੱਸਿਆ ਕਿ ਰਸਦ-ਪਾਣੀ ਖ਼ਰੀਦਣ ਵਾਲੇ ਕੈਦੀ ਨੇ ਖ਼ਾਸ ਖ਼ਰਚ ਦੇ ਧਨ ਵਿਚੋਂ ਇਕ ਠੱਗ ਦਾ ਕਰਜ਼ਾ ਚੁੱਕਾ ਰਿਹਾ ਸੀ। (ਜਿਸ ਨੇ ਕੈਦੀਆਂ ਤੋਂ ਪੈਸੇ ਜਿੱਤੇ ਜਾਂ ਉਨ੍ਹਾਂ ਨੂੰ ਉਧਾਰ ਦਿੱਤੇ ਸਨ) ਤੇ ਉਸ ਪਾਸੋਂ ਤਾਸ਼ ਦੇ ਪੱਤਿਆਂ ਦੇ ਬਣਾਏ ਹੋਏ ਛੋਟੇ ਛੋਟੇ ਟਿਕਟ ਲੈ ਰਿਹਾ ਸੀ। ਜਦੋਂ ਉਨ੍ਹਾਂ ਨੇ ਕਾਫ਼ਲੇ ਦੇ ਸਿਪਾਹੀ ਤੇ ਇਕ ਹੋਰ ਭੱਦਰਪੁਰਸ਼ ਨੂੰ ਵੇਖਿਆ ਤਾਂ ਜਿਹੜੇ ਸਭ ਤੋਂ ਨੇੜੇ ਸਨ, ਚੁੱਪ ਹੋ ਗਏ ਤੇ ਜੋ ਆਪਣੇ ਪਾਸ ਹਰ ਵੇਲੇ ਇਕ ਵਿਚਾਰੇ ਜੇਹੇ ਮੁੰਡੇ ਨੂੰ ਰੱਖਦਾ ਸੀ ਜਿਸ ਦਾ ਮੂੰਹ ਸੁੱਜਿਆ ਹੋਇਆ ਤੇ ਭਰਵੱਟੇ ਚੜ੍ਹੇ ਰਹਿੰਦੇ ਸਨ, ਤੇ ਇਕ ਹੋਰ ਘਿਣਾਉਣਾ, ਨੱਕਟਾ, ਤੇ ਚੀਚਕ ਦੇ ਦਾਗਾਂ ਵਾਲਾ ਬਦਮਾਸ਼ ਜੋ ਕੈਦੀਆਂ ਵਿਚ ਇਸ ਗੱਲੋਂ ਉੱਘਾ ਸੀ ਕਿ ਉਸ ਨੇ ਇਕ ਸਾਥੀ ਨੂੰ, ਜਦੋਂ ਉਹ ਚਿੱਕੜਾਂ ਵਿਚ ਦੀ ਨੱਸ ਰਹੇ ਸਨ, ਮਾਰ ਦਿਤਾ ਸੀ, ਤੇ ਕਹਿੰਦੇ ਸਨ, ਖਾ ਲਿਆ ਸੀ। ਇਹ ਬਦਮਾਸ਼ ਲਾਂਘੇ ਵਿਚ, ਆਪਣਾ ਗਿੱਲਾ ਚੋਗਾ ਮੋਢੇ ਉੱਤੇ ਸੁਟੀ ਖੜਾ, ਨਖ਼ਲਿਊਦੌਫ਼ ਵੱਲ ਵਿਅੰਗ ਤੇ ਗੁਸਤਾਖ਼ੀ ਨਾਲ ਵੇਖ ਰਿਹਾ ਸੀ, ਤੇ ਰਾਹ ਵਿਚੋਂ ਹਟਿਆ ਨਹੀਂ ਸੀ, ਨਖ਼ਲਿਊਦੌਫ਼ ਉਸ ਦੇ ਕੋਲ ਦੀ ਲੰਘ ਗਿਆ।

ਭਾਵੇਂ ਅਜੇਹੇ ਦ੍ਰਿਸ਼ ਨਖ਼ਲਿਊਦੌਫ਼ ਨੇ ਬਹੁਤ ਵੇਖੇ ਸਨ, ਤੇ ਪਿਛਲੇ ਤਿੰਨਾਂ ਮਹੀਨਿਆਂ ਵਿਚ ਉਸ ਨੇ ਇਨ੍ਹਾਂ ਚਾਰ ਸੌ ਅਖ਼ਲਾਕੀ ਕੈਦੀਆਂ ਨੂੰ ਵੱਖ ਵੱਖ ਹਾਲਤਾਂ ਵਿਚ ਮੁੜ ਮੁੜ ਵੇਖਿਆ ਸੀ-ਗਰਮੀ ਵਿਚ, ਰਾਹ ਵਿਚ, ਉਨ੍ਹਾਂ ਦੇ ਬੇੜੀਆਂ ਲੱਦੇ ਪੈਰਾਂ ਦੀ ਅੜ ਨਾਲ ਉੱਡਦੀ ਧੂੜ ਦੇ ਬੱਦਲਾਂ ਵਿਚ ਲਪੇਟੇ ਹੋਏ, ਰਾਹ ਦੇ ਸਾਹ ਕੱਢਣ ਵਾਲੇ ਥਾਈਂ, ਪਹਾੜਾਂ ਦੇ ਅੰਦਰ, ਤੇ ਨਿੱਘੀ ਰੁੱਤ ਵਿਚ ਵਿਹੜਿਆਂ ਵਿਚ, ਜਿੱਥੇ ਬੇਸ਼ਰਮ ਬਦਕਾਰੀ

ਦੀਆਂ ਕਈ ਘਟਨਾਵਾਂ ਹੋਈਆਂ ਸਨ –ਫਿਰ ਵੀ ਜਦੋਂ ਵੀ ਉਹ ਉਨ੍ਹਾਂ ਦੇ ਵਿਚਕਾਰ ਆਉਂਦਾ ਤਾਂ ਹੁਣ ਵਾਕਰ ਉਨ੍ਹਾਂ ਦਾ ਧਿਆਨ ਆਪਣੇ ਉੱਤੇ ਟਿਕਿਆ ਮਹਿਸੂਸ ਕਰਦਾ, ਤਾਂ ਸ਼ਰਮ ਤੇ ਉਨ੍ਹਾਂ ਵਿਰੁੱਧ ਆਪਣੇ ਗੁਨਾਹ ਦੀ ਚੇਤਨਾ ਉਸ ਨੂੰ ਕਲਿਸ਼ਟ ਕਰਦੀ। ਸ਼ਰਮ ਤੇ ਗੁਨਾਹ ਦੇ ਇਸ ਅਹਿਸਾਸ ਵਿਚ ਘਿਰਣਾ ਤੇ ਭੈ ਦੀ ਇਕ ਅਰੋਕ ਅਨੁਭੂਤੀ ਵੀ ਮਿਲੀ ਹੋਈ ਹੁੰਦੀ। ਉਸ ਨੂੰ ਪਤਾ ਸੀ ਕਿ, ਜਿਹੋ ਜੇਹੀ ਸਥਿਤੀ ਵਿਚ ਉਹ ਸਨ, ਉਹ ਇਸ ਤੋਂ ਹੋਰ ਨਹੀਂ ਹੋ ਸਕਦੇ ਸਨ, ਪਰ ਤਾਂ ਵੀ ਉਹ ਆਪਣੀ ਗਲਾਨ ਨੂੰ ਦਬਾ ਨਹੀਂ ਸਕਦਾ ਸੀ।

"ਇਨ੍ਹਾਂ ਗੰਦਗੀ ਖਾਣਿਆਂ ਲਈ ਇਹ ਠੀਕ ਹੈ।" ਜਦੋਂ ਉਹ ਰਾਜਸੀ ਕੈਦੀਆਂ ਦੇ ਕਮਰੇ ਕੋਲ ਪਹੁੰਚਿਆ ਤਾਂ ਨਖ਼ਲਿਊਦੌਫ਼ ਨੇ ਕਿਸੇ ਨੂੰ ਘੱਗੀ ਆਵਾਜ਼ ਵਿਚ ਕਹਿੰਦੇ ਸੁਣਿਆ, ਬੋਲਣ ਵਾਲੇ ਨੇ ਕੁਝ ਗੰਦੀਆਂ ਗਾਲ੍ਹਾਂ ਵੀ ਜੜ ਦਿੱਤੀਆਂ, ਤੇ ਇਕ ਨਫ਼ਰਤ ਭਰੇ, ਪ੍ਰਹਾਸਮਈ ਹਾਸੇ ਦੀ ਗਰਜ ਸੁਣਾਈ ਦਿੱਤੀ।

-0-

10

ਜਦੋਂ ਉਹ ਛੜਿਆਂ ਦਾ ਕਮਰਾ ਲੰਘ ਆਏ ਤਾਂ ਨਖ਼ਲਿਊਦੌਫ਼ ਨਾਲ ਆਉਣ ਵਾਲਾ ਸਾਰਜੰਟ ਮੁੜ ਗਿਆ, ਨਿਰੀਖਣ ਤੋਂ ਪਹਿਲਾਂ ਉਸਨੂੰ ਲੈਣ ਆਉਣ ਦਾ ਇਕਰਾਰ ਕਰਕੇ ਜਿਉਂ ਹੀ ਸਾਰਜੰਟ ਪਰੇ ਹੋਇਆ, ਇਕ ਕੈਦੀ, ਆਪਣੇ ਨੰਗੇ ਪੈਰਾਂ ਦੀਆਂ ਬੇੜੀਆਂ ਚੁੱਕ ਕੇ ਕਾਹਲੇ ਕਦਮਾਂ ਨਾਲ ਉਸ ਕੋਲ ਆਇਆ, ਤੇ ਆਪਣੇ ਪਸੀਨੇ ਦੇ ਤਿੱਖੇ ਤੇਜ਼ਾਬੀ ਮੁਸ਼ਕ ਵਿਚ ਉਸ ਨੂੰ ਲਪੇਟ ਕੇ ਇਕ ਸੁਹਜਮਈ ਢੰਗ ਨਾਲ ਫ਼ੁਸਫ਼ੁਸਾਇਆ।

"ਇਹ ਮਾਮਲਾ ਆਪਣੇ ਹੱਥ ਲੈ ਲਵੋ, ਸਰਕਾਰ! ਇਨ੍ਹਾਂ ਨੇ ਮੁੰਡੇ ਨੂੰ ਮੂਰਖ ਬਣਾਇਆ ਹੋਇਆ ਹੈ। ਉਸਨੂੰ ਸ਼ਰਾਬੀ ਕਰ ਦਿੱਤਾ ਹੋਇਆ ਹੈ। ਤੇ ਅੱਜ ਹੀ ਨਿਰੀਖਣ ਸਮੇਂ ਉਸਨੇ ਆਪਣਾ ਨਾਮ ਕਾਰਮਾਨੋਫ਼ ਦੱਸਿਆ ਹੈ। ਜਨਾਬ, ਇਸ ਨੂੰ ਰੋਕੋ, ਸਾਡੇ ਵਿਚ ਹਿੰਮਤ ਨਹੀਂ, ਇਹ ਸਾਨੂੰ ਮਾਰ ਦੇਣਗੇ।" ਤੇ ਔਖੇ ਜੇਹੇ ਆਪਣੇ ਉਦਾਲੇ ਵੇਖ ਕੇ ਉਹ ਮੁੜ ਗਿਆ

ਜੋ ਹੋਇਆ ਸੀ ਇਉਂ ਹੈ। ਅਪਰਾਧੀ ਕਾਰਮਾਨੋਫ਼ ਨੇ ਇਕ ਨੌਜਵਾਨ ਨੂੰ, ਜਿਸ ਨੂੰ ਪ੍ਰਵਾਸ ਦੀ ਸਜ਼ਾ ਹੋਈ ਸੀ ਤੇ ਜਿਸ ਦੀ ਸ਼ਕਲ ਉਸ ਨਾਲ ਮਿਲਦੀ ਸੀ, ਮਨਾਇਆ ਹੋਇਆ ਸੀ ਕਿ ਉਸ ਨਾਲ ਨਾਮ ਬਦਲ ਲਵੇ ਤੇ ਉਸ ਦੀ ਥਾਂ ਖਾਣਾਂ ਵਿਚ ਕੰਮ ਕਰਨ ਚਲਾ ਜਾਵੇ, ਤਾਂ ਜੋ ਕਾਰਮਾਨੋਫ਼ ਆਪ ਉਸ ਦੀ ਥਾਂ ਪ੍ਰਵਾਸ ਵਿਚ ਜਾ ਸਕੇ।

ਨਖ਼ਲਿਊਦੋਫ਼ ਨੂੰ ਇਸ ਬਦਲੀ ਦੇ ਇਰਾਦੇ ਬਾਰੇ ਪਤਾ ਸੀ। ਕਿਸੇ ਕੈਦੀ ਨੇ ਪਿਛਲੇ ਹਫਤੇ ਉਸਨੂੰ ਦੱਸ ਦਿੱਤਾ ਸੀ। ਉਸ ਨੇ ਸਿਰ ਹਿਲਾਇਆ ਇਹ ਦੱਸਣ ਲਈ ਕਿ ਉਹ ਸਮਝ ਗਿਆ ਸੀ, ਤੇ ਜੋ ਕੁਝ ਕਰ ਸਕਿਆ ਕਰੇਗਾ, ਤੇ ਇੱਧਰ ਉੱਧਰ ਵੇਖੇ ਬਿਨਾਂ ਹੀ ਅੱਗੇ ਚਲਾ ਗਿਆ।

ਜਿਸ ਕੈਦੀ ਨੇ ਨਖ਼ਲਿਊਦੌਫ਼ ਨਾਲ ਗੱਲ ਕੀਤੀ ਸੀ, ਨਖ਼ਲਿਊਦੌਫ਼ ਉਸਨੂੰ ਜਾਣਦਾ ਸੀ। ਏਕਾਤ੍ਰਿਨਬੁੱਰਗ ਵਿਚ ਇਸ ਕੈਦੀ ਨੇ ਨਖਲਿਉਦੋਂਫ ਪਾਸ ਬੇਨਤੀ ਕੀਤੀ ਸੀ

ਕਿ ਉਸ ਦੀ ਪਤਨੀ ਨੂੰ ਉਸਦੇ ਨਾਲ ਆਉਣ ਦੀ ਆਗਿਆ ਲੈ ਦੇਵੋ। ਉਹ ਅੱਤ ਸਾਧਾਰਣ ਕਿਸਮ ਦਾ ਕਿਰਸਾਨ ਸੀ, ਦਰਮਿਆਨੇ ਕੱਦ ਦਾ ਤੀਹ ਕੁ ਸਾਲ ਉਮਰ, ਤੇ ਕਤਲ ਕਰਨ ਤੇ ਡਾਕੇ ਦੀ ਕੋਸ਼ਿਸ਼ ਕਰਨ ਦੇ ਦੋਸ਼ ਵਿਚ ਉਸਨੂੰ ਕੈਦ ਸਖਤ ਦੀ ਸਜ਼ਾ ਹੋਈ ਸੀ। ਉਸ ਦਾ ਨਾਮ ਮੱਕਦਰ ਦੇਵਕਿਨ ਸੀ। ਉਸ ਦਾ ਅਪਰਾਧ ਬੜਾ ਅਨੋਖਾ ਜੇਹਾ ਸੀ। ਇਸ ਦਾ ਜੋ ਕਥਨ ਉਸਨੇ ਨਖ਼ਲਿਊਦੌਫ਼ ਪਾਸ ਕੀਤਾ, ਉਸ ਵਿਚ ਉਹ ਆਖਦਾ ਸੀ ਕਿ ਇਹ ਉਸ ਦਾ ਆਪਣਾ ਕੰਮ ਨਹੀਂ ਸੀ, ਉਸ ਸ਼ੈਤਾਨ ਦਾ ਕੰਮ ਸੀ। ਉਸਨੇ ਦੱਸਿਆ ਕਿ ਇਕ ਮੁਸਾਫ਼ਰ ਉਸ ਦੇ ਪਿਤਾ ਦੇ ਘਰ ਆਇਆ ਸੀ, ਤੇ ਉਸਨੇ ਛੱਬੀ ਮੀਲ ਉੱਤੇ ਇਕ ਪਿੰਡ ਜਾਣ ਲਈ ਉਸ ਪਾਸੋਂ ਬਰਫ ਤੇ ਘਸੀਟਵੀਂ ਗੱਡੀ ਕਿਰਾਏ ਉਤੇ ਕੀਤੀ ਸੀ। ਮੱਕਦਰ ਦੇ ਪਿਤਾ ਨੇ ਉਸਨੂੰ ਉਸ ਮੁਸਾਫ਼ਰ ਨੂੰ ਲੈ ਜਾਣ ਲਈ ਆਖਿਆ। ਮੱਕਦਰ ਨੇ ਘੋੜੇ ਦੇ ਸਾਜ਼ ਕੱਸੇ, ਕੱਪੜੇ ਪਾਏ, ਤੇ ਮੁਸਾਫਰ ਨਾਲ ਬੈਠ ਕੇ ਚਾਹ ਪੀਤੀ। ਮੁਸਾਫ਼ਰ ਨੇ ਚਾਹ ਦੇ ਮੇਜ਼ ਉੱਤੇ ਦੱਸਿਆ ਕਿ ਉਹ ਵਿਆਹ ਕਰਵਾਉਣ ਚਲਿਆ ਸੀ ਤੇ ਉਸ ਦੇ ਪਾਸ ਪੰਜ ਸੌ ਰੂਬਲ ਸਨ ਜੋ ਉਸਨੇ ਮਾਸਕੋ ਵਿਚ ਕਮਾਏ ਸਨ। ਜਦੋਂ ਉਸ ਨੇ ਇਹ ਸੁਣ ਲਿਆ ਤਾਂ ਮੱਕਦਰ ਬਾਹਰ ਵਿਹੜੇ ਵਿਚ ਗਿਆ ਤੇ ਗੱਡੀ ਉੱਤੇ ਕੱਪ ਹੇਠਾਂ ਇਕ ਕੁਹਾੜੀ ਲੁਕਾ ਦਿੱਤੀ

"ਮੈਨੂੰ ਆਪ ਨੂੰ ਪਤਾ ਨਹੀਂ ਸੀ ਮੈਂ ਕਿਉਂ ਉਹ ਕੁਹਾੜੀ ਲਿਜਾ ਰਿਹਾ ਸਾਂ," ਉਸ ਨੇ ਦੱਸਿਆ ਸੀ। ਸ਼ੈਤਾਨ ਨੇ ਆਖਿਆ, "ਕੁਹਾੜੀ ਲੈ ਲੈ।" ਮੈਂ ਕੁਹਾੜੀ ਲੈ ਲਈ। ਅਸੀਂ ਗੱਡੀ ਵਿਚ ਬੈਠ ਕੇ ਚੱਲ ਪਏ। ਮੈਨੂੰ ਕੁਹਾੜੀ ਦਾ ਚੇਤਾ ਹੀ ਭੁੱਲ ਗਿਆ ਤੇ ਅਸੀਂ ਪਿੰਡ ਦੇ ਨੇੜੇ ਪਹੁੰਚ ਗਏ-ਸਾਰੇ ਚਾਰ ਮੀਲ ਹੋਰ ਰਹਿੰਦੇ ਸਨ। ਚੁਰਾਹੇ ਤੋਂ ਵੱਡੀ ਸੜਕ ਦਾ ਰਾਹ ਪਹਾੜੀ ਉੱਪਰੋਂ ਜਾਂਦਾ ਸੀ, ਤੇ ਮੈਂ ਗੱਡੀ ਤੋਂ ਉੱਤਰ ਗਿਆ। ਮੈਂ ਪਿੱਛੇ ਪਿੱਛੇ ਚਲਣ ਲੱਗਾ ਤੇ "ਉਹ" ਮੇਰੇ ਕੰਨ ਵਿਚ ਕਹਿਣ ਲੱਗਾ, "ਕੀ ਸੋਚ ਰਿਹਾ ਹੈ ?" ਜਦੋਂ ਪਹਾੜੀ ਦੇ ਉਪਰ ਚਲੇ ਗਏ ਤਾਂ ਵੱਡੀ ਸੜਕ ਉਤੇ ਬਹੁਤ ਲੋਕ ਆਉਂਦੇ ਜਾਂਦੇ ਹੋਣਗੇ, ਤੇ ਫਿਰ ਪਿੰਡ ਆ ਜਾਵੇਗਾ। ਇਹ ਆਪਣਾ ਧਨ ਲੈ ਜਾਵੇਗਾ। ਜੇ ਕੁਝ ਕਰਨ ਦਾ ਇਰਾਦਾ ਹੈ, ਤਾਂ ਹੁਣੇ ਵੇਲਾ ਹੈ, 'ਮੈਂ ਗੱਡੀ ਉੱਪਰ ਝਾਕਿਆ, ਜਿਵੇਂ ਕੱਖ ਕਾਨੇ ਸੰਵਾਰਨੇ ਹੋਣ ਤੇ ਕੁਹਾੜੀ ਜਿਵੇਂ ਆਪ ਹੀ ਟੱਪ ਕੇ ਮੇਰੇ ਹੱਥ ਵਿਚ ਆ ਗਈ। ਮੁਸਾਫ਼ਰ ਨੇ ਪਿੱਛਾਂਹ ਪਰਤ ਕੇ ਵੇਖਿਆ ਤੇ ਕਿਹਾ, "ਕੀ ਕਰ ਰਿਹਾ ਹੈਂ ?" ਮੈਂ ਕੁਹਾੜੀ ਚੁੱਕੀ ਤੇ ਉਸ ਨੂੰ ਮਾਰਨ ਲੱਗਾ। ਪਰ ਉਹ ਤਿੱਖਾ ਸੀ, ਕੁਦ ਕੇ ਬਾਹਰ ਆ ਗਿਆ। ਉਸ ਨੇ ਮੇਰੇ ਹੱਥ ਪਟੜ ਲਏ। "ਤੂੰ ਹਰਾਮੀਆਂ, ਕੀ ਕਰਨ ਲੱਗਾ ਹੈਂ?"

ਉਸ ਨੇ ਮੈਨੂੰ ਬਰਫ਼ ਵਿਚ ਹੇਠਾਂ ਪਰਕ ਮਾਰਿਆ ਤੇ ਮੈਂ ਕੋਈ ਅੜ ਫੜ ਨਾ ਕੀਤੀ, ਝੱਟ ਹੀ ਹਾਰ ਮੰਨ ਲਈ। ਉਸ ਨੇ ਮੇਰੀਆਂ ਬਾਹਾਂ ਆਪਣੇ ਦੁਪੱਟੇ ਨਾਲ ਬੰਨ੍ਹ ਦਿੱਤੀਆਂ ਮੈਨੂੰ ਬੱਘੀ ਵਿਚ ਸੁੱਟ ਲਿਆ ਤੇ ਸਿੱਧਾ ਥਾਣੇ ਲੈ ਗਿਆ, ਮੈਨੂੰ ਹਵਾਲਾਤ ਵਿਚ ਪਾ ਕੇ ਮੁਕੱਦਮਾ ਚਲਾਇਆ ਗਿਆ, ਪੰਚਾਇਤਾਂ ਨੇ ਮੇਰੇ ਚੰਗੇ ਚੱਲਣ ਦੀ ਤਸਦੀਕ ਕੀਤੀ, ਆਖਿਆ ਮੈਂ ਇਕ ਨੇਕ ਪੁਰਸ਼ ਸਾਂ, ਤੇ ਮੇਰੇ ਬਾਰੇ ਕਦੀ ਕੋਈ ਭੈੜ ਦੀ ਗੱਲ ਸੁਣਨ ਵਿਚ ਨਹੀਂ ਆਈ ਸੀ। ਜਿਨ੍ਹਾਂ ਮਾਲਕਾਂ ਕੋਲ ਮੈਂ ਕੰਮ ਕੀਤਾ ਸੀ ਉਨ੍ਹਾਂ ਨੇ ਵੀ ਮੇਰੀ ਹਾਮੀ ਭਰੀ। ਪਰ ਸਾਡੇ ਪਾਸ ਵਕੀਲ ਕਰਨ ਲਈ ਕੋਈ ਪੈਸਾ ਨਹੀਂ ਸੀ। ਸੋ ਮੈਨੂੰ ਚਾਰ ਸਾਲ ਦੀ ਸਖ਼ਤ ਕੈਦ ਸੁਣਾ ਦਿੱਤੀ ਗਈ।"

ਤੇ ਇਹ ਆਦਮੀ ਸੀ ਜਿਸ ਨੇ ਇਕ ਗਰਾਈਂ ਬਚਾਣ ਦੀ ਭਾਵਨਾ ਨਾਲ ਇਕ ਕੈਦੀ ਦਾ ਭੇਦ ਨਖ਼ਲਿਊਦੌਫ਼ ਪਾਸ ਖੋਲ੍ਹਿਆ ਸੀ, ਭਾਵੇਂ ਉਹ ਜਾਣਦਾ ਸੀ ਇਹ ਗੱਲ ਕਰ ਕੇ ਉਹ ਆਪਣੀ ਜਾਨ ਖਤਰੇ ਵਿਚ ਪਾ ਰਿਹਾ ਸੀ, ਤੇ ਜੇ ਉਨ੍ਹਾਂ ਨੂੰ ਪਤਾ ਲੱਗ ਗਿਆ ਜੋ ਉਹ ਕਰ ਰਿਹਾ ਸੀ, ਉਹ ਜ਼ਰੂਰ ਹੀ ਉਸ ਦਾ ਗਲ ਘੁੱਟ ਦੇਣਗੇ।

-0-

11

ਰਾਜਸੀ ਕੈਦੀ ਦੋ ਛੋਟੇ ਕਮਰਿਆਂ ਵਿਚ ਰੱਖੇ ਗਏ ਸਨ, ਜਿਨ੍ਹਾਂ ਦੇ ਦਰਵਾਜ਼ੇ ਵਰਾਂਡੇ ਵਿਚ ਖੁਲ੍ਹਦੇ ਸਨ ਅਤੇ ਜਿਸ ਨੂੰ ਬਾਕੀਆਂ ਨਾਲੋਂ ਕੰਧ ਕਰ ਕੇ ਵੱਖ ਕੀਤਾ ਹੋਇਆ ਸੀ। ਵਰਾਂਡੇ ਦੇ ਇਸ ਹਿੱਸੇ ਵਿਚ ਜਾ ਕੇ ਨਖ਼ਲਿਊਦੋਂਫ਼ ਨੇ ਸਿਮਨਸਨ ਨੂੰ ਵੇਖਿਆ ਜੋ ਰਬੜ ਦੀ ਜੈਕਟ ਪਾਈ, ਇਕ ਸਟੋਵ ਅੱਗੇ ਇਕ ਚੀਲ ਦੀ ਲੱਕੜ ਹੱਥ ਵਿਚ ਫੜੀ ਝੁਕਿਆ ਹੋਇਆ ਸੀ। ਸਟੋਵ ਦਾ ਦਰਵਾਜ਼ਾ ਅੰਦਰਲੀ ਅੱਗ ਦਾ ਖਿੱਚਿਆ ਹਿਲ ਰਿਹਾ ਸੀ।

ਜਦੋਂ ਉਸ ਨੇ ਨਖ਼ਲਿਊਦੋਫ਼ ਨੂੰ ਵੇਖਿਆ ਤਾਂ ਸਿਮਨਸਨ ਨੇ ਆਪਣੇ ਵਧੇ ਹੋਏ ਭੱਰਵਟਿਆ ਹੇਠ ਦੀ ਉਸ ਵੱਲ ਵੇਖਿਆ, ਤੇ ਉਠਣ ਤੋਂ ਬਿਨਾਂ ਹੀ ਆਪਣਾ ਹੱਥ ਉਸ ਦੇ ਹੱਥ ਵਿਚ ਪਕੜਾ ਦਿੱਤਾ।

“ਮੈਨੂੰ ਖੁਸ਼ੀ ਹੈ ਤੁਸੀਂ ਆ ਗਏ ਹੋ। ਮੈਂ ਤੁਹਾਡੇ ਨਾਲ ਗੱਲ ਕਰਨੀ ਹੈ।” ਉਸ ਨੇ ਅਰਥ ਭਰਪੂਰ ਨਜ਼ਰ ਨਾਲ ਨਖ਼ਲਿਊਦੋਂਫ਼ ਵਲ ਸਿੱਧਾ ਵੇਖ ਕੇ ਆਖਿਆ।

"ਹਾਂ, ਕੀ ਗੱਲ ਹੈ ?” ਨਖ਼ਲਿਊਦੋਂਫ਼ ਨੇ ਪੁੱਛਿਆ।

"ਇਹ ਫਿਰ ਕਿਸੇ ਸਮੇਂ ਸਹੀ। ਹੁਣ ਮੈਂ ਰੁੱਝਾ ਹੋਇਆ ਹਾਂ।" ਤੇ ਸਿਮਨਸਨ ਫਿਰ ਸਟੋਵ ਵੱਲ ਮੁੜਿਆ ਜਿਸ ਨੂੰ ਉਹ ਆਪਣੇ ਇਕ ਸਿਧਾਂਤ ਅਨੁਸਾਰ ਗਰਮ ਕਰ ਰਿਹਾ ਸੀ ਜਿਸ ਨਾਲ ਘੱਟ ਤੋਂ ਘੱਟ ਸ਼ਕਤੀ ਦਾ ਖੈ ਹੋਵੇ।

ਨਖ਼ਲਿਊਦੋਫ਼ ਪਹਿਲੇ ਦਰਵਾਜ਼ੇ ਤੋਂ ਵੜਨ ਹੀ ਲੱਗਾ ਸੀ ਜਦੋਂ ਮਸਲੋਂਫ਼ਾ, ਝੁਕੀ ਹੋਈ, ਕੂੜੇ ਮਿੱਟੀ ਦਾ ਇਕ ਢੇਰ ਦਸਤੇ ਤੋਂ ਉਕਾਹ ਦੇ ਝਾੜੂ ਨਾਲ ਸਟੋਵ ਵੱਲ ਨੂੰ ਧੱਕ ਰਹੀ, ਦੂਜੇ ਦਰਵਾਜੇ ਤੋਂ ਬਾਹਰ ਆਈ। ਉਸ ਨੇ ਚਿੱਟੀ ਜੈਕਟ ਪਹਿਨੀ ਹੋਈ ਸੀ। ਘੱਗਰੀ ਟੁੰਗੀ ਹੋਈ ਸੀ, ਤੇ ਭੱਵਾਂ ਉੱਤੇ ਖਿੱਚੇ ਹੋਏ ਦੁਪੱਟੇ ਨਾਲ ਆਪਣੇ ਵਾਲਾਂ ਨੂੰ ਮਿੱਟੀ ਤੋਂ ਢੱਕਿਆ ਹੋਇਆ ਸੀ। ਨਖ਼ਲਿਊਦੋਂਫ਼ ਨੂੰ ਵੇਖ ਕੇ ਉਹ ਸਿੱਧੀ ਖੜੀ ਹੋ ਗਈ, ਉਸ ਦਾ

ਚੇਹਰਾ ਭੱਖ ਕੇ ਲਾਲ ਹੋ ਗਿਆ, ਉਸ ਨੇ ਝਾੜੂ ਛੱਡ ਦਿੱਤਾ, ਹੱਥ ਘੱਗਰੀ ਉੱਤੇ ਪੂੰਝੇ ਤੇ ਉਸ ਦੇ ਸਾਮ੍ਹਣੇ ਆ ਕੇ ਉਹ ਖੜੀ ਹੋ ਗਈ।

"ਹਾਂ, ਸਫ਼ਾਈ ਹੋ ਰਹੀ ਹੈ ?" ਨਖ਼ਲਿਊਦੌਫ਼ ਨੇ ਉਸ ਦੇ ਹੱਥ ਨਾਲ ਹੱਥ ਮਿਲਾ ਕੇ ਆਖਿਆ।

"ਹਾਂ, ਆਪਣਾ ਪੁਰਾਣਾ ਕੰਮ," ਤੇ ਉਸ ਨੇ ਮੁਸਕਰਾ ਦਿੱਤਾ। "ਪਰ ਧੂੜ ! ਤੁਸੀਂ ਸੋਚ ਨਹੀਂ ਸਕਦੇ ਕਿੰਨੀ ਹੈ। ਅਸੀ ਸਾਫ਼ ਕਰਦੇ ਰਹਿ ਗਏ ਹਾਂ। ਹਾਂ, ਕਿੰਗਰੀ ਸੁੱਕ ਗਈ ?" ਉਸ ਨੇ ਮੁੜ ਕੇ ਸਿਮਨਸਨ ਤੋਂ ਪੁੱਛਿਆ।

"ਤਕਰੀਬਨ" ਉਸਨੇ ਉੱਤਰ ਦਿੱਤਾ ਤੇ ਉਸ ਵੱਲ ਇਕ ਅਨੋਖੀ ਤੱਕਣੀ ਪਾਈ ਜਿਸ ਨੂੰ ਨਖ਼ਲਿਊਦੌਫ਼ ਨੇ ਤਾੜ ਲਿਆ।

"ਅੱਛਾ, ਮੈਂ ਲੈਣ ਆਉਂਦੀ ਹਾਂ, ਤੇ ਚੋਗੇ ਸੁੱਕਣੇ ਪਾਣ ਲਈ ਲਿਆਵਾਂਗੀ.. ਸਾਡੇ ਲੋਕ ਸਾਰੇ ਉਥੇ ਅੰਦਰ ਹਨ।" ਉਸ ਨੇ ਨਖ਼ਲਿਊਦੋਫ਼ ਨੂੰ ਆਖਿਆ, ਤੇ ਪਹਿਲੇ ਦਰਵਾਜ਼ੇ ਵੱਲ ਇਸ਼ਾਰਾ ਕਰ ਕੇ ਉਹ ਆਪ ਦੂਜੇ ਦਰਵਾਜ਼ੇ ਰਾਹੀਂ ਅੰਦਰ ਚਲੀ ਗਈ।

ਨਖ਼ਲਿਊਦੋਫ਼ ਨੇ ਦਰਵਾਜ਼ਾ ਖੋਲ੍ਹਿਆ ਤੇ ਅੰਦਰ ਚਲਾ ਗਿਆ। ਛੋਟੇ ਜੇਹੇ ਕਮਰੇ ਵਿਚ ਇਕ ਛੋਟੇ ਜੇਹੇ ਟੀਨ ਦੇ ਲੈਂਪ ਦਾ ਚਾਨਣ ਸੀ, ਜਿਹੜਾ ਕੰਧ ਉੱਤੇ ਲੱਗੇ ਇਕ ਨੀਵੇਂ ਫੱਟੇ ਉੱਤੇ ਟਿਕਿਆ ਹੋਇਆ ਸੀ। ਇਹ ਫੱਟਾ ਸੌਣ ਦੀ ਚੌਕੀ ਦਾ ਕੰਮ ਦੇਂਦਾ ਸੀ। ਕਮਰੇ ਵਿਚ ਠੰਡ ਸੀ, ਤੇ ਧੂੜ ਦੀ (ਜੋ ਹਾਲੀ ਬੈਠੀ ਨਹੀਂ ਸੀ) ਸਿੱਲ੍ਹ ਦੀ, ਤੇ ਤਮਾਕੂ ਦੇ ਧੂਏਂ ਦੀ ਗੰਧ ਆ ਰਹੀ ਸੀ। ਟੀਨ ਦਾ ਛੋਟਾ ਲੈਂਪ ਆਪਣੇ ਨੇੜੇ ਵਾਲਿਆਂ ਉੱਤੇ ਸੁਹਣਾ ਚਾਨਣ ਪਾਂਦਾ ਸੀ, ਤੇ ਕੰਧਾਂ ਉੱਤੇ ਕਾਲੇ ਪਰਛਾਵੇਂ ਲਹਿਰ ਰਹੇ ਸਨ। ਦੋ ਪੁਰਸ਼, ਜੋ ਪਰੀਹੇ ਨਿਯਤ ਕੀਤੇ ਹੋਏ ਸਨ, ਉਬਲਦਾ ਪਾਣੀ ਤੇ ਰਸਦ ਲੈਣ ਬਾਹਰ ਗਏ ਹੋਏ ਸਨ; ਪਰ ਬਹੁਤੇ ਰਾਜਸੀ ਕੈਦੀ ਇਸ ਛੋਟੇ ਕਮਰੇ ਵਿਚ ਇਕੱਠੇ ਹੋਏ ਹੋਏ ਸਨ। ਨਖ਼ਲਿਊਦੌਫ਼ ਦੀ ਪੁਰਾਣੀ ਸਿਆਣੂ ਵੇਰਾ ਦੁਖ਼ੋਫਾ ਵੀ ਇਨ੍ਹਾਂ ਵਿਚ ਸੀ, ਹੋਰ ਵੀ ਪਤਲੀ ਤੇ ਪੀਲੀ, ਵੱਡੀਆਂ ਵੱਡੀਆਂ ਡਰੀਆਂ ਜੇਹੀਆਂ ਅੱਖਾਂ, ਛੋਟੇ ਛੋਟੇ ਵਾਲ, ਤੇ ਮੱਥੇ ਉੱਤੇ ਇਕ ਉਭਰੀ ਹੋਈ ਨਾੜ, ਉਸ ਨੇ ਇਕ ਖਾਕੀ ਜੈਕਟ ਪਹਿਨੀ ਹੋਏ ਸੀ। ਤੇ ਸਾਮ੍ਹਣੇ ਵਿੱਛੇ ਹੋਏ ਇਕ ਅਖ਼ਬਾਰ ਉੱਤੇ ਉਹ ਝੱਟਕੇ ਨਾਲ ਹਿਲਦੇ ਹੱਥਾਂ ਨਾਲ ਸਿਗਰਟ ਵੱਟ ਰਹੀ ਸੀ।

ਐਮਿਲੀ ਰੰਤਸੇਫਾ ਵੀ, ਜਿਸ ਨੂੰ ਨਖ਼ਲਿਊਦੌਫ਼ ਰਾਜਸੀ ਕੈਦੀਆਂ ਵਿਚ ਸਭ ਤੋਂ ਹੱਸ-ਮੁਖ ਸਮਝਦਾ ਸੀ, ਉਥੇ ਸੀ। ਉਹ ਘਰ ਪ੍ਰਬੰਧ ਦੀ ਜ਼ਿਮੇਂਦਾਰ ਸੀ, ਤੇ ਇਸ ਅਤਿ ਦੁਖਦਾਈ ਅਵਸਥਾ ਵਿਚ ਵੀ ਘਰ ਵਾਲੇ ਸੁੱਖ ਤੇ ਆਕਰਖਣ ਦਾ ਭਾਵ ਉਤਪੰਨ ਕਰ ਰਹੀ ਸੀ। ਉਹ ਬਾਹਾਂ ਚੜ੍ਹਾਈ ਲੈਂਪ ਪਾਸ ਬੈਠੀ, ਪਿਆਲੀਆਂ ਤੇ ਮੱਗ ਪੂੰਝ ਰਹੀ ਸੀ, ਤੇ ਆਪਣੇ ਛੁਹਲੇ ਲਾਲ, ਧੁੱਪ-ਲੂਹੇ ਹੱਥਾਂ ਨਾਲ ਉਨ੍ਹਾਂ ਨੂੰ ਸੌਣ ਵਾਲੇ ਫੱਟੇ ਉੱਤੇ ਵਿਛੇ ਇਕ ਕੱਪੜੇ ਉੱਤੇ ਟਿਕਾ ਰਹੀ ਸੀ। ਰੰਤਸੇਫਾ ਇਕ ਸਾਧਾਰਣ ਸ਼ਕਲ ਵਾਲੀ ਯੁਵਾ ਇਸਤ੍ਰੀ ਸੀ। ਉਸ ਦੇ ਚੇਹਰੇ ਦੀ ਦਿੱਖ ਚੁਸਤ ਪਰ ਕੋਮਲ ਸੀ, ਜਿਹੜਾ, ਜਦੋਂ ਉਹ ਮੁਸਕਰਾਂਦੀ ਇਕ ਦਮ ਖੁਸ਼, ਸਫੁਰਤ, ਤੇ ਮੋਹਕ ਬਣਨਾ ਜਾਣਦੀ ਸੀ। ਇਕ ਅਜੇਹੀ ਮੁਸਕਾਣ ਨਾਲ ਹੀ ਹੁਣ ਉਸ ਨੇ ਨਖ਼ਲਿਊਦੌਫ਼ ਦਾ ਸੁਆਗਤ ਕੀਤਾ।

"ਹਲਾ, ਸਾਡਾ ਖ਼ਿਆਲ ਸੀ ਤੁਸੀਂ ਵਾਪਸ ਰੂਸ ਚਲੇ ਗਏ।" ਉਹ ਕਹਿਣ ਲੱਗੀ।

ਇਥੇ ਇਕ ਅਨ੍ਹੇਰੇ ਖੂੰਜੇ ਵਿਚ ਮੈਰੀ ਪਾਉਲੋਫ਼ਨਾ ਵੀ ਇਕ ਛੋਟੀ ਭੂਰੇ ਵਾਲਾਂ ਵਾਲੀ ਕੁੜੀ ਨਾਲ ਰੁਝੀ ਖੜੀ ਸੀ। ਕੁੜੀ ਆਪਣੀ ਤੋਤਲੀ ਜ਼ਬਾਨ ਵਿਚ ਬੋਲੀ ਜਾ ਰਹੀ ਸੀ।

"ਕਿੰਨਾ ਚੰਗਾ ਹੋਇਆ ਤੁਸੀਂ ਆ ਗਏ।" ਮੇਰੀ ਪਾਉਲੋਫ਼ਨਾ ਨੇ ਨਖ਼ਲਿਊਦੌਫ਼ ਨੂੰ ਕਿਹਾ। "ਕਤੂਸ਼ਾਂ ਨੂੰ ਮਿਲੇ ਹੋ ? ਸਾਡੇ ਪਾਸ ਇੱਥੇ ਇਕ ਪਰਾਹੁਣਾ ਆਇਆ ਹੋਇਆ ਹੈ।" ਤੇ ਉਸ ਨੇ ਛੋਟੀ ਲੜਕੀ ਵੱਲ ਇਸ਼ਾਰਾ ਕੀਤਾ।

ਇਥੇ ਅਨਾਤੋਲ ਕ੍ਰਿਲਤਸੋਫ਼ ਵੀ ਸੀ। ਉਸ ਨੇ ਫੈਲਟ ਦੇ ਬੂਟ ਪਹਿਨੇ ਹੋਏ ਸਨ ਤੇ ਦੂਹਰਾ ਹੋਇਆ ਪੈਰਾਂ ਨੂੰ ਲੁਕਾਈ ਅਗਲੇ ਖੂੰਜੇ ਵਿਚ ਬੈਠਾ ਸੀ। ਉਸ ਨੇ ਬਾਹਾਂ ਆਪਣੇ ਚੁੰਗਿਆਂ ਦੀ ਆਸਤੀਨਾਂ ਵਿਚ ਇੱਕਠੀਆਂ ਕੀਤੀਆਂ ਹੋਈਆਂ ਸਨ, ਤੇ ਉਹ ਭਖੀਆਂ ਹੋਈਆਂ ਅੱਖਾਂ ਨਾਲ ਨਖ਼ਲਿਊਦੌਫ਼ ਵੱਲ ਤੱਕ ਰਿਹਾ ਸੀ : ਨਖ਼ਲਿਊਦੋਫ਼ ਉਸ ਵੱਲ ਜਾਣ ਲੱਗਾ, ਪਰ ਦਰਵਾਜ਼ੇ ਦੇ ਸੱਜੇ ਪਾਸੇ ਇਕ ਐਨਕਾਂ ਵਾਲਾ ਤੇ ਲਾਲ ਪਟਿਆਂ ਵਾਲਾ ਆਦਮੀ, ਰਬੜ ਦੀ ਜੈਕਟ ਪਹਿਨੀ ਮੁਸਕਰਾ ਰਿਹਾ, ਸੁੰਦਰ ਗ੍ਰਾਬੇਸਤ ਨਾਲ ਗੱਲਾਂ ਕਰ ਰਿਹਾ ਸੀ। ਇਹ ਆਦਮੀ ਪ੍ਰਸਿੱਧ ਕ੍ਰਾਂਤੀਵਾਦੀ ਨੌਵੋਦਵੋਰੋਫ਼ ਸੀ। ਨਖ਼ਲਿਊਦੌਫ਼ ਨੇ ਕਾਹਲੀ ਜੇਹੀ ਉਸ ਨੂੰ ਨਮਸ਼ਕਾਰ ਕੀਤੀ, ਇੰਨੀ ਕਾਹਲੀ ਇਸ ਕਰਕੇ ਕਿ ਸਾਰੇ ਰਾਜਸੀ ਕੈਦੀਆਂ

ਵਿਚ ਇਹ ਹੀ ਇਕ ਆਦਮੀ ਸੀ ਜਿਸ ਨੂੰ ਉਹ ਘ੍ਰਿਣਾ ਕਰਦਾ ਸੀ, ਨੌਵਦਵੋਰੇਫ਼ ਦੀਆਂ ਤਿਊੜੀ ਪਾ ਕੇ ਨਖ਼ਲਿਊਦੌਂਫ਼ ਵੱਲ ਝਾਕ ਦੀਆਂ ਨੀਲੀਆਂ ਅੱਖਾਂ ਉਸ ਦੀਆਂ ਐਨਕਾਂ ਵਿਚ ਦੀ ਚਮਕ ਰਹੀਆਂ ਸਨ। ਉਸ ਨੇ ਆਪਣਾ ਪਤਲਾ ਜਿਹਾ ਹੱਥ ਨਖ਼ਲਿਊਦੌਂਫ਼ ਨਾਲ ਮਿਲਾਇਆ।

"ਹਾਂ, ਤੁਹਾਡਾ ਸਫ਼ਰ ਚੰਗਾ ਹੋ ਰਿਹਾ ਹੈ ? ਉਸ ਨੇ ਸਪੱਸ਼ਟ ਵਿਅੰਗ ਨਾਲ ਪੁੱਛਿਆ।

"ਹਾਂ, ਬਹੁਤ ਕੁਝ ਹੈ ਜੋ ਸੁਆਦਲਾ ਹੈ।" ਨਖ਼ਲਿਊਦੌਂਫ਼ ਨੇ ਉੱਤਰ ਦਿੱਤਾ, ਜਿਵੇਂ ਉਸ ਨੇ ਵਿਅੰਗ ਨੂੰ ਸਮਝਿਆਂ ਨਾ ਹੋਵੇ ਤੇ ਪ੍ਰਸ਼ਨ ਨੂੰ ਸ਼ਿਸ਼ਟ ਸਮਝਿਆ ਹੋਵੇ, ਤੇ ਉਹ ਅੱਗੇ ਕ੍ਰਿਲਤਸੋਫ਼ ਵੱਲ ਹੋਇਆ।

ਭਾਵੇਂ ਨਖ਼ਲਿਊਦੌਂਫ਼ ਬੇਧਿਆਨਾ ਜਾਪਦਾ ਸੀ, ਪਰ ਅਸਲ ਵਿਚ ਇਉਂ ਬਿਲਕੁਲ ਨਹੀਂ ਸੀ। ਨੌਵੰਦਵੋਰੇਫ਼ ਦੇ ਇਨ੍ਹਾਂ ਸ਼ਬਦਾਂ ਨੇ, ਜਿਨ੍ਹਾਂ ਦਾ ਮੰਤਵ ਸਪੱਸ਼ਟ ਹੀ ਕੁਝ ਕੌੜਾ ਬੋਲਣਾ ਜਾਂ ਕਰਨਾ ਸੀ, ਨਖ਼ਲਿਊਦੌਂਫ਼ ਦੇ ਮਨ ਦੇ ਦਇਆ ਭਾਵ ਨੂੰ ਠੋਕਰ ਮਾਰੀ ਸੀ ਤੇ ਉਹ ਉਦਾਸ ਤੇ ਦਲਿਤ ਅਨੁਭਵ ਕਰਨ ਲੱਗਾ।

"ਸੁਣਾਓ, ਕੀ ਹਾਲ ਹੈ ?" ਉਸ ਨੇ ਕ੍ਰਿਲਤਸੋਫ਼ ਦਾ ਠੰਡਾ ਤੇ ਕੰਬਦਾ ਹੱਥ ਪਕੜ ਕੇ ਪੁੱਛਿਆ।

'ਚੰਗਾ ਹੈ, ਕੇਵਲ ਮੈਨੂੰ ਨਿੱਘ ਨਹੀਂ ਆਉਂਦਾ, ਠੰਡ ਦੀਆਂ ਤ੍ਰੇਲੀਆਂ ਆ ਰਹੀਆਂ ਹਨ।" ਕ੍ਰਿਲਤਸੋਫ਼ ਨੇ ਝੱਟ ਪੱਟ ਆਪਣੇ ਹੱਥ ਮੁੜ ਆਪਣੀਆਂ ਆਸਤੀਨਾਂ ਵਿਚ ਪਾ ਕੇ ਆਖਿਆ, 'ਤੇ ਇਥੇ ਠੰਡ ਵੀ ਗ਼ਜ਼ਬ ਦੀ ਹੈ। ਔਹ ਵੇਖੋ, ਬਾਰੀਆਂ ਦੇ ਸ਼ੀਸ਼ੇ ਟੁੱਟੇ ਹੋਏ ਹਨ।" ਤੇ ਉਸ ਨੇ ਲੋਹੇ ਦੀਆਂ ਸੀਖਾਂ ਪਿੱਛੋਂ ਟੁਟੇ ਹੋਏ ਸ਼ੀਸ਼ਿਆਂ ਵੱਲ ਇਸ਼ਾਰਾ ਕੀਤਾ। ' ਤੇ ਤੁਹਾਡਾ ਕੀ ਹਾਲ ਹੈ ? ਸਾਨੂੰ ਹੁਣ ਤਕ ਮਿਲਣ ਕਿਉਂ ਨਹੀਂ ਆਏ ?"

"ਮੈਨੂੰ ਆਉਣ ਦੀ ਆਗਿਆ ਨਹੀਂ ਸੀ, ਅਧਿਕਾਰੀ ਇਤਨੇ ਸਖ਼ਤ ਸਨ, ਪਰ ਅੱਜ ਵਾਲਾ ਅਫ਼ਸਰ ਨਰਮ ਹੈ।"

"ਬਹੁਤ ਨਰਮ !" ਕ੍ਰਿਲਤਸੋਫ਼ ਬੋਲਿਆ। ਮੇਰੀ ਨੂੰ ਪੁੱਛੋ ਉਸ ਨੇ ਅੱਜ ਸਵੇਰੇ ਕੀ ਕੀਤਾ।" "ਮੇਰਾ ਖਿਆਲ ਹੈ ਨਿਹਾਇਤ ਹੀ ਜ਼ਰੂਰੀ ਹੈ ਕਿ ਇਕ ਸਾਂਝਾ ਅਨੁਰੋਧ ਕੀਤਾ

ਜਾਵੇ," ਵੇਰਾ ਦੁਖ਼ੋਫਾ ਨੇ ਦ੍ਰਿੜ੍ਹ ਸੁਰ ਵਿਚ ਆਖਿਆ, ਤੇ ਵਾਰੀ ਵਾਰੀ ਸਾਰਿਆਂ ਵੱਲ ਇੱਕ ਡਰੀ ਹੋਈ ਤੇ ਸੰਸੇ ਭਰੀ ਅੱਖ ਨਾਲ ਵੇਖਿਆ। ਵਲਾਦੀਮੀਰ ਸਿਮਨਸਨ ਨੇ ਅਨੁਰੋਧ ਕੀਤਾ ਸੀ, ਪਰ ਉਹ ਕਾਫ਼ੀ ਨਹੀਂ।"

"ਤੁਸੀਂ ਕੀ ਅਨੁਰੋਧ ਕਰਨਾ ਚਾਹੁੰਦੇ ਹੋ ?" ਕ੍ਰਿਲਤਸੋਫ਼ ਨੇ ਤਿਊੜੀ ਪਾ ਕੇ ਬੁਲ੍ਹਾਂ ਵਿਚ, ਹੀ ਖ਼ਫਗੀ ਨਾਲ ਆਖਿਆ। ਉਸ ਵਿਚ ਸਰਲਤਾ ਦੀ ਘਾਟ, ਉਸ ਦਾ ਬਣਾਵਟੀ ਢੰਗ ਤੇ ਉਸ ਦੀ ਘਬਰਾਹਟ ਸਪਸ਼ਟ ਹੀ ਬਹੁਤ ਚਿਰ ਤੋਂ ਉਸ ਨੂੰ ਖਿੱਝ ਚੜ੍ਹਾ ਰਹੇ ਸਨ।

"ਕਤੂਸਾਂ ਨੂੰ ਵੇਖਦੇ ਹੋ ?" ਉਸ ਨੇ ਨਖ਼ਲਿਊਦੌਫ਼ ਪਾਸੋਂ ਪੁੱਛਿਆ। ‘ਉਹ ਹਰ ਘੜੀ ਕੰਮ ਲੱਗੀ ਰਹਿੰਦੀ ਹੈ। ਉਸ ਨੇ ਪੁਰਸ਼ਾਂ ਦਾ ਇਹ ਕਮਰਾ ਸਾਫ਼ ਕੀਤਾ ਹੈ ਤੇ ਹੁਣ ਉਹ ਇਸਤ੍ਰੀਆਂ ਦਾ ਕਮਰਾ ਸਾਫ਼ ਕਰਨ ਗਈ ਹੈ। ਪਰ ਇਨ੍ਹਾਂ ਜੂਆਂ ਨੂੰ ਸਾਫ਼ ਨਹੀਂ ਕੀਤਾ ਜਾ ਸਕਦਾ... ਇਹ ਤਾਂ ਜੀਉਂਦਿਆਂ ਨੂੰ ਖਾ ਰਹੀਆਂ ਹਨ। ਤੂੰ ਏਥੇ ਕੀ ਕਰ ਰਹੀ ਹੈਂ ?” ਉਸ ਨੇ ਜਿੱਥੇ ਮੇਰੀ ਬੈਠੀ ਸੀ ਉਸ ਖੂੰਜੇ ਵੱਲ ਸਿਰ ਮਾਰ ਕੇ ਆਖਿਆ।

“ਉਹ ਆਪਣੀ ਗੋਦ ਵਿਚ ਲੇਟੀ ਧੀ ਦੇ ਵਾਲ ਵਾਹ ਰਹੀ ਹੈ।" ਰੰਤਸੇਫਾ ਨੇ ਉੱਤਰ ਦਿੱਤਾ।

"ਪਰ ਸਾਡੇ ਉਤੇ ਜੂਆਂ ਤਾਂ ਨਹੀ ਛੱਡ ਦੇਵੇਗੀ ?" ਕ੍ਰਿਲਤਸੋਫ਼ ਨੇ ਕਿਹਾ।

"ਨਹੀਂ ਨਹੀਂ। ਮੈਨੂੰ ਬਹੁਤ ਧਿਆਨ ਹੈ। ਹੁਣ ਇਹ ਨਿੱਕੜੀ ਬੜੀ ਸਾਫ਼ ਹੈ। ਲਓ ਤੁਸੀਂ ਇਸ ਨੂੰ ਰੱਖੋ।" ਮੇਰੀ ਨੇ ਰੰਤਸੇਫ਼ਾ ਵੱਲ ਮੁੜ ਕੇ ਆਖਿਆ। "ਮੈਂ ਜਾਂਦੀ ਹਾਂ, ਕਤੂਸ਼ਾਂ ਦੀ ਮਦਦ ਕਰਦੀ ਹਾਂ, ਮੈਂ ਇਸ ਦੀ ਗੋਦੜੀ ਵੀ ਇਸ ਨੂੰ ਲਿਆ ਦਿਆਂਗੀ।"

ਰੰਤਸੇਵਾ ਨੇ ਨਿੱਕੀ ਕੁੜੀ ਨੂੰ ਗੋਦ ਵਿਚ ਲੈ ਲਿਆ, ਉਸ ਦੀਆਂ ਗੁਦਗੁਦੀਆਂ ਨੰਗੀਆਂ ਬਾਹਾਂ ਇਕ ਮਾਂ ਦੀ ਕੋਮਲਤਾ ਨਾਲ ਆਪਣੀ ਛਾਤੀ ਨਾਲ ਘੁੱਟ ਲਈਆਂ ਤੇ ਉਸ ਨੂੰ ਖੰਡ ਦਾ ਇਕ ਟੁਕੜਾ ਦਿੱਤਾ।

ਮੇਰੀ ਪਾਉਲੋਫ਼ਨਾ ਦੇ ਬਾਹਰ ਜਾਣ ਉੱਤੇ ਦੋ ਪੁਰਸ਼ ਉੱਬਲਦਾ ਪਾਣੀ ਤੇ ਰਸਦ ਪਾਣੀ ਲੈ ਕੇ ਅੰਦਰ ਆਏ।

-0-

12

ਆਉਣ ਵਾਲਿਆਂ ਵਿਚ ਇਕ ਮਧਰਾ, ਪਤਲਾ ਨੌਜਵਾਨ ਸੀ। ਉਸ ਨੇ ਉੱਚੇ ਬੂਟ ਤੇ ਭੇਡ ਦੀ ਖਲ ਦਾ ਕੱਪੜੇ ਦੇ ਪੋਸ਼ ਵਾਲਾ ਕੋਟ ਪਾਇਆ ਹੋਇਆ ਸੀ। ਉਹ ਹਲਕੇ ਤੇ ਛੂਹਲੇ ਕਦਮਾਂ ਨਾਲ, ਦੋ ਭਾਫ਼ ਛਡਦੀਆਂ ਚਾਹਦਾਨੀਆਂ ਤੇ ਇਕ ਬੱਠਲ ਵਿਚ ਕੱਪੜੇ ਵਿਚ ਲਪੇਟੀ ਰੋਟੀ ਲੈ ਕੇ ਅੰਦਰ ਆਇਆ।

"ਸੋ ਸਾਡੇ ਰਾਜਕੁਮਾਰ ਨੇ ਅੱਜ ਮੂੰਹ ਆ ਦਿਖਾਇਆ ਹੈ ਮੁੜ ਕੇ।" ਉਹ ਬੋਲਿਆ ਤੇ ਪਿਆਲਿਆ ਕੋਲ ਚਾਹਦਾਨੀਆਂ ਰੱਖ ਕੇ ਰੋਟੀ ਰੰਤਸੇਫਾ ਨੂੰ ਫੜਾ ਦਿੱਤੀ। "ਅਸਾਂ ਕਮਾਲ ਦੀਆਂ ਚੀਜ਼ਾਂ ਖ਼ਰੀਦ ਕੇ ਲਿਆਦੀਆਂ ਹਨ," ਉਹ ਠਹਿਣ ਲੱਗਾ, ਤੇ ਆਪਣੀ ਭੇਡ ਦੀ ਖਲ ਲਾਹ ਕੇ ਦੂਜਿਆਂ ਦੇ ਸਿਰਾਂ ਉਤੋਂ ਸੌਣ ਵਾਲੇ ਫੱਟੇ ਉੱਤੇ ਵਗਾਹ ਮਾਰੀ। "ਮਾਰਕਲ ਨੇ ਦੁੱਧ ਤੇ ਅੰਡੇ ਖਰੀਦੇ ਹਨ, ਸੋ ਅੱਜ ਰਾਤ ਅਸੀਂ ਇਕ ਬਾਕਾਇਦਾ ਨਾਚ ਰਚਾਵਾਂਗੇ। ਤੇ ਰੰਤਸੇਫਾ ਆਪਣੀ ਸੁਹਜਮਈ ਸਵੱਛਤਾ ਵੰਡ ਰਹੀ ਹੈ, ਤੇ ਹੁਣ ਚਾਹ ਬਣਾਵੇਗੀ।" ਉਸ ਨੇ ਆਖਿਆ ਤੇ ਰੰਤਰੇਫ਼ਾ ਵੱਲ ਮੁਸਕਰਾ ਕੇ ਵੇਖਿਆ।

ਇਸ ਪੁਰਸ਼ ਦਾ ਸਾਰਾ ਪ੍ਰਭਾਵ; ਉਸ ਦੀਆਂ ਹਰਕਤਾਂ, ਉਸ ਦੀ ਆਵਾਜ਼, ਉਸ ਦੀ ਤੱਕਣੀ, ਸਭ ਕੁੱਝ ਵਿਚੋਂ ਵਿਨੋਦ ਦਾ ਸਾਹ ਆ ਰਿਹਾ ਸੀ। ਦੂਜਾ ਇਸ ਦਾ ਮੂਲੋਂ ਉਲਟਾ ਰੂਪ ਸੀ। ਉਹ ਨਿਮੋਝੂਣ ਤੇ ਉਦਾਸ ਦਿਖਾਈ ਦੇਂਦਾ ਸੀ। ਉਹ ਮਧਰਾ ਤੇ ਹੱਡਲ ਜਿਹਾ ਸੀ। ਉਸ ਦੀ ਗੱਲਾਂ ਦੀਆਂ ਹੱਡੀਆਂ ਉਭਰਵੀਆਂ, ਰੰਗ ਮਿਟਿਆਲਾ, ਬੁਲ੍ਹ ਪੱਤਲੇ ਸਨ, ਤੇ ਉਸ ਦੀਆਂ ਸੁੰਦਰ ਹਲਕੀਆਂ ਭੂਰੀਆਂ ਅੱਖਾਂ ਵਿਚ ਜਾਣੋ ਕੁਝ ਵਧੇਰੇ ਵਿੱਥ ਸੀ। ਉਸ ਨੇ ਇਕ ਪੁਰਾਣਾ ਰੂੰ-ਭਰਿਆ ਕੋਟ ਪਾਇਆ ਹੋਇਆ ਸੀ, ਲੰਮੇ ਬੂਟ ਤੇ ਉਨ੍ਹਾਂ ਉਤੇ ਗਲੋਸ਼-ਪੱਟੀਆਂ। ਉਸ ਦੇ ਹੱਥ ਵਿਚ ਦੋ ਦੁੱਧ-ਦਾਨੀਆਂ ਤੇ ਬਰ ਦੇ ਸੱਕ ਦੇ ਦੋ ਗੋਲ ਡੱਬੇ ਸਨ, ਜੋ ਉਸ ਨੇ ਰੰਤਸੇਫਾ ਦੇ ਅੱਗੇ ਰੱਖ ਦਿੱਤੇ। ਉਸ ਨੇ ਨਖ਼ਲਿਊਦੌਫ਼ ਨੂੰ ਨਮਸਕਾਰ ਕੀਤੀ, ਕੇਵਲ

ਆਪਣੀ ਗਰਦਨ ਝੁਕਾ ਕੇ, ਉਸ ਦੀਆਂ ਅੱਖਾਂ ਉਸ ਉੱਪਰ ਟਿਕੀਆਂ ਰਹੀਆਂ। ਫਿਰ ਜਿਵੇਂ ਅਣਚਾਹੇ ਆਪਣਾ ਸਿੱਲ੍ਹਾ ਹੱਥ ਉਸ ਨਾਲ ਮਿਲਾ ਕੇ ਖਾਧ ਵਸਤਾਂ ਕੱਢਣ ਲੱਗ ਪਿਆ।

ਇਹ ਦੋਵੇਂ ਰਾਜਸ਼ੀ ਕੈਦੀ ਲੋਕਾਂ ਵਿਚੋਂ ਸਨ। ਪਹਿਲਾਂ, ਨਾਬੋਤਫ਼ੋ, ਇਕ ਕਿਰਸਾਨ ਸੀ, ਦੂਜਾ, ਮਾਰਕਲ ਕੋਂਦ੍ਰਾਤਿਏਫ਼ ਇਕ ਕਾਰਖ਼ਾਨੇ ਦਾ ਮਜ਼ਦੂਰ। ਮਾਰਕਲ ਪੂਰਾ ਆਦਮੀ ਬਣ ਕੇ ਹੀ ਕ੍ਰਾਂਤੀਵਾਦੀਆਂ ਵਿਚ ਰਲਿਆ ਸੀ, ਨਾਬਤੋਫ਼ੋ ਉਦੋਂ ਜਦੋਂ ਉਹ ਹਾਲੀ ਅਠਾਰਾਂ ਵਰ੍ਹੇ ਦਾ ਹੀ ਸੀ। ਪਿੰਡ ਦੇ ਸਕੂਲ ਵਿਚੋਂ ਨਿਕਲ ਕੇ ਨਾਬੋਤੋਫ਼ ਹਾਈ ਸਕੂਲ ਵਿਚ ਦਾਖਲ ਹੋ ਗਿਆ ਸੀ। ਆਪਣੀ ਅਸਾਧਾਰਣ ਪ੍ਰਤਿਭਾ ਦੇ ਕਾਰਣ, ਪੜ੍ਹਾਈ ਖਤਮ ਕਰਕੇ ਸੁਨਹਿਰੀ ਤਮਗਾ ਲਿਆ ਸੀ। ਜਿੰਨਾ ਚਿਰ ਉਹ ਉਥੇ ਪੜ੍ਹਦਾ ਰਿਹਾ, ਹੋਰ ਵਿਦਿਆਰਥੀਆਂ ਨੂੰ ਪੜ੍ਹਾ ਕੇ ਉਹ ਆਪਣੀ ਰੋਜ਼ੀ ਕਮਾਂਦਾ ਰਿਹਾ ਸੀ। ਉਹ ਯੂਨੀਵਰਸਿਟੀ ਵਿਚ ਨਾ ਗਿਆ, ਕਿਉਂਕਿ ਜਦੋਂ ਉਹ ਹਾਲੀ ਸਕੂਲ ਦੀ ਸਭ ਤੋਂ ਉੱਪਰਲੀ ਜਮਾਤ ਵਿਚ ਹੀ ਸੀ, ਤਾਂ ਉਸ ਨੇ ਆਪਣੇ ਲੋਕਾਂ ਵਿਚ ਜਾ ਕੇ ਆਪਣੇ ਭੁੱਲੇ ਭਟਕੇ ਭਰਾਵਾਂ ਨੂੰ ਪ੍ਰਬੁੱਧ ਕਰਨ ਦਾ ਮਨ ਬਣਾ ਲਿਆ ਸੀ। ਇਹ ਪਹਿਲਾਂ ਉਸ ਨੇ ਇਕ ਪਿੰਡ ਵਿਚ ਸਰਕਾਰੀ ਕਲਰਕ ਦੀ ਆਸਾਮੀ ਲੈ ਕੇ ਕੀਤਾ। ਪਰ ਉਹ ਛੇਤੀ ਹੀ ਗ੍ਰਿਫ਼ਤਾਰ ਹੋ ਗਿਆ, ਕਿਉਂਕਿ ਉਹ ਕਿਰਸਾਨਾਂ ਨੂੰ ਪੜ੍ਹ ਕੇ ਸੁਣਾਂਦਾ ਹੁੰਦਾ ਸੀ। ਤੇ ਉਸ ਨੇ ਉਨ੍ਹਾਂ ਵਿਚ ਇਕ ਉਦਯੋਗੀ ਸਭਾ ਬਣਾਈ ਸੀ। ਅਧਿਕਾਰੀਆਂ ਨੇ ਉਸ ਨੂੰ ਅੱਠ ਮਹੀਨੇ ਕੈਦ ਰੱਖ ਕੇ ਛੱਡ ਤਾਂ ਦਿੱਤਾ, ਪਰ ਪੁਲਿਸ ਦੀ ਨਿਗਰਾਨੀ ਉਸ ਉੱਪਰ ਰੱਖੀ ਗਈ। ਮੁਕਤ ਹੁੰਦੇ ਸਾਰ ਉਹ ਇਕ ਦੂਜੇ ਪਿੰਡ ਚਲਾ ਗਿਆ, ਉੱਥੇ ਸਕੂਲ ਦਾ ਅਧਿਆਪਕ ਬਣ ਗਿਆ, ਤੇ ਉਹ ਉਹੋ ਕੁਝ ਹੀ ਕਰਨ ਲੱਗਾ ਜੋ ਉਸ ਨੇ ਪਹਿਲੇ ਪਿੰਡ ਕੀਤਾ ਸੀ। ਉਸਨੇ ਫਿਰ ਪਕੜ ਲਿਆ ਗਿਆ, ਤੇ ਚੰਦਾਂ ਮਹੀਨੇ ਕੈਦ ਵਿਚ ਰੱਖਿਆ ਗਿਆ ਜਿਥੇ ਉਸ ਦਾ ਰਾਜਸੀ ਨਿਸ਼ਚਾ ਸਗੋਂ ਪਕੇਰਾ ਹੋ ਗਿਆ।

ਇਸ ਤੋਂ ਪਿੱਛੋਂ ਉਸ ਨੂੰ ਪਰਮ ਦੇ ਸੂਬੇ ਵਿਚ ਜਲਾਵਤਨ ਕਰ ਦਿੱਤਾ ਗਿਆ ਜਿਥੋਂ ਉਹ ਦੌੜ ਗਿਆ। ਪਕੜੇ ਜਾਣ ਉੱਤੇ ਉਸ ਨੂੰ ਸੱਤ ਮਹੀਨੇ ਦੀ ਕੈਦ ਕੱਟਣੀ ਪਈ ਤੇ ਆਰਕੈਂਜਲ ਵਿਚ ਜਲਾਵਤਨ ਕੀਤਾ ਗਿਆ ਸੀ। ਉਸ ਨੇ ਫਿਰ ਦੌੜ ਜਾਣ ਦਾ ਯਤਨ ਕੀਤਾ ਪਰ ਉਹ ਫਿਰ ਪਕੜਿਆ ਗਿਆ, ਤੇ ਐਤਕੀਂ ਉਸ ਨੂੰ ਯਾਕੂਤਸਕ ਸੂਬੇ ਵਿਚ ਜਲਾਵਤਨੀ ਦੀ ਸਜ਼ਾ ਮਿਲੀ। ਇਸ ਤਰ੍ਹਾਂ ਲੜਕਪਨ ਤੋਂ ਪਿਛਲੀ ਉਸ ਦੀ ਅੱਧੀ ਉਮਰ ਕੈਦ ਤੇ ਪ੍ਰਵਾਸ ਵਿਚ ਲੰਘੀ ਸੀ। ਇਨ੍ਹਾਂ ਸਾਰੀਆਂ ਘਟਨਾਵਾਂ ਨੇ ਉਸ ਵਿਚ ਕੁੜੱਤਣ ਨਾ

ਉਪਜਾਈ, ਤੇ ਉਸ ਦੀ ਸ਼ਕਤੀ ਨੂੰ ਸਿਥਲ ਨਾ ਕੀਤਾ, ਸਗੋਂ ਉਤੇਜਿਤ ਕਰ ਦਿੱਤਾ। ਉਹ ਇਕ ਸਜਿੰਦ ਨੌਜਵਾਨ ਸੀ, ਤਕੜੇ ਹਾਜ਼ਮੇ ਵਾਲਾ, ਸਦਾ ਸਫ਼ੁਰਤ, ਖ਼ੁਸ ਤੇ ਹਿੰਮਤੀ। ਉਸ ਨੇ ਕਦੀ ਕਿਸੇ ਗੱਲ ਦਾ ਪਛਤਾਵਾ ਨਹੀਂ ਸੀ ਕੀਤਾ, ਕਦੀ ਬਹੁਤੀ ਦੂਰ ਦੀ ਨਹੀਂ ਸੀ ਸੋਚੀ, ਤੇ ਆਪਣੀਆਂ ਸਾਰੀਆਂ ਸ਼ਕਤੀਆਂ, ਆਪਣੀ ਚੁਸਤੀ ਤੇ ਆਪਣਾ ਕੰਮ ਕਾਜ ਦਾ ਗਿਆਨ ਵਰਤਮਾਨ ਨੂੰ ਅਰਪਣ ਕੀਤਾ। ਜਦੋਂ ਆਜ਼ਾਦ ਸੀ, ਉਹ ਆਪਣੇ ਬਣਾਏ ਹੋਏ ਮਨੋਰਥ ਦੀ ਦਿਸ਼ਾ ਵਿਚ ਯਤਨ ਸ਼ੀਲ ਰਿਹਾ, ਕਿਰਤੀਆਂ, ਖਾਸ ਕਰਕੇ ਪੇਂਡੂ ਮਜ਼ਦੂਰਾਂ ਨੂੰ ਪ੍ਰਬੁੱਧ ਤੇ ਸੰਗਠਿਤ ਕਰਨ ਵੱਲ। ਕੈਦ ਵਿਚ ਵੀ ਉਹ ਉੱਨਾ ਹੀ ਕਿਰਿਆਸ਼ੀਲ ਤੇ ਵਿਵਹਾਰਕ ਸੀ। ਬਾਹਰਲੀ ਦੁਨੀਆਂ ਨਾਲ ਸੰਪਰਕ ਕਰਨ ਦੇ ਸਾਧਨ ਲੱਭਣ ਵਿਚ ਤੇ ਆਪਣਾ ਤੇ ਆਪਣੀ ਜੁੰਡਲੀ ਦਾ ਜੀਵਨ ਉੱਨਾ ਸੰਵਾਰਨ ਵਿਚ ਜਿੰਨੇ ਦੀ ਹਾਲਤ ਇਜਜ਼ਾਤ ਦੇਂਦੇ ਸਨ। ਸਭ ਤੋਂ ਵੱਡੀ ਗੱਲ ਉਹ ਸਮਾਜਕ ਪੱਖ ਤੋਂ ਚੇਤੰਨ ਤੇ ਮਿਲਨਸਾਰ ਸੀ ਤੇ ਪੰਚਾਇਤ ਦਾ ਮੈਂਬਰ ਸੀ, ਜਿਵੇਂ ਉਸ ਨੂੰ ਸੁਝਦਾ ਸੀ, ਉਹ ਆਪਣੇ ਲਈ ਕੁਛ ਨਹੀਂ ਚਾਹੁੰਦਾ ਸੀ, ਪਰ ਆਪਣੇ ਸਾਥੀਆਂ ਲਈ ਬਹੁਤ ਕੁਝ ਦੀ ਮੰਗ ਕਰਦਾ ਸੀ, ਤੇ ਇਸ ਲਈ, ਤਨ ਤੇ ਮਨ ਦੋਹਾਂ ਨਾਲ, ਦਿਨ ਰਾਤ, ਭੁੱਖੇ ਰਹਿ ਕੇ ਤੇ ਉਨੀਂਦੇਰ ਜਾਗ ਕੇ ਵੀ ਇਸ ਮਨੋਰਥ ਲਈ ਕੰਮ ਕਰ ਸਕਦਾ ਸੀ। ਇਕ ਕਿਰਸਾਨ ਦੇ ਰੂਪ ਵਿਚ ਉਹ ਮਿਹਨਤੀ, ਚੋਖ ਵਾਲਾ, ਤੇ ਆਪਣੇ ਕੰਮ ਵਿਚ ਚੁਸਤ ਸੀ, ਉਹ ਸੁਭਾਵਕ ਹੀ ਆਤਮ-ਸੰਜਮੀ, ਬਗੈਰ ਵਿਸ਼ੇਸ਼ ਯਤਨ ਦੇ ਸ਼ਿਸ਼ਟ, ਤੇ ਦੂਜਿਆਂ ਦੀ ਇਛਾਵਾਂ ਵੱਲ ਹੀ ਨਹੀਂ ਉਨ੍ਹਾਂ ਦੇ ਮੱਤ ਵਿਚਾਰ ਵੱਲ ਵੀ ਧਿਆਨ ਦੇਣ ਵਾਲਾ ਸੀ। ਉਸ ਦੀ ਵਿਧਵਾ ਮਾਂ ਇਕ ਅਨਪੜ੍ਹ, ਭਰਮ-ਗ੍ਰਸੀ, ਬੁੱਢੀ ਕਿਰਸਾਨ ਇਸਤਰੀ, ਹਾਲੀ ਜੀਉਂਦੀ ਸੀ, ਤੇ ਨਾਬੋਤੋੜ ਉਸ ਦੀ ਮਦਦ ਕਰਦਾ ਸੀ, ਤੇ ਜਦੋਂ ਆਜ਼ਾਦ ਹੁੰਦਾ ਉਸ ਪਾਸ ਜਾਂਦਾ ਵੀ ਸੀ। ਜੋ ਸਮਾਂ ਉਹ ਘਰ ਬਿਤਾਂਦਾ ਉਸ ਵਿਚ ਉਹ ਆਪਣੀ ਮਾਂ ਦੇ ਜੀਵਨ ਦੇ ਸਾਰੇ ਹਿਤਾਂ ਵਿਚ ਉਸ ਨਾਲ ਸ਼ਾਮਲ ਹੋ ਜਾਂਦਾ, ਉਸ ਦੇ ਕੰਮ-ਕਾਰ ਵਿਚ ਉਸ ਦੀ ਮਦਦ ਕਰਦਾ ਆਪਣੇ ਪੁਰਾਣੇ ਖੇਡ ਸਾਥੀਆਂ ਨਾਲ ਸੰਪਰਕ ਬਣਾਈ ਰੱਖਦਾ, ਉਨ੍ਹਾਂ ਦੀ ਸੰਗਤ ਵਿਚ ਕੁੱਤੇ-ਪੰਜੇ, ਸਸਤੇ ਤੰਮਾਕੂ ਦੇ ਸਿਗਰਟ ਵੀ ਪੀਂਦਾ, ਤੇ ਉਨ੍ਹਾਂ ਦੀਆਂ ਮੁੱਕੇਬਾਜ਼ੀਆਂ ਵਿਚ ਹਿੱਸਾ ਲੈਂਦਾ। ਨਾਲ ਹੀ ਉਹ ਉਨ੍ਹਾਂ ਨੂੰ ਸਮਝਾਂਦਾ ਕਿਵੇਂ ਸਰਕਾਰ ਉਨ੍ਹਾਂ ਨੂੰ ਧੋਖਾ ਦੇ ਰਹੀ ਸੀ, ਤੇ ਕਿਵੇਂ ਉਹ ਉਨ੍ਹਾਂ ਨਾਲ ਹੋ ਰਹੇ ਇਸ ਧੋਖੇ ਵਿਚੋਂ ਆਪਣਾ ਲੜ ਛੁਡਾ ਸਕਦੇ ਸਨ। ਜਦੋਂ ਉਹ ਉਨ੍ਹਾਂ ਗੱਲਾਂ ਬਾਰੇ ਸੋਚਦਾ ਜਾਂ ਦੱਸਦਾ ਜੋ

ਕ੍ਰਾਂਤੀ ਨਾਲ ਆਉਣਗੀਆਂ, ਉਸ ਦੀ ਕਲਪਨਾ ਵਿਚ ਉਹ ਲੋਕ ਜਿਨ੍ਹਾਂ ਵਿਚੋਂ ਉਹ ਆਪ ਉਠਿਆ ਸੀ, ਵੱਧ ਜਾਂ ਘੱਟ ਉਸੇ ਦਸ਼ਾ ਵਿਚ ਹੁੰਦੇ ਜੋ ਉਨ੍ਹਾਂ ਦੀ ਹੁਣ ਸੀ, ਪਰ ਗੁਜ਼ਾਰੇ ਜੋਗੀ ਭੋਇੰ ਨਾਲ ਤੇ ਅਮੀਰਾਂ ਤੇ ਅਧਿਕਾਰੀਆਂ ਤੋਂ ਬਿਨਾਂ ਉਸ ਅਨੁਸਾਰ ਕ੍ਰਾਂਤੀ ਨੂੰ ਤੇ ਇਸ ਵਿਚ ਉਹ ਨੋਵੋਦਵੋਰੇਫ਼ ਤੇ ਉਸ ਦੇ ਅਨੁਯਾਈ ਮਾਰਕਲ ਕੋਂਦਾਤਿਏਫ਼ ਨਾਲ ਮੱਤ-ਭੇਦ ਰੱਖਦਾ ਸੀ-ਲੋਕਾਂ ਦੇ ਜੀਵਨ ਦੇ ਆਧਾਰ-ਰੂਪਾਂ ਨੂੰ ਨਹੀਂ ਬਦਲਣਾ ਚਾਹੀਦਾ, ਸਾਰੇ ਨਿਰਮਾਣ ਨੂੰ ਭੰਨ-ਤੋੜ ਨਹੀਂ ਸੁੱਟਣਾ ਚਾਹੀਦਾ, ਪਰ ਇਸ ਸੁੰਦਰ ਤਕੜੇ, ਵਡਾਕਾਰ ਪੁਰਾਣੇ ਨਿਰਮਾਣ ਦੀਆਂ, ਜਿਸ ਨੂੰ ਉਹ ਬਹੁਤ ਪਿਆਰ ਕਰਦਾ ਸੀ ਅੰਦਰਲੀਆਂ ਕੰਧਾਂ ਹੀ ਬਦਲਾਉਣੀਆਂ ਚਾਹੀਦੀਆਂ ਹਨ।

ਆਪਣੇ ਧਾਰਮਿਕ ਵਿਚਾਰਾਂ ਵਿਚ ਵੀ ਉਹ ਨਮੂਨੇ ਦਾ ਕਿਰਸਾਨ ਸੀ। ਉਹ ਅਧਿਆਤਮਕ ਪ੍ਰਸ਼ਨਾਂ ਉੱਤੇ, ਸਭ ਮੁੱਢਾਂ ਦੇ ਮੁੱਢ ਜਾ ਭਾਵੀ ਜੀਵਨ ਬਾਰੇ, ਕਦੀ ਨਹੀਂ ਸੀ ਸੋਚਦਾਂ। ਅਰਾਗੋ ਵਾਕਰ, ਈਸ਼ਵਰ ਉਸ ਲਈ ਇਕ ਅਜਿਹੀ ਪਰਿਕਲਪਨਾ ਸੀ ਜਿਸ ਦੀ ਉਸ ਨੂੰ ਹਾਲੀ ਤੱਕ ਲੋੜ ਨਹੀਂ ਪਈ। ਉਹ ਦੁਨੀਆ ਦੇ ਮੂਲ ਬਾਰੇ ਚਿੰਤਾ ਨਹੀਂ ਸੀ ਕਰਦਾ, ਤੇ ਉਸ ਨੂੰ ਇਹ ਪਰਵਾਹ ਨਹੀਂ ਸੀ ਕਿ ਮੂਸਾ ਠੀਕ ਸੀ ਜਾਂ ਡਾਰਵਿਨ। ਡਾਰਵਿਨਵਾਦ, ਜੋ ਉਸ ਦੇ ਸਾਥੀਆਂ ਨੂੰ ਬਹੁਤ ਮਹੱਤਵ-ਪੂਰਣ ਲਗਦਾ ਸੀ, ਉਸ ਲਈ ਮਨੁੱਖੀ ਮਨ ਵੀ ਉਸੇ ਤਰ੍ਹਾਂ ਦੀ ਖੇਡ ਸੀ ਜਿਸ ਤਰ੍ਹਾਂ ਛਿਆਂ ਦਿਨਾਂ ਵਿਚ ਸਾਰੀ ਸ੍ਰਿਸ਼ਟੀ ਦਾ ਰਚਿਆ ਜਾਣਾ।

ਇਹ ਪ੍ਰਸ਼ਨ ਕਿ ਦੁਨੀਆ ਕਿਵੇਂ ਉਤਪੰਨ ਹੋਈ; ਉਸ ਨੂੰ ਵੰਗਾਰਦਾ ਨਹੀਂ ਸੀ, ਇਸ ਲਈ ਕਿ ਉਸ ਦੇ ਸਾਮ੍ਹਣੇ ਸਦਾ ਇਹ ਪ੍ਰਸ਼ਨ ਖੜਾ ਰਹਿੰਦਾ ਸੀ ਕਿ ਇਸ ਦੁਨੀਆ ਵਿਚ ਉੱਤਮ ਢੰਗ ਨਾਲ ਕਿਵੇਂ ਜੀਉਣਾ ਹੈ। ਉਸ ਨੇ ਕਿਸੇ ਭਾਵੀ ਜੀਵਨ ਬਾਰੇ ਕਦੀ ਨਹੀਂ ਸੋਚਿਆ ਸੀ। ਉਸ ਦੀ ਆਤਮਾ ਦੀਆਂ ਡੂੰਘਾਣਾਂ ਵਿਚ ਇਹ ਦ੍ਰਿੜ੍ਹ ਤੇ ਸ਼ਾਂਤ ਨਿਸ਼ਚਾ ਸੀ, ਜੋ ਉਸ ਨੇ ਆਪਣੇ ਪਿਤਰਾਂ ਤੋਂ ਵਿਰਾਸਤ ਵਿਚ ਲਿਆ ਸੀ ਤੇ ਜੋ ਭੋਇੰ ਉੱਤੇ ਕੰਮ ਕਰਨ ਵਾਲੇ ਸਾਰੇ ਕਾਮਿਆਂ ਵਿਚ ਸਾਂਝਾ ਹੈ। ਕਿ ਜਿਵੇਂ ਵਨਸਪਤ ਤੇ ਪਸ਼ੂ ਸ੍ਰਿਸ਼ਟੀ ਵਿਚ ਕੁਝ ਵੀ ਨਿਰਹੋਂਦ ਨਹੀਂ ਹੋ ਜਾਂਦਾ, ਕੇਵਲ ਹਰ ਚੀਜ਼ ਨਿਰੰਤਰ ਰੂਪ ਬਦਲਦੀ ਰਹਿੰਦੀ ਹੈ—ਖਾਦ ਦਾਣੇ ਵਿਚ, ਦਾਣਾ ਖਾਧ ਵਿਚ, ਬੱਚਾ ਡੱਡੂ ਵਿਚ, ਸੁੰਡੀ ਭੰਵੀਰੀ ਵਿਚ, ਤੇ ਬੀਜ ਬਲੂਤ ਜੇਹੇ ਬਿਰਛ ਵਿਚ ਉਸੇ ਪ੍ਰਕਾਰ ਮਨੁੱਖ ਦਾ ਵਿਕਾਸ ਨਹੀਂ ਹੁੰਦਾ, ਕੇਵਲ ਰੂਪ ਬਦਲ ਜਾਂਦਾ

ਹੈ। ਉਸ ਦਾ ਇਹ ਪੱਕਾ ਵਿਸ਼ਵਾਸ ਸੀ। ਇਸ ਲਈ ਉਹ ਮੌਤ ਅੱਗੇ ਅੱਖਾਂ ਨੀਵੀਆਂ ਨਹੀਂ ਸੀ ਕਰ ਲੈਂਦਾ, ਤੇ ਉਨ੍ਹਾਂ ਕਸ਼ਟਾਂ ਨੂੰ ਜੋ ਇਸ ਵੱਲ ਲੈ ਜਾਂਦੇ ਹਨ, ਦਲੇਰੀ ਨਾਲ ਸਹਾਰਦਾ ਸੀ। ਪਰ ਉਸ ਨੂੰ ਪਰਵਾਹ ਨਹੀਂ ਸੀ ਤੇ ਨਾ ਪਤਾ ਸੀ ਕਿ ਇਸ ਬਾਰੇ ਗੱਲ ਕਿਵੇਂ ਕਰਨੀ ਹੈ। ਉਸ ਨੂੰ ਕੰਮ ਨਾਲ ਪਿਆਰ ਸੀ, ਤੇ ਉਹ ਸਦਾ ਕਿਸੇ ਕਾਰ-ਵਿਹਾਰ ਵਿਚ ਲੱਗਾ ਰਹਿੰਦਾ, ਤੇ ਆਪਣੇ ਸਾਥੀਆਂ ਨੂੰ ਉਸ ਦਸ਼ਾ ਦੀ ਪ੍ਰੇਰਣਾ ਦੇਂਦਾ ਰਹਿੰਦਾ।

ਲੋਕਾਂ ਵਿਚੋਂ ਹੀ ਆਇਆ ਦੂਜਾ ਕੈਦੀ, ਮਾਰਕਲ ਕੌਂਦ੍ਰਾਤਿਏਫ਼ ਇਕ ਬਹੁਤ ਵੱਖਰੀ ਕਿਸਮ ਦਾ ਆਦਮੀ ਸੀ। ਉਹ ਪੰਦਰਾਂ ਸਾਲ ਦੀ ਉਮਰ ਵਿਚ ਕੰਮ ਉੱਤੇ ਲੱਗ ਗਿਆ ਸੀ, ਤੇ ਆਪਣੇ ਉੱਤੇ ਅਨਿਆਇ ਹੋਣ ਦੇ ਅਸਪਸ਼ਟ ਜਿਹੇ ਭਾਵ ਨੂੰ ਦਬਾਣ ਲਈ ਤਮਾਕੂ ਤੇ ਸ਼ਰਾਬ ਪੀਣ ਲੱਗ ਗਿਆ ਸੀ। ਉਸ ਨੂੰ ਆਪਣੇ ਉੱਤੇ ਅਨਿਆਇ ਹੋਣ ਦੀ ਸੋਝੀ ਕ੍ਰਿਸਮਿਸ ਦੇ ਇਕ ਦਿਨ ਹੋਈ, ਜਦੋਂ ਮਾਲਕ ਦੀ ਪਤਨੀ ਨੇ ਉਨ੍ਹਾਂ (ਕਾਰਖਾਨੇ ਦੇ ਮਜ਼ਦੂਰਾਂ ਦੇ ਬੱਚਿਆਂ) ਨੂੰ ਇਕ ਦਿਨ ਆਪਣੇ ਬਣਾਏ ਕ੍ਰਿਸਮਿਸ ਬਿਰਛ ਦੀ ਰਸਮ ਉੱਤੇ ਸੱਦਿਆ, ਉਥੇ ਉਸ ਨੂੰ ਇਕ ਪੈਸੇ ਵਾਲੀ ਸੀਟੀ, ਇਕ ਸੇਬ, ਇਕ ਸੁਨਹਿਰੀ ਰੰਗ ਕੀਤਾ ਹੋਇਆ ਅਖਰੋਟ, ਇਕ ਅੰਜੀਰ ਮਿਲੇ, ਜਦੋਂ ਮਾਲਿਕ ਦੇ ਬੱਚਿਆਂ ਨੂੰ ਅਜੇਹੇ ਤੁਹਫ਼ੇ ਮਿਲੇ ਜੋ ਜਾਣੋ ਪਰੀਆਂ ਦੇ ਦੇਸ਼ ਵਿਚੋਂ ਆਏ ਹੋਣ ਤੇ ਜਿਨ੍ਹਾਂ ਉੱਤੇ, ਜਿਵੇਂ ਉਸ ਨੂੰ ਪਿੱਛੋਂ ਜਾ ਕੇ ਪਤਾ ਲੱਗਾ, ਪੰਜਾਹ ਰੂਬਲ ਖ਼ਰਚ ਆਏ ਸਨ। ਜਦੋਂ ਉਹ ਤੀਹ ਵਰ੍ਹੇ ਦਾ ਹੋਇਆ, ਇਕ ਪ੍ਰਸਿੱਧ ਕ੍ਰਾਂਤੀਵਾਦੀ ਕੁੜੀ ਉਨ੍ਹਾਂ ਦੇ ਕਾਰਖ਼ਾਨੇ ਵਿਚ ਮਜ਼ਦੂਰੀ ਕਰਨ ਆ ਲੱਗੀ। ਕੰਦ੍ਰਾਤਿਏਫ ਵਿਚ ਸਾਧਾਰਣ ਨਾਲੋਂ ਵਧੇਰੇ ਲਿਆਕਤ ਤਾੜ ਕੇ ਉਹ ਕੁੜੀ ਉਸ ਨੂੰ ਪੜ੍ਹਨ ਲਈ ਕਿਤਾਬਾਂ ਤੇ ਚਿੱਠੇ ਦੇਣ ਲੱਗ ਪਈ, ਉਸ ਨੂੰ ਉਸ ਦੀ ਸਥਿਤੀ ਤੇ ਇਸ ਨੂੰ ਸੁਧਾਰਨ ਬਾਰੇ ਦੱਸਣ ਲੱਗੀ ਜਦੋਂ ਆਪਣੇ ਆਪਨੂੰ ਤੇ ਹੋਰਾਂ ਨੂੰ ਅੱਤਿਆਚਾਰ ਤੋਂ ਮੁਕਤ ਕਰਾਉਣ ਦੀ ਸੰਭਾਵਨਾ ਉਸ ਦੇ ਮਨ ਨੂੰ ਸਪਸ਼ਟ ਹੋ ਗਈ, ਤਾਂ ਵਰਤਮਾਨ ਸਥਿਤੀ ਦਾ ਅਨਿਆਇ ਉਸ ਨੂੰ ਹੋਰ ਵੀ ਕਠੋਰ ਤੇ ਵਿਕਰਾਲ ਅਨੁਭਵ ਹੋਣ ਲੱਗਾ, ਤੇ ਉਹ ਤਨੋਂ ਮਨੋਂ ਨਾ ਕੇਵਲ ਆਪਣੇ ਛੁਟਕਾਰੇ ਲਈ ਤਾਂਘਣ ਲੱਗਾ। ਸਗੋਂ ਉਨ੍ਹਾਂ ਨੂੰ ਸਜ਼ਾ ਦੇਣ ਲਈ ਵੀ ਜੋ ਇਸ ਕਠੋਰ ਅਨਿਆਇ ਨੂੰ ਚਲਾ ਰਹੇ ਹਨ। ਉਸ ਨੂੰ ਦੱਸਿਆ ਗਿਆ ਕਿ ਇਹ ਸੰਭਾਵਨਾ ਕੇਵਲ ਗਿਆਨ ਤੋਂ ਮਿਲ ਸਕਦੀ ਸੀ; ਤੇ ਕੌਂਦ੍ਰਾਤਿਏਫ਼ ਪੂਰੇ ਤਨ ਮਨ ਨਾਲ ਗਿਆਨ-ਪ੍ਰਾਪਤੀ ਪਿੱਛੇ ਲੱਗ ਗਿਆ। ਉਸ ਨੂੰ ਇਹ ਸਪਸ਼ਟ ਨਹੀਂ ਸੀ ਕਿ ਗਿਆਨ ਤੋਂ ਸਮਾਜਵਾਦੀ ਆਦਰਸ਼ ਦੀ

ਸਿੱਧੀ ਕਿਵੇਂ ਹੋ ਜਾਵੇਗੀ, ਪਰ ਉਸ ਦਾ ਵਿਸ਼ਵਾਸ਼ ਸੀ ਕਿ ਉਹ ਗਿਆਨ, ਜਿਸ ਨੇ ਉਸ ਨੂੰ ਜੀਵਨ ਦੀਆਂ ਪਰਿਸਵਿਤੀਆਂ ਦਾ ਅਨਿਆਇ ਦਰਸਾ ਦਿੱਤਾ ਸੀ, ਇਸ ਅਨਿਆਇ ਦਾ ਅੰਤ ਵੀ ਕਰ ਸਕੇਗਾ। ਨਾਲੇ, ਉਸ ਦੇ ਖ਼ਿਆਲ ਵਿਚ ਗਿਆਨ ਉਸ ਨੂੰ ਦੂਜਿਆਂ ਤੋਂ ਉਚੇਰਾ ਉਠਾਵੇਗਾ, ਇਸ ਲਈ ਉਸ ਨੇ ਤਮਾਕੂ ਤੇ ਸ਼ਰਾਬ ਪੀਣਾ ਛੱਡ ਦਿੱਤਾ, ਤੇ ਆਪਣਾ ਸਾਰਾ ਵਿਹਲਾ ਸਮਾਂ ਉਸ ਨੇ ਪੜ੍ਹਨ ਲਿਖਣ ਵਲ ਲਗਾ ਦਿਤਾ।

ਕ੍ਰਾਂਤੀਵਾਦੀ ਕੁੜੀ ਨੇ ਉਸ ਨੂੰ ਪੜ੍ਹਾਇਆ, ਤੇ ਹਰ ਪ੍ਰਕਾਰ ਦੇ ਗਿਆਨ ਲਈ ਉਸ ਦੀ ਭੁੱਖ ਤੇ ਉਸ ਸੌਖ ਨੇ ਜਿਸ ਨਾਲ ਉਹ ਇਸ ਨੂੰ ਗ੍ਰਹਿਣ ਕਰ ਲੈਂਦਾ ਸੀ ਉਸ ਨੂੰ ਹੈਰਾਨ ਕਰ ਦਿੱਤਾ। ਦੋ ਵਰ੍ਹਿਆਂ ਵਿਚ ਅਲਜਬਰੇ, ਜਯੋਮਿਤੀ, ਤੇ ਇਤਿਹਾਸ ਵਿਚ (ਜਿਸ ਦਾ ਉਸ ਨੂੰ ਖ਼ਾਸ ਸ਼ੌਕ ਸੀ) ਉਹ ਤਾਕ ਹੋ ਗਿਆ। ਉਸ ਨੂੰ ਕਾਵਿ ਤੇ ਗਲਪ, ਤੇ ਆਲੋਚਨਾਤਮਕ, ਖ਼ਾਸ ਕਰ ਕੇ ਸਮਾਜਵਾਦੀ ਸਾਹਿਤ ਨਾਲ ਚੰਗੀ ਜਾਣ-ਪਛਾਣ ਹੋ ਗਈ। ਕ੍ਰਾਂਤੀਵਾਦੀ ਕੁੜੀ ਗ੍ਰਿਫ਼ਤਾਰ ਹੋ ਗਈ ਤੇ ਉਸ ਦੇ ਨਾਲ ਹੀ ਕੌਂਦ੍ਰਤਿਏਫ਼। ਉਨ੍ਹਾਂ ਪਾਸੋਂ ਵਿਵਰਜਿਤ ਪੁਸਤਕਾਂ ਨਿਕਲੀਆਂ ਸਨ। ਉਨ੍ਹਾਂ ਨੂੰ ਕੈਦ ਕਰ ਕੇ ਵੋਲਗਦਾ ਸੂਬੇ ਵਿਚ ਪ੍ਰਵਾਸ ਵਿਚ ਭੇਜ ਦਿੱਤਾ ਗਿਆ। ਉਥੇ ਕੌਂਦ੍ਰਤਿਏਫ਼ ਨੋਵੋਦਵੋਰੇਫ਼ ਦਾ ਜਾਣੂ ਬਣ ਗਿਆ। ਉਸ ਨੇ ਹੋਰ ਬਹੁਤ ਸਾਰਾ ਕ੍ਰਾਂਤੀਵਾਦੀ ਸਾਹਿਤ ਪੜ੍ਹਿਆ। ਇਸ ਸਾਰੇ ਨੂੰ ਯਾਦ ਕੀਤਾ ਤੇ ਉਹ ਆਪਣੇ ਸਮਾਜਵਾਦੀ ਵਿਚਾਰਾਂ ਵਿਚ ਹੋਰ ਵੀ ਪੱਕਾ ਹੋ ਗਿਆ। ਪ੍ਰਵਾਸ ਤੋਂ ਪਿੱਛੋਂ ਉਸ ਨੇ ਇਕ ਵੱਡੀ ਹੜਤਾਲ ਵਿਚ ਅਗਵਾਈ ਕੀਤੀ, ਜੋ ਕਾਰਖ਼ਾਨੇਦਾਰ ਦੀ ਮੌਤ ਤੇ ਕਾਰਖਾਨੇ ਦੀ ਤਬਾਹੀ ਨਾਲ ਸਮਾਪਤ ਹੋਈ। ਉਸ ਨੂੰ ਫਿਰ ਗ੍ਰਿਫਤਾਰ ਕਰ ਲਿਆ ਗਿਆ ਤੇ ਸਾਇਬੇਰੀਆ ਭੇਜ ਦਿੱਤਾ ਗਿਆ।

ਉਸ ਦੇ ਧਾਰਮਕ ਵਿਚਾਰ ਵੀ ਉਸੇ ਪ੍ਰਕਾਰ ਨਿਖੇਧਾਤਮਕ ਸੁਭਾਵ ਦੇ ਸਨ ਜਿਵੇਂ ਵਰਤਮਾਨ ਆਰਥਿਕ ਪਰਿਸਥਿਤੀਆਂ ਬਾਰੇ। ਜਿਹੜੇ ਧਰਮ ਵਿਚ ਉਸ ਦੀ ਪਾਲਨਾ ਹੋਈ ਸੀ, ਉਸ ਦੀ ਨਿਰਥਕਤਾ ਨੂੰ ਜਾਂਚ ਕੇ ਤੇ ਬੜੇ ਯਤਨ ਨਾਲ ਇਸ ਤੋਂ ਮੁਕਤ-ਭਾਵ ਹੋ ਕੇ; ਪਹਿਲਾਂ ਡਰਦੇ ਡਰਦੇ ਤੇ ਫਿਰ ਮੌਜ ਨਾਲ —ਉਹ ਪੁਜਾਰੀਆਂ ਤੇ ਧਾਰਮਕ ਮਤ ਸਿਧਾਂਤ ਦਾ ਕਰਾਰਾ ਤੇ ਵਿਸ਼ੈਲਾ ਪ੍ਰਹਾਸ ਕਰਦਾ ਥਕਦਾ ਨਹੀਂ ਸੀ, ਜਿਵੇਂ ਉਸ ਧੋਖੇ ਦਾ ਜੋ ਉਸ ਨਾਲ ਤੇ ਉਸ ਦੇ ਵੱਡ ਵਡੇਰਿਆਂ ਨਾਲ ਹੁੰਦਾ ਰਿਹਾ ਸੀ, ਬਦਲਾ ਲੈਣਾ ਚਾਹੁੰਦਾ ਹੋਵੇ।

ਉਹ ਤਿਆਗੀ ਸੁਭਾਵ ਦਾ ਸੀ, ਤੇ ਬਹੁਤ ਥੋੜੇ ਉੱਤੇ ਸੰਤੁਸ਼ਟ ਸੀ ਤੇ ਸਭਨਾਂ ਵਾਕਰ ਜੋ ਬਚਪਨ ਤੋਂ ਕੰਮ ਕਰਨ ਦੇ ਆਦੀ ਹੁੰਦੇ ਹਨ, ਉਹ ਕਿਸੇ ਦਸਤਕਾਰੀ ਕੰਮ ਵਿਚ ਵੀ ਛੁਹਲਾ ਸੀ, ਤੇ ਸੌਖ ਨਾਲ ਤੇ ਬਹੁਤ ਚਿਰ ਕੰਮ ਕਰ ਸਕਦਾ ਸੀ। ਪਰ ਜਿਸ ਗੱਲ ਦਾ ਉਹ ਬਹੁਤ ਮੁੱਲ ਸਮਝਦਾ ਸੀ, ਉਹ ਜੇਲ੍ਹਾਂ ਤੇ ਪੜ੍ਹਾਵਾਂ ਵਿਚ ਮਿਲਦੀ ਵਿਹਲ ਸੀ, ਜਿਸ ਵਿਚ ਉਹ ਆਪਣੇ ਅਧਿਐਨ ਨੂੰ ਜਾਰੀ ਰੱਖ ਸਕਦਾ ਸੀ। ਹੁਣ ਉਹ ਕਾਰਲ ਮਾਰਕਸ ਦੀ ਪਹਿਲੀ ਪੋਥੀ ਪੜ੍ਹ ਰਿਹਾ ਸੀ ਤੇ ਇਸ ਪੁਸਤਕ ਨੂੰ ਬੜੀ ਚੌਕਸੀ ਨਾਲ ਆਪਣੇ ਥੈਲੇ ਵਿਚ ਲੁਕਾਈ ਰੱਖਦਾ ਸੀ ਜਿਵੇਂ ਇਹ ਕੋਈ ਵੱਡਾ ਖਜ਼ਾਨਾ ਹੋਵੇ। ਨੋਵੋਦਵੋਰੇਫ਼ ਤੋਂ ਬਿਨਾਂ ਆਪਣੇ ਸਾਰੇ ਸਾਥੀਆਂ ਵੱਲ ਉਸ ਦਾ ਵਤੀਰਾ ਘੁੱਟਵਾਂ ਤੇ ਬੇਪਰਵਾਹ ਜੇਹਾ ਸੀ। ਨੋਵੋਦਵੋਰੇਫ਼ ਨਾਲ ਉਸ ਦਾ ਬਹੁਤ ਜ਼ਿਆਦਾ ਲਗਾਉ ਸੀ, ਤੇ ਸਭ ਵਿਸ਼ਿਆਂ ਉੱਤੇ ਉਸ ਦੇ ਵਿਚਾਰਾਂ ਨੂੰ ਉਹ ਸ਼ੰਕਾਹੀਣ ਸੱਤ ਸਮਝਦਾ ਸੀ।

ਇਸਤ੍ਰੀਆਂ ਵੱਲ ਉਸ ਨੂੰ ਬੇਓੜਕੀ ਘ੍ਰਿਣਾ ਸੀ। ਉਨ੍ਹਾਂ ਨੂੰ ਉਹ ਸਭ ਪ੍ਰਕਾਰ ਦੇ ਲਾਭਕਾਰੀ ਕੰਮ ਵਿਚ ਇਕ ਰੋਕ ਸਮਝਦਾ ਸੀ। ਪਰ ਮਸਲੌਫ਼ਾ ਉੱਤੇ ਉਸ ਨੂੰ ਤਰਸ ਆਉਂਦਾ ਸੀ ਤੇ ਉਹ ਉਸ ਵੱਲ ਉਹ ਬੜਾ ਕੋਮਲ ਚਿੱਤ ਸੀ, ਕਿਉਂਕਿ ਉਹ ਉਸ ਨੂੰ ਉਸ ਢੰਗ ਦਾ ਇਕ ਉਦਾਹਰਣ ਸਮਝਦਾ ਸੀ ਜਿਸ ਨਾਲ ਉਪਰਲੀਆਂ ਸ਼੍ਰੇਣੀਆਂ ਨੀਵੀਆਂ ਦਾ ਸ਼ੋਸ਼ਣ ਕਰਦੀਆਂ ਹਨ। ਇਸੇ ਕਾਰਣ ਉਹ ਨਖ਼ਲਿਊਦੌਫ਼ ਨੂੰ ਪੰਸਦ ਨਹੀਂ ਸੀ ਕਰਦਾ। ਉਹ ਉਸ ਨਾਲ ਬਹੁਤ ਘੱਟ ਗੱਲ ਕਰਦਾ ਤੇ ਆਪ ਉਸ ਦਾ ਹੱਥ ਕਦੀ ਨਾ ਘੁੱਟਦਾ, ਜਦੋਂ ਉਸ ਨੂੰ ਮਿਲਦਾ ਤਾਂ ਕੇਵਲ ਆਪਣੇ ਹੱਥ ਉਸ ਦੇ ਘੁੱਟਣ ਲਈ ਵਧਾ ਦੇਂਦਾ।

-0-

13

ਅੱਗ ਬਲ ਪਈ ਸੀ ਤੇ ਸਟੋਵ ਗਰਮ ਹੋ ਗਿਆ ਸੀ, ਚਾਹ ਬਣਾਈ ਗਈ ਪਿਆਲਿਆ ਤੇ ਡੋਲੂਆਂ ਵਿਚ ਪਾਈ ਗਈ, ਤੇ ਇਸ ਵਿਚ ਦੁੱਧ ਮਿਲਾਇਆ ਗਿਆ। ਦਸਤਰਖ਼ਾਨ ਉਤੇ ਰਸਕ, ਬਾਜਰੇ ਤੇ ਕਣਕ ਦੀ ਤਾਜ਼ਾ ਰੋਟੀ, ਮਖਣ ਉੱਬਲੇ ਹੋਏ ਸਖਤ ਆਂਡੇ, ਤੇ ਵੱਛੇ ਦੀ ਸਿਰੀ ਅਤੇ ਖਰੌੜੇ ਰੱਖੇ ਗਏ। ਸਾਰੇ ਸੌਣ ਵਾਲੇ ਤਖ਼ਤੇ ਦੇ ਉਸ ਪਾਸੇ ਵੱਲ ਆ ਗਏ ਜੋ ਮੇਜ਼ ਕਰਕੇ ਵਰਤਿਆ ਜਾ ਰਿਹਾ ਸੀ, ਤੇ ਖਾਣ ਤੇ ਗੱਲਾਂ ਕਰਨ ਲੱਗੇ। ਰੰਤਸੇਫ਼ਾ ਇਕ ਸੰਦੂਕ ਉੱਤੇ ਬੈਠੀ ਚਾਹ ਪਾ ਰਹੀ ਸੀ। ਬਾਕੀ ਸਾਰੇ, ਕ੍ਰਿਲਤਸੋਫ਼ ਤੋਂ ਬਿਨਾਂ, ਉਸ ਦੇ ਉਦਾਲੇ ਇੱਕਤ੍ਰ ਹੋਏ ਸਨ। ਕ੍ਰਿਲਤਸੋਫ਼ ਨੇ ਆਪਣਾ ਗਿੱਲਾ ਚੋਗਾ ਲਾਹ ਕੇ ਸੁੱਕੀ ਹੋਈ ਗੋਦੜੀ ਉਦਾਲੇ ਲਪੇਟੀ ਹੋਈ ਸੀ, ਤੇ ਉਹ ਆਪਣੀ ਥਾਂ ਪਿਆ ਨਖ਼ਲਿਊਦੌਫ਼ ਨਾਲ ਗੱਲਾਂ ਕਰ ਰਿਹਾ ਸੀ।

ਠੰਡੇ ਤੇ ਸਿੱਲ੍ਹ ਭਰੇ ਰਾਹ ਦੇ ਸਫ਼ਰ ਤੋਂ ਤੇ ਉਸ ਧੂੜ ਤੇ ਅਫ਼ਾਤਫ਼ਰੀ ਤੋਂ ਜੋ ਇਸ ਵਿਚ ਉਨ੍ਹਾਂ ਦੇ ਪੇਸ਼ ਆਈ ਸੀ, ਬਾਅਦ, ਸਭ ਕੁਝ ਨੂੰ ਸਾਫ਼ ਸੁਥਰਾ ਬਨਾਣ ਤੇ ਖਾਣ, ਅਤੇ ਗਰਮ ਚਾਹ ਪੀਣ ਤੋਂ ਪਿੱਛੋਂ, ਉਹ ਸਾਰੇ ਨਿਹਾਇਤ ਖ਼ੁਸ਼ ਤੇ ਖਿੜੇ ਹੋਏ ਸਨ।

ਪੈਰਾਂ ਦਾ ਖੜਾਕ ਤੇ ਅਖਲਾਕੀ ਕੈਦੀਆਂ ਦੀਆਂ ਚੀਕਾਂ ਤੇ ਗੱਲਾਂ ਜੋ ਕੰਧ ਵਿਚੋਂ ਉਨ੍ਹਾਂ ਨੂੰ ਸੁਣਾਈ ਦੇਂਦੀਆਂ ਤੇ ਉਨ੍ਹਾਂ ਨੂੰ ਆਪਣੇ ਚੁਗਿਰਦੇ ਦਾ ਧਿਆਨ ਕਰਵਾਂਦੀਆਂ ਸਨ, ਉਨ੍ਹਾਂ ਦੇ ਨਿੱਘ ਦੇ ਭਾਵ ਨੂੰ ਸਗੋਂ ਵਧਾਂਦੀਆਂ ਜਾਪਦੀਆਂ ਸਨ। ਸਮੁੰਦਰ ਵਿਚਕਾਰ ਇਕ ਟਾਪੂ ਉੱਤੇ ਹੋਣ ਵਾਕਰ ਇਹ ਲੋਕ ਛਿੰਨ ਮਾਤਰ ਲਈ ਆਪਣੇ ਆਪ ਨੂੰ ਉਸ ਪੱਤਨ ਤੇ ਕਸ਼ਟ ਤੋਂ ਬਚੇ ਹੋਏ ਮਹਿਸੂਸ ਕਰਦੇ ਸਨ ਜੋ ਉਨ੍ਹਾਂ ਦੇ ਚਾਰੋ ਪਾਸੇ ਪਸਰੇ ਹੋਏ ਸਨ। ਇਸ ਨਾਲ ਉਨ੍ਹਾਂ ਦੀ ਤਬੀਅਤ ਖਿੜੀ ਹੋਈ ਤੇ ਉਲਾਸ ਵਿਚ ਸੀ। ਸਿਵਾਇ ਆਪਣੀ ਵਰਤਮਾਨ ਸਥਿਤੀ ਦੇ ਤੇ ਜੋ ਕੁਝ ਉਨ੍ਹਾਂ ਦੇ ਉਹ ਹੋਰ ਸਭ ਵਿਸ਼ਿਆਂ ਉਤੇ ਗੱਲਾਂ ਕਰ ਰਹੇ ਸਨ। ਪੇਸ਼ ਆਉਣਾ ਸੀ ਉਸ ਦੇ ਜਿਵੇਂ ਜਵਾਨ ਉਮਰ ਦੇ ਇਸਤ੍ਰੀਆਂ ਪੁਰਸ਼ਾਂ ਵਿਚ ਆਮ ਹੁੰਦਾ ਹੈ,

ਖ਼ਾਸ ਕਰਕੇ ਜਦੋਂ ਇਨ੍ਹਾਂ ਲੋਕਾਂ ਵਾਕਰ ਉਨ੍ਹਾਂ ਨੂੰ ਜਬਰਨ ਇਕੱਠੇ ਰਹਿਣਾ ਪਵੇ, ਸਭ ਪ੍ਰਕਾਰ ਦੇ ਵਾਦ-ਵਿਵਾਦ ਤੇ ਅਜਬ ਕਿਸਮ ਦੀਆਂ ਰਲੀਆਂ ਮਿਲੀਆਂ ਖਿੱਚਾਂ ਉਨ੍ਹਾਂ ਵਿਚ ਉਤਪੰਨ ਹੋ ਗਈਆਂ ਸਨ। ਉਹ ਸਾਰੇ ਹੀ ਜਾਣੋ ਪ੍ਰੇਮ-ਗ੍ਰਸਤ ਸਨ। ਨੋਲੋਦਵੋਰੋਫ਼ ਲੁਭਾਣੀ ਮੁਸਕ੍ਰਾਂਦੀ ਗ੍ਰਾਬੇਤਸ ਉੱਤੇ ਮੋਹਿਤ ਸੀ। ਇਹ ਇਕ ਨੌਜਵਾਨ, ਸੋਚ ਵਿਚਾਰ ਤੋਂ ਮੁਕਤ, ਕੁੜੀ ਸੀ ਜੋ ਪੜ੍ਹਾਈ ਕਰਨ ਭੇਜੀ ਗਈ ਸੀ। ਕ੍ਰਾਂਤੀਕਾਰੀ ਸਮੱਸਿਆਵਾਂ ਵੱਲ ਮੂਲੋਂ ਬੇਧਿਆਨ ਸੀ, ਪਰ ਸਮੇਂ ਦੇ ਪ੍ਰਭਾਵ ਅਧੀਨ ਕਿਸੇ ਨਾ ਕਿਸੇ ਤਰ੍ਹਾਂ ਵਲੇਵੇਂ ਵਿਚ ਆ ਗਈ ਸੀ ਤੇ ਜਲਾਵਤਨ ਕਰ ਦਿੱਤੀ ਗਈ ਸੀ। ਆਪਣੇ ਮੁਕੱਦਮੇ ਹਵਾਲਾਤ ਤੇ ਜਲਾਵਤਨੀ ਦੇ ਦੌਰਾਨ ਉਸ ਦੀ ਵੱਡੀ ਦਿਲਚਸਪੀ ਪੁਰਸ਼ਾਂ ਦੇ ਮਨਾਂ ਨੂੰ ਮੋਹਣਾ ਸੀ, ਜਿਵੇਂ ਉਦੋਂ ਜਦੋਂ ਉਹ ਸੁਤੰਤਰ ਸੀ। ਹੁਣ, ਇਸ ਸਫ਼ਰ ਵਿਚ ਉਸਨੂੰ ਇਸ ਗੱਲ ਤੋਂ ਰਾਹਤ ਹੁੰਦੀ ਸੀ ਕਿ ਉਹ ਨੋਰੋਦਵੋਰੇਫ਼ ਨੂੰ ਚੰਗੀ ਲੱਗ ਗਈ ਸੀ, ਤੇ ਉਹ ਆਪ ਵੀ ਉਸ ਨਾਲ ਪ੍ਰੇਮ ਕਰਨ ਲੱਗ ਪਈ ਸੀ। ਵੇਰਾ-ਦੁਖ਼ੋਫਾ ਜੋ ਆਪਣੀ ਮੋਹ ਵਿਚ ਫਸ ਜਾਣ ਦੀ ਬਲਵਾਨ ਰੁਚੀ ਰੱਖਦੀ ਸੀ, ਪਰ ਹੋਰਾਂ ਵਿਚ ਮੋਹ ਜਗਾ ਨਹੀਂ ਸਕਦੀ ਸੀ, ਭਾਵੇਂ ਉਹ ਸਦਾ ਪਰਸਪਰ ਪ੍ਰੇਮ ਦੀ ਆਸ ਲਗਾਈ ਰੱਖਦੀ, ਕਦੀ ਨਾਫਤੋਫ਼ ਵੱਲ ਤੇ ਕਦੀ ਵੇਰਦੋਵਰੋਫ ਵੱਲ ਖਿਚੀ ਜਾ ਰਹੀ ਸੀ। ਕ੍ਰਿਲਤਸੋਫ਼ ਮੇਰੀ ਪਾਉਲੋਫ਼ਨਾ ਨਾਲ ਪ੍ਰੇਮ ਜਿਹੇ ਵਿਚ ਫਸਿਆ ਹੋਇਆ ਸੀ। ਉਹ ਉਸ ਪੁਰਸ਼ ਦੀ ਕਾਮਨਾ ਨਾਲ ਪਿਆਰ ਕਰਦਾ ਸੀ, ਪਰ ਇਹ ਜਾਣ ਕੇ ਕਿ ਉਹ ਅਜੇਹੇ ਪਿਆਰ ਤੋਂ ਕਿਵੇਂ ਦੂਰ ਰਹਿੰਦੀ ਸੀ, ਆਪਣੇ ਪ੍ਰੇਮ ਭਾਵ ਮਿੱਤਰਤਾ ਤੇ ਉਸ ਕੋਮਲਤਾ ਦੇ ਪਰਦੇ ਵਿਚ, ਜਿਸ ਨਾਲ ਉਹ ਉਸ ਦੀਆਂ ਸਾਰੀਆਂ ਇੱਛਾਵਾਂ ਵੱਲ ਧਿਆਨ ਦੇਂਦੀ ਸੀ, ਲੁਕਾਈ ਰੱਖਦਾ ਸੀ। ਨਾਬਾਤੋਫ ਤੇ ਰੰਤਸੇਫ਼ਾ ਇਕ ਦੂਜੇ ਨਾਲ ਅਤਿ ਜਟਿਲ ਭਾਵਾਂ ਨਾਲ ਬੱਝੇ ਹੋਏ ਸਨ। ਜਿਵੇਂ ਮੇਰੀ ਪਾਉਲੋਫ਼ਨਾ ਪੂਰਣ ਪ੍ਰਕਾਰ ਇਕ ਸੱਚੀ ਕੰਵਾਰੀ ਸੀ, ਓਵੇਂ ਰੰਤਸੇਫ਼ਾ ਆਪਣੇ ਪਤੀ ਵਰਨ ਵਿਚ ਪੱਕੀ ਸੀ।

ਰੰਤਸੋਫ਼ਾ ਜਦੋਂ ਉਹ ਹਾਲੇ ਸੋਲਾਂ ਵਰ੍ਹੇ ਦੀ ਸਕੂਲ ਵਿਚ ਪੜ੍ਹਦੀ ਕੁੜੀ ਸੀ ਤਾਂ ਉਹ ਪੀਟਰਜ਼ਬਰਗ ਯੂਨੀਵਰਸਿਟੀ ਦੇ ਇਕ ਵਿਦਿਆਰਥੀ ਉੱਤੇ ਮੋਹਿਤ ਹੋ ਗਈ ਸੀ, ਤੇ ਉੱਨੀ ਸਾਲ ਦੀ ਨੇ ਹੀ ਉਸ ਨਾਲ ਉਸ ਦੇ ਯੂਨੀਵਰਸਟੀ ਵਿਚੋਂ ਜਾਣ ਤੋਂ ਪਹਿਲਾਂ ਵਿਆਹ ਕਰ ਲਿਆ ਸੀ। ਯੂਨੀਵਰਸਟੀ ਵਿਚ ਆਪਣੇ ਚੌਥੇ ਵਰ੍ਹੇ ਹੀ, ਉਸ ਦਾ ਪਤੀ ਕਿਸੇ

ਵਿਦਿਆਰਥੀ ਅੰਦੋਲਨ ਵਿਚ ਵਲਿਆ ਗਿਆ ਤੇ ਪੀਟਰਜ਼ਬਰਗ ਵਿਚੋਂ ਕੱਢ ਦਿੱਤਾ ਗਿਆ ਸੀ, ਤੇ ਉਹ ਕ੍ਰਾਂਤੀਵਾਦੀ ਬਣ ਗਿਆ ਸੀ। ਰੰਤਸੇਫ਼ਾ ਨੇ ਆਪਣੇ ਚਿਕਿਤਸਾ ਅਧਿਐਨ ਦਾ ਕੰਮ ਛੱਡ ਦਿੱਤਾ ਤੇ ਉਸ ਦੇ ਨਾਲ ਹੀ ਚਲੀ ਗਈ। ਤੇ ਉਹ ਵੀ ਕ੍ਰਾਂਤੀਵਾਦੀ ਬਣ ਗਈ। ਜੇ ਉਹ ਆਪਣੇ ਪਤੀ ਨੂੰ ਸਾਰੇ ਪੁਰਸ਼ਾਂ ਵਿਚੋਂ ਸਿਆਣਾ ਤੇ ਉੱਤਮ ਨਾ ਸਮਝਦੀ ਹੁੰਦੀ, ਉਸ ਨੇ ਉਸ ਦੇ ਪ੍ਰੇਮ ਵਿਚ ਨਹੀਂ ਬੱਝਣਾ ਸੀ, ਤੇ ਜੇ ਉਹ ਪ੍ਰੇਮ ਵਿਚ ਬੱਝਾ ਨਾ ਹੁੰਦਾ ਤਾਂ ਉਸ ਨਾਲ ਵਿਆਹ ਨਹੀਂ ਕਰਵਾਣਾ ਸੀ ਪਰ ਉਸ ਦੇ ਪ੍ਰੇਮ ਵਿਚ ਬੱਝ ਕੇ ਤੇ ਉਸਨੂੰ ਵਿਆਹ ਕੇ ਜਿਸ ਨੂੰ ਉਹ ਸਾਰੇ ਪੁਰਸ਼ਾਂ ਵਿਚੋਂ ਸੁੰਦਰ ਤੇ ਉੱਤਮ ਸਮਝਦੀ ਸੀ, ਉਹ ਸੁਭਾਵਕ ਹੀ ਜੀਵਨ ਤੇ ਇਸ ਦੇ ਆਸ਼ਿਆਂ ਬਾਰੇ ਉਹ ਹੀ ਦ੍ਰਿਸ਼ਟੀ ਰੱਖਦੀ ਸੀ ਜੋ ਉਸ ਉੱਤਮ ਤੇ ਸਭ ਤੋਂ ਅਧਿਕ ਸੁੰਦਰ ਪੁਰਸ਼ ਦੀ ਸੀ। ਪਹਿਲਾਂ ਉਸ ਦਾ ਵਿਚਾਰ ਸੀ ਜੀਵਨ ਦਾ ਉਦੇਸ਼ ਸਿੱਖਿਆ ਪ੍ਰਾਪਤ ਕਰਨਾ ਸੀ, ਤੇ ਇਸ ਲਈ ਉਹ ਵੀ ਅਧਿਐਨ ਨੂੰ ਜੀਵਨ ਦਾ ਮਨੋਰਥ ਸਮਝਦੀ ਸੀ। ਉਹ ਕ੍ਰਾਂਤੀਵਾਦੀ ਬਣਿਆ ਤਾਂ ਉਹ ਵੀ ਕ੍ਰਾਂਤੀਵਾਦੀ ਬਣ ਗਈ। ਉਹ ਬੜੀ ਸਪੱਸ਼ਟਤਾ ਨਾਲ ਸਿੱਧ ਕਰ ਸਕਦਾ ਸੀ ਕਿ ਵਰਤਮਾਨ ਅਵਸਥਾ ਵਿਚ ਇਸ ਤਰ੍ਹਾਂ ਨਹੀਂ ਰਹਿ ਸਕਦੇ ਸਨ, ਤੇ ਇਹ ਸਭ ਦਾ ਫਰਜ਼ ਹੈ ਇਸ ਅਵਸਥਾ ਵਿਰੁੱਧ ਸੰਘਰਸ਼ ਕਰੇ ਤੇ ਉਸ ਸਥਿਤੀ ਨੂੰ ਲਿਆਉਣ ਦੇ ਯਤਨ ਕਰੇ ਜਿਸ ਵਿਚ ਵਿਅਕਤੀ ਖੁਲ੍ਹੀ ਤਰ੍ਹਾਂ ਵਿਕਾਸ ਤਾਂ ਕਰ ਸਕੇ, ਇਤਿਆਦਿ। ਤੇ ਉਸਨੇ ਸੋਚਿਆ ਉਹ ਵੀ ਇਸੇ ਤਰ੍ਹਾਂ ਸਮਝਦੀ ਤੇ ਮਹਿਸੂਸ ਕਰਦੀ ਸੀ। ਪਰ ਅਸਲ ਵਿਚ ਉਹ ਆਪਣੇ ਪਤੀ ਦੇ ਹਰ ਵਿਚਾਰ ਨੂੰ ਸਰਵੋਤਮ ਸੱਚ ਸਮਝਦੀ ਸੀ, ਤੇ ਕੇਵਲ ਉਸ ਦੀ ਆਤਮਾ ਨਾਲ ਆਪਣੀ ਆਤਮਾ ਦੀ ਪੂਰਣ ਸਹਿਮਤੀ ਤੇ ਇਕਭਾਵਤਾ ਲਈ ਲੋਚਦੀ ਸੀ। ਉਸਨੂੰ ਇਸੇ ਅਵਸਥਾ ਵਿਚ ਪੂਰਣ ਆਚਰਣਕ ਸੰਤੁਸ਼ਟੀ ਮਿਲਣੀ ਸੀ।

ਆਪਣੇ ਪਤੀ ਤੇ ਆਪਣੇ ਬੱਚੇ (ਜਿਸ ਨੂੰ ਰੰਤਸੇਫ਼ਾ ਦੀ ਮਾਂ ਨੇ ਸੰਭਾਲ ਲਿਆ ਸੀ) ਦੀ ਜੁਦਾਈ ਸਹਿਨ ਕਰਨੀ ਉਸ ਲਈ ਬਹੁਤ ਔਖੀ ਹੋ ਰਹੀ ਸੀ, ਪਰ ਉਸਨੇ ਇਸ ਨੂੰ ਸਿਦਕ ਸਬਰ ਨਾਲ ਸਹਿਨ ਕੀਤਾ। ਕਿਉਂਕਿ ਇਹ ਉਸ ਦੇ ਪਤੀ ਦੀ ਖਾਤਰ ਸੀ ਤੇ ਉਸ ਸ਼੍ਰੇਯ ਦੀ ਖ਼ਾਤਰ ਜਿਸ ਦੇ ਸ਼ੁਭ ਹੋਣ ਵਿਚ ਉਸਨੂੰ ਰੰਚਕ ਵੀ ਸੰਦੇਹ ਨਹੀਂ ਸੀ, ਕਿਉਂਕਿ ਪਤੀ ਇਸ ਵੱਲ ਯਤਨਸ਼ੀਲ ਸੀ। ਉਹ ਆਪਣੇ ਮਨ ਵਿਚ ਸਦਾ ਆਪਣੇ ਪਤੀ ਦੇ ਅੰਗ ਸੰਗ ਰਹਿੰਦੀ ਸੀ ਤੇ ਉਸ ਦੀ ਇਸ ਜੁਦਾਈ ਵਿਚ ਵੀ ਹੋਰ ਕਿਸੇ ਨਾਲ ਪ੍ਰੇਮ ਨਾ ਕਰਦੀ ਤੇ ਨਾ ਕਰ ਸਕਦੀ ਸੀ। ਫੇਰ ਨਾਬਾਤੋਫ਼ ਦੀ ਸੁੱਚੀ ਤੇ ਸਮਰਪਣਕਾਰੀ ਮੁਹੱਬਤ ਉਸਨੂੰ ਟੁੰਬਦੀ

ਤੇ ਹੁਲਾਰਦੀ ਸੀ। ਇਹ ਸਦਾਚਾਰੀ ਤੇ ਦ੍ਰਿੜ ਪੁਰਸ਼, ਉਸ ਦੇ ਪਤੀ ਦਾ ਮਿੱਤਰ, ਉਸ ਨਾਲ ਭੈਣਾਂ ਵਾਕਰ ਵਰਤਣ ਦਾ ਯਤਨ ਕਰਦਾ ਪਰ ਉਸ ਦੇ ਵਰਤਾਰੇ ਵਿਚ ਇਸ ਤੋਂ ਛੁੱਟ ਕੁਝ ਇਸ ਨਾਲ ਉਨ੍ਹਾਂ ਦਾ ਹੋਰ ਦਿੱਸਣ ਲੱਗਦਾ। ਇਸ ਤੋਂ ਉਹ ਦੋਵੇਂ ਜ਼ਰਾ ਡਰ ਜਾਂਦੇ, ਪਰ ਕਠੋਰ ਜੀਵਨ ਕੁਝ ਰਸ-ਭਿੰਨਾ ਹੋ ਜਾਂਦਾ।

ਇਸ ਤਰ੍ਹਾਂ ਇਸ ਸਾਰੇ ਮੰਡਲ ਵਿਚ ਮੇਰੀ ਪਾਉਲੋਫ਼ਨਾ ਤੇ ਕ੍ਰੋਦਾਤਿਏਫ਼ ਹੀ ਪ੍ਰੇਮ ਦੇ ਝਮੇਲੇ ਤੋਂ ਬਚੇ ਹੋਏ ਸਨ।

-0-

14

ਚਾਹ ਪਿੱਛੋਂ ਮਾਮੂਲ ਵਾਕਰ ਕਤੂਸ਼ਾਂ ਨਾਲ ਇਕੱਲ ਵਿਚ ਗਲ ਕਰ ਸਕਣ ਦੀ ਆਸ ਨਾਲ, ਨਖ਼ਲਿਊਦੌਫ਼ ਕ੍ਰਿਲਤਸੋਫ਼ ਨਾਲ ਬੈਠਾ ਗੱਲਾਂ ਕਰ ਰਿਹਾ ਸੀ। ਹੋਰ ਗੱਲਾਂ ਵਿਚ ਉਸ ਨੇ ਕ੍ਰਿਲਤਸੋਫ ਨੂੰ ਮੱਕਰ ਦੇ ਅਪਰਾਧ ਬਾਰੇ ਦੱਸਿਆ, ਤੇ ਮੱਕਰ ਦੀ ਉਸ ਅੱਗੇ ਕੀਤੀ ਬੇਨਤੀ ਬਾਰੇ। ਕ੍ਰਿਲਤਸੌਫ਼ ਧਿਆਨ ਨਾਲ ਸੁਣ ਰਿਹਾ ਸੀ, ਤੇ ਆਪਣੀਆਂ ਚਮਕਦੀਆਂ ਅੱਖਾਂ ਨਾਲ ਉਸ ਵੱਲ ਵੇਖੀ ਜਾ ਰਿਹਾ ਸੀ।

"ਹਾਂ" ਉਹ ਸਹਸਾ ਹੀ ਬੋਲਿਆ, "ਮੈਂ ਕਈ ਵਾਰੀ ਸੋਚਦਾ ਹਾਂ ਇਥੇ ਅਸੀਂ ਉਨ੍ਹਾਂ ਦੇ ਸਾਥ ਵਿਚ ਜਾ ਰਹੇ ਹਾਂ-ਅਤੇ ਉਹ ਕੌਣ ਹਨ ? ਠੀਕ ਉਹ ਹੀ ਲੋਕ ਜਿਨ੍ਹਾਂ ਦੀ ਖ਼ਾਤਰ ਅਸੀਂ ਜਾ ਰਹੇ ਹਾਂ, ਤੇ ਫਿਰ ਵੀ ਅਸੀਂ ਨਾ ਕੇਵਲ ਉਨ੍ਹਾਂ ਨੂੰ ਨਹੀਂ ਜਾਣਦੇ ਸਗੋਂ ਜਾਣਨਾ ਚਾਹੁੰਦੇ ਵੀ ਨਹੀਂ। ਤੇ ਇਹ ਇਸ ਤੋਂ ਭੈੜੇ ਹਨ, ਉਹ ਅਸਾਨੂੰ ਨਫ਼ਰਤ ਕਰਦੇ ਹਨ ਤੇ ਦੁਸ਼ਮਣ ਸਮਝਦੇ ਹਨ। ਇਹ ਸਿਤਮ ਨਹੀਂ ?"

"ਇਸ ਵਿਚ ਸਿਤਮ ਦੀ ਗੱਲ ਕੋਈ ਨਹੀਂ," ਨੋਵੋਦਵੋਰੇਫ਼ ਨੇ ਗੱਲ ਸੁਣ ਕੇ ਵਿਚੋਂ ਹੀ ਟੋਕਿਆ। 'ਲੋਕ ਸ਼ਕਤੀ ਕੇਵਲ ਸ਼ਕਤੀ ਨੂੰ ਪੂਜਦੇ ਹਨ। ਹੁਣ ਸ਼ਕਤੀ ਸਰਕਾਰ ਕੋਲ ਹੈ, ਤੇ ਉਹ ਸਰਕਾਰ ਨੂੰ ਪੂਜਦੇ ਤੇ ਸਾਨੂੰ ਨਫ਼ਰਤ ਕਰਦੇ ਹਨ। ਭਲਕੇ ਸਾਡੇ ਪਾਸ ਸ਼ਕਤੀ ਹੋਵੇਗੀ ਤੇ ਉਹ ਸਾਡੀ ਪੂਜਾ ਕਰਨਗੇ।" ਉਹ ਬੋਲਿਆ।

ਇਸੇ ਘੜੀ ਕੰਧ ਪਿੱਛੋਂ ਗਾਲ੍ਹਾਂ ਦੀ ਬੁਛਾੜ ਤੇ ਜੰਜੀਰਾਂ ਦੀ ਛਣਕਾਰ ਹੋਈ। ਕੰਧ ਨੂੰ ਕੋਈ ਕੁੱਟਦਾ, ਤੇ ਚੀਕਾਂ ਚਾਂਘਰਾਂ ਸੁਣਾਈ ਦੇ ਰਹੀਆਂ ਸਨ। ਕਿਸੇ ਨੂੰ ਕੁੱਟਿਆ ਮਾਰਿਆ ਜਾ ਰਿਹਾ ਸੀ, ਤੇ ਉਹ ਰੌਲਾ ਪਾ ਰਿਹਾ ਸੀ, "ਕਤਲ ! ਬਚਾਓ।"

"ਸੁਣੋ ਇਨ੍ਹਾਂ ਨੂੰ, ਦਰਿੰਦਿਆਂ ਨੂੰ ! ਸਾਡੇ ਵਿਚ ਤੇ ਇਨ੍ਹਾਂ ਜੇਹਿਆਂ ਵਿਚ ਕੀ ਗੱਲ-ਬਾਤ ਹੋ ਸਕਦੀ ਹੈ ?" ਨੋਵੋਦਵੋਰੇਫ਼ ਨੇ ਹੋਲੀ ਜਿਹੀ ਆਖਿਆ।

"ਤੁਸੀਂ ਉਨ੍ਹਾਂ ਨੂੰ ਦਰਿੰਦੇ ਆਖਦੇ ਹੋ, ਤੇ ਨਖ਼ਲਿਊਦੌਫ਼ ਹੁਣੇ ਮੈਨੂੰ ਇਕ ਅਜਿਹੇ ਕੰਮ ਬਾਰੇ ਦੱਸ ਰਿਹਾ ਸੀ," ਕ੍ਰਿਲਤਸੋਫ਼ ਨੇ ਖਿੱਝ ਕੇ ਉੱਤਰ ਦਿੱਤਾ, ਤੇ ਦੱਸਿਆ ਕਿਵੇਂ ਆਪਣੇ ਇਕ ਗਰਾਈਂ ਨੂੰ ਬਚਾਣ ਲਈ ਆਪਣੀ ਜਾਨ ਲਈ ਖ਼ਤਰਾ ਸਹੇੜ ਰਿਹਾ ਸੀ, ਇਹ ਇਕ ਦਰਿੰਦੇ ਦਾ ਕੰਮ ਨਹੀਂ; ਇਹ ਸੂਰਮਤਾ ਹੈ।'

"ਭਾਵਕਤਾ !' ਨੋਵੋਦਵੋਰੋਫ਼ ਨੇ ਘ੍ਰਿਣਾ ਨਾਲ ਚਟਕਾਰਿਆ, "ਸਾਡੇ ਲਈ ਇਨ੍ਹਾਂ ਲੋਕਾਂ ਦੇ ਮਨੋਭਾਵਾਂ ਨੂੰ ਸਮਝਣਾ ਔਖਾ ਹੈ ਤੇ ਉਨ੍ਹਾਂ ਮੰਤਵਾਂ ਨੂੰ ਜਿਨ੍ਹਾਂ ਦੇ ਅਧੀਨ ਇਹ ਚਲਦੇ ਹਨ। ਤੁਸੀਂ ਇੱਥੇ ਉਦਾਰਤਾ ਵੇਖਦੇ ਹੋ, ਪਰ ਇਹ ਦੂਜੇ ਅਪਰਾਧੀ ਵੱਲ ਨਿਰੋਲ ਦਵੈਖ਼ ਵੀ ਹੋ ਸਕਦਾ ਹੈ।"

"ਕੀ ਕਾਰਣ ਹੈ ਤੁਸੀਂ ਦੂਜਿਆਂ ਵਿਚ ਕੋਈ ਚੰਗੀ ਗੱਲ ਨਹੀਂ ਵੇਖਣਾ ਚਾਹੁੰਦੇ ?" ਮੇਰੀ ਪਾਉਲੋਫ਼ਨਾ ਇਕ ਦਮ ਭੜਕ ਕੇ ਬੋਲੀ।

"ਕੋਈ ਕਿਵੇਂ ਵੇਖ ਸਕਦਾ ਹੈ ਜਦੋਂ ਕੁਝ ਹੋਵੇ ਹੀ ਨਾ ?"

"ਨਿਰਸੰਦੇਹ, ਜਦੋਂ ਇਕ ਆਦਮੀ ਭਿਆਨਕ ਕਿਸਮ ਦੀ ਮੌਤ ਦਾ ਖ਼ਤਰਾ ਮੁੱਲ ਲੈਂਦਾ ਹੈ।"

"ਮੇਰਾ ਖ਼ਿਆਲ ਹੈ," ਨੋਵੋਦਵੋਰੋਫ਼ ਕਹਿਣ ਲੱਗਾ, "ਕਿ ਜੇ ਅਸੀਂ ਕੁਝ ਕਰਨਾ ਚਾਹੁੰਦੇ ਹਾਂ ਤਾਂ ਪਹਿਲੀ ਗੱਲ ਹੈ ਕਿ ਅਸੀਂ ਮਿਥਿਆ ਦਾ ਸ਼ਿਕਾਰ ਨਾ ਹੋਈਏ, ਤੇ ਅਸਲੀਅਤ ਵੱਲ ਧਿਆਨ ਦੇਈਏ।" ਇਸ ਤੇ ਕ੍ਰਿਦਾਤਿਏਫ਼ ਨੇ ਕਿਤਾਬ ਰੱਖ ਦਿੱਤੀ ਜੋ ਉਹ ਲੈਂਪ ਦੇ ਚਾਨਣ ਵਿਚ ਪੜ੍ਹ ਰਿਹਾ ਸੀ ਤੇ ਆਪਣੇ ਗੁਰੂ ਦੇ ਸ਼ਬਦਾਂ ਨੂੰ ਧਿਆਨ ਨਾਲ ਸੁਣਨ ਲੱਗਾ। ਸਾਨੂੰ ਜੋ ਸਾਡੀ ਸ਼ਕਤੀ ਵਿਚ ਹੋਵੇ ਲੋਕਾਂ ਲਈ ਕਰਨਾ ਚਾਹੀਦਾ ਹੈ, ਤੇ ਇਸ ਦੇ ਬਦਲੇ ਕੋਈ ਝਾਕ ਨਹੀਂ ਰੱਖਣੀ ਚਾਹੀਦੀ, ਲੋਕ ਸਾਡੇ ਕਰਮ ਦਾ ਵਿਸ਼ਾ ਹੀ ਬਣ ਸਕਦੇ ਹਨ, ਉਹ ਸਾਡੇ ਸਹਿਕਾਰੀ ਨਹੀਂ ਬਣ ਸਕਦੇ ਜਿੰਨਾ ਚਿਰ ਇਹ ਹੁਣ ਜੇਹੀ ਸਥਿਰ ਅਵੱਸਥਾ ਵਿਚ ਹਨ।" ਉਹ ਆਖਦਾ ਚਲਾ ਗਿਆ ਜਿਵੇਂ ਭਾਸ਼ਨ ਦੇ ਰਿਹਾ ਹੋਵੇ। "ਇਸ ਲਈ ਵਿਕਾਸ ਦੇ ਕਾਰਜ ਤੋਂ ਪਹਿਲਾ, ਜਿਸ ਲਈ ਅਸੀਂ ਤਿਆਰੀ ਕਰ ਰਹੇ ਹਾਂ-ਉਨ੍ਹਾਂ ਪਾਸੋਂ ਮਦਦ ਦੀ ਤਾਕ ਰੱਖਣਾ ਇਕ ਭੁੱਲੇਖਾ ਹੈ।"

"ਕਿਹੜਾ ਵਿਕਾਸ-ਕਰਮ ?" ਕ੍ਰਿਲਤਸੋਫ਼ ਲਾਲ ਹੋ ਕੇ ਆਖਣ ਲੱਗਾ। "ਅਸੀਂ ਆਖਦੇ ਹਾਂ ਅਸੀਂ ਨਿਰਬਾਧ ਅਤਿਅਧਿਕਾਰ ਦੇ ਵਿਰੁੱਧ ਹਾਂ, ਤੇ ਕੀ ਇਹ ਅੱਤ ਭਿਆਨਕ ਅੱਤ ਕਰਮ ਨਹੀਂ ?"

"ਕੋਈ ਅੱਤ ਕਰਮ ਨਹੀ," ਨੋਵੋਦਵੋਰੇਫ਼ ਨੇ ਹੌਲੀ ਜਿਹੀ ਮੋੜ ਕੀਤਾ।

"ਮੈਂ ਕੇਵਲ ਇਹ ਕਹਿ ਰਿਹਾ ਹਾਂ ਕਿ ਮੈਂ ਉਹ ਰਾਹ ਜਾਣਦਾ ਹਾਂ ਜਿਸ ਉੱਤੇ ਲੋਕਾਂ ਨੂੰ ਚੱਲਣਾ ਚਾਹੀਦਾ ਹੈ, ਤੇ ਉਨ੍ਹਾਂ ਨੂੰ ਇਹ ਦਿਖਾ ਸਕਦਾ ਹਾਂ।"

"ਪਰ ਤੁਸੀਂ ਕਿਸ ਤਰ੍ਹਾਂ ਦ੍ਰਿੜਤਾ ਨਾਲ ਕਹਿ ਸਕਦੇ ਹੋ ਕਿ ਜਿਹੜਾ ਰਾਹ ਤੁਸੀਂ ਦਿਖਾਵੋਗੇ ਠੀਕ ਰਾਹ ਹੋਵੇਗਾ ? ਇਹ ਉਸੇ ਕਿਸਮ ਦਾ ਅੱਤ ਕਰਮ ਨਹੀਂ ਜੋ ਈਸਾਈ ਕਚਹਿਰੀ ਤੇ ਫਰਾਂਸੀਸੀ ਕ੍ਰਾਂਤੀ ਦੇ ਅੱਤਿਆਚਾਰਾਂ ਦੀ ਤਹਿ ਵਿਚ ਕੰਮ ਕਰਦਾ ਸੀ ? ਉਹ ਵੀ ਇਕ ਸੱਚੇ ਰਾਹ ਨੂੰ ਵਿਗਿਆਨ ਦੁਆਰਾ ਜਾਣਦੇ ਸਨ।"

'ਜੇ ਉਹ ਗਲਤ ਸਨ ਤਾਂ ਇਹ ਸਿੱਧ ਨਹੀਂ ਹੁੰਦਾ ਕਿ ਮੈਂ ਵੀ ਗਲਤੀ ਕਰ ਰਿਹਾ ਹਾਂ। ਨਾਲੇ, ਸੰਕਲਪ ਵਾਦੀਆਂ ਦੀਆਂ ਮਨਮੱਤੀਆਂ ਗੱਲਾਂ ਤੇ ਸਹੀ ਆਰਥਿਕ ਵਿਗਿਆਨ ਉੱਤੇ ਆਧਾਰਿਤ ਤੱਥਾਂ ਵਿਚ ਬਹੁਤ ਭੇਦ ਹੈ।"

ਨੋਵੋਦਵੋਰੇਫ਼ ਦੀ ਆਵਾਜ਼ ਨੇ ਕਮਰਾ ਭਰਿਆ ਹੋਇਆ ਸੀ, ਉਹ ਇਕੱਲਾ ਹੀ ਬੋਲਦਾ ਰਿਹਾ, ਬਾਕੀ ਸਾਰੇ ਚੁੱਪ ਸਨ।

"ਇਹ ਸਦਾ ਬਹਿਸਦੇ ਰਹਿੰਦੇ ਹਨ।" ਜਦੋਂ ਇਕ ਪਲ ਲਈ ਚੁੱਪ ਹੋਈ ਤਾਂ ਮੇਰੀ-ਪਾਉਲੋਫਨਾ ਨੇ ਕਿਹਾ।

"ਤੇ ਤੁਸੀਂ ਆਪ, ਇਸ ਵਿਚਾਰੇ ਬਾਰੇ ਤੁਸੀਂ ਕੀ ਸੋਚਦੇ ਹੋ ?" ਨਖ਼ਲਿਊਦੌਫ਼ ਨੇ ਉਸ ਤੋਂ ਪੁੱਛਿਆ।

"ਮੈਂ ਸਮਝਦੀ ਹਾਂ ਕ੍ਰਿਲਤਸੋਫ਼ ਠੀਕ ਹੈ, ਜਦੋਂ ਉਹ ਆਖਦਾ ਸੀ ਕਿ ਸਾਨੂੰ ਆਪਣੇ ਵਿਚਾਰ ਲੋਕਾਂ ਉੱਤੇ ਮੜ੍ਹਨੇ ਨਹੀਂ ਚਾਹੀਦੇ।"

'ਤੇ ਤੂੰ ਕਤੂਸ਼ਾਂ ?" ਨਖ਼ਲਿਊਦੌਫ਼ ਨੇ ਮੁਸਕਰਾ ਕੇ ਆਖਿਆ, ਤੇ ਉਹ ਉਸ ਦੇ ਉੱਤਰ ਦੀ ਬੜੀ ਉਤਕੰਠਾ ਨਾਲ ਉਡੀਕ ਕਰਨ ਲੱਗਾ। ਉਸਨੂੰ ਡਰ ਸੀ ਉਹ ਕਿ ਕੋਈ ਬੇਢੱਬੀ ਜੇਹੀ ਨਾ ਕਹਿ ਦੇਵੇ।

"ਮੈਂ ਸਮਝਦੀ ਹਾਂ ਸਾਧਾਰਨ ਲੋਕਾਂ ਨਾਲ ਅਨਿਆਇ ਹੁੰਦਾ ਹੈ," ਉਹ ਬੋਲੀ ਤੇ ਸ਼ਰਮ ਨਾਲ ਲਾਲ ਸੂਹੀ ਹੋ ਗਈ। "ਮੈਂ ਸਮਝਦੀ ਹਾਂ ਉਨ੍ਹਾਂ ਨਾਲ ਘੋਰ ਅਨਿਆਇ ਹੋ 'ਰਿਹਾ ਹੈ।"

"ਇਹ ਠੀਕ ਹੈ, ਮਸਲੌਫ਼ਾ, ਬਿਲਕੁਲ ਠੀਕ," ਨਾਬਾਤੋਫ਼ ਨੇ ਉੱਚੀ ਸਾਰੀ ਆਖਿਆ। ਉਨ੍ਹਾਂ ਉੱਤੇ ਘੋਰ ਜ਼ੁਲਮ ਹੋ ਰਿਹਾ ਹੈ, ਲੋਕਾਂ ਉੱਤੇ, ਤੇ ਇਹ ਜ਼ੁਲਮ ਬੰਦ ਹੋਣਾ ਚਾਹੀਦਾ ਹੈ, ਤੇ ਇਹ ਹੀ ਸਾਡਾ ਸਾਰਾ ਕਰਤੱਵ ਹੈ।"

"ਇਹ ਅਜੀਬ ਵਿਚਾਰ ਹੈ ਕ੍ਰਾਂਤੀ ਦੇ ਆਸ਼ੇ ਦਾ।" ਨੋਵੋਦਵੋਰੇਫ਼ ਨੇ ਖਿਝ ਕੇ ਆਖਿਆ ਤੇ ਇਸ ਚੁੱਪ ਵਿਚ ਸਿਗਰਟ ਸੁਲਗਾ ਲਈ।"

"ਮੈਂ ਇਸ ਨਾਲ ਬਹਿਸ ਨਹੀਂ ਕਰ ਸਕਦਾ।" ਕ੍ਰਿਲਤਸੋਫ਼ ਨੇ ਮੂੰਹ ਵਿਚ ਹੀ ਆਖਿਆ, ਤੇ ਉਹ ਚੁੱਪ ਰਿਹਾ।

"ਨਾ ਕਰਨਾ ਹੀ ਚੰਗਾ ਹੈ," ਨਖ਼ਲਿਊਦੌਫ਼ ਨੇ ਉੱਤਰ ਦਿੱਤਾ।

-0-

15

ਭਾਵ ਸਾਰੇ ਕ੍ਰਾਂਤੀਵਾਦੀਆਂ ਵਿਚ ਨੋਵੋਦਵੋਰੇਫ਼ ਦੀ ਬੜੀ ਸਿਫ਼ਤ ਸੀ, ਤੇ ਭਾਵੇਂ ਉਹ ਵਿਦਵਾਨ ਸੀ ਤੇ ਬੜਾ ਸਿਆਣਾ ਗਿਣਿਆ ਜਾਂਦਾ ਸੀ, ਨਖ਼ਲਿਊਦੌਫ਼ ਉਸ ਨੂੰ ਉਨ੍ਹਾਂ ਕ੍ਰਾਂਤੀਵਾਦੀਆਂ ਵਿਚ ਗਿਣਦਾ ਸੀ ਜਿਹੜੇ ਆਚਾਰ ਦੇ ਪੱਖ ਤੋਂ ਸਾਧਾਰਣ ਪੱਧਰ ਤੋਂ ਨੀਵੇਂ ਹੋਣ ਕਰਕੇ ਬਹੁਤ ਘਟੀਆ ਹੋਣ। ਉਸ ਦੀ ਬੌਧਿਕ ਸ਼ਕਤੀ, ਉਸ ਦਾ ਭਾਂਜਵਾਦੀ ਵਡਿਆਈ ਸੀ, ਪਰ ਉਸ ਦਾ ਆਪਣੇ ਬਾਰੇ ਅਨੁਮਾਨ ਉਸ ਦੀ ਭਾਜ ਅਮਿਤ ਸੀ, ਦੇ ਉਸ ਦੀਆਂ ਬੌਧਿਕ ਸ਼ਕਤੀਆਂ ਤੋਂ ਬਹੁਤ ਵਧਿਆ ਹੋਇਆ।

ਉਹ ਸਿਮਨਸਨ ਤੋਂ ਬਿਲਕਲ ਉਲਟ ਪ੍ਰਕ੍ਰਿਤੀ ਦਾ ਆਦਮੀ ਸੀ। ਸਿਮਨਸਨ ਉਨ੍ਹਾਂ ਲੋਕਾਂ ਵਿਚੋਂ ਸੀ, ਆਮ ਕਰਕੇ ਪੁਲਿੰਗ ਸੁਭਾਵ ਦੇ ਜਿਨ੍ਹਾਂ ਦੇ ਕਰਮ ਉਨ੍ਹਾਂ ਦੇ ਵਿਵੇਕ ਦੇ ਆਦੇਸ਼ਾਂ ਅਧੀਨ ਤੇ ਇਸ ਤੋਂ ਨਿਸ਼ਚਿਤ ਹੁੰਦੇ ਹਨ। ਦੂਜੇ ਪਾਸੇ, ਨੋਵੋਦਵੋਰੇਫ਼ ਇਸਤਰੀ ਲਿੰਗ ਦੇ ਸੁਭਾਵ ਦੇ ਲੋਕਾਂ ਵਿਚੋਂ ਸੀ ਜਿਨ੍ਹਾਂ ਦਾ ਵਿਵੇਕ ਅੰਤਕ ਤੌਰ ਤੇ ਉਨ੍ਹਾਂ ਦੇ ਭਾਵਾਂ ਵੱਲੋਂ ਨਿਸ਼ਚਤ ਕੀਤੇ ਆਸ਼ਿਆਂ ਦੀ ਪ੍ਰਾਪਤੀ ਵੱਲ ਨਿਰਦੇਸ਼ਿਤ ਹੁੰਦਾ ਹੈ, ਤੇ ਕੁਝ ਅੰਸ਼ ਉਨ੍ਹਾਂ ਦੇ ਉਕਸਾਏ ਕਰਮਾਂ ਦੇ ਸਿੱਧੀਕਰਣ ਵੱਲ।

ਨੋਵੋਦਵੋਰੇਫ਼ ਦੀ ਸਾਰੀ ਕ੍ਰਾਂਤੀਕਾਰੀ ਚੇਸ਼ਟਾ, ਭਾਵੇਂ ਉਹ ਇਸ ਦੀ ਵਿਆਖਿਆ ਬੜੇ ਧੜੱਲੇ ਨਾਲ ਤੇ ਨਿਸ਼ਚੇਕਾਰੀ ਢੰਗ ਨਾਲ ਕਰ ਸਕਦਾ ਸੀ। ਨਖ਼ਲਿਊਦੌਫ਼ ਨੂੰ ਸਿਵਾਇ ਹਵਸ ਤੇ ਪ੍ਰਧਾਨਤਾ ਦੀ ਚਾਹ ਤੋਂ ਹੋਰ ਕਿਸੇ ਗੱਲ ਉੱਤੇ ਆਧਾਰਿਤ ਪ੍ਰਤੀਤ ਨਹੀਂ ਹੁੰਦੀ ਸੀ। ਪਹਿਲਾਂ ਪਹਿਲਾਂ ਉਸ ਦੀ ਦੂਜਿਆਂ ਦੇ ਵਿਚਾਰਾਂ ਨੂੰ ਸਮਾਵਿਸ਼ਟ ਕਰਨ ਦੀ ਤੇ ਉਨ੍ਹਾਂ ਨੂੰ ਸ਼ੁੱਧ ਰੂਪ ਵਿਚ ਵਿਅਕਤ ਕਰਨ ਦੀ ਸ਼ਕਤੀ ਨੇ ਉਸ ਨੂੰ ਹਾਈ ਸਕੂਲ ਤੇ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਤੇ ਅਧਿਆਪਕਾਂ ਵਿਚ ਉੱਚਤਾ ਪ੍ਰਦਾਨ ਕੀਤੀ ਹੋਈ ਸੀ, ਕਿਉਂਕਿ ਉਨ੍ਹਾਂ ਥਾਈਂ ਉਹ ਗੁਣ ਜੋ ਉਸ ਵਿਚ ਸਨ ਬੜੇ ਮੁੱਲ ਵਾਲੇ ਗਿਣੇ ਜਾਂਦੇ ਹਨ, ਤੇ ਉਹ ਸੰਤੁਸ਼ਟ ਸੀ। ਪਰ ਜਦੋਂ ਉਸ ਨੇ ਪੜ੍ਹਾਈ ਖ਼ਤਮ ਕਰ ਲਈ ਤੇ ਡਿਪਲੋਮਾ ਪ੍ਰਾਪਤ ਕਰ

ਲਿਆ, ਤੇ ਉਹ ਉੱਚਤਾ ਸਮਾਪਤ ਹੋ ਗਈ, ਉਸ ਨੇ ਇਕ ਦਮ ਆਪਣੇ ਵਿਚਾਰ ਬਦਲ ਲਏ (ਜਿਵੇਂ ਕ੍ਰਿਲਤਸੌਫ਼ ਜੋ ਉਸ ਨੂੰ ਪਸੰਦ ਨਹੀਂ ਕਰਦਾ ਸੀ, ਆਖਦਾ ਸੀ) ਇਕ ਹੋਰ ਮੰਡਲ ਵਿਚ ਉੱਚਤਾ ਪ੍ਰਾਪਤ ਕਰਨ ਲਈ, ਤੇ ਇਕ ਮੱਧਵਰਤੀ ਉਦਾਰਵਾਦ ਤੋਂ ਉਹ ਲੋਕ ਦਲ ਦਾ ਇਕ ਦੀਵਾਨਾ ਸਹਗਾਮੀ ਬਣ ਗਿਆ।

ਉਨ੍ਹਾਂ ਸਦਾਚਾਰਕ ਤੇ ਸੌਂਦਰਯਮਈ ਗੁਣਾਂ ਤੋਂ ਸਖਣਾ, ਜੋ ਸ਼ੰਕੇ ਤੇ ਝਿਜਕ ਉਪਜਾਂਦੇ ਹਨ, ਉਸ ਨੂੰ ਕ੍ਰਾਂਤੀਵਾਦੀ ਮੰਡਲਾਂ ਵਿਚ ਬਹੁਤ ਛੇਤੀ ਸੰਤੋਖਜਨਕ ਪਦਵੀ ਮਿਲ ਗਈ-ਇਕ ਪਾਰਟੀ ਦੇ ਆਗੂ ਦੀ ਪਦਵੀ। ਇਕ ਵਾਰੀ ਆਪਣੀ ਸੇਧ ਮਿਥ ਕੇ ਉਹ ਕਦੀ ਸ਼ੰਕੇ ਜਾਂ ਝਿਜਕ ਵਿਚ ਨਹੀਂ ਪੈਂਦਾ ਸੀ, ਤੇ ਇਸ ਲਈ ਉਸ ਨੂੰ ਨਿਸ਼ਚਾ ਸੀ ਕਿ ਉਸ ਨੇ ਕਦੀ ਗਲਤੀ ਨਹੀਂ ਕੀਤੀ ਸੀ। ਹਰ ਗੱਲ ਉਸ ਨੂੰ ਸਰਲ, ਸਪਸ਼ਟ ਤੇ ਨਿਸ਼ਚਿਤ ਜਾਪਦੀ ਸੀ, ਤੇ ਉਸ ਦੇ ਵਿਚਾਰਾਂ ਦੇ ਸੌੜੇ ਤੇ ਇਕਵਾਸੇ ਹੋਣਾ ਹਰ ਚੀਜ਼ ਨੂੰ ਸਰਲ ਤੇ ਸਪਸ਼ਟ ਦਰਸਾਂਦਾ ਵੀ ਸੀ। ਆਦਮੀ ਨੂੰ ਕੇਵਲ ਤਰਕਸ਼ੀਲ ਹੋਣ ਦੀ ਲੋੜ ਸੀ, ਜਿਵੇਂ ਉਹ ਆਖਦਾ ਸੀ, ਉਸ ਦੀ ਆਤਮ-ਦ੍ਰਿੜਤਾ ਇੰਨੀ ਵੱਧੀ ਹੋਈ ਸੀ ਕਿ ਲੋਕ ਜਾਂ ਉਸ ਤੋਂ ਘ੍ਰਿਣਾ ਕਰਦੇ ਸਨ, ਜਾਂ ਉਸ ਦੇ ਅਨੁਸਾਰ ਹੋ ਜਾਂਦੇ ਸਨ। ਬਹੁਤੇ ਉਸ ਦੇ ਅਨੁਸਾਰ ਹੋ ਜਾਂਦੇ ਸਨ, ਕਿਉਂਕਿ ਉਹ ਆਪਣਾ ਕੰਮ ਵਧੇਰੇ ਨੌਂਜਵਾਨ ਉਮਰ ਦੇ ਲੋਕਾਂ ਵਿਚ ਕਰਦਾ ਸੀ ਜੋ ਉਸ ਦੀ ਆਤਮ-ਦ੍ਰਿੜਤਾ ਨੂੰ ਗਹਿਰਾਈ ਤੇ ਸਿਆਣਪ ਸਮਝ ਲੈਂਦੇ ਸਨ। ਇਸ ਕਾਰਣ ਕ੍ਰਾਂਤੀਵਾਦੀ ਮੰਡਲਾਂ ਵਿਚ ਉਸ ਨੂੰ ਬੜੀ ਸਫਲਤਾ ਮਿਲੀ ਸੀ। ਉਸ ਦੇ ਕੰਮ ਦੀ ਆਸ਼ਾ ਇਕ ਉਪਾਧੀ ਲਈ ਤਿਆਰੀ ਕਰਨਾ ਸੀ, ਜਿਸ ਦਾ ਫਲ ਰੂਪ ਉਹ ਸ਼ਕਤੀ ਹੱਥਿਆ ਸਕੇਗਾ, ਤੇ ਇਕ ਸਭਾ ਬੁਲਾਵੇਗਾ, ਉਸ ਦਾ ਬਣਾਇਆ ਹੋਇਆ ਇਕ ਕਾਰਜ-ਕਰਮ ਇਸ ਸਭਾ ਅੱਗੇ ਰਖਿਆ ਜਾਵੇਗਾ, ਤੇ ਉਸ ਨੂੰ ਨਿਸ਼ਚਾ ਸੀ ਕਿ ਉਸ ਦਾ ਇਹ ਕਾਰਜ-ਕਰਮ ਸਾਰੇ ਮਾਮਲੇ ਹਲ ਕਰਨ ਵਾਲਾ ਸੀ, ਤੇ ਇਸ ਲਈ ਅਵੱਸ਼ ਮੰਨ ਲਿਆ ਜਾਵੇਗਾ।

ਉਸ ਦੇ ਸਾਥੀ ਉਸ ਦੀ ਇਜ਼ਤ ਕਰਦੇ ਸਨ, ਪਰ ਉਸ ਨਾਲ ਸਨੇਹ ਨਹੀਂ ਰਖਦੇ ਸਨ। ਉਸ ਨੂੰ ਕਿਸੇ ਨਾਲ ਸਨੇਹ ਨਹੀਂ ਸੀ, ਤੇ ਉਹ ਪ੍ਰਸਿੱਧੀ ਵਾਲੇ ਸਭ ਲੋਕਾਂ ਨੂੰ ਆਪਣੇ ਪ੍ਰਤਿਰੋਧੀ ਸਮਝਦਾ ਸੀ, ਤੇ ਜੇ ਉਸ ਦਾ ਵਾਹ ਚਲਦਾ ਹੁੰਦਾ ਤਾਂ ਉਨ੍ਹਾਂ ਸਭਨਾਂ ਨਾਲ ਉਹੀ ਵਰਤਾਰਾ ਕਰਦਾ ਜੋ ਬੁੱਢੇ ਬਾਂਦਰ ਛੋਟੇ ਬਾਂਦਰਾਂ ਨਾਲ ਕਰਦੇ ਹਨ। ਉਸ ਨੇ ਦੂਜੇ ਲੋਕਾਂ ਦੇ

ਸਿਰਾਂ ਵਿਚੋਂ ਸਾਰੀ ਸ਼ਕਤੀ ਸਾਰੀ ਯੋਗਿਤਾ ਪਾੜ ਕੇ ਕੱਢ ਦੇਣੀ ਸੀ, ਤਾਂ ਜੋ ਉਹ ਉਸ ਦੀ ਪ੍ਰਤਿਭਾ ਦੇ ਪ੍ਰਕਾਸ਼ ਵਿਚ ਰੋਕ ਨਾ ਪਾਣ। ਉਹ ਚੰਗਾ ਉਨ੍ਹਾਂ ਨਾਲ ਹੀ ਸੀ ਜੋ ਉਸ ਅੱਗੇ ਝੁੱਕ ਜਾਂਦੇ ਸਨ। ਹੁਣ, ਇਸ ਸਫਰ ਵਿਚ ਕੋਕ੍ਰਾਂਤਿਏਫ਼ ਵੱਲ ਉਸ ਦਾ ਵਤੀਰਾ ਚੰਗਾ ਸੀ, ਜਿਸ ਉੱਤੇ ਉਸ ਦੇ ਪ੍ਰਚਾਰ ਦਾ ਅਸਰ ਸੀ। ਤੇ ਵੇਰਾ ਦੁਖ਼ੋਫਾ ਤੇ ਨਿਕੀ ਜਿਹੀ ਮੋਹਣੀ ਗ੍ਰਾਬੇਤਸ ਵੱਲ, ਜੋ ਦੋਵੇਂ ਉਸ ਉੱਤੇ ਮੋਹਿਤ ਸਨ। ਭਾਵੇਂ ਸਿਧਾਂਤਕ ਪੱਖ ਤੋਂ ਉਹ ਇਸਤਰੀਆਂ ਵਿਚ ਜਾਗ੍ਰਿਤੀ ਦੇ ਹੱਕ ਵਿਚ ਸੀ, ਆਪਣੀ ਆਤਮਾ ਦੀ ਗਹਿਰਾਈ ਵਿਚ ਉਹ ਸਭ ਇਸਤਰੀਆਂ ਨੂੰ ਮੂਰਖ ਤੇ ਨਿਰਰਥਕ ਸਮਝਦਾ ਸੀ ਉਨ੍ਹਾਂ ਤੋਂ ਛੁੱਟ ਜਿਨ੍ਹਾਂ ਨਾਲ ਉਸ ਨੂੰ ਭਾਵਕ ਪ੍ਰੇਮ ਹੋਵੇ, ਜਿਵੇਂ ਹੁਣ ਗ੍ਰਾਬੇਤਸ ਨਾਲ ਸੀ। ਇਨ੍ਹਾਂ ਨੂੰ ਉਹ ਅਨੋਖੀਆਂ ਸਮਝਦਾ ਸੀ, ਕਿਉਂਕਿ ਕੇਵਲ ਉਹ ਹੀ ਇਨਾਂ ਦੇ ਗੁਣਾਂ ਦੀ ਕਦਰ ਕਰਨ ਦੇ ਯੋਗ ਸੀ।

ਦੋਹਾਂ ਲਿੰਗਵਰਗਾਂ ਦੇ ਸੰਬੰਧਾਂ ਦੀ ਸਮੱਸਿਆ ਵੀ ਉਸ ਦੇ ਵਿਚਾਰ ਵਿਚ ਸਤੰਤਰ ਸੰਜੋਗ ਨੂੰ ਮੰਨ ਲੈਣ ਨਾਲ ਸੁਲਝ ਜਾਂਦੀ ਸੀ।

ਉਸ ਦੀ ਇਕ ਨਾਮ-ਧਰੀਕ ਪਤਨੀ ਸੀ ਜਿਸ ਨੂੰ ਉਸ ਨੇ ਛੱਡਿਆ ਹੋਇਆ ਸੀ, ਇਹ ਫ਼ੈਸਲਾ ਕਰਕੇ ਕਿ ਉਨ੍ਹਾਂ ਵਿਚ ਸੱਚਾ ਪ੍ਰੇਮ ਨਹੀਂ ਸੀ। ਹੁਣ ਉਹ ਗ੍ਰਾਬੇਤਸ ਨਾਲ ਸੁਤੰਤਰ ਸੰਜੋਗ ਬਣਾ ਲੈਣ ਦੀ ਸੋਚ ਰਿਹਾ ਸੀ। ਨੋਵੋਦਵੋਰੇਫ਼ ਨਖ਼ਲਿਊਦੌਂਫ਼ ਨੂੰ ਘ੍ਰਿਣਾ ਕਰਦਾ ਸੀ ਇਸ ਕਰਕੇ ਕਿ, ਉਸ ਦੇ ਕਹਿਣ ਅਨੁਸਾਰ, ਉਹ ਮਸਲੌਂਫ਼ਾ ਬਾਰੇ ਮੂਰਖ ਬਣਿਆ ਹੋਇਆ ਸੀ, ਪਰ ਖ਼ਾਸ ਕਰਕੇ ਨਖ਼ਲਿਊਦੌਂਫ਼ ਦੇ ਨੋਵੋਦਵੋਰੇਫ਼ ਦੀ ਦ੍ਰਿਸ਼ਟੀ ਅਨੁਸਾਰ ਨਹੀਂ, ਆਪਣੇ ਢੰਗ ਨਾਲ ਵਰਤਮਾਨ ਪ੍ਰਬੰਧ ਦੇ ਔਗੁਣਾਂ ਦੇ ਜਾਨਣ ਤੇ ਇਨ੍ਹਾਂ ਨੂੰ ਦੂਰ ਕਰਨ ਦੇ ਸਾਧਨਾ ਬਾਰੇ ਸੁਤੰਤਰ ਵਿਚਾਰ ਰੱਖਣ ਕਰਕੇ, ਜੋ ਇਕ ਰਾਜਕੁਮਾਰ ਦਾ (ਭਾਵ ਇਕ ਮੂਰਖ ਦਾ) ਢੰਗ ਸੀ। ਨਖ਼ਲਿਊਦੌਂਫ਼ ਨੋਵੋਦਵੋਰੇਫ਼ ਦੀ ਆਪਣੇ ਵੱਲ ਇਸ ਭਾਵਨਾ ਨੂੰ ਸਮਝਦਾ ਸੀ, ਤੇ ਉਸ ਨੂੰ ਇਹ ਸੋਚ ਕੇ ਦੁੱਖ ਹੁੰਦਾ ਸੀ ਕਿ ਉਸ ਸਾਮਾਨ ਸਦ ਭਾਵਨਾ ਦੀ ਅਵੱਸਥਾ ਦੇ ਹੁੰਦੇ ਹੋਏ ਵੀ, ਜੋ ਉਸ ਨੂੰ ਇਸ ਸਫ਼ਰ ਵਿਚ ਮਿਲੀ ਹੋਈ ਸੀ, ਉਹ ਇਸ ਪੁਰਸ਼ ਵੱਲ ਉਸ ਜੇਹਾ ਹੀ ਸਲੂਕ ਕਰਨ ਤੋਂ ਰਹਿ ਨਹੀਂ ਸਕਦਾ ਸੀ, ਉਹ ਉਸ ਵੱਲ ਆਪਣੇ ਵਿਰੋਧ ਭਾਵ ਨੂੰ ਦਬਾ ਨਹੀਂ ਸਕਦਾ ਸੀ।

-0-

16

ਨਾਲ ਦੇ ਕਮਰੇ ਵਿਚੋਂ ਕਰਮਚਾਰੀਆਂ ਦੇ ਬੋਲ ਸੁਣਦੇ ਸਨ। ਸਾਰੇ ਕੈਦੀ ਚੁੱਪ ਸਨ। ਇਕ ਸਾਰਜੰਟ ਤੇ ਪਿੱਛੇ ਪਿੱਛੇ ਦੋ ਸਿਪਾਹੀ ਅੰਦਰ ਆਏ। ਨਿਰੀਖਣ ਦਾ ਵੇਲਾ ਹੋ ਗਿਆ ਸੀ। ਸਾਰਜੰਟ ਨੇ ਸਾਰਿਆਂ ਨੂੰ ਗਿਣਿਆ, ਤੇ ਜਦੋਂ ਨਖ਼ਲਿਊਦੌਫ਼ ਦੀ ਵਾਰੀ ਆਈ ਤਾਂ ਉਸ ਨੂੰ ਜਾਣੇ-ਪਛਾਣੇ ਵਾਕਰ ਸੰਬੋਧਨ ਕੀਤਾ :

"ਨਿਰੀਖਣ ਤੋਂ ਪਿਛੋਂ, ਰਾਜਕੁਮਾਰ, ਤੁਸਾਂ ਇੱਥੇ ਨਾ ਅਟਕਣਾ। ਹੁਣ ਤੁਸੀਂ ਚਲੇ ਜਾਣਾ।"

ਨਖ਼ਲਿਊਦੌਫ਼ ਨੂੰ ਇਸ ਦਾ ਮਤਲਬ ਪਤਾ ਸੀ। ਉਸ ਨੇ ਸਾਰਜੰਟ ਦੇ ਨੇੜੇ ਹੋ ਕੇ ਇਕ ਤਿੰਨ ਰੂਬਲ ਦਾ ਨੋਟ ਉਸ ਦੇ ਹੱਥ ਵਿਚ ਦੇ ਦਿੱਤਾ।

"ਚੰਗਾ, ਅੱਛਾ, ਹੁਣ ਤੁਹਾਨੂੰ ਕੀ ਆਖੇ ਕੋਈ? ਹੋਰ ਕੁਝ ਠਹਿਰ ਜਾਓ ਜੇ ਚਾਹੁੰਦੇ ਹੋ।" ਸਾਰਜੰਟ ਜਾਣ ਲੱਗਾ ਸੀ ਜਦੋਂ ਇਕ ਹੋਰ ਸਾਰਜੰਟ ਅੰਦਰ ਆਇਆ। ਉਸ ਦੇ ਪਿੱਛੇ ਪਿੱਛੇ ਇਕ ਕੈਦੀ ਸੀ, ਪਤਲੀ ਜੇਹੀ ਦਾੜ੍ਹੀ ਵਾਲਾ ਦੁਬਲਾ ਆਦਮੀ, ਜਿਸ ਦੀ ਅੱਖ ਹੇਠਾਂ ਇਕ ਨੀਲ ਪਿਆ ਹੋਇਆ ਸੀ।

"ਮੈਂ ਬੱਚੀ ਬਾਰੇ ਆਇਆ ਹਾਂ।" ਕੈਦੀ ਬੋਲਿਆ।

"ਆਹ ਡੈਡੀ ਆ ਗਿਆ !" ਇਕ ਬੱਚੇ ਦੀ ਟਣਕਵੀਂ ਆਵਾਜ਼ ਆਈ, ਤੇ ਇਕ ਭੂਰੇ ਵਾਲਾਂ ਵਾਲਾ ਸਿਰ ਰੰਤਸੇਫ਼ਾ ਦੇ ਪਿਛੋਂ ਦਿਖਾਈ ਦਿੱਤਾ, ਜਿਹੜੀ ਕਤੂਸ਼ਾਂ ਤੇ ਮੇਰੀ ਪਾਉਲੋਵਨਾ ਦੀ ਮਦਦ ਨਾਲ ਆਪਣੇ ਇਕ ਪੇਟੀਕੋਟ ਵਿਚੋਂ, ਬੱਚੀ ਵਾਸਤੇ ਇਕ ਨਵਾਂ ਪਹਿਰਨ ਬਣਾ ਰਹੀ ਸੀ।

“ਹਾਂ, ਪੁੱਤਰੀ, ਮੈਂ ਹਾਂ” ਕੈਦੀ, ਬੁਜ਼ੋਵਿਕ, ਕੋਮਲ ਸੁਰ ਵਿਚ ਬੋਲਿਆ।

"ਇਹ ਆਰਾਮ ਵਿਚ ਹੈ ਇਥੇ, ਬਿਲਕੁਲ," ਮੇਰੀ ਪਾਉਲੋਫ਼ਨਾ, ਬੁਜ਼ੋਵਕਿਨ ਦੇ ਨੀਲ-ਪਏ ਚਿਹਰੇ ਵੱਲ ਤਰਸ ਨਾਲ ਵੇਖ ਕੇ, ਕਹਿਣ ਲੱਗੀ, "ਇਸ ਨੂੰ ਸਾਡੇ ਕੋਲ ਰਹਿਣ ਦਿਓ।"

ਇਹ ਬੀਬੀਆਂ ਮੇਰੇ ਲਈ ਨਵੇਂ ਕਪੜੇ ਬਣਾ ਰਹੀਆਂ ਹਨ," ਕੁੜੀ ਰੰਤਸੇਫ਼ਾ ਦੇ ਸੀਉਣ ਵੱਲ ਸੰਕੇਤ ਕਰ ਕੇ, ਬੋਲੀ, "ਸੋਹਣੇ ਨਾਲ ਕੱਪੜੇ !" ਉਹ ਤੁਤਲਾਈ।

"ਤੂੰ ਸਾਡੇ ਕੋਲ ਸਵੇਂਗੀ ਨਾ !" ਰੰਤਸੇਵਾ ਨੇ ਬੱਚੀ ਨੂੰ ਥਪਕ ਕੇ ਪੁੱਛਿਆ ?

"ਹਾਂ, ਮੈਂ ਚਾਹੁੰਦੀ ਹਾਂ, ਡੈਡੀ ਵੀ ਸਵੇਂਗਾ ?"

ਰੰਤਸੇਫ਼ਾ ਦੇ ਚੇਹਰੇ ਉੱਤੇ ਇਕ ਉੱਜਲੀ ਮੁਸਕਾਣ ਖਿੱਲਰ ਗਈ।

"ਨਹੀਂ, ਡੈਡੀ ਨਹੀਂ।" ਤੇ ਪਿਉ ਵੱਲ ਪਰਤ ਕੇ ਰੰਸਸੇਫ਼ਾ ਕਹਿਣ ਲੱਗੀ, “ਇਹ ਸਾਡੇ ਕੋਲ ਰਹੇਗੀ ਫਿਰ !"

"ਹਾਂ, ਛੱਡ ਜਾ ਇਹਨੂੰ।" ਪਹਿਲਾ ਸਾਰਜੰਟ ਕਹਿ ਕੇ ਦੂਜੇ ਨਾਲ ਬਾਹਰ ਚਲਾ ਗਿਆ।

ਉਨ੍ਹਾਂ ਦੇ ਕਮਰੇ ਵਿਚੋਂ ਨਿਕਲ ਜਾਣ ਸਾਰ ਨਾਬਾਤੋਫ਼ ਬੁਜ਼ੋਵਕਿਨ ਕੋਲ ਆਇਆ, ਤੇ ਉਸ ਦੇ ਮੋਢੇ ਨੂੰ ਥਾਪੜ ਕੇ ਕਹਿਣ ਲੱਗਾ "ਮੈਂ ਕਿਹਾ, ਜਾਣਿਆਂ ਇਹ ਸੱਚ ਹੈ ਕਿ ਕਾਰਮਾਨੋਫ਼ ਬਦਲੀ ਕਰਵਾਣੀ ਚਾਹੁੰਦਾ ਹੈ ?"

ਬਜ਼ੋਵਕਿਨ ਦਾ ਨੇਕ ਤੇ ਸਾਊ ਚੇਹਰਾ ਇਕ ਦਮ ਲਾਲ ਹੋ ਗਿਆ, ਤੇ ਉਸ ਦੀਆ ਅੱਖਾਂ ਅੱਗੇ ਇਕ ਜਾਲਾ ਜੇਹਾ ਆ ਗਿਆ।

"ਅਸਾਂ ਕੁਝ ਨਹੀਂ .. ਸੁਣਿਆ," ਉਹ ਹੌਲੀ ਜੇਹੀ ਬੋਲਿਆ ਤੇ ਆਪਣੀਆਂ ਅੱਖਾਂ ਵਿਚ ਉਸੇ ਜਾਲੇ ਹੇਠੋਂ ਉਸ ਨੇ ਮੁੜ ਕੇ ਬੱਚੀ ਵੱਲ ਤੱਕਿਆ।

"ਚੰਗਾ, ਅਕਸੂਤਕਾ, ਜਾਪਦਾ ਹੈ ਤੂੰ ਇਨ੍ਹਾਂ ਸੁਆਣੀਆਂ ਕੋਲ ਸੌਖੀ ਰਹੇਗੀ।" ਉਹ ਬੋਲਿਆ, ਤੇ ਝੱਬ ਕਰ ਕੇ ਬਾਹਰ ਨਿਕਲ ਗਿਆ।

"ਬਦਲੀ ਬਾਰੇ ਗੱਲ ਸੱਚੀ ਹੈ, ਤੇ ਇਹ ਚੰਗੀ ਤਰ੍ਹਾ ਜਾਣਦਾ ਹੈ।' ਨਾਬਾਤੋਫ਼ ਕਹਿਣ ਲੱਗਾ।

"ਹੁਣ ਤੁਸੀਂ ਕੀ ਕਰਨਾ ਚਾਹੁੰਦੇ ਹੋ ?”

'ਮੈਂ ਨਾਲ ਦੇ ਕਮਰੇ ਵਿਚ ਅਧਿਕਾਰੀਆਂ ਨੂੰ ਦੱਸ ਦੇਵਾਂਗਾ, ਮੈਂ ਦੋਹਾਂ ਕੈਦੀਆਂ ਨੂੰ ਸਿਆਣਦਾ ਹਾਂ।" ਨਖ਼ਲਿਊਦੌਫ਼ ਨੇ ਕਿਹਾ।"

ਸਾਰੇ ਚੁਪ ਸਨ, ਇਸ ਡਰ ਤੋਂ ਕਿ ਵਿਵਾਦ ਫਿਰ ਨਾ ਸ਼ੁਰੂ ਹੋ ਜਾਵੇ।

ਸਿਮਨਸਨ, ਜੋ ਸਿਰ ਅੱਗੇ ਬਾਹਾਂ ਕਰੀ ਪਿਆ ਰਿਹਾ ਸੀ ਤੇ ਕੁਝ ਨਹੀਂ ਬੋਲਿਆ ਸੀ, ਉਠਿਆ ਤੇ ਬੈਠਿਆ ਪਾਸੋਂ ਦੀ ਧਿਆਨ ਨਾਲ ਲੰਘ ਕੇ ਦ੍ਰਿੜਤਾ ਨਾਲ ਨਖ਼ਲਿਊਦੌਫ਼ ਪਾਸ ਆਇਆ।

"ਹੁਣ ਮੇਰੀ ਗੱਲ ਸੁਣ ਸਕੋਗੇ ?"

"ਜ਼ਰੂਰ," ਤੇ ਨਖ਼ਲਿਊਦੌਫ਼ ਉੱਠ ਕੇ ਉਸ ਦੇ ਪਿੱਛੇ ਚਲਾ ਗਿਆ।

ਕਤੂਸ਼ਾਂ ਨੇ ਹੈਰਾਨੀ ਨਾਲ ਅੱਖਾਂ ਚੁੱਕ ਕੇ ਵੇਖਿਆ, ਨਖ਼ਲਿਊਦੌਫ਼ ਨਾਲ ਉਸ ਦੀਆਂ ਅੱਖਾਂਫਡਮਿਲੀਆਂ ਤੇ ਉਹ ਸ਼ਰਮ ਨਾਲ ਲਾਲ ਸੂਹੀ ਹੋ ਗਈ ਤੇ ਜਿਵੇਂ ਕੁਝ ਨਾ ਸੁਝਦਾ ਹੋਵੇ ਤੇ ਸਿਰ ਹਿਲਾਣ ਲੱਗੀ।

"ਮੈਂ ਜੋ ਗੱਲ ਤੁਹਾਨੂੰ ਕਹਿਣੀ ਚਾਹੁੰਦਾ ਹਾਂ ਇਹ ਹੈ," ਜਦੋਂ ਉਹ ਵਰਾਂਡੇ ਵਿਚ ਆ ਗਏ ਤਾਂ ਸਿਮਨਸਨ ਕਹਿਣ ਲੱਗਾ। ਵਰਾਂਡੇ ਵਿਚ ਕੈਦੀਆਂ ਦੀਆਂ ਆਵਾਜ਼ਾਂ ਤੇ ਹੋਕਰਿਆਂ ਦਾ ਰੋਲਾ ਹੋਰ ਵੀ ਉੱਚਾ ਸੁਣਦਾ ਸੀ। ਨਖ਼ਲਿਊਦੌਫ਼ ਨੇ ਮੂੰਹ ਵੱਟਿਆ, ਪਰ ਸਿਮਨਸਨ ਇਸ ਤੋਂ ਪਰੇਸ਼ਾਨ ਨਹੀਂ ਦਿਸਦਾ ਸੀ। "ਕਤੂਸ਼ਾਂ ਮਸਲੌਫ਼ਾ ਨਾਲ ਤੁਹਾਡੇ ਸੰਬੰਧਾਂ ਨੂੰ ਜਾਣਦਾ ਹੋਇਆ..।" ਆਪਣੀਆਂ ਕੋਮਲ ਨਜ਼ਰਾਂ ਸਿੱਧੀਆਂ ਨਖ਼ਲਿਊਦੌਫ਼ ਦੇ ਚੇਹਰੇ ਉੱਤੇ ਸੁੱਟ ਕੇ ਉਹ ਕਹਿਣ ਲੱਗਾ, ਮੈਂ ਆਪਣਾਂ ਫ਼ਰਜ਼ ਸਮਝਦਾ ਹਾਂ..... ਉਸ ਨੂੰ ਰੁਕਣਾ ਪਿਆ ਕਿਉਂਕਿ ਦੋ ਆਵਾਜ਼ਾਂ ਦਰਵਾਜ਼ੇ ਦੇ ਬਹੁਤ ਨੇੜੇ ਝਗੜਦੀਆ ਤੇ ਲਲਕਾਰਦੀਆਂ ਸੁਣੀਆਂ ਸਨ।

"ਲੱਕੜਸਿਰਿਆ, ਮੈਂ ਆਖਦਾਂ ਉਹ ਮੇਰੇ ਨਹੀਂ ਸਨ।" ਇਕ ਆਵਾਜ਼ ਨੇ ਉੱਚੀ ਸਾਰੀ ਕਿਹਾ।

"ਰੱਬ ਕਰੇ, ਤੂੰ ਗਰਕ ਹੋ ਜਾਏ !" ਦੂਜਾ ਬੋਲਿਆ।

ਇਸੇ ਛਿੰਨ ਮੇਰੀ ਪਾਊਲੋਫ਼ਨਾ ਬਾਹਰ ਵਰਾਂਡੇ ਵਿਚ ਆ ਗਈ।

"ਤੁਸੀਂ ਇਥੇ ਕਿਵੇਂ ਗੱਲਾਂ ਕਰ ਸਕਦੇ ਹੋ ?" ਉਹ ਕਹਿਣ ਲੱਗੀ," ਉਧਰ ਜਾਓ, ਵੇਰਾ ਇਕੱਲੀ ਹੈ।" ਤੇ ਉਹ ਦੂਜੇ ਦਰਵਾਜ਼ੇ ਥਾਣੀਂ ਅੰਦਰ ਚਲੀ ਗਈ, ਇਕ ਛੋਟੇ ਜੇਹੇ ਕਮਰੇ ਵਿਚ ਜੋ ਸਪਸ਼ਟ ਸੀ ਤਨਹਾਈ ਦੀ ਕੈਦ ਦੀ ਕੋਠੜੀ ਸੀ, ਜੋ ਹੁਣ ਇਸਤ੍ਰੀ ਰਾਜਸੀ ਕੈਦੀਆਂ ਨੂੰ ਮਿਲੀ ਹੋਈ ਸੀ, ਵੇਰਾ ਦੁਖੋਫ਼ਾ ਤੱਖਤੇ ਤੇ ਮੂੰਹ ਸਿਰ ਸਭ ਕੁਝ ਢੱਕੀ ਲੰਮੀ ਪਈ ਸੀ।

"ਉਸ ਨੂੰ ਸਿਰ ਪੀੜ ਹੈ, ਤੇ ਉਹ ਸੁੱਤੀ ਪਈ ਹੈ, ਇਸ ਲਈ ਉਹ ਤੁਹਾਡੀ ਕੋਈ ਗੱਲ ਸੁਣ ਨਹੀਂ ਸਕਦੀ ਤੇ ਮੈਂ ਚਲੀ ਜਾਂਦੀ ਹਾਂ।" ਮੇਰੀ ਪਾਉਲੋਫ਼ਨਾ ਨੇ ਆਖਿਆ।

"ਸਗੋਂ ਤੁਸੀਂ ਇਥੇ ਰਹੋ," ਸਿਮਨਸਨ ਕਹਿਣ ਲੱਗਾ, "ਮੈਂ ਕਈ ਗੱਲ ਕਿਸੇ ਤੋਂ ਛਿਪਾ ਕੇ ਨਹੀਂ ਰੱਖੀ ਹੋਈ, ਨਿਸ਼ਚੇ ਹੀ ਤੈਥੋਂ ਨਹੀਂ।"

"ਬਹੁਤ ਅੱਛਾ," ਮੇਰੀ ਪਾਉਲੋਫ਼ਨਾ ਬੋਲੀ, ਤੇ ਬੱਚਿਆਂ ਵਾਕਰ ਪਾਸੇ ਮਾਰਕੇ ਸੌਣ ਵਾਲੇ ਤੱਖਤੇ ਉੱਤੇ ਪਿੱਛਾਂ ਨੂੰ ਸਰਕ ਕੇ, ਉਹ ਸੁਣਨ ਲਈ ਬੈਠ ਗਈ। ਪਰ ਉਸ ਦੀਆਂ ਸੁੰਦਰ ਭੂਰੀਆਂ ਅੱਖਾਂ ਕਿਧਰੇ ਦੂਰ ਲੱਗੀਆਂ ਜਾਪਦੀਆਂ ਸਨ।

"ਚੰਗਾ ਫਿਰ, ਮੇਰੀ ਗੱਲ ਇਉਂ ਹੈ," ਸਿਮਨਸਨ ਨੇ ਦੂਹਰਾ ਕੇ ਆਖਿਆ। "ਕਤੂਸ਼ਾਂ ਮਸਲੌਫ਼ਾ ਨਾਲ ਤੁਹਾਡੇ ਸੰਬੰਧਾਂ ਬਾਰੇ ਜਾਣਦਾ ਹੋਇਆ, ਮੈਂ ਆਪਣਾ ਫਰਜ਼ ਸਮਝਦਾ ਹਾਂ ਕਿ ਉਸ ਨਾਲ ਆਪਣੇ ਸੰਬੰਧਾਂ ਬਾਰੇ ਤੁਹਾਨੂੰ ਦੱਸਾਂ।"

ਨਖ਼ਲਿਊਦੌਫ਼, ਸਿਮਨਸਨ ਦੀ ਗੱਲਬਾਤ ਦੀ ਸਰਲਤਾ ਤੇ ਖਰੇਪਣ ਦੀ ਸ਼ਲਾਘਾ ਕੀਤੇ ਬਿਨਾਂ ਨਾ ਰਹਿ ਸਕਿਆ।

"ਤੁਹਾਡਾ ਭਾਵ ਕੀ ਹੈ ?" ਉਸ ਨੇ ਪੁੱਛਿਆ।

"ਮੇਰਾ ਭਾਵ ਹੈ ਮੈਂ ਕਤੂਸ਼ਾਂ, ਮਸਲੌਫ਼ਾ ਨਾਲ ਵਿਆਹ ਕਰਨਾ ਚਾਹੁੰਦਾ ਹਾਂ।"

ਕਿੱਡੀ ਅਨੋਖੀ ਗੱਲ ਹੈ," ਮੇਰੀ ਪਾਉਲੋਫ਼ਨਾ ਬੋਲੀ ਤੇ ਉਸ ਦੀਆਂ ਅੱਖਾਂ ਸਿਮਨਸਨ ਉੱਤੇ ਗੱਡੀਆਂ ਗਈਆਂ।

"ਸੋ ਮੈਂ ਮਨ ਬਣਾ ਲਿਆ ਹੈ ਕਿ ਉਸ ਨੂੰ ਆਪਣੀ ਪਤਨੀ ਬਣਨ ਲਈ ਆਖਾਂ।" ਸਿਮਨਸਨ ਹੋਰ ਕਹਿਣ ਲੱਗਾ।

"ਮੈਂ ਕੀ ਕਰ ਸਕਦਾ ਹਾਂ ? ਇਹ ਉਸ ਉੱਤੇ ਨਿਰਭਰ ਹੈ।" ਨਖ਼ਲਿਊਦੌਫ਼ ਨੇ ਆਖਿਆ!

"ਹਾਂ, ਪਰ ਤੁਹਾਥੋਂ ਬਿਨਾਂ ਉਹ ਕੋਈ ਫੈਸਲਾ ਨਹੀਂ ਕਰੇਗੀ।''

"ਕਿਉਂ'?"

"ਕਿਉਂਕਿ ਜਿੰਨਾ ਚਿਰ ਤੁਹਾਡੇ ਉਸ ਨਾਲ ਸੰਬੰਧਾਂ ਦਾ ਫ਼ੈਸਲਾ ਨਹੀਂ ਹੋ ਜਾਂਦਾ, ਉਹ ਕਿਸੇ ਪਾਸੇ ਮਨ ਨਹੀਂ ਬਣਾ ਸਕਦੀ।"

"ਜਿਥੋਂ ਤਕ ਮੇਰਾ ਸੰਬੰਧ ਹੈ, ਅੰਤਿਮ ਨਿਰਣਾ ਹੋ ਚੁੱਕਾ ਹੈ। ਮੈਂ ਉਹ ਕਰਨਾ ਚਾਹੁੰਦਾ ਹਾਂ ਜੋ ਮੈਂ ਆਪਣਾ ਫ਼ਰਜ਼ ਸਮਝਦਾ ਹਾਂ, ਤੇ ਨਾਲੇ ਜਿਸ ਨਾਲ ਉਸ ਦੀ ਬਿਪਤਾ ਕੁਝ ਹਲਕੀ ਹੋ ਸਕੇ। ਪਰ ਕਿਸੇ ਕਾਰਣ ਵੀ ਮੈਂ ਉਸ ਉੱਤੇ ਕੋਈ ਬੰਨ੍ਹਣ ਨਹੀਂ ਲਗਾਣਾ ਚਾਹੁੰਦਾ।"

"ਹਾਂ, ਪਰ ਉਹ ਤੁਹਾਡੀ ਕੁਰਬਾਨੀ ਨੂੰ ਸਵੀਕਾਰ ਨਹੀਂ ਕਰਨਾ ਚਾਹੁੰਦੀ।"

"ਇਹ ਕੋਈ ਕੁਰਬਾਨੀ ਨਹੀਂ।"

"ਤੇ ਮੈਨੂੰ ਪਤਾ ਹੈ ਉਸ ਦਾ ਇਹ ਫੈਸਲਾ ਅੰਤਿਮ ਹੈ।"

"ਚੰਗਾ, ਫਿਰ, ਉਸ ਹਾਲਤ ਵਿਚ ਮੇਰੇ ਨਾਲ ਗੱਲ ਕਰਨ ਦੀ ਕੋਈ ਲੋੜ ਨਹੀਂ।" ਨਖ਼ਲਿਊਦੌਫ਼ ਨੇ ਕਿਹਾ।

"ਉਹ ਤੁਹਾਨੂੰ ਮਨਾਉਣਾ ਚਾਹੁੰਦੀ ਹੈ ਕਿ ਤੁਸੀਂ ਵੀ ਉਸੇ ਤਰ੍ਹਾਂ ਸੋਚਦੇ ਹੋ ਜਿਸ ਤਰ੍ਹਾਂ ਉਹ ਸੋਚਦੀ ਹੈ।"

"ਮੈਂ ਕਿਵੇਂ ਮੰਨ ਸਕਦਾ ਹਾਂ ਕਿ ਜੋ ਮੈਂ ਆਪਣਾ ਫਰਜ਼ ਸਮਝਦਾ ਹਾਂ, ਨਾ ਨਿਭਾਵਾਂ? ਮੈਂ ਕੇਵਲ ਇਹ ਹੀ ਕਹਿ ਸਕਦਾ ਹਾਂ ਕਿ ਉਸ ਨੂੰ ਖੁਲ੍ਹ ਹੈ, ਮੈਨੂੰ ਨਹੀਂ।”

ਸਿਮਨਸਨ ਚੁੱਪ ਕਰ ਗਿਆ, ਫਿਰ ਥੋੜਾ ਚਿਰ ਸੋਚ ਕੇ ਕਹਿਣ ਲੱਗਾ :

"ਬਹੁਤ ਅੱਛਾ ਫਿਰ, ਮੈਂ ਉਸ ਨੂੰ ਦੱਸ ਦਿਆਂਗਾ, ਤੁਸੀਂ ਇਹ ਨਾ ਸੋਚਣਾ ਮੈਂ ਉਸ ਉੱਤੇ ਮੁਗਧ ਹਾਂ।" ਉਹ ਕਹਿੰਦਾ ਗਿਆ, "ਮੈਂ ਉਸ ਨੂੰ ਪ੍ਰੇਮ ਕਰਦਾ ਹਾਂ, ਇਕ ਪ੍ਰਦੀਪਮਾਨ, ਅਦੁੱਤੀ ਮਨੁੱਖ ਜੀਵ ਦੇ ਰੂਪ ਵਿਚ, ਜਿਸ ਨੇ ਬਹੁਤ ਦੁੱਖ ਜਰਿਆ ਹੈ। ਮੈਂ ਉਸ ਪਾਸੋਂ ਕੁਝ ਨਹੀਂ ਮੰਗਦਾ। ਮੇਰੀ ਅਗਾਧ ਅਭਿਲਾਸ਼ਾ ਹੈ ਉਸ ਦਾ ਭਾਰ ਹੌਲਾ ਕਰਨ ਵਿਚ ਸਹਾਇਕ ਹੋਣ ਦੀ......"

ਨਖ਼ਲਿਊਦੌਫ਼ ਨੂੰ ਸਿਮਨਸਨ ਦੇ ਕੰਬਦੇ ਬੋਲ ਸੁਣ ਕੇ ਹੈਰਾਨੀ ਹੋਈ।

"ਉਸ ਦਾ ਭਾਰ ਹੌਲਾ ਕਰਨ ਲਈ," ਸਿਮਨਸਨ ਕਹੀ ਗਿਆ। "ਜੇ ਉਹ ਤੁਹਾਡੀ ਸਹਾਇਤਾ ਨਹੀਂ ਲੈਣਾ ਚਾਹੁੰਦੀ, ਮੇਰੀ ਸਵੀਕਾਰ ਕਰ, ਲਵੇ। ਜੇ ਉਹ ਮੰਨ ਜਾਵੇ ਮੈਂ ਜਿਥੇ ਉਹ ਕੈਦ ਹੋਵੇਗੀ, ਉਸ ਥਾਂ ਭੇਜੇ ਜਾਣ ਦੀ ਅਰਜ਼ੀ ਕਰ ਦੇਵਾਂਗਾ। ਚਾਰ ਸਾਲ ਕੋਈ ਸਜ਼ਾ-ਕਾਲ ਨਹੀਂ ਹੁੰਦੇ, ਮੈਂ ਉਸ ਦੇ ਪਾਸ ਹੋਵਾਂਗਾ ਤਾਂ ਸ਼ਾਇਦ ਉਸ ਦਾ ਭਾਰ ਕੁਝ ਹੌਲਾ ਕਰ

ਸਕਾਂ......" ਤੇ ਉਹ ਫਿਰ ਰੁਕ ਗਿਆ। ਉਹ ਹੋਰ ਕੁਝ ਕਹਿ ਨਾ ਸਕਿਆ ਉਸ ਦਾ ਮਨ ਬਹੁਤ ਭਰਿਆ ਹੋਇਆ ਸੀ।

"ਮੈਂ ਕੀ ਕਰਾਂ ?" ਨਖ਼ਲਿਊਦੌਫ਼ ਕਹਿਣ ਲੱਗਾ। "ਮੈਂ ਬਹੁਤ ਖੁਸ਼ ਹਾਂ ਉਸ ਨੂੰ ਤੁਹਾਡੇ ਵਰਗਾ ਰਖਵਾਲਾ ਮਿਲ ਗਿਆ ਹੈ....."

"ਇਹ ਹੀ ਮੈਂ ਜਾਣਨਾ ਚਾਹੁੰਦਾ ਸਾਂ," ਸਿਮਨਸਨ ਨੇ ਟੋਕਿਆ। "ਮੈਂ ਜਾਣਨਾ ਚਾਹੁੰਦਾ ਸਾਂ ਕਿ ਉਸ ਨਾਲ ਪ੍ਰੇਮ ਕਰਦੇ ਹੋਏ, ਉਸ ਦੀ ਖੁਸ਼ੀ ਲੋੜਦੇ ਹੋਏ, ਤੁਸੀਂ ਉਸ ਲਈ ਮੇਰੇ ਨਾਲ ਵਿਆਹ ਕਰਨ ਨੂੰ ਸ਼ੁਭ ਸਮਝਦੇ ਹੋ ?"

"ਹਾਂ, ਹਾਂ।" ਨਖ਼ਲਿਊਦੌਫ਼ ਨੂੰ ਨਿਰਣੇ ਨਾਲ ਆਖਿਆ।

"ਸਾਰਾ ਉਸ ਉੱਤੇ ਨਿਰਭਰ ਹੈ। ਮੈਂ ਕੇਵਲ ਇਹ ਹੀ ਚਾਹੁੰਦਾ ਹਾਂ ਇਸ ਦੁਖਿਆਰੀ ਆਤਮਾ ਨੂੰ ਕੁਝ ਚੈਨ ਮਿਲੇ।" ਸਿਮਨਸਨ ਨੇ ਬੱਚਿਆਂ ਜਿਹੀ ਕੋਮਲਤਾ ਨਾਲ ਆਖਿਆ, ਜਿਸ ਦੀ, ਇਸ ਖਿੱਝਿਆ ਜੇਹਾ ਦਿੱਸਣ ਵਾਲੇ ਪੁਰਸ਼ ਪਾਸੋਂ ਕਿਸੇ ਨੂੰ ਆਸ ਨਹੀਂ ਹੋ ਸਕਦੀ ਸੀ।

ਸਿਮਨਸਨ ਉੱਠਿਆ, ਨਖ਼ਲਿਊਦੌਫ਼ ਦੇ ਨੇੜੇ ਹੋ ਕੇ ਸੰਗਾ ਕੇ ਮੁਸਕਰਾਇਆ, ਤੇ ਨਖਲਿਉਦੌਫ਼ ਦਾ ਮੱਥਾ ਚੁੰਮ ਕੇ ਬੋਲਿਆ, "ਮੈਂ ਉਸ ਨੂੰ ਦੱਸ ਦੇਵਾਂਗਾ।"

ਤੇ ਫਿਰ ਉਹ ਚਲਾ ਗਿਆ।

-0-

17

"ਕੀ ਖਿਆਲ ਹੈ ਤੁਹਾਡਾ ਇਸ ਬਾਰੇ ?" ਮੇਰੀ ਪਾਉਲੋਫ਼ਨਾ ਕਹਿਣ ਲੱਗੀ। "ਮੋਹਿਤ, ਪੂਰਾ ਪੂਰਾ ਮੋਹਿਤ, ਹੁਣ ਇਹ ਅਜੇਹੀ ਗੱਲ ਹੈ ਜਿਸ ਦੀ ਮੈਨੂੰ ਉਸ ਤੋਂ ਕਦੀ ਆਸ ਨਹੀਂ ਹੋ ਸਕਦੀ ਸੀ ਕਿ ਵਲਾਦੀਮੀਰ ਸਿਮਨਸਨ ਕਿਸੇ ਦੇ ਪ੍ਰੇਮ ਵਿਚ ਗ੍ਰਸਿਆ ਜਾਵੇ, ਤੇ ਅਤਿ ਮੱਗਧ ਤੇ ਮੁੰਡਿਆਂ ਵਾਲੀ ਅਵੱਸਥਾ ਵਿਚ ! ਇਹ ਅਸ਼ਚਰਜ ਹੈ ਤੇ, ਸੱਚ ਪੁੱਛੋ ਤਾਂ ਦੁਖਦਾਈ ਹੈ।" ਤੇ ਉਸ ਨੇ ਹਉਕਾ ਭਰਿਆ।

"ਪਰ ਉਹ ਕਤੂਸ਼ਾਂ ? ਉਹ ਤੁਹਾਡੇ ਖਿਆਲ ਵਿਚ ਇਸ ਬਾਰੇ ਕੀ ਸਮਝਦੀ ਹੈ?" ਨਖ਼ਲਿਊਦੌਫ਼ ਨੇ ਪੁੱਛਿਆ।

"ਉਹ?" ਮੇਰੀ ਪਾਉਲੋਫ਼ਨਾ ਅਟਕ ਗਈ, ਸਪਸ਼ਟ ਸੀ ਕਿ ਉਹ ਇਸ ਦਾ ਇੰਨਾ ਠੀਕ ਠੀਕ ਉੱਤਰ ਦੇਣਾ ਚਾਹੁੰਦੀ ਸੀ ਜਿੰਨਾ ਹੋ ਸਕੇ। "ਉਹ ਹਾਂ, ਤੁਸੀਂ ਜਾਣਦੇ ਹੋ, ਆਪਣੇ ਨਾਲ ਬੀਤੀ ਦੇ ਬਾਵਜੂਦ, ਉਸ ਦੀ ਪ੍ਰਕਿਰਤੀ ਬੜੀ ਆਚਰਣਕ ਹੈ-ਤੇ ਉਸ ਦੇ ਭਾਵ ਇਤਨੇ ਕੋਮਲ ਹਨ। ਉਹ ਤੁਹਾਨੂੰ ਪ੍ਰੇਮ ਕਰਦੀ ਹੈ, ਤੇ ਇਹ ਠੀਕ ਵੀ ਹੈ, ਤੇ ਉਹ ਇਸ ਗੱਲ ਵਿਚ ਖ਼ੁਸ਼ ਹੋਵੇਗੀ ਜੇ ਤੁਹਾਨੂੰ ਆਪਣੇ ਨਾਲ ਉਲਝਣ ਨਾ ਦੇਣ ਦਾ ਅਭਾਵਾਂਤਮਕ ਸੁਭਾਵ ਵੀ ਕਰ ਸਕੇ। ਤੁਹਾਡੇ ਨਾਲ ਵਿਆਹ ਉਸ ਲਈ ਇਕ ਭਿਆਨਕ ਪਤਨ ਹੋਵੇਗਾ ਸਭ ਕੁੱਝ ਨਾਲੋਂ ਜੋ ਬੀਤ ਚੁੱਕਾ ਹੈ, ਬੁਰਾ ਪਤਨ ਇਸ ਲਈ ਉਹ ਇਸ ਗੱਲ ਲਈ ਕਦੀ ਨਹੀਂ ਮੰਨੇਗੀ। ਪਰ ਤਾਂ ਵੀ ਤੁਹਾਡੀ ਹਾਜ਼ਰੀ ਵਿਚ ਉਹ ਹੁਲਸਾਈ ਰਹਿੰਦੀ ਹੈ।"

"ਤਾਂ ਫਿਰ ਮੈਨੂੰ ਕੀ ਕਰਨਾ ਯੋਗ ਹੈ ? ਕੀ ਮੈਨੂੰ ਇਥੋਂ ਗਾਇਬ ਹੋ ਜਾਣਾ ਚਾਹੀਦਾ ਹੈ?"

ਮੇਰੀ ਪਾਉਲੋਫ਼ਨਾ ਆਪਣੇ ਮਿੱਠੇ, ਬੱਚਿਆਂ ਵਾਲੇ ਢੰਗ ਵਿਚ ਮੁਸਕਰਾਈ ਤੇ ਕਹਿਣ ਲੱਗੀ-"ਹਾਂ, ਕੁੱਝ ਹੱਦ ਤੱਕ।"

"ਕੁਝ ਹੱਦ ਤੱਕ ਕੋਈ ਕਿਵੇਂ ਗਾਇਬ ਹੋ ਸਕਦਾ ਹੈ ?"

"ਮੈਂ ਬੇਥਵ੍ਹੀਆਂ ਮਾਰ ਰਹੀ ਹਾਂ। ਪਰ ਜੇ ਉਸ ਬਾਰੇ ਪੁੱਛਦੇ ਹੋ, ਤਾਂ ਮੈਨੂੰ ਤੁਹਾਨੂੰ ਦੱਸ ਦੇਣਾ ਚਾਹੁੰਦੀ ਹਾਂ ਕਿ ਬਹੁਤ ਸੰਭਵ ਹੈ ਉਹ ਉਸ ਦੇ ਮਸਤਾਨੇ ਪ੍ਰੇਮ ਦੀ ਮੁੱਗਧਤਾ ਨੂੰ ਸਮਝਦੀ ਹੈ-ਸਿਮਨਸਨ ਨੇ ਹਾਲੀ ਉਸ ਨੂੰ ਜਤਾਇਆ ਨਹੀਂ ਤੇ ਇਸ ਤੋਂ ਪ੍ਰਸੰਨ ਵੀ ਹੈ ਤੇ ਭੈ-ਭੀਤ ਵੀ। ਤੁਸੀਂ ਜਾਣਦੇ ਹੋ ਮੈਨੂੰ ਇਨ੍ਹਾਂ ਗੱਲਾਂ ਬਾਰੇ ਬਹੁਤ ਪਤਾ ਨਹੀਂ, ਤਾਂ ਵੀ ਮੇਰਾ ਵਿਸ਼ਵਾਸ਼ ਹੈ ਉਸ ਵੱਲੋਂ ਇਹ ਇਕ ਅਤਿ ਸਾਧਾਰਣ ਪੁਰਸ਼ ਵਾਲੀ ਭਾਵਨਾ ਹੈ, ਭਾਂਵੇਂ ਇਸ ਉੱਤੇ ਇਕ ਪਰਦਾ ਪਿਆ ਹੋਇਆ ਹੈ। ਉਹ ਆਖਦਾ ਹੈ ਇਹ ਪ੍ਰੇਮ ਉਸ ਦੀ ਸ਼ਕਤੀ ਨੂੰ ਜਗਾਂਦਾ ਹੈ, ਤੇ ਫਲਾਤੂਕੀ, ਪਰ ਮੈਨੂੰ ਪਤਾ ਹੈ, ਕਿ ਜੇ ਇਹ ਇਸ ਪ੍ਰਕਾਰ ਅਨੋਖਾ ਵੀ ਹੈ, ਫਿਰ ਵੀ ਇਸ ਦੀ ਤਹਿ ਵਿਚ ਉਹ ਹੀ ਗੰਦਗੀ ਪਈ ਹੈ। ਉਹ ਹੀ ਜੋ ਨੋਵੋਦਵੋਰੇਫ਼ ਤੇ ਗ੍ਰਾਬੇਤਸ ਵਿਚਕਾਰ।”

ਮੇਰੀ ਪਾਉਲੋਫ਼ਨਾ ਆਪਣੇ ਮਨ ਭਾਉਂਦੇ ਵਹਿਣ ਵਿਚ ਪੈ ਕੇ ਸੰਬੰਧਤ ਵਿਸ਼ੇ ਤੋਂ ਭਟਕ ਗਈ ਸੀ।

"ਅੱਛਾ ਫਿਰ ਮੈਨੂੰ ਕੀ ਕਰਨਾ ਚਾਹੀਦਾ ਹੈ ?" ਨਖ਼ਲਿਊਦੌਫ਼ ਨੇ ਪੁੱਛਿਆ।

"ਮੈਂ ਸਮਝਦੀ ਹਾਂ ਤੁਸੀਂ ਉਸਨੂੰ ਸਾਰੀ ਗੱਲ ਸਮਝਾ ਦਿਉ। ਸਪਸ਼ਟ ਗੱਲ ਕਰਨੀ ਸਦਾ ਚੰਗੀ ਰਹਿੰਦੀ ਹੈ। ਉਸ ਨਾਲ ਗੱਲ ਕਰੋ ! ਮੈਂ ਉਸਨੂੰ ਸੱਦ ਦੇਂਦੀ ਹਾਂ। ਸੱਦਾਂ ?’ ਮੇਰੀ ਪਾਉਲੋਫ਼ਨਾ ਨੇ ਆਖਿਆ।

"ਹਾਂ, ਜਿਵੇਂ ਤੁਸੀਂ ਚਾਹੁੰਦੇ ਹੋ।" ਨਖ਼ਲਿਊਦੌਫ਼ ਨੇ ਕਿਹਾ।

ਮੇਰੀ ਪਾਉਲੋਫ਼ਨਾ ਬਾਹਰ ਚਲੀ ਗਈ।

ਜਦੋਂ ਨਖ਼ਲਿਊਦੌਫ਼ ਉਸ ਛੋਟੇ ਜੇਹੇ ਕਮਰੇ ਵਿਚ ਸੁੱਤੀ ਪਈ ਵੇਰਾ ਦੁਖੋਫ਼ਾ ਦੇ ਕੋਲ ਇਕੱਲਾ ਰਹਿ ਗਿਆ ਤਾਂ ਉਸ ਉੱਤੇ ਇਕ ਅਨੋਖਾ ਪ੍ਰਭਾਵ ਸਥਿਤ ਹੋ ਗਿਆ। ਉਸਨੂੰ ਮੇਰੀ ਦੁਖੋਫ਼ਾ ਦੇ ਕੋਮਲ ਲੰਮੇ ਸਾਹ, ਜਿਨ੍ਹਾਂ ਵਿਚ ਕਦੀ ਕਦੀ ਉਹ ਇਕ ਚੀਖ਼ ਜੇਹੀ ਮਾਰਦੀ ਸੀ, ਤੇ ਦੋਹਾਂ ਦਰਵਾਜ਼ਿਆਂ ਵਿਚੋਂ ਜੋ ਉਸਦੇ ਤੇ ਅਖ਼ਲਾਕੀ ਕੈਦੀਆਂ ਦੇ ਵਿਚਕਾਰ ਸਨ ਲਗਾਤਾਰ ਰੋਲਾ ਸੁਣਾਈ ਦੇ ਰਿਹਾ ਸੀ। ਜੋ ਗੱਲ ਸਿਮਨਸਨ ਨੇ ਉਸ ਨਾਲ ਕੀਤੀ ਸੀ ਉਸ ਨੇ ਨਖ਼ਲਿਊਦੌਫ਼ ਨੂੰ ਉਸ ਦੇ ਆਪਣੇ ਸਹੇੜੇ ਫ਼ਰਜ਼ ਤੋਂ ਜਿਹੜਾ ਉਸਨੂੰ ਆਪਣੇ ਕਮਜ਼ੋਰੀ ਦੇ ਪਲਾਂ ਵਿਚ ਕਰੜਾ ਤੇ ਅਨੋਖਾ ਦਿੱਸਦਾ ਸੀ, ਮੁਕਤ ਕਰ ਦਿੱਤਾ ਸੀ। ਪਰ ਉਸਨੂੰ ਕਿਸੇ ਗੱਲ ਦਾ ਅਹਿਸਾਸ ਹੋ ਰਿਹਾ ਸੀ ਜੋ ਨਾ ਕੇਵਲ ਸੁਖਾਵੀਂ ਨਹੀਂ ਸੀ, ਸਗੋਂ

ਦੁਖਾਵੀਂ ਵੀ ਸੀ। ਉਸਨੂੰ ਮਹਿਸੂਸ ਹੋ ਰਿਹਾ ਸੀ ਕਿ ਸਿਮਨਸਨ ਦੀ ਇਹ ਪੇਸ਼ਕਸ਼ ਉਸ ਦੀ ਆਪਣੀ ਕੁਰਬਾਨੀ ਦੇ ਅਨੋਖੇਪਣ ਦਾ ਨਾਸ਼ ਕਰਦੀ ਸੀ, ਤੇ ਇਸ ਲਈ ਉਸ ਦੀਆਂ ਆਪਣੀਆਂ ਤੇ ਹੋਰਨਾਂ ਦੀਆਂ ਅੱਖਾਂ ਵਿਚ ਇਸ ਦੇ ਮੁੱਲ ਨੂੰ ਘਟਾਂਦੀ ਸੀ। ਜੇ ਇਕ ਇਤਨਾ ਭਲਾ ਪੁਰਸ਼, ਜੋ ਮਸਲੋਫ਼ਾ ਨਾਲ ਕਿਸੇ ਬੰਨ੍ਹਣ ਵਿਚ ਬੱਝਾ ਹੋਇਆ ਨਹੀਂ ਸੀ, ਆਪਣਾ ਭਾਗ ਉਸ ਨਾਲ ਸਾਂਝਾ ਕਰਨਾ ਚਾਹੁੰਦਾ ਸੀ, ਉਸ ਦੀ ਸੋਚੀ ਹੋਈ ਕੁਰਬਾਨੀ ਕਈ ਇੰਨੀ ਮਹਾਨ ਨਹੀਂ ਸੀ। ਇਸ ਵਿਚ ਸਾਧਾਰਣ ਦਵੈਖ ਦਾ ਰਲਾ ਵੀ ਹੋ ਸਕਦਾ ਹੋਵੇ। ਉਹ ਉਸ ਦੀ ਮੁਹੱਬਤ ਨਾਲ ਇੰਨਾ ਰਚ ਗਿਆ ਸੀ ਕਿ ਉਹ ਇਹ ਮੰਨਣਾ ਨਹੀਂ ਸੀ ਚਾਹੁੰਦਾ ਕਿ ਉਹ ਵੀ ਕਿਸੇ ਹੋਰ ਨੂੰ ਮੁਹੱਬਤ ਕਰ ਸਕਦੀ ਸੀ।

ਫਿਰ ਇਸ ਨਾਲ ਉਸ ਦੀਆਂ ਉਹ ਵਿਉਂਤਾਂ ਵੀ ਉੱਥਲ ਪੁੱਥਲ ਹੋ ਜਾਂਦੀਆਂ ਸਨ ਜੋ ਉਸ ਨੇ ਮਸਲੌਫ਼ਾ ਦੀ ਕੈਦ ਸਮੇਂ ਉਸ ਦੇ ਨੇੜੇ ਰਹਿਣ ਦੀਆਂ ਬਣਾਈਆਂ ਹੋਈਆਂ ਸਨ। ਜੇ ਉਹ ਸਿਮਨਸਨ ਨਾਲ ਵਿਆਹ ਕਰ ਲਵੇ, ਤਾਂ ਉਸ ਦੇ ਉੱਥੇ ਰਹਿਣ ਦੀ ਕੋਈ ਲੋੜ ਨਹੀਂ ਰਹੇਗੀ, ਤੇ ਉਸ ਨੂੰ ਹੋਰ ਨਵੀਆਂ ਵਿਉਂਤਾਂ ਬਣਾਣੀਆਂ ਪੈਣਗੀਆਂ।

ਉਸ ਨੂੰ ਹਾਲੇ ਆਪਣੇ ਭਾਵਾਂ ਨੂੰ ਨਿਖੇੜ ਕੇ ਸਮਝਣ ਦਾ ਸਮਾਂ ਨਹੀਂ ਮਿਲਿਆ ਸੀ ਕਿ ਕੈਦੀਆਂ ਦੀਆਂ ਆਵਾਜ਼ਾਂ ਦਾ ਉੱਚਾ ਰੌਲਾ ਝੱਟ ਪੱਟ ਸੁਣਾਈ ਦਿੱਤਾ ਜਦੋਂ ਦਰਵਾਜ਼ਾ ਖੁਲ੍ਹਿਆ ਤੇ ਕਤੂਸ਼ਾਂ ਅੰਦਰ ਆਈ। ਕੈਦੀਆਂ ਵਿਚ ਅੱਜ ਕੋਈ ਵਿਸ਼ੇਸ਼ ਘਟਨਾ ਵਾਪਰੀ ਹੋਈ ਸੀ।

ਉਹ ਤਿੱਖੇ ਕਦਮੀਂ ਉਸ ਦੇ ਐਨ ਨੇੜੇ ਆ ਕੇ ਖਲੋ ਗਈ।

'ਮੈਨੂੰ ਮੇਰੀ ਪਾਉਲੋਫ਼ਨਾ ਨੇ ਭੇਜਿਆ ਹੈ।" ਉਹ ਬੋਲੀ।

"ਹਾਂ, ਮੈਂ ਤੇਰੇ ਨਾਲ ਇਕ ਗੱਲ ਕਰਨੀ ਹੈ। ਬੈਠ ਜਾਓ ਮੇਰੇ ਨਾਲ ਵਲਾਦੀਮੀਰ ਸਿਮਨਸਨ ਨੇ ਗੱਲ ਕੀਤੀ ਹੈ।"

ਉਹ ਬੈਠ ਗਈ ਸੀ। ਉਸ ਨੇ ਹੱਥ ਬੁਕਲ ਵਿਚ ਦਿਤੇ ਹੋਏ ਸਨ ਤੇ ਉਹ ਬੜੀ ਸ਼ਾਂਤ ਜਾਪਦੀ ਸੀ। ਪਰ ਜਿਉਂ ਹੀ ਨਖ਼ਲਿਊਦੌਫ ਨੇ ਸਿਮਨਸਨ ਦਾ ਨਾਉਂ ਲਿਆ, ਉਹ ਸ਼ਰਮਾ ਕੇ ਲਾਲ ਸੂਹੀ ਹੋ ਗਈ।

"ਉਹ ਕੀ ਆਖਦਾ ਸੀ ?" ਉਸ ਨੇ ਪੁੱਛਿਆ।

"ਉਹ ਕਹਿੰਦਾ ਸੀ ਉਹ ਤੇਰੇ ਨਾਲ ਵਿਆਹ ਕਰਨਾ ਚਾਹੁੰਦਾ ਹੈ।"

ਉਸ ਦਾ ਚੇਹਰਾ ਝੱਟ-ਪੱਟੀ ਪੀੜ ਨਾਲ ਇਕੱਠਾ ਜੇਹਾ ਹੋ ਗਿਆ, ਪਰ ਉਸ ਨੇ ਆਖਿਆ ਕੁਝ ਨਾ, ਕੇਵਲ ਅੱਖਾਂ ਨੀਵੀਆਂ ਕਰ ਲਈਆਂ।

"ਉਹ ਮੇਰੀ ਰਜ਼ਾਮੰਦੀ, ਜਾਂ ਮੇਰੀ ਸਲਾਹ ਮੰਗਦਾ ਹੈ। ਮੈਂ ਉਸਨੂੰ ਕਹਿ ਦਿੱਤਾ ਕਿ ਇਹ ਸਾਰਾ ਤੇਰੇ ਉੱਤੇ ਨਿਰਭਰ ਹੈ, ਤੂੰ ਹੀ ਇਸਦਾ ਫੈਸਲਾ ਕਰਨਾ ਹੈ।

"ਉਹੋ, ਇਹ ਸਭ ਕੁਝ ਕਾਹਦੇ ਲਈ ? ਕਿਉਂ ?" ਉਸ ਨੇ ਆਪਣੇ ਬੁਲ੍ਹਾਂ ਵਿਚ ਹੀ ਕਿਹਾ ਤੇ ਉਸ ਅਨੋਖੇ ਭੈ ਨਾਲ ਉਸ ਦੀਆਂ ਅੱਖਾਂ ਵਿਚ ਤੱਕਿਆ, ਜਿਸਦਾ ਨਖ਼ਲਿਊਦੌਫ਼ ਉੱਤੇ ਸਦਾ ਕੋਈ ਵਿਸ਼ੇਸ਼ ਪ੍ਰਭਾਵ ਹੋ ਜਾਂਦਾ ਸੀ। ਉਹ ਕੁਝ ਪੱਲ ਚੁੱਪ ਚਾਪ ਬੈਠੇ ਰਹੇ, ਇਕ ਦੂਜੇ ਦੀਆਂ ਅੱਖਾਂ ਵਿਚ ਵੇਖਦੇ, ਤੇ ਇਸ ਝਾਕਣੀ ਨੇ ਦੋਹਾਂ ਨੂੰ ਬਹੁਤ ਕੁਝ ਸਮਝਾ ਦਿੱਤਾ।

"ਤੈਨੂੰ ਹੀ ਫੈਸਲਾ ਕਰਨਾ ਪਵੇਗਾ।" ਨਖ਼ਲਿਊਦੌਫ਼ ਨੇ ਫਿਰ ਆਖਿਆ।

"ਮੈਂ ਕੀ ਫ਼ੈਸਲਾ ਕਰਾਂ ? ਸਭ ਕੁੱਝ ਦਾ ਚਿਰੋਕਾ ਫ਼ੈਸਲਾ ਹੋ ਚੁੱਕਾ ਹੈ।"

"ਨਹੀਂ, ਤੈਨੂੰ ਫੈਸਲਾ ਕਰਨਾ ਪਵੇਗਾ ਕਿ ਸਿਮਨਸਨ ਦੀ ਪੇਸ਼ਕਸ਼ ਮੰਨਣੀ ਹੈ ਜਾ ਨਹੀਂ।" ਨਖ਼ਲਿਊਦੌਫ਼ ਬੋਲਿਆ।

"ਮੈਂ ਕਿਸ ਕਿਸਮ ਦੀ ਪਤਨੀ ਬਣ ਸਕਦੀ ਹਾਂ-ਮੈਂ ਇਕ ਕੈਦੀ ਹਾਂ ? ਮੈਂ ਕਿਉਂ ਵਲਾਦੀਮੀਰ ਸਿਮਨਸਮ ਨੂੰ ਵੀ ਬਰਬਾਦ ਕਰਾਂ ?" ਉਸ ਨੇ ਤਿਉੜੀ ਵੱਟ ਕੇ ਆਖਿਆ।

"ਹਾਂ, ਪਰ ਜੇ ਕੈਦ ਤੋਂ ਮੁਆਫ਼ੀ ਮਿਲ ਜਾਵੇ ?"

"ਓਹੋ ! ਮੈਨੂੰ ਕੁੱਝ ਨਾ ਕਹੋ। ਮੇਰੇ ਕੋਲ ਕਹਿਣ ਨੂੰ ਹੋਰ ਕੁੱਝ ਨਹੀਂ।" ਉਹ ਬੋਲੀ ਤੇ ਕਮਰੇ ਵਿਚੋਂ ਚੱਲਣ ਲਈ ਉੱਠ ਖਲੋਤੀ।

-0-

18

ਜਦੋਂ, ਕਤੂਸ਼ਾਂ ਦੇ ਪਿੱਛੇ ਪਿੱਛੇ, ਨਖ਼ਲਿਊਦੌਫ਼ ਪੁਰਸ਼ਾਂ ਵਾਲੇ ਕਮਰੇ ਵਿਚ ਮੁੜ ਆਇਆ, ਤਾਂ ਉਸਨੂੰ ਸਾਰੇ ਬੜੇ ਤੋਖਲਾਏ ਹੋਏ ਦਿੱਸੇ। ਨਾਬਾਤੋਫ਼ ਜੋ ਹਰ ਥਾਂ ਚਲਾ ਜਾਂਦਾ ਸੀ, ਹਰ ਇਕ ਦਾ ਜਾਣੂ ਹੋ ਜਾਂਦਾ ਸੀ, ਤੇ ਸਭ ਗੱਲ ਜਾਣਦਾ ਪੜਤਾਲਦਾ ਸੀ, ਹੁਣ ਇਕ ਖਬਰ ਲਿਆਇਆ ਸੀ ਜਿਸ ਨੇ ਸਭ ਨੂੰ ਹੈਰਾਨ ਕਰ ਦਿੱਤਾ ਸੀ। ਖ਼ਬਰ ਇਹ ਸੀ ਕਿ ਉਸਨੇ ਇਕ ਕੰਧ ਉੱਤੇ ਕ੍ਰਾਂਤੀਵਾਦੀ ਪੇਤਲਿਨ ਦਾ ਲਿਖਿਆ ਇਕ ਚਿੱਠਾ ਦੇਖਿਆ ਸੀ। ਪੇਤਲਿਨ ਨੂੰ ਸਖ਼ਤ ਕੈਦ ਦੀ ਸਜ਼ਾ ਹੋਈ ਸੀ ਤੇ ਸਾਰੇ ਸੋਚਦੇ ਸਨ ਕਿ ਉਹ ਬਹੁਤ ਚਿਰ ਦਾ ਕਾਰਾ ਪਹੁੰਚ ਚੁੱਕਾ ਸੀ। ਪਰ ਹੁਣ ਦਿੱਸ ਪਿਆ ਕਿ ਉਹ ਥੋੜ੍ਹਾ ਚਿਰ ਪਹਿਲਾਂ ਹੀ ਇਸ ਰਾਹ ਲੰਘਿਆ ਸੀ, ਅਖਲਾਕੀ ਕੈਦੀਆਂ ਵਿਚ ਇਕ ਇਕਲਾ ਰਾਜਸੀ ਕੈਦੀ ਸੀ।

"ਅਗਸਤ ਦੀ ਸਤਾਰਵੀਂ ਨੂੰ," ਚਿੱਠੇ ਵਿਚ ਲਿੱਖਿਆ ਹੋਇਆ ਸੀ, "ਮੈਨੂੰ ਇਕੱਲੇ ਨੂੰ ਅਖ਼ਲਾਕੀ ਕੈਦੀਆ ਨਾਲ ਤੋਰ ਦਿੱਤਾ ਗਿਆ। ਨੇਵੋਹੋਫ਼ ਮੇਰੇ ਨਾਲ ਸੀ, ਪਰ ਉਹ ਕਾਜ਼ਾਨੀ ਵਿਚ ਪਾਗਲਖ਼ਾਨੇ ਵਿਚ ਫਾਹਾ ਲੈ ਕੇ ਮਰ ਗਿਆ। ਮੈਂ ਰਾਜ਼ੀ ਹਾਂ ਤੇ ਹੌਸਲੇ ਵਿਚ ਹਾਂ ਤੇ ਆਸ ਕਰਦਾ ਹਾਂ ਕਿ ਸਭ ਠੀਕ ਹੋ ਜਾਵੇਗਾ।"

ਸਾਰੇ ਪੇਤਲਿਨ ਦੀ ਸਥਿਤੀ ਤੇ ਨੋਵੋਰੋਫ਼ ਦੇ ਆਤਮਘਾਤ ਦੇ ਸੰਭਵ ਕਾਰਣਾਂ ਬਾਰੇ ਸੋਚ ਵਿਚਾਰ ਕਰ ਰਹੇ ਸਨ। ਕੇਵਲ ਕ੍ਰਿਲਤਸੋਫ਼ ਚੁੱਪ ਤੇ ਕਿਸੇ ਧੁੰਨ ਵਿਚ ਬੈਠਾ ਸੀ; ਉਸ ਦੀਆਂ ਚਮਕਦੀਆਂ ਅੱਖਾਂ ਸਾਮ੍ਹਣੇ ਟੱਕ ਲਗਾਈ ਵੇਖ ਰਹੀਆਂ ਸਨ।

"ਮੇਰੇ ਪਤੀ ਨੇ ਮੈਨੂੰ ਦੱਸਿਆ ਸੀ ਕਿ ਨੇਵੋਰੋਫ਼ ਨੂੰ ਇਕ ਪਰਛਾਵਾਂ ਦਿੱਸਿਆ ਸੀ ਜਦੋਂ ਉਹ ਹਾਲੀ ਪੈਤਰੋਪਾਉਲੋਸਕੀ ਹੀ ਸੀ।" ਰੰਤਸੇਫ਼ਾਂ ਬੋਲੀ।

"ਹਾਂ, ਉਹ ਇਕ ਕਵੀ ਸੀ, ਇਕ ਸੁਪਨੇਕਾਰ, ਅਜੇਹੇ ਲੋਕ ਤਨਹਾਈ ਦੀ ਕੈਦ ਨਹੀਂ ਸਹਾਰ ਸਕਦੇ।" ਨੋਵੋਦਵੋਰੇਫ਼ ਕਹਿਣ ਲਗਾ।" ਜਦੋਂ ਮੈਂ ਤਨਹਾਈ ਦੀ ਕੈਦ ਵਿਚ ਸਾਂ

ਮੈਂ ਕਦੀ ਕਲਪਨਾ ਨੂੰ ਇਤਨਾ ਨਹੀਂ ਦੌੜਨ ਦਿੱਤਾ ਸੀ ਕਿ ਮੈਨੂੰ ਵੀ ਨਾਲ ਹੀ ਲੈ ਜਾਵੇ। ਮੈਂ ਆਪਣੇ ਦਿਨ ਬੜੇ ਸੰਜਮ ਤੇ ਸੱਘੇ ਨਾਲ ਕੱਟੇ ਤੇ ਸੱਭ ਕੁੱਝ ਚੰਗੀ ਤਰ੍ਹਾਂ ਸਹਿਣ ਕੀਤਾ।"

"ਆਦਮੀ ਹੋਰ ਸਭ ਕੁੱਝ ਸਹਾਰ ਸਕਦਾ ਹੈ," ਨਾਬਾਤੋਫ਼ ਨੇ ਟਹਿਕ ਕੇ ਆਖਿਆ, ਤਾਂ ਜੋ ਵਰਤੀ ਹੋਈ ਉਦਾਸੀ ਉੱਡ ਜਾਵੇ, "ਡਰ ਤਾਂ ਆਦਮੀ ਨੂੰ ਹਰ ਸ਼ੈ ਦਾ ਹੁੰਦਾ ਹੈ; ਆਪ ਗ੍ਰਿਫ਼ਤਾਰ ਹੋ ਜਾਣ ਦਾ ਤੇ ਆਪਣੇ ਨਾਲ ਦੂਜਿਆਂ ਨੂੰ ਪਲਚਾ ਕੇ ਸਾਰੇ ਕੰਮ ਨੂੰ ਵਿਗਾੜ ਦੇਣ ਦਾ ਪਰ ਫਿਰ ਜਦੋਂ ਉਹ ਬੰਦੀ ਹੋ ਜਾਂਦਾ ਹੈ, ਸਭ ਜ਼ਿੰਮੇਦਾਰੀ ਖ਼ਤਮ ਹੋ ਜਾਂਦੀ ਹੈ, ਤੇ ਆਦਮੀ ਆਰਾਮ ਕਰ ਸਕਦਾ ਹੈ-ਬੱਸ ਬੈਠੇ ਤੇ ਤੰਮਾਕੂ ਪੀਵੇ।"

"ਤੁਸੀਂ ਉਸਨੂੰ ਚੰਗੀ ਤਰ੍ਹਾਂ ਜਾਣਦੇ ਸੌ ?" ਮੇਰੀ ਪਾਉਲੋਫ਼ਨਾ ਨੇ, ਕ੍ਰਿਲਤਸੋਫ਼ ਦੇ ਚੇਹਰੇ ਦੀ ਮੁਰਝਾਈ ਹੋਈ ਤੇ ਬੱਦਲੀ ਹੋਈ ਨੁਹਾਰ ਉੱਤੇ ਚਿੰਤਾ ਭਰੀ ਤੱਕਣੀ ਨਾਲ ਪੁੱਛਿਆ।

"ਨੇਵੋਰੋਫ ਇਕ ਸੁੱਪਨੇਕਾਰ ?" ਕ੍ਰਿਲਤਸੋਫ ਝੱਟ ਪੱਟੀ ਹੀ ਬੋਲ ਪਿਆ, ਤੇ ਉਸ ਦਾ ਸਾਹ ਉੱਖੜ ਗਿਆ ਜਿਵੇਂ ਉਹ ਬਹੁਤ ਚਿਰ ਓੱਚੀ ਉੱਚੀ ਬੋਲਦਾ ਜਾਂ ਗਾਂਦਾ ਰਿਹਾ ਹੋਵੇ। "ਨੇਵੋਰੋਫ਼ ਅਜੇਹਾ ਪੁਰਸ਼ ਸੀ, ਜਿਸ ਨਾਲ ਦੇ ਇਹ ਧਰਤੀ ਬਹੁਤ ਘੁੱਟ ਜੰਮਦੀ ਹੈ, ਜਿਵੇਂ ਸਾਡਾ ਦਰਬਾਨ ਆਖਦਾ ਹੁੰਦਾ ਸੀ। ਹਾਂ......। ਉਸ ਦਾ ਸੁਭਾਅ ਬਲੌਰ ਵਰਗਾ ਸਾਫ਼ ਸੀ। ਤੁਸੀਂ ਉਸ ਦੇ ਆਰ ਪਾਰ ਵੇਖ ਸਕਦੇ ਸੋ। ਉਹ ਝੂਠ ਨਹੀਂ ਸੀ ਬੋਲ ਸਕਦਾ, ਉਹ ਲੂਕਾਉ ਵੀ ਨਹੀਂ ਸੀ ਕਰ ਸਕਦਾ। ਉਹ ਕੇਵਲ ਤੀਖਣ ਭਾਵੀ ਹੀ ਨਹੀਂ ਸੀ, ਸਗੋਂ ਉਸ ਦੇ ਸੂਤਰ ਨੰਗੇ ਹੋਏ ਪਏ ਸਨ, ਜਿਵੇਂ ਉਸ ਦੀ ਖੱਲ ਉਧੜੀ ਹੋਈ ਹੋਵੇ। ਹਾਂ.....ਉਸ ਦਾ ਸੁਭਾਵ ਬਹੁ ਗੁਣਾ ਤੇ ਅਮੀਰ ਸੀ, ਇਹੋ ਜਿਹਾ ਨਹੀਂ ਪਰ ਹੁਣ ਗੱਲਾਂ ਕਰਨ ਦਾ ਕੀ ਲਾਭ?" ਉਹ ਰੁਕ ਗਿਆ ਤੇ ਫਿਰ ਇਕ ਕ੍ਰੋਧਵਾਨ ਤਿਉੜੀ ਪਾ ਕੇ ਉਸ ਅੱਗੋਂ ਆਖਿਆ, "ਅਸੀ ਝਗੜਦੇ ਹਾਂ ਕਿ ਅਸੀਂ ਪਹਿਲਾਂ ਲੋਕਾਂ ਨੂੰ ਸਿੱਖਿਆ ਦੇਈਏ ਤੇ ਫਿਰ ਸਮਾਜਕ ਜੀਵਨ ਦੇ ਰੂਪ ਬਦਲੀਏ ਜਾਂ ਸ਼ਾਂਤਮਈ ਪ੍ਰਚਾਰ ਨਾਲ ਜਾਂ ਹਿੰਸਾ ਨਾਲ? ਅਸੀਂ ਝਗੜਦੇ ਹਾਂ। ਪਰ "ਉਹ" ਨਹੀਂ ਝਗੜਦੇ, ਉਹ ਆਪਣਾ ਮਤਲਬ ਸਮਝਦੇ ਹਨ: ਉਨ੍ਹਾਂ ਨੂੰ ਕੋਈ ਪਰਵਾਹ ਨਹੀਂ ਪੁਰਸ਼ ਮਰਨ ਹਾਂ, ਹਰਜ਼ਨ ਆਖਦਾ ਸੀ ਜਦੋਂ ਦਸੰਬਰੀਏ ਜੀਵਨ ਦੀਆਂ ਸਫਾਂ ਵਿਚੋਂ ਨਿਕਲ ਗਏ ਸਨ ਤਾਂ ਸਾਡੇ ਸਮਾਜ ਦਾ ਪੱਧਰ ਨੀਵਾਂ ਹੋ ਗਿਆ ਸੀ। ਮੇਰਾ ਵੀ

ਇਹ ਵਿਚਾਰ ਹੈ, ਸੱਚ ਮੁੱਚ। ਫਿਰ ਹਰਜ਼ਨ ਤੇ ਉਸ ਦੇ ਸਾਥੀ ਨਿਕਲ ਗਏ, ਤੇ ਹੁਣ ਨੇਵੋਰੋਫ਼ ਜੇਹੇ,.....।

"ਇਹ ਸਾਰੇ ਨਹੀਂ ਮੁਕਾਏ ਜਾ ਸਕਦੇ," ਨਾਬਾਤੋਫ਼ ਨੇ ਆਪਣੇ ਹੁਲਾਸਮਈ ਸੁਰ ਵਿਚ ਆਖਿਆ। "ਸਦਾ ਨਸਲ ਨੂੰ ਜੀਉਂਦੀ ਰੱਖਣ ਲਈ ਗੁਜ਼ਾਰੇ ਜੋਗੇ ਰਹਿ ਜਾਣਗੇ।"

"ਨਹੀਂ ਨਹੀਂ ਰਹਿਣਗੇ, ਜੇ ਅਸੀਂ ਉਨ੍ਹਾਂ ਵੱਲ ਕੁੱਝ ਦਇਆ ਭਾਵ ਵਰਤਿਆ," ਕ੍ਰਿਲਤਸੋਫ਼ ਨੇ ਆਵਾਜ਼ ਉੱਚੀ ਕਰ ਕੇ ਅੱਗੋਂ ਆਖਿਆ। ਉਹ ਆਪਣੀ ਗੱਲ ਹਾਲੀ ਖ਼ਤਮ ਕਰਨੀ ਨਹੀਂ ਚਾਹੁੰਦਾ ਸੀ। “ਮੈਨੂੰ ਇਕ ਸਿਗਰਟ ਦਿਓ।"

"ਏ, ਅਨਾਤੋਲ, ਇਸ ਤੁਹਾਡੇ ਲਈ ਚੰਗੀ ਨਹੀਂ।" ਮੇਰੀ ਪਾਉਲੋਫ਼ਨਾ ਬੋਲੀ। "ਹੋਰ" ਸਿਗਰਟ ਨਾ ਪੀਓ।"

"ਆਹੋ, ਰਹਿਣ ਦੇ," ਉਸ ਨੇ ਗੁੱਸੇ ਨਾਲ ਆਖਿਆ। ਤੇ ਇਕ ਸਿਗਰਟ ਸੁਲਗਾ ਲਈ। ਪਰ ਉਸ ਨੂੰ ਇਕ ਦਮ ਖੰਘ ਆ ਗਈ, ਤੇ ਡਕਾਰ, ਜਿਵੇਂ ਉਲਟੀ ਆਉਣ ਲੱਗੀ ਹੋਵੇ। ਖੰਘਾਰ ਸੁੱਟ ਕੇ ਉਹ ਫਿਰ ਕਹਿਣ ਲੱਗਾ : "ਅਸੀਂ ਜੋ ਕੁਝ ਕਰਦੇ ਰਹੇ ਹਾਂ, ਇਸ ਨਾਲ ਨਹੀਂ ਸਰਨਾ। ਬਹਿਸਣ ਦੀ ਨਹੀਂ, ਸਾਰਿਆਂ ਦੇ ਇਕੱਠਾ ਹੋਣ ਦੀ ਲੋੜ ਹੈ... ਉਨ੍ਹਾਂ ਦਾ ਨਾਸ਼ ਕਰਨ ਲਈ।"

"ਪਰ ਉਹ ਮਨੁੱਖੀ ਜੀਵ ਹਨ।" ਨਖ਼ਲਿਊਦੌਫ਼ ਬੋਲਿਆ।

"ਨਹੀਂ ਉਹ ਮਨੁੱਖ ਨਹੀਂ ! ਉਹ ਪੁਰਸ਼ ਜੋ ਇਹ ਸਭ ਕੁੱਝ ਕਰ ਸਕਦੇ ਹਨ।... ਨਹੀਂ.... ਕਹਿੰਦੇ ਹਨ ਕਿ ਇਕ ਤਰ੍ਹਾਂ ਦੇ ਬੰਬ ਤੇ ਗੁਬਾਰੇ ਬਣਾਏ ਗਏ ਹਨ। ਹਾਂ, ਆਦਮੀ ਨੂੰ ਇਕ ਗੁਬਾਰੇ ਵਿਚ ਉੱਡ ਕੇ ਜਾਣਾ ਤੇ ਉਨ੍ਹਾਂ ਉੱਤੇ ਬੰਬ ਵਰ੍ਹਾਣੇ ਚਾਹੀਦੇ ਹਨ, ਜਿੰਨਾ ਚਿਰ ਮੱਛਰਾਂ ਵਾਕਰ ਉਨ੍ਹਾਂ ਦਾ ਬੀਜ ਨਾ ਨਾਸ ਹੋ ਜਾਵੇ !.. ਹਾਂ..ਕਿਉਂਕਿ ..." ਉਹ ਗੱਲ ਜਾਰੀ ਰੱਖਣਾ ਚਾਹੁੰਦਾ ਸੀ, ਪਰ ਲਾਲ ਹੋ ਕੇ ਫਿਰ ਖੰਘਣ ਲੱਗ ਪਿਆ ਪਹਿਲਾਂ ਨਾਲੋਂ ਵੀ ਔਖੀ ਤਰ੍ਹਾਂ, ਤੇ ਉਸ ਦੇ ਮੂੰਹ ਵਿਚੋਂ ਰੱਤ ਦੀ ਇਕ ਧਾਰ ਡੁੱਲ ਪਈ। ਨਾਬਾਤੋਫ਼ ਕੁੱਝ ਬਰਫ ਲੈਣ ਨੱਸਿਆ, ਮੇਰੀ ਪਾਊਲੋਫਨਾ ਵਲੇਰੀਅਨ ਤਿਪਕੇ ਲਿਆਈ ਤੇ ਉਸ ਅੱਗੇ ਕੀਤੇ, ਪਰ ਕਾਹਲੇ ਕਾਹਲੇ ਤੇ ਔਖੇ ਸਾਹ ਲੈਂਦੇ ਉਸ ਨੇ ਆਪਣੇ ਦੁਬਲੇ ਚਿੱਟੇ ਹੱਥ ਨਾਲ ਉਸ ਨੂੰ ਪਰੇ ਧੱਕ ਦਿੱਤਾ, ਤੇ ਅੱਖਾਂ ਬੰਦ ਰੱਖੀਆਂ। ਜਦੋਂ ਬਰਫ ਦੇ ਠੰਡੇ ਪਾਣੀ ਨੇ ਉਸ ਨੂੰ ਕੁੱਝ ਆਰਾਮ

ਦਿੱਤਾ, ਤੇ ਉਸ ਨੂੰ ਬਿਸਤਰੇ ਵਿਚ ਲਿਟਾ ਦਿੱਤਾ ਗਿਆ, ਤਾਂ ਨਖ਼ਲਿਊਦੌਫ਼ ਸਭ ਨੂੰ ਨਮਸਕਾਰ ਕਹਿ ਕੇ ਸਾਰਜੰਟ ਨਾਲ ਬਾਹਰ ਚਲਾ ਗਿਆ, ਜੋ ਕੁੱਝ ਚਿਰ ਤੋਂ ਉਸ ਦੀ ਉਡੀਕ ਵਿਚ ਖੜਾ ਹੋਇਆ ਸੀ।

ਅਖ਼ਲਾਕੀ ਕੈਦੀ ਹੁਣ ਸ਼ਾਂਤ ਸਨ, ਤੇ ਬਹੁਤੇ ਸੌਂ ਗਏ ਸਨ। ਭਾਵੇਂ ਲੋਕ ਸੌਣ ਵਾਲੇ ਫੱਟਿਆਂ ਉੱਤੇ ਤੇ ਹੇਠਾਂ ਤੇ ਵਿਚਕਾਰਲੀਆਂ ਥਾਵਾਂ ਉੱਤੇ ਲੇਟੇ ਪਏ ਸਨ, ਫਿਰ ਵੀ ਉਹ ਸਾਰੇ ਇਕੋ ਵਾਰ ਕਮਰਿਆਂ ਵਿਚ ਸਮਾ ਨਹੀਂ ਸਕਦੇ ਸਨ, ਤੇ ਉਨ੍ਹਾਂ ਵਿਚੋਂ ਕੁਝ ਵਰਾਂਡੇ ਵਿਚ ਸਿਰਾਂ ਹੇਠ ਆਪਣੇ ਆਪਣੇ ਥੈਲੇ ਰੱਖੀ ਤੇ ਗਿੱਲੇ ਚੋਗੇ ਉੱਪਰ ਪਏ ਸਨ। ਘੁਰਾੜੇ, ਚੀਖਾਂ, ਤੇ ਨਿੰਦਰਾਲੀਆਂ ਆਵਾਜ਼ਾਂ ਖੁਲ੍ਹੇ ਦਰਵਾਜ਼ਿਆਂ ਥਾਣੀਂ ਆ ਕੇ ਵਰਾਂਡੇ ਵਿਚ ਸੁਣਾਈ ਦੇਂਦੀਆਂ ਸਨ। ਹਰ ਥਾਂ ਮਨੁੱਖ ਜੀਵਾਂ ਦੇ ਜੁੜੇ ਹੋਏ ਸਰੀਰ ਕੈਦਖ਼ਾਨੇ ਦੇ ਚੋਗਿਆਂ ਨਾਲ ਢਕੇ ਪਏ ਸਨ। ਜਾਗਦੇ ਕੇਵਲ ਉਹ ਥੋੜੇ ਪੁਰਸ਼ ਸਨ ਜੋ ਇਕ ਮੋਮਬੱਤੀ ਦੇ ਟੁਕੜੇ ਦੇ ਚਾਨਣ ਵਿਚ ਛੜਿਆਂ ਦੇ ਕਮਰੇ ਵਿਚ ਬੈਠੇ ਸਨ। ਉਹ ਵੀ ਉਨ੍ਹਾਂ ਨੇ ਸਾਰਜੰਟ ਨੂੰ ਵੇਖ ਕੇ ਬੁਝਾ ਦਿੱਤੀ ਸੀ। ਤੇ ਇਕ ਬਿਰਧ ਵਰਾਂਡੇ ਵਿਚ ਲੈਂਪ ਥੱਲੇ ਨੰਗਾ ਬੈਠਾ ਆਪਣੇ ਕੁਰਤੇ ਵਿਚੋਂ ਜੂਆ ਕੱਢ ਰਿਹਾ ਸੀ। ਰਾਜਸੀ ਕੈਦੀਆਂ ਦੇ ਕਮਰਿਆਂ ਦੀ ਗੰਦੀ ਹਵਾ ਇਥੋਂ ਦੀ ਦਮ ਘੁਟਵੀਂ ਬ ਦੀ ਤੁਲਨਾ ਵਿਚ ਸਵੱਛ ਜਾਪਦੀ ਸੀ। ਲੈਂਪ ਧੂੰਆਂ ਛੱਡ ਰਿਹਾ ਸੀ ਜਿਵੇਂ ਉਦਾਲੇ ਧੁੰਦ ਹੋਵੇ, ਤੇ ਸਾਹ ਲੈਣਾ ਵੀ ਔਖਾ ਸੀ। ਵਰਾਂਡੇ ਵਿਚ ਤੁਰਦੇ ਆਦਮੀ ਨੂੰ ਬੜੇ ਧਿਆਨ ਨਾਲ ਪੈਰ ਰੱਖਣ ਲਈ ਥਾਂ ਲੱਭਣੀ ਪੈਂਦੀ ਸੀ, ਤੇ ਇਕ ਪੈਰ ਰੱਖ ਕੇ ਦੂਜੇ ਲਈ ਫਿਰ ਹੋਰ। ਤਿੰਨ ਜਣੇ, ਜਿਨ੍ਹਾਂ ਨੂੰ ਸਪੱਸ਼ਟ ਹੈ ਵਰਾਂਡੇ ਵਿਚ ਵੀ ਥਾਂ ਨਹੀਂ ਮਿਲੀ ਸੀ, ਚੋਂਦੇ ਤੇ ਬਦਬੂ ਛੱਡਦੇ ਟੱਬ ਕੋਲ ਡਿਉਢੀ ਵਿਚ ਪਏ ਸਨ। ਇਨ੍ਹਾਂ ਵਿਚੋਂ ਉਹ ਇਕ ਪੁਰਾਣਾ ਪਾਗਲ ਸੀ ਜਿਸ ਨੂੰ ਨਖ਼ਲਿਊਦੌਫ਼ ਨੇ ਬਹੁਤ ਵਾਰੀ ਕਾਫ਼ਲੇ ਨਾਲ ਤੁਰਿਆ ਜਾਂਦਾ ਵੇਖਿਆ ਸੀ। ਦੂਜਾ ਇਕ ਮੁੰਡਾ ਸੀ, ਬਾਰਾਂ ਕੁ ਸ਼ਾਲ ਦਾ, ਜੋ ਦੂਜੇ ਦੋ ਕੈਦੀਆਂ ਵਿਚਕਾਰ ਪਿਆ ਸੀ, ਆਪਣਾ ਸਿਰ ਇਕ ਜਣੇ ਦੀ ਲੱਤ ਉੱਤੇ ਰੱਖੀ।

ਫਾਟਕ ਵਿਚੋਂ ਬਾਹਰ ਨਿਕਲ ਕੇ ਨਖ਼ਲਿਊਦੌਫ਼ ਨੇ ਇਕ ਡੂੰਘਾ ਸਾਹ ਲਿਆ। ਤੇ ਉਹ ਕੋਰੇ ਲੱਦੀ ਹਵਾ ਵਿਚ ਤੱਕੜਾ ਚਿਰ ਲੰਮੇ ਡੂੰਘੇ ਸਾਹ ਭਰਦਾ ਰਿਹਾ।

-0-

19

ਜਦੋਂ ਨਖ਼ਲਿਊਦੌਫ਼ ਸਰਾਂ ਵਿਚ ਵਾਪਸ ਆਇਆ। ਨਿੰਬਲ ਹੋ ਗਿਆ ਸੀ ਤੇ ਤਾਰੇ ਚਮਕ ਰਹੇ ਸਨ। ਥੋੜੇ ਥਾਵਾਂ ਤੋਂ ਛੁੱਟ ਚਿੱਕੜ ਜੰਮ ਕੇ ਸਖ਼ਤ ਹੋ ਚੁੱਕਾ ਸੀ। ਉਸ ਨੇ ਇਸ ਦੀ ਇਕ ਅਨ੍ਹੇਰੀ ਖਿੜਕੀ ਠਕੋਰੀ। ਚੌੜੇ ਮੋਢਿਆਂ ਵਾਲੇ ਮਜ਼ਦੂਰ ਨੇ ਨੰਗੇ ਪੈਰੀਂ ਆ ਕੇ ਦਰਵਾਜ਼ਾ ਖੋਲ੍ਹਿਆ ਤੇ ਉਸ ਨੂੰ ਅੰਦਰ ਵਾੜਿਆ। ਸੱਜੇ ਪਾਸੇ ਇਕ ਦਰਵਾਜ਼ੇ ਥਾਣੀਂ, ਜੋ ਪਿੱਛਲੇ ਪਾਸੇ ਖੁਲ੍ਹਦਾ ਸੀ, ਕੁਝ ਗੱਡੀਵਾਨਾਂ ਦੇ, ਜੋ ਉੱਥੇ ਸੁੱਤੇ ਪਏ ਸਨ, ਉੱਚੇ ਘੁਰਾੜੇ ਸੁਣਾਈ ਦੇ ਰਹੇ ਸਨ। ਤੇ ਵਿਹੜੇ ਵਿਚੋਂ ਕਈ ਘੋੜਿਆਂ ਦੇ ਜਵੀ ਚੱਬਣ ਦੀ ਆਵਾਜ਼ ਆਉਂਦੀ ਸੀ। ਅਗਲਾ ਕਮਰਾ, ਜਿਸ ਵਿਚ ਮੂਰਤੀਆਂ ਅੱਗੇ ਇਕ ਲਾਲ ਲੈਂਪ ਜਗਦਾ ਸੀ, ਸਿਉਂਕਿ ਤੇ ਪਸੀਨੇ ਦੀ ਬੋ ਨਾਲ ਭਰਿਆ ਪਿਆ ਸੀ, ਤੇ ਇਕ ਲੱਕੜੀ ਦੇ ਪਰਦੇ ਪਿੱਛੇ ਤਕੜੇ ਫੇਫੜਿਆਂ ਵਾਲਾ ਇਕ ਬੰਦਾ ਘੁਰਾੜੇ ਮਾਰ ਰਿਹਾ ਸੀ। ਨਖ਼ਲਿਊਦੌਫ਼ ਨੇ ਕੱਪੜੇ ਲਾਹੇ, ਆਪਣਾ ਚਮੜੇ ਦਾ ਸਫ਼ਰੀ ਸਿਰਹਾਣਾ ਮੋਮਜਾਮੇ ਦੇ ਸੋਫ਼ੇ ਉੱਤੇ ਰੱਖਿਆ, ਤੇ ਕੰਬਲ ਵਿਛਾ ਕੇ ਉਹ ਲੰਮਾ ਪੈ ਗਿਆ ਤੇ ਜੋ ਕੁੱਝ ਦਿਨੇ ਵੇਖਿਆ ਸੁਣਿਆ ਸੀ, ਉਸ ਬਾਰੇ ਸੋਚਣ ਲੱਗਾ। ਉਹ ਮੁੰਡਾ ਜੋ ਕੈਦੀ ਦੀ ਲੱਤ ਉੱਤੇ ਆਪਣਾ ਸਿਰ ਰੱਖੀ, ਮੁਸ਼ਕ ਮਾਰਦੇ ਟੱਬ ਵਿਚੋਂ ਚੋਏ ਹੋਏ ਗੰਦੇ ਪਾਣੀ ਉੱਤੇ ਸੁੱਤਾ ਪਿਆ ਸੀ, ਹੋਰ ਬਹੁਤ ਕੁਝ ਜੋ ਉਸ ਨੂੰ ਭਿਆਨਕ ਦਿੱਸਦਾ ਸੀ।

ਭਾਵੇਂ ਉਸ ਦੀ ਸਿਮਨਸਨ ਤੇ ਕਤੂਸ਼ਾਂ ਨਾਲ ਹੋਈ ਸ਼ਾਮੀਂ ਗੱਲ-ਬਾਤ ਅਨੋਖੀ ਤੇ ਮਹੱਤਵ-ਪੂਰਣ ਸੀ, ਉਹ ਇਸ ਬਾਰੇ ਬਹੁਤ ਸੋਚ ਨਹੀਂ ਰਿਹਾ ਸੀ। ਉਸ ਮਾਮਲੇ ਵਿਚ ਉਸਦੀ ਸਥਿਤੀ ਇਤਨੀ ਜਟਿਲ ਤੇ ਅਨਿਸ਼ਚਿਤ ਸੀ ਕਿ ਉਸ ਨੇ ਇਸ ਦਾ ਖਿਆਲ ਹੀ ਆਪਣੇ ਮਨ ਵਿਚੋਂ ਕੱਢ ਦਿੱਤਾ। ਪਰ ਉਨ੍ਹਾਂ ਅਭਾਗੇ ਜੀਵਾਂ ਦੀ ਤਸਵੀਰ, ਗੰਦੀ ਹਵਾ ਵਿਚ ਸਾਹ ਲੈਂਦੇ ਤੇ ਗੰਦੇ ਟੱਬ ਵਿਚੋਂ ਚੋਏ ਹੋਏ ਪਾਣੀ ਉੱਤੇ, ਖਾਸ ਕਰਕੇ ਕੈਦੀ ਦੇ ਪੱਟ ਉੱਤੇ ਸੁੱਤੇ

ਪਏ ਮੁੰਡੇ ਦਾ ਨਿਸ਼ਪਾਪ ਮੁੱਖੜਾ, ਹੋਰ ਵੀ ਵਧੇਰੇ ਤੀਖਣ ਭਾਵ ਨਾਲ ਮੁੜ ਮੁੜ ਉਸ ਦੀਆਂ ਅੱਖਾਂ ਅੱਗੇ ਆ ਰਿਹਾ ਸੀ, ਤੇ ਉਹ ਇਸ ਨੂੰ ਮਨ ਵਿਚੋਂ ਕੱਢ ਨਹੀਂ ਸੀ ਸਕਦਾ।

ਕੇਵਲ ਇੰਨਾ ਜਾਣ ਲੈਣਾ ਕਿ ਕਿਧਰੇ ਬਹੁਤ ਦੂਰ, ਅਜੇਹੇ ਲੋਕ ਹਨ ਜੋ ਦੂਜਿਆ ਨੂੰ ਕਸ਼ਟ ਦੇਂਦੇ ਹਨ, ਉਨ੍ਹਾਂ ਉੱਤੇ ਸਭ ਦੀਆਂ ਹੱਤਕਾ, ਗੈਰ ਇਨਸਾਨੀ ਗਿਰਾਵਟਾਂ ਤੇ ਪੀੜਾਂ ਪਾ ਕੇ ਤੇ ਤਿੰਨ ਮਹੀਨੇ ਲਗਾਤਾਰ ਇਨ੍ਹਾਂ ਕੱਸ਼ਟਕਾਰੀਆਂ ਤੇ ਕੱਸਟਾਂ ਨੂੰ ਵਰਤਦੇ ਵੇਖਣਾ, ਦੋ ਵੱਖ ਵੱਖ ਗੱਲਾਂ ਹਨ। ਨਖ਼ਲਿਊਦੌਫ਼ ਇਹ ਅਨੁਭਵ ਕਰਦਾ ਸੀ। ਇਨ੍ਹਾਂ ਤਿੰਨਾਂ ਮਹੀਨਿਆਂ ਵਿਚ ਕਈ ਵਾਰੀ ਉਸ ਨੇ ਆਪਣੇ ਆਪ ਤੋਂ ਪੁੱਛਿਆ ਸੀ : 'ਕੀ ਮੈਂ ਪਾਗਲ ਹਾਂ ਜੋ ਉਹ ਕੁਝ ਵੇਖਦਾ ਹਾਂ ਜੋ ਦੂਜਿਆਂ ਨੂੰ ਨਹੀਂ ਦਿੱਸਦਾ, ਜਾਂ ਕੀ ਉਹ ਪਾਗਲ ਹਨ ਜੋ ਇਹ ਗੱਲਾਂ ਕਰਦੇ ਹਨ, ਜੋ ਮੈਂ ਵੇਖਦਾ ਹਾਂ?" ਫਿਰ ਵੀ ਉਹ (ਤੇ ਇਹ ਕਿੰਨੇ ਸਾਰੇ ਸਨ) ਉਹ ਕੁਝ ਕਰਦੇ ਸਨ ਜੋ ਉਸ ਨੂੰ ਬੜਾ ਅਸਚਰਜਨਕ ਤੇ ਭਿਆਨਕ ਪ੍ਰਤੀਤ ਹੁੰਦਾ ਸੀ; ਤੇ ਇਸ ਸ਼ਾਂਤ ਨਿਸ਼ਚੇ ਨਾਲ ਕਿ ਜੋ ਉਹ ਕਰ ਰਹੇ ਸਨ; ਲੋੜੀਂਦਾ ਮਹੱਤਵ-ਪੂਰਣ ਤੇ ਲਾਭਕਾਰੀ ਕੰਮ ਸੀ, ਕਿ ਇਹ ਮੰਨਣਾ ਔਖਾ ਸੀ ਕਿ ਉਹ ਪਾਗਲ ਸਨ। ਨਾ ਹੀ ਉਹ ਆਪਣੇ ਵਿਚਾਰਾਂ ਦੀ ਸਪਸ਼ਟਤਾ ਤੋਂ ਸੁਚੇਤ-ਇਹ ਮੰਨ ਸਕਦਾ ਸੀ ਕਿ ਉਹ ਆਪ ਪਾਗਲ ਸੀ। ਇਸ ਨੇ ਉਸ ਨੂੰ ਨਿਰੰਤਰ ਉਲਝਣ ਵਿਚ ਪਾਈ ਰੱਖਿਆ ਸੀ।

ਜੋ ਗੱਲਾਂ ਉਸ ਨੇ ਇਨਾਂ ਤਿੰਨਾਂ ਮਹੀਨਿਆਂ ਵਿਚ ਵੇਖੀਆਂ ਸਨ, ਉਸ ਨੂੰ ਇਸ ਤਰ੍ਹਾਂ ਪ੍ਰਭਾਵਿਤ ਕਰਦੀਆਂ ਸਨ :

ਸਾਰੇ ਲੋਕਾਂ ਵਿਚੋਂ, ਜੋ ਆਜ਼ਾਦ ਸਨ, ਜਿਹੜੇ ਸਭ ਤੋਂ ਵੱਧ ਤੀਖਣਭਾਵੀ, ਸਭ ਤੋਂ ਵੱਧ ਗੁਸੈਲੇ, ਸਭ ਤੋਂ ਵੱਧ ਜੋਸ਼ੀਲੇ, ਸਭ ਤੋਂ ਵੱਧ ਪ੍ਰਤਿਭਾਵਨ, ਪਰ ਸਭ ਤੋਂ ਘੱਟ ਚੌਕਸ ਤੇ ਚਾਲਾਕ, ਮੁਕੱਦਮਿਆਂ ਜਾਂ ਸਰਕਾਰੀ ਹੁਕਮਾਂ ਰਾਹੀਂ ਚੁਣ ਲਏ ਜਾਂਦੇ ਸਨ। ਇਹ ਲੋਕ ਜੋ ਹੋਰਨਾਂ ਨਾਲੋਂ, ਜਿਨ੍ਹਾਂ ਨੂੰ ਆਜਾਦ ਰਹਿਣ ਦਿੱਤਾ ਜਾਂਦਾ ਸੀ, ਇਕ ਰੱਤੀ ਮਾਤਰ ਵੀ ਵਧੇਰੇ ਖ਼ਤਰਨਾਕ ਨਹੀਂ ਸਨ, ਪਹਿਲਾਂ ਜੇਲਾਂ ਵਿਚ ਡੱਕੇ ਜਾਂਦੇ ਸਨ ਤੇ ਫਿਰ ਸਾਇਬੇਰੀਆ ਵਿਚ ਜਲਾਵਤਨ ਕੀਤੇ ਜਾਂਦੇ ਸਨ, ਜਿੱਥੇ ਉਨ੍ਹਾਂ ਨੂੰ ਮਹੀਨਿਆਂ ਤੇ ਵਰ੍ਹਿਆਂ ਬੱਧੀ ਪੂਰੀ ਤਰ੍ਹਾਂ ਨਿਕੰਮੇ, ਪ੍ਰਕ੍ਰਿਤੀ, ਆਪਣੇ ਪਰਿਵਾਰਾਂ ਤੇ ਲਾਭਕਾਰੀ ਕੰਮ ਤੋਂ ਦੁਰ ਰੱਖਿਆ ਤੇ ਖਾਣ ਪੀਣ,

ਰਹਿਣ ਨੂੰ ਦਿੱਤਾ ਜਾਂਦਾ ਸੀ—ਭਾਵ ਉਨ੍ਹਾਂ ਸਾਰੀਆਂ ਗੱਲਾਂ ਤੋਂ ਦੂਰ ਜੋ ਸੁਭਾਵਕ ਤੇ ਆਚਾਰ-ਪੂਰਣ ਜੀਵਨ ਲਈ ਜ਼ਰੂਰੀ ਹਨ। ਇਹ ਹੈ ਪਹਿਲੀ ਗੱਲ

ਦੂਜੀ ਗੱਲ, ਇਨ੍ਹਾਂ ਸੰਸਥਾਵਾਂ ਵਿਚ ਇਨ੍ਹਾਂ ਲੋਕਾਂ ਦਾ ਹਰ ਪ੍ਰਕਾਰ ਦਾ ਬਲੋੜਾ ਅਪਮਾਨ ਕੀਤਾ ਜਾਂਦਾ ਸੀ : ਸੰਗਲ, ਮੁੰਨੇ ਹੋਏ ਸਿਰ ਤੇ ਸ਼ਰਮਨਾਕ ਪਹਿਰਾਵਾ। ਭਾਵ ਉਨ੍ਹਾਂ ਨੂੰ ਉਨ੍ਹਾਂ ਮੁੱਖ ਮੰਤਵਾਂ ਤੋਂ ਜੋ ਬਲ-ਹੀਣ ਲੋਕਾਂ ਨੂੰ ਚੰਗਾ ਜੀਵਨ ਬਤੀਤ ਕਰਨ ਦੀ ਪ੍ਰੇਰਣਾ ਦੇਂਦੇ ਸਨ—ਲੋਕ ਲਾਜ, ਸ਼ਰਮ, ਹਯਾ, ਤੇ ਮਨੁੱਖੀ ਗੌਰਵ ਦੀ ਚੇਤਨਾ ਤੋਂ ਸੱਖਣੇ ਰੱਖਿਆ ਜਾਂਦਾ ਸੀ।

ਤੀਜੇ, ਬੰਦੀਖਾਨਿਆਂ ਵਿਚ ਵਿਆਪਕ ਲਾਗ (Infections) ਦੀਆਂ ਬੀਮਾਰੀਆਂ ਤੋਂ, ਤੇ ਅੱਤ ਦੀ ਥਕਾਵਟ ਤੇ ਮਾਰ ਕੁੱਟ ਤੋਂ (ਗਰਮੀ ਦੇ ਤਾਪ, ਪਾਣੀ ਵਿਚ ਡੁੱਬਣ ਤੇ ਅੱਗ ਦੀਆਂ ਟਾਵੀਆਂ ਟਾਵੀਆਂ ਵਾਰਦਾਤਾਂ ਦੀ ਗੱਲ ਕੀ ਕਰਨੀ ਹੈ ?) ਇਨ੍ਹਾਂ ਦੀਆ ਜਾਨਾਂ ਸਦਾ ਖਤਰੇ ਵਿਚ ਪਈਆਂ ਹੋਣ ਕਰਕੇ, ਇਹ ਲੋਕ ਲਗਾਤਾਰ ਅਜਿਹੀ ਅਵਸਥਾ ਵਿਚ ਰਹਿੰਦੇ ਸਨ ਜਿਸ ਵਿਚ ਆਤਮ-ਰੱਖਿਆ ਦੀ ਭਾਵਨਾ ਅਧੀਨ ਉੱਤਮ ਤੇ ਸਦਾਚਾਰੀ ਮਨੁੱਖ ਦੀ ਅਤਿ ਭਿਆਨਕ ਕਠੋਰ ਕਰਮ ਕਰ ਲੈਂਦੇ ਤੇ ਹੋਰਨਾਂ ਕਰਮ ਵਾਲਿਆਂ ਨੂੰ ਖ਼ਿਮਾ ਕਰ ਦੇਂਦੇ ਹਨ।

ਚੌਥੇ, ਇਨਾਂ ਲੋਕਾਂ ਨੂੰ ਮਜ਼ਬੂਰੀ ਉਨ੍ਹਾਂ ਲੋਕਾਂ ਦੀ ਸੰਗਤ ਕਰਨੀ ਪੈਂਦੀ ਸੀ ਜਿਨ੍ਹਾਂ ਨੂੰ ਜੀਵਨ ਨੇ, ਤੇ ਖ਼ਾਸ ਕਰ ਕੇ ਇਨਾਂ ਹੀ ਸੰਸਥਾਵਾਂ ਨੇ ਵਿਸ਼ੇਸ਼ ਰੂਪ ਵਿਚ ਭ੍ਰਿਸ਼ਟ ਕਰ ਦਿੱਤਾ ਹੁੰਦਾ ਸੀ : ਪਰਗਾਮੀਆਂ, ਕਾਤਲਾਂ, ਤੇ ਬਦਮਾਸ਼ਾਂ ਨਾਲ, ਜੋ ਉਨਾਂ ਉੱਤੇ ਜਿਹੜੇ ਹਾਲੀ ਭ੍ਰਸ਼ਟ ਨਹੀ ਹੋਏ ਸਨ, ਆਟੇ ਉੱਤੇ ਖ਼ਮੀਰ ਦਾ ਕੰਮ ਕਰਦੇ ਸਨ।

ਪੰਜਵੇਂ ਇਨ੍ਹਾਂ ਸਾਰੇ ਲੋਕਾਂ ਉੱਤੇ ਇਨ੍ਹਾਂ ਨਾਲ ਹੁੰਦੇ ਨਿਰਦਈ ਵਰਤਾਰੇ ਨੂੰ ਇਸ ਗੱਲ ਦੀ ਬੜੀ ਤੱਕੜੀ ਛਾਪ ਲਾਈ ਹੋਈ ਸੀ ਕਿ ਸਭ ਪ੍ਰਕਾਰ ਦੀ ਹਿੰਸਾ, ਕਠੋਰਤਾ, ਤੇ ਅਮਾਨਵਤਾ ਨੂੰ ਸਰਕਾਰ, ਜਦੋਂ ਇਨ੍ਹਾਂ ਤੋਂ ਇਸ ਦੀ ਮੰਤਵ-ਸਿੱਧੀ ਹੁੰਦੀ ਹੋਵੇ, ਸਹਿਣ ਹੀ ਨਹੀਂ, ਪਰਵਾਨ ਕਰ ਲੈਂਦੀ ਹੈ। ਬੱਚਿਆਂ, ਇਸਤ੍ਰੀਆਂ ਤੇ ਬਿਰਧ ਪੁਰਸ਼ਾਂ ਨੂੰ ਦਿੱਤੇ ਜਾਂਦੇ ਕੱਸ਼ਟਾਂ ਨੇ, ਡੰਡਿਆਂ ਤੇ ਕੋਰੜਿਆਂ ਦੀ ਝੰਬ ਨੇ; ਭਗੌੜੇ ਨੂੰ ਜੀਂਦੇ ਜਾਂ ਮੋਏ ਨੂੰ ਪਕੜ ਲਿਆਉਣ ਤਾਈਂ ਦਿੱਤੇ ਜਾਂਦੇ ਇਨਾਮਾਂ ਨੇ, ਪਤੀਆਂ ਪਤਨੀਆਂ ਦੀ ਜੁਦਾਈ, ਤੇ ਉਨ੍ਹਾਂ ਨੇ ਲਿੰਗ-ਤ੍ਰਿਪਤੀ ਲਈ ਹੋਰਨਾਂ ਦੇ ਪਤੀਆਂ ਪਤਨੀਆਂ ਨਾਲ ਮੇਲ ਨੇ, ਤੇ ਗੋਲੀਆਂ ਤੇ

ਵਾਹਿਆਂ ਨੇ, ਇਸ ਲਈ ਸੁਤੰਤਰਤਾ ਤੋਂ ਵਾਂਝੇ ਕੀਤੇ ਗਏ ਭੁੱਖ ਦੁੱਖ ਵਿਚ ਗ੍ਰਸੇ ਲੋਕਾਂ ਦੇ ਹਿੰਸਕ ਕਰਮ ਹੋਰ ਵੀ ਵਧੇਰੇ ਖਿਮਾ/ਯੋਗ ਪ੍ਰਤੀਤ ਹੋਣ ਤੋਂ ਰਹਿ ਨਹੀਂ ਸਕਦੇ ਸਨ।

ਇਹ ਸਭ ਸੰਸਥਾਵਾਂ ਜਾਣ ਬੁਝ ਕੇ ਦੁਰਾਚਾਰ ਤੇ ਪਾਪ ਉਪਜਾਣ ਲਈ ਬਣਾਈਆਂ ਪ੍ਰਤੀਤ ਹੁੰਦੀਆ ਸਨ, ਜਿੱਥੋਂ ਘੋਰ ਦੁਰਾਚਾਰ ਤੇ ਪਾਪ ਸਾਰੀ ਜਨਤਾ ਵਿਚ ਇਸ ਹੱਦ ਤਕ ਪ੍ਰਸਾਰਿਆ ਜਾ ਸਕਦਾ ਸੀ ਜਿਸ ਦੀ ਕੋਈ ਹੋਰ ਵਿਵਸਥਾ, ਬਰਾਬਰੀ ਨਹੀਂ ਕਰ ਸਕਦੀ ਸੀ।

"ਇਹ ਇਉਂ ਹੈ ਜਿਵੇਂ ਇਕ ਸਵਾਲ ਪਾਇਆ ਗਿਆ ਹੋਵੇ : ਵੱਡੀ ਤੋਂ ਵੱਡੀ ਗਿਣਤੀ ਵਿਚ ਲੋਕਾਂ ਨੂੰ ਦੁਰਾਚਾਰੀ ਬਣਾਉਣ ਦਾ ਸਭ ਤੋਂ ਵੱਧੀਆ ਤੇ ਨਿਸ਼ਚੈਕਾਰੀ ਸਾਧਨ ਲੱਭਣਾ।" ਨਖ਼ਲਿਊਦੌਫ਼ ਸੋਚਦਾ, ਜਦੋਂ ਉਸ ਨੂੰ ਕੈਦਖਾਨਿਆਂ ਤੇ ਕੈਦੀ ਪੜਾਵਾਂ ਵਿਚ ਹੁੰਦੇ ਕੁਕਰਮਾਂ ਦੀ ਕੁਝ ਅੰਕਿਤ ਦ੍ਰਿਸ਼ਟੀ ਪ੍ਰਾਪਤ ਹੋਈ। ਹਰ ਸਾਲ ਲੱਖਾਂ ਹੀ ਭ੍ਰਿਸ਼ਟਾਚਾਰ ਦੀ ਚਰਮ-ਸੀਮਾ ਉੱਤੇ ਲਿਆਂਦੇ ਜਾਂਦੇ ਤੇ ਜਦੋਂ ਉਹ ਪੂਰਣ ਦੁਰਾਚਾਰੀ ਬਣ ਜਾਂਦੇ ਤਾਂ ਉਨ੍ਹਾਂ ਨੂੰ ਖੁਲ੍ਹੇ ਛੱਡ ਦਿੱਤਾ ਜਾਂਦਾ ਤਾਂ ਜੋ ਉਹ ਆਚਰਣਕ ਰੋਗ, ਜੋ ਉਨ੍ਹਾਂ ਨੇ ਕੈਦਖਾਨੇ ਤੋਂ ਲਿਆ ਸੀ, ਸਰਵੱਤਰ ਪ੍ਰਸਾਰਿਆ ਜਾਵੇ।

ਤੁਮੇਨ, ਏਕਾਤ੍ਰਿਨਬੁਰਗ, ਤੌਮਸ਼ਕ ਤੇ ਬੰਦੀ-ਖ਼ਾਨਿਆਂ ਤੇ ਕੈਦੀ-ਪੜਾਵਾਂ ਵਿਖੇ, ਨਖ਼ਲਿਊਦੌਫ਼ ਨੇ ਵੇਖਿਆ ਕਿੰਨੀ ਸਫ਼ਲਤਾ ਨਾਲ ਸਮਾਜ ਨੇ, ਜੋ ਇਹ ਆਸ਼ਾ ਆਪਣੇ ਅੱਗੇ ਰੱਖਿਆ ਹੋਇਆ ਸੀ, ਪ੍ਰਾਪਤ ਕੀਤਾ ਸੀ। ਸਾਧਾਰਣ ਸਾਦੇ ਲੋਕ, ਸਾਧਾਰਣ ਰੂਸੀ ਕਿਰਸਾਨ ਸਮਾਜਕ ਤੇ ਈਸਾਈ ਆਚਾਰ ਧਰਮ ਨੂੰ ਮੰਨਣ ਵਾਲੇ, ਇਹ ਪਰਿਗ੍ਰਹ ਗਵਾ ਲੈਂਦੇ ਤੇ ਕੈਦ ਵਿਚ ਪਲੀ ਇਕ ਨਵੀਂ ਧਾਰਨਾ ਬਣਾ ਲੈਂਦੇ ਸਨ, ਜੋ ਮੁੱਖ ਰੂਪ ਵਿਚ ਇਸ ਵਿਚਾਰ ਉੱਤੇ ਆਧਾਰਿਤ ਹੁੰਦੀ ਸੀ ਕਿ ਮਨੁੱਖ ਜੀਵਾਂ ਉੱਤੇ ਇਕ ਆਚਰਣਕ ਆਕ੍ਰਮਣ ਜੇ ਇਹ ਲਾਭਦਾਇਕ ਜਾਪਦਾ ਹੋਵੇ ਨਿਆਇ ਸਿੱਧ ਸੀ। ਬੰਦੀ ਖਾਨੇ ਵਿਚ ਰਹਿ ਕੇ ਇਹ ਲੋਕ ਆਪਣੇ ਮਨ ਵਚਨ ਕਰਮ ਵਿਚ ਇਹ ਮੰਨ ਲੈਂਦੇ ਸਨ ਕਿ ਜੋ ਉਨ੍ਹਾਂ ਨਾਲ ਵਵਤ ਰਹੀ ਸੀ ਉਸ ਤੋਂ ਸਿੱਧ ਸੀ ਕਿ ਦੂਜਿਆਂ ਲਈ ਆਦਰ ਮਾਨ ਤੇ ਸਹਾਨਭੂਤੀ ਦੇ ਸਾਰੇ ਆਚਾਰ ਧਰਮ ਜੋ ਈਸਾਈ ਧਰਮ ਤੇ ਧਾਰਮਕ ਸਿਖਿਆ-ਦਾਤਿਆਂ ਨੇ ਪ੍ਰਚਾਰੇ ਸਨ ਵਾਸਤਵਿਕ ਜੀਵਨ ਵਿਚ ਛਿੱਕੇ ਟੰਗੇ ਰਹਿੰਦੇ ਸਨ, ਤੇ ਇਸ ਲਈ ਉਨ੍ਹਾਂ ਨੂੰ ਵੀ ਇਨ੍ਹਾਂ ਉੱਤੇ ਚੱਲਣ ਦੀ ਕੋਈ ਲੋੜ ਨਹੀਂ ਸੀ। ਨਖ਼ਲਿਊਦੌਫ਼ ਨੇ ਸਾਰੇ ਕੈਦੀਆਂ ਉੱਤੇ ਜਿਨ੍ਹਾਂ ਨੂੰ ਉਹ ਜਾਣਨ ਲੱਗਾ ਸੀ

ਬੰਦੀ ਜੀਵਨ ਦਾ ਇਹ ਪ੍ਰਭਾਵ ਸਹੀ ਕੀਤਾ ਸੀ-ਫੇਦਰੋਫ਼ ਵਿਚ, ਮਾਕਰ ਵਿਚ, ਤੇ ਤਰਾਸ ਵਿਚ ਵੀ ਜੋ ਕੈਦੀਆਂ ਵਿਚ ਦੋ ਮਹੀਨੇ ਰਹਿਣ ਪਿੱਛੋਂ ਨਖ਼ਲਿਊਦੌਫ ਨੂੰ ਆਪਣੀ ਗੱਲ-ਬਾਤ ਵਿਚ ਆਚਾਰ ਧਰਮ ਤੋਂ ਸੱਖਣਾ ਹੋ ਗਿਆ ਪ੍ਰਤੀਤ ਹੁੰਦਾ ਸੀ। ਉਸ ਨੂੰ ਇਸ ਸਫ਼ਰ ਵਿਚ ਪਤਾ ਲੱਗਾ ਕਿ ਬਦਮਾਸ਼, ਜੋ ਸਿਲ੍ਹੇ ਉਜਾੜਾਂ ਵਲ ਨੱਸ ਜਾਂਦੇ ਸਨ ਆਪਣੇ ਕੁਝ ਸਾਥੀਆਂ ਨੂੰ ਵੀ ਪ੍ਰੇਰ ਕੇ ਨਾਲ ਲੈ ਜਾਂਦੇ ਤੇ ਫਿਰ ਉਨ੍ਹਾਂ ਨੂੰ ਮਾਰ ਕੇ ਖਾ ਜਾਂਦੇ ਸਨ। ਉਨ੍ਹਾਂ ਨੇ ਇਕ ਜੀਉਂਦਾ ਪੁਰਸ਼ ਵੇਖਿਆ ਸੀ ਜਿਸ ਉੱਤੇ ਇਹ ਦੋਸ਼ ਲਗਾਇਆ ਜਾਂਦਾ ਸੀ ਤੇ ਉਹ ਮੰਨਦਾ ਸੀ। ਤੇ ਅਤਿ ਭਿਆਨਕ ਗੱਲ ਇਹ ਸੀ ਇਹ ਆਦਮਖੋਰੀ ਦਾ ਕੋਈ ਵਿਰਲਾ ਇਕ ਉਦਾਹਰਣ ਨਹੀਂ ਸੀ, ਸਗੋਂ ਇਹ ਗੱਲਾਂ ਹੁੰਦੀਆਂ ਰਹਿੰਦੀਆਂ ਸਨ।

ਪਾਪ ਦੀ ਇਕ ਪ੍ਰਕਾਰ ਦੀ ਵਿਸ਼ੇਸ਼ ਪ੍ਰਤਿਪਾਲਨਾ ਨਾਲ ਹੀ, ਜੋ ਇਨ੍ਹਾਂ ਸੰਸਥਾਵਾਂ ਵਿਖੇ ਹੋ ਰਹੀ ਸੀ, ਇਕ ਰੂਸੀ ਨੂੰ ਇਨ੍ਹਾਂ ਅਵਾਰਿਆਂ ਦੀ ਅਵਸਥਾ ਵਿਚ ਲਿਆਂਦਾ ਜਾ ਸਕਦਾ ਸੀ, ਜੋ ਨੀਤਸ਼ੇ ਦੀ ਨਵੀਨਤਮ ਸਿੱਖਿਆ ਨੂੰ ਵੀ ਮਾਤ ਪਾਂਦੇ ਸਨ, ਜਿਸ ਅਨੁਸਾਰ ਹਰ ਗੱਲ ਅਗਿਆਤ ਹੈ, ਕੁਝ ਵੀ ਵਿਵਰਜਿਤ ਨਹੀਂ। ਤੇ ਉਹ ਇਹ ਸਿੱਖਿਆ ਪਹਿਲਾਂ ਕੈਦੀਆਂ ਵਿਚ ਤੇ ਫਿਰ ਆਮ ਲੋਕਾਂ ਵਿਚ ਪ੍ਰਚਾਰਦੇ ਸਨ।

ਜੋ ਕੁਝ ਕੀਤਾ ਜਾ ਰਿਹਾ ਸੀ ਉਸ ਨੂੰ ਇਕੋ ਤਰ੍ਹਾਂ ਨਾਲ ਮਨਾਇਆ ਜਾ ਸਕਦਾ ਸੀ, ਉਹ ਇਹ ਕਿ ਇਸ ਦਾ ਮਨੋਰਥ ਅਪਰਾਧ ਦੀ ਰੋਕਥਾਮ ਕਰਨਾ, ਭੈ-ਭੀਤ ਕਰਨਾ ਦੋਸ਼ੀਆਂ ਨੂੰ ਠੀਕ ਰਾਹ ਪਾਣਾ, ਤੇ ਗ੍ਰੰਥਾਂ ਦੇ ਕਹਿਣ ਅਨੁਸਾਰ ਉਨ੍ਹਾਂ ਨੂੰ ਆਪਣੇ ਕਰਮਾਂ ਦਾ ਯੋਗ ਫਲ ਭੁਗਤਾਣਾ ਸੀ। ਪਰ ਵਾਸਤਵ ਵਿਚ ਇਹ ਵੇਖਣ ਮਾਤਰ ਵੀ ਸਿੱਧ ਨਹੀਂ ਹੁੰਦੇ ਸਨ। ਪਾਪ ਰੁਕਣ ਦੀ ਥਾਂ, ਸਗੋਂ ਵਧੇਰੇ ਫੈਲਦਾ ਸੀ; ਡਰਨ ਦੀ ਥਾਂ ਅਪਰਾਧੀਆਂ ਨੂੰ ਸ਼ਹਿ ਮਿਲਦੀ ਸੀ (ਕਈ ਆਵਾਰਾ ਲੋਕ ਆਪਣੀ ਮਰਜ਼ੀ ਨਾਲ ਮੁੜ ਕੈਦ ਵਿਚ ਆ ਪੈਂਦੇ ਸਨ); ਠੀਕ ਹੋਣ ਦੀ ਥਾਂ ਹਰ ਪ੍ਰਕਾਰ ਦੇ ਪਾਪ ਦੀ ਨਿਯਮਪੂਰਵਕ ਪ੍ਰੇਰਣਾ ਮਿਲਦੀ ਸੀ ਤੇ ਬਦਲੇ ਦੀ ਭਾਵਨਾ, ਸਰਕਾਰ ਦੇ ਯਤਨਾਂ ਨਾਲ ਕਮਜ਼ੋਰ ਹੋਣ ਦੀ ਥਾਂ, ਉਨ੍ਹਾਂ ਲੋਕਾਂ ਵਿਚ ਵੀ ਭਰੀ ਜਾਂਦੀ ਸੀ ਜਿਨ੍ਹਾਂ ਦੇ ਇਹ ਸੁਭਾਵ ਦੇ ਅਨੁਸਾਰ ਨਹੀਂ ਸੀ।

"ਤਾਂ ਫਿਰ ਇਓ ਕਿਉਂ ਕੀਤਾ ਜਾਂਦਾ ਹੈ ?" ਨਖ਼ਲਿਊਦੌਫ਼ ਆਪਣੇ ਆਪ ਤੋਂ ਪੁੱਛਦਾ, ਪਰ ਕੋਈ ਉੱਤਰ ਨਾ ਲੱਭ ਸਕਦਾ।

ਤੇ ਜੋ ਅਤਿ ਆਸਚਰਜਮਈ ਜਾਪਦਾ ਸੀ ਇਹ ਸੀ ਕਿ ਇਹ ਸਭ ਕੁਝ ਅਚੇਤ ਨਹੀਂ ਹੋ ਰਿਹਾ ਸੀ, ਨਾ ਗਲਤੀ ਨਾਲ, ਤੇ ਨਾ ਹੀ ਇਕ ਵਾਰੀ ਹੋਇਆ ਸੀ ਸਗੋਂ ਸਦੀਆਂ ਤੋਂ ਹੁੰਦਾ ਆ ਰਿਹਾ ਸੀ, ਕੇਵਲ ਇਸ ਫ਼ਰਕ ਨਾਲ ਕਿ ਪਹਿਲਾਂ ਲੋਕਾਂ ਦੇ ਨੱਕ ਪਾੜੇ ਤੇ ਕੰਨ ਕੁਤਰ ਦਿੱਤੇ ਜਾਂਦੇ ਸਨ : ਫਿਰ ਸਮਾਂ ਆਇਆ ਜਦੋਂ ਓਨਾਂ ਨੂੰ ਦਾਗ ਦਿੱਤਾ ਜਾਂਦਾ ਤੇ ਲੋਹੇ ਦੀਆ ਸੀਖਾਂ ਨਾਲ ਬੰਨ ਦਿੱਤਾ ਜਾਂਦਾ, ਹੁਣ ਉਨਾਂ ਨੂੰ ਹੱਥ-ਕੜੀਆਂ ਲਗਾਈਆਂ ਜਾਂਦੀਆਂ ਸਨ, ਤੇ ਗੱਡਿਆਂ ਦੀ ਥਾਂ ਭਾਫ ਨਾਲ ਚੱਲਦੀਆਂ ਗੱਡੀਆਂ ਰਾਹੀਂ ਇਧਰ ਉਧਰ ਲਿਜਾਇਆ ਜਾਂਦਾ ਸੀ।

ਸਰਕਾਰੀ ਕਰਮਚਾਰੀਆਂ ਦੀਆਂ ਦਿੱਤੀਆਂ ਦਲੀਲਾਂ ਨਾਲ ਕਿ ਜਿਨ੍ਹਾਂ ਗੱਲਾਂ ਉੱਤੇ ਉਸ ਨੂੰ ਕ੍ਰੋਧ ਹੋ ਰਿਹਾ ਸੀ ਬੰਦੀਖ਼ਾਨਿਆਂ ਵਿਚ ਪ੍ਰਬੰਧ ਦੀ ਕਮਜ਼ੋਰੀ ਕਾਰਣ ਹੁੰਦੀਆਂ ਸਨ, ਤੇ ਉਹ ਸਭ ਠੀਕ ਹੋ ਜਾਣ ਜੇ ਆਧੁਨਿਕ ਢੰਗ ਦੇ ਕੈਦਖ਼ਾਨੇ ਉਸਾਰੇ ਜਾਣ, ਨਖ਼ਲਿਊਦੌਫ਼ ਦੀ ਤਸੱਲੀ ਨਹੀਂ ਹੁੰਦੀ ਸੀ। ਉਹ ਜਾਣਦਾ ਸੀ ਕਿ ਜਿਸ ਤੋਂ ਉਹ ਕ੍ਰਿਝ ਰਿਹਾ ਸੀ, ਉਹ ਕੈਦਖਾਨਿਆਂ, ਦੇ ਚੰਗੇ ਜਾਂ ਮਾੜੇ ਪ੍ਰਬੰਧ ਦਾ ਸਿੱਟਾ ਨਹੀਂ ਸੀ। ਉਸ ਨੇ ਨਮੂਨੇ ਦੇ ਕੈਦਖ਼ਾਨਿਆਂ ਬਾਰੇ ਜਿੱਥੇ ਬਿਜਲੀ ਨਾਲ ਘੰਟੀਆਂ ਵੱਜਦੀਆਂ ਸਨ ਤੇ ਤਾਰਦੇ ਦੀ ਜਾਚਨਾ ਅਨੁਸਾਰ ਬਿਜਲੀ ਨਾਲ ਮਾਰਿਆ ਜਾਂਦਾ ਸੀ, ਪੜ੍ਹਿਆ ਸੀ। ਇਸ ਸੂਖਮ-ਰੂਪ ਹਿੰਸਾ ਤੋਂ ਉਸ ਨੂੰ ਸਗੋਂ ਹੋਰ ਘ੍ਰਿਣਾ ਉਪਜਦੀ ਸੀ।

'ਪਰ ਜਿਸ ਗੱਲ ਉੱਤੇ ਉਹ ਸਭ ਤੋਂ ਵੱਧ ਕ੍ਰਿਝਦਾ ਸੀ ਉਹ ਇਹ ਸੀ ਕਿ ਕਚਹਿਰੀਆਂ ਵਿਚ ਤੇ ਮੰਤਰਾਲੇ ਵਿਚ ਲੋਕਾਂ ਦੇ ਸਿਰੋਂ ਵੱਡੀਆਂ ਤਨਖਾਹਾਂ ਲੈਣ ਵਾਲੇ ਲੋਕ, ਜਿਨ੍ਹਾਂ ਦਾ ਕੰਮ ਆਪਣੇ ਜਿਹੇ ਹੋਰ ਆਪਣੇ ਜਿਹੇ ਮਨੋਰਥਾਂ ਲਈ ਕੰਮ ਕਰਦੇ ਕਰਮਚਾਰੀਆਂ ਦੀਆਂ ਲਿਖੀਆਂ ਪੁਸਤਕਾਂ ਦੇ ਹਵਾਲੇ ਦੇਣਾ, ਇਸ ਤਰ੍ਹਾਂ ਲਿਖੇ ਕਾਨੂੰਨ ਨੂੰ ਤੋੜਨ ਵਾਲੇ ਕੰਮਾਂ ਨੂੰ ਇਕ ਕਾਨੂੰਨ ਜਾਂ ਦੂਜੇ ਨਾਲ ਆਪਣਾ, ਤੇ ਫਿਰ ਇਨ੍ਹਾਂ ਨੂੰ ਮੰਨ ਕੇ ਅਜਿਹੇ ਕਰਮਾਂ ਦੇ ਦੋਸ਼ੀਆਂ ਨੂੰ ਉਨ੍ਹੀਂ ਥਾਈਂ ਭੇਜਣਾ ਜਿੱਥੇ ਉਹ ਕਰਮਚਾਰੀ ਮੁੜ ਉਨ੍ਹਾਂ ਨੂੰ ਵੇਖਣ ਨਹੀਂ ਜਾਂਦੇ ਸਨ ਪਰ ਜਿੱਥੇ ਇਹ ਦੋਸ਼ੀ ਕਠੋਰਚਿਤ, ਰੁੜ੍ਹੇ-ਪੁੜੇ ਨਿਰੀਖਕਾਂ, ਦਰੋਗਿਆਂ, ਤੇ ਸਿਪਾਹੀਆਂ ਦੇ ਰਹਿਮ ਉੱਤੇ ਹੁੰਦੇ ਸਨ, ਤੇ ਜਿੱਥੇ ਉਨਾਂ ਵਿਚੋਂ ਲੱਖਾਂ ਹੀ ਮਨ ਤੇ ਤਨ, ਦੋਹਾਂ ਵੱਲੋਂ ਖ਼ਤਮ ਹੋ ਜਾਂਦੇ ਸਨ।

ਹੁਣ ਜਦੋਂ ਉਸ ਨੂੰ ਬੰਦੀਖਾਨਿਆਂ ਦੀ ਵਧੇਰੇ ਵਾਕਫ਼ੀ ਹੋ ਗਈ ਸੀ, ਨਖ਼ਲਿਊਦੌਫ਼ ਨੂੰ ਪਤਾ ਲੱਗ ਗਿਆ ਕਿ ਸਾਰੇ ਵੈਲ, ਜੋ ਕੈਦੀਆਂ ਵਿਚ ਆ ਜਾਂਦੇ ਸਨ-ਸ਼ਰਾਬ, ਜੂਆ, ਨਿਰਦਇਤਾ, ਤੇ ਭਿਆਨਕ ਅਪਰਾਧ, ਆਦਮਖੋਰੀ ਤਕ-ਐਵੇਂ ਅਚਾਨਕੀ ਨਹੀਂ ਸਨ, ਨਾ ਹੀ ਅਪਜਾਤੀ ਕਰਕੇ, ਨਾ ਹੀ ਅਪਰਾਧੀ ਪ੍ਰਕਾਰ ਦੇ ਵਿਕਰਾਲ ਰੂਪਾਂ ਦੀ ਹੋਂਦ ਦੇ ਕਾਰਨ (ਜਿਵੇਂ ਮੰਦਮਤੀ ਵਿਗਿਆਨੀ, ਸਰਕਾਰ ਦੀ ਹਮਾਇਤ ਵਿਚ ਆਖਦੇ ਸਨ), ਸਗੋਂ ਇਸ ਕਲਪਨਾਤੀਤ ਭੁਲੇਖੇ ਦਾ ਲਾਜ਼ਮੀ ਸਿੱਟਾ ਸਨ ਕਿ ਮਨੁੱਖ ਇਕ ਦੂਜੇ ਨੂੰ ਦੰਡ ਦੇਣ ਦੇ ਅਧਿਕਾਰੀ ਹਨ। ਨਖ਼ਲਿਊਦੌਫ਼ ਨੇ ਵੇਖ ਲਿਆ ਕਿ ਆਦਮਖੋਰੀ ਉਜਾੜਾਂ ਵਿਚ ਨਹੀਂ, ਸਗੋਂ ਮੰਤਰਾਲਿਆਂ, ਸੰਮਤੀਆਂ, ਤੇ ਰਾਜ ਵਿਭਾਗਾਂ ਵਿਚ ਉਪਜਦੀ ਸੀ, ਤੇ ਉਜਾੜਾਂ ਵਿਚ ਤਾਂ ਕੇਵਲ ਇਸ ਨੂੰ ਫ਼ਲ ਲੱਗਦਾ ਸੀ। ਉਦਾਹਰਣ ਰੂਪ, ਉਸ ਨੇ ਸਮਝ ਲਿਆ ਕਿ ਉਸ ਦਾ ਭਣਵਈਆ, ਤੇ ਵਾਸਤਵ ਵਿਚ ਸਾਰੇ ਵਕੀਲ ਤੇ ਕਰਮਚਾਰੀ, ਚਪੜਾਸੀ ਤੋਂ ਲੈ ਕੇ ਵਜ਼ੀਰ ਤਕ, ਨਿਆਇ ਦੀ ਭੋਰਾ ਵੀ ਪਰਵਾਹ ਨਹੀਂ ਕਰਦੇ, ਨਾਂ ਲੋਕਾਂ ਦੇ ਭਲੇ ਦੀ, ਜਿਸ ਬਾਰੇ ਉਹ ਇੰਨੀਆਂ ਗੱਲਾਂ ਕਰਦੇ ਸਨ, ਸਗੋਂ ਕੇਵਲ ਉਨ੍ਹਾਂ ਰੂਬਲਾਂ ਦੀ ਜੋ ਉਨ੍ਹਾਂ ਨੂੰ ਮਿਲਦੇ ਸਨ ਉਹ ਕੰਮ ਕਰਨ ਲਈ ਜਿਨ੍ਹਾਂ ਤੋਂ ਇਹ ਸਾਰੀ ਅਪਜਾਤੀ ਤੇ ਦੁੱਖ ਉਪਜਦੇ ਸਨ। ਇਹ ਚੌਖਾ ਸਪੱਸ਼ਟ ਸੀ।

"ਤਾਂ ਫਿਰ ਇਹ ਹੋ ਸਕਦਾ ਹੈ ਕਿ ਇਹ ਕੇਵਲ ਇਕ ਭੁਲੇਖੇ ਦਾ ਫ਼ਲ ਰੂਪ ਹੈ ? ਇਹ ਪ੍ਰਬੰਧ ਨਹੀਂ ਹੋ ਸਕਦਾ ਕਿ ਇਨ੍ਹਾਂ ਸਾਰੇ ਕਰਮਚਾਰੀਆਂ ਨੂੰ ਤਨਖਾਹਾਂ ਵੀ ਮਿਲਣ, ਤੇ ਇਸ ਤੋਂ ਛੁੱਟ ਇਕ ਭੱਤਾ ਮਿਲੇ ਉਹ ਸਭ ਕੁਝ ਕਰਨਾ ਛੱਡਣ ਦਾ ਜੋ ਇਹ ਕਰਦੇ ਹਨ ?" ਨਖ਼ਲਿਊਦੌਫ਼ ਸੋਚਦਾ ਸੀ; ਤੇ ਇਨ੍ਹਾਂ ਖਿਆਲਾਂ ਵਿਚ, ਜਦੋਂ ਕੁੱਕੜ ਨੇ ਦੂਜੀ ਬਾਂਗ ਦੇ ਦਿੱਤੀ ਸੀ, ਉਨ੍ਹਾਂ ਮੱਖੀਆਂ ਦੇ ਬਾਵਜੂਦ ਜੋ ਉਸ ਉਦਾਲੇ, ਜਿਧਰ ਵੀ ਉਹ ਹੁੰਦਾ ਫਵਾਰੇ ਵਿਚੋਂ ਪਾਣੀ ਵਾਕਰ ਉੱਡਦੀਆਂ ਸਨ, ਉਹ ਘੁਕ ਸੌਂ ਗਿਆ।

-0-

20

ਨਖ਼ਲਿਊਦੋਫ਼ ਦੇ ਜਾਗਣ ਤੋਂ ਢੇਰ ਪਹਿਲਾਂ ਗੱਡਿਆਂ ਵਾਲੇ ਸਰਾਂ ਵਿਚੋਂ ਚਲੇ ਗਏ ਸਨ। ਮਾਲਕਣ ਆਪਣੀ ਚਾਹ ਮੁਕਾ ਕੇ, ਰੁਮਾਲ ਨਾਲ ਆਪਣੀ ਮੋਟੀ ਗਰਦਨ ਤੋਂ ਪਸੀਨਾ ਪੂੰਝਦੀ ਅੰਦਰ ਆਈ ਤੇ ਕਹਿਣ ਲੱਗੀ ਕਿ ਪੜਾਉ ਤੋਂ ਇਕ ਸਿਪਾਹੀ ਇਕ ਚਿੱਠੀ ਲਿਆਇਆ ਸੀ। ਮੇਰੀ ਪਾਉਲੋਫ਼ਨਾ ਵੱਲੋਂ ਸੀ। ਉਸਨੇ ਲਿਖਿਆ ਸੀ ਕਿ ਕ੍ਰਿਲਤਸੋਫ਼ ਦਾ ਦੌਰਾ ਜਿੰਨਾ ਉਹ ਸਮਝਦੇ ਸਨ ਉਸ ਤੋਂ ਜ਼ਿਆਦਾ ਗੰਭੀਰ ਸੀ। "ਪਹਿਲਾਂ ਅਸੀਂ ਚਾਹਿਆ ਕਿ ਇਸ ਨੂੰ ਇੱਥੇ ਰਹਿਣ ਦੇਈਏ ਤੇ ਇਸ ਕੋਲ ਠਹਿਰਣ ਦੀ ਆਗਿਆ ਮੰਗੀਏ। ਪਰ ਇਹ ਆਗਿਆ ਨਹੀਂ ਮਿਲੀ, ਸੋ ਅਸੀਂ ਉਸ ਨੂੰ ਲੈ ਜਾਵਾਂਗੇ। ਪਰ ਸਾਨੂੰ ਅਸ਼ੁਭਤਮ ਦਾ ਡਰ ਹੈ। ਕ੍ਰਿਪਾ ਕਰਕੇ ਇਹ ਪ੍ਰਬੰਧ ਕਰੋ ਕਿ ਜੇ ਇਸ ਨੂੰ ਅਗਲੇ ਸ਼ਹਿਰ ਛੱਡ ਦਿੱਤਾ ਜਾਵੇ ਤਾਂ ਸਾਡੇ ਵਿਚੋਂ ਇਕ ਇਸ ਨਾਲ ਰਹੇ। ਜੇ ਪਿੱਛੇ ਰਹਿਣ ਲਈ ਮੈਨੂੰ ਇਸ ਨਾਲ ਵਿਆਹ ਵੀ ਕਰਨਾ ਪਵੇ, ਤਾਂ ਨਿਰਸੰਦੇਹ ਮੈਂ ਇਸ ਲਈ ਤਿਆਰ ਹਾਂ।"

ਨਖ਼ਲਿਊਦੌਫ਼ ਨੇ ਨੌਜਵਾਨ ਮਜ਼ਦੂਰ ਨੂੰ ਬੱਘੀਖਾਨੇ ਘੋੜੇ ਲਿਆਉਣ ਲਈ ਭੇਜਿਆ, ਤੇ ਕਾਹਲੀ ਕਾਹਲੀ ਆਪਣਾ ਸਾਮਾਨ ਬੰਨ੍ਹਣ ਲੱਗਾ। ਉਸ ਨੇ ਹਾਲੀ ਚਾਹ ਦਾ ਦੂਜਾ ਗਲਾਸ ਨਹੀਂ ਸੀ ਮੁਕਾਇਆ ਕਿ ਤਿੰਨ ਘੋੜਿਆ ਦੀ ਬੱਘੀ ਘੰਟੀਆਂ ਵਜਾਉਂਦੀ ਡਿਉਢੀ ਵਿਚ ਆ ਖੜੀ ਹੋਈ। ਇਸ ਦੇ ਪਹੀਏ ਜੰਮੀ ਹੋਈ ਮਿੱਟੀ ਉੱਤੇ ਪੱਥਰਾਂ ਵਾਕਰ ਖੜਕੇ ਸਨ। ਨਖ਼ਲਿਊਦੌਫ਼ ਨੇ ਮੋਟੀ ਗਰਦਨ ਵਾਲੀ ਮਾਲਕਣ ਦਾ ਹਿਸਾਬ ਚੁਕਾਇਆ, ਕਾਹਲੀ ਨਾਲ ਬਾਹਰ ਆ ਕੇ ਬੱਘੀ ਵਿਚ ਬੈਠ ਗਿਆ, ਤੇ ਉਸ ਨੇ ਕੋਚਵਾਨ ਨੂੰ ਜੱਥੇ ਦੇ ਪਿੱਛੇ ਜਿੰਨੀ ਛੇਤੀ ਹੋ ਸਕੇ ਚਲਣ ਦਾ ਹੁਕਮ ਦਿੱਤਾ। ਸ਼ਾਮਲਾਟ ਦੇ ਫਾਟਕ ਤੋਂ ਲੰਘੇ ਹੀ ਸਨ ਕਿ ਉਹ ਥੈਲਿਆਂ ਤੇ ਬੀਮਾਰ ਕੈਦੀਆਂ ਨਾਲ ਲੱਦੇ ਹੋਏ ਗੱਡਿਆਂ ਨੂੰ ਜਾ ਮਿਲੇ, ਜਿਹੜੇ ਕਿ ਜੰਮੀ ਹੋਈ ਮਿੱਟੀ ਉੱਤੇ, ਜੋ ਪਹੀਆਂ ਹੇਠਾਂ ਪੱਧਰ ਹੋ ਰਹੀ ਸੀ, ਚੰਗਾ ਖੜਾਕ ਕਰਦੇ ਸਨ। ਅਫ਼ਸਰ ਉਨ੍ਹਾਂ ਨਾਲ ਨਹੀਂ ਸੀ। ਉਹ ਅੱਗੇ ਗਿਆ ਹੋਇਆ ਸੀ। ਸਿਪਾਹੀ ਜੋ ਸਪਸ਼ਟ

ਸ਼ਰਾਬੀ ਜਾਪਦੇ ਸਨ, ਪਿੱਛੇ ਪਿੱਛੇ ਸੜਕ ਦੇ ਇਕ ਪਾਸੇ ਗੱਪਾਂ ਮਾਰਦੇ ਹੋਏ ਚਲੇ ਜਾ ਰਹੇ ਸਨ। ਗੱਡੇ ਬਹੁਤ ਸਾਰੇ ਸਨ। ਪਹਿਲਿਆਂ ਗੱਡਿਆਂ ਵਿਚ ਹਰ ਇਕ ਉੱਤੇ ਛੇ ਬੀਮਾਰ ਅਖਲਾਕੀ ਕੈਦੀ ਬੈਠੇ ਸਨ,

ਇਕ ਦੂਜੇ ਵਿਚ ਫੱਸੇ ਹੋਏ। ਪਿਛਲੇ ਤਿੰਨਾਂ ਗੱਡਿਆਂ ਵਿਚ ਹਰ ਇਕ ਉੱਤੇ ਤਿੰਨ ਰਾਜਸੀ ਕੈਦੀ ਸਨ: ਇਕ ਉੱਤੇ ਨੋਵੋਦਵੋਰੋਫ਼, ਗ੍ਰਾਬਤੇਸ, ਤੇ ਕੋਦਾਂਤਿਏਫ ਬੈਠੇ ਸਨ, ਤੇ ਦੂਜੇ ਉੱਤੇ ਰੰਤਸੇਫ਼ਾ, ਨਾਬਾਤੋਫ਼ ਤੇ ਉਹ ਇਸਤ੍ਰੀ ਜਿਸ ਨੂੰ ਮੇਰੀ ਪਾਉਲੋਫ਼ਨਾ ਨੇ ਆਪਣੀ ਥਾਂ ਦੇ ਦਿੱਤੀ ਸੀ। ਤੀਜੇ ਗੱਡੇ ਉੱਤੇ ਘਾਹ ਦੇ ਇਕ ਢੇਰ ਉੱਤੇ ਕ੍ਰਿਲਤਸੋਫ਼ ਸਿਰ ਹੇਠ ਇਕ ਸਿਰਹਾਣਾ ਲਈ ਪਿਆ ਸੀ। ਮੇਰੀ ਪਾਉਲੋਫ਼ਨਾ ਗੱਡੇ ਦੇ ਪਾਸੇ ਲੱਗੀ ਉਸ ਕੋਲ ਬੈਠੀ ਸੀ। ਨਖ਼ਲਿਊਦੋਫ਼ ਆਪਣੇ ਕੋਚਵਾਨ ਨੂੰ ਖੜਾ ਹੋਣ ਦਾ ਹੁਕਮ ਦੇ ਕੇ, ਬੱਘੀ ਵਿਚੋਂ ਉਤਰਿਆ ਤੇ ਕ੍ਰਿਲਤਸੋਫ਼ ਕੋਲ ਗਿਆ। ਸ਼ਰਾਬੀ ਸਿਪਾਹੀਆਂ ਵਿਚੋਂ ਇਕ ਨੇ ਨਖ਼ਲਿਊਦੌਫ਼ ਵੱਲ ਹੱਥ ਨਾਲ ਇਸ਼ਾਰਾ ਕੀਤਾ, ਪਰ ਨਖ਼ਲਿਊਦੌਫ਼ ਨੇ ਉਸ ਵੱਲ ਧਿਆਨ ਨਾ ਦਿੱਤਾ, ਕ੍ਰਿਲਤਸੋਫ਼ ਦੇ ਨਾਲ ਨਾਲ ਗੱਡੇ ਦੀ ਇਕ ਬਾਹੀ ਫੜੀ ਤੁਰਦਾ ਗਿਆ। ਕ੍ਰਿਲਤਸੋਫ਼ ਨੇ ਭੇਡ ਦੀ ਖੱਲ ਦਾ ਕੋਟ, ਤੇ ਸਿਰ ਤੇ ਫਰ ਦੀ ਟੋਪੀ ਪਹਿਨੀ ਹੋਈ ਸੀ, ਤੇ ਉਸ ਦਾ ਮੂੰਹ ਇਕ ਰੁਮਾਲ ਨਾਲ ਬੰਨ੍ਹਿਆ ਹੋਇਆ ਸੀ, ਉਹ ਪਹਿਲਾਂ ਨਾਲੋਂ ਵੀ ਪੀਲਾ ਤੇ ਕਮਜ਼ੋਰ ਲੱਗਦਾ ਸੀ। ਉਸ ਦੀਆ ਸੁੰਦਰ ਅੱਖਾਂ ਬਹੁਤ ਵੱਡੀਆਂ ਤੇ ਚਮਕੀਲੀਆਂ ਜਾਪਦੀਆਂ ਸਨ। ਗੱਡੇ ਦੇ ਹੱਤਕਿਆ ਨਾਲ ਉਹ ਇਕ ਪਾਸੇ ਤੋਂ ਦੂਜੇ ਨੂੰ ਹਿੱਲਦਾ, ਅੱਖਾਂ ਨਖ਼ਲਿਊਦੌਫ਼ ਉੱਤੇ ਟਿਕਾਈ ਪਿਆ ਸੀ। ਜਦੋਂ ਉਸ ਪਾਸੋਂ ਉਸ ਦੀ ਸਿਹਤ ਬਾਰੇ ਪੁੱਛਿਆ ਜਾਂਦਾ ਤਾਂ ਉਹ ਕੇਵਲ ਅੱਖਾਂ ਬੰਦ ਕਰ ਕੇ ਖ਼ਫ਼ਗੀ ਨਾਲ ਸਿਰ ਹਿਲਾ ਦਿੰਦਾ ਸੀ। ਉਸ ਦੀ ਸਾਰੀ ਸ਼ਕਤੀ ਗੱਡੇ ਦੇ ਹੱਤਕੇ ਝੱਲਣ ਲਈ ਲੋੜੀਂਦੀ ਜਾਪਦੀ ਸੀ। ਮੇਰੀ ਪਾਉਲੋਫ਼ਨਾ ਦੂਜੇ ਪਾਸੇ ਬੈਠੀ ਸੀ। ਉਸ ਨੇ ਨਖ਼ਲਿਊਦੌਫ਼ ਨਾਲ ਇਕ ਅਰਥ-ਭਰਪੂਰ ਝਾਕਣੀ ਮਿਲਾਈ, ਜੋ ਉਸ ਦੀ ਕ੍ਰਿਲਤਸੋਫ਼ ਦੀ ਦਸ਼ਾ ਬਾਰੇ ਚਿੰਤਾ ਦਰਸਾਂਦੀ ਸੀ। ਤੇ ਫਿਰ ਉਹ ਇਕ ਦਮ ਖੁਸ਼ ਜਿਹੇ ਸੁਰ ਵਿਚ ਕਹਿਣ ਲੱਗੀ।

"ਜਾਪਦਾ ਹੈ ਅਫ਼ਸਰ ਆਪਣੇ ਕੀਤੇ ਉੱਤੇ ਸ਼ਰਮਸਾਰ ਹੈ," ਉਸ ਨੇ ਪਹੀਆਂ ਦੇ ਖੜਾਕ ਵਿਚ ਆਪਣੀ ਆਵਾਜ਼ ਸੁਣਾਣ ਲਈ ਉੱਚੀ ਨਾਲ ਆਖਿਆ। "ਬੁਜ਼ੋਵਕਿਨ ਦੀਆਂ ਹੱਥਕੜੀਆਂ ਉਤਾਰ ਦਿੱਤੀਆਂ ਗਈਆਂ ਹਨ, ਤੇ ਹੁਣ ਉਹ ਆਪਣੀ ਨਿੱਕੀ ਬੱਚੀ ਨੂੰ ਆਪ

ਚੁੱਕੀ ਲੈ ਜਾ ਰਿਹਾ ਹੈ। ਕਤੂਸ਼ਾਂ ਤੇ ਸਿਮਨਸਨ ਉਸ ਦੇ ਨਾਲ ਹਨ ਤੇ ਵੇਰਾ ਵੀ, ਉਸ ਨੇ ਮੇਰੀ ਥਾਂ ਲੈ ਲਈ ਹੈ।"

ਕ੍ਰਿਲਤਸੋਫ਼ ਕੁਝ ਬੋਲਿਆ ਪਰ ਰੌਲੇ ਵਿਚ ਕੁਝ ਸੁਣਿਆ ਨਾ, ਤੇ ਉਸ ਨੇ ਖੰਘ ਨੂੰ ਰੋਕਣ ਦੇ ਯਤਨ ਵਿਚ ਤਿਉੜੀ ਪਾ ਕੇ ਸਿਰ ਹਿਲਾਇਆ। ਉਸ ਵੇਲੇ ਨਖ਼ਲਿਊਦੌਫ਼ ਸੁਣਨ ਲਈ ਉਸ ਵਲ ਝੁਕਿਆ ਤੇ ਕ੍ਰਿਲਤਸੋਫ਼ ਨੇ ਰੁਮਾਲ ਵਿਚੋਂ ਮੂੰਹ ਕੱਢ ਕੇ ਹੌਲੀ ਜਿਹੀ ਆਖਿਆ, "ਹੁਣ ਮੈਂ ਬਹੁਤ ਬਿਹਤਰ ਹਾਂ। ਕੇਵਲ ਸਰਦੀ ਨਾ ਲੱਗ ਜਾਵੇ।" ਨਖ਼ਲਿਊਦੌਫ਼ ਨੇ ਸਿਰ ਹਿਲਾ ਕੇ ਹੁੰਗਾਰਾ ਭਰਿਆ ਤੇ ਫਿਰ ਮੇਰੀ ਪਾਉਲੋਫ਼ਨਾ ਨਾਲ ਝਾਕਣੀ ਮਿਲਾਈ।, "ਤਿੰਨਾਂ ਸਰੀਰਾਂ" ਦੀ ਸਮੱਸਿਆ ਕਿਵੇਂ ਹੈ ?" ਕ੍ਰਿਲਤਸੋਫ਼ਾ ਨੇ ਕੰਨਫੂਸੀ ਕੀਤੀ, ਤੇ ਉਹ ਬੜਾ ਜ਼ੋਰ ਲਾ ਕੇ ਮੁਸਕਰਾਇਆ। "ਹੱਲ ਔਖਾ ਹੈ ?"

ਨਖ਼ਲਿਊਦੌਫ਼ ਸਮਝਿਆ ਨਾ, ਪਰ ਮੇਰੀ ਪਾਉਲੋਫ਼ਨਾ ਨੇ ਵਿਆਖਿਆ ਕੀਤੀ ਕਿ ਉਸ ਦਾ ਭਾਵ ਗਣਿਤ ਦੇ ਪ੍ਰਸਿਤ ਸੂਤਰ ਤੋਂ ਸੀ ਜੋ ਸੂਰਜ, ਚੰਦ ਤੇ ਧਰਤੀ ਦੀ ਸਥਿਤੀ ਨੂੰ ਬਿਆਨ ਕਰਦਾ ਹੈ। ਕ੍ਰਿਲਤਸੋਫ਼ ਨਖ਼ਲਿਊਦੌਫ਼, ਕਤੂਸ਼ਾਂ, ਤੇ ਸਿਮਨਸਨ ਵਿਚਕਾਰ ਸੰਬੰਧਾਂ ਨੂੰ ਉਸ ਨਾਲ ਤੁਲਨਾ ਦੇਂਦਾ ਸੀ। ਕ੍ਰਿਲਤਸੋਫ਼ ਨੇ ਸਿਰ ਹਿਲਾ ਕੇ ਪੁਸ਼ਟੀ ਕਰ ਦਿੱਤੀ ਕਿ ਮੇਰੀ ਪਾਉਲੋਫਨਾ ਨੇ ਉਸ ਦਾ ਮਖੌਲ ਠੀਕ ਠੀਕ ਸਮਝਾ ਦਿੱਤਾ ਸੀ।

"ਹੱਲ ਮੇਰੇ ਉੱਤੇ ਨਿਰਭਰ ਨਹੀਂ।" ਨਖ਼ਲਿਊਦੌਫ਼ ਬੋਲਿਆ।

"ਤੁਹਾਨੂੰ ਕੋਈ ਚਿੱਠੀ ਮਿਲੀ ? ਤੁਸੀਂ ਉਹ ਕਰੋਗੇ ?" ਮੇਰੀ ਪਾਉਲੋਫਨਾ ਨੇ ਪੁੱਛਿਆ।

"ਜ਼ਰੂਰ", ਨਖ਼ਲਿਊਦੌਫ਼ ਨੇ ਉੱਤਰ ਦਿੱਤਾ। ਕ੍ਰਿਲਤਸੋਫ਼ ਦੇ ਮੂੰਹ ਉੱਤੇ ਅਪ੍ਰਸੰਸਾ ਦੀ ਭਾਤ ਵੇਖ ਕੇ ਉਹ ਆਪਣੀ ਬੱਘੀ ਵਿਚ ਬੈਠ ਗਿਆ ਤੇ ਦੋਹਾਂ ਹੱਥਾਂ ਨਾਲ ਬੱਘੀ, ਜੋ ਉਸ ਨੂੰ ਕੁਪੱਧਰੇ ਰਾਹ ਦੀ ਲੀਹਾਂ ਵਿਚ ਹਝੋਕੇ ਦੇ ਰਹੀ ਸੀ, ਦੀਆਂ ਬਾਹੀਆਂ ਫੜ ਕੇ ਉਹ ਜੱਥੇ ਨੂੰ ਲੰਘ ਜਾਣ ਲੱਗਾ, ਜਿਹੜਾ ਖ਼ਾਕੀ ਚੋਗਿਆਂ ਤੇ ਭੇਡ ਦੀ ਖਲ ਦੇ ਕੋਟਾਂ, ਜ਼ੰਜੀਰਾਂ ਤੇ ਹੱਥ-ਕੜੀਆਂ ਨਾਲ, ਸੜਕ ਦੇ ਪੌਣੇ ਮੀਲ ਵਿਚ ਫੈਲਿਆ ਹੋਇਆ ਸੀ। ਸੜਕ ਦੇ ਦੂਜੇ ਬੰਨੇ ਨਖ਼ਲਿਊਦੌਫ਼ ਨੂੰ ਕਤੂਸ਼ਾਂ ਦਾ ਨੀਲਾ ਸਾਲ ਦਿਖਾਈ ਦਿੱਤਾ, ਵੇਰਾ ਦੁਖੋਫ਼ਾ ਦਾ ਕਾਲਾ ਕੋਟ, ਤੇ ਸਿਮਨਸਨ ਦੀ ਕਰੋਸੀਏ ਦੀ ਬੁਣੀ ਹੋਈ ਟੋਪੀ ਤੇ ਚਿੱਟੀਆਂ ਜੁਰਾਬਾਂ, ਜਿਨ੍ਹਾਂ

ਉਦਾਲੇ ਸੈਡਲਾਂ ਜੇਹੇ ਫੀਤੇ ਬੰਨ੍ਹੇ ਹੋਏ ਸਨ। ਸਿਮਨਸਨ ਇਸਤ੍ਰੀਆਂ ਨਾਲ ਤੁਰਿਆ ਜਾ ਰਿਹਾ ਸੀ ਤੇ ਇਕ ਗਰਮ ਬਹਿਸ ਹੋ ਰਹੀ ਸੀ।

ਉਨ੍ਹਾਂ ਨੇ ਨਖ਼ਲਿਊਦੌਫ਼ ਨੂੰ ਵੇਖ ਕੇ ਨਮਸਕਾਰ ਕੀਤੀ, ਤੇ ਸਿਮਨਸਨ ਨੇ ਇਕ ਗੰਭੀਰ ਭਾਵ ਨਾਲ ਟੱਪੀ ਚੁੱਕ ਕੇ ਸਲਾਮ ਕੀਤੀ। ਨਖ਼ਲਿਊਦੌਫ਼ ਕੋਲ ਕਹਿਣ ਨੂੰ ਕੁਝ ਨਹੀਂ ਸੀ; ਉਸ ਨੇ ਕੋਚਵਾਨ ਨੂੰ ਨਾ ਰੋਕਿਆ, ਤੇ ਛੇਤੀ ਹੀ ਉਹ ਉਨ੍ਹਾਂ ਤੋਂ ਅੱਗੇ ਲੰਘ ਗਿਆ, ਫਿਰ ਸੜਕ ਦੇ ਵਧੇਰੇ ਪੱਧਰ ਭਾਗ ਉੱਤੇ ਆ ਕੇ ਕੋਚਵਾਨ ਨੇ ਬੱਘੀ ਤੇਜ਼ ਕਰ ਦਿੱਤੀ, ਪਰ ਉਸ ਨੂੰ ਸੜਕ ਉੱਤੇ ਦੋਹਾਂ ਦਿਸ਼ਾਵਾਂ ਵਿਚ ਜਾ ਰਹੀਆਂ ਗੱਡਿਆਂ ਦੀਆਂ ਪੀਂਜਾਂ ਨੂੰ ਲੰਘਣ ਲਈ ਮੁੜ ਲੀਹ ਭੰਨਣੀ ਪੈ ਰਹੀ ਸੀ।

ਸੜਕ, ਜਿਹੜੀ ਡੂੰਘੀਆਂ ਲੀਹਾਂ ਨਾਲ ਕੱਟੀ ਪਈ ਸੀ, ਚੀਲ ਦੇ ਘਣੇ ਜੰਗਲ ਵਿਚੋਂ ਲੰਘਦੀ ਸੀ। ਇਸ ਵਿਚ ਭੋਜਪੱਤਰ ਤੇ ਲਾਰਚ ਦੇ ਰੁੱਖ ਵੀ ਸਨ ਜਿਨ੍ਹਾਂ ਦੇ ਚਮਕੀਲੇ ਪੀਲੇ ਫੁੱਲ ਹਾਲੀ ਝੜੇ ਨਹੀਂ ਸਨ। ਅੱਧੇ ਕੁ ਜੱਥੇ ਨੂੰ ਲੰਘਣ ਤਕ ਨਖ਼ਲਿਊਦੌਫ ਜੰਗਲ ਦੇ ਸਿਰੇ ਤੱਕ ਪਹੁੰਚ ਗਿਆ। ਹੁਣ ਸੜਕ ਦੇ ਦੋਵੇਂ ਪਾਸੇ ਖੇਤ ਫੈਲੇ ਹੋਏ ਸਨ, ਤੇ ਕੁਝ ਦੂਰੀ ਉੱਤੇ ਇਕ ਮੱਠ ਦੀਆਂ ਸੂਲੀਆਂ ਤੇ ਕਲਸ ਦਿਖਾਈ ਦੇਣ ਲੱਗੇ। ਬੱਦਲ ਬਿਖਰ ਚੁੱਕੇ ਸਨ: ਆਕਾਸ਼ ਨਿੰਬਲ ਹੋ ਚੁੱਕਾ ਸੀ; ਪੱਤੇ, ਟੋਟਿਆਂ ਵਿਚ ਜੰਮਿਆ ਹੋਇਆ ਪਾਣੀ, ਤੇ ਮੱਠ ਦੀਆਂ ਸੂਲੀਆਂ ਤੇ ਕਲਸ ਜੰਗਲ ਉੱਤੇ ਉੱਚੇ ਗਏ ਹੋਏ ਸੂਰਜ ਦੀ ਧੁੱਪ ਵਿਚ ਲਿਸ਼ਕਾਂ ਮਾਰ ਕੇ ਚਮਕ ਰਹੇ ਸਨ। ਸੱਜੇ ਹੱਥ ਕੁਝ ਦੂਰ ਪਹਾੜ ਨੀਲੇ ਖ਼ਾਕੀ ਆਕਾਸ਼ ਵਿਚ ਚਿੱਟੇ ਚਿੱਟੇ ਦਿੱਸਣ ਲੱਗ ਪਏ। ਬੱਘੀ ਹੁਣ ਇਕ ਵੱਡੇ ਪਿੰਡ ਆ ਵੜੀ ਸੀ। ਪਿੰਡ ਦਾ ਬਾਜ਼ਾਰ ਲੋਕਾਂ ਨਾਲ ਭਰਿਆ ਹੋਇਆ ਸੀ, ਕੁਝ ਹੋਰ ਜਾਤੀਆਂ ਦੇ, ਅਨੋਖੀਆਂ ਜਿਹੀਆਂ ਟੋਪੀਆਂ ਤੇ ਚੰਗੇ ਪਹਿਨੇ ਹੋਏ ਸ਼ਰਾਬੀ ਤੇ ਸੋਫ਼ੀ ਇਸਤ੍ਰੀਆਂ ਦੁਕਾਨਾਂ ਦੇ ਖੋਖਿਆਂ ਅੱਗੇ ਤੇ ਸ਼ਰਾਬਖਾਨਿਆਂ ਤੇ ਗੱਡਿਆਂ ਗੱਡੀਆਂ ਉਦਾਲੇ ਭੀੜ ਕਰੀਂ ਖਲੌਤੇ ਜਾਂ ਹਿਲਦੇ ਜੁਲਦੇ ਸਨ। ਸ਼ਹਿਰ ਦਾ ਨੇੜੇ ਪ੍ਰਤੱਖ ਜਾਪਦਾ ਸੀ।

ਸੱਜੇ ਹੱਥ ਦੇ ਘੜੇ ਦੀ ਰਾਸ ਖਿੱਚ ਕੇ ਅਤੇ ਇਕ ਚਾਬਕ ਲਗਾ ਕੇ ਕੱਦਵਾਨ ਆਪਣੀ ਥਾਂ ਦੇ ਸੱਜੇ ਪਾਸੇ ਵੱਲ ਮੂੰਹ ਕਰ ਕੇ ਬੈਠ ਗਿਆ। ਰਾਸਾਂ ਪਾਸੇ ਸੁੱਟ ਕੇ ਤੇ ਵਿਖਾਵਾ ਕਰਨ ਦੀ ਸਪਸ਼ਟ ਭਾਵਨਾ ਨਾਲ ਉਹ ਦਰਿਆ ਦੇ ਹੇਠ ਵੱਲ ਬੱਘੀ ਨੂੰ ਤੇਜ਼ ਚਲਾਣ ਲੱਗਾ। ਦਰਿਆ ਬੇੜੀ ਨਾਲ ਪਾਰ ਕਰੀਂਦਾ ਸੀ। ਤਲਾ ਉਨ੍ਹਾਂ ਵੱਲ ਆ ਰਿਹਾ ਸੀ ਤੇ ਵਹਿਣ

ਦੇ ਅੱਧ ਵਿਚ ਪਹੁੰਚ ਗਿਆ ਸੀ। ਕੋਈ ਵੀਹ ਗੱਡੇ ਪਾਰ ਹੋਣ ਦੀ ਉਡੀਕ ਵਿਚ ਖੜੇ ਸਨ। ਨਖ਼ਲਿਊਦੌਫ਼ ਨੂੰ ਬਹੁਤ ਨਹੀਂ ਉਡੀਕਣਾ ਪਿਆ। ਤੁਲਾ ਜੋ ਵਹਿਣ ਤੋਂ ਚੋਖਾ ਉਤਵਾੜ ਵੱਲ ਚਲਾ ਗਿਆ ਸੀ, ਵਹਿਣ ਦੇ ਤਿੱਖੇ ਵੇਗ ਕਾਰਣ ਛੇਤੀ ਨਾਲ ਕੱਢੇ ਕੋਲ ਆ ਗਿਆ।

ਉੱਚੇ ਲੰਮੇ, ਚੁੱਪ ਕੀਤੇ, ਚੌੜੇ ਸੀਨਿਆਂ ਵਾਲੇ, ਭੇਡਾਂ ਦੀਆਂ ਖੱਲਾਂ ਪਹਿਨੀ ਮਲਾਹ ਨੇ ਰੱਸੇ ਸੁੱਟੇ ਤੇ ਜਾਣਕਾਰ ਢੰਗ ਨਾਲ ਤੁਲੇ ਨੂੰ ਕੱਢੇ ਕੋਲ ਖਿੱਚ ਲਿਆ, ਇਸ ਉਤੇ ਉਤਾਰ ਦਿੱਤਾ, ਤੇ ਜੋ ਕੰਢੇ ਉੱਤੇ ਉਡੀਕ ਰਹੇ ਸਨ, ਉਨ੍ਹਾਂ ਨੂੰ ਚੜ੍ਹਾ ਲਿਆ। ਸਾਰਾ ਤੁਲਾ ਗੱਡਿਆਂ ਨਾਲ ਤੇ ਘੋੜਿਆਂ ਨਾਲ ਜੋ ਪਾਣੀ ਨੂੰ ਵੇਖ ਕੇ ਅੜੀ ਕਰ ਰਹੇ, ਭਰ ਗਿਆ ਚੌੜੀ ਤੇ ਤਿੱਖੀ ਨਦੀ ਪੱਤਣ ਦੀਆਂ ਬੇੜੀਆਂ ਦੇ ਪਾਸਿਆਂ ਉੱਤੇ ਛੱਲਾਂ ਸੁੱਟ ਰਹੀ ਸੀ ਤੇ ਉਨ੍ਹਾਂ ਦੇ ਰੱਸੇ ਕੱਸੇ ਪਏ ਸਨ। ਜਦੋਂ ਤੁਲਾ ਭਰ ਗਿਆ, ਤਾਂ ਨਖ਼ਲਿਊਦੌਫ਼ ਦੀ ਬੱਘੀ, ਜਿਸ ਦੇ ਘੋੜੇ ਲਾਹ ਦਿੱਤੇ ਗਏ ਸਨ, ਦੂਜੇ ਗੱਡੇ ਗੱਡੀਆਂ ਵਿਚ ਘਿਰੀ ਤੁਲੇ ਦੇ ਇਕ ਬੰਨੇ ਖੜੀ ਸੀ। ਮਲਾਹ ਨੇ ਲਾਘਾਂ ਬੰਦ ਕਰ ਦਿੱਤਾ, ਤੇ ਜਿਨ੍ਹਾਂ ਨੂੰ ਤੁਲੇ ਉੱਤੇ ਥਾਂ ਨਹੀਂ ਮਿਲੀ ਸੀ ਉਨ੍ਹਾਂ ਦੀਆਂ ਲੇਲੜੀਆਂ ਨੂੰ ਅਣਸੁਣੀਆਂ ਕਰਕੇ, ਰੱਸੇ ਖੋਲ੍ਹ ਲਏ ਤੇ ਤੁਲਾ ਠੇਲ੍ਹ ਦਿੱਤਾ।

ਤੁਲੇ ਉੱਤੇ ਸਾਰੇ ਚੁੱਪ ਚਾਪ ਸੀ, ਮਲਾਹਾਂ ਦੇ ਬੂਟਾਂ ਦੇ ਖੜਾਕ ਤੇ ਘੋੜਿਆਂ ਦੇ ਪੈਰ ਬਦਲਣ ਦੀ ਅਵਾਜ਼ ਤੋਂ ਬਿਨਾਂ ਹੋਰ ਕੁਝ ਸੁਣਾਈ ਨਹੀਂ ਦੇ ਰਿਹਾ ਸੀ।

-0-

21

ਨਦੀ ਦੇ ਚੌੜੇ ਪਾਟ ਉੱਤੇ ਨਿਗਾਹ ਟਿਕਾਈ ਨਖ਼ਲਿਊਦੌਫ਼ ਤਲ੍ਹੇ ਦੇ ਇਕ ਕੰਢੇ ਖੜਾ ਸੀ। ਉਸ ਦੇ ਮਨ ਵਿਚ ਦੋ ਚਿੱਤਰ ਮੁੜ-ਮੁੜ ਉਠਦੇ ਸਨ। ਇਕ ਕ੍ਰੋਧ ਦੇ ਭਰੇ, ਤੋਂ ਮਰ ਰਹੇ ਕ੍ਰਿਲਤਸੋਫ਼ ਦਾ ਹਿਲਦਾ ਸਿਰ, ਤੇ ਦੂਜਾ ਸਿਮਨਸਨ ਦੇ ਨਾਲ ਨਾਲ ਸੜਕ ਉੱਤੇ ਹਿੰਮਤ ਨਾਲ ਚਲ ਰਹੀ ਕਤੂਸ਼ਾਂ ਦੀ ਮੂਰਤ। ਪਹਿਲੇ ਮਰਨ ਲਈ ਤਿਆਰੀ ਤੋਂ ਬਿਨਾਂ ਮਰ ਰਹੇ ਕ੍ਰਿਲਤਸੋਫ਼ ਦੇ ਚਿੱਤਰ ਦਾ ਪ੍ਰਭਾਵ ਉਸ ਉੱਤੇ ਬੜਾ ਭਾਰਾ ਤੇ ਉਦਾਸੀ ਭਰਿਆ ਸੀ। ਦੂਜੇ, ਕਤੂਸ਼ਾਂ ਦੇ ਚਿੱਤਰ ਦਾ ਪ੍ਰਭਾਵ ਸੁਖਾਵਾਂ ਹੋਣਾ ਚਾਹੀਦਾ ਸੀ, ਜੋ ਸਿਮਨਸਨ ਜਿਹੇ ਪੁਰਸ਼ ਦਾ ਪ੍ਰੇਮ ਪ੍ਰਾਪਤ ਕਰ ਕੇ, ਤੇ ਸ਼ੁਭ ਜੀਵਨ ਦੇ ਸੱਚੇ ਤੇ ਪੱਕੇ ਮਾਰਗ ਨੂੰ ਲੱਭ ਕੇ ਉਮਾਹ ਦੀ ਭਰੀ ਹੋਈ ਸੀ। ਪਰ ਇਸ ਦਾ ਪ੍ਰਭਾਵ ਵੀ ਨਖ਼ਲਿਊਦੌਫ਼ ਦੇ ਮਨ ਉੱਤੇ ਭਾਰਾ ਭਾਰਾ ਹੋ ਰਿਹਾ ਸੀ ਜਿਸ ਨੂੰ ਉਹ ਦਬਾ ਨਾ ਸਕਿਆ।

ਸ਼ਹਿਰ ਵਿਚੋਂ ਇਕ ਪਿੱਤਲ ਦੇ ਘੜਿਆਲ ਦੀਆਂ ਲਹਿਰਾਂ ਦੀਆਂ ਅਵਾਜ਼ਾਂ ਉਨ੍ਹਾਂ ਨੂੰ ਸੁਣਾਈ ਦਿੱਤੀਆਂ। ਨਖ਼ਲਿਊਦੌਫ਼ ਦੇ ਕੋਚਵਾਨ ਨੇ, ਤੇ ਤੁਲ੍ਹੇ ਉੱਤੇ ਖੜੇ ਹੋਰ ਪੁਰਸ਼ਾਂ ਨੇ ਟੋਪੀਆਂ ਉਠਾ ਕੇ ਆਪਣੇ ਸਰੀਰਾਂ ਉੱਤੇ ਸੂਲੀ ਦਾ ਨਿਸ਼ਾਨ ਬਣਾਇਆ, ਸਿਵਾਇ ਇਕ ਮੱਧਰੇ ਜਿਹੇ, ਖੁੱਥੇ ਸਿਰ ਵਾਲੇ ਬੁੱਢੇ ਦੇ ਜੋ ਜੰਗਲੇ ਨਾਲ ਲੱਗਾ ਖੜ੍ਹਾ ਸੀ ਤੇ ਜਿਸ ਨੂੰ ਨਖ਼ਲਿਊਦੌਫ਼ ਨੇ ਹੁਣ ਤਕ ਵੇਖਿਆ ਨਹੀਂ ਸੀ। ਉਸ ਨੇ ਆਪਣੇ ਉੱਤੇ ਸੂਲੀ ਦਾ ਨਿਸ਼ਾਨ ਨਾ ਬਣਾਇਆ, ਸਗੋਂ ਸਿਰ ਉਠਾ ਕੇ ਨਖ਼ਲਿਊਦੌਫ਼ ਵੱਲ ਵੇਖਿਆ। ਵੱਡੇ ਉਸ ਨੇ ਇਕ ਟਾਕੀਆਂ ਲੱਗਾ ਕੋਟ ਤੇ ਸੂਤੀ ਕੱਪੜੇ ਦੀ ਪਤਲੂਣ ਪਹਿਨੀ ਹੋਈ ਸੀ ਤੇ ਉਸ ਦੇ ਜੁੱਤੇ ਵੀ ਘਸੇ ਹੋਏ ਤੇ ਟਾਕੀਆਂ ਲੱਗੇ ਸਨ। ਪਿੱਛੇ ਉਸ ਨੇ ਇਕ ਛੋਟਾ ਜਿਹਾ ਝੋਲਾ ਲਟਕਾਇਆ ਹੋਇਆ ਸੀ ਤੇ ਸਿਰ ਉੱਤੇ ਇਕ-ਬਹੁਤ ਹੰਢੀ ਹੋਈ ਪਸ਼ਮ ਦੀ ਉੱਚੀ ਟੋਪੀ ਲਈ ਹੋਈ ਸੀ।

"ਬੁੱਢੇ, ਤੂੰ ਕਿਉਂ ਨਹੀਂ ਦੁਆ ਕਰਦਾ ?"

ਨਖ਼ਲਿਊਦੌਫ਼ ਦੇ ਕੋਚਵਾਨ ਨੇ ਟੋਪੀ ਸਿਰ ਉੱਤੇ ਰੱਖਦੇ ਤੇ ਸਿੱਧੀ ਕਰਦੇ ਹੋਏ, ਪੁੱਛਿਆ। "ਤੂੰ ਬਪਤਸਮਾ ਨਹੀਂ ਲਿਆ ਹੋਇਆ।"

"ਕੋਈ ਕਿਸ ਅੱਗੇ ਦੁਆ ਕਰੇ ?" ਲੀਰਾਂ ਪਹਿਨੇ ਬੁੱਢੇ ਨੇ ਇਕ ਨਿਸ਼ਚਿਤ ਆਕ੍ਰਮਕ ਸੁਰ ਵਿਚ, ਇਕ ਇਕ ਅੱਖਰ ਨੂੰ ਜ਼ੋਰ ਨਾਲ ਉਚਾਰ ਕੇ ਉੱਤਰ ਦਿੱਤਾ।

"ਕਿਸ ਅੱਗੇ? ਨਿਰਸੰਦੇਹ ਈਸਵਰ ਅੱਗੇ।" ਕੋਚਵਾਨ ਨੇ ਕਰਾਰਾ ਉੱਤਰ ਦਿੱਤਾ।

"ਫਿਰ ਮੈਨੂੰ ਵਿਖਾਓ ਤਾਂ ਉਹ ਕਿੱਥੇ ਹੈ-ਇਹ ਈਸ਼ਵਰ ?"

ਬੁੱਢੇ ਦੀ ਤੱਕਣੀ ਵਿਚ ਕੁਝ ਅਜਿਹਾ ਗੰਭੀਰ ਤੇ ਦ੍ਰਿੜ ਪ੍ਰਭਾਵ ਸੀ ਕਿ ਕੋਚਵਾਨ ਸਮਝ ਗਿਆ ਕਿ ਉਸ ਦਾ ਵਾਹ ਇਕ ਦ੍ਰਿੜ੍ਹ-ਚਿੱਤ ਪੁਰਸ਼ ਨਾਲ ਪੈ ਗਿਆ ਸੀ, ਉਹ ਤੇ ਕੁਝ ਦਬ ਗਿਆ। ਪਰ ਇਸ ਪ੍ਰਭਾਵ ਨੂੰ ਲੁਕਾਣ ਦਾ ਯਤਨ ਕਰਦੇ ਹੋਏ ਤੇ ਸਾਰਿਆਂ ਅੱਗੇ ਸ਼ਰਮਿੰਦਾ ਤੇ ਨਿਰੰਤਰ ਨਾ ਹੋਣ ਖਾਤਰ, ਜੋ ਉਨ੍ਹਾਂ ਦੋਹਾਂ ਵੱਲ ਤੱਕ ਰਹੇ ਸਨ, ਉਸ ਨੇ ਝੱਟ ਹੀ ਆਖ ਦਿੱਤਾ।

"ਕਿੱਥੇ ? ਨਿਰਸੰਦੇਹ ਆਕਾਸ਼ ਵਿਚ।"

"ਤੇ ਤੂੰ ਉੱਥੇ ਹੋ ਆਇਆ ਏਂ ?"

"ਮੈਂ ਉੱਥੇ ਹੋ ਆਇਆ ਹੋਵਾਂ ਭਾਵੇਂ ਨਾ, ਹਰ ਕੋਈ, ਜਾਣਦਾ ਹੈ ਕਿ ਉਸ ਪਾਸ ਦੁਆ ਕਰਨੀ ਚਾਹੀਦੀ ਹੈ।"

"ਕਿਸੇ ਨੇ ਕਿਸੇ ਸਮੇਂ ਵੀ ਈਸ਼ਵਰ ਨੂੰ ਨਹੀਂ ਵੇਖਿਆ। ਕੇਵਲ ਉਸ ਦੇ ਇਕਲੌਤੇ ਪੁੱਤਰ ਨੇ, ਜੋ ਆਪਣੇ ਪਿਤਾ ਦੀ ਗੋਦ ਵਿਚ ਹੈ, ਉਸ ਦੀ ਸਾਖੀ ਭਰੀ।" ਬੁੱਢੇ ਨੇ ਪਹਿਲੀ ਤਰ੍ਹਾਂ ਤਿੱਖੇ ਬੋਲ ਤੇ ਕਠੋਰ ਤਿਉੜੀ ਪਾ ਕੇ ਆਖਿਆ।

“ਇਹ ਸਪੱਸ਼ਟ ਹੈ ਤੂੰ ਈਸਾਈ ਨਹੀਂ, ਸਗੋਂ ਇਕ ਮੋਰੀ ਦਾ ਪੁਜਾਰੀ ਹੈਂ। ਤੂੰ ਉਸ ਮੋਰੀ ਪਾਸ ਹੀ ਦੁਆ ਕਰਦਾ ਹੈ।" ਕੋਚਵਾਨ, ਆਪਣੀ ਪੇਟੀ ਵਿਚ ਆਪਣੇ ਚਾਬੁਕ ਦਾ ਦਸਤਾ ਨੱਪ ਕੇ ਤੇ ਇਕ ਘੋੜੇ ਉੱਤਲੇ ਸਾਜ਼ ਨੂੰ ਸਿੱਧਾ ਕਰਦਾ ਹੋਇਆ ਬੋਲਿਆ।

ਵਿਚੋਂ ਕੋਈ ਹੱਸ ਪਿਆ।

"ਬਾਬਾ, ਤੇਰਾ ਧਰਮ ਕੀ ਹੈ ?" ਇਕ ਅਧੇੜ ਉਮਰ ਦੇ ਆਦਮੀ ਨੇ ਪੁੱਛਿਆ, ਜੋ ਤੁਲ੍ਹੇ ਦੇ ਉਸ ਪਾਸੇ ਆਪਣੀ ਗੱਡ ਕੋਲ ਖੜਾ ਸੀ।

"ਮੇਰਾ ਕਿਸੇ ਪ੍ਰਕਾਰ ਦਾ ਕੋਈ ਧਰਮ ਨਹੀਂ, ਕਿਉਂਕਿ ਮੈਂ ਕਿਸੇ ਨੂੰ ਨਹੀਂ ਮੰਨਦਾ-ਸਿਵਾਇ ਆਪਣੇ ਆਪ ਦੇ।" ਬੁੱਢੇ ਨੇ ਪਹਿਲਾ ਵਾਕਰ ਹੀ ਕਾਹਲੇ ਤੇ ਦ੍ਰਿੜਤਾ ਨਾਲ ਆਖਿਆ।

"ਤੁਸੀਂ ਆਪਣੇ ਆਪ ਨੂੰ ਕਿਵੇਂ ਮੰਨ ਸਕਦੇ ਹੋ ?" ਨਖ਼ਲਿਊਦੌਫ਼ ਨੇ ਉਸ ਨਾਲ ਗੱਲ ਕਰਦੇ ਹੋਏ, ਪੁੱਛਿਆ। "ਤੁਸੀਂ ਗਲਤ ਹੋ ਸਕਦੇ ਹੋ।".

"ਕਦੀ ਨਹੀਂ, ਆਪਣੇ ਸਾਰੇ ਜੀਵਨ ਵਿਚ।" ਬੁੱਢੇ ਨੇ, ਸਿਰ ਹਿਲਾਂਦੇ ਹੋਏ, ਨਿਸ਼ਚੇ ਨਾਲ ਆਖਿਆ।

"ਤਾਂ ਫਿਰ ਇਹ ਵੱਖਰੇ ਵੱਖਰੇ ਧਰਮ ਕਿਉਂ ਹਨ ?" ਨਖ਼ਲਿਊਦੌਫ਼ ਨੇ ਪੁੱਛਿਆ।

"ਕੇਵਲ ਇਸ ਲਈ ਕਿ ਲੋਕ ਦੂਜਿਆਂ ਨੂੰ ਮੰਨਦੇ ਹਨ, ਆਪਣੇ ਆਪ ਵਿਚ ਭਰੋਸਾ ਨਹੀਂ ਰੱਖਦੇ, ਵੱਖਰੇ ਵੱਖਰੇ ਧਰਮ ਹਨ। ਮੈਂ ਵੀ ਦੂਜਿਆਂ ਨੂੰ ਮੰਨਦਾ ਸਾਂ, ਤੇ ਮੈਂ ਇਕ ਦਲਦਲ ਵਿਚ ਖੁੱਭ ਕੇ ਗੁਆਚ ਗਿਆ ਸਾਂ। ਇਸ ਤਰ੍ਹਾਂ ਗੁਆਚ ਗਿਆ ਸਾਂ ਕਿ ਮੈਨੂੰ ਬਾਹਰ ਨਿਕਲਣ ਦੀ ਆਸ ਨਹੀਂ ਰਹੀ ਸੀ। ਪੁਰਾਤਨ-ਧਰਮੀ, ਨਵੀਨ-ਧਰਮੀ, ਯਹੂਦੀ ਧਰਮੀ, ਹਲਿਸਤੀ ਪੌਪਪੂਜ ਤੇ ਪੌਪ ਵਿਰੋਧੀ ਤੇ ਆਸਤ੍ਰੀਕ, ਤੇ ਕੁਬੇਰ-ਪੂਜ, ਤੇ ਸਕੋਪੀ-ਸਭ ਮੱਤ ਸਾਰੇ ਆਪਣੀ ਆਪਣੀ ਮਹਿਮਾ ਕਰਦੇ ਹਨ, ਤੇ ਇਸ ਲਈ ਸਾਰੇ ਅੰਨ੍ਹੇ ਕਤੂਰਿਆਂ ਵਾਕਰ ਘਸਰ ਘਸਰ ਚਲਦੇ ਹਨ। ਧਰਮ ਵੰਨ ਸੁਵੰਨੇ ਹਨ, ਪਰ ਆਤਮਾ ਇਕ ਹੈ-ਮੇਰੇ ਵਿਚ, ਤੁਹਾਡੇ ਵਿਚ, ਤੇ ਉਸ ਵਿਚ, ਇਸ ਲਈ ਜੇ ਹਰ ਕੋਈ ਆਪਣੇ ਆਪ ਉੱਤੇ ਭਰੋਸਾ ਕਰੇ ਤਾਂ ਸਾਰੇ ਇਕੱਠੇ ਹੋ ਜਾਣਗੇ; ਹਰ ਕੋਈ ਆਤਮ ਦ੍ਰਿੜ ਹੋਵੇਗਾ ਤੇ ਸਾਰੇ ਇਕਸਾਰ ਹੋਣਗੇ।"

ਬੁੱਢਾ ਉੱਚੀ ਉੱਚੀ ਬੋਲ ਰਿਹਾ ਸੀ, ਤੇ ਕਈ ਵਾਰ ਚਾਰ ਚੁਫੇਰੇ ਵੇਖਦਾ ਸੀ, ਜਿਸ ਤੋਂ ਉਸ ਦਾ ਭਾਵ ਸਪੱਸ਼ਟ ਸੀ ਕਿ ਸਾਰੇ ਉਸ ਨੂੰ ਸੁਣ ਲੈਣ।

"ਤੇ ਤੁਸੀਂ ਚੋਖੇ ਚਿਰ ਤੋਂ ਇਸ ਪ੍ਰਕਾਰ ਮੰਨਦੇ ਆ ਰਹੇ ਹੋ ?"

'ਮੈਂ? ਬਹੁਤ ਚਿਰ ਤੋਂ, ਮੇਰੇ ਉੱਤੇ ਉਨ੍ਹਾਂ ਦੇ ਅੱਤਿਆਚਾਰਾਂ ਦਾ ਇਹ ਤੇਈਵਾਂ ਸਾਲ ਹੈ।"

"ਤੇਰੇ ਉੱਤੇ ਅਤਿਆਚਾਰਾਂ ਦਾ ? ਉਹ ਕਿਵੇਂ ?"

"ਜਿਵੇਂ ਉਨ੍ਹਾਂ ਮਸੀਹ ਨੂੰ ਦੁਖਾਇਆ ਸੀ, ਉਹ ਮੈਨੂੰ ਵੀ ਦੁਖਾ ਰਹੇ ਹਨ। ਉਹ ਮੈਨੂੰ ਦੁਖਾ ਰਹੇ ਹਨ। ਉਹ ਮੈਨੂੰ ਪਕੜ ਲੈਂਦੇ ਹਨ ਤੇ ਅਦਾਲਤ ਅੱਗੇ ਲੈ ਜਾਂਦੇ ਹਨ, ਪੁਜਾਰੀਆਂ, ਲੇਖਕਾਂ ਤੇ ਫ਼ਰਾਂਸੀਸੀਆਂ ਅੱਗੇ। ਇਕ ਵਾਰੀ ਉਨ੍ਹਾਂ ਨੇ ਮੈਨੂੰ ਪਾਗਲਖ਼ਾਨੇ ਵਿਚ ਡੱਕ ਦਿੱਤਾ ਪਰ ਉਹ ਕੁੱਝ ਨਹੀ ਕਰ ਸਕਦੇ, ਕਿਉਂ ਕਿ ਮੈਂ ਮੁਕਤ ਹਾਂ। ਉਹ ਪੁੱਛਦੇ ਹਨ, "ਤੇਰਾ ਨਾਮ ਕੀ ਹੈ ?" ਇਹ ਸੋਚ ਕੇ ਕਿ ਮੈਂ ਆਪਣਾ ਨਾਮ ਲੈ ਦੇਵਾਂਗਾ। ਪਰ ਮੈਂ ਆਪਣਾ ਕੋਈ ਨਾਮ ਨਹੀਂ ਰੱਖਿਆ ਹੋਇਆ। ਮੈਂ ਸਭ ਕੁੱਝ ਤਿਆਗਿਆ ਹੋਇਆ ਹੈ, ਮੇਰਾ ਕੋਈ ਨਾਉਂ ਕੋਈ ਥਾਉਂ, ਕੋਈ ਦੇਸ਼ ਕੁੱਝ ਵੀ ਨਹੀਂ। ਮੈਂ ਕੇਵਲ ਆਪਣਾ ਆਪ ਹਾਂ। "ਤੇਰਾ ਨਾਉਂ, ਕੀ ਹੈ ?" "ਮੈਂ" ਮਨੁੱਖ," "ਤੇਰੀ ਉੱਮਰ ਕੀ ਹੈ ?" ਮੈਂ ਕਹਿੰਦਾ ਹਾਂ, "ਮੈਂ ਆਪਣੇ ਵਰ੍ਹੇ ਨਹੀਂ ਗਿਣਦਾ, ਤੇ ਗਿਣ ਵੀ ਨਹੀਂ ਸਕਦਾ, ਕਿਉਂਕਿ ਮੈਂ ਸਦਾ ਤੋਂ ਹਾਂ ਤੇ ਸਦਾ ਅਕਾਲ ਰਹਾਂਗਾ।" "ਤੇਰੇ ਮਾਤਾ-ਪਿਤਾ ਕੌਣ ਹਨ ?" "ਮੇਰੇ ਮਾਤਾ-ਪਿਤਾ ਕੋਈ ਨਹੀਂ, ਸਿਵਾਇ ਪਰਮੇਸ਼ਵਰ ਪਿਤਾ ਤੇ ਧਰਤੀ ਮਾਤਾ ਦੇ। ਈਸ਼ਵਰ ਮੇਰਾ ਪਿਤਾ ਹੈ।" 'ਤੇ ਜ਼ਾਰ ?" "ਤੂੰ ਜ਼ਾਰ ਨੂੰ ਮੰਨਦਾ ਹੈ" ਉਹ ਪੁੱਛਦੇ ਹਨ। ਮੈਂ ਆਖਦਾ ਹਾਂ, "ਕਿਉਂ ਨਹੀਂ ?" ਉਹ ਉਸ ਦਾ ਆਪਣਾ ਜ਼ਾਰ ਹੈ, ਤੇ ਮੈਂ ਮੇਰਾ ਆਪਣਾ ਜ਼ਾਰ ਹਾਂ। "ਇਸ ਨਾਲ ਗੱਲ ਕਰਨ ਦਾ ਕੀ ਲਾਭ ?" ਉਹ ਕਹਿੰਦੇ ਹਨ : ਤੇ ਮੈਂ ਕਹਿ ਦੇਂਦਾ ਹਾਂ, "ਮੈਂ ਤੁਹਾਨੂੰ ਨਹੀਂ ਕਹਿੰਦਾ ਮੇਰੇ ਨਾਲ ਗੱਲ ਕਰੋ।" ਤੇ ਫਿਰ ਉਹ ਮੈਨੂੰ ਦੁਖਾਣ ਲੱਗ ਜਾਂਦੇ ਹਨ।"

'ਤੇ ਹੁਣ ਤੁਸੀਂ ਕਿੱਥੇ ਜਾ ਰਹੇ ਹੋ ?" ਨਖ਼ਲਿਊਦੌਫ਼ ਨੇ ਪੁੱਛਿਆ "ਜਿਥੇ ਈਸ਼ਵਰ ਮੈਨੂੰ ਲੈ ਜਾਵੇ। ਮੈਂ ਕਾਰ ਕਰ ਲੈਂਦਾ ਹਾਂ ਜਦੋਂ ਮੈਨੂੰ ਕਾਰ ਮਿਲ ਜਾਵੇ, ਤੇ ਜੇ ਨਾ ਮਿਲੇ ਤਾਂ ਭੀਖ ਮੰਗ ਲੈਂਦਾ ਹਾਂ।" ਬੁੱਢੇ ਨੇ ਵੇਖਿਆ ਕਿ ਤੁਲ੍ਹਾ ਕੰਢੇ ਕੋਲ ਆ ਗਿਆ ਸੀ, ਤੇ ਕੋਲ ਖਲੋਤਿਆਂ ਵੱਲ ਜਿੱਤ ਭਾਵ ਨਾਲ ਵੇਖ ਕੇ ਉਹ ਚੁੱਪ ਕਰ ਗਿਆ।

ਨਖ਼ਲਿਊਦੌਫ਼ ਨੇ ਆਪਣਾ ਬਟੂਆ ਕੱਢ ਕੇ ਬੁੱਢੇ ਨੂੰ ਕੁੱਝ ਦੇਣਾ ਚਾਹਿਆ, ਪਰ ਉਸ ਨੇ ਇਨਕਾਰ ਕਰ ਦਿੱਤਾ ਤੇ ਆਖਿਆ।

"? ਇਸ ਤਰ੍ਹਾਂ ਨਕਦ ਨਹੀਂ ਲੈਂਦਾ। ਰੋਟੀ ਲੈ ਲੈਂਦਾ ਹਾਂ।"

"ਤੇ ਫਿਰ-ਮੈਨੂੰ ਖਿਮਾਂ ਕਰਨਾ।"

"ਖਿਮਾਂ ਕਰਨ ਦੀ ਕੋਈ ਗੱਲ ਨਹੀਂ, ਤੁਸਾਂ ਮੇਰਾ ਕੁਝ ਨਹੀਂ ਵਿਗਾੜਿਆ, ਤੇ ਕੋਈ ਮੇਰਾ ਕੁਝ ਵਿਗਾੜ ਸਕਦਾ ਹੀ ਨਹੀਂ।" ਤੇ ਬੁੱਢੇ ਨੇ ਝੋਲਾ, ਜੋ ਉਸ ਨੇ ਹੱਥ ਵਿਚ ਲੈ ਲਿਆ ਸੀ " ਮੁੜ ਪਿੱਠ ਪਿੱਛੇ ਲਮਕਾ ਲਿਆ।

ਇਤਨੇ ਚਿਰ ਵਿਚ ਬੱਘੀ ਨੂੰ ਕੰਢੇ ਉੱਤੇ ਉਤਾਰ ਕੇ ਘੋੜੇ ਜੋੜ ਦਿੱਤੇ ਗਏ ਸਨ।

"ਮੈਂ ਹੈਰਾਨ ਹਾਂ ਤੁਸੀਂ ਉਸ ਨਾਲ ਗੱਲ ਕਰਨਾ ਗਵਾਰਾ ਕਰਦੇ ਹੋ ਸਰਕਾਰ, ਜਦੋਂ ਨਖ਼ਲਿਊਦੌਫ਼ ਪਾਤਣੀ ਨੂੰ ਇਨਾਮ-ਇਕਰਾਮ ਦੇ ਕੇ ਬੱਘੀ ਵਿਚ ਆ ਬੈਠਾ ਤਾਂ ਕੋਚਵਾਨ ਨੇ ਆਖਿਆ।

"ਇਹ ਇਕ ਨਿਕੰਮ ਅਵਾਰਾ ਹੈ।"

-0-

22

ਜਦੋਂ ਉਹ ਕੰਢੇ ਦੀ ਚੋਟੀ ਉੱਤੇ ਪਹੁੰਚ ਗਏ ਤਾਂ ਕੋਚਵਾਨ ਨੇ ਮੁੜ ਕੇ ਨਖ਼ਲਿਊਦੌਫ਼ ਤੋਂ ਪੁੱਛਿਆ, "ਕਿਹੜੇ ਹੋਟਲ ਵਿਚ ਆਪ ਨੂੰ ਲੈ ਚਲਾਂ?"

"ਸਭ ਤੋਂ ਵਧੀਆ ਕਿਹੜਾ ਹੈ ?"

"ਸਾਇਬੇਰੀਆ ਨਾਲੋਂ ਵਧੀਆ ਤਾਂ ਕੁੱਝ ਨਹੀਂ ਹੋ ਸਕਦਾ, ਪਰ ਦੁਖੌਫ਼ ਦਾ ਹੋਟਲ ਵੀ ਅੱਛਾ ਹੈ।"

"ਜੋ ਤੈਨੂੰ ਪਸੰਦ ਹੈ ਉੱਥੇ ਲੈ ਚਲ।"

ਕੋਚਵਾਨ ਫਿਰ ਪਾਸੇ ਮੂੰਹ ਕਰ ਕੇ ਬੈਠ ਗਿਆ ਤੇ ਬੱਘੀ ਹੋਰ ਤੇਜ਼ ਚਲਾਣ ਲੱਗਾ। ਨਗਰ ਹੋਰ ਅਜਿਹੇ ਸਾਰੇ ਨਗਰਾਂ ਜਿਹਾ ਸੀ। ਉਸ ਤਰ੍ਹਾਂ ਦੇ ਘਰ, ਉੱਚੀਆਂ ਬਾਰੀਆਂ ਤੇ ਹਰੀਆਂ ਛੱਤਾਂ ਵਾਲੇ, ਉਹੋ ਜਿਹਾ ਗਿਰਜਾਕੋਟ, ਵੱਡੇ ਬਾਜ਼ਾਰ ਵਿਚ ਉਹੋ ਜਿਹੀਆਂ ਦੁਕਾਨਾਂ ਤੇ ਭੰਡਾਰ, ਤੇ ਉਸੇ ਤਰ੍ਹਾਂ ਦੇ ਪੁਲਿਸ ਵਾਲੇ ਵੀ, ਪਰ ਤਕਰੀਬਨ ਸਾਰੇ ਘਰ ਲੱਕੜੀ ਦੇ ਬਣੇ ਹੋਏ ਸਨ, ਤੇ ਬਾਜ਼ਾਰ ਪੱਕੇ ਨਹੀਂ ਸਨ। ਇਕ ਵੱਡੇ ਬਜ਼ਾਰ ਵਿਚ ਕੋਚਵਾਨ ਇਕ ਹੋਟਲ ਦੇ ਦਰਵਾਜ਼ੇ ਕੋਲ ਆ ਕੇ ਠਹਿਰਿਆ, ਪਰ ਉੱਥੇ ਕੋਈ ਕਮਰਾ ਨਾ ਮਿਲਿਆ ਸੋ ਉਹ ਬੱਘੀ ਹੋਰ ਅੱਗੇ ਲੈ ਗਿਆ, ਤੇ ਇੱਥੇ ਨਖ਼ਲਿਊਦੌਫ਼ ਨੇ ਆਪਣੇ ਆਪ ਨੂੰ, ਦੋ ਮਹੀਨੇ ਬਾਅਦ, ਫਿਰ ਉਸ ਜੇਹੇ ਚੁਗਿਰਦੇ ਵਿਚ ਅਨੁਭਵ ਕੀਤਾ ਜਿਸ ਦਾ ਉਹ ਜਿੱਥੋਂ ਤੱਕ ਸੌਖ ਤੇ ਸਫਾਈ ਦੀ ਗੱਲ ਸੀ, ਗਿਝਿਆ ਹੋਇਆ ਸੀ, ਜਿਹੜਾ ਕਮਰਾ ਉਸ ਨੂੰ ਦਿੱਤਾ ਗਿਆ ਸੀ, ਭਾਵੇਂ ਚੋਖਾ ਸਾਧਾਰਣ ਸੀ, ਤਾਂ ਵੀ ਨਖ਼ਲਿਊਦੌਫ਼ ਨੂੰ ਉੱਥੇ ਆ ਕੇ ਬੜੀ ਰਾਹਤ ਮਿਲੀ। ਬੱਘੀਆਂ, ਪੇਂਡੂ ਸਰਾਵਾਂ, ਤੇ ਪੜਾਵਾਂ ਵਿਚ ਦੋ ਮਹੀਨੇ ਗੁਜ਼ਾਰਨ ਤੋਂ ਬਾਅਦ ਉਸ ਦਾ ਪਹਿਲਾ ਕੰਮ ਸੀ ਆਪਣੇ ਆਪ ਨੂੰ ਜੂਆਂ ਤੋਂ ਸਾਫ਼ ਕਰਨਾ, ਜਿਨ੍ਹਾਂ ਤੋਂ ਪੜਾਵਾਂ ਵਿਚ ਹੋ ਆਉਣ ਤੋਂ ਬਾਅਦ ਉਸ ਨੂੰ ਹੁਣ ਤਕ ਕਦੀ ਵੀ ਪੂਰੀ ਖਲਾਸੀ ਨਹੀਂ : ਮਿਲੀ ਸੀ। ਜਦੋਂ ਉਸ ਨੇ ਅਸਬਾਬ ਖੋਲ੍ਹ ਲਿਆ ਤਾਂ ਸਭ ਤੋਂ ਪਹਿਲਾਂ ਉਸ ਨੇ ਰੂਸੀ ਢੰਗ ਦਾ ਗੁਸਲ ਲਿਆ, ਤੇ ਫਿਰ ਉਹ ਸ਼ਹਿਰੀ

ਕੱਪੜੇ ਪਹਿਨ ਕੇ ਮਾਇਆ ਲੱਗੀ ਕਮੀਜ਼-ਪਤਲੂਣ, ਜਿਸ ਨੂੰ ਜ਼ਰਾ ਕੁੱਝ ਵੱਟ ਪੈ ਗਏ ਸਨ, ਇਕ ਫ਼ਰਾਕ ਕੋਟ ਤੇ ਇਕ ਓਵਰਕੋਟ ਪਾਕੇ ਜ਼ਿਲੇ ਦੇ ਨਾਜ਼ਮ ਨੂੰ ਮਿਲਣ ਲਈ ਤੁਰ ਪਿਆ।

ਹੋਟਲ ਵਾਲੇ ਨੇ ਇਕ ਬੱਘੀ ਵਾਲਾ ਬੁਲਾ ਦਿੱਤਾ, ਜਿਸ ਦੇ ਚੰਗੇ ਪਲੇ ਹੋਏ ਕਿਰਮੇਜ਼ ਘੋੜੇ ਤੇ ਬਰਥਰਾਂਦੀ ਬੱਘੀ ਨੇ ਨਖ਼ਲਿਊਦੌਫ਼ ਨੂੰ ਛੇਤੀ ਇਕ ਵੱਡੇ ਭਵਨ ਦੀ ਵੱਡੀ ਸਾਰੀ ਡਿਉਢੀ ਅੱਗ ਲਿਆ ਖੜਾ ਕੀਤਾ, ਜਿਸ ਦੇ ਅੱਗੇ ਸੰਤਰੀ ਤੇ ਇਕ ਪੁਲਿਸ ਸਿਪਾਹੀ ਖੜੇ ਸਨ। ਘਰ ਦੇ ਅੱਗੇ ਤੇ ਪਿੱਛੇ ਇਕ ਬਾਗ਼ ਸੀ ਜਿਸ ਦੇ ਭੋਜਪੱਤਰ ਤੇ ਅਸਫੈਨ ਰੁੱਖਾਂ ਦੀਆਂ ਪੱਸਰੀਆਂ ਹੋਈਆਂ ਨੰਗੀਆਂ ਟਾਹਣੀਆਂ ਦੇ ਵਿਚਕਾਰ ਸੰਘਣੇ ਗੂੜੇ ਹਰੇ ਚੀਲ ਤੇ ਫ਼ਰ ਦੇ ਰੁੱਖ ਖੜੇ ਸਨ। ਜਨਰਲ ਤਕੜਾ ਨਹੀਂ ਸੀ ਤੇ ਬਾਹਰ ਉਸ ਨੂੰ ਲੈਣ ਨਾ ਆਇਆ ਪਰ ਨਖ਼ਲਿਊਦੌਫ਼ ਨੇ ਫਿਰ ਵੀ ਪਿਆਦੇ ਨੂੰ ਉਸ ਦਾ ਕਾਰਡ ਅੰਦਰ ਪਕੜਾਉਣ ਲਈ ਆਖਿਆ, ਤੇ ਪਿਆਦਾ ਇਕ ਅਨੁਕੂਲ ਉੱਤਰ ਲੈ ਕੇ ਬਾਹਰ ਪਰਤ ਆਇਆ।

"ਤੁਸੀਂ ਅੰਦਰ ਆਉਣ ਦੀ ਕਿਰਪਾ ਕਰੋਗੇ ?"

ਗੋਲ ਕਮਰਾ, ਪਿਆਦਾ ਅਰਦਲੀ, ਪੌੜੀਆਂ, ਚੰਗੇ ਚਮਕਾਏ ਹੋਏ ਫਰਸ਼ ਵਾਲੇ ਨਾਚ-ਕੁੰਜ, ਬਹੁਤ ਕੁੱਝ ਉਸੇ ਤਰ੍ਹਾਂ ਦੇ ਸਨ ਜਿਸ ਤਰਾਂ ਦੇ ਪੀਟਰਜ਼ਬਰਗ ਵਿਚ, ਕੁੱਝ ਵਧੇਰੇ ਆਭਾਵਾਨ ਪਰ ਕੁਝ ਵਧੇਰੇ ਮੈਲੇ ਵੀ।

ਨਖ਼ਲਿਊਦੌਫ਼ ਨੂੰ ਪਾਠ-ਕੁੰਜ ਵਿਚ ਲਿਜਾਇਆ ਗਿਆ।

ਜਨਰਲ ਰਕਤਮਈ ਸੁਭਾਵ ਦਾ ਇਕ ਫੁਲਿਆ ਹੋਇਆ ਪੁਰਸ਼ ਸੀ, ਗੰਢੇ ਜਿਹਾ ਨੱਕ, ਮੱਥੇ ਉੱਤੇ ਵੱਡੇ ਗੁਮਰੋੜ, ਅੱਖਾਂ ਹੇਠ ਗੁੰਥਲੀਆਂ ਤੇ ਗੰਜਾ ਸਿਰ। ਉਹ ਇਕ ਤਾਤਾਰੀ ਸਿਲਕ ਦੇ ਅਰਧ-ਪਹਿਰਨ ਚੋਗੇ ਵਿਚ ਲਪੇਟਿਆ ਬੈਠਾ, ਸਿਗਰਟ ਦੇ ਕਸ਼ ਲਗਾਂਦਾ, ਇਕ ਚਾਂਦੀ ਦੇ ਹੋਲਡਰ ਵਿਚ ਪਏ ਸ਼ੀਸ਼ੇ ਦੇ ਗਲਾਸ ਵਿਚ ਚਾਹ ਪੀ ਰਿਹਾ ਸੀ।

"ਤਕੜੇ ਤਾਂ ਹੋ, ਮੇਰੀ ਪਿਆਰੀ ਸਰਕਾਰ? ਮੇਰੇ ਅਰਧ-ਪਹਿਰਨ ਲਈ ਖਿਮਾ ਕਰਨਾ; ਤੁਹਾਨੂੰ ਉੱਕਾ ਹੀ ਨਾ ਮਿਲਣ ਨਾਲੋਂ ਇਸ ਤਰ੍ਹਾਂ ਬਿਹਤਰ ਹੈ।" ਉਸ ਨੇ ਆਖਿਆ, ਤੇ ਗਿੱਚੀ ਉੱਤੇ ਇਕੱਠੇ ਹੋਏ ਚੋਗੇ ਨੂੰ ਆਪਣੀ ਮੋਟੀ ਗਰਦਨ ਉੱਤੇ ਖਿੱਚ ਲਿਆ। "ਮੈਂ

ਤੱਕੜਾ ਨਹੀਂ, ਤੇ ਬਾਹਰ ਨਹੀਂ ਨਿਕਲਦਾ। ਤੁਹਾਨੂੰ ਸਾਡੇ ਇਨ੍ਹਾਂ ਦੂਰ ਦੁਰਾਡੇ ਪਰਦੇਸ਼ਾਂ ਵਿਚ ਕੀ ਕੰਮ ਪੈ ਗਿਆ ?"

"ਮੈਂ ਕੈਦੀਆਂ ਦੇ ਇਕ ਜੱਥੇ ਨਾਲ ਹਾਂ, ਜਿਨ੍ਹਾਂ ਵਿਚ ਇਕ ਬੰਦਾ ਮੇਰਾ ਨਿਕਟ ਸੰਬੰਧੀ ਹੈ।" ਨਖ਼ਲਿਊਦੌਫ਼ ਬੋਲਿਆ। "ਤੇ ਮੈਂ ਹਜੂਰ ਨੂੰ ਕੁੱਝ ਤਾਂ ਉਸ ਬੰਦੇ ਵੱਲੋਂ ਤੇ ਕੁਝ ਇਕ ਹੋਰ ਕੰਮ ਲਈ ਮਿਲਣ ਆਇਆ ਹਾਂ।"

ਜਨਰਲ ਨੇ ਸਿਗਰਟ ਦਾ ਇਕ ਹੋਰ ਕਸ਼ ਲਿਆ ਤੇ ਚਾਹ ਦਾ ਘੁੱਟ ਭਰਿਆ, ਫਿਰ ਸਿਗਰਟ ਇਕ ਪੱਥਰ ਦੇ ਰਾਖਦਾਨ ਵਿਚ ਰੱਖ ਦਿੱਤੀ, ਤੇ ਆਪਣੀਆਂ ਨਿੱਕੀਆਂ ਅੱਖਾਂ ਨਖ਼ਲਿਊਦੌਫ਼ ਉੱਤੇ ਟਿਕਾ ਕੇ, ਗੰਭੀਰ ਹੋ ਕੇ ਸੁਣਨ ਲੱਗਾ। ਕੇਵਲ ਇਕ ਵਾਰੀ ਉਸ ਨੇ ਸਿਗਰਟ ਪੁੱਛਣ ਲਈ ਨਖ਼ਲਿਊਦੌਫ਼ ਦੀ ਗੱਲ ਟੁੱਕੀ।

ਜਨਰਲ ਸੈਨਿਕ ਪੁਰਸ਼ਾਂ ਦੇ ਉਸ ਸੰਸਕ੍ਰਿਤ ਵਰਗ ਦਾ ਸੀ ਜੋ ਸਮਝਦੇ ਹਨ ਕਿ ਉਨ੍ਹਾਂ ਦੇ ਵਰਗ ਨੂੰ ਉਦਾਰ ਤੇ ਦਇਆਵਾਨ ਵਿਚਾਰਾਂ ਦੇ ਅਨੁਕੂਲ ਬਣਾਇਆ ਜਾ ਸਕਦਾ ਹੈ। ਪਰ ਆਪਣੀ ਪ੍ਰਕ੍ਰਿਤੀ ਤੋਂ ਇਕ ਦਇਆਵਾਨ ਤੇ ਬੁੱਧੀਮਾਨ ਪੁਰਸ਼ ਹੁੰਦੇ ਹੋਏ ਉਸ ਨੇ ਇਸ ਅਨੁਕੂਲੀਕਰਣ ਦੀ ਅੰਸਭਵਤਾ ਛੇਤੀ ਹੀ ਅਨੁਭਵ ਕਰ ਲਈ ਸੀ।

ਇਸ ਲਈ, ਉਸ ਅੰਤਰੀਵ ਦੁਫਾੜ ਨੂੰ, ਜਿਸ ਵਿਚ ਉਹ ਜੀਉ ਰਿਹਾ ਸੀ, ਨਾ ਮਹਿਸੂਸ ਕਰਨ ਲਈ, ਉਹ ਸ਼ਰਾਬ ਪੀਣ ਦਾ ਆਦੀ ਹੋ ਗਿਆ, ਜੋ ਸੈਨਿਕ ਪੁਰਸ਼ਾਂ ਵਿਚ ਇਤਨੀ ਆਮ ਹੈ ਹੀ। ਤੇ ਉਸ ਦੀ ਇਹ ਆਦਤ ਇਤਨੀ ਵੱਧ ਗਈ ਕਿ ਪੈਂਤੀ ਵਰ੍ਹੇ ਦੀ ਸੈਨਿਕ ਸੇਵਾ ਤੋਂ ਪਿੱਛੋਂ ਉਹ ਜਿਸ ਨੂੰ ਡਾਕਟਰ "ਪਿਆਕੜ" ਕਹਿੰਦੇ ਹਨ, ਬਣ ਗਿਆ। ਉਹ ਸਦਾ ਨਸ਼ੇ ਵਿਚ ਗੁੱਟ ਰਹਿੰਦਾ ਤੇ ਜੋ ਸ਼ਰਾਬ ਵੀ ਉਹ ਪੀਂਦਾ ਉਸ ਨੂੰ ਚੜ੍ਹ ਜਾਂਦੀ। ਫਿਰ ਵੀ ਤੇਜ ਸ਼ਰਾਬ ਉਸ ਲਈ ਇਕ ਆਵਸ਼ਕ ਵਸਤ ਬਣ ਗਈ ਸੀ—ਉਹ ਇਸ ਤੋਂ ਬਿਨਾਂ ਜੀਉ ਨਹੀਂ ਸਕਦਾ ਸੀ। ਇਸ ਲਈ ਹਰ ਸਵੇਰ ਉਹ ਨਸ਼ੇ ਵਿਚ ਹੁੰਦਾ, ਪਰ ਇਸ ਅਵਸਥਾ ਨਾਲ ਉਹ ਇੰਨਾ ਗਿਝ ਗਿਆ ਸੀ ਕਿ ਉਹ ਨਾ ਡਿੱਗ ਡਿੱਗ ਪੈਂਦਾ ਤੇ ਨਾ ਹੀ ਕੋਈ ਖਾਸ ਕਿਸਮ ਦਾ ਊਲ ਜਲੂਲ ਬੋਲਦਾ। ਤੇ ਜੇ ਬੋਲਦਾ ਵੀ ਤਾਂ ਆਪਣੀ ਮਹੱਤਵ-ਪੂਰਣ ਤੇ ਉੱਚੀ ਪਦਵੀ ਸਕਦਾ ਇਸ ਨੂੰ ਬੜੀ ਸਿਆਣਪ ਦੀ ਗੱਲ ਸਮਝ ਕੇ ਸਵੀਕਾਰ ਕੀਤਾ ਜਾਂਦਾ ਸੀ। ਕੇਵਲ ਸਵੇਰ ਵੇਲੇ, ਠੀਕ ਉਸ ਵੇਲੇ ਜਦੋਂ ਨਖ਼ਲਿਊਦੌਫ਼ ਉਸ ਨੂੰ ਮਿਲਣ ਆਇਆ ਸੀ, ਉਹ ਇਕ ਬੁੱਧ ਯੁਕਤ ਪੁਰਸ਼ ਪ੍ਰਤੀਤ ਹੁੰਦਾ ਸੀ, ਤੇ ਜੋ ਉਸ ਨੂੰ

ਕਿਹਾ ਜਾਂਦਾ ਉਸ ਨੂੰ ਸਮਝਣ ਦੇ ਯੋਗ ਇਸ ਤਰ੍ਹਾਂ ਉਹ ਉਸ ਕਹਾਵਤ ਦਾ ਇਕ ਪ੍ਰਕਾਰ ਦਾ ਉਦਾਹਰਣ ਬਣਿਆ ਹੋਇਆ ਸੀ ਜਿਸ ਨੂੰ ਮੁੜ ਮੁੜ ਦੁਹਰਾਣ ਦਾ ਉਹ ਸ਼ੌਕੀਨ ਸੀ : "ਉਹ ਨਸ਼ੇ ਵਿਚ ਹੈ ਪਰ ਸਿਆਣਾ ਹੈ, ਇਸ ਲਈ ਦੋਵੇਂ ਪ੍ਰਕਾਰ ਖ਼ੁਸ਼ਗਵਾਰ ਹੈ।" ਉੱਚ ਅਧਿਕਾਰੀਆਂ ਨੂੰ ਪਤਾ ਸੀ ਕਿ ਉਹ ਸ਼ਰਾਬ ਦਾ ਆਦੀ ਸੀ, ਪਰ ਉਹ ਦੂਜਿਆਂ ਨਾਲੋਂ ਵਧੇਰੇ ਪੜ੍ਹਿਆ ਹੋਇਆ ਸੀ—ਉਸ ਦੀ ਪੜ੍ਹਾਈ ਉਸ ਥਾਉਂ ਆ ਕੇ ਖ਼ਤਮ ਹੋ ਗਈ ਸੀ—ਜਿੱਥੋਂ ਉਸ ਨੂੰ ਸ਼ਰਾਬ ਨੇ ਪਕੜ ਲਿਆ ਸੀ—ਉਹ ਦਲੇਰ, ਚੁਸਤ-ਚਲਾਕ, ਵੇਖਣ ਵਿਚ ਰੋਅਬ-ਦਾਬ ਵਾਲਾ ਸੀ, ਤੇ ਉਸ ਨੂੰ ਨਸ਼ੇ ਵਿਚ ਵੀ ਗੱਲ ਕਰਨ ਦੀ ਜਾਂਚ ਸੀ। ਇਸ ਲਈ ਉਸ ਨੂੰ ਅਜਿਹੀ ਲੋਕ-ਸੰਪਰਕ ਤੇ ਜਿਮੇਂਦਾਰੀ ਵਾਲੀ ਪੱਦਵੀ ਉਤੇ ਨਿਯੁਕਤ ਕੀਤਾ ਤੇ ਸਥਿਰ ਰਹਿਣ ਦਿੱਤਾ ਗਿਆ ਸੀ।

ਨਖ਼ਲਿਊਦੌਫ਼ ਨੇ ਉਸ ਨੂੰ ਦੱਸਿਆ ਕਿ ਉਸ ਦੇ ਹਿਤ ਦਾ ਪਾਤਰ ਇਕ ਇਸਤ੍ਰੀ ਸੀ, ਜੋ ਅਨਿਆਈ ਬੰਨ੍ਹ ਦਿੱਤੀ ਗਈ ਸੀ, ਤੇ ਉਸ ਲਈ ਜ਼ਾਰ ਵੱਲ ਇਕ ਅਰਜ਼ੀ ਭੇਜੀ ਗਈ ਹੋਈ ਸੀ।

"ਹਾਂ, ਅੱਛਾ ?" ਜਨਰਲ ਬੋਲਿਆ।

"ਪੀਟਰਜ਼ਬਰਗ ਵਿਚ ਮੈਨੂੰ ਵਿਸ਼ਵਾਸ ਦਿੱਤਾ ਗਿਆ ਸੀ ਕਿ ਉਸ ਦੀ ਕਿਸਮਤ ਬਾਰੇ ਖ਼ਬਰ ਮੈਨੂੰ ਇਸ ਮਹੀਨੇ ਦੇ ਅੰਦਰ ਅੰਦਰ ਭੇਜ ਦਿੱਤੀ ਜਾਵੇਗੀ, ਤੇ ਇਸ ਥਾਉਂ...

ਜਨਰਲ ਨੇ ਆਪਣਾ ਛੋਟੀਆਂ ਉਂਗਲਾਂ ਵਾਲਾ ਹੱਥ ਮੇਜ਼ ਵੱਲ ਵਧਾ ਕੇ ਇਕ ਘੰਟੀ ਵਜਾਈ। ਉਹ ਹਾਲੀ ਵੀ ਨਖ਼ਲਿਊਦੌਫ਼ ਵੱਲ ਵੇਖਦਾ ਸਿਗਰਟ ਦੇ ਕਸ਼ ਲਗਾਈ ਜਾ ਰਿਹਾ ਸੀ, ਤੇ ਬੜੀ ਉੱਚੀ ਉੱਚੀ ਖੰਘਦਾ ਸੀ।

"ਇਸ ਲਈ ਮੈਂ ਬੇਨਤੀ ਕਰਾਂਗਾ ਕਿ ਜਿਤਨਾ ਚਿਰ ਇਸ ਦੀ ਅਰਜ਼ੀ ਦਾ ਕੋਈ ਜਵਾਬ ਨਹੀਂ ਆ ਜਾਂਦਾ, ਇਸ ਇਸਤ੍ਰੀ ਨੂੰ ਇੱਥੇ ਹੀ ਰਹਿਣ ਦਿੱਤਾ ਜਾਵੇ।"

ਪਿਆਦਾ, ਵਰਦੀ ਪਾਈ ਇਕ ਅਰਦਲੀ, ਅੰਦਰ ਆਇਆ।

"ਪਤਾ ਕਰੋ ਜੇ ਅਨਾਵਾਸੀਲਿਓਫ਼ਨਾ ਉੱਠੇ ਹਨ," ਜਨਰਲ ਨੇ ਅਰਦਲੀ ਨੂੰ ਕਿਹਾ, "ਤੇ ਕੁਝ ਹੋਰ ਚਾਹ ਲੈ ਆਓ।" ਫਿਰ ਨਖ਼ਲਿਊਦੌਫ਼ ਵੱਲ ਮੂੰਹ ਕਰ ਕੇ ਆਖਿਆ, "ਹਾਂ, ਤੇ ਹੋਰ ਕੀ?"

"ਮੇਰੀ ਦੂਜੀ ਬੇਨਤੀ ਇਕ ਰਾਜਸੀ ਕੈਦੀ ਬਾਰੇ ਹੈ ਜੋ ਇਸੇ ਜੱਥੇ ਨਾਲ ਹੈ।"

"ਅੱਛਾ ?" ਜਨਰਲ, ਭਾਵ-ਪੂਰਤ ਢੰਗ ਨਾਲ ਸਿਰ ਹਿਲਾ ਕੇ ਬੋਲਿਆ।

"ਉਹ ਬਹੁਤ ਬੀਮਾਰ ਹੈ—ਮਰ ਰਿਹਾ ਹੈ—ਤੇ ਪੱਕਾ ਖ਼ਿਆਲ ਹੈ ਕਿ ਉਸ ਨੂੰ ਇੱਥੇ ਹਸਪਤਾਲ ਵਿਚ ਛੱਡ ਦਿੱਤਾ ਜਾਵੇਗਾ। ਇਸ ਲਈ ਇਕ ਰਾਜਸੀ ਇਸਤ੍ਰੀ ਕੈਦੀ ਉਸ ਨਾਲ ਪਿੱਛੇ ਰਹਿ ਪੈਣਾ ਚਾਹੁੰਦੀ ਹੈ।"

"ਉਹ ਉਸ ਦੀ ਕੁਝ ਲਗਦੀ ਨਹੀਂ ?"

"ਨਹੀਂ, ਜੇ ਇਸ ਤਰ੍ਹਾਂ ਉਸ ਨੂੰ ਉਸ ਪਾਸ ਰਹਿਣ ਦਿੱਤਾ ਜਾ ਸਕਦਾ ਹੈ, ਉਹ ਉਸ ਨਾਲ ਵਿਆਹ ਕਰ ਲਵੇਗੀ।"

ਜਨਰਲ, ਆਪਣੇ ਨਾਲ ਗੱਲ ਕਰਨ ਵਾਲੇ ਉੱਤੇ ਟਿਮਕਦੀਆਂ ਅੱਖਾਂ ਨਾਲ ਟੱਕ ਲਗਾ ਕੇ ਵੇਖਦਾ ਤੇ ਉਸ ਨੂੰ ਠਿਠ ਕਰਨ ਦੀ ਸਪੱਸ਼ਟ ਇੱਛਾ ਨਾਲ ਚੁੱਪ ਚਾਪ ਸੁਣ ਰਿਹਾ ਸੀ ਤੇ ਲਗਾਤਾਰ ਸਿਗਰਟ ਪੀਵੀ ਜਾ ਰਿਹਾ ਸੀ।

ਜਦੋਂ ਨਖ਼ਲਿਊਦੌਫ਼ ਨੇ ਗੱਲ ਖਤਮ ਕੀਤੀ ਤਾਂ ਜਨਰਲ ਨੇ ਮੇਜ਼ ਤੋਂ ਇਕ ਕਿਤਾਬ ਉਠਾਈ ਤੇ ਛੇਤੀ ਨਾਲ ਉਂਗਲੀ ਗਿੱਲੀ ਕਰ ਕੇ ਵਰਕੇ, ਪਲਟਾਏ, ਤੇ ਵਿਆਹ ਸਬੰਧੀ ਕਾਨੂੰਨ ਨੂੰ ਲੱਭ ਕੇ ਪੜ੍ਹਨ ਲੱਗਾ।

"ਉਸ ਨੂੰ ਕੀ ਸਜ਼ਾ ਹੋਈ ਹੈ ?" ਉਸ ਕਿਤਾਬ ਤੋਂ ਅੱਖਾਂ ਚੁੱਕ ਕੇ ਪੁੱਛਿਆ।

"ਉਸ ਨੂੰ ? ਕੈਦ ਸਖ਼ਤ ਦੀ।"

"ਅੱਛਾ, ਫਿਰ ਅਜਿਹੀ ਕੈਦ ਵਾਲੇ ਦੀ ਸਥਿਤੀ ਵਿਆਹ ਨਾਲ ਚੰਗੇਰੀ ਨਹੀਂ ਬਣਾਈ ਜਾ ਸਕਦੀ।"

"ਹਰ ਪਰ......"

"ਖਿਮਾਂ ਕਰਨਾ। ਜੇ ਉਸ ਨੂੰ ਕੋਈ ਮੁਕਤ, ਪੁਰਸ਼ ਵੀ ਵਿਆਹ ਲਵੇ, ਤਾਂ ਵੀ ਉਸ ਨੂੰ ਆਪਣੀ ਕੈਦ ਕੱਟਣੀ ਪਵੇਗੀ ਅਜਿਹੀਆਂ ਹਾਲਤਾਂ ਵਿਚ ਸਵਾਲ ਇਹ ਹੁੰਦਾ ਹੈ ਕਿ ਪੂਰੀ ਕਿਸ ਦੀ, ਪਤੀ ਦੀ ਜਾਂ ਪਤਨੀ ਦੀ ਵਧੇਰੇ ਸਖ਼ਤ ਸਜ਼ਾ ਹੈ।"

"ਉਨ੍ਹਾਂ ਦੋਹਾਂ ਨੂੰ ਕੈਦ ਸਖ਼ਤ ਦੀ ਸਜ਼ਾ ਹੋਈ ਹੋਈ ਹੈ।"

"ਬਹੁਤ ਅੱਛਾ, ਤਾਂ ਉਹ ਬਰਾਬਰ ਹਨ," ਜਨਰਲ ਨੇ ਹੱਸ ਕੇ ਆਖਿਆ।" ਇਸਤ੍ਰੀ ਨੂੰ ਵੀ ਉਹ ਹੀ ਸਜ਼ਾ ਹੈ ਜੋ ਪੁਰਸ਼ ਨੂੰ, ਪਰ ਉਸਨੂੰ ਬੀਮਾਰ ਹੋਣ ਕਰਕੇ ਪਿੱਛੇ ਛੱਡਿਆ ਜਾ ਸਕਦਾ ਹੈ, ਨਿਰਸੰਦੇਹ ਉਸ ਦੇ ਦੁਰਭਾਗ ਨੂੰ ਹੌਲਾ ਕਰਨ ਲਈ ਜੋ ਸੰਭਵ ਹੈ ਕੀਤਾ ਜਾਵੇਗਾ। ਪਰ ਇਸਤ੍ਰੀ ਬਾਰੇ ਗੱਲ ਇਹ ਹੈ ਕਿ ਜੋ ਉਹ ਉਸ ਨਾਲ ਵਿਆਹ ਵੀ ਕਰ ਲਵੇ ਤਾਂ ਪਿੱਛੇ ਨਹੀਂ ਰਹਿ ਸਕਦੀ......"

"ਰਾਣੀ ਸਾਹਿਬਾ ਕਾਫ਼ੀ ਲੈ ਰਹੇ ਹਨ।" ਪਿਆਦੇ ਨੇ ਆ ਕੇ ਸੁਣਾਇਆ।" ਜਨਰਲ ਨੇ ਸਿਰ ਹਿਲਾਇਆ ਤੇ ਫਿਰ ਕਹਿਣ ਲੱਗਾ :

"ਤਾਂ ਵੀ ਮੈਂ ਇਸ ਬਾਰੇ ਸੋਚਾਂਗਾ। ਉਨ੍ਹਾਂ ਦੇ ਨਾਉ ਕੀ ਹਨ ? ਇੱਥੇ ਲਿਖ ਦਿਓ।"

ਨਖ਼ਲਿਊਦੌਫ਼ ਨੇ ਉਨ੍ਹਾਂ ਦੇ ਨਾਉਂ ਲਿਖ ਦਿੱਤੇ।

ਮਰਨ ਵਾਲੇ ਦੀ ਮੁਲਾਕਾਤ ਲਈ ਆਗਿਆ ਬਾਰੇ ਨਖ਼ਲਿਊਦੌਫ਼ ਦੀ ਬੇਨਤੀ ਦਾ ਜਵਾਬ ਜਨਰਲ ਨੇ ਇਹ ਕਹਿ ਕੇ ਦਿੱਤਾ :

"ਨਾ ਮੈਂ ਇਹ ਕਰ ਸਕਦਾ ਹਾਂ। ਬੇਸ਼ਕ ਮੈਂ ਤੁਹਾਡੇ ਉੱਤੇ ਸ਼ੱਕ ਨਹੀਂ ਕਰਦਾ ਪਰ ਤੁਸੀਂ ਉਸ ਵਿਚ ਤੇ ਹੋਰਨਾਂ ਵਿਚ ਦਿਲਚਸਪੀ ਲੈਂਦੇ ਹੋ, ਤੇ ਤੁਹਾਡੇ ਕੋਲ ਧਨ ਹੈ, ਤੇ ਇੱਥੇ ਸਾਡੇ ਕੋਲ ਧਨ ਨਾਲ ਕੋਈ ਗੱਲ ਵੀ ਕੀਤੀ ਜਾ ਸਕਦੀ ਹੈ। ਉਹ ਮੈਨੂੰ ਕਹਿੰਦੇ ਹਨ "ਰਿਸ਼ਵਤ ਹਟਾਓ।" ਪਰ ਮੈਂ ਰਿਸ਼ਵਤ ਕਿਵੇਂ ਹਟਾ ਸਕਦਾ ਹਾਂ ਜਦੋਂ ਹਰ ਕੋਈ ਰਿਸ਼ਵਤ ਲੈਂਦਾ ਹੋਵੇ ? ਤੇ ਜਿੰਨੀ ਨੀਵੀਂ ਪਦਵੀ ਉੱਨਾ ਹੀ ਲੋਕ ਰਿਸ਼ਵਤ ਲੈਣ ਲਈ ਵਧੇਰੇ ਤਿਆਰ ਰਹਿੰਦੇ ਹਨ। ਤਿੰਨ ਹਜ਼ਾਰ ਮੀਲ ਤੋਂ ਵੱਧ ਦੂਰੀ ਉੱਤੇ ਕਿਸੇ ਨੂੰ ਇਸ ਦਾ ਕੀ ਗਿਆਨ ਹੋ ਸਕਦਾ ਹੈ ? ਉੱਥੇ ਹਰ ਕਰਮਚਾਰੀ ਇਕ ਛੋਟਾ ਜ਼ਾਰ ਹੈ, ਜਿਵੇਂ ਇੱਥੇ ਮੈਂ ਹਾਂ" ਤੇ ਉਹ ਹੱਸ ਪਿਆ। ਤੁਸੀਂ ਸ਼ਾਇਦ ਰਾਜਸੀ ਕੈਦੀਆਂ ਨੂੰ ਮਿਲ ਚੁੱਕੇ ਹੋ : ਤੁਸਾਂ ਧਨ ਦਿੱਤਾ ਤੇ ਆਗਿਆ ਲੈ ਲਈ, ਹੈ ਨਾ ?" ਉਸ ਨੇ ਮੁਸਕਰਾ ਕੇ "ਆਖਿਆ "ਕਿਉਂ, ਨਹੀਂ ?"

"ਹਾਂ, ਇਵੇਂ ਹੀ।"

"ਮੈਂ ਸਮਝਦਾ ਹਾਂ ਤੁਹਾਨੂੰ ਇਉਂ ਕਰਨਾ ਪਿਆ। ਤੁਸੀਂ ਇਕ ਰਾਜਸੀ ਕੈਦੀ ਉੱਤੇ ਦਇਆਵਾਨ ਹੋ ਕੇ ਉਸ ਨੂੰ ਮਿਲਣਾ ਲੋੜਦੇ ਹੋ। ਤੇ ਕਾਫ਼ਲੇ ਦਾ ਸਿਪਾਹੀ ਜਾਂ ਨਿਰੀਖਕ ਵਢੀ ਲੈ ਲੈਂਦਾ ਹੈ। ਕਿਉਂਕਿ ਉਸ ਦੀ ਤਨਖਾਹ ਇਕ ਰੁਪਿਆ ਦਿਹਾੜੀ ਹੈ; ਉਹ ਟੱਬਰਦਾਰ ਹੈ ਤੇ ਉਸ ਦਾ ਇਸ ਬਿਨਾਂ ਸਰਦਾ ਨਹੀਂ। ਉਸ ਦੀ ਥਾਉਂ ਜਾਂ ਤੁਹਾਡੀ ਥਾਂ ਜੇ ਮੈਂ

ਹੋਵਾਂ, ਮੈਂ ਵੀ ਉਸ ਵਾਕਰ ਜਾਂ ਤੁਹਾਡੇ ਵਾਕਰ ਕਰਾਂ, ਪਰ ਆਪਣੀ ਇਸ ਸਥਿਤੀ ਵਿਚ ਮੈਂ ਆਪਣੇ ਆਪ ਨੂੰ ਕਾਨੂੰਨ ਦੇ ਅੱਖਰ ਤੋਂ ਇਕ ਇੰਚ ਵੀ ਇਧਰ ਉਧਰ ਨਹੀਂ ਹੋਣ ਦੇਵਾਂਗਾ। ਕੇਵਲ ਇਸ ਲਈ ਕਿ ਮਨੁੱਖ ਹੁੰਦਾ ਹੋਇਆ ਮੈਂ ਵੀ ਕਰੁਣਾ ਦੇ ਪ੍ਰਭਾਵ ਅਧੀਨ ਆ ਸਕਦਾ ਹਾਂ। ਮੈਂ ਪ੍ਰਬੰਧਕ ਭਾਗ ਦਾ ਇਕ ਸਦੱਸ ਹਾਂ, ਤੇ ਕੁਝ ਸ਼ਰਤਾਂ ਅਧੀਨ ਮੈਨੂੰ ਇਕ ਵਿਸ਼ਵਾਸ-ਪੂਰਣ ਸਥਾਨ ਉੱਤੇ ਨਿਯਤ ਕੀਤਾ ਗਿਆ ਹੈ, ਤੇ ਮੇਰੇ ਲਈ ਉਹ ਸ਼ਰਤਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ...ਅੱਛਾ, ਸੋ ਉਹ ਕੰਮ ਤਾਂ ਖਤਮ ਹੋਇਆ। ਤੇ ਹੁਣ ਸੁਣਾਓ ਰਾਜਧਾਨੀ ਵਿਚ ਕੀ ਕੁਝ ਵਰਤ ਰਿਹਾ ਹੈ।" ਤੇ ਜਨਰਲ ਪ੍ਰਸ਼ਨ ਕਰਨ ਤੇ ਕਥਨ ਕਰਨ ਲੱਗ ਪਿਆ, ਸਮਾਚਾਰ ਸੁਣਨ ਤੇ ਆਪਣੀ ਗਿਆਤ ਤੇ ਮਾਨਵਤਾ ਦਰਸ਼ਾਣ, ਦੋਹਾਂ ਗੱਲਾਂ ਦੀ ਪ੍ਰਤੱਖ ਇੱਛਾ ਦੇ ਅਧੀਨ।

-0-

23

"ਅੱਛਾ ਦਸੋ, ਤੁਸੀਂ, - ਠਹਿਰੇ ਕਿੱਥੇ ਹੋ ?" ਜਨਰਲ ਨੇ ਨੂੰ ਆਉਣ ਲੱਗੇ ਨੂੰ ਪੁੱਛਿਆ, "ਦੁਖ਼ੋਫ਼ ਦੇ ਹੋਟਲ ਵਿਚ ? ਅੱਛਾ, ਚੋਖਾ ਗੰਦ ਹੋਵੇਗਾ। ਆਓ, ਪੰਜ ਵਜੇ ਸਾਡੇ ਨਾਲ ਪ੍ਰਸ਼ਾਦ ਛਕੋ। ਤੁਸੀਂ ਅੰਗਰੇਜ਼ੀ ਬੋਲਦੇ ਹੋ ?"

"ਹਾਂ, ਬੋਲਦਾ ਹਾਂ।"

"ਇਹ ਚੰਗੀ ਹੈ, ਗੱਲ ਇਹ ਹੈ ਕਿ ਇਕ ਅੰਗਰੇਜ਼ ਮੁਸਾਫ਼ਰ ਹੁਣੇ ਇੱਥੇ ਆਇਆ ਹੈ। ਉਹ ਪਰਵਾਸ ਦੇ ਪ੍ਰਸ਼ਨ ਦਾ ਅਧਿਐਨ ਤੇ ਸਾਇਬੇਰੀਆ ਦੇ ਬੰਦੀਖ਼ਾਨਿਆਂ ਦਾ ਨਿਰੀਖਣ ਕਰ ਰਿਹਾ ਹੈ। ਅੱਛਾ, ਉਹ ਅੱਜ ਰਾਤ ਸਾਡੇ ਨਾਲ ਖਾਣਾ ਖਾਵੇਗਾ ਸੋ ਤੁਸੀਂ ਜ਼ਰੂਰ ਆਉਣਾ ਤੇ ਉਸ ਨੂੰ ਮਿਲਣਾ। ਅਸੀਂ ਪੰਜ ਵਜੇ ਸੰਝ ਦਾ ਖਾਣਾ ਖਾਂਦੇ ਹਾਂ, ਤੇ ਮੇਰੀ ਪਤਨੀ ਸਮੇਂ ਦੀ ਬੜੀ ਪਾਬੰਦ ਹੈ। ਉਸ ਵੇਲੇ ਮੈਂ ਤੁਹਾਨੂੰ ਉਸ ਇਸਤਰੀ ਬਾਰੇ ਤੇ ਉਸ ਰੋਗੀ ਪੁਰਸ਼ ਬਾਰੇ ਆਪਣਾ ਉੱਤਰ ਵੀ ਦਿਆਂਗਾ। ਸ਼ਾਇਦ ਉਸ ਦੇ ਕੋਲ ਕਿਸੇ ਨੂੰ ਪਿੱਛੇ ਛੱਡ ਦੇਣਾ ਸੰਭਵ ਹੋਵੇ।"

ਜਨਰਲ ਤੋਂ ਆਗਿਆ ਲੈ ਕੇ, ਨਖ਼ਲਿਊਦੋਂਫ਼ ਬੱਘੀ ਲੈ ਕੇ ਡਾਕਖ਼ਾਨੇ ਨੂੰ ਗਿਆ। ਉਹ ਆਪਣੇ ਆਪ ਨੂੰ ਇਕ ਅਤਿਅੰਤ ਸਫੂਰਤ ਤੇ ਉਰਜਾਮਈ ਮਨੋਵਸਥਾ ਵਿਚ ਅਨੁਭਵ ਕਰ ਰਿਹਾ ਸੀ।

ਡਾਕਖਾਨਾ ਇਕ ਨੀਵੀਂ ਛੱਤ ਵਾਲਾ ਕਮਰਾ ਸੀ। ਕਈ ਕਰਮਚਾਰੀ ਇਕ ਜੰਗਲੇ ਅੰਦਰ ਬੈਠੇ ਲੋਕਾਂ ਨੂੰ ਭੁਗਤਾ ਰਹੇ ਸਨ। ਜਿਨ੍ਹਾਂ ਦੀ ਉੱਥੇ ਤੱਕੜੀ ਭੀੜ ਸੀ, ਇਕ ਕਰਮਚਾਰੀ ਸਿਰ ਇਕ ਪਾਸੇ ਸੁੱਟੀ ਬੈਠਾ ਚਿੱਠੀਆਂ ਨੂੰ ਮੁਹਰਾਂ ਲਗਾ ਰਿਹਾ ਸੀ ਜਿਹੜੀਆਂ ਉਹ ਬੜੀ ਫੁਰਤੀ ਨਾਲ ਮੁਹਰ ਹੇਠਾਂ ਨੂੰ ਤਿਲਕਾਂਦਾ ਸੀ। ਨਖ਼ਲਿਊਦੋਂਫ਼ ਨੂੰ ਬਹੁਤੀ ਉਡੀਕ ਨਾ ਕਰਨੀ ਪਈ। ਜਿਉਂ ਹੀ ਉਸ ਨੇ ਆਪਣਾ ਨਾਉਂ ਲਿਆ, ਜੋ ਕੁਝ ਵੀ ਡਾਕ ਵਿਚ ਉਸ ਲਈ ਆਇਆ ਸੀ, ਉਸ ਦੇ ਹਵਾਲੇ ਕਰ ਦਿੱਤਾ ਗਿਆ ਜੋ ਬਹੁਤ ਕੁਝ ਸੀ: ਕਈ ਚਿੱਠੀਆਂ, ਮੁਦ੍ਰਾ ਤੇ ਪੁਸਤਕਾਂ, ਤੇ "ਯੂਰਪੀਨ ਸੰਦੇਸ਼ਕ" ਦਾ ਨਵੀਨਤਮ ਪਰਚਾ/

ਨਖ਼ਲਿਊਦੌਫ਼ ਇਹ ਸਾਰੀਆਂ ਚੀਜ਼ਾਂ ਲੱਕੜੀ ਦੇ ਇਕ ਬੈਂਚ ਉੱਤੇ ਲੈ ਗਿਆ ਜਿੱਥੇ ਇਕ ਸੈਨਿਕ ਹੱਥ ਵਿਚ ਨੂੰ ਇਕ ਪੁਸਤਕ ਲਈ ਕਿਸੇ ਉਡੀਕ ਵਿਚ ਬੈਠਾ ਸੀ। ਉਹ ਉਸ ਦੇ ਇਕ ਪਾਸੇ ਬੈਠ ਕੇ ਚਿੱਠੀਆਂ ਛਾਂਟਣ ਲੱਗਾ। ਉਨ੍ਹਾਂ ਵਿਚ ਇਕ ਰਜਿਸਟਰੀ ਸੀ ਇਕ ਬਹੁਤ ਚੰਗੇ ਲਫਾਫੇ ਵਿਚ, ਜਿਸ ਉੱਤੇ ਸ਼ੋਖ ਲਾਲ ਰੰਗ ਦੀ ਬੜੀ ਸਪੱਸ਼ਟ ਲੱਗੀ ਹੋਈ ਇਕ ਮੁਹਰ ਸੀ। ਉਸ ਨੇ ਮੁਹਰ ਤੋੜੀ, ਤੇ ਸੇਲਿਨਿਨ ਵੱਲੋਂ ਇਕ ਚਿੱਠੀ ਵੇਖ ਕੇ, ਜਿਸ ਵਿਚ ਕੋਈ ਸਰਕਾਰੀ ਕਾਗਜ਼ ਲਪੇਟਿਆ ਹੋਇਆ ਸੀ, ਆਪਣੇ ਚੇਹਰੇ ਉੱਤੇ ਜ਼ੋਰ ਨਾਲ ਲਹੂ ਵੱਗਦਾ ਅਨੁਭਵ ਕੀਤਾ, ਤੇ ਉਸ ਦੇ ਦਿਲ ਦੀ ਧੜਕਣ ਜਾਣੋਂ ਬੰਦ ਹੋ ਗਈ। ਇਹ ਕਤੂਸ਼ਾਂ ਦੀ ਅਰਜ਼ੀ ਦਾ ਜਵਾਬ ਸੀ। ਇਹ ਜਵਾਬ ਕੀ ਹੋ ਸਕਦਾ ਸੀ ? ਨਿਸ਼ਚੇ ਹੀ ਇਹ ਅਪ੍ਰਵਾਨਗੀ ਨਹੀਂ ਸੀ ? ਨਖ਼ਲਿਊਦੌਫ਼ ਨੇ ਕਾਹਲੀ ਕਾਹਲੀ ਚਿੱਠੀ ਉੱਤੇ ਅੱਖਾਂ ਫੇਰੀਆਂ, ਇਹ ਇਕ ਨਾ ਪੜ੍ਹਨ ਜੋਗੇ ਨਿੱਕੇ ਦ੍ਰਿੜ, ਤੇ ਘੁੱਟਵੇਂ ਅੱਖਰਾਂ ਵਿਚ ਲਿਖਿਆ ਹੋਇਆ ਸੀ। ਉਸ ਨੂੰ ਸੁਖ ਦਾ ਸਾਹ ਆਇਆ, ਉੱਤਰ ਨਿਮਨ ਅਨੁਸਾਰ ਸੀ :

"ਪਿਆਰੇ ਮਿੱਤਰ," ਸੈਲਿਨਿਨ ਨੇ ਲਿਖਿਆ ਸੀ, "ਸਾਡੀਆਂ ਪਿਛਲੀ ਵਾਰ ਦੀਆਂ ਗੱਲਾਂ ਨੇ ਮੇਰੇ ਉੱਤੇ ਇਕ ਡੂੰਘਾ ਪ੍ਰਭਾਵ ਪਾਇਆ। ਮਸਲੌਫ਼ਾ ਬਾਰੇ ਤੁਸੀਂ ਠੀਕ ਸੀ। ਮੈਂ ਮੁਕੱਦਮੇ ਨੂੰ ਗੌਰ ਨਾਲ ਪੜਿਆ ਹੈ ਤੇ ਵੇਖਿਆ ਹੈ ਕਿ ਉਸ ਨਾਲ ਘੋਰ ਅਨਿਆਇ ਹੋਇਆ ਹੈ। ਇਸ ਨੂੰ ਕੇਵਲ 'ਬੇਦਤੀਆਂ ਦੀ ਸਮਿਤੀ' ਹੀ ਠੀਕ ਕਰ ਸਕਦੀ ਸੀ, ਜਿਸ ਅੱਗੇ ਤੁਸਾਂ ਅਰਜ਼ੀ ਕੀਤੀ ਸੀ। ਇਸ ਦੇ ਪਰੀਖਣ ਸਮੇਂ ਮੈਂ ਸਹਾਇਕ ਹੋ ਸਕਿਆ ਹਾਂ, ਤੇ ਸਜ਼ਾ ਘਟਾਣ ਦੇ ਫੈਸਲੇ ਦੀ ਇਕ ਨਕਲ ਮੈਂ ਇਸ ਵਿਚ ਦਿੱਤੀ ਹੈ। ਤੁਹਾਡੀ ਭੂਆ ਬੇਗਮ ਕੈਥਰੀਨ ਈਵਾਨੋਫ਼ਾ ਨੇ ਮੈਨੂੰ ਪਤਾ ਦਿੱਤਾ ਜਿਸ ਉੱਤੇ ਮੈਂ ਇਹ ਤੁਹਾਨੂੰ ਘੱਲ ਰਿਹਾ ਹਾਂ। ਅਸਲ ਕਾਗ਼ਜ਼ ਉਸ ਸਥਾਨ ਨੂੰ ਭੇਜ ਦਿੱਤਾ ਗਿਆ ਹੈ ਜਿਥੇ ਉਸ ਨੂੰ ਮੁਕੱਦਮੇ ਦੇ ਸੁਣਨ ਤੋਂ ਪਹਿਲਾਂ ਕੈਦ ਰੱਖਿਆ ਗਿਆ ਸੀ, ਤੇ ਵਿਸ਼ਵਾਸ ਹੈ ਕਿ ਉਥੋਂ ਇਹ ਇਕ ਦਮ ਸਾਇਬੇਰੀਆ ਵਿਚ ਮੁਖ ਕਾਰਯਾਲੇ ਨੂੰ ਭੇਜ ਦਿੱਤੀ ਜਾਵੇਗੀ। ਮੈਂ ਬੇਸਬਰੀ ਨਾਲ ਇਹ ਖੁਸ਼ਖਬਰੀ ਤੁਹਾਨੂੰ ਭੇਜ ਰਿਹਾ ਹਾਂ, ਤੇ ਨਿੱਘ ਨਾਲ ਤੁਹਾਡਾ ਹੱਥ ਘੁਟਦਾ ਹਾਂ। ਤੁਹਾਡਾ, ਸੈਲਿਨਿਨ।"

ਕਾਗਜ਼ ਇਸ ਪ੍ਰਕਾਰ ਲਿਖਿਆ ਸੀ : "ਸ੍ਰੀ ਸਮਰਾਟ ਦੇ ਨਾਉਂ ਭੇਜੀਆਂ ਗਈਆਂ ਅਰਜ਼ੀਆਂ ਵਸੂਲ ਕਰਨ ਵਾਲੇ ਸ੍ਰੀ ਸਮਰਾਟ ਦੇ ਦਫ਼ਤਰ ਵੱਲੋਂ (ਇਥੇ ਤਾਰੀਖ ਤੇ ਵਿਵਿਧ ਸਰਕਾਰੀ ਵਿਧੀ-ਲੇਖ ਦਿੱਤੇ ਹੋਏ ਸਨ)। "ਅਰਜ਼ੀਆਂ ਵਸੂਲ ਕਰਨ ਵਾਲੇ ਸ੍ਰੀ ਸਮਰਾਟ ਦੇ

ਦਫਤਰ ਦੇ ਮੁਖੀ ਦੇ ਆਦੇਸ਼ ਅਨੁਸਾਰ ਕਿਰਪਾਟ ਇਸਤਰੀ ਕਾਰੀਨਾ ਮਸਲੇ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਸਮਰਾਟ ਉਸ ਦੀ ਅਤਿਅੰਤ ਨਿਸ਼ਚਾ-ਪੂਰਵਕ ਬੇਨਤੀ ਦੇ ਸਬੰਧ ਵਿਚ, ਉਸ ਦੀ ਬੇਨਤੀ ਨੂੰ ਮੰਨਣ ਦੀ ਕਿਰਪਾ ਕਰਕੇ, ਆਦੇਸ਼ ਕਰਦੇ ਹਨ ਕਿ ਉਸ ਦੀ ਸਖ਼ਤ ਕੈਦ ਦੀ ਸਜ਼ਾ ਬਦਲ ਕੇ ਸਾਇਬੇਰੀਆ ਦੇ ਨਿਕਟਤਰ ਪ੍ਰਦੇਸ਼ਾਂ ਵਿਚ ਪਰਵਾਸ ਕਰ ਦਿੱਤੀ ਜਾਵੇ।"

ਇਹ ਸ਼ੁਭ ਤੇ ਮਹੱਤਵ-ਪੂਰਣ ਖ਼ਬਰ ਸੀ। ਨਖ਼ਲਿਊਦੌਫ਼ ਜਿਸ ਕਾਸੇ ਦੀ ਕਤੂਸ਼ਾਂ ਲਈ ਤੇ ਆਪਣੀ ਲਈ ਵੀ ਆਸ ਰੱਖ ਸਕਦਾ ਸੀ, ਹੋ ਗਿਆ ਸੀ। ਇਹ ਠੀਕ ਸੀ ਕਿ ਉਸ ਦੀ ਨਵੀਂ ਸਥਿਤੀ ਨੇ ਆਪਣੇ ਨਵੇਂ ਝਮੇਲੇ ਪਾਣੇ ਸਨ। ਜਿੰਨਾ ਚਿਰ ਉਹ ਕੈਦ ਸੀ, ਉਸ ਨਾਲ ਵਿਆਹ ਫ਼ਰਜ਼ੀ ਹੋ ਸਕਦਾ ਸੀ; ਉਸ ਦਾ ਕੁਝ ਅਰਥ ਨਹੀਂ ਹੋ ਸਕਦਾ ਸੀ। ਛੁੱਟ ਇਸ ਦੇ ਕਿ ਉਹ ਉਸ ਦੀ ਦਸ਼ਾ ਨੂੰ, ਘੱਟ ਭੈੜੀ ਕਰਨ ਵਿਚ ਸਹਾਇਕ ਹੋ ਸਕਦਾ ਸੀ। ਪਰ ਹੁਣ ਉਨ੍ਹਾਂ ਦੋਹਾਂ ਦੇ ਇਕੱਠੇ ਰਹਿਣ ਵਿਚ ਕੋਈ ਰੋਕ ਨਹੀਂ ਸੀ; ਤੇ ਨਖ਼ਲਿਊਦੌਫ਼ ਨੇ ਇਸ ਲਈ ਹਾਲੀ ਆਪਣੇ ਆਪ ਨੂੰ ਤਿਆਰ ਨਹੀਂ ਕੀਤਾ ਸੀ। ਤੇ ਨਾਲੇ, ਉਸ ਦੇ ਸਿਮਨਸਨ ਨਾਲ ਸਬੰਧਾਂ ਦਾ ਕੀ ਬਣੇਗਾ ? ਉਸ ਦੇ ਕਲ੍ਹ ਦੇ ਸਬਦਾਂ ਦਾ ਭਾਵ ਕੀ ਸੀ ? ਤੇ, ਜੇ ਉਹ ਸਿਮਨਸਨ ਨਾਲ ਵਿਆਹ ਕਰਨਾ ਮੰਨ ਗਈ, ਤਾਂ ਇਹ ਚੰਗਾ ਹੋਵੇਗਾ ਜਾਂ ਭੈੜਾ? ਉਹ ਇਹ ਸਾਰੀਆਂ ਗੁੱਥੀਆਂ ਸੁਲਝਾ ਨਹੀਂ ਸੀ ਸਕਦਾ, ਤੇ ਇਸ ਲਈ ਇਨ੍ਹਾਂ ਬਾਰੇ ਸੋਚਣੋਂ ਹੱਟ ਗਿਆ। "ਇਹ ਸਭ ਅੱਗੇ ਚਲ ਕੇ ਸਪੱਸ਼ਟ ਹੋ ਜਾਵੇਗਾ," ਉਹ ਸੋਚਦਾ ਸੀ। ਮੈਨੂੰ ਹੁਣ ਇਸ ਬਾਰੇ ਸੋਚਣਾ ਨਹੀਂ ਚਾਹੀਦਾ। ਤੇ ਜਿੰਨੀ ਛੇਤੀ ਹੋ ਸਕੇ ਇਹ ਖੁਸ਼ਖਬਰੀ ਉਸ ਨੂੰ ਪੁਚਾਣੀ ਚਾਹੀਦੀ ਹੈ, ਤੇ ਉਸ ਨੂੰ ਮੁਕਤ ਕਰ ਦੇਣਾ ਚਾਹੀਦਾ ਹੈ।" ਉਸ ਦਾ ਖ਼ਿਆਲ ਸੀ ਕਿ ਫੈਸਲੇ ਦੀ ਜੋ ਨਕਲ ਉਸ ਦੇ ਪਾਸ ਸੀ ਕਾਫ਼ੀ ਹੋਵੇਗੀ। ਇਸ ਲਈ ਡਾਕਘਰ ਵਿਚੋਂ ਨਿਕਲ ਕੇ ਉਸਨੇ ਕੋਚਵਾਨ ਨੂੰ ਬੱਘੀ ਸਿੱਧੀ ਕੈਦਖਾਨੇ ਵੱਲ ਲੈ ਜਾਣ ਲਈ ਆਖ ਦਿੱਤਾ।

ਭਾਵੇਂ ਉਸ ਨੂੰ ਉਸ ਸਵੇਰ ਪ੍ਰਬੰਧਕ ਪਾਸੋਂ ਕੈਦਖਾਨੇ ਵਿਚ ਜਾਣ ਦੀ ਆਗਿਆ ਨਹੀਂ ਮਿਲੀ ਸੀ, ਉਸ ਨੂੰ ਆਪਣੇ ਤਜਰਬੇ ਤੋਂ ਪਤਾ ਲੱਗ ਗਿਆ ਸੀ ਕਿ ਜੋ ਕੁਝ ਉੱਚ ਅਧਿਕਾਰੀ ਨਾ ਦੇਣ, ਛੋਟੇ ਕਰਮਚਾਰੀਆ ਪਾਸੋਂ ਲੈ ਲੈਣਾ ਸੌਖਾ ਸੀ। ਤੇ ਹੁਣ ਉਸ ਦਾ ਇਰਾਦਾ ਸੀ ਯਤਨ ਕਰਕੇ ਕੈਦਖਾਨੇ ਪਹੁੰਚਣ ਦਾ ਤੇ ਕਤੂਸ਼ਾਂ ਨੂੰ ਖ਼ੁਸ਼ਖ਼ਬਰੀ ਦੇਣ ਦਾ, ਤੇ

ਸ਼ਾਇਦ ਮੁਕਤ ਕਰਵਾਣ ਦਾ; ਤੇ ਨਾਲ ਹੀ ਕ੍ਰਿਲਤਸੋਫ਼ ਦੀ ਸਿਹਤ ਦਾ ਪਤਾ ਕਰਨ ਦਾ, ਤੇ ਉਸ ਨੂੰ ਤੇ ਮੇਰੀ ਪਾਉਲੋਫ਼ਨਾ ਨੂੰ ਜੋ ਕੁਝ ਜਨਰਲ ਨੇ ਕਿਹਾ ਸੀ, ਦੱਸਣ ਦਾ।

ਕੈਦਖਾਨੇ ਦਾ ਨਿਰੀਖਕ ਇਕ ਲੰਮਾ, ਦਰਸ਼ਨੀ ਪੁਰਸ਼ ਸੀ, ਉਸ ਦੀ ਦਾੜ੍ਹੀ ਤੇ ਮੱਛਾਂ ਉਸ ਦੇ ਮੂੰਹ ਦੇ ਕੰਨਿਆਂ ਵੱਲ ਢਲੀਆਂ ਹੋਈਆਂ ਸਨ। ਉਹ ਨਖ਼ਲਿਊਦੌਫ਼ ਨਾਲ ਬੜਾ ਕਰੜਾ ਬੋਲਿਆ, ਤੇ ਉਸ ਨੂੰ ਸਾਫ਼ ਦੱਸ ਦਿੱਤਾ ਕਿ ਉਹ ਆਪਣੇ ਅਫ਼ਸਰ ਦੇ ਵਿਸ਼ੇਸ਼ ਆਦੇਸ਼ ਤੋਂ ਬਿਨਾਂ ਕਿਸੇ ਬਾਹਰਲੇ ਨੂੰ ਕੈਦਖ਼ਾਨੇ ਦੇ ਅੰਦਰ ਜਾਣ ਦੀ ਆਗਿਆ ਨਹੀਂ ਦੇ ਸਕਦਾ ਸੀ। ਨਖ਼ਲਿਊਦੌਫ਼ ਨੂੰ ਇਸ ਗੱਲ ਦਾ, ਕਿ ਉਸ ਨੂੰ ਰਾਜਧਾਮਾਂ ਵਿਚ ਵੀ ਕੈਦੀਆਂ ਨੂੰ ਮਿਲ ਲੈਣ ਦਿੱਤਾ ਜਾਂਦਾ ਰਿਹਾ ਸੀ, ਉਸ ਨੇ ਇਹ ਉੱਤਰ ਦਿੱਤਾ :

"ਇਵੇਂ ਹੋਵੇਗਾ, ਪਰ ਮੈਂ ਆਗਿਆ ਨਹੀਂ ਦੇ ਸਕਦਾ।" ਤੇ ਉਸ ਦੇ ਬੋਲ ਦਾ ਅੰਦਰਲਾ ਭਾਵ ਸੀ, "ਤੁਸੀਂ ਸ਼ਹਿਰੀ ਭੱਦਰਪੁਰਸ਼ ਖ਼ਿਆਲ ਕਰਦੇ ਹੋਵੋਗੇ ਕਿ ਸਾਨੂੰ ਹੈਰਾਨ ਪਰੇਸ਼ਾਨ ਕਰ ਸਕੋਗੇ, ਪਰ ਪੂਰਬੀ ਸਾਇਬੇਰੀਆ ਵਿਚ ਰਹਿਣ ਵਾਲੇ ਅਸੀਂ ਵੀ ਜਾਣਦੇ ਹਾਂ ਕਿ ਕਾਨੂੰਨ ਕੀ ਹੈ, ਤੇ ਤੁਹਾਨੂੰ ਵੀ ਪੜ੍ਹਾ ਸਕਦੇ ਹਾਂ।"

ਸ੍ਰੀ ਸਮਰਾਟ ਦੇ ਦਫ਼ਤਰ ਵਿਚੋਂ ਸਿੱਧੀ ਆਈ ਨਕਲ ਦਾ ਵੀ ਕੈਦਖਾਨੇ ਦੇ ਨਿਰੀਖਕ ਉੱਤੇ ਕੋਈ ਅਸਰ ਨਾ ਹੋਇਆ। ਉਸ ਨੇ ਕਰੜਾਈ ਨਾਲ ਨਖ਼ਲਿਊਦੌਫ਼ ਨੂੰ ਕੈਦਖਾਨ ਦੇ ਦਰਵਾਜ਼ੇ ਵਿਚੋਂ ਲੰਘਣ ਦੀ ਆਗਿਆ ਦੇਣ ਤੋਂ ਨਾਂਹ ਕਰ ਦਿੱਤੀ। ਉਸ ਨੇ ਨਖ਼ਲਿਊਦੌਫ਼ ਦੇ ਸਰਲ ਸੁਭਾਵ-ਵਿਸ਼ਵਾਸ ਉੱਤੇ, ਕਿ ਜੋ ਨਕਲ ਉਸ ਪਾਸ ਸੀ, ਮਸਲੌਫ਼ਾ ਨੂੰ ਮੁਕਤ ਕਰਵਾਉਣ ਲਈ ਕਾਫ਼ੀ ਸੀ, ਘ੍ਰਿਣਾਪੂਰਵਕ ਮੁਸਕਰਾ ਦਿੱਤਾ, ਤੇ ਸਪੱਸ਼ਟ ਦੱਸ ਦਿੱਤਾ ਕਿ ਉਸ ਦੇ ਆਪਣੇ ਉਪਰਲੇ ਅਧਿਕਾਰੀ ਤੋਂ ਸਿੱਧਾ ਹੁਕਮ ਆਉਣ ਨਾਲ ਹੀ ਉਸ ਤੋਂ ਕਿਸੇ ਨੂੰ ਮੁਕਤ ਕਰਵਾਇਆ ਜਾ ਸਕਦਾ ਸੀ। ਉਹ ਜੋ ਮੰਨਿਆ ਕੇਵਲ ਇਹ ਸੀ ਕਿ ਉਹ ਮਸਲੌਫ਼ਾ ਨੂੰ ਦੱਸ ਦੇਵੇਗਾ ਕਿ ਉਸ ਦੀ ਸਜ਼ਾ ਘਟਾਣ ਦੀ ਖ਼ਬਰ ਆ ਗਈ ਸੀ, ਤੇ ਇਕ ਘੰਟਾ ਵੀ ਉਸ ਨੂੰ ਬੰਦ ਨਹੀਂ ਰਖੇਗਾ ਜਦੋਂ ਉਸ ਦੇ ਉਪਰਲੇ ਅਧਿਕਾਰੀ ਦਾ ਉਸ ਨੂੰ ਛੱਡ ਦੇਣ ਦਾ ਹੁਕਮ ਆ ਗਿਆ। ਉਹ ਕ੍ਰਿਲਤਸੋਫ਼ ਬਾਰੇ ਵੀ ਕੁਝ ਨਹੀਂ ਦੱਸਦਾ ਸੀ, ਤੇ ਆਖਦਾ ਸੀ ਕਿ ਉਸਨੂੰ ਇਹ ਵੀ ਪਤਾ ਨਹੀਂ ਸੀ ਕਿ ਕੋਈ ਇਸ ਨਾਉਂ ਦਾ ਕੈਦੀ ਉਸ ਪਾਸ

ਸੀ। ਸੋ ਕੁਝ ਵੀ ਨਾ ਕਰ ਸਕਣ ਪਿੱਛੋਂ ਨਖ਼ਲਿਊਦੌਫ਼ ਬੱਘੀ ਵਿਚ ਆ ਬੈਠਾ ਤੇ ਵਾਪਸ ਆਪਣੇ ਹੋਟਲ ਨੂੰ ਆ ਗਿਆ।

ਨਿਰੀਖਕ ਦੀ ਕਰੜਾਈ ਦਾ ਕਾਰਣ ਇਹ ਸੀ ਕਿ ਕੈਦਖਾਨੇ ਵਿਚ ਮੁਹਰਕੇ ਤਾਪ ਦੀ ਬੀਮਾਰੀ ਪੈ ਗਈ ਸੀ, ਕਿਉਂਕਿ ਇਸ ਵਿਚ ਗੁੰਜਾਇਸ ਤੋਂ ਦੁਗਣੇ ਆਦਮੀ ਬੰਦ ਹੋਣ ਕਰਕੇ ਭੀੜ ਹੋ ਗਈ ਸੀ। ਕੋਚਵਾਨ ਨੇ ਨਖ਼ਲਿਊਦੌਫ਼ ਨੂੰ ਦੱਸਿਆ, "ਹਰ ਰੋਜ਼ ਕਈ ਇਸ ਕੈਦਖਾਨੇ ਵਿਚ ਮਰ ਜਾਂਦੇ ਹਨ। ਕੋਈ ਵਬਾ ਪੈ ਗਈ ਹੈ। ਦਿਨ ਵਿਚ ਵੀਹ ਵੀਹ ਬੰਦੇ ਦਫੋਨਾਏ ਜਾਂਦੇ ਹਨ।"

-0-

24

ਕੈਦਖਾਨੇ ਬਾਰੇ ਆਪਣੀ ਅਸਫਲਤਾ ਦੇ ਬਾਵਜੂਦ ਉਸੇ ਤਕੜੇ ਹੁਲਾਸ ਵਿਚ, ਨਖ਼ਲਿਊਦੌਫ਼ ਪ੍ਰਬੰਧਕ ਦੇ ਦਫ਼ਤਰ ਗਿਆ ਇਹ ਪਤਾ ਕਰਨ ਜੇ ਮਸਲੌਫ਼ਾ ਲਈ ਅਸਲ ਕਾਗਜ਼ ਵੀ ਪਹੁੰਚ ਗਿਆ ਹੋਵੇ। ਇਹ ਹਾਲੀ ਆਇਆ ਨਹੀਂ ਸੀ, ਇਸ ਲਈ ਨਖ਼ਲਿਊਦੌਫ਼ ਵਾਪਸ ਹੋਟਲ ਵਿਚ ਆ ਗਿਆ। ਇਸ ਬਾਰੇ ਇਕ ਦਮ ਉਸ ਨੇ ਸੈਲਿਨਿਨ ਤੇ ਵਕੀਲ ਨੂੰ ਚਿੱਠੀਆਂ ਲਿਖੀਆਂ। ਜਦੋਂ ਇਹ ਕਰ ਚੁੱਕਾ ਤਾਂ ਉਸ ਨੇ ਘੜੀ ਵੇਖੀ। ਜਨਰਲ ਦੇ ਘਰ ਖਾਣੇ ਉੱਤੇ ਜਾਣ ਦਾ ਵੇਲਾ ਹੋ ਚੁੱਕਾ ਸੀ।

ਰਾਹ ਵਿਚ ਉਹ ਫਿਰ ਹੈਰਾਨ ਹੋ ਰਿਹਾ ਸੀ ਕਿ ਕਤੂਸ਼ਾਂ ਆਪਣੀ ਸਜ਼ਾ ਦੇ ਘੱਟ ਜਾਣ ਦੀ ਖ਼ਬਰ ਉੱਤੇ ਕੀ ਸੋਚੇਗੀ। ਉਸ ਨੂੰ ਕਿੱਥੇ ਰਹਿਣਾ ਪਵੇਗਾ? ਉਹ ਉਸ ਨਾਲ ਕਿਵੇਂ ਰਹੇਗਾ? ਸਿਮਨਸਨ ਬਾਰੇ ਕੀ ਕੀਤਾ ਜਾਵੇਗਾ? ਉਸ ਦੇ ਸਬੰਧ ਕਤੂਸ਼ਾਂ ਨਾਲ ਕਿਸ ਪ੍ਰਕਾਰ ਦੇ ਹੋਣਗੇ। ਉਸ ਨੂੰ ਉਹ ਪਰਿਵਰਤਨ, ਜੋ ਕਤੂਸ਼ਾਂ ਵਿਚ ਆ ਗਿਆ ਸੀ, ਯਾਦ ਆਇਆ। ਤੇ ਇਸ ਨੇ ਕਤੂਸ਼ਾਂ ਦੇ ਬੀਤੇ ਜੀਵਨ ਦੀ ਯਾਦ ਤਾਜ਼ਾ ਕਰ ਦਿੱਤੀ।

"ਮੈਨੂੰ ਹਾਲ ਸਮੇਂ ਇਸ ਨੂੰ ਭੁਲਾ ਦੇਣਾ ਚਾਹੀਦਾ ਹੈ।" ਉਸ ਨੇ ਸੋਚਿਆ, ਤੇ ਕਤੂਸ਼ਾਂ ਨੂੰ ਆਪਣੇ ਮਨ ਵਿਚੋਂ ਵਿਸਾਰਨ ਦਾ ਯਤਨ ਕੀਤਾ। "ਜਦੋਂ ਸਮਾਂ ਆਵੇਗਾ ਤਾਂ ਵੇਖ ਲਵਾਂਗੇ," ਉਸ ਨੇ, ਆਪਣੇ ਆਪ ਨੂੰ ਆਖਿਆ, ਤੇ ਸੋਚਣ ਲੱਗਾ ਜਨਰਲ ਨੂੰ ਕੀ ਆਖੇ।

ਜਨਰਲ ਦੇ ਘਰ ਖਾਣਾ, ਉਸ ਵਿਲਾਸ-ਪੂਰਵਕ ਢੰਗ ਨਾਲ ਦਿੱਤਾ ਗਿਆ ਜਿਸਦਾ ਨਖ਼ਲਿਊਦੌਫ਼ ਗਿੱਝਿਆ ਹੋਇਆ ਸੀ, ਤੇ ਜੋ ਧਨੀ ਲੋਕਾਂ ਤੇ ਉੱਚ ਅਧਿਕਾਰੀਆਂ ਵਿਚ ਪ੍ਰਚਲਤ ਹੈ। ਖਾਣਾ ਉਸ ਨੂੰ ਬਹੁਤ ਸੁਆਦੀ ਲੱਗਾ, ਕਿਉਂਕਿ ਉਹ ਬਹੁਤ ਚਿਰ ਨਾ ਕੇਵਲ ਵਿਲਾਸ ਤੋਂ ਸਗੋਂ ਅਤਿ ਸਾਧਾਰਣ ਹੋਰ ਸੁੱਖ ਵਸਤਾਂ ਤੋਂ ਵੀ ਵਾਂਝਾ ਚਲਾ ਆ ਰਿਹਾ

ਸੀ। ਘਰ ਦੀ ਸੁਆਣੀ, ਪੁਰਾਣੀ ਪੀੜ੍ਹੀ ਦੀ ਪੀਟਰਜ਼ਬਰਗ ਦੀ ਵਿਸ਼ੇਸ਼ ਸੁਆਣੀ ਸੀ, ਜੋ ਨਿਕੋਲਸ ਪਹਿਲੇ ਦੀ ਸਭਾ ਵਿਚ "ਗੌਰਵਮਾਨ ਕੁਮਾਰੀ" ਰਹਿ ਚੁਕੀ ਸੀ। ਉਹ ਫਰਾਂਸੀਸੀ ਸਹਿਜ ਸੁਭਾਉ ਤੇ ਰੂਸੀ ਕੁਝ ਅਸੁਭਾਵਕ ਢੰਗ ਨਾਲ ਬੋਲਦੀ ਸੀ। ਉਹ ਸਿੱਧੀ ਸਿਤੋੜ ਬੈਠਦੀ ਖਲੋਂਦੀ ਸੀ ਤੇ ਜਦੋਂ ਆਪਣੇ ਹੱਥ ਹਿਲਾਂਦੀ ਤਾਂ ਅਰਕਾਂ ਲੱਕ ਦੇ ਨਾਲ ਲਗਾਈ ਰੱਖਦੀ ਸੀ। ਉਹ ਚੁੱਪ ਚੁੱਪੀਤੀ ਤੇ ਕੁਝ ਉਦਾਸ ਜਿਹੇ ਢੰਗ ਨਾਲ ਆਪਣੇ ਪਤੀ ਦਾ ਧਿਆਨ ਕਰਦੀ ਸੀ ਤੇ ਆਇਆ ਗਿਆ ਵੱਲ ਵਧੇਰੇ ਸੁਸ਼ੀਲ ਸੀ, ਭਾਵੇਂ ਉਨ੍ਹਾਂ ਦੀ ਪਦਵੀ ਅਨੁਸਾਰ ਉਨ੍ਹਾਂ ਵੱਲ ਉਸ ਦੇ ਵਰਤਾਰੇ ਵਿਚ ਭੇਦਾਂਤਰ ਸੀ। ਉਹ ਨਖ਼ਲਿਊਦੌਫ਼ ਨੂੰ ਇਸ ਤਰ੍ਹਾਂ ਮਿਲੀ ਜਿਵੇਂ ਕੋਈ ਆਪਣਾ ਹੀ ਹੋਵੇ, ਤੇ ਉਸ ਦੀ ਸੂਖਮ, ਜਾਣੋ ਅਦ੍ਰਿਸ਼ਟ ਜਿਹੀ, ਖੁਸ਼ਾਮਦ ਨੇ ਨਖ਼ਲਿਊਦੌਫ਼ ਨੂੰ ਫਿਰ ਆਪਣੇ ਸ਼ੁਭ ਗੁਣਾਂ ਬਾਰੇ ਚੇਤੰਨ ਕਰ ਦਿੱਤਾ ਤੇ ਬੜਾ, ਧਰਵਾਸ ਦਿੱਤਾ। ਉਸ ਨੇ ਨਖ਼ਲਿਊਦੌਫ਼ ਨੂੰ ਮਹਿਸੂਸ ਕਰਵਾ ਦਿੱਤਾ ਕਿ ਉਹ ਜਾਣਦੀ ਸੀ ਉਸ ਦੇ ਉਸ ਸੁਹਿਰਦ ਤੇ ਕੁਝ ਅਦੁੱਤੀ ਜਿਹੇ ਸੰਕਲਪ ਬਾਰੇ, ਜੋ ਉਸ ਨੂੰ ਸਾਇਬੇਰੀਆ ਲਿਆਇਆ ਸੀ, ਤੇ ਉਹ ਉਸ ਨੂੰ ਇਕ ਅਨੋਖਾ ਪੁਰਸ਼ ਸਮਝਦੀ ਸੀ। ਇਹ ਸੂਖਮ ਖੁਸ਼ਾਮਦ, ਤੇ ਜਨਰਲ ਦੇ ਘਰ ਦੇ ਸੌਂਦਰਯ ਤੇ ਵਿਲਾਸ ਦੇ ਪ੍ਰਭਾਵ ਅਧੀਨ ਨਖ਼ਲਿਊਦੌਫ਼ ਸੁੰਦਰ ਰਹਿਣੀ ਬਹਿਣੀ, ਸੁਆਦੀ ਖਾਣੇ, ਤੇ ਆਪਣੇ ਵਰਗ ਦੇ ਪੜ੍ਹੇ ਲਿਖੇ ਲੋਕਾਂ ਨਾਲ ਮਿਲਤ ਗਿਲਤ ਦੇ ਸੁਖਾਲ ਤੇ ਆਨੰਦ ਵਿਚ ਪੂਰਾ ਪੂਰਾ ਖੁੱਭ ਗਿਆ। ਇਸ ਕਾਰਣ ਉਹ ਰਹਿਣੀ ਬਹਿਣੀ, ਜਿਸ ਵਿਚ ਉਸ ਨੇ ਪਿਛਲੇ ਕੁਝ ਮਹੀਨੇ ਲੰਘਾਏ ਸਨ, ਉਸ ਨੂੰ ਇਕ ਸੁਪਨਾ ਲੱਗਾ ਜਿਸ ਵਿਚੋਂ ਜਾਗ ਕੇ ਉਹ ਹੁਣ ਵਾਸਤਵਿਕਤਾ ਵਿਚ ਆ ਰਿਹਾ ਸੀ।

ਘਰ ਵਾਲਿਆ ਤੋਂ ਛੁੱਟ ਜਨਰਲ ਦੀ ਧੀ, ਜਵਾਈ ਤੇ ਇਕ ਅੰਗ-ਰੱਖਿਅਕ ਹਾਜ਼ਰ ਸਨ। ਇਕ ਅੰਗਰੇਜ਼, ਇਕ ਵਪਾਰੀ, ਜੋ ਸੋਨੇ ਦੀਆਂ ਖਾਣਾਂ ਵਿਚ ਦਿਲਚਸਪੀ ਰੱਖਦਾ ਸੀ, ਤੇ ਇਕ ਦੁਰਾਡੇ ਸਾਇਬੇਰੀਆਈ ਨਗਰ ਦਾ ਨਾਜ਼ਮ। ਇਹ ਸਾਰੇ ਲੋਕ ਨਖ਼ਲਿਊਦੌਫ਼ ਨੂੰ ਚੰਗੇ ਲੱਗੇ।

ਅੰਗਰੇਜ਼, ਇਕ ਨਰੋਆ, ਲਾਲ ਰੱਤੇ ਚੇਹਰੇ, ਵਾਲਾ ਪੁਰਸ਼ ਸੀ, ਤੇ ਬੜੀ ਭੈੜੀ ਫਰਾਂਸੀਸੀ ਬੋਲਦਾ ਸੀ, ਪਰ ਆਪਣੀ ਬੋਲੀ ਉੱਤੇ ਉਸ ਦਾ ਅਧਿਕਾਰ ਬਹੁਤ ਚੰਗਾ ਤੇ

ਸੁਭਾਸ਼ਨ ਰੂਪ ਵਿਚ ਪ੍ਰਭਾਵਮਈ ਸੀ। ਉਸ ਨੇ ਬਹੁਤ ਦੁਨੀਆਂ ਵੇਖੀ ਸੀ ਤੇ ਅਮਰੀਕਾ, ਭਾਰਤ, ਜਾਪਾਨ, ਤੇ ਸਾਇਬੇਰੀਆ ਬਾਰੇ ਉਹ ਜੋ ਕੁਝ ਦੱਸਦਾ ਸੀ, ਬੜਾ ਰੋਚਕ ਸੀ।

ਸੋਨੇ ਦੀਆਂ ਖਾਣਾਂ ਵਿਚ ਦਿਲਚਸਪੀ ਵਾਲਾ ਨੌਜਵਾਨ ਵਪਾਰੀ (ਇਕ ਕਿਰਸਾਨ ਦਾ ਪੁੱਤਰ) ਜਿਸ ਨੇ ਲੰਦਨ ਵਿਚ ਬਣਿਆ ਸੰਝਵੇਸ ਪਹਿਨਿਆ ਹੋਇਆ ਸੀ ਤੇ ਜਿਸ ਦੀ ਕਮੀਜ਼ ਨੂੰ ਹੀਰੇ ਦੇ ਸਟੱਡ ਲੱਗੇ ਹੋਏ ਸਨ, ਨਖ਼ਲਿਊਦੌਫ਼ ਨੂੰ ਚੰਗਾ ਤੇ ਰੋਚਕ ਲੱਗਾ, ਨਰੋਏ, ਅਛੂਹ ਕਿਰਸਾਨੀ ਅਸਲੇ ਉੱਤੇ ਇਕ ਨਵੇਂ ਤੇ ਸੁਹਣੇ ਢੰਗ ਦੀ ਸੱਭਯ ਤੇ ਯੂਰਪੀਨ ਸੰਸਕ੍ਰਿਤੀ ਦੀ ਪਿਉਂਦ ਦਾ ਪਰਤੌ। ਉਸ ਕੋਲ ਇਕ ਸੁੰਦਰ ਪੁਸਤਕਾਲਾ ਸੀ, ਉਹ ਮਾਨਵ ਹਿਤੈਸ਼ੀ ਕੰਮਾਂ ਵਿਚ ਖੁਲ੍ਹ ਕੇ ਦਾਨ ਦੇਂਦਾ ਸੀ, ਤੇ ਉਦਾਰ ਯੂਰਪੀਨ ਵਿਚਾਰ ਰੱਖਦਾ ਸੀ।

ਦੁਰਾਡੇ ਸਾਇਬੇਰੀਆਈ ਨਗਰ ਦਾ ਪ੍ਰਬੰਧਕ ਇਕ ਸਰਕਾਰੀ ਵਿਭਾਗ ਦਾ ਉਹੀ ਭੂਰ-ਪੂਰਵ ਨਿਰਦੇਸ਼ਕ ਸੀ ਜਿਸ ਦੀ ਨਖ਼ਲਿਊਦੌਫ਼ ਦੇ ਪੀਟਰਜ਼ਬਰਗ ਵਿਚ ਹੋਣ ਸਮੇਂ ਉੱਥੇ ਬੜੀ ਚਰਚਾ ਸੀ। ਉਸ ਦਾ ਸਰੀਰ ਗੁਦਗੁਦਾ ਸੀ, ਵਾਲ ਪਤਲੇ ਤੇ ਲੱਛੇਦਾਰ, ਅੱਖਾਂ ਕੋਮਲ ਨੀਲੀਆਂ, ਬੜੇ ਸੰਭਾਲ ਕੇ ਰੱਖੇ ਹੋਏ ਨਰਮ ਹੱਥ, ਜਿਨ੍ਹਾਂ ਦੀਆਂ ਉਂਗਲਾਂ ਵਿਚ ਮੁਦ੍ਰੀਆਂ ਸਨ, ਉਸ ਦਾ ਮੁਸਕਰਾਣਾ ਬੜਾ ਸੁਖਾਵਾਂ ਜਿਹਾ ਸੀ, ਤੇ ਸਰੀਰ ਦਾ ਹੇਠਲਾ ਭਾਗ ਬਹੁਤ ਭਾਰਾ ਸੀ। ਘਰ ਦਾ ਸੁਆਮੀ ਇਸ ਪ੍ਰਬੰਧਕ ਦੀ ਬਹੁਤ ਕਦਰ ਕਰਦਾ ਸੀ, ਕਿਉਂਕਿ ਉਸ ਦੇ ਚੁਗਿਰਦੇ ਵੱਡੀ ਖਾਣ ਵਾਲਿਆਂ ਵਿਚ ਕੇਵਲ ਇਹੀ ਇਕ ਸੀ ਜੋ ਵੱਢੀ ਨਹੀਂ ਲੈਂਦਾ ਸੀ, ਘਰ ਦੀ ਸੁਆਣੀ ਜੋ ਸੰਗੀਤ ਦੀ ਮੁਸ਼ਤਾਕ ਤੇ ਬੜਾ ਸੁਹਣਾ ਪਿਆਨੋ ਵਜਾਂਦੀ ਸੀ, ਉਸ ਦੀ ਕਦਰ ਇਸ ਲਈ ਕਰਦੀ ਸੀ ਕਿ ਉਹ ਚੰਗਾ ਸੰਗੀਤਕਾਰ ਸੀ ਤੇ ਉਸ ਨਾਲ ਮਿਲ ਕੇ ਦੁਵਾਦਨ ਵਜਾਂਦਾ ਸੀ। ਨਖ਼ਲਿਊਦੌਫ਼ ਇਤਨਾ ਖੁਸ਼ ਸੀ ਕਿ ਇਹ ਪੁਰਸ਼ ਵੀ ਉਸ ਨੂੰ ਬੁਰਾ ਨਹੀਂ ਲੱਗਦਾ ਸੀ, ਭਾਵੇਂ ਉਹ ਉਸ ਦੇ ਔਗੁਣਾ ਬਾਰੇ ਇਤਨਾ ਕੁਝ ਜਾਣਦਾ ਸੀ।

ਸੁੱਖ, ਸੁਫ਼ਰਤ ਅੰਗ-ਰੱਖਿਅਕ, ਨੀਲੀ ਭੂਰੀ ਠੋਡੀ ਵਾਲਾ, ਜੋ ਹਰ ਗੱਲ ਵਿਚ ਸੇਵਾ ਲਈ ਤੱਤਪਰ ਸੀ, ਆਪਣੇ ਚੰਗੇ ਸੁਭਾਵ ਕਾਰਣ ਨਖ਼ਲਿਊਦੌਫ਼ ਨੂੰ ਚੰਗਾ ਲੱਗਾ, ਪਰ ਸਭ ਤੋਂ ਚੰਗਾ ਉਸ ਨੂੰ ਲੱਗਾ ਉਹ ਮੋਹਕ ਨੌਜਵਾਨ ਜੋੜ; ਜਨਰਲ ਦੀ ਧੀ ਤੇ ਜਵਾਈ, ਲੜਕੀ ਇਕ ਸਾਦ-ਮੁਰਾਦੀ ਸਰਲਸੁਭਾ ਯੁਵਤੀ ਸੀ ਜੋ ਆਪਣੇ ਪਹਿਲੇ ਦੋ ਬੱਚਿਆਂ ਵਿਚ ਪੂਰੀ ਪੂਰੀ ਰਖੀ-ਖਚੀ ਹੋਈ ਸੀ। ਉਸ ਦਾ ਪਤੀ ਜਿਸ ਉੱਤੇ ਮੋਹਿਤ ਹੋ ਕੇ ਤੇ ਆਪਣੇ ਮਾਪਿਆਂ ਨਾਲ ਲੰਮੇ ਸੰਘਰਸ਼ ਉਪਰੰਤ ਉਸ ਨਾਲ ਵਿਆਹ ਕਰਵਾਇਆ ਸੀ, ਇਕ

ਉਦਾਰਵਾਦੀ ਸੀ, ਮਾਸਕੋ ਯੂਨੀਵਰਸਿਟੀ ਦਾ ਸਨਾਤਕ ਸੀ। ਇਕ ਸੰਗਾਊ ਤੇ ਬੁੱਧੀਜੀਵੀ ਨੌਜਵਾਨ, ਉਹ ਰਾਜ ਸੇਵਾ ਵਿੱਚ ਲੱਗਾ ਹੋਇਆ ਸੀ। ਇਕ ਸੀ ਅੰਕੜਿਆਂ ਵਿਚ ਰੁੱਝਾ, ਖਾਸ ਕਰਕੇ ਇਕ ਦੇਸੀ ਗੁਣ ਵਿਚ ਰੁਚਿਤ, ਜਿਨ੍ਹਾਂ ਦਾ ਉਹ ਅਧਿਐਨ ਕਰਦਾ ਤੇ ਹਿੱਤ ਰੱਖਦਾ ਤੇ ਖ਼ਤਮ ਹੋ ਜਾਣ ਤੋਂ ਬਚਾਣ ਵਿਚ ਯਤਨਸ਼ੀਲ ਸੀ।

ਇਹ ਸਾਰੇ ਲੋਕ ਨਖ਼ਲਿਊਦੌਫ਼ ਵੱਲ ਕਿਰਪਾ, ਭਾਵ-ਨਾਲ ਧਿਆਨ ਹੀ ਨਹੀਂ ਦੇ ਰਹੇ ਸਨ, ਸਗੋਂ ਇਕ ਨਵੇਂ ਜਾਣੂ ਦੇ ਰੂਪ ਵਿਚ ਇਸ ਨੂੰ ਮਿਲ ਕੇ ਪ੍ਰਤੱਖ ਖ਼ੁਸ਼ ਜਾਪਦੇ ਸਨ। ਜਨਰਲ ਖਾਣੇ ਉੱਤੇ ਵਰਦੀ ਪਾਈ ਤੇ ਉੱਤੇ ਚਿੱਟੀ ਸੂਲੀ ਲਗਾਈ ਆਇਆ। ਉਸ ਨੇ ਨਖ਼ਲਿਊਦੌਫ਼ ਦਾ ਸਤਿਕਾਰ ਇਸ ਤਰ੍ਹਾਂ ਕੀਤਾ ਜਿਵੇਂ ਕਿਸੇ ਮਿੱਤਰ ਦਾ ਕਰੀਦਾ ਹੈ, ਤੇ ਪ੍ਰਾਹੁਣਿਆਂ ਨੂੰ ਘਰ ਦੇ ਮਦਰਾ-ਪਬ ਉੱਤੇ ਵੋਦਕਾ ਜਾ ਹੋਰ ਕੁਝ ਭੁੱਖ ਵਧਾਣ ਲਈ ਪੀਣ ਲਈ ਲੈ ਗਿਆ। ਉਸ ਨੇ ਨਖ਼ਲਿਊਦੌਫ਼ ਨੂੰ ਪੁੱਛਿਆ ਸਵੇਰੇ ਉਸ ਪਾਸੋਂ ਜਾਣ ਤੋਂ ਪਿੱਛੋਂ ਉਹ ਕੀ ਕਰਦਾ ਰਿਹਾ ਸੀ। ਨਖ਼ਲਿਊਦੌਫ਼ ਨੇ ਦੱਸਿਆ ਕਿ ਉਹ ਡਾਕਖਾਨੇ ਗਿਆ ਸੀ, ਤੇ ਉਸ ਨੂੰ ਖ਼ਬਰ ਮਿਲੀ ਸੀ ਕਿ ਉਸ ਵਿਅਕਤੀ ਦੀ, ਜਿਸ ਬਾਰੇ ਉਸ ਨੇ ਸਵੇਰੇ ਗੱਲ ਕੀਤੀ ਸੀ, ਸਜ਼ਾ ਘਟਾ ਦਿੱਤੀ ਜਾਵੇਗੀ, ਤੇ ਉਸ ਨੇ ਫਿਰ ਕੈਦਖ਼ਾਨੇ ਜਾਣ ਦੀ ਆਗਿਆ ਮੰਗੀ।

ਜਨਰਲ ਨੂੰ ਚੰਗਾ ਨਾ ਲੱਗਾ ਕਿ ਖਾਣੇ ਉੱਤੇ ਵੀ ਵਿਵਹਾਰ ਦੀ ਗੱਲ ਕੀਤੀ ਜਾਵੇ, ਤੇ ਉਹ ਤਿਊੜੀ ਪਾ ਕੇ ਚੁੱਪ ਹੋ ਰਿਹਾ।

"ਇਕ ਗਲਾਸ ਵੋਦਕਾ ਦਾ ਲਵੋ" ਉਸ ਨੇ ਅੰਗਰੇਜ਼ ਨੂੰ, ਜੋ ਉਸੇ ਪਲ ਮੇਜ਼ ਉੱਤੇ ਆਇਆ ਸੀ, ਸੰਬੋਧਨ ਕਰਕੇ ਕਿਹਾ।

ਅੰਗਰੇਜ਼ ਨੇ ਇਕ ਗਲਾਸ ਚੁੱਕਿਆ ਤੇ ਆਖਿਆ ਕਿ ਉਹ ਗਿਰਜਾ, ਕਿਲ੍ਹਾ ਤੇ ਕਾਰਖ਼ਾਨਾ ਵੇਖ ਕੇ ਆ ਰਿਹਾ ਸੀ, ਤੇ ਵੱਡਾ ਪਰਵਾਸੀ ਕੈਦਖ਼ਾਨਾ ਵੇਖਣਾ ਚਾਹੁੰਦਾ ਸੀ।

"ਉਹ ! ਇਹ ਨਾਲ ਹੀ ਹੋ ਜਾਵੇਗਾ," ਜਨਰਲ ਨੇ ਨਖ਼ਲਿਊਦੌਫ਼ ਨੂੰ ਆਖਿਆ, "ਤੁਸੀਂ ਦੋਵੇਂ ਇਕੱਠੇ ਚਲੇ ਜਾਣਾ" ਤੇ ਆਪਣੇ ਅੰਗ-ਰੱਖਿਅਕ ਵਲ ਮੁੜ ਕੇ ਉਸ ਨੇ ਕਿਹਾ, "ਇਨ੍ਹਾਂ ਨੂੰ ਪਾਸ ਦੇ ਦਿਓ।"

"ਇਹ ਕਿਸ ਵੇਲੇ ਜਾਣਾ ਚਾਹੁਣਗੇ ?" ਨਖ਼ਲਿਊਦੌਫ਼ ਨੇ ਪੁੱਛਿਆ।

"ਮੈਂ, ਕੈਦਖਾਨੇ ਸ਼ਾਮ ਨੂੰ ਵੇਖਣਾ ਪਸੰਦ ਕਰਦਾ ਹਾਂ।" ਅੰਗਰੇਜ਼ ਬੋਲਿਆ। "ਸਾਰੇ ਅੰਦਰ ਹੁੰਦੇ ਹਨ, ਤੇ ਕੋਈ ਤਿਆਰੀ ਨਹੀਂ ਕਰਨੀ ਪੈਂਦੀ, ਤੁਸੀਂ ਸਾਰਿਆਂ ਨੂੰ ਜਿਵੇਂ ਉਹ ਬੈਠੇ ਖੜੇ ਹੁੰਦੇ ਹਨ, ਵੇਖ ਸਕਦੇ ਹੋ।"

"ਆਹਾ !" ਇਹ ਕੈਦਖਾਨੇ ਨੂੰ ਸਾਰੀ ਸ਼ਾਨ ਸ਼ੌਕਤ ਵਿਚ ਵੇਖਣਾ ਚਾਹੁੰਦੇ ਹਨ ? "ਸ਼ੌਕ ਨਾਲ ਵੇਖਣਾ, ਮੈਂ ਇਸ ਬਾਰੇ ਕਈ ਵਾਰੀ ਲਿਖਿਆ ਹੈ, ਪਰ ਉਹ ਕੋਈ, ਧਿਆਨ ਨਹੀਂ ਦੇਂਦੇ। ਇਸ ਲਈ ਵਿਦੇਸ਼ੀ ਅਖ਼ਬਾਰਾਂ ਵਿਚੋਂ ਹੀ ਉਨ੍ਹਾਂ ਨੂੰ ਪੜ੍ਹਨ ਦਿਓ।" ਜਨਰਲ ਬੋਲਿਆ, ਤੇ ਖਾਣੇ" ਦੇ ਮੇਜ਼ ਵੱਲ ਚਲਾ ਗਿਆ, ਜਿੱਥੇ ਘਰ ਦੀ ਸੁਆਣੀ ਪਰਾਹੁਣਿਆਂ ਨੂੰ ਉਨ੍ਹਾਂ ਦੀਆਂ ਥਾਵਾਂ ਉੱਤੇ ਬਿਠਾ ਰਹੀ ਸੀ।

ਨਖ਼ਲਿਊਦੌਫ਼ ਸੁਆਣੀ ਤੇ ਅੰਗਰੇਜ਼ ਦੇ ਵਿਚਕਾਰ ਬੈਠਾ ਸੀ। ਉਸ ਦੇ ਸਾਮ੍ਹਣੇ ਜਨਰਲ ਦੀ ਧੀ ਤੇ ਉਹ ਪੁਰਾਣਾ ਵਿਭਾਗ ਨਿਰਦੇਸ਼ਕ ਸਨ। ਖਾਣੇ ਸਮੇਂ ਗੱਲਬਾਤ ਫੁਟ ਫੁਟ ਕੇ ਹੋ ਰਹੀ ਸੀ, ਕਦੀ ਉਹ ਅੰਗਰੇਜ਼ ਭਾਰਤ ਬਾਰੇ ਦੱਸ ਰਿਹਾ ਸੀ, ਕਦੀ ਤਾਂਕਿਨ ਦੀ ਮੁਹਿੰਮ ਬਾਰੇ ਗੱਲਬਾਤ ਹੁੰਦੀ, ਜਿਸ ਮੁਹਿੰਮ ਦੀ ਜਨਰਲ ਬੜੀ ਕਰੜੀ ਨਿਖੇਧੀ ਕਰਦਾ ਸੀ, ਕਦੀ ਸਾਇਬੇਰੀਆ ਵਿਚ ਵਿਆਪਕ ਵੱਢੀ ਤੇ ਭ੍ਰਿਸ਼ਟਾਚਾਰ ਬਾਰੇ।

ਪਰ ਖਾਣੇ ਤੋਂ ਪਿੱਛੋਂ ਨਖ਼ਲਿਊਦੌਫ਼, ਉਹ ਅੰਗਰੇਜ਼ ਤੇ ਜਨਰਲ ਦੀ ਸੁਆਣੀ ਗਲੈਡਸਨ ਬਾਰੇ ਬੜੀਆਂ ਸੁਆਦਲੀਆਂ ਗੱਲਾਂ ਕਰਨ ਲੱਗੇ, ਤੇ ਨਖ਼ਲਿਊਦੌਫ਼ ਨੂੰ ਪ੍ਰਤੀਤ ਹੋਇਆ ਜਿਵੇਂ ਉਹ ਬੜੀਆਂ ਚਤੁਰ ਗੱਲਾਂ ਆਖ ਰਿਹਾ ਸੀ ਜਿਨ੍ਹਾਂ ਨੂੰ ਉਸ ਨਾਲ ਗੱਲ ਕਰਨ ਵਾਲੇ ਧਿਆਨ ਨਾਲ ਜਾਂਚ ਰਹੇ ਸਨ। ਚੰਗੇ ਖਾਣੇ ਤੇ ਚੰਗੀ ਸ਼ਰਾਬ ਪਿੱਛੋਂ ਮਿਲਨਸਾਰ, ਸੁਸ਼ੀਲ ਲੋਕਾ ਵਿਚਕਾਰ ਆਰਾਮ ਕੁਰਸੀ ਵਿਚ ਬੈਠ ਕੇ ਕਾਫ਼ੀ ਪੀਣਾ ਉਸ ਨੂੰ ਵਧੇਰੇ ਤੋਂ ਵਧੇਰੇ ਖ਼ੁਸ਼ਗਵਾਰ ਮਹਿਸੂਸ ਹੋ ਰਿਹਾ ਸੀ, ਤੇ ਜਦੋਂ ਉਸ ਅੰਗਰੇਜ਼ ਦੀ ਬੇਨਤੀ ਉੱਤੇ ਘਰ ਦੀ ਸੁਆਣੀ ਤੇ ਭੂਤ-ਪੂਰਵ ਵਿਭਾਗ ਨਿਰਦੇਸ਼ਕ ਪਿਆਨੋ ਉਤੇ ਜਾ ਕੇ ਇਕ ਅਭਿਆਸ ਕ੍ਰਿਤ ਢੰਗ ਨਾਲ ਬੀਥੋਵਨ ਦਾ ਪੰਜਵਾਂ ਸੁਰਤਾਲ ਵਜਾਣ ਲੱਗੇ ਤਾਂ ਨਖ਼ਲਿਊਦੌਫ਼ ਨੂੰ ਉਸ ਸੰਪੂਰਣ ਆਤਮ-ਸੰਤੋਸ਼ ਦਾ ਅਨੁਭਵ ਹੋਇਆ ਜਿਸ ਤੋਂ ਉਹ ਬਹੁਤ ਚਿਰ ਵਾਂਝਾ ਰਿਹਾ ਸੀ, ਜਿਵੇਂ ਉਸ ਨੂੰ ਹੁਣੇ ਪਤਾ ਲੱਗਾ ਹੋਵੇ ਕਿ ਉਹ ਕਿੱਡਾ ਚੰਗਾ ਆਦਮੀ ਸੀ।

ਵੱਡਾ ਪਿਆਨੋ ਇਕ ਸ਼ਾਨਦਾਰ ਵਾਜਾ ਸੀ, ਤੇ ਸੁਰਤਾਲ ਬਹੁਤ ਚੰਗੀ ਤਰ੍ਹਾਂ ਵਜਾਇਆ ਗਿਆ ਸੀ। ਘੱਟੋ ਘੱਟ ਨਖ਼ਲਿਊਦੌਫ਼ ਨੂੰ ਇਉਂ ਜਾਪਿਆ। ਉਹ ਉਸ ਸੁਰਤਾਲ ਨੂੰ ਜਾਣਦਾ ਤੇ ਪਸੰਦ ਕਰਦਾ ਸੀ। ਇਸ ਸੁੰਦਰ ਵਾਦਨ ਨੂੰ ਸੁਣ ਕੇ ਉਸ ਨੂੰ ਨੱਕ ਵਿਚ ਜਲੂਨ ਜੇਹੀ ਹੋਈ, ਉਹ ਆਪਣੇ ਸ਼ੁਭ ਗੁਣਾਂ ਤੋਂ ਬਹੁਤ ਪ੍ਰਭਾਵਤ ਹੋਇਆ।

ਨਖ਼ਲਿਊਦੌਫ਼ ਨੇ ਉਸ ਆਨੰਦ ਲਈ, ਜਿਸ ਤੋਂ ਉਹ ਇਤਨਾ ਚਿਰ ਵਾਂਝਾ ਰਿਹਾ ਸੀ, ਘਰ ਦੀ ਸੁਆਣੀ ਦਾ ਧੰਨਵਾਦ ਕੀਤਾ, ਤੇ ਨਮਸਕਾਰ ਕਹਿ ਕੇ ਜਾਣ ਹੀ ਲੱਗਾ ਸੀ ਕਿ ਘਰ ਦੀ ਧੀ ਉਸ ਵੱਲ ਇੱਕ ਦ੍ਰਿੜ ਭਾਵ ਨਾਲ ਆਈ, ਤੇ ਲੱਜਾ ਨਾਲ ਲਾਲ ਹੋ ਕੇ ਆਖਣ ਲੱਗੀ :

"ਤੁਸੀਂ ਬੱਚਿਆ ਬਾਰੇ ਪੁੱਛਦੇ ਸੋ ਤੁਸੀਂ ਉਨ੍ਹਾਂ ਨੂੰ ਵੇਖਣਾ ਪਸੰਦ ਕਰੋਗੇ ?"

"ਇਹ ਸਮਝਦੀ ਹੈ ਹਰ ਕੋਈ ਇਸ ਦੇ ਬੱਚਿਆਂ ਨੂੰ ਵੇਖਣਾ ਚਾਹੁੰਦਾ ਹੈ।" ਉਸ ਦੀ ਮਾਂ ਆਪਣੀ ਧੀ ਦੇ ਮੋਹਕ ਭੋਲ-ਪਣ ਉੱਤੇ ਮੁਸਕਰਾਂਦੀ ਬੋਲੀ, "ਰਾਜਕੁਮਾਰ ਨੂੰ ਇਸ ਵਿਚ ਕੋਈ ਦਿਲਚਸਪੀ ਨਹੀਂ।"

"ਨਹੀਂ, ਸਗੋਂ ਮੈਂ ਬਹੁਤ ਉਤਸੁਕ ਹਾਂ," ਨਖ਼ਲਿਊਦੌਫ਼ ਇਸ ਡਲ ਡਲ ਪੈਂਦੀ, ਆਨੰਦਿਤ ਮਮਤਾ ਤੋਂ ਪ੍ਰਭਾਵਿਤ ਹੋ ਕੇ ਕਹਿਣ ਲੱਗਾ, "ਕਿਰਪਾ ਕਰਕੇ ਮੈਨੂੰ ਉਨ੍ਹਾਂ ਕੋਲ ਲੈ ਚੱਲੋ।"

"ਇਹ ਰਾਜਕੁਮਾਰ ਨੂੰ ਆਪਣੇ ਬੱਚੇ ਵੇਖਣ ਲਈ ਲਿਜਾ ਰਹੀ ਸੀ।" ਜਨਰਲ, ਤਾਸ਼ ਦੀ ਚੌਕੀ ਤੋਂ ਹੱਸ ਕੇ ਉਚੀ ਸਾਰੀ ਬੋਲਿਆ, ਜਿਥੇ ਉਹ ਆਪਣੇ ਜੁਆਈ, ਸੋਨੇ ਦੇ ਖਾਣਕਾਰ, ਤੇ ਅੰਗ-ਰੱਖਿਅਕ ਨਾਲ ਬੈਠਾ ਸੀ। "ਜਾਓ, ਜਾਓ, ਆਪਣਾ ਕਰ ਚੁਕਾਓ।"

ਯੁਵਤੀ ਇਸ ਵਿਚਾਰ ਨਾਲ ਉਤਾਵਲੀ ਹੋਈ ਕਿ ਉਸ ਦੇ ਬੱਚਿਆਂ ਬਾਰੇ ਕੋਈ ਨਿਰਣਾ ਹੋਣ ਲੱਗਾ ਸੀ, ਛੇਤੀ ਨਾਲ ਨਖ਼ਲਿਊਦੌਫ਼ ਨੂੰ ਅੰਦਰ ਦੇ ਕਮਰਿਆਂ ਵਿਚ ਲੈ ਗਈ। ਤੀਜੇ ਕਮਰੇ ਵਿਚ ਜੋ ਬਹੁਤ ਉੱਚਾ ਸੀ, ਤੇ ਜਿਸ ਦੀਆਂ ਕੰਧਾਂ ਉੱਤੇ ਚਿੱਟਾ ਕਾਗਜ਼ ਲੱਗਾ ਹੋਇਆ ਸੀ, ਸਾਈਡ ਵਾਲਾ ਲੰਪ ਜਗ ਰਿਹਾ ਸੀ, ਦੇ ਪੰਘੂੜੇ ਪਏ ਸਨ, ਜਿਨ੍ਹਾਂ ਵਿਚਕਾਰ ਚਿੱਟਾ ਸਿਰਪੋਸ਼ ਲਈ ਇਕ ਨਰਸ ਬੈਠੀ ਸੀ। ਉਸ ਦਾ ਮੁਖੜਾ ਕੋਮਲ ਤੇ ਸਾਇਬੇਰੀਅਨ ਰੂਪ, ਉੱਭਰਵੀਆਂ ਹੱਡੀਆਂ ਵਾਲਾ ਸੀ, ਉਸ ਨੇ ਉੱਠ ਕੇ ਨਮਸਕਾਰ

ਕੀਤੀ, ਮਾਂ ਪਹਿਲੇ ਪੰਘੂੜੇ ਉੱਤੇ ਝੁਕ ਗਈ, ਜਿਸ ਵਿਚ ਇਕ ਦੋ ਵਰ੍ਹੇ ਦੀ ਲੜਕੀ ਸ਼ਾਂਤ ਸੁਤੀ ਪਈ ਸੀ, ਉਸ ਦਾ ਨਿੱਕਾ ਜੇਹਾ ਮੂੰਹ ਖੁਲ੍ਹਾ ਹੋਇਆ ਤੇ ਲੰਮੇ ਲੱਛੇਦਾਰ ਵਾਲ ਸਿਰਾਣੇ ਉੱਤੇ ਖਿਲਰੇ ਹੋਏ ਸਨ।

"ਇਹ ਕਾਤੀ ਹੈ," ਮਾਂ, ਚਿੱਟੇ ਤੇ ਨੀਲੇ ਕਰੋਸ਼ੀਏ ਦੇ ਕੰਮ ਵਾਲੇ ਓੜ੍ਹਨ ਨੂੰ, ਜਿਸ, ਵਿਚੋਂ ਇਕ ਨਿੱਕਾ ਜੇਹਾ ਚਿੱਟਾ ਪੈਰ 'ਬਾਹਰ ਨਿਕਲਿਆ ਹੋਇਆ ਸੀ, ਸਿੱਧਾ ਕਰ ਕੇ ਬੋਲੀ :

"ਸੁਹਣੀ ਹੈ ਨਾ ਇਹ ? ਵੇਖੋ, ਇਹ ਕੇਵਲ ਦੋ ਵਰ੍ਹੇ ਦੀ ਹੈ।"

"ਮੋਹਿਨੀ !"

"ਤੇ ਇਹ ਵਾਸੂਕ ਹੈ, ਨਾਨਾ ਜੀ ਇਸ ਨੂੰ ਇਸੇ ਨਾਮ ਨਾਲ ਬੁਲਾਂਦੇ ਨੇ। ਬਿਲਕੁਲ ਵੱਖਰੇ ਰੂਪ ਵਾਲਾ। ਇਕ ਸਾਇਬੇਰੀਅਨ, ਨਹੀਂ ?"

"ਬਹੁਤ ਖ਼ੂਬਸੂਰਤ ਲੜਕਾ ਹੈ ਇਹ !" ਨਖ਼ਲਿਊਦੌਫ਼ ਨੇ ਨਿੱਕੇ ਜਿਹੇ ਮੋਟੇ ਗੁਦਗੁਦੇ ਬੱਚੇ ਵੱਲ ਵੇਖ ਕੇ, ਜੋ ਪੇਟ ਦੇ ਭਾਰ ਸੁੱਤਾ ਪਿਆ ਸੀ, ਆਖਿਆ।

"ਹਾਂ," ਉਸ ਦੀ ਮਾਂ, ਇਕ ਮਾਣ ਭਰੀ ਆਨੰਦਿਤ ਮੁਸਕਾਣ ਨਾਲ, ਬੋਲੀ।

ਨਖ਼ਲਿਊਦੌਫ਼ ਨੂੰ ਯਾਦ ਆਇਆ, ਜ਼ੰਜੀਰਾਂ, ਮੁੰਨੇ ਸਿਰ, ਲੜਾਈ ਝਗੜੇ, ਵਿਭਚਾਰ, ਮਰ ਰਿਹਾ ਕ੍ਰਿਲਤਸੋਫ਼, ਕਤੂਸ਼ਾਂ ਤੇ ਉਸ ਦਾ ਸਾਰਾ ਬੀਤਿਆ ਜੀਵਨ; ਤੇ ਉਸ ਨੇ ਇਕ ਲਾਲਸਾ ਜਿਹੀ ਅਨੁਭਵ ਕੀਤੀ, ਇਕ ਤ੍ਰਿਸ਼ਨਾ ਉਸ ਲਈ ਜੋ ਉਹ ਇਥੇ ਵੇਖ ਰਿਹਾ ਸੀ, ਤੇ ਜੋ ਉਸ ਨੂੰ ਹੁਣ ਨਿਰਮਲ, ਸੁੱਚਾ ਸੁਖ ਪ੍ਰਤੀਤ ਹੁੰਦਾ ਸੀ।

ਮੁੜ ਮੁੜ ਬੱਚਿਆ ਦੀ ਸ਼ਲਾਘਾ ਕਰਦਾ, ਜਿਸ ਨਾਲ ਉਨ੍ਹਾਂ ਦੀ ਮਾਂ ਦੀ, ਜੋ ਇਸ ਨੂੰ ਬੜੀ ਚਾਹ ਨਾਲ ਸੁਣ ਰਹੀ ਸੀ, ਕੁਝ ਨਾ ਕੁਝ ਤਸੱਲੀ ਕਰਵਾਂਦਾ, ਨਖ਼ਲਿਊਦੌਫ਼ ਉਸ ਦੇ ਪਿੱਛੇ ਪਿੱਛੇ ਗੋਲ ਕਮਰੇ ਵਿਚ ਆ ਗਿਆ, ਜਿਥੇ ਉਹ ਅੰਗਰੇਜ਼ ਉਸ ਉਡੀਕ ਵਿਚ ਬੈਠਾ ਸੀ। ਉਨ੍ਹਾਂ ਨੇ ਜਿਵੇਂ ਪ੍ਰਬੰਧ ਕੀਤਾ ਸੀ, ਕੈਦਖਾਨਾ ਵੇਖਣ ਜਾਣਾ ਸੀ। ਆਪਣੇ ਮੇਜ਼ਬਾਨਾਂ, ਬਿਰਧ ਤੇ ਜਵਾਨ ਪਾਸੋਂ ਛੁੱਟੀ ਲੈ ਕੇ ਉਹ ਅੰਗਰੇਜ਼ ਤੇ ਨਖ਼ਲਿਊਦੌਫ਼ ਬਾਹਰ ਘਰ ਦੀ ਡਿਉਢੀ ਵਿਚ ਆ ਗਏ।

ਮੌਸਮ ਬਦਲ ਚੁੱਕਾ ਸੀ, ਵੱਡੇ ਵੱਡੇ ਫੁੱਟਾਂ ਵਿਚ ਭਾਰੀ ਬਰਫ਼ ਪੈ ਰਹੀ ਸੀ। ਹੁਣੇ ਹੀ ਸੜਕ, ਛੱਤਾਂ, ਬਾਗ਼ ਵਿਚ ਰੁੱਖ, ਡਿਉਢੀ ਦੀਆਂ ਪੌੜੀਆਂ, ਬੱਘੀ ਦਾ ਟੱਪ ਤੇ ਘੋੜੇ ਦੀ ਪਿੱਠ ਬਰਫ਼ ਨਾਲ ਭਰ ਗਏ ਸਨ।

ਅੰਗਰੇਜ਼ ਪਾਸ ਆਪਣੀ ਵੱਖਰੀ ਬੱਘੀ ਸੀ, ਤੇ ਉਸ ਦੇ ਕੋਚਵਾਨ ਨੂੰ ਕੈਦਖਾਨੇ ਵੱਲ ਚੱਲਣ ਲਈ ਆਖ ਕੇ, ਨਖ਼ਲਿਊਦੌਫ਼ ਨੇ ਆਪਣੀ ਬੱਘੀ ਸੱਦ ਲਈ, ਤੇ ਇਕੱਲਾ ਇਸ ਵਿਚ ਚੜ੍ਹ ਬੈਠਾ। ਤੇ ਮਨ ਵਿਚ ਇਕ ਅਣਭਾਣੇ ਕਰਤੱਵ ਦਾ ਭਾਰ ਮਹਿਸੂਸ ਕਰਦਾ, ਉਹ ਅੰਗਰੇਜ਼ ਦੇ ਪਿੱਛੇ ਹੋ ਗਿਆ। ਕੂਲੀ ਕੂਲੀ ਬਰਫ਼ ਵਿਚ ਉਸ ਦੀ ਬੱਘੀ ਦੇ ਪਹੀਏ ਬੜੀ ਮੁਸ਼ਕਲ ਨਾਲ ਚਲ ਰਹੇ ਸਨ।

-0-

25

ਕੈਦਖ਼ਾਨੇ ਦੀ ਉਦਾਸ ਇਮਾਰਤ, ਆਪਣੇ ਸੰਤਰੀ, ਤੇ ਦਰਵਾਜ਼ੇ ਵਿਚ ਜਗਦੇ ਲੰਪ ਸਹਿਤ, ਚਾਨਣੀਆਂ ਬਾਰੀਆਂ ਦੀ ਲੰਮੀ ਪੀਂਜ ਨਾਲ, ਉਸ ਸਵੱਛ ਚਿੱਟੇ ਓੜ੍ਹਨ ਦੇ ਹੁੰਦੇ ਹੋਏ ਵੀ, ਜੋ ਹਰ ਸ਼ੈ ਡਿਉਢੀ, ਛੱਤ ਤੇ ਕੰਧਾਂ ਉੱਤੇ ਪਿਆ ਹੋਇਆ ਸੀ, ਸਵੇਰ ਨਾਲੋਂ ਵੀ ਵਧੇਰੇ ਉਦਾਸੀ ਭੱਰਿਆ ਪ੍ਰਭਾਵ ਉਤਪੰਨ ਕਰ ਰਹੀ ਸੀ।

ਰੋਅਬੀਲਾ ਨਿਰੀਖਕ ਬਾਹਰ ਦਰਵਾਜ਼ੇ ਵਿਚ ਆਇਆ। ਉਸ ਨੇ ਲੰਪ ਦੇ ਚਾਨਣ ਵਿਚ ਨਖ਼ਲਿਊਦੋਂਫ਼ ਤੇ ਉਸ ਅੰਗਰੇਜ਼ ਨੂੰ ਮਿਲਿਆ ਹੋਇਆ ਪਰਵਾਨਾ ਪੜ੍ਹਿਆ, ਤੇ ਹੈਰਾਨੀ ਨਾਲ ਮੋਢੇ ਫ਼ਰਕਾਏ, ਪਰ ਹੁਕਮ ਦੀ ਪਾਲਣਾ ਕਰਦੇ ਹੋਏ ਉਸ ਨੇ ਆਉਣ ਵਾਲਿਆਂ ਨੂੰ ਉਸ ਦੇ ਪਿੱਛੇ ਅੰਦਰ ਚਲਣ ਲਈ ਆਖਿਆ, ਉਹ ਉਨ੍ਹਾਂ ਨੂੰ ਵਿਹੜੇ ਵਿਚ ਦੀ, ਤੇ ਫਿਰ ਸੱਜੇ ਹੱਥ ਇਕ ਦਰਵਾਜ਼ੇ ਵਿਚੋਂ ਪੌੜੀਆਂ ਚੜ੍ਹਾ ਕੇ ਦਫ਼ਤਰ ਵਿਚ ਲੈ ਗਿਆ। ਉਨ੍ਹਾਂ ਨੂੰ ਕੁਰਸੀਆਂ ਦੇ ਕੇ ਉਸ ਨੇ ਉਨ੍ਹਾਂ ਦੀ ਇੱਛਾ ਪੁੱਛੀ, ਤੇ ਜਦੋਂ ਸੁਣਿਆ ਕਿ ਨਖ਼ਲਿਊਦੋਂਫ਼ ਤੁਰੰਤ ਹੀ ਮਸਲੌਫ਼ਾ ਨੂੰ ਮਿਲਣਾ ਚਾਹੁੰਦਾ ਸੀ, ਉਸ ਨੇ ਉਸ ਨੂੰ ਲਿਆਣ ਲਈ ਇਕ ਕਰਮਚਾਰੀ ਘੱਲ ਦਿੱਤਾ, ਤੇ ਫਿਰ ਉਸ ਨੇ ਉਨ੍ਹਾਂ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਜੋ ਅੰਗਰੇਜ਼ ਨੇ ਉਸ ਤੋਂ ਪੁੱਛਣੇ ਸਨ, ਤਿਆਰੀ ਕੀਤੀ। ਨਖ਼ਲਿਊਦੋਂਫ਼ ਉਨ੍ਹਾਂ ਵਿਚ ਦੁਭਾਸ਼ੀਆ ਸੀ।

"ਕੈਦਖਾਨਾ ਕਿੰਨੇ ਕੈਦੀ ਰੱਖਣ ਲਈ ਬਣਾਇਆ ਗਿਆ ਹੈ?" ਅੰਗਰੇਜ਼ ਨੇ ਪੁੱਛਿਆ। “ਇਸ ਵਿਚ ਕਿੰਨੇ ਕੈਦੀ ਬੰਦ ਹਨ? ਕਿੰਨੇ ਪੁਰਸ਼?.. ਕਿੰਨੀਆਂ ਇਸਤ੍ਰੀਆਂ?...ਬੁੱਢੇ..? ਕਿੰਨਿਆਂ ਨੂੰ ਖਾਣਾਂ ਵਿਚ ਕੰਮ ਕਰਨ ਦੀ ਸਜ਼ਾ ਹੋਈ ਹੈ? ...ਕਿੰਨੇ ਜਲਾਵਤਨ ?.. ਕਿੰਨੇ ਬੀਮਾਰ ?

ਨਖ਼ਲਿਊਦੌਫ਼ ਨੇ ਉਨ੍ਹਾਂ ਦੇ ਅਰਥਾਂ ਵੱਲ ਕੋਈ ਧਿਆਨ ਦੇਣ ਤੋਂ ਬਿਨਾਂ ਅੰਗਰੇਜ਼ ਦੇ ਤੇ ਨਿਰੀਖਕ ਦੇ ਵਾਕਾਂ ਦਾ ਅਨੁਵਾਦ ਕੀਤਾ, ਤੇ ਆਉਣ ਵਾਲੀ ਮੁਲਾਕਾਤ ਬਾਰੇ ਸੋਚਦਿਆਂ ਇਕ ਝਿਜਕ ਮਹਿਸੂਸ ਕੀਤੀ ਜਿਸ ਦਾ ਉਸ ਨੂੰ ਪਹਿਲਾਂ ਬਿਲਕੁਲ ਕੋਈ ਖ਼ਿਆਲ ਨਹੀਂ ਸੀ। ਜਦੋਂ ਇਕ ਵਾਕ ਦੇ ਵਿਚਕਾਰ ਜੋ ਉਹ ਅੰਗਰੇਜ਼ ਲਈ ਉਲਥਾ ਰਿਹਾ ਸੀ, ਉਸ ਦੇ ਨੇੜੇ ਆਉਂਦੇ ਪੈਰ ਦੀ ਚਾਪ ਸੁਣੀ, ਦਫ਼ਤਰ ਦਾ ਦਰਵਾਜ਼ਾ ਖੁਲ੍ਹਾ ਤੇ ਜਿਵੇਂ ਬਹੁਤ ਵਾਰੀ ਪਹਿਲਾਂ ਹੁੰਦਾ ਰਿਹਾ ਸੀ, ਕਤੂਸ਼ਾਂ ਨੂੰ ਪਿੱਛੇ ਲਈ ਇਕ ਕਰਮਚਾਰੀ ਅੰਦਰ ਆਇਆ, ਤੇ ਉਸ ਨੇ ਸਿਰ ਉੱਤੇ ਇਕ ਦੁਪੱਟਾ ਲਪੇਟੀ ਤੇ ਕੈਦੀ ਦੀ ਜਾਕਟ ਪਾਈ ਕਤੂਸ਼ਾਂ ਨੂੰ ਵੇਖਿਆ, ਤਾਂ ਉਸ ਦੇ ਉੱਤੇ ਇਕ ਭਾਰੀ ਸਨਸਨੀ ਵਰਤ ਗਈ।

"ਮੈਂ ਜੀਉਣਾ ਚਾਹੁੰਦਾ ਹਾਂ, ਇਕ ਪਰਿਵਾਰ, ਸੰਤਾਨ, ਇਕ ਮਨੁੱਖੀ ਜੀਵਨ ਮੰਗਦਾ ਹਾਂ।" ਇਹ ਖ਼ਿਆਲ ਉਸ ਦੇ ਮਨ ਵਿਚ ਲਿਸ਼ਕ ਵਾਕਰ ਚਮਕੇ ਜਦੋਂ ਕਤੂਸ਼ਾਂ, ਨੀਵੀਆਂ ਅੱਖਾਂ ਤੇ ਤਿੱਖੇ ਕਦਮਾਂ ਨਾਲ ਕਮਰੇ ਵਿਚ ਵੜੀ।

ਉਹ ਉੱਠਿਆ ਤੇ ਉਸ ਨੂੰ ਮਿਲਣ ਲਈ ਕੁਝ ਕਦਮ ਅੱਗੇ ਹੋਇਆ, ਤੇ ਕਤੂਸ਼ਾਂ ਦਾ ਚੇਹਰਾ ਉਸਨੂੰ ਕਠੋਰ ਤੇ ਅਸੁਖਾਵਾਂ ਪ੍ਰਤੀਤ ਹੋਇਆ। ਉਸੇ ਤਰ੍ਹਾਂ ਜਿਵੇਂ ਪਹਿਲਾਂ ਹੋਇਆ ਸੀ, ਜਦੋਂ ਕਤੂਸ਼ਾਂ ਨੇ ਉਸ ਨੂੰ ਝਾੜ ਪਾਈ ਸੀ। ਉਹ ਲਾਲ ਹੋ ਕੇ ਪੀਲੀ ਹੋ ਗਈ, ਤੇ ਕੰਬਦੀਆਂ ਉਂਗਲਾਂ ਨਾਲ ਆਪਣੀ ਜਾਕਟ ਦੀ ਕੰਨੀ ਨੂੰ ਮਰੋੜਨ ਲੱਗੀ, ਫਿਰ ਅੱਖਾਂ ਚੁੱਕ ਕੇ ਉਸ ਨੇ ਉਸ ਵੱਲ ਤੱਕਿਆ ਤੇ ਫਿਰ ਨੀਵੀਂ ਪਾ ਲਈ।

"ਤੈਨੂੰ ਪਤਾ ਹੈ ਸਜ਼ਾ ਦੀ ਕਟੌਤੀ ਹੋ ਗਈ ਹੈ ?"

"ਹਾਂ, ਕਰਮਚਾਰੀ ਨੇ ਮੈਨੂੰ ਦੱਸਿਆ ਹੈ।"

"ਇਸ ਲਈ ਜਦੋਂ ਹੀ ਅਸਲੀ ਚਿੱਠੀ ਆ ਜਾਂਦੀ ਹੈ, ਤੁਸੀਂ ਬਾਹਰ ਆ ਕੇ ਫੈਸਲਾ ਕਰਨਾ ਹੈ ਕਿ ਕਿੱਥੇ ਰਹਿਣਾ ਹੈ। ਅਸੀਂ ਸੋਚਾਂਗੇ….."

ਉਸ ਨੇ ਕਾਹਲੀ ਨਾਲ ਉਸ ਦੀ ਗੱਲ ਟੁੱਕ ਕੇ ਆਖਿਆ, "ਮੈਂ ਕੀ ਸੋਚਣਾ ਹੈ ? ਜਿਧਰ ਵਲਾਦੀਮੀਰ ਸਿਮਨਸਨ ਜਾਵੇਗਾ, ਉਧਰ ਮੈਂ ਤੁਰ ਪਵਾਂਗੀ।"

ਇਸ ਘਬਰਾਹਟ ਵਿਚ ਵੀ ਕਤੂਸਾਂ ਨੇ ਅੱਖਾਂ ਚੁੱਕ ਕੇ ਉਸ ਵੱਲ ਦੇਖਿਆ ਤੇ ਇਹ ਸ਼ਬਦ ਸਪੱਸ਼ਟ ਤੇ ਛੇਤੀ ਛੇਤੀ ਉਚਾਰੇ, ਜਿਵੇਂ ਉਸ ਨੇ ਕੁਝ ਕਹਿਣਾ ਸੀ, ਪਹਿਲਾਂ ਹੀ ਸੋਚਿਆ ਹੋਇਆ ਸੀ।

"ਇਹ ਠੀਕ ਹੈ ?"

"ਹਾਂ, ਦਮਿੱਤਰੀ ਈਵਾਨਿਚ, ਤੁਸੀਂ ਜਾਣਦੇ ਹੋ ਉਹ ਮੈਨੂੰ ਆਪਣੇ ਨਾਲ ਰੱਖਣਾ ਚਾਹੁੰਦਾ ਹੈ।" ਉਹ ਰੁਕੀ, ਚੋਖੀ ਡਰੀ ਹੋਈ, ਤੇ ਆਪਣੇ ਸ਼ਬਦ ਬਦਲਾਏ, “ਉਹ ਚਾਹੁੰਦਾ ' ਹੈ ਮੈਂ ਉਸ ਦੇ ਨੇੜੇ ਰਹਾਂ। ਮੈਂ ਹੋਰ ਕਿਸ ਗੱਲ ਦੀ ਆਸ਼ਾ ਕਰ ਸਕਦੀ ਹਾਂ ? ਮੈਨੂੰ ਇਸ ਵਿਚ ਵੱਡਾ ਸੁਖ ਸਮਝਣਾ ਚਾਹੀਦਾ ਹੈ। ਮੇਰੇ ਲਈ ਹੋਰ ਕੀ ਰੱਖਿਆ ਪਿਆ ਹੈ।” ਦੋ ਗੱਲਾਂ ਵਿਚੋਂ ਇਕ।" ਨਖ਼ਲਿਊਦੌਫ਼ ਨੇ ਸੋਚਿਆ, "ਜਾਂ ਇਸ ਨੂੰ ਸਿਮਨਸਨ ਨਾਲ ਪ੍ਰੇਮ ਹੋ ਗਿਆ ਹੈ ਤੇ ਉਸ ਕੁਰਬਾਨੀ ਦੀ ਜ਼ਰਾ ਵੀ ਲੋੜ ਨਹੀਂ ਜੋ ਮੈਂ ਸੋਚਦਾ ਸਾਂ ਮੈਂ ਕਰ ਰਿਹਾ ਸਾਂ, ਤੇ ਜਾਂ ਇਹ ਹਾਲੀ ਵੀ ਪ੍ਰੇਮ ਤਾਂ ਮੈਨੂੰ ਕਰਦੀ ਹੈ, ਪਰ ਮੇਰੀ ਆਪਣੀ ਖਾਤਰ ਮੈਨੂੰ ਅਸਵੀਕਾਰ ਕਰਦੀ ਹੈ ਤੇ, ਸਿਮਨਸਨ ਨਾਲ ਆਪਣਾ ਭਾਗ ਸਾਂਝਾ ਕਰ ਕੇ ਆਪਣੇ ਲਈ ਪਿੱਛੇ ਦਾ ਰਾਹ ਬੰਦ ਕਰਨਾ ਚਾਹੁੰਦੀ ਹੈ।" ਤੇ ਉਸ ਨੇ ਸ਼ਰਮਿੰਦਗੀ ਮਹਿਸੂਸ ਕੀਤੀ ਤੇ ਜਾਣ ਲਿਆ ਕਿ ਉਸ ਦਾ ਮੂੰਹ ਇਸ ਨਾਲ ਲਾਲ ਹੋ ਰਿਹਾ ਸੀ।

"ਤੇ, ਤੁਸੀਂ ਆਪ, ਤੁਸੀਂ ਉਸ ਨੂੰ ਪ੍ਰੇਮ ਕਰਦੇ ਹੋ ?" ਉਸ ਨੇ ਪੁੱਛਿਆ।

"ਪ੍ਰੇਮ ਜਾਂ ਨਾ, ਇਸ ਦਾ ਕੀ ਹੈ ? ਮੈਂ ਇਹ ਸਭ ਕੁਝ ਛੱਡ ਦਿੱਤਾ ਹੋਇਆ ਹੈ। ਤੇ ਫਿਰ ਵਲਾਦੀਮੀਰ ਸਿਮਨਸਨ ਇਕ ਨਿਰਾਲਾ ਪੁਰਸ਼ ਵੀ ਤਾਂ ਹੈ।"

"ਹਾਂ, ਬੇਸ਼ਕ।" ਨਖ਼ਲਿਊਦੌਫ਼ ਕਹਿਣ ਲੱਗਾ, "ਉਹ ਇਕ ਅਨੋਖਾ ਪੁਰਸ਼ ਹੈ, ਤੇ ਮੇਰਾ ਵਿਚਾਰ ਹੈ.....”

ਪਰ ਉਸ ਨੇ ਫਿਰ ਉਸ ਦੀ ਗੱਲ ਟੁੱਕ ਦਿੱਤੀ, ਜਿਵੇਂ ਡਰਦੀ ਹੋਵੇ ਕਿ ਉਹ ਬਹੁਤ ਕੁਝ ਨਾ ਕਹਿ ਦੇਵੇ ਜਾਂ ਆਪ ਸਭ ਕੁਝ ਕਹਿਣਾ ਨਾ ਚਾਹੁੰਦੀ ਹੋਵੇ।

"ਨਹੀਂ, ਦਮਿੱਤਰੀ ਈਵਾਨਿਚ, ਤੇ ਤੁਸੀਂ ਮੈਨੂੰ ਖਿਮਾ ਕਰਨੀ ਹੋਵੇਗੀ ਜੇ ਮੈਂ ਉਹ ਨਹੀਂ ਕਰ ਰਹੀ ਜੋ ਤੁਹਾਡੀ ਇੱਛਾ ਹੈ।" ਤੇ ਉਸ ਨੇ ਨਖ਼ਲਿਊਦੌਫ਼ ਵੱਲ ਆਪਣੀਆਂ ਅਸਗਾਹ ਟੇਢੀਆਂ ਅੱਖਾਂ ਨਾਲ ਤੱਕਿਆ। "ਹਾਂ ਸਪੱਸ਼ਟ ਹੈ, ਇਹ ਇਵੇਂ ਹੋਣਾ ਚਾਹੀਦਾ ਹੈ, ਤੇ ਤੁਸਾਂ ਵੀ ਜੀਉਣਾ ਹੈ।"

ਕਤੂਸ਼ਾਂ ਨੇ ਉਹ ਕੁਝ ਕਿਹਾ ਉਹ ਨਖ਼ਲਿਊਦੌਫ਼ ਆਪ ਕੁਝ ਪਲ ਪਹਿਲਾਂ ਸੋਚ ਰਿਹਾ ਸੀ। ਪਰ ਹੁਣ ਉਹ ਇਸ ਤਰ੍ਹਾਂ ਨਹੀਂ ਸੀ ਸੋਚਦਾ, ਹੁਣ ਉਹ ਬਹੁਤ ਵੱਖਰੀ ਤਰ੍ਹਾਂ ਸੋਚਦਾ ਤੇ ਅਨੁਭਵ ਕਰ ਰਿਹਾ ਸੀ। ਉਹ ਸ਼ਰਮਿੰਦਾ ਹੀ ਨਹੀਂ ਸੀ, ਸਗੋਂ ਉਸ ਸਭ ਕੁਝ ਉੱਤੇ ਸ਼ੋਕਮਾਨ ਸੀ ਜੋ ਉਹ ਕਤੂਸ਼ਾਂ ਦੇ ਨਾਲ ਗਵਾ ਰਿਹਾ ਸੀ।

"ਮੈਨੂੰ ਇਸ ਦੀ ਆਸ ਨਹੀਂ ਸੀ।" ਉਹ ਬੋਲਿਆ।

"ਤੁਸੀਂ ਕਿਉਂ ਇਥੇ ਰਹੋ ਤੇ ਦੁੱਖ ਝੇਲੇ ? ਤੁਸਾਂ ਅੱਗੇ ਹੀ ਬਹੁਤ ਦੁੱਖ ਝੱਲਿਆਂ ਹੈ।" ਉਹ ਬੋਲੀ ਤੇ ਮੁਸਕਰਾਈ।

"ਮੈਂ ਕੋਈ ਦੁੱਖ ਨਹੀਂ ਝੱਲਿਆ। ਇਹ ਮੇਰੇ ਲਈ ਚੰਗਾ ਸੀ, ਤੇ ਜੇ ਮੈਂ ਕਰ ਸਕਾਂ ਤਾਂ ਤੇਰੀ ਸੇਵਾ ਕਰਦਾ ਰਹਿਣਾ ਚਾਹੁੰਦਾ ਹਾਂ।"

"ਅਸੀਂ"..... ਤੇ "ਅਸੀਂ" ਕੁਝ ਨਹੀਂ ਚਾਹੁੰਦੇ। ਅੱਗੇ ਹੀ ਤੁਸਾਂ ਮੇਰੇ ਲਈ ਬਹੁਤ ਕੁਝ ਕੀਤਾ ਹੈ। ਜੇ ਤੁਸੀਂ ਨਾ ਹੁੰਦੇ" ਉਹ ਕੁਝ ਹੋਰ ਕਹਿਣਾ ਚਾਹੁੰਦੀ ਸੀ, ਪਰ ਉਸ ਦਾ ਗਲਾ ਭਰ ਗਿਆ।

"ਤੁਹਾਨੂੰ ਕਿਸੇ ਤਰ੍ਹਾਂ ਵੀ ਮੇਰੇ ਕ੍ਰਿਤੱਗ ਹੋਣ ਦੀ ਲੋੜ ਨਹੀਂ।" ਨਖ਼ਲਿਊਦੌਫ਼ ਨੇ ਕਿਹਾ।

“ਹਿਸਾਬ ਕਰਨ ਦਾ ਕੀ ਲਾਭ ? ਈਸ਼ਵਰ ਸਾਡੇ ਹਿਸਾਬ ਕਰੇਗਾ।" ਉਹ ਬੋਲੀ, ਤੇ ਉਸ ਦੀਆਂ ਕਾਲੀਆਂ ਅੱਖਾਂ ਭਰੇ ਹੰਝੂਆਂ ਨਾਲ ਚਮਕਣ ਲੱਗ ਪਈਆਂ।

"ਤੁਸੀਂ ਕਿੱਡੇ ਚੰਗੇ ਹੋ।" ਉਹ ਬੋਲਿਆ।

"ਮੈਂ ਚੰਗੀ ?" ਉਹ ਆਪਣੇ ਹੰਝੂਆਂ ਵਿਚ ਬੋਲੀ, ਤੇ ਉਸ ਦਾ ਚੇਹਰਾ ਇਕ ਦਰਦਭਰੀ ਮੁਸਕਾਣ ਨਾਲ ਚਮਕ ਪਿਆ।

"ਤੁਸੀਂ ਤਿਆਰ ਹੋ ?" ਅੰਗਰੇਜ਼ ਨੇ ਪੁੱਛਿਆ।

"ਹੁਣੇ," ਨਖ਼ਲਿਊਦੌਫ਼ ਨੇ ਉੱਤਰ ਦਿੱਤਾ ਤੇ ਕਤੂਸ਼ਾਂ ਤੋਂ ਕ੍ਰਿਲਤਸੋਫ਼ ਦਾ ਹਾਲ ਪੁੱਛਿਆ।

ਉਸ ਨੇ ਆਪਣੇ ਮਨ ਉੱਤੇ ਕਾਬੂ ਰਖ ਕੇ ਸ਼ਾਂਤੀ ਨਾਲ ਜੋ ਉਸ ਨੂੰ ਪਤਾ ਸੀ ਦੱਸਿਆ। ਕ੍ਰਿਲਤਸੋਫ ਬਹੁਤ ਕਮਜ਼ੋਰ ਹੋ ਚੁੱਕਾ ਸੀ, ਤੇ ਰੋਗੀ-ਨਿਕੇਤਨ ਵਿਚ ਭੇਜ ਦਿੱਤਾ

ਗਿਆ ਸੀ। ਮੇਰੀ ਪਾਉਲੋਫ਼ਨਾ ਬੜਾ ਫਿਕਰ ਕਰਦੀ ਸੀ ਤੇ ਉਸ ਨੇ ਉੱਥੇ ਨਰਸ ਬਣਕੇ ਰਹਿਣ ਦੀ ਆਗਿਆ ਮੰਗੀ ਸੀ ਜੋ ਮਿਲੀ ਨਹੀਂ ਸੀ।

"ਮੈਂ ਜਾਵਾਂ ?" ਕਤੂਸ਼ਾਂ ਨੇ ਅੰਗਰੇਜ਼ ਨੂੰ ਉਡੀਕਵਾਨ ਵੇਖ ਕੇ ਪੁੱਛਿਆ।

"ਮੈਂ ਵਿਦਾ ਨਹੀਂ ਕਹਿੰਦਾ, ਤੁਹਾਨੂੰ ਫਿਰ ਮਿਲਾਂਗਾ।" ਨਖ਼ਲਿਊਦੌਫ਼ ਨੇ ਆਪਣਾ ਹੱਥ ਉਸ ਵਲ ਵਧ ਕੇ ਆਖਿਆ।

"ਮੈਨੂੰ ਖਿਮਾਂ ਕਰਨਾ," ਉਹ ਬੋਲੀ, ਇਤਨਾ ਧੀਮਾ ਕਿ ਉਹ ਮਸਾਂ ਹੀ ਸੁਣ ਸਕਿਆ ਹੋਵੇਗਾ। ਉਨ੍ਹਾਂ ਦੀਆਂ ਨਜ਼ਰਾਂ ਮਿਲੀਆਂ, ਤੇ ਉਸ ਦੀਆਂ ਟੇਢੀਆਂ ਅੱਖਾਂ ਦੀ ਅਨੋਖੀ ਝਾਕਣੀ ਤੇ ਦਰਦਭਰੀ ਮੁਸਕਾਣ ਤੋਂ ਜਿਸ ਨਾਲ ਉਸ ਨੇ ਵਿਦਾ ਨਹੀਂ "ਮੈਨੂੰ ਖਿਮਾ ਕਰਨਾ" ਆਖਿਆ ਸੀ, ਨਖ਼ਲਿਊਦੌਫ਼ ਨੇ ਸਮਝ ਲਿਆ ਕਿ ਉਨ੍ਹਾਂ ਦੋ ਕਾਰਣਾਂ ਵਿਚੋਂ ਜੋ ਇਸ ਦੇ ਇਸ ਸੰਕਲਪ ਨੂੰ ਉਤਪੰਨ ਕਰ ਸਕਦੇ ਸਨ, ਦੂਜਾ ਅਸਲ ਕਾਰਣ ਸੀ। ਉਹ ਉਸ ਨੂੰ ਪ੍ਰੇਮ ਕਰਦੀ ਸੀ, ਤੇ ਸੋਚਦੀ ਸੀ ਕਿ ਉਸ ਨਾਲ ਜੀਵਨ-ਸਾਂਝ ਪਾ ਕੇ ਉਹ ਉਸ ਦੇ ਜੀਵਨ ਨੂੰ ਵਿਗਾੜ ਦੇਵੇਗੀ। ਸਿਮਨਸਨ ਨਾਲ ਜਾ ਕੇ ਉਹ ਸੋਚਦੀ ਸੀ ਉਹ ਨਖ਼ਲਿਊਦੌਫ਼ ਨੂੰ ਆਜ਼ਾਦ ਕਰ ਦੇਵੇਗੀ। ਤੇ ਉਹ ਖੁਸ਼ ਸੀ ਕਿ ਉਸਨੇ ਉਹ ਕੁਝ ਕੀਤਾ ਜੋ ਉਹ ਕਰਨਾ ਚਾਹੁੰਦੀ ਸੀ, ਪਰ ਤਾਂ ਵੀ ਉਸ ਤੋਂ ਜੁਦਾ ਹੋਣ ਲਗਿਆਂ ਉਸ ਨੂੰ ਦੁੱਖ ਹੋਇਆ ਸੀ।

ਨਖ਼ਲਿਊਦੌਫ਼ ਦਾ ਹੱਥ ਘੁੱਟ ਕੇ ਉਹ ਛੇਤੀ ਨਾਲ ਮੁੜੀ ਤੇ ਕਮਰੇ ਵਿਚੋਂ ਨਿਕਲ ਗਈ।

ਨਖ਼ਲਿਊਦੌਫ਼ ਜਾਣ ਨੂੰ ਤਿਆਰ ਸੀ, ਪਰ ਇਹ ਵੇਖਕੇ ਕਿ ਅੰਗਰੇਜ਼ ਕੁਝ ਲਿਖ ਰਿਹਾ ਸੀ, ਉਸ ਵਿਚ ਵਿਘਨ ਨਾ ਪਾਣ ਲਈ ਉਹ ਕੰਧ ਨਾਲ ਇਕ ਲੱਕੜੀ ਦੇ ਬੈਂਚ ਉੱਤੇ ਬੈਠ ਗਿਆ ਤੇ ਇਕ ਦਮ ਉਸ ਉੱਤੇ ਇਕ ਭਿਆਨਕ ਥਕਾਣ ਆ ਗਈ। ਇਸ ਥਕਾਣ ਦਾ ਕਾਰਣ ਉਨੀਂਦੇ ਦੀ ਰਾਤ ਨਹੀਂ ਸੀ, ਨਾ ਹੀ ਸਫ਼ਰ ਤੇ ਨਾ ਹੀ ਘਬਰਾਹਟ, ਉਹ ਜੀਵਨ ਤੋਂ ਹੀ ਬੁਰੀ ਤਰ੍ਹਾਂ ਥੱਕ ਗਿਆ ਅਨੁਭਵ ਕਰਦਾ ਸੀ। ਉਸ ਨੇ ਬੈਂਚ ਦੀ ਪਿੱਠ ਨਾਲ ਢੋਅ ਲਗਾ ਲਈ, ਅੱਖਾਂ ਮੀਟ ਲਈਆਂ, ਤੇ ਇਕ ਪਲ ਵਿਚ ਉਹ ਡੂੰਘੀ ਭਾਰੀ ਨੀਂਦ ਨਾਲ ਸੌਂ ਗਿਆ।

"ਹਾਂ, ਤੁਸੀਂ ਹੁਣ ਕੋਠੜੀਆਂ ਵੇਖਣਾ ਪਸੰਦ ਕਰੋਗੇ ?" ਨਿਰੀਖਕ ਨੇ ਪੁੱਛਿਆ।

ਨਖ਼ਲਿਊਦੋਂਫ਼ ਉੱਪਰ ਨੂੰ ਝਾਕਿਆ ਤੇ ਆਪਣੇ ਆਪ ਨੂੰ ਇਥੇ ਇਸ ਹਾਲਤ ਵਿਚ ਵੇਖ ਕੇ ਹੈਰਾਨ ਰਹਿ ਗਿਆ। ਅੰਗਰੇਜ਼ ਨੇ ਜੋ ਲਿਖਣਾ ਸੀ ਲਿਖ ਲਿਆ ਸੀ, ਤੇ ਹੁਣ ਕੋਠੜੀਆਂ ਵੇਖਣ ਦੀ ਇੱਛਾ ਕੀਤੀ ਸੀ।

ਨਖ਼ਲਿਊਦੋਂਫ਼, ਥੱਕਿਆ ਟੁੱਟਾ ਤੇ ਬੇਧਿਆਨ ਉਸ ਦੇ ਪਿੱਛੇ ਪਿੱਛੇ ਹੋ ਲਿਆ।

-0-

26

ਡਿਉਢੀ ਤੇ ਘਬਰਾਉ ਪਾਣ ਵਾਲੇ ਗੰਦੇ ਵਰਾਂਡੇ ਵਿਚੋਂ ਲੰਘ ਕੇ, ਜਿਥੇ ਉਹ ਦੋ ਕੈਦੀਆਂ ਨੂੰ ਫਰਸ਼ ਉੱਤੇ ਪੇਸ਼ਾਬ ਕਰਦੇ ਵੇਖ ਕੇ ਹੈਰਾਨ ਰਹਿ ਗਏ, ਉਹ ਅੰਗਰੇਜ਼ ਤੇ ਨਖ਼ਲਿਊਦੌਫ਼, ਨਿਰੀਖਕ ਦੇ ਨਾਲ ਨਾਲ ਪਹਿਲੇ ਵਾਰਡ ਵਿਚ ਪਹੁੰਚੇ, ਜਿਥੇ ਸਖ਼ਤ ਕੈਦ ਦੀ ਸਜ਼ਾ ਵਾਲੇ ਬੰਦੇ ਸਨ। ਕੈਦੀ ਸੌਣ ਵਾਲੇ ਫੱਟਿਆਂ ਉੱਤੇ ਲੇਟ ਚੁੱਕੇ ਸਨ, ਜਿਨ੍ਹਾਂ ਵਾਰਡ ਦਾ ਵਿਚਲਾ ਹਿੱਸਾ ਰੋਕਿਆ ਹੋਇਆ ਸੀ। ਉਹ ਇਕ ਦੂਜੇ ਦੇ ਸਿਰ ਵੱਲ ਤੇ ਪਾਸੇ ਵੱਲ ਲੇਟੇ ਹੋਏ ਸਨ, ਤੇ ਕੋਈ ਸੱਤਰ ਕੁ ਸਨ। ਜਦੋਂ ਇਹ ਆਉਣ ਵਾਲੇ ਅੰਦਰ ਵੜੇ, ਸਾਰੇ ਕੈਦੀ ਕੁੱਦ ਕੇ ਉੱਠੇ ਤੇ ਆਪਣਿਆਂ ਫੱਟਿਆਂ ਦੇ ਬਰਾਬਰ ਖੜੇ ਹੋ ਗਏ; ਸਿਵਾਇ ਦੋ ਦੇ ਇਕ ਨੌਜਵਾਨ ਜਿਸ ਨੂੰ ਸਖ਼ਤ ਬੁਖਾਰ ਸੀ, ਤੇ ਇਕ ਬੁੱਢਾ ਜੋ ਹੂੰਗਰ ਮਾਰਨ ਤੋਂ ਛੁੱਟ ਹੋਰ ਕੁਝ ਨਹੀਂ ਕਰ ਰਿਹਾ ਸੀ।

ਅੰਗਰੇਜ਼ ਨੇ ਪੁੱਛਿਆ, ਨੌਜਵਾਨ ਕਿੰਨੇ ਚਿਰ ਤੋਂ ਬੀਮਾਰ ਸੀ। ਨਿਰੀਖਕ ਨੇ ਉੱਤਰ ਦਿੱਤਾ ਕਿ ਉਹ ਉਸੇ ਸਵੇਰ ਬੀਮਾਰ ਪਿਆ ਸੀ, ਪਰ ਉਹ ਬੁੱਢਾ ਬੜੇ ਚਿਰ ਤੋਂ ਢਿੱਡ-ਪੀੜ ਨਾਲ ਕਰਾਹ ਰਿਹਾ ਸੀ। ਉਸ ਨੂੰ ਰੋਗੀ-ਸਥਾਨ ਵਿਚ ਇਸ ਲਈ ਨਹੀਂ ਲਿਜਾਇਆ ਗਿਆ ਸੀ ਕਿ ਉਥੇ ਅੱਗੇ ਹੀ ਬਹੁਤੀ ਭੀੜ ਸੀ। ਅੰਗਰੇਜ਼ ਨੇ ਨਿਖੇਧੀ ਦੇ ਭਾਵ ਨਾਲ ਸਿਰ ਹਿਲਾਇਆ, ਤੇ ਬੋਲਿਆ ਕਿ ਉਹ ਉਨ੍ਹਾਂ ਲੋਕਾਂ ਨਾਲ ਕੁਝ ਗੱਲਾਂ ਕਰਨਾ ਚਾਹੁੰਦਾ ਸੀ। ਤੇ ਨਖ਼ਲਿਊਦੌਫ਼ ਨੂੰ ਉਸ ਨੇ ਉਸ ਦਾ ਉਲਥਾ ਕਰਨ ਲਈ ਆਖਿਆ। ਪਤਾ ਲੱਗਾ ਕਿ ਪਰਵਾਸ ਦੀਆਂ ਥਾਵਾਂ ਤੇ ਸਾਇਬੇਰੀਆ ਦੇ ਕੈਦਖਾਨਿਆਂ ਨੂੰ ਦੇਖਣ ਤੋਂ ਬਿਨਾਂ ਅੰਗਰੇਜ਼ ਦਾ ਇਕ ਹੋਰ ਮੰਤਵ ਵੀ ਸੀ, ਆਸਥਾ ਰਾਹੀਂ ਮੁਕਤੀ ਤੇ ਛੁਟਕਾਰੇ ਦਾ ਪ੍ਰਚਾਰ ਕਰਨ ਦਾ।

"ਇਨ੍ਹਾਂ ਨੂੰ ਦੱਸ" ਉਸ ਨੇ ਆਖਿਆ, "ਕਿ ਯਸੂ ਮਸੀਹ ਉਨ੍ਹਾਂ ਉੱਤੇ ਕਰੁਣਾ ਕਰਦਾ ਉਨ੍ਹਾਂ ਲਈ ਜੀਵਿਆ ਤੇ ਉਨ੍ਹਾਂ ਲਈ ਮੋਇਆ। ਜੇ ਉਹ ਇਹ ਮੰਨ ਲੈਣ ਤਾਂ ਉਨ੍ਹਾਂ ਦਾ ਛੁਟਕਾਰਾ ਹੋ ਜਾਵੇਗਾ।" ਜਦੋਂ ਉਹ ਬੋਲ ਰਿਹਾ ਸੀ, ਤਾਂ ਸਾਰੇ ਕੈਦੀ ਬਾਹਾਂ ਪਾਸਿਆਂ ਉੱਤੇ ਸੁੱਟੀ ਚੁੱਪ ਚਾਪ ਖੜੇ ਰਹੇ। "ਇਹ ਪੁਸਤਕ ਇਨ੍ਹਾਂ ਨੂੰ ਦੱਸੋ," ਉਹ ਕਹਿੰਦਾ ਗਿਆ,

ਇਹ ਸਭ ਕੁਝ ਬਾਰੇ ਦੱਸਦੀ ਹੈ। ਇਨਾਂ ਵਿਚ ਕੋਈ ਪੜ੍ਹ ਸਕਦੇ ਹਨ ?" ਵੀਹ ਤੋਂ ਵੱਧ ਅਜਿਹੇ ਸਨ ਜੋ ਪੜ੍ਹ ਸਕਦੇ ਸਨ।

ਅੰਗਰੇਜ਼ ਨੇ ਕਈ ਜਿਲਦਾਂ ਵਾਲੀਆ ਸੰਦੇਸ਼-ਪੁਸਤਕਾਂ ਇਕ ਬੈਗ ਵਿਚੋਂ ਕੱਢੀਆਂ। ਕਈ ਤੱਕੜੇ ਸ਼ਖਤ, ਕਾਲੇ ਨਵਾਂ ਵਾਲੇ ਮੋਟੇ ਹੱਥ, ਕਮੀਜ਼ਾਂ ਦੀਆਂ ਬਾਹਾਂ ਵਿਚੋਂ, ਇਕ ਦੂਜੇ ਨੂੰ ਪਿੱਛੇ ਧੱਕਦੇ, ਉਸ ਵੱਲ ਵਧੇ, ਉਸ ਨੇ ਦੋ ਸੰਦੇਸ਼-ਪੁਸਤਕਾਂ ਇਸ ਵਾਰਡ ਵਿਚ ਦੇ ਦਿੱਤੀਆਂ।

ਦੂਜੇ ਵਾਰਡ ਵਿਚ ਵੀ ਇਹ ਹੀ ਕੁਝ ਹੋਇਆ। ਉਹੀ ਗੱਦੀ ਹਵਾ ਸੀ, ਉਹੀ ਬੁੱਤ ਦੋ ਬਾਰੀਆਂ ਵਿਚਕਾਰ ਲਟਕਾਇਆ ਹੋਇਆ, ਤੇ ਉਹੀ ਟੱਬ ਦਰਵਾਜ਼ੇ ਦੇ ਖੱਬੇ ਪਾਸੇ ਸਾਰੇ ਕੈਦੀ ਨਾਲ ਨਾਲ ਲੇਟੇ ਹੋਏ ਸਨ, ਤੇ ਉਸੇ ਤਰ੍ਹਾਂ ਕੁੱਦ ਕੇ ਉੱਠੇ ਤੇ ਬਾਹਾਂ ਪਾਸਿਆਂ ਉੱਤੇ ਸੁੱਟ ਕੇ ਸਿੱਧੇ ਖੜੇ ਹੋ ਗਏ। ਸਿਵਾਇ ਤਿੰਨਾ ਦੇ, ਜਿਨ੍ਹਾਂ ਵਿਚੋਂ ਦੋ ਉੱਠ ਕੇ ਬੈਠ ਗਏ, ਤੇ ਇਕ ਲੰਮਾ ਹੀ ਪਿਆ ਰਿਹਾ, ਉਸ ਨੇ ਨਵੇਂ ਆਇਆ ਵੱਲ ਵੇਖਿਆ ਤਕ ਨਾ। ਇਹ ਤਿੰਨ ਵੀ ਬੀਮਾਰ ਸਨ। ਅੰਗਰੇਜ਼ ਨੇ ਉਹੀ ਭਾਸ਼ਣ ਦਿੱਤਾ, ਤੇ ਦੋ ਸੰਦੇਸ਼-ਪੁਸਤਕਾਂ ਇਥੇ ਵੀ ਵੰਡ ਦਿੱਤੀਆਂ।

ਤੀਜੇ ਕਮਰੇ ਵਿਚ ਚਾਰ ਬੀਮਾਰ ਸਨ। ਜਦੋਂ ਅੰਗਰੇਜ਼ ਨੇ ਪੁੱਛਿਆ ਕਿਉਂ ਸਾਰੇ ਬੀਮਾਰ ਇਕ ਕਮਰੇ ਵਿਚ ਇਕੱਠੇ ਨਹੀਂ ਸਨ ਕਰ ਦਿੱਤੇ ਗਏ ? ਨਿਰੀਖਕ ਨੇ ਕਿਹਾ ਕਿ ਇਹ ਉਹ ਆਪ ਨਹੀਂ ਚਾਹੁੰਦੇ ਸਨ, ਕਿ ਉਨ੍ਹਾਂ ਦੀ ਬੀਮਾਰੀ ਲਾਗ ਵਾਲੀ ਨਹੀਂ ਸੀ, ਕਿ ਚਿਕਿਤਸਕ ਸਹਾਇਕ ਉਨ੍ਹਾਂ ਦੀ ਦੇਖ ਭਾਲ ਤੇ ਹੋਰ ਜੋ ਲੋੜੀਂਦਾ ਸੀ, ਕਰਦਾ ਸੀ।

"ਉਸ ਨੇ ਦੋ ਹਫ਼ਤੇ ਤੋਂ ਇਥੇ ਪੈਰ ਨਹੀਂ ਪਾਇਆ।" ਇਕ ਆਵਾਜ਼ ਨੇ ਮਿਣ ਮਿਣ ਕੀਤੀ।

ਨਿਰੀਖਕ ਨੇ ਕੋਈ ਉੱਤਰ ਨਾ ਦਿੱਤਾ, ਅਗਲੇ ਵਾਰਡ ਵੱਲ ਨੂੰ ਚਲ ਪਿਆ। ਫਿਰ ਦਰਵਾਜ਼ੇ ਦਾ ਜੰਦਰਾ ਖੁਲ੍ਹਿਆ, ਤੇ ਸਾਰੇ ਉੱਠ ਕੇ ਚੁੱਪ ਚਾਪ ਖੜੇ ਹੋ ਗਏ, ਤੇ ਇਥੇ ਵੀ ਅੰਗਰੇਜ਼ ਨੇ ਸੰਦੇਸ਼-ਪੁਸਤਕਾਂ ਵੰਡੀਆਂ, ਪੰਜਵੇਂ ਤੇ ਛੇਵੇਂ ਵਾਰਡਾਂ ਵਿਚ ਵੀ, ਇਕ ਖੱਬੇ ਪਾਸੇ ਤੇ ਇਕ ਸੱਜੇ, ਇਵੇਂ ਹੋਇਆ।

ਸ਼ਖਤ ਕੈਦ ਦੀ ਸਜ਼ਾ ਵਾਲਿਆਂ ਤੋਂ ਚੱਲ ਕੇ ਉਹ ਜਲਾਵਤਨਾਂ ਵੱਲ ਗਏ, ਜਲਾਵਤਨਾ ਤੋਂ ਆਪਣੇ ਪਿੰਡਾਂ ਤੋਂ ਬਾਹਰ ਕੱਢੇ ਗਿਆਂ ਵੱਲ, ਤੇ ਉਨ੍ਹਾਂ ਵੱਲ ਜੋ ਆਪਣੀ ਮਰਜ਼ੀ ਨਾਲ ਇਨ੍ਹਾਂ ਨਾਲ ਜਾ ਰਹੇ ਸਨ। ਹਰ ਥਾਉਂ ਮਨੁੱਖ--ਠਰੇ ਹੋਏ, ਭੁੱਖੇ, ਵਿਹਲੇ, ਬੀਮਾਰ, ਪਤਿਤ, ਬੰਦ, ਜੰਗਲੀ ਜਾਨਵਰਾਂ ਵਾਕਰ ਰੱਖੇ ਹੋਏ ਸਨ।

ਅੰਗਰੇਜ਼ ਗਿਣੀਆਂ ਮਿੱਥੀਆਂ ਸੰਦੇਸ਼-ਪੁਸਤਕਾਂ ਵੰਡ ਕੇ ਹੋਰ ਦੇਣ ਤੋਂ ਰੁੱਕ ਗਿਆ ਤੇ ਉਸ ਨੇ ਹੋਰ ਕੋਈ ਭਾਸ਼ਨ ਵੀ ਨਾ ਦਿੱਤੇ। ਉਦਾਸ ਕਰ ਦੇਣ ਵਾਲੇ ਦ੍ਰਿਸ਼ਾ ਤੇ ਖ਼ਾਸ ਕਰ ਕੇ ਸਾਹ ਘੁੱਟਵੇਂ ਵਾਤਾਵਰਣ ਨੇ ਉਸ ਦਾ ਜੱਸ ਵੀ ਮੱਠਾ ਕਰ ਦਿੱਤਾ ਸੀ। ਹੁਣ ਉਹ ਇਕ ਕੋਠੜੀ ਤੋਂ ਦੂਜੀ ਕੋਠੜੀ ਨੂੰ ਜਾਂਦਾ "ਠੀਕ ਹੈ" ਤੋਂ ਬਿਨਾਂ ਕੁਝ ਨਹੀਂ ਸੀ ਆਖਦਾ, ਜਦੋਂ ਨਿਰੀਖਕ ਹਰ ਇਕ ਵਾਰਡ ਵਿਚ ਕੈਦੀਆਂ ਦੀ ਹਾਲਤ ਬਿਆਨ ਕਰਦਾ।

ਨਖ਼ਲਿਊਦੋਂਫ਼ ਪਿੱਛੇ ਪਿੱਛੇ ਤੁਰਦਾ ਰਿਹਾ। ਜਿਵੇਂ ਸੁਪਨੇ ਵਿਚ, ਉਸ ਵਿਚ ਅੱਗੇ ਜਾਣ ਤੋਂ ਨਾਂਹ ਕਰਨ ਜਾ ਕੈਦਖ਼ਾਨੇ ਵਿਚੋਂ ਚਲੇ ਆਉਣ ਦੀ ਸਮਰੱਥਾ ਨਹੀਂ ਸੀ, ਤੇ ਉਹ ਉਸੇ ਤਰ੍ਹਾਂ ਥਕਾਣ ਤੇ ਨਿਰਾਸ਼ਾ ਦਾ ਭੰਨਿਆ ਹੋਇਆ ਸੀ।

-0-

27

ਜਲਾਵਤਨਾਂ ਦੇ ਇਕ ਵਾਰਡ ਵਿਚ ਨਖ਼ਲਿਊਦੌਫ਼ ਨੇ ਬੜੀ ਹੈਰਾਨੀ ਨਾਲ, ਉਸ ਨਿਰਾਲੇ ਬੁੱਢੇ ਨੂੰ ਪਛਾਣ ਲਿਆ ਜਿਸ ਨੂੰ ਉਸ ਨੇ ਉਸੇ ਸਵੇਰੇ ਨਦੀ ਦੇ ਪੱਤਣ ਉੱਤੇ ਵੇਖਿਆ ਸੀ। ਇਹ ਫਟੇ ਪੁਰਾਣੇ ਕੱਪੜਿਆਂ ਤੇ ਝੁਰੜੀਆਂ ਵਾਲਾ ਬੁੱਢਾ ਫੱਟਿਆਂ ਕੋਲ ਭੌਂਇ ਉੱਤੇ ਬੈਠਾ ਸੀ, ਨੰਗੇ ਪੈਤ, ਕੇਵਲ ਇਕ ਮੈਲਾ ਖ਼ਾਕੀ ਕੁਰਤਾ ਪਾਈ, ਜੋ ਇਕ ਮੋਢੇ ਤੋਂ ਫਟਿਆ ਹੋਇਆ ਸੀ, ਤੇ ਉਸ ਦੀ ਪਤਲੂਣ ਵੀ ਇਸੇ ਤਰ੍ਹਾਂ ਦੀ ਸੀ। ਉਸ ਨੇ ਕਠੋਰ ਤੇ ਪੁੱਛਣ ਵਾਲੀ ਨਜ਼ਰ ਨਾਲ ਨਵੇਂ ਆਇਆਂ ਵੱਲ ਵੇਖਿਆ। ਉਸ ਦਾ ਸੁੱਕਾ ਪਤਲਾ ਸਰੀਰ, ਜੋ ਉਸ ਦੇ ਮੈਲੇ ਕੁਰਤੇ ਦੇ ਲੰਗਾਰਾਂ ਵਿਚੋਂ ਦਿੱਸਦਾ ਸੀ, ਅਤਿ ਦਾ ਨਿਰਬਲ ਲੱਗਦਾ ਸੀ, ਪਰ ਉਸ ਦੇ ਚਿਹਰੇ ਉੱਤੇ ਉਸ ਵੇਲੇ ਨਾਲੋਂ ਵੀ, ਜਦੋਂ ਨਿਖ਼ਲਿਊਦੌਫ਼ ਨੇ ਪੱਤਣ ਲੰਘਣ ਲੱਗੇ ਉਸ ਨੂੰ ਵੇਖਿਆ ਸੀ, ਵਧੇਰੇ ਇਕਾਗਰ ਗੰਭੀਰਤਾ ਤੇ ਜਾਨ ਦਿੱਸਦੀ ਸੀ। ਜਿਵੇਂ ਹੋਰ ਸਾਰੇ ਵਾਰਡਾਂ ਵਿਚ, ਇਥੇ ਵੀ ਜਦੋਂ ਨਿਰੀਖਕ ਅੰਦਰ ਵੜਿਆ; ਕੈਦੀ ਕੁੱਦ ਕੇ ਉੱਠੇ ਤੇ ਸਿੱਧੇ ਖੜੇ ਹੋ ਗਏ, ਪਰ ਬੁੱਢਾ ਬੈਠਾ ਰਿਹਾ। ਉਸ ਦੀਆਂ ਅੱਖਾਂ ਵਗਦੀਆਂ ਸਨ ਤੇ ਮੱਥੇ ਉੱਤੇ ਕ੍ਰੋਧ ਦੀ ਤਿਊੜੀ ਸੀ।

"ਖੜਾ ਹੋ !" ਨਿਰੀਖਕ ਨੇ ਉਸ ਨੂੰ ਉੱਚੀ ਦੇ ਕੇ ਆਖਿਆ।

ਬੁੱਢਾ ਨਾ ਉੱਠਿਆ, ਘ੍ਰਿਣਾ ਪੂਰਵਕ ਮੁਸਕਰਾਂਦਾ ਰਿਹਾ।

"ਤੇਰੇ ਨੌਕਰ ਤੇਰੇ ਅੱਗੇ ਖੜੇ ਹਨ, ਮੈਂ ਤੇਰਾ ਨੌਕਰ ਨਹੀਂ, ਤੇਰੇ ਉੱਤੇ ਮੁਹਰ ਲੱਗੀ ਹੋਈ ਹੈ......" ਬੁੱਢੇ ਨੇ ਨਿਰੀਖਕ ਦੇ ਮੱਥੇ ਵੱਲ ਇਸ਼ਾਰਾ ਕਰਕੇ ਕਿਹਾ।

"ਕੀ...?" ਨਿਰੀਖਕ ਨੇ ਡਰਾਵਾ ਦਿਤਾ ਤੇ ਉਸ ਵੱਲ ਇਕ ਪੈਰ ਪੁੱਟਿਆ।

"ਮੈਂ ਇਸ ਆਦਮੀ ਨੂੰ ਜਾਣਦਾ ਹਾਂ।" ਨਖ਼ਲਿਊਦੌਫ਼ ਨੇ ਕਾਹਲੀ ਨਾਲ ਦੱਸਿਆ "ਇਸ ਨੂੰ ਕਿਸ ਗੱਲ ਦੀ ਕੈਦ ਹੋਈ ਹੈ ?"

"ਪੁਲਿਸ ਨੇ ਇਸ ਨੂੰ ਇਥੇ ਭੇਜ ਦਿੱਤਾ ਹੈ, ਕਿਉਂਕਿ ਇਸ ਕੋਲ ਕੋਈ ਰਾਹਦਾਰੀ ਨਹੀਂ। ਅਸੀਂ ਆਖਦੇ ਹਾਂ ਅਜਿਹੇ ਕੈਦੀ ਨਾ ਭੇਜੋ, ਪਰ ਉਹ ਭੇਜ ਦੇਂਦੇ ਹਨ।" ਨਿਰੀਖਕ, ਬੁੱਢੇ ਵੱਲ ਕ੍ਰੋਧ-ਭਰੀ ਕੈਰੀ ਅੱਖ ਨਾਲ ਵੇਖਦਾ ਹੋਇਆ ਬੋਲਿਆ।

'ਤੇ ਇਉਂ ਲੱਗਦਾ ਹੈ ਤੂੰ ਵੀ ਮਸੀਹ-ਸ਼ਤਰੂ ਸੈਨਾ ਵਿਚੋਂ ਹੀ ਹੈਂ ?" ਬੁੱਢੇ ਨੇ ਨਖ਼ਲਿਊਦੌਫ਼ ਨੂੰ ਕਿਹਾ।

"ਨਹੀਂ ਮੈਂ ਤਾਂ ਵੇਖਣ ਆਇਆ ਹਾਂ।" ਨਖ਼ਲਿਊਦੌਫ਼ ਬੋਲਿਆ।

"ਕੀ, ਤੂੰ ਵੇਖਣ ਆਇਆ ਹੈਂ ਕਿ ਮਸੀਹ-ਸ਼ਤਰੂ ਇਥੇ ਮਨੁੱਖਾਂ ਨੂੰ ਤਸੀਹੇ ਦੇਂਦਾ ਹੈ? ਲੈ, ਵੇਖ। ਉਸ ਨੇ ਇਨ੍ਹਾਂ ਨੂੰ ਪਿੰਜਰੇ ਵਿਚ ਬੰਦ ਕਰ ਰੱਖਿਆ ਹੈ ? ਇਕ ਪੂਰੀ ਸੈਨਾ ਨੂੰ। ਮਨੁੱਖ ਆਪਣੇ ਮੱਥੇ ਦੇ ਪਸੀਨੇ ਹੇਠ ਰੋਟੀ ਖਾਣਗੇ। ਪਰ ਉਸ ਨੇ ਇਨ੍ਹਾਂ ਨੂੰ ਕੰਮ ਤੋਂ ਬਾਹਰ ਡੱਕ ਰੱਖਿਆ ਹੈ, ਤੇ ਉਹ ਇਨ੍ਹਾਂ ਨੂੰ ਸੂਰਾਂ ਵਾਕਰ ਖੁਆਂਦਾ ਹੈ ਤਾਂ ਜੋ ਇਹ ਪਸ਼ੂ ਬਣ ਜਾਣ।"

"ਇਹ ਕੀ ਕਹਿੰਦਾ ਹੈ ?" ਅੰਗਰੇਜ਼ ਨੇ ਪੁੱਛਿਆ।

ਨਖ਼ਲਿਊਦੌਫ਼ ਨੇ ਦੱਸਿਆ ਕਿ ਬੁੱਢਾ ਨਿਰੀਖਕ ਲੋਕਾਂ ਨੂੰ ਕੈਦ ਰੱਖਣ ਦਾ ਦੋਸ਼ੀ ਠਹਿਰਾ ਰਿਹਾ ਸੀ।

"ਇਸ ਨੂੰ ਪੁੱਛ ਉਨ੍ਹਾਂ ਨਾਲ ਕੀ ਵਰਤਾਰਾ ਕੀਤਾ ਜਾਵੇ ਜੋ ਕਾਨੂੰਨ ਤੋੜਦੇ ਹਨ?" ਅੰਗਰੇਜ਼ ਨੇ ਆਖਿਆ।

ਨਖ਼ਲਿਊਦੌਫ਼ ਨੇ ਇਸ ਪ੍ਰਸ਼ਨ ਦਾ ਉੱਲਥਾ ਕਰ ਦਿੱਤਾ।

ਬੁੱਢਾ ਆਪਣੇ ਸੰਜੜਿੱਤ ਦੰਦ ਵਿਖਾਂਦਾ ਹੋਇਆ ਅਨੋਖੇ ਢੰਗ ਨਾਲ ਹੱਸਿਆ।

"ਕਾਨੂੰਨ ?" ਉਸ ਨੇ ਘ੍ਰਿਣਾ ਪੂਰਵਕ ਦੁਹਰਾਇਆ। "ਪਹਿਲਾਂ ਉਸ ਨੇ ਸਭ ਨੂੰ ਲੁੱਟ ਲਿਆ। ਮਨੁੱਖਾਂ ਤੋਂ ਸਾਰੀ ਭੋਇੰ ਖੋਹ ਲਈ, ਤੇ ਸਾਰੇ ਹੋਰ ਅਧਿਕਾਰ-ਸਾਰੇ ਆਪ ਧਾਰਣ ਕਰ ਲਏ। ਉਨ੍ਹਾਂ ਸਾਰਿਆਂ ਨੂੰ ਮਾਰ ਦਿੱਤਾ ਜਿਨ੍ਹਾਂ ਨੇ ਉਸ ਦਾ ਵਿਰੋਧ ਕੀਤਾ, ਤੇ ਫਿਰ ਲੁੱਟਣ ਤੇ ਮਾਰਨ ਤੋਂ ਵਰਜਣ ਵਾਲੇ ਕਾਨੂੰਨ ਬਣਾ ਦਿੱਤੇ। ਉਸ ਨੂੰ ਇਹ ਕਾਨੂੰਨ ਕੁਝ ਪਹਿਲਾਂ ਬਣਾਉਣੇ ਚਾਹੀਦੇ ਸਨ।"

ਨਖ਼ਲਿਊਦੌਫ਼ ਨੇ ਉਲਥਾ ਕੀਤਾ। ਅੰਗਰੇਜ਼ ਮੁਸਕਰਾਇਆ।

'ਚੰਗਾ, ਕੁਝ ਵੀ ਹੋਵੇ, ਇਸ ਨੂੰ ਪੁੱਛੋ ਜੋ ਹੁਣ ਚੋਰੀ ਜਾਂ ਕਤਲ ਕਰਦੇ ਹਨ, ਉਨ੍ਹਾਂ ਦਾ ਕੀ ਕੀਤਾ ਜਾਵੇ ?"

ਨਖ਼ਲਿਊਦੌਫ਼ ਨੇ ਇਹ ਪ੍ਰਸ਼ਨ ਵੀ ਅਨੁਵਾਦ ਕਰ ਦਿੱਤਾ।

"ਇਸ ਨੂੰ ਕਹੋ ਇਹ ਮਸੀਹ ਸ਼ਤਰੂ ਦੀ ਛਾਪ ਉਤਾਰ ਦੇਵੇ ਬੁੱਢੇ ਨੇ ਕਠੋਰ ਤਿਉੜੀ ਪਾ ਕੇ ਆਖਿਆ। "ਫਿਰ ਇਸ ਨੂੰ ਨਾ ਕੋਈ ਚੋਰ ਤੇ ਨਾ ਕੋਈ ਕਾਤਿਲ ਦਿੱਸੇਗਾ। ਇਸ ਨੂੰ ਇਹ ਦੱਸੋ।"

"ਇਹ ਪਾਗਲ ਹੈ," ਅੰਗਰੇਜ਼ ਨੇ ਆਖਿਆ, ਜਦੋਂ ਨਖ਼ਲਿਊਦੌਫ਼ ਨੇ ਬੁੱਢੇ ਦੇ ਸ਼ਬਦਾਂ ਦਾ ਅਨੁਵਾਦ ਕਰਕੇ ਉਸ ਨੂੰ ਦੱਸਿਆ; ਤੇ ਮੋਢੇ ਭਟਕ ਕੇ ਉਹ ਕੋਠੜੀ ਵਿਚੋਂ ਬਾਹਰ ਆ ਗਿਆ।

"ਤੂੰ ਆਪਣਾ ਕੰਮ ਕਰ ਤੇ ਹੋਰਨਾਂ ਨੂੰ ਆਪਣਾ ਕਰਨ ਦੇ। ਹਰ ਕੋਈ ਆਪਣੇ ਆਪ ਲਈ ਜੀਉਂਦਾ ਹੈ। ਈਸ਼ਵਰ ਜਾਣਦਾ ਹੈ ਕਿਸ ਨੂੰ ਮੌਤ ਦਾ ਦੰਡ ਦੇਣਾ ਹੈ, ਕਿਸ ਨੂੰ ਖਿਮਾ ਕਰਨਾ ਹੈ, ਅਸੀਂ ਨਹੀਂ ਜਾਣਦੇ।" ਬੁੱਢਾ ਕਹਿੰਦਾ ਗਿਆ। "ਆਪ ਆਪਣੇ ਮੁਖੀ ਬਣੋ, ਫਿਰ ਮੁਖੀਆਂ ਦੀ ਲੋੜ ਨਹੀਂ ਰਹੇਗੀ। ਜਾਓ, ਜਾਓ।" ਉਸ ਨੇ ਅੱਗੋਂ ਆਖਿਆ, ਕ੍ਰੋਧ ਭਰੀ ਤਿਉੜੀ ਪਾ ਕੇ ਤੇ ਦਹਿਕਦੀਆਂ ਅੱਖਾਂ ਨਾਲ ਨਖ਼ਲਿਊਦੌਫ਼ ਵੱਲ ਵੇਖ ਕੇ, ਜੋ ਵਾਰਡ ਵਿਚ ਹਾਲੀ ਅਟਕ ਰਿਹਾ ਸੀ। "ਤੂੰ ਦੇਖਿਆ ਨਹੀਂ ਹਾਲੀ, ਕਿਵੇਂ ਮਸੀਹ-ਸ਼ਤਰੂ ਦੇ ਨੌਕਰ ਮਨੁੱਖਾਂ ਉੱਤੇ ਜੂਆ ਪਾਲ ਰਹੇ ਹਨ ? ਜਾਓ ! ਜਾਓ !"

ਨਖ਼ਲਿਊਦੌਫ਼ ਵਾਰਡ ਵਿਚੋਂ ਨਿਕਲ ਕੇ ਅੰਗਰੇਜ਼ ਕੋਲ ਆ ਗਿਆ ਜੋ ਇਕ ਖੁਲ੍ਹ ਦਰਵਾਜ਼ੇ ਕੋਲ ਨਿਰੀਖਕ ਨਾਲ ਖਲੋਤਾ ਉਸ ਤੋਂ ਪੁੱਛ ਰਿਹਾ ਸੀ ਕਿ ਇਹ ਕਮਰਾ ਕਾਹਦੇ ਲਈ ਸੀ ?

"ਇਹ ਮਰਦੇ-ਖ਼ਾਨਾ ਹੈ।"

"ਓਹ " ਅੰਗਰੇਜ਼ ਨੇ ਕਿਹਾ ਤੇ ਅੰਦਰ ਜਾਣ ਦੀ ਇੱਛਾ ਪ੍ਰਗਟ ਕੀਤੀ। ਮੁਰਦੇਖ਼ਾਨਾ ਇਕ ਸਾਧਾਰਣ ਕੋਠੜੀ ਸੀ।

ਇਹ ਬਹੁਤ ਵੱਡੀ ਨਹੀਂ ਸੀ। ਕੰਧ ਨਾਲ ਇਕ ਛੋਟਾ ਜਿਹਾ ਲੰਪ ਲਟਕਦਾ ਸੀ, ਨੁੱਕਰ ਵਿਚ ਪਈਆਂ ਬੋਰੀਆਂ ਅਤੇ ਲੱਕੜਾਂ ਉੱਤੇ ਮੱਧਮ ਜੇਹੀ ਲੋਅ ਕਰ ਰਿਹਾ ਸੀ, ਚਾਰ ਮ੍ਰਿਤਕ ਸਰੀਰਾਂ ਉੱਤੇ, ਜੋ ਸੱਜੇ ਪਾਸੇ ਸੌਣ ਵਾਲੇ ਫੱਟਿਆਂ ਉੱਤੇ ਪਏ ਸਨ। ਪਹਿਲੀ ਲੋਥ ਦਾ ਪਹਿਰਾਵਾ ਇਕ ਮੋਟਾ ਕੁੜਤਾ ਤੇ ਕੱਛ ਸੀ, ਇਹ ਇਕ ਛੋਟੇ ਦਾਹੜੇ ਵਾਲੇ ਲੰਮੇ ਪੁਰਸ਼ ਦੀ ਸੀ, ਇਸ ਦਾ ਅੱਧਾ ਸਿਰ ਮੁੰਨਿਆ ਹੋਇਆ ਸੀ। ਲੋਥ ਤੱਕੜੀ ਸ਼ਖਤ ਹੋ ਚੁੱਕੀ ਸੀ, ਨੀਲੇ ਹੋਏ ਹੱਥ, ਜੋ ਸਿੱਧੇ ਸਨ, ਪਹਿਲਾਂ ਛਾਤੀ ਉੱਤੇ ਜੁੜੇ ਹੋਏ ਹੋਣਗੇ ਹੁਣ ਅਲੱਗ ਹੋ ਗਏ ਸਨ, ਲੱਤਾਂ ਵੀ ਚੌੜੀਆਂ ਹੋ ਗਈਆਂ ਸਨ, ਤੇ ਨੰਗੇ ਪੈਰ ਬਾਹਰ ਨੂੰ ਨਿਕਲੇ ਹੋਏ ਸਨ। ਉਸ ਦੇ ਲਾਗੇ ਇਕ ਨੰਗੇ ਸਿਰ ਤੇ ਨੰਗੇ ਪੈਰਾਂ ਵਾਲੀ ਬੁੱਢੀ ਪਈ ਸੀ, ਚਿੱਟਾ ਪੇਟੀਕੋਟ ਤੇ ਜਾਕਟ, ਵਾਲਾਂ ਦੀ ਪਤਲੀ ਜੇਹੀ ਮੀਢੀ ਖੁਲ੍ਹੀ ਹੋਈ, ਤੇ ਛੋਟਾ ਜੇਹਾ ਸੁੰਗੜਿਆ ਹੋਇਆ ਪੀਲਾ ਚੇਹਰਾ ਤੇ ਤਿੱਖਾ ਨੱਕ। ਉਸ ਤੋਂ ਪਰਲੇ ਬੰਨੇ ਇਕ ਹੋਰ ਪੁਰਸ਼ ਲਾਲ-ਕਾਸ਼ਣੀ ਜੇਹੇ ਕੱਪੜੇ ਵਿਚ ਲਿਪਟਿਆ ਪਿਆ ਸੀ। ਇਸ ਰੰਗ ਨੇ ਨਖ਼ਲਿਊਦੌਫ ਨੂੰ ਕੁਝ ਯਾਦ ਕਰਵਾ ਦਿੱਤਾ।

ਉਸ ਨੇ ਨੇੜੇ ਹੋ ਕੇ ਲੋਥ ਨੂੰ ਵੇਖਿਆ।

ਛੋਟੀ ਤਿੱਖੀ ਦਾੜ੍ਹੀ ਉੱਪਰ ਨੂੰ ਉੱਠੀ ਹੋਈ ਸੀ, ਕਰੜਾ, ਸੁਨੱਖਾ ਨੱਕ, ਉੱਚਾ, ਚਿੱਟਾ ਮੱਥਾ, ਪਤਲੇ ਲੱਛੇਦਾਰ ਵਾਲ—ਉਸ ਨੇ ਇਹ ਜਾਣੇ ਪਛਾਣੇ ਨਕਸ਼ ਪਛਾਣ ਲਏ, ਪਰ ਉਸ ਨੂੰ ਆਪਣੀਆਂ ਅੱਖਾਂ ਉੱਤੇ ਯਕੀਨ ਨਹੀਂ ਆਉਂਦਾ ਸੀ। ਕਲ੍ਹ ਹੀ ਉਸ ਨੇ ਇਹ ਮੂੰਹ ਵੇਖਿਆ ਸੀ, ਕ੍ਰੋਧ ਵਿਚ, ਭਖਿਆ ਹੋਇਆ, ਤੇ ਦੁੱਖ ਦਾ ਗ੍ਰਸਿਆ, ਹੁਣ ਇਹ ਸ਼ਾਂਤ ਸੀ,

ਅਚਲ ਤੋਂ ਭਿਆਨਕ ਪ੍ਰਕਾਰ ਸੁੰਦਰ। ਹਾਂ, ਇਹ ਕ੍ਰਿਲਤਸੇਫ ਸੀ, ਜਾਂ ਕੁਝ ਵੀ ਹੋਵੇ ਉਸ ਦੀ ਪ੍ਰਕ੍ਰਿਤਕ ਹੋਂਦ ਦਾ ਜੋ ਨਿਸ਼ਾਨ ਬਾਕੀ ਰਹਿ ਗਿਆ ਸੀ, "ਉਸ ਨੇ ਦੁੱਖ ਕਿਉਂ ਭੋਗਿਆ ਸੀ ? ਉਹ ਕਾਹਦੇ ਲਈ ਜੀਵਿਆ ਸੀ ? ਕੀ ਹੁਣ ਉਹ ਸਮਝ ਗਿਆ ਹੈ?" ਨਖ਼ਲਿਊਦੌਫ਼ ਸੋਚਦਾ ਸੀ, ਤੇ ਉਸ ਨੂੰ ਕੋਈ ਉੱਤਰ ਨਹੀਂ ਦਿੱਸਦਾ ਸੀ, ਮੌਤ ਤੋਂ ਬਿਨਾਂ ਕੁਝ

ਪ੍ਰਤੀਤ ਨਹੀਂ ਹੁੰਦਾ ਸੀ, ਤੇ ਉਸ ਦਾ ਜੀ ਘਬਰਾਣ ਲੱਗਾ। ਅੰਗਰੇਜ਼ ਤੋਂ ਛੁੱਟੀ ਲਏ ਬਗੈਰ ਹੀ ਉਸ ਨੇ ਨਿਰੀਖਕ ਨੂੰ ਉਸ ਨੂੰ ਬਾਹਰ ਵਿਹੜੇ ਵਿਚ ਲੈ ਜਾਣ ਲਈ ਆਖਿਆ, ਤੇ ਉਸ ਸ਼ਾਮ ਜੋ ਕੁਝ ਹੋਇਆ ਵਰਤਿਆ ਸੀ ਉਸ ਉੱਤੇ ਸੋਚਣ ਵਿਚਾਰਨ ਦੀ ਤੀਬਰ ਲੋੜ ਅਨੁਭਵ ਕਰਦਾ ਉਹ ਵਾਪਸ ਆਪਣੇ ਹੋਟਲ ਵਿਚ ਆ ਗਿਆ।

-0-

28

ਨਖ਼ਲਿਊਦੋਫ਼ ਬਿਸਤਰੇ ਵਿਚ ਲੇਟ ਨਾ ਸਕਿਆ, ਤੇ ਬਹੁਤ ਚਿਰ ਤਕ ਆਪਣੇ ਕਮਰੇ ਵਿਚ ਇਧਰ ਉਧਰ ਉਲਾਂਘਾਂ ਭਰਦਾ ਰਿਹਾ। ਕਤੂਸ਼ਾਂ ਨਾਲ ਉਸ ਦਾ ਵਿਵਹਾਰ ਹੁਣ ਅੰਤ-ਪ੍ਰਾਪਤ ਹੋ ਚੁੱਕਾ ਸੀ। ਉਸ ਦੀ ਲੋੜ ਨਹੀਂ ਸੀ, ਤੇ ਇਸ ਗੱਲ ਨੇ ਉਸ ਨੂੰ ਉਦਾਸ ਤੇ ਸ਼ਰਮਿੰਦਾ ਕਰ ਦਿੱਤਾ ਸੀ। ਉਸ ਦਾ ਦੂਜਾ ਕੰਮ ਨਾ ਕੇਵਲ ਹਾਲੀ ਮੁੱਕਾ ਨਹੀਂ ਸੀ, ਸਗੋਂ ਸਦਾ ਨਾਲੋਂ ਵਧੇਰੇ ਉਸ ਨੂੰ ਦੁਖੀ ਕਰ ਰਿਹਾ ਸੀ ਤੇ ਉਸ ਪਾਸੋਂ ਪ੍ਰਯਾਸ ਦੀ ਮੰਗ ਕਰਦਾ ਸੀ। ਇਹ ਸਾਰਾ ਭਿਆਨਕ ਪਾਪ ਜੋ ਉਸ ਨੇ ਪਿਛਲੇ ਥੋੜੇ ਸਮੇਂ ਵਿਚ ਵੇਖਿਆ ਤੇ ਜਾਣਿਆ ਸੀ। ਤੇ ਖਾਸ ਕਰਕੇ ਅੱਜ ਉਸ ਡਰਾਉਣੇ ਕੈਦਖ਼ਾਨੇ ਵਿਚ ਇਹ ਪਾਪ ਜਿਸ ਨੇ ਉਸ ਪਿਆਰੇ ਕ੍ਰਿਲਤਸੋਫ਼ ਨੂੰ ਲੈ ਲਿਆ ਸੀ-ਵਿਆਪਕ ਤੇ ਵਿਜੈਕਾਰੀ ਸੀ, ਤੇ ਉਸ ਨੂੰ ਇਸ ਉੱਤੇ ਵਿਜੈ ਪ੍ਰਾਪਤ ਕਰ ਲੈਣ ਦੀ ਕੋਈ ਸੰਭਾਵਨਾ ਨਹੀਂ ਦਿਸਦੀ ਸੀ, ਜਾਂ ਇਹ ਜਾਣਨ ਦੀ ਵੀ ਕਿ ਇਸ ਨੂੰ ਕਿਵੇਂ ਜਿੱਤ ਸਕੀਦਾ ਹੈ। ਉਸ ਦੀ ਕਲਪਨਾ ਵਿਚ ਸੈਂਕੜੇ ਹਜ਼ਾਰਾ ਮਨੁੱਖੀ ਜਿੰਦਾਂ, ਬੇਪਰਵਾਹ ਜਰਨੈਲਾਂ, ਪ੍ਰਬੰਧਕਾਂ ਤੇ ਨਿਰੀਖਕਾਂ ਦੀਆਂ ਗੰਦੇ ਕੈਦਖ਼ਾਨਿਆਂ ਵਿਚ ਡੱਕੀਆਂ ਹੋਈਆਂ ਤਸਵੀਰਾਂ ਆਉਂਦੀਆਂ ਸਨ, ਉਸ ਨੂੰ ਉਹ ਅਨੋਖਾ, ਸੁਤੰਤਰ, ਪੁਰਸ਼ ਯਾਦ ਆਉਂਦਾ ਸੀ, ਜੋ ਕਰਮਚਾਰੀਆਂ ਉੱਤੇ ਦੋਸ਼ ਲਗਾਂਦਾ ਸੀ, ਤੇ ਇਸ ਲਈ ਪਾਗਲ ਸਮਝਿਆ ਜਾਂਦਾ ਸੀ ਤੇ ਜੋ ਕ੍ਰੋਧ ਵਿਚ ਮੋਇਆ ਸੀ, ਤੇ ਲੱਥਾਂ ਦੇ ਵਿਚਕਾਰ, ਕ੍ਰਿਲਤਸੋਫ਼ ਦਾ ਫਿਰ ਪ੍ਰਸ਼ਨ ਕਿ ਉਹ ਆਪ, ਨਖ਼ਲਿਊਦੋਫ਼, ਪਾਗਲ ਸੀ, ਸੁੰਦਰ ਮੰਮੀ ਚੇਹਰਾ, ਜਾਂ ਉਹ ਲੋਕ ਜੋ ਇਹ ਸਾਰੇ ਕੁਕਰਮ ਕਰਦੇ ਸਮਝਦੇ ਸਨ ਕਿ ਉਹ ਠੀਕ ਹੋਸ਼ ਹਵਾਸ ਵਿਚ ਸਨ, ਨਵੀਂ ਸ਼ਕਤੀ ਨਾਲ, ਉੱਤਰ ਮੰਗਦਾ, ਉਸ ਦੇ ਸਾਮ੍ਹਣੇ ਆਇਆ।

ਸੋਚਦਾ ਤੇ ਇਕ ਪਾਸੇ ਤੋਂ ਦੂਜੇ ਪਾਸੇ ਉਲਾਂਘਾਂ ਭਰਦਾ ਥੱਕ ਗਿਆ ਤਾਂ ਉਹ ਲੰਪ ਦੇ ਨੇੜੇ ਸੋਫੇ ਉੱਤੇ ਬੈਠ ਗਿਆ, ਤੇ ਬੇਧਿਆਨੇ ਹੀ ਉਸ ਨੇ ਇਕ ਸੰਦੇਸ਼-ਪੁਸਤਕ, ਜੋ ਉਸ

ਅੰਗਰੇਜ਼ ਨੇ ਉਸ ਨੂੰ ਨਿਸ਼ਾਨੀ ਦਿੱਤੀ ਸੀ ਤੇ ਜਿਹੜੀ ਉਸ ਨੇ ਅੰਦਰ ਆ ਕੇ ਜੇਬਾਂ ਖਾਲੀ ਕਰਦੇ ਸਮੇਂ ਮੇਜ਼ ਉੱਤੇ ਸੁੱਟ ਦਿੱਤੀ ਸੀ, ਖੋਲ੍ਹ ਲਈ।

"ਕਹਿੰਦੇ ਹਨ ਇਸ ਵਿਚੋਂ ਹਰ ਗੱਲ ਦਾ ਉੱਤਰ ਲੱਭ ਸਕੀਦਾ ਹੈ।" ਉਸ ਨੇ ਸੋਚਿਆ, ਤੇ ਸਰਸਰੀ ਇਸ ਨੂੰ ਖੋਲ੍ਹ ਕੇ ਮਿਤੀ ਅੱਠ 1-4 ਪੜ੍ਹਨਾ ਸ਼ੁਰੂ ਕੀਤਾ : "ਉਸ ਸਮੇਂ ਸ਼ਿਸ ਯਸੂ ਕੋਲ ਆਏ, ਤੇ ਕਹਿਣ ਲੱਗੇ, ਫਿਰ ਆਕਾਸ਼ ਦੇ ਰਾਜ ਵਿਚ ਸਭ ਤੋਂ ਵੱਡਾ ਕੌਣ ਹੈ ? ਤੇ ਉਸ ਨੇ ਇਕ ਛੋਟੇ ਬਾਲ ਨੂੰ ਕੋਲ ਬੁਲਾਇਆ ਤੇ ਉਨ੍ਹਾਂ ਦੇ ਵਿਚਕਾਰ ਬਿਠਾ ਦਿੱਤਾ, ਤੇ ਕਿਹਾ, ਨਿਸ਼ਚੇ ਮੈਂ ਤੁਹਾਨੂੰ ਦੱਸਦਾ ਹਾਂ, ਜੇ ਤੁਸੀਂ ਬਦਲ ਕੇ ਛੋਟੇ ਬਾਲਾਂ ਜੇਹੇ ਨਹੀਂ ਬਣਦੇ, ਤੁਸੀਂ ਕਿਸੇ ਪ੍ਰਕਾਰ ਵੀ ਆਕਾਸ਼ ਦੇ ਰਾਜ ਵਿਚ ਨਹੀਂ ਵੜ ਸਕੋਗੇ। ਇਸ ਲਈ ਜੋ ਕੋਈ ਵੀ ਇਸ ਛੋਟੇ ਬਾਲ ਵਾਕਰ ਨਿਮਰ ਬਣ ਜਾਵੇਗਾ, ਉਹ ਹੀ ਆਕਾਸ਼ ਦੇ ਰਾਜ ਵਿਚ ਸਭ ਤੋਂ ਵੱਡਾ ਹੈ।"

'ਹਾਂ, ਹਾਂ, ਇਹ ਸੱਚ ਹੈ," ਉਸ ਨੇ ਆਖਿਆ ਇਹ ਯਾਦ ਕਰ ਕੇ ਕਿ ਉਸ ਨੂੰ ਜੀਵਨ ਦਾ ਸੁਖ ਤੇ ਆਨੰਦ ਉਦੋਂ ਹੀ ਮਿਲਿਆ ਸੀ ਜਦੋਂ ਉਹ ਨੀਵਾਂ ਬਣ ਗਿਆ ਸੀ।

'ਤੇ ਜੇ ਕੋਈ ਮੇਰੇ ਨਾਉਂ ਨਾਲ ਇਕ ਅਜੇਹੇ ਨਿੱਕੇ ਬਾਲ ਨੂੰ ਗੋਦ ਲਵੇਗਾ, ਮੈਨੂੰ ਪਾਵੇਗਾ: ਪਰ ਜੋ ਕੋਈ ਇਨ੍ਹਾਂ ਨਿੱਕੇ ਬਾਲਾਂ ਵਿਚੋਂ ਜੋ ਮੇਰੇ ਵਿਚ ਆਸਥਾ ਰੱਖਦੇ ਹਨ, ਅੜ੍ਹਕਾਵੇਗਾ, ਉਸ ਲਈ ਇਹ ਹੀ ਲਾਭਵੰਦ ਹੈ ਕਿ ਉਸ ਦੇ ਗਲ ਵਿਚ ਇਕ ਵੱਡਾ ਮੀਲ-ਪੱਥਰ ਲਟਕਾ ਦਿੱਤਾ ਜਾਵੇ, ਤੇ ਉਸ ਨੂੰ ਸਮੁੰਦਰ ਦੀ ਤਹਿ ਵਿਚ ਡੁੱਬੋ ਦਿੱਤਾ ਜਾਵੇ," (ਮਿਤੀ ਅੱਠ 5,6)

"ਇਹ ਕਾਹਦੇ ਲਈ ਹੈ ? .....ਜੋ ਕੋਈ ਵੀ ਗੋਦ ਲਵੇਗਾ," ਕਿੱਥੇ ? ਤੇ "ਮੇਰੇ ਨਾਉਂ ਨਾਲ" ਦੇ ਕੀ ਅਰਥ ਹਨ?" ਉਸ ਨੇ ਪੁੱਛਿਆ ਇਹ ਮਹਿਸੂਸ ਕਰਕੇ ਕਿ ਇਹ ਸ਼ਬਦ ਉਸ ਨੂੰ ਕੁਝ ਦੱਸ ਨਹੀਂ ਰਹੇ ਸਨ। ਤੇ ਉਸ ਦੇ ਗਲ ਉਦਾਲੇ ਇਕ ਮੀਲ-ਪੱਥਰ ਕਿਉਂ ? ਤੇ ਸਮੁੰਦਰ ਦੀ ਤਹਿ ਵਿਚ ਕਿਉਂ ? ਨਹੀਂ, ਇਹ ਭਾਵ ਨਹੀਂ, ਇਹ ਠੀਕ ਨਹੀਂ, ਸਪੱਸ਼ਟ ਨਹੀਂ" ਤੇ ਉਸ ਨੂੰ ਯਾਦ ਆਇਆ ਕਿਵੇਂ ਆਪਣੇ ਜੀਵਨ ਵਿਚ ਇਕ ਵਾਰ ਤੋਂ ਵਧੀਕ ਉਸਨੇ ਸੰਦੇਸ਼ ਪੜ੍ਹਨੇ ਸ਼ੁਰੂ ਕੀਤੇ ਸਨ, ਤੇ ਕਿਵੇਂ ਇਨ੍ਹਾਂ ਪ੍ਰਸੰਗਾਂ ਵਿਚ ਸਪੱਸ਼ਟਤਾ ਦੀ ਘਾਟ ਨੇ ਉਸ ਦਾ ਮੂੰਹ ਮੋੜ ਦਿੱਤਾ ਸੀ। ਉਸ ਨੇ ਸੱਤਵਾਂ, ਅੱਠਵਾਂ, ਨਾਵਾਂ ਤੋਂ ਦਸਵਾਂ ਬੰਦ ਪੜ੍ਹੇ,

ਅੜ੍ਹਕਣ ਦੇ ਮੌਕਿਆਂ ਬਾਰੇ, ਜਿਨ੍ਹਾਂ ਦਾ ਆਉਣਾ ਅਵੱਸ਼ ਆਖਿਆ ਗਿਆ ਸੀ, ਤੇ ਜਹੰਨਮ ਵਿਚ ਸੁੱਟੇ ਜਾਣ ਦੀ ਸਜ਼ਾ ਬਾਰੇ, ਤੇ ਉਨ੍ਹਾਂ ਕੁਝ ਰਿਸਤਿਆ ਬਾਰੇ ਜੋ ਆਕਾਸ਼ ਵਿਚਲੇ ਪਿਤਾ ਦਾ ਮੁੱਖ ਵੇਖਦੇ ਹਨ। "ਕਿਤਨੀ ਮਾੜੀ ਗੱਲ ਹੈ ਕਿ ਇਹ ਇੰਨਾ ਬੇਜੋੜ ਹੈ," ਉਹ ਸੋਚਦਾ ਸੀ, "ਤੇ ਤਾਂ ਵੀ ਅਨੁਭਵ ਹੁੰਦਾ ਹੈ ਕਿ ਇਸ ਵਿਚ ਕੁਝ ਸ਼ੁਭ ਹੈ।"

'ਕਿਉਂਕਿ ਪੁਰਸ਼ ਦਾ ਪੁੱਤਰ ਗੁਆਚੇ ਹੋਏ ਨੂੰ ਲੱਭਣ ਆਇਆ ਹੈ। ਉਹ ਪੜ੍ਹਦਾ ਗਿਆ। "ਕੀ ਸੋਚਦੇ ਹੋ ਤੁਸੀਂ ? ਜੇ ਕਿਸੇ ਕੋਲ ਸੌ ਭੇਡਾਂ ਹੋਣ, ਤੇ ਉਨ੍ਹਾਂ ਵਿਚੋਂ ਇਕ ਰਾਹ ਭੁੱਲ ਜਾਵੇ, ਉਹ ਨੜਿਨਵਿਆਂ ਨੂੰ ਛੱਡ ਕੇ ਪਹਾੜਾਂ ਵਿਚ ਨਹੀਂ ਭੌਂਦਾਂ, ਗੁਆਚੀ ਹੋਈ ਨੂੰ ਲੱਭਣ ਲਈ ? ਤੇ ਜੇ ਇਹ ਲੱਭ ਪਵੇ, ਨਿਸ਼ਚੇ ਮੈਂ ਤੁਹਾਨੂੰ ਆਖਦਾ ਹਾਂ, ਉਹ ਇਸ ਉੱਤੇ ਵਧੇਰੇ ਖੁਸ਼ੀ ਮਨਾਂਦਾ ਹੈ ਉਨ੍ਹਾਂ ਨੜਿਨਵਿਆਂ ਨਾਲੋਂ ਜੋ ਰਾਹ ਨਹੀਂ ਭੁੱਲੀਆਂ ਸਨ।

"ਕਿਸੇ ਤਰ੍ਹਾਂ ਇਹ ਤੁਹਾਡੇ ਪਿਤਾ ਦੀ ਜੋ ਆਕਾਸ਼ ਵਿਚ ਹੈ ਰਜ਼ਾ ਨਹੀਂ ਕਿ ਇਨ੍ਹਾਂ ਨਿੱਕੇ ਜੀਆਂ ਵਿਚੋਂ ਇਕ ਵੀ ਨਸ਼ਟ ਹੋ ਜਾਵੇ।"

"ਹਾਂ, ਇਹ ਪਿਤਾ ਜੀ ਦੀ ਰਜ਼ਾ ਨਹੀਂ ਕਿ ਇਹ ਨਸ਼ਟ ਹੋ ਜਾਣ, ਤੇ ਇਥੇ ਇਹ ਸੈਂਕੜਿਆਂ ਹਜ਼ਾਰਾਂ ਵਿਚ ਨਸ਼ਟ ਹੋ ਰਹੇ ਹਨ। ਤੇ ਇਨ੍ਹਾਂ ਨੂੰ ਬਚਾਣ ਦੀ ਕੋਈ ਸੰਭਾਵਨਾ ਨਹੀਂ।" ਉਹ ਸੋਚਦਾ ਸੀ, ਤੇ ਅੱਗੇ ਪੜ੍ਹਦਾ ਗਿਆ।

"ਫਿਰ ਪਿਤਰਸ ਆਇਆ ਤੇ ਉਸ ਨੂੰ ਆਖਣ ਲੱਗਾ, ਭਗਵਾਨ, ਕਿੰਨੀ ਵਾਰੀ ਮੇਰਾ ਭਰਾ ਮੇਰੇ ਨਾਲ ਪਾਪ ਕਰੇ ਤੇ ਮੈਂ ਉਸ ਨੂੰ ਖਿਮਾ ਕਰ ਦੇਵਾਂ ? ਸੱਤ ਵਾਰੀ ਤਕ ? ਯਸੂ ਨੇ ਉਸ ਨੂੰ ਕਿਹਾ, ਮੈਂ ਤੈਨੂੰ ਇਹ ਨਹੀਂ ਕਹਿੰਦਾ, ਸੱਤ ਵਾਰੀ ਤਕ, ਸਗੋਂ ਸੱਤਰ ਵਾਰੀ ਸੱਤ ਵਾਰੀ ਤੱਕ।

"ਇਸੇ ਕਾਰਣ ਆਕਾਸ਼ ਦਾ ਰਾਜਾ ਕਿਸੇ ਇਕ ਰਾਜਾ ਵਰਗਾ ਦੱਸਿਆ ਜਾਂਦਾ ਹੈ ਜਿਹੜਾ ਆਪਣੇ ਨੌਕਰਾਂ ਨਾਲ ਲੇਖਾ-ਪੱਤਾ ਕਰਦਾ ਸੀ ਤੇ ਜਦੋਂ ਉਹ ਲੇਖਾ ਕਰਨ ਲੱਗਾ, ਇਕ ਦੋਸ਼ੀ ਉਸ ਦੇ ਅੱਗੇ ਇਕ ਪੇਸ਼ ਕੀਤਾ ਗਿਆ ਜਿਸ ਦੇ ਜ਼ਿੰਮੇ ਦਸ ਹਜ਼ਾਰ ਰੁਪਏ ਬਣਦੇ ਸਨ। ਕਿਉਂਕਿ ਉਸ ਕੋਲ ਦੇਣ ਨੂੰ ਕੁਝ ਨਹੀਂ ਸੀ, ਉਸ ਦੇ ਸੁਆਮੀ ਨੇ ਹੁਕਮ ਦਿੱਤਾ ਕਿ ਉਸ ਨੂੰ ਉਸ ਦੀ ਪਤਨੀ ਤੇ ਬੱਚਿਆਂ ਨੂੰ, ਤੇ ਉਸ ਪਾਸ ਜੋ ਕੁਝ ਸੀ, ਵੇਚ ਦਿੱਤਾ ਜਾਵੇ, ਤੇ ਲੇਖਾ ਚੁਕਾਇਆ ਜਾਵੇ। ਇਸ ਕਾਰਣ ਨੌਕਰ ਡੰਡੌਤ ਕਰ ਕੇ ਉਸ ਦੀ ਅਰਚਾ ਕਰਨ

ਲੱਗਾ, ਤੇ ਕਹਿਣ ਲੱਗਾ, ਭਗਵਾਨ ਮੇਰੇ ਉੱਤੇ ਭਰੋਸਾ ਕਰੋ, ਮੈਂ ਸਭ ਕੁਝ ਤੁਹਾਨੂੰ ਚੁੱਕਾ ਦਿਆਂਗਾ। ਤੇ ਉਸ ਨੌਕਰ ਦੇ ਸੁਆਮੀ ਨੇ, ਦਇਆਵਾਨ ਹੋ ਕੇ, ਉਸ ਨੂੰ ਛੱਡ ਦਿੱਤਾ, ਤੇ ਉਸ ਦਾ ਕਰਜ਼ਾ ਮੁਆਫ਼ ਕਰ ਦਿੱਤਾ। ਪਰ ਉਹ ਨੌਕਰ ਬਾਹਰ ਗਿਆ ਤਾਂ ਇਕ ਆਪਣੇ ਨਾਲ ਦਾ ਉਸ ਨੂੰ ਮਿਲਿਆ ਜਿਸ ਨੇ ਉਸ ਦੇ ਦੌ ਸੌ ਟਕੇ ਦੇਣੇ ਸਨ, ਉਸ ਨੇ ਉਸ ਨੂੰ ਪਕੜ ਲਿਆ, ਤੇ ਉਸ ਦੇ ਗਲ ਵਿਚ ਅੰਗੂਠਾ ਦੇ ਕੇ ਆਖਿਆ, ਦੇਹ ਜੋ ਤੇਰੇ ਜ਼ਿੰਮੇ ਹੈ। ਇਸ ਉੱਤੇ ਉਸ ਦਾ ਸਾਥੀ ਭੋਇੰ ਉੱਤੇ ਡਿੱਗ ਕੇ ਉਸ ਅੱਗੇ ਬੇਨਤੀ ਕਰਨ ਲੱਗਾ, ਮੇਰੇ ਉੱਤੇ ਭਰੋਸਾ ਕਰੋ, ਤੇ ਮੈਂ ਕਰਜ਼ ਚੁਕਾ ਦਿਆਂਗਾ। ਪਰ ਉਸ ਨੇ ਉਸ ਨੂੰ ਨਾ ਛੱਡਿਆ, ਸਗੋਂ ਜਾ ਕੇ ਕੈਦ ਖ਼ਾਨੇ ਵਿਚ ਡੱਕ ਦਿੱਤਾ ਜਿੰਨਾ ਚਿਰ ਉਹ ਆਪਣੇ ਜ਼ਿੰਮੇ ਦਾ ਲੇਖਾ ਚੁਕਾ ਨਾ ਦੇਵੇ। ਇਸ ਕਾਰਣ ਜਦੋਂ ਉਸ ਦੇ ਹੋਰ ਸਾਥੀਆਂ ਨੇ ਵੇਖਿਆ, ਜੋ ਕੁਝ ਉਹ ਕਰ ਰਿਹਾ ਸੀ, ਉਹ ਬੜੇ ਦੁਖੀ ਹੋਏ, ਤੇ ਆਪਣੇ ਸੁਆਮੀ ਕੋਲ ਆਏ ਤੇ ਜੋ ਕੁਝ ਹੋਇਆ ਸੀ ਉਸ ਨੂੰ ਦਸਣ ਲੱਗੇ। ਤਾਂ ਉਸ ਦੇ ਸੁਆਮੀ ਨੇ ਉਸ ਨੂੰ ਸੱਦਿਆ ਤੇ ਆਖਿਆ, ਓਇ ਪਾਪੀਆ, ਮੈਂ ਤੈਨੂੰ ਉਹ ਸਾਰਾ ਕਰਜ਼ ਮੁਆਫ਼ ਕਰ ਦਿੱਤਾ ਕਿਉਂਕਿ ਤੂੰ ਮੇਰੇ ਪਾਸੋਂ ਇਹ ਮੰਗ ਕੀਤੀ, ਤੈਨੂੰ ਵੀ ਆਪਣੇ ਸਾਥੀ ਉੱਤੇ ਦਇਆ ਨਹੀਂ ਸੀ ਕਰਨੀ ਚਾਹੀਦੀ ਸੀ, ਜਿਵੇਂ ਮੈਂ ਤੇਰੇ ਉੱਤੇ ਕੀਤੀ ਸੀ ? (ਛੰਦ 21-33)।

"ਤੇ ਇਹ ਕੇਵਲ ਇਹ ਹੀ ਗੱਲ ਹੈ ?" ਨਖ਼ਲਿਊਦੌਫ਼ ਇਕ ਦਮ ਪੁਕਾਰ ਉੱਠਿਆ, ਤੇ ਉਸ ਦੀ ਸਾਰੀ ਜ਼ਿੰਦਗੀ ਅੰਦਰਲੀ ਆਵਾਜ਼ ਬੋਲੀ, "ਹਾਂ ਇਹੋ ਕੁਝ ਹੈ।"

ਤੇ ਨਖ਼ਲਿਊਦੌਫ਼ ਨਾਲ ਓਵੇਂ ਵਰਤੀ ਜੋ ਉਨ੍ਹਾਂ ਲੋਕਾਂ ਨਾਲ ਵਰਤਦੀ ਹੈ ਜੋ ਆਤਮਕ ਜੀਵਨ ਜੀਉਂਦੇ ਹਨ। ਉਹ ਵਿਚਾਰ ਜੋ ਪਹਿਲਾਂ ਵਿਡਾਣਾ ਜਾਪਦਾ ਸੀ, ਜਾਂ ਕੇਵਲ ਮਖੌਲ ਜੇਹਾ ਵੀ, ਜੀਵਨ ਦੇ ਅਨੁਭਵ ਤੋਂ ਵਧੇਰੇ ਤੋਂ ਵਧੇਰੇ ਪੁਸ਼ਟੀ ਪਾਂਦਾ, ਸਹਸਾ ਸਰਲਤਮ, ਸੱਤਤਮ ਨਿਸ਼ਚਾ ਦਿਸਣ ਲੱਗਾ। ਇਸ ਪ੍ਰਕਾਰ ਇਹ ਵਿਚਾਰ ਕਿ ਉਸ ਭੀਸ਼ਣ ਪਾਪ ਤੋਂ ਜਿਸ ਦਾ ਦੁੱਖ ਮਨੁੱਖ ਭੋਗ ਰਹੇ ਹਨ, ਛੁਟਕਾਰੇ ਦਾ ਇਕ ਨਿਸ਼ਚਤ ਸਾਧਨ ਇਹ ਹੈ ਕਿ ਉਹ ਸਦਾ ਆਪਣੇ ਆਪ ਨੂੰ ਈਸ਼ਵਰ ਅੱਗੇ ਦੋਸ਼ੀ ਮੰਨਣ ਤੇ ਇਸ ਲਈ ਦੂਜਿਆਂ ਨੂੰ ਦੰਡ ਦੇਣ ਜਾਂ ਸੁਧਾਰਣ ਦੇ ਅਸਮਰਥ, ਉਸ ਤੋਂ ਸਪੱਸ਼ਟ ਹੋ ਗਿਆ ਕਿ ਕੈਦਖਾਨਿਆਂ ਤੇ ਜੇਲਾਂ ਵਿਚ ਜੋ ਭੀਸ਼ਣ ਅਨਾਚਾਰ ਉਹ ਵੇਖਦਾ ਰਿਹਾ ਸੀ ਮਨੁੱਖਾਂ ਦੇ ਅਸੰਭਵ ਨੂੰ ਪ੍ਰਾਪਤ

ਕਰਨ ਦੇ ਯਤਨਾਂ ਤੋਂ ਉਤਪੰਨ ਹੁੰਦਾ ਸੀ; ਆਪ ਪਾਪੀ ਹੁੰਦੇ ਹੋਏ ਪਾਪ ਨੂੰ ਸੁਧਾਰਣ ਦੇ ਯਤਨਾਂ ਤੋਂ ਗੁਨਾਹਗਾਰ ਲੋਕ ਹੋਰ ਗੁਨਾਹਗਾਰਾਂ ਨੂੰ ਸੁਧਾਰਨ ਦੇ ਯਤਨ ਕਰਦੇ ਸਨ, ਤੇ ਸਮਝਦੇ ਸਨ ਕਿ ਇਹ ਮਸ਼ੀਨੀ ਢੰਗਾਂ ਨਾਲ ਹੋ ਸਕਦਾ ਸੀ। ਤੇ ਇਸ ਸਭ ਕੁਝ ਦਾ ਸਿੱਟਾ ਇਹ ਸੀ ਕਿ ਲੋੜਵੰਦ ਤੇ ਲੋਭੀ ਆਦਮੀ, ਦੂਜਿਆਂ ਦੇ ਇਸ ਵਿਖਾਵੇ ਦੇ ਦੰਡ ਤੇ ਸੁਧਾਰਣ ਨੂੰ ਆਪਣਾ ਕਿੱਤਾ ਬਣਾ ਕੇ ਆਪ ਭ੍ਰਿਸ਼ਟ ਹੋ ਜਾਂਦੇ ਸਨ ਤੇ ਨਿਰੰਤਰ ਉਨ੍ਹਾਂ ਨੂੰ ਵੀ ਭ੍ਰਿਸ਼ਟ ਕਰਦੇ ਸਨ ਜਿਨ੍ਹਾਂ ਉੱਤੇ ਉਹ ਅੱਤਿਆਚਾਰ ਕਰਦੇ ਸਨ। ਹੁਣ ਇਸ ਨੇ ਸਾਫ਼ ਵੇਖ ਲਿਆ ਕਿ ਸਾਰੇ ਘੋਰ ਕਲੇਸ਼ ਜੋ ਉਸ ਨੇ ਵੇਖੇ ਸਨ ਕਿਥੋਂ ਉਤਪੰਨ ਹੁੰਦੇ ਸਨ; ਤੇ ਉਨ੍ਹਾਂ ਨੂੰ ਖ਼ਤਮ ਕਰਨ ਲਈ ਕੀ ਕਰਨਾ ਯੋਗ ਹੈ। ਉੱਤਰ ਜੋ ਉਸ ਨੂੰ ਹੁਣ ਤੱਕ ਨਹੀਂ ਲੱਭਾ ਸੀ ਉਹ ਹੀ ਸੀ ਜੋ ਮਸੀਹ ਨੇ ਪਿਤਰਸ ਨੂੰ ਦਿੱਤਾ ਸੀ। ਇਹ ਸੀ ਖਿਮਾ ਕਰਨਾ ਸਦਾ ਹਰ ਇਕ ਨੂੰ ਅਨੰਤ ਵਾਰ ਖਿਮਾ ਕਰਨਾ, ਕਿਉਂਕਿ ਅਜੇਹਾ ਕੋਈ ਨਹੀਂ ਜੋ ਦੋਸ਼ੀ ਨਹੀਂ, ਤੇ ਇਸ ਲਈ ਕੋਈ ਨਹੀਂ ਜੋ ਦੂਜਿਆਂ ਨੂੰ ਦੰਡ ਦੇਣ ਜਾਂ ਸੁਧਾਰ ਸਕਣ ਤੇ ਸਮਰਥ ਹੈ।

"ਪਰ ਨਿਸ਼ਚੇ ਹੀ ਇਹ ਇਤਨੀ ਸਿੱਧੀ ਗੱਲ ਨਹੀਂ ਹੋ ਸਕਦੀ!" ਨਖ਼ਲਿਊਦੌਫ਼ ਸੋਚਦਾ ਸੀ, ਪਰ ਤਾਂ ਵੀ ਉਸ ਨੇ ਨਿਸ਼ਚੇ ਹੀ ਵੇਖ ਲਿਆ, ਭਾਵੇਂ ਪਹਿਲਾਂ ਇਹ ਅਜੀਬ ਲੱਗਾ ਸੀ, ਕਿ ਇਹ ਇਸ ਪ੍ਰਸ਼ਨ ਦਾ ਕੇਵਲ ਸਿਧਾਂਤਕ ਹੀ ਨਹੀਂ ਵਿਵਹਾਰਕ ਉੱਤਰ ਵੀ ਸੀ। ਆਮ ਉਜ਼ਰ, "ਅਪਰਾਧ ਕਰਨ ਵਾਲਿਆਂ ਨਾਲ ਕੀ ਕੀਤਾ ਜਾਵੇ? ਨਿਸ਼ਚੇ ਹੀ ਉਨ੍ਹਾਂ ਨੂੰ ਨਿਰਦੰਡ ਨਹੀਂ ਛਡਿਆ ਜਾ ਸਕਦਾ ?" ਹੁਣ ਉਸ ਨੂੰ ਭੁੱਲ ਨਹੀਂ ਸੀ ਸਕਦਾ। ਇਸ ਉਜ਼ਰ ਦਾ ਕੋਈ ਅਰਥ ਹੋ ਸਕਦਾ ਸੀ ਜੇ ਦੰਡ ਅਪਰਾਧ ਨੂੰ ਘਟਾਂਦਾ ਜਾਂ ਅਪਰਾਧੀ ਨੂੰ ਸੁਧਾਰ ਦਿੰਦਾ ਹੋਵੇ, ਪਰ ਕਿਉਂਕਿ ਸਿੱਧ ਇਸ ਦੇ ਬਿਲਕੁਲ ਉਲਟ ਹੁੰਦਾ ਹੈ, ਤੇ ਇਹ ਸਿਧ ਹੈ ਕਿ ਇਹ ਕਿਸੇ ਦੀ ਸਮਰਥਾ ਨਹੀਂ ਕਿ ਦੂਜੇ ਨੂੰ ਸੁਧਾਰ ਸਕੇ। ਇਹ ਯਥਾਰਥੀ ਗੱਲ ਕਰਨ ਵਾਲੀ ਇਹ ਹੈ ਕਿ ਉਹ ਕੁਝ ਕਰਨ ਤੋਂ ਹਟਿਆ ਜਾਵੇ ਜੋ ਨਾ ਕੇਵਲ ਲਾਭ-ਰਹਿਤ ਹੈ, ਸਗੋਂ ਹਾਨੀਕਾਰਕ, ਅਨਾਚਾਰੀ, ਤੇ ਅੱਤਿਆਚਾਰੀ ਹੈ। ਸਦੀਆਂ ਤੋਂ ਅਪਰਾਧੀ ਸਮਝੇ ਗਏ ਲੋਕਾਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਚਲੀ ਆ ਰਹੀ ਹੈ। ਅੱਛਾ, ਤਾਂ ਕੀ ਉਨ੍ਹਾਂ ਦਾ ਬੀਜ ਨਾਸ ਹੋ ਗਿਆ? ਬੀਜ ਨਾਸ ਤਾਂ ਕੀ ਹੋਣਾ ਸੀ, ਸਗੋਂ ਉਨ੍ਹਾਂ ਦੀ ਗਿਣਤੀ ਵਧਦੀ ਚਲੀ ਆਈ ਹੈ, ਸਜ਼ਾ ਦੇ ਭ੍ਰਿਸ਼ਟ ਕੀਤੇ ਅਪਰਾਧੀਆਂ ਨਾਲ ਤੇ ਉਨ੍ਹਾਂ ਨਿਆਇਯੁਕਤ ਅਪਰਾਧੀਆਂ-ਜੱਜਾਂ, ਅਭਿਯੰਗੀਆਂ, ਮੈਜਿਸਟ੍ਰੇਟਾਂ, ਤੇ ਜੇਲਰਾਂ ਨਾਲ ਜੋ ਮਨੁੱਖਾਂ ਦਾ ਨਿਆਇ

ਕਰਦੇ ਤੇ ਦੰਡ ਦੇਂਦੇ ਹਨ। ਹੁਣ ਨਖ਼ਲਿਊਦੌਫ਼ ਨੇ ਸਮਝ ਲਿਆ ਕਿ ਸਮਾਜ, ਤੇ ਸਾਰਾ ਪ੍ਰਬੰਧ, ਸਥਿਤ ਹੈ, ਇਨ੍ਹਾਂ ਨਿਆਇ-ਯੁਕਤ ਅਪਰਾਧੀਆਂ ਦੇ ਕਾਰਣ ਨਹੀਂ ਜੋ ਦੂਜਿਆਂ ਦਾ ਨਿਆਇ ਕਰਦੇ ਤੇ ਦੰਡ ਦੇਂਦੇ ਹਨ, ਸਗੋਂ ਇਸ ਲਈ ਕਿ ਉਨ੍ਹਾਂ ਦੇ ਪਤਨਕਾਰੀ ਪ੍ਰਭਾਵ ਦੇ ਹੁੰਦੇ ਵੀ ਮਨੁੱਖ ਹਾਲੀ ਵੀ ਇਕ ਦੂਜੇ ਨਾਲ ਦਇਆ ਭਾਵ ਤੇ ਪ੍ਰੇਮ ਕਰਦੇ ਹਨ।

ਧਰਮ ਸੰਦੇਸ਼ ਵਿਚ ਇਸ ਵਿਚਾਰ ਦੀ ਪੁਸ਼ਟੀ ਲੱਭਣ ਦੀ ਆਸ ਨਾਲ, ਨਖ਼ਲਿਊਦੌਫ਼ ਇਸ ਨੂੰ ਮੁੱਢ ਤੋਂ ਪੜ੍ਹਨ ਲੱਗਾ। ਜਦੋਂ ਉਸ ਨੇ “ਪਰਬਤ ਉੱਤੇ ਉਪਦੇਸ਼" ਪੜ੍ਹ ਲਿਆ, ਜੋ ਸਦਾ ਉਸ ਨੂੰ ਪਹੁੰਚਾ ਰਿਹਾ ਸੀ, ਅੱਜ ਉਸ ਨੂੰ ਇਸ ਵਿਚ ਪਹਿਲੀ ਵਾਰੀ ਸੁੰਦਰ ਸੂਖਮ ਵਿਚਾਰ ਨਹੀਂ, ਜੋ ਬਹੁਤ ਕਰਕੇ ਅਤਿ ਉਕਤ ਤੇ ਅਸੰਭਵ ਮੰਗਾਂ ਕਰਦੇ ਹੋਣ, ਸਗੋਂ ਸਰਲ, ਸਪਸ਼ਟ, ਵਿਵਹਾਰਕ ਨਿਯਮ ਲੱਭੇ, ਜਿਨ੍ਹਾਂ ਨਾਲ ਇਨ੍ਹਾਂ ਨੂੰ ਵਿਵਹਾਰ ਵਿਚ ਲਿਆਂਦਾ ਜਾਵੇ (ਤੇ ਇਹ ਠੀਕ ਸੰਭਵ ਹੈ) ਸਮਾਜਕ ਜੀਵਨ ਦੀਆਂ ਬਿਲਕੁਲ ਨਵੀਆਂ ਤੇ ਅਸਚਰਜਕਾਰੀ ਪਰਿਸਥਿਤੀਆਂ ਸਥਾਪਤ ਕੀਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿਚ ਉਹ ਹਿੰਸਾ, ਜੋ ਨਖ਼ਲਿਊਦੌਫ਼ ਵਿਚ ਇਤਨਾ ਰੋਸ ਜਗਾਂਦੀ ਸੀ, ਨਾ ਕੇਵਲ ਆਪੇ ਹੀ ਹਟ ਜਾਵੇਗੀ, ਸਗੋਂ ਵੱਡਤਮ ਵਰਦਾਨ, ਜੋ ਮਨੁੱਖ ਪ੍ਰਾਪਤ ਕਰ ਸਕਦਾ ਹੈ, ਧਰਤੀ ਉੱਤੇ ਆਕਾਸ਼ ਦਾ ਰਾਜ-ਸਥਾਪਤ ਹੋ ਜਾਵੇਗਾ।

ਇਹ ਨਿਯਮ ਪੰਜ ਸਨ :

ਪਹਿਲਾ ਨਿਯਮ ਸੀ (ਮਿਤੀ, ਪੰਜ, 21-26) ਕਿ ਮਨੁੱਖ ਘਾਤ ਨਾ ਕਰੇ, ਤੇ ਆਪਣੇ ਭਰਾ ਨਾਲ ਕ੍ਰੋਧ ਵਿਚ ਵੀ ਨਾ ਆਵੇ ਕਿਸੇ ਨੂੰ ਨਿਕੰਮਾਂ, ਮੁੱਲਹੀਣ ਨਾ ਸਮਝੇ; ਤੇ ਜੇ ਉਹ ਕਿਸੇ ਨਾਲ ਲੜ ਪੈਂਦਾ ਹੈ ਤਾਂ ਈਸ਼ਵਰ ਅੱਗੇ ਆਪਣੀ ਭੇਟਾ ਲਿਆਉਣ ਅਰਥਾਤ ਅਰਦਾਸ ਕਰਨ ਤੋਂ ਪਹਿਲਾਂ ਉਸ ਨਾਲ ਸੁਲਾਹ ਸਫ਼ਾਈ ਕਰ ਲਵੇ।

ਦੂਜਾ ਨਿਯਮ ਸੀ (ਮਿਤੀ, ਪੰਜ, 27-32) ਕਿ ਵਿਭਚਾਰ ਨਾ ਕਰੇ, ਤੇ ਇਸਤਰੀ ਦੀ ਸੁੰਦਰਤਾ ਵਿਚ ਕੋਈ ਸੁਆਦ ਵੀ ਨਾ ਲੱਭੇ, ਤੇ ਜੇ ਉਸ ਦਾ ਕਦੀ ਕਿਸੇ ਇਸਤਰੀ ਨਾਲ ਸੰਯੋਗ ਹੋ ਜਾਵੇ ਤਾਂ ਉਹ ਉਸ ਨਾਲ ਸਦਾ ਸੱਚਾ ਰਹੇ।

ਤੀਜਾ ਨਿਯਮ ਸੀ (ਮਿਤੀ, ਪੰਜ, 33-37) ਕਿ ਮਨੁੱਖ ਕਦੀ ਆਪਣੇ ਆਪ ਨੂੰ ਸਹੁੰ ਨਾਲ ਨਾ ਬੰਨ੍ਹੇ।

ਚੌਥਾ ਨਿਯਮ ਸੀ (ਮਿਤੀ, ਪੰਜ, 38-42) ਕਿ ਮਨੁੱਖ ਅੱਖ ਬਦਲੇ ਅੱਖ ਦੀ ਮੰਗ ਨਾ ਕਰੇ, ਸਗੋਂ ਜੇ ਕੋਈ ਉਸ ਨੂੰ ਇਕ ਗੱਲ੍ਹ ਉੱਤੇ ਚਪੇੜ ਮਾਰੇ ਤਾਂ ਦੂਜੀ ਅੱਗੇ ਕਰ ਦੇਵੇ। ਕਿਸੇ ਵੱਲੋਂ ਆਘਾਤ ਨੂੰ ਖਿਮਾ ਕਰ ਦੇਵੇ ਤੇ ਇਸ ਨੂੰ ਨਿਮਰਤਾ ਨਾਲ ਸਹਿਨ ਕਰੇ, ਤੇ ਕਿਸੇ ਨੂੰ ਵੀ, ਜੋ ਸੇਵਾ ਉਹ ਕਰ ਸਕਦਾ ਹੋਵੇ ਕਰਨ ਤੋਂ ਨਾਂਹ ਨਾ ਕਰੇ।

ਪੰਜਵਾਂ ਨਿਯਮ ਸੀ (ਮਿਤੀ, ਪੰਜ, 43) ਕਿ ਮਨੁੱਖ ਆਪਣੇ ਸ਼ਤਰੂਆਂ ਨਾਲ ਨਫ਼ਰਤ ਨਾ ਕਰੇ, ਨਾ ਉਨ੍ਹਾਂ ਨਾਲ ਲੜੇ, ਸਗੋਂ ਉਨ੍ਹਾਂ ਨੂੰ ਪ੍ਰੇਮ ਕਰੇ, ਉਨ੍ਹਾਂ ਦੀ ਸਹਾਇਤਾ ਕਰੇ, ਉਨ੍ਹਾਂ ਦੀ ਸੇਵਾ ਕਰੇ।

ਨਖ਼ਲਿਊਦੌਫ਼ ਬੈਠਾ ਲੰਪ ਵੱਲ ਵੇਖੀ ਜਾ ਰਿਹਾ ਸੀ, ਤੇ ਉਸ ਦਾ ਦਿਲ ਜਿਵੇਂ ਧੜਕਣੋਂ ਹੱਟ ਗਿਆ ਸੀ। ਜੀਵਨ ਜੀਉਂਦੇ ਹੀ ਇਸ ਦੀ ਵਿਕਰਾਲ ਗੜਬੜ ਨੂੰ ਯਾਦ ਕਰਕੇ ਉਸ ਨੇ ਸਪੱਸ਼ਟ ਵੇਖ ਲਿਆ ਕਿ ਜੇ ਮਨੁੱਖ ਇਹ ਨਿਯਮ ਪਾਲਣਾ ਸਿੱਖ ਜਾਣ ਤਾਂ ਜੀਵਨ ਕਿਸ ਤਰ੍ਹਾਂ ਦਾ ਹੋ ਸਕਦਾ ਸੀ; ਤੇ ਇਕ ਆਨੰਦ ਜੋ ਚਿਰਾ ਤੋਂ ਉਸ ਨੇ ਅਨੁਭਵ ਨਹੀਂ ਕੀਤਾ ਸੀ ਉਸ ਦੀ ਆਤਮਾ ਵਿਚ ਭਰ ਗਿਆ। ਇਉਂ ਲੱਗਦਾ ਸੀ ਜਿਵੇਂ ਥਕਾਵਟ ਤੇ ਕਲੇਸ਼ ਦੇ ਲੰਮੇ ਦਿਨਾਂ ਪਿਛੋਂ ਉਸ ਨੂੰ ਸਹਸਾ ਹੀ ਸੁੱਖ ਤੇ ਸੁਤੰਤਰਤਾ ਪ੍ਰਾਪਤ ਹੋ ਗਏ ਸਨ।

ਉਹ ਸਾਰੀ ਰਾਤ ਨਾ ਸੁੱਤਾ, ਤੇ ਜਿਵੇਂ ਬਹੁਤ ਲੋਕਾਂ ਨਾਲ ਹੁੰਦਾ ਹੈ ਜੋ ਧਰਮ ਸੰਦੇਰ ਪੜ੍ਹਦੇ ਹਨ। ਉਸ ਨੂੰ ਪਹਿਲੀ ਵਾਰੀ ਉਨ੍ਹਾਂ ਸ਼ਬਦਾਂ ਦਾ ਅਰਥ ਸਿੱਧ ਹੋਇਆ ਜੋ ਉਸ ਨੇ ਪਹਿਲਾਂ ਬਹੁਤ ਵਾਰੀ ਪੜ੍ਹੇ ਸਨ ਪਰ ਅਣਗੌਲੇ ਹੀ ਲੰਘਾ ਦਿੱਤੇ ਸਨ। ਜਿਵੇਂ ਇਕ ਸਪੰਜ ਪਾਣੀ ਨੂੰ ਚੂਸ ਲੈਂਦਾ ਹੈ ਉਸ ਨੇ ਇਹ ਸਭ ਲੋੜੀਂਦੇ, ਮਹੱਤਵ ਪੂਰਣ, ਤੇ ਆਨੰਦਮਈ ਆਵਿਸ਼ਕਾਰ ਪੀ ਲਏ। ਤੇ ਜੋ ਉਹ ਪੜ੍ਹਦਾ ਸੀ ਉਸ ਨੂੰ ਸਮਰਿਚਿਤ ਜਾਪਦਾ ਸੀ, ਤੇ ਜੋ ਉਸ ਨੂੰ ਬਹੁਤ ਚਿਰ ਤੋਂ ਗਿਆਤ ਸੀ, ਪਰ ਕਦੀ ਪੂਰੀ ਤਰ੍ਹਾਂ ਸਿੱਧ ਕੀਤਾ ਜਾਂ ਮੰਨਿਆ ਨਹੀਂ ਸੀ, ਉਸ ਨੂੰ ਉਸ ਦੀ ਚੇਤਨਾ ਵਿਚ ਲਿਆਉਂਦਾ ਤੇ ਪ੍ਰਾਪਤ ਕਰਦਾ ਪ੍ਰਤੀਤ ਹੁੰਦਾ ਸੀ। ਹੁਣ ਉਹ ਇਸ ਨੂੰ ਸਮਝਦਾ ਤੇ ਮੰਨਦਾ ਸੀ; ਉਹ ਕੇਵਲ ਇਹ ਹੀ ਨਹੀਂ ਸਮਝਦਾ ਤੇ ਮੰਨਦਾ ਸੀ ਕਿ ਜੋ ਮਨੁੱਖ ਇਨ੍ਹਾਂ ਨਿਯਮਾਂ ਦਾ ਪਾਲਣ ਕਰਨ ਉਹ ਉੱਚਤਮ ਸੰਭਵ ਸ਼ੁਭ ਨੂੰ ਪ੍ਰਾਪਤ ਕਰ ਲੈਣਗੇ, ਸਗੋਂ ਇਹ ਵੀ ਕਿ ਹਰ ਮਨੁੱਖ ਦਾ ਕਰਤੱਵ ਕੇਵਲ ਇਨ੍ਹਾਂ ਨਿਯਮਾਂ ਦਾ ਪਾਲਣ ਕਰਨਾ ਹੈ, ਕਿ ਇਸ ਵਿਚ ਹੀ ਜੀਵਨ ਦਾ ਕੋਈ ਯਥਾਰਥਕ

ਅਰਥ ਲੱਭ ਸਕੀਦਾ ਹੈ, ਤੇ ਇਨ੍ਹਾਂ ਨਿਯਮਾਂ ਦੀ ਹਰ ਇਕ ਉਲੰਘਣਾ ਇਕ ਗਲਤੀ ਹੁੰਦੀ ਹੈ ਜਿਸ ਦਾ ਪ੍ਰਤਿਦੰਡ ਤੁਰੰਤ ਮਿਲਦਾ ਹੈ। ਇਹ ਸਾਰੀ ਸਿੱਖਿਆ ਦਾ ਭਾਵਾਰਥ ਸੀ, ਤੇ ਅੰਗੂਰ ਦੇ ਬਾਗ ਦੀ ਸਾਖੀ ਵਿਚ ਅਤਿ ਬਲ-ਪੂਰਵਕ ਤੇ ਸਪਸ਼ਟਤਾ ਸਹਿਤ ਦਰਸਾਇਆ ਗਿਆ ਸੀ।

ਕਾਮੇ ਸਮਝਦੇ ਸਨ ਕਿ ਉਹ ਖੇਤ ਜਿਸ ਵਿਚ ਉਨ੍ਹਾਂ ਨੂੰ ਆਪਣੇ ਸੁਆਮੀ ਲਈ ਕੰਮ ਕਰਨ ਲਈ ਭੇਜਿਆ ਗਿਆ ਸੀ, ਉਨ੍ਹਾਂ ਦਾ ਆਪਣਾ ਸੀ, ਜੋ ਕੁਝ ਇਸ ਵਿਚ ਸੀ ਸਾਰਾ ਉਨ੍ਹਾਂ ਲਈ ਬਣਿਆ ਸੀ ਤੇ ਉਨ੍ਹਾਂ ਦਾ ਕੰਮ ਇਸ ਖੇਤ ਵਿਚ ਮੌਜ ਮਾਨਣਾ ਸੀ, ਤੇ ਸੁਆਮੀ ਨੂੰ ਭੁੱਲ ਕੇ ਉਹ ਹਰ ਇਕ ਨੂੰ, ਜੋ ਉਨ੍ਹਾਂ ਨੂੰ ਉਸ ਦੀ ਹੋਂਦ ਜਤਾਂਦਾ ਸੀ, ਮਾਰ ਦੇਂਦੇ ਸਨ। "ਕੀ ਅਸੀਂ ਉਹ ਕੁਝ ਨਹੀ ਕਰਦੇ," ਨਖ਼ਲਿਊਦੌਫ਼ ਸੋਚਦਾ ਸੀ, "ਜਦੋਂ ਅਸੀਂ ਆਪਣੇ ਆਪ ਨੂੰ ਆਪਣੇ ਜੀਵਨ ਦਾ ਸੁਆਮੀ ਸਮਝ ਲੈਂਦੇ ਹਾਂ, ਤੇ ਇਹ ਸੋਚਦੇ ਹਾਂ ਕਿ ਜੀਵਨ ਸਾਨੂੰ ਮੌਜ ਮੇਲੇ ਲਈ ਦਿੱਤਾ ਗਿਆ ਹੈ ? ਸਪਸ਼ਟ ਹੀ ਇਹ ਨਿਰਮੂਲ ਹੈ। ਸਾਨੂੰ ਇਥੇ ਕਿਸੇ ਦੀ ਰਜ਼ਾ ਦੇ ਅਧੀਨ ਤੇ ਕਿਸੇ ਮੰਤਵ ਲਈ ਭੇਜਿਆ ਗਿਆ ਸੀ। ਤੇ ਅਸਾਂ ਨਿਸ਼ਚਾ ਕਰ ਲਿਆ ਹੈ ਕਿ ਅਸਾਂ ਆਪਣੇ ਸੁਖ ਲਈ ਹੀ ਰਹਿਣਾ ਹੈ, ਸੋ ਨਿਰਸੰਦੇਹ ਹਾਲਾਤ ਸਾਡੇ ਨਾਲ ਰਾਸ ਨਹੀਂ ਚਲਦੇ ਜਿਵੇਂ ਮਜ਼ਦੂਰਾਂ ਨਾਲ ਜਦੋਂ ਉਹ ਆਪਣੇ ਸੁਆਮੀ ਦੇ ਹੁਕਮ ਦੀ ਪਾਲਣਾਂ ਨਹੀਂ ਕਰਦੇ। ਸੁਆਮੀ ਦੀ ਰਜ਼ਾ ਇਨ੍ਹਾਂ ਨਿਯਮਾਂ ਵਿਚੋਂ ਵਿਅਕਤ ਹੈ। ਜਦੋਂ ਹੀ ਮਨੁੱਖ ਇਨ੍ਹਾਂ ਨਿਯਮਾਂ ਦਾ ਪਾਲਣ ਕਰਨ ਲੱਗ ਜਾਣਗੇ, ਧਰਤੀ ਉੱਤੇ ਆਕਾਸ਼ ਦਾ ਰਾਜ ਸਥਾਪਤ ਹੋ ਜਾਵੇਗਾ, ਤੇ ਮਨੁੱਖ ਉਸ ਵਡਤਮ ਸ਼ੁਭ ਦੀ ਭਾਲ ਕਰਨਗੇ ਜੋ ਉਹ ਪ੍ਰਾਪਤ ਕਰ ਸਕਦੇ ਹਨ।

"ਤੁਸੀਂ ਪਹਿਲਾਂ ਲੋੜ ਉਸ ਦਾ ਰਾਜ ਤੇ ਉਸ ਦਾ ਨਿਆਇ; ਤੇ ਇਹ ਸਭ ਵਸਤਾਂ ਤੁਹਾਨੂੰ ਮਿਲ ਜਾਣਗੀਆਂ।" ਪਰ ਅਸੀਂ "ਇਹ ਵਸਤਾਂ" ਪਹਿਲਾਂ ਲੋੜਦੇ ਹਾਂ ਤੇ ਪ੍ਰਤੱਖ ਹੈ ਕਿ ਇਨ੍ਹਾਂ ਨੂੰ ਪ੍ਰਾਪਤ ਨਹੀਂ ਕਰ ਸਕੇ।

"ਸੋ ਇਥੇ ਇਹ ਹੈ-ਮੇਰੇ ਜੀਵਨ ਦਾ ਵਿਵਹਾਰ। ਹਾਲੀ ਇਕ ਕੰਮ ਮੈਥੋਂ ਮੁੱਕਿਆ ਨਹੀਂ, ਦੂਜਾ ਆਰੰਭ ਹੋ ਗਿਆ ਹੈ।"

ਉਸ ਰਾਤ ਨਖ਼ਲਿਊਦੌਫ਼ ਲਈ ਇਕ ਮੂਲੋਂ ਨਵੇਂ ਜੀਵਨ ਦੀ ਪਹੁ ਫੁੱਟ ਪਈ; ਇਸ ਲਈ ਨਹੀਂ ਕਿ ਉਹ ਜੀਵਨ ਦੀਆਂ ਨਵੀਆਂ ਪਰਿਸਥਿਤੀਆਂ ਵਿਚ ਪ੍ਰਵਿਸ਼ਟ ਹੋ

ਗਿਆ ਸੀ, ਸਗੋਂ ਇਸ ਲਈ ਕਿ ਜੋ ਕੁਝ ਵੀ ਉਸ ਨੇ ਉਸ ਰਾਤ ਤੋਂ ਕੀਤਾ ਉਸ ਲਈ ਇਕ ਨਵਾਂ ਤੇ ਬਿਲਕੁਲ ਵੱਖਰਾ ਅਰਥ ਰੱਖਦਾ ਸੀ।

ਉਸ ਦੇ ਜੀਵਨ ਦਾ ਇਹ ਨਵਾਂ ਕਾਂਡ ਕਿਵੇਂ ਸਮਾਪਤ ਹੋਵੇਗਾ, ਸਮਾਂ ਹੀ ਦੱਸੇਗਾ।

-0-